# ਆਫੀਆ ਸਦੀਕੀ ਦਾ ਜੇਹਾਦ

## ਲੇਖਕ-          ਹਰਮਹਿੰਦਰ ਚਹਿਲ


Aafia Sadiqui da jihad

By

Harmohinder chahal

email:    chahals57@yahoo.com

Ph        703-362-3239


ਸਮਰਪਣ.....

ਉਨ੍ਹਾਂ ਮਾਸੂਮ ਜਿੰਦੜੀਆਂ ਨੂੰ ਜੋ ਗਿਆਰਾਂ ਸਤੰਬਰ 2001 ਦੇ ਦਿਨ, ਅਮਰੀਕਾ ਅੰਦਰ ਹੋਏ ਅੱਤਵਾਦੀ ਹਮਲਿਆਂ ਦੀ ਲਪੇਟ 'ਚ ਆ ਕੇ ਸਾਥੋਂ ਸਦਾ ਲਈ ਵਿਛੜ ਗਈਆਂ।

## ਆਫੀਆ ਸਦੀਕੀ ਦਾ ਜੇਹਾਦ

ਇਹ ਅਫਗਾਨਿਸਤਾਨ ਦਾ ਗਜ਼ਨੀ ਸ਼ਹਿਰ ਸੀ। ਉਸ ਦਿਨ 2008 ਦੇ ਜੁਲਾਈ ਮਹੀਨੇ ਦੀ ਸਤਾਰਾਂ ਤਾਰੀਖ ਸੀ। ਸਾਰਾ ਦਿਨ ਅੰਤਾਂ ਦੀ ਗਰਮੀ ਪੈਂਦੀ ਰਹੀ ਸੀ। ਦਿਨ ਢਲਣ ਲੱਗਿਆ ਤਾਂ ਗਰਮੀ ਦੀ ਤਪਸ਼ ਵੀ ਘਟਣ ਲੱਗੀ। ਆਖਰ ਲੰਬਾ ਦਿਨ ਗੁਜ਼ਰ ਗਿਆ ਤੇ ਥਾਣੇ ਦੀਆਂ ਕੰਧਾਂ ਦੇ ਪਰਛਾਵੇਂ ਵਿਹੜੇ ਦੇ ਦੂਜੇ ਸਿਰੇ ਜਾ ਪਹੁੰਚੇ। ਸੂਰਜ ਛੁਪਣ ਹੀ ਵਾਲਾ ਸੀ ਜਦੋਂ ਥਾਣੇਦਾਰ ਗਨੀ ਖਾਂ ਸ਼ਹਿਰ ਦਾ ਗੇੜਾ ਮਾਰਨ ਲਈ ਉੱਠਿਆ। ਅੱਜ ਉਸਦਾ ਸਾਰਾ ਦਿਨ ਬਾਹਰ ਹੀ ਗੁਜ਼ਰ ਗਿਆ ਸੀ। ਸਵੇਰ ਤੋਂ ਹੀ ਉਹ ਅਮਰੀਕਣਾਂ ਫੌਜ਼ ਦੀ ਉਸ ਟੁਕੜੀ ਨਾਲ ਘੁੰਮ ਰਿਹਾ ਸੀ ਜੋ ਕਿ ਪਿੰਡਾਂ ਵੱਲ ਦਾ ਗੇੜਾ ਲਾਉਣ ਗਈ ਸੀ। ਅੱਜ ਕੱਲ੍ਹ ਇਸ ਇਲਾਕੇ 'ਚ ਤਾਲੀਬਾਨਾਂ ਦਾ ਜ਼ੋਰ ਸੀ। ਅਮਰੀਕਣ ਫੌਜ਼, ਇਲਾਕੇ ਦੀ ਪੁਲੀਸ ਨੂੰ ਨਾਲ ਲੈ ਕੇ ਪਿੰਡਾਂ ਦੀ ਪੁਣ-ਛਾਣ ਕਰਨ ਲੱਗੀ ਹੋਈ ਸੀ। ਅਮਰੀਕਣਾ ਨੇ ਇਸ ਇਲਾਕੇ ਨੂੰ ਤਾਲੀਬਾਨਾਂ ਤੋਂ ਮੁਕਤ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਉਹ ਆਪਣੇ ਮਿਸ਼ਨ 'ਚ ਕਾਮਯਾਬ ਵੀ ਹੋ ਰਹੇ ਸਨ। ਹਰ ਰੋਜ਼ ਸਵੇਰੇ ਹੀ ਫੌਜ਼ ਦਾ ਕਾਫਲਾ ਚੱਲ ਪੈਂਦਾ ਸੀ। ਜਿਸ ਇਲਾਕੇ 'ਚ ਉਨ੍ਹਾਂ ਜਾਣਾ ਹੁੰਦਾ ਉੱਥੇ ਦੇ ਥਾਣੇ ਦਾ ਅਮਲਾ ਫੈਲਾ ਨਾਲ ਜਾਂਦਾ ਸੀ। ਇਵੇਂ ਹੀ ਅੱਜ ਗਨੀ ਖਾਂ ਦੇ ਥਾਣੇ ਦੇ ਪਿੰਡਾਂ ਦੀ ਵਾਰੀ ਸੀ। ਇਸੇ ਲਈ ਅੱਜ ਉਸਦਾ ਸਾਰਾ ਦਿਨ ਬਾਹਰ ਘੁੰਮਦਿਆਂ ਹੀ ਗੁਜ਼ਰ ਗਿਆ ਸੀ। ਗਨੀ ਖਾਂ ਦੀ ਇੱਕ ਆਦਤ ਸੀ ਕਿ ਉਹ ਕਿੰਨਾ ਵੀ ਰੁੱਝਿਆ ਹੁੰਦਾ ਪਰ ਸ਼ਾਮ ਵੇਲੇ ਸ਼ਹਿਰ ਦਾ ਚੱਕਰ ਜ਼ਰੂਰ ਮਾਰਦਾ ਸੀ। ਅੱਜ ਵੀ ਘਰ ਨੂੰ ਜਾਣ ਤੋਂ ਪਹਿਲਾਂ ਉਸਨੇ ਸ਼ਹਿਰ 'ਚ ਗੇੜਾ ਕੱਢਣ ਦਾ ਮਨ ਬਣਾਇਆ। ਉਸਦੇ ਕਹਿਣ 'ਤੇ ਹਵਾਲਦਾਰ ਕੁਝ ਸਿਪਾਹੀਆਂ ਨੂੰ ਲੈ ਆਇਆ ਤੇ ਡਰਾਈਵਰ ਨੇ ਪਿੱਕਅੱਪ ਟਰੱਕ ਥਾਣੇ ਦੇ ਗੇਟ ਮੂਹਰੇ ਲਿਆ ਖੜ੍ਹਾ ਕੀਤਾ। ਗਨੀ ਖਾਂ ਅੱਗੇ ਡਰਾਈਵਰ ਨਾਲ ਬੈਠ ਗਿਆ ਤੇ ਬਾਕੀ ਅਮਲਾ ਟਰੱਕ 'ਚ ਪਿੱਛੇ ਖੜ੍ਹ ਗਿਆ। ਥੋੜ੍ਹਾ ਘੁੰਮਦਿਆਂ ਡਰਾਈਵਰ ਨੇ ਟਰੱਕ ਬਾਜ਼ਾਰ ਵੱਲ ਮੋੜ ਲਿਆ। ਬਾਜ਼ਾਰ 'ਚੋਂ

ਲੰਘਦਾ ਹੋਇਆ ਟਰੱਕ ਗਲੀ ਦਾ ਮੋੜ ਮੁੜਨ ਲੱਗਿਆ ਤਾਂ ਗਨੀ ਖਾਂ ਨੇ ਸਾਹਮਣੇ ਬੰਦ ਪਈ ਇੱਕ ਦੁਕਾਨ ਮੂਹਰੇ ਬੁਰਕੇ 'ਚ ਢਕੀ ਔਰਤ ਵੱਲ ਵੇਖਿਆ। ਉਹ ਔਰਤ ਭੁੰਝੇ ਬੈਠੀ ਸੀ ਤੇ ਉਸਦੇ ਨਾਲ ਬਾਰਾਂ ਕੁ ਸਾਲ ਦਾ ਮੁੰਡਾ ਸੀ। ਗਨੀ ਖਾਂ ਨੇ ਮਨ ਹੀ ਮਨ ਸੋਚਿਆ ਕਿ ਸ਼ਹਿਰ 'ਚ ਮੰਗਤਿਆਂ ਦੀ ਗਿਣਤੀ ਬਹੁਤ ਵਧ ਗਈ ਹੈ। ਮੋੜ ਮੁੜਦਿਆਂ ਪਿੱਕਅੱਪ ਟਰੱਕ ਕੋਲ ਦੀ ਲੰਘਿਆ ਤਾਂ ਉਸਨੇ ਨੇੜਿਉਂ ਧਿਆਨ ਨਾਲ ਉਸ ਔਰਤ ਵੱਲ ਵੇਖਿਆ। ਔਰਤ ਨੇ ਕੋਲ ਰੱਖੇ ਕਾਲੇ ਰੰਗ ਦੇ ਵੱਡੇ ਬੈੱਗ ਨੂੰ ਘੁੱਟ ਕੇ ਹੱਥ 'ਚ ਫੜ੍ਹਿਆ ਹੋਇਆ ਸੀ। ਉਦੋਂ ਹੀ ਗਨੀ ਖਾਂ ਦਾ ਪੁਲਸੀਆ ਦਿਮਾਗ ਹਰਕਤ 'ਚ ਆ ਗਿਆ। ਉਸਨੇ ਸੋਚਿਆ ਕਿ ਇਹ ਐਡਾ ਵੱਡਾ ਬੈੱਗ ਕਿਉਂ ਚੁੱਕੀ ਫਿਰਦੀ ਹੈ। ਉਸਨੂੰ ਸ਼ੱਕ ਹੋਇਆ ਤਾਂ ਉਸਨੇ ਟਰੱਕ ਰੁਕਵਾ ਲਿਆ ਤੇ ਹੇਠਾਂ ਉਤਰਦਾ ਔਰਤ ਦੇ ਕੋਲ ਗਿਆ। ਇੱਕ ਪੈਰ ਚਬੂਤਰੇ 'ਤੇ ਰੱਖਦਿਆਂ ਹਥਲਾ ਡੰਡਾ ਔਰਤ ਵੱਲ ਕਰਕੇ ਉਸਨੇ ਪੁੱਛਿਆ, "ਉਏ ਬੀਬੀ, ਕੌਣ ਐਂ ਤੂੰ ?"

"ਮੈਂ ਤਾਂ ਇੱਕ ਗਰੀਬ ਔਰਤ ਆਂ। ਆਪਣੇ ਪਤੀ ਨੂੰ ਲੱਭਦੀ ਫਿਰਦੀ ਆਂ ਜੋ ਲੜਾਈ 'ਚ ਕਿਧਰੇ ਗੁੰਮ ਹੋ ਗਿਆ ਐ।" ਇੰਨਾ ਕਹਿੰਦਿਆਂ ਉਹ ਖੜ੍ਹੀ ਹੋ ਗਈ। ਉਸਨੇ ਕੋਲ ਪਿਆ ਬੈੱਗ ਚੁੱਕ ਲਿਆ।

"ਤੇਰੇ ਨਾਲ ਇਹ ਮੁੰਡਾ ਕੌਣ ਐ ?"

"ਇਹ ਤਾਂ ਕੋਈ ਅਨਾਥ ਐ। ਭੁਚਾਲ ਵੇਲੇ ਇਸਦੇ ਮਾਂ ਪਿਉ ਮਾਰੇ ਗਏ ਸਨ। ਮੈਂ ਇਸਨੂੰ ਨਾਲ ਲੈ ਆਈ ਸੀ।" ਇੰਨਾ ਕਹਿ ਕੇ ਉਹ ਉੱਠੀ, ਬੈੱਗ ਗਲ ਪਾਇਆ ਤੇ ਮੁੰਡੇ ਦੀ ਉਂਗਲ ਫੜ੍ਹੀ ਤੁਰ ਚੱਲੀ।

"ਉਹ ਬੀਬੀ ਰੁਕ।" ਗਨੀ ਖਾਂ ਨੇ ਅਗਾਂਹ ਹੋ ਕੇ ਰਸਤਾ ਰੋਕ ਲਿਆ। ਔਰਤ ਦੇ ਹਾਵ ਭਾਵ ਅਤੇ ਬੋਲਣ ਦੇ ਢੰਗ ਨੇ ਉਸਦਾ ਸ਼ੱਕ ਹੋਰ ਵਧਾ ਦਿੱਤਾ। ਉਸਨੂੰ ਪਿਛਲੇ ਦਿਨੀਂ ਕਿਸੇ ਮੁਖ਼ਬਰ ਤੋਂ ਮਿਲੀ ਇਹ ਖ਼ਬਰ ਵੀ ਯਾਦ ਆਈ ਕਿ ਕੋਈ ਔਰਤ ਇੱਥੇ ਦੇ ਗਵਰਨਰ 'ਤੇ ਆਤਮਘਾਤੀ ਹਮਲਾ ਕਰਨ ਦੀ ਤਾਕ ਵਿੱਚ ਹੈ। ਇੰਨੇ ਨੂੰ ਸਿਪਾਹੀਆਂ ਨੇ ਔਰਤ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਇੱਕ ਨੇ ਅਗਾਂਹ ਹੋ ਕੇ ਉਸ ਤੋਂ ਬੈੱਗ ਫੜ੍ਹਿਆ ਤੇ ਉਸ 'ਚ ਉਰਾ ਪੁਰਾ ਵੇਖਣ ਲੱਗਿਆ। ਕੁਝ ਕਾਗਜ਼ ਬਾਹਰ ਕੱਢੇ। ਗਨੀ ਖਾਂ ਨੇ ਕਾਗਜ਼ਾਂ ਨੂੰ ਧਿਆਨ ਨਾਲ ਵੇਖਿਆ ਤਾਂ ਉਹ ਬਹੁਤ ਹੀ ਹੈਰਾਨ ਹੋਇਆ। ਇਹ ਨਕਸ਼ੇ ਬਗੈਰਾ ਸਨ। ਉਸਦੇ ਕਹਿਣ 'ਤੇ ਪੁਲਿਸ ਵਾਲਿਆਂ ਨੇ ਔਰਤ ਨੂੰ ਬੱਚੇ ਸਮੇਤ ਟਰੱਕ 'ਚ ਬੈਠਾ ਲਿਆ ਤੇ ਥਾਣੇ ਵੱਲ ਲੈ ਤੁਰੇ। ਥਾਣੇ ਜਾ ਕੇ ਉਸਦੇ ਬੈੱਗ ਦੀ ਚੰਗੀ ਤਰਾਂ ਤਲਾਸ਼ੀ ਲਈ ਗਈ। ਹੋਰ ਵੀ ਹੈਰਾਨ ਕਰਨ ਵਾਲੀਆਂ ਚੀਜ਼ਾਂ ਬੈੱਗ 'ਚੋਂ ਮਿਲੀਆਂ। ਦੋ ਬੋਤਲਾਂ ਵਿੱਚ ਕੋਈ ਖਤਰਨਾਕ ਕੈਮੀਕਲ ਸਨ ਜਿਹੜੇ ਕਿ ਕਿਸੇ ਬੰਬ ਬਣਾਉਣ ਦਾ ਮਸਾਲਾ ਜਾਪਦੇ ਸਨ। ਇਸ ਤੋਂ ਬਿਨਾਂ ਦੋ ਕਿਲੋ ਦੇ ਲੱਗਭੱਗ ਸੋਡੀਅਮ ਸਾਈਨਾਈਡ ਮਿਲਿਆ। ਬਾਕੀ ਹਜ਼ਾਰਾਂ ਹੱਥ ਲਿਖੇ ਕਾਗਜ਼ ਮਿਲੇ ਜਿਹੜੇ ਕਿ ਜ਼ਿਆਦਾ ਅੰਗਰੇਜ਼ੀ 'ਚ ਸਨ। ਬੈੱਗ 'ਚ ਕਾਫੀ ਸਾਰੇ ਨਕਸ਼ੇ ਸਨ ਜਿਹਨਾਂ 'ਚ ਇਕ ਇੱਥੇ ਦੇ ਗਵਰਨਰ ਦੇ ਘਰ ਦਾ ਨਕਸ਼ਾ ਸੀ। ਉਸ ਔਰਤ ਨੇ ਆਪਣਾ ਨਾਂ ਸਲੀਹਾ ਦੱਸਿਆ। ਗਨੀ ਖਾਂ ਨੂੰ ਪੂਰਾ ਯਕੀਨ ਹੋ ਚੁੱਕਿਆ ਸੀ ਕਿ ਇਹ ਔਰਤ ਕਿਸੇ ਅੱਤਵਾਦੀ ਜਥੇਬੰਦੀ ਦੀ ਖਤਰਨਾਕ ਮੈਂਬਰ ਹੈ ਅਤੇ ਹੋ ਸਕਦਾ ਹੈ ਕਿ ਇੱਥੋਂ ਦੇ ਗਵਰਨਰ ਨੂੰ ਆਮਤਘਾਤੀ ਹਮਲੇ 'ਚ ਮਾਰਨ ਨਿਕਲੀ ਹੋਵੇ। ਉਸਨੇ ਤੁਰੰਤ ਗਵਰਨਰ ਦਫਤਰ ਨੂੰ ਖ਼ਬਰ ਕੀਤੀ। ਉਨ੍ਹਾਂ ਅੱਗੇ ਅਮਰੀਕਾ ਦੇ ਬੈਗਰਾਮ ਏਅਰਪੋਰਟ ਬੇਸ ਨੂੰ ਇਤਲਾਹ ਦਿੱਤੀ। ਇਸ ਵਿਚਕਾਰ ਰਾਤ ਨੂੰ ਔਰਤ ਦੀ ਕੁੱਟਮਾਰ ਵੀ ਹੋਈ ਪਰ ਉਸਨੇ ਮੂੰਹ ਨਾ ਖੋਲ੍ਹਿਆ। ਉਸ ਨਾਲ ਫੜ੍ਹੇ ਗਏ ਮੁੰਡੇ ਨੂੰ ਵੱਖਰਾ ਕਰ ਦਿੱਤਾ ਗਿਆ ਸੀ। ਅਗਲੇ ਦਿਨ ਸਵੇਰੇ ਹੀ ਅਮਰੀਕਣ ਫੌਜ ਦਾ ਕੈਪਟਨ, ਰਾਬਰਟ ਸਿੰਡਰ ਆਪਣੀ ਟੁਕੜੀ ਲੈ ਕੇ ਗਜ਼ਨੀ ਥਾਣੇ ਵੱਲ ਚੱਲ ਪਿਆ। ਉਦੋਂ ਨੂੰ ਉਸ ਔਰਤ ਨੂੰ ਥਾਣੇ 'ਚੋਂ ਕੱਢ ਕੇ ਨੇੜਲੀ ਇਮਾਰਤ ਦੇ ਵੱਡੇ ਕਮਰੇ 'ਚ ਬਿਠਾਇਆ ਹੋਇਆ ਸੀ। ਕਾਬਲ ਤੋਂ ਅਫਗਾਨ ਸਰਕਾਰ ਦੇ ਕੁਝ ਵੱਡੇ ਅਧਿਕਾਰੀ ਵੀ ਉਸ ਨਾਲ ਗੱਲਬਾਤ ਕਰਨ ਲਈ ਪਹੁੰਚੇ ਹੋਏ ਸਨ। ਜਦੋਂ ਕੈਪਟਨ ਸਿੰਡਰ ਆਪਣੇ ਅਮਲੇ ਫੈਲੇ ਨਾਲ ਉਥੇ ਆਇਆ ਤਾਂ ਇਮਾਰਤ ਨੂੰ ਲੋਕਲ ਅਫਗਾਨੀਆਂ ਨੇ ਘੇਰਿਆ ਹੋਇਆ ਸੀ। ਉਹ ਹਥਿਆਰਬੰਦ ਸਨ ਕਿਉਂਕਿ ਉੱਥੇ ਗੱਲ ਫੈਲ ਚੁੱਕੀ ਸੀ ਕਿ ਥਾਣੇ ਵਾਲੇ ਕਿਸੇ ਬੇਕਸੂਰ ਔਰਤ ਨੂੰ ਅਮਰੀਕਣਾ ਦੇ ਹਵਾਲੇ ਕਰਨ ਲੱਗੇ ਹਨ। ਕੈਪਟਨ ਮਨ ਹੀ ਮਨ ਬੋਲਿਆ, 'ਜਿਸ ਗੱਲ ਦਾ ਡਰ ਸੀ ਉਹੀ ਹੋ ਗਿਆ'। ਉਸਨੇ ਵੇਖਿਆ ਸੀ ਕਿ ਇੱਥੇ ਅਫਵਾਹਾਂ ਦਾ ਬਹੁਤ ਜ਼ੋਰ ਰਹਿੰਦਾ ਸੀ। ਮਾੜੀ

ਜਿਹੀ ਗੱਲ ਹੋਈ ਨਹੀਂ ਤੇ ਅਫਵਾਹ ਉੱਡੀ ਨਹੀਂ। ਇੰਨਾ ਹੀ ਨਹੀਂ ਸਗੋਂ ਅਫਗਾਨੀ ਲੋਕ ਹਥਿਆਰਬੰਦ ਹੋ ਕੇ ਪਹੁੰਚ ਜਾਂਦੇ ਸਨ। ਅੱਜ ਵੀ ਇਵੇਂ ਹੀ ਹੋਇਆ ਸੀ। ਲੋਕਾਂ ਦੇ ਹਜੂਮ ਨੇ ਹਥਿਆਰ ਚੁੱਕੇ ਹੋਏ ਸਨ। ਆਲੇ ਦੁਆਲੇ ਨਜ਼ਰ ਮਾਰਦਿਆਂ ਉਸਨੇ ਮਨ 'ਚ ਸੋਚਿਆ, 'ਅੱਜ ਇੱਥੇ ਜ਼ਰੂਰ ਕੁਛ ਨਾ ਕੁਛ ਹੋ ਕੇ ਰਹੇਗਾ। ਇੱਕ ਤਾਂ ਔਰਤ ਦਾ ਮਾਮਲਾ ਐ ਤੇ ਉੱਪਰੋਂ ਉਹ ਰਾਤ ਦੀ ਫੜ੍ਹੀ ਹੋਈ ਐ। ਲੋਕ ਵੀ ਧੜਾ ਧੜ ਇਕੱਠੇ ਹੋਈ ਜਾ ਰਹੇ ਨੇ। ਪਤਾ ਨ੍ਹੀਂ ਹਾਲਾਤ ਕਿਹੋ ਜਿਹੇ ਬਣ ਜਾਣ।' ਅਜਿਹੇ ਖਿਆਲਾਂ ਕਰਕੇ ਹੀ ਉਸਨੇ ਸਾਰਿਆਂ ਨੂੰ ਪੂਰੀ ਮੁਸਤੈਦੀ ਨਾਲ ਰਹਿਣ ਦਾ ਹੁਕਮ ਦਿੱਤਾ ਤੇ ਲੋਕਾਂ ਵਿਚੋਂ ਦੀ ਰਾਹ ਬਣਾਉਂਦਾ ਆਪਣੇ ਖਾਸ ਅਮਲੇ ਨਾਲ ਵੱਡੀ ਇਮਾਰਤ ਦੇ ਅੰਦਰ ਨੂੰ ਚੱਲ ਪਿਆ। ਅੱਗੇ ਤਿੰਨ ਕੁ ਪੌੜੀਆਂ ਚੜ੍ਹ ਕੇ ਉਹ ਇਮਾਰਤ ਦੇ ਦਰਵਾਜ਼ੇ ਤੱਕ ਪਹੁੰਚ ਗਏ। ਦੋ ਜਣੇ ਬਾਹਰ ਪਹਿਰੇ 'ਤੇ ਖੜ੍ਹ ਗਏ। ਕੈਪਟਨ ਅਤੇ ਵਾਰੰਟ ਅਫਸਰ ਅੰਦਰ ਚਲੇ ਗਏ। ਦੁਭਾਸ਼ੀਆ ਵੀ ਉਨ੍ਹਾਂ ਦੇ ਨਾਲ ਸੀ। ਕੈਪਟਨ ਨੇ ਅੰਦਰ ਬੈਠੇ ਅਫਗਾਨੀ ਲੋਕਾਂ ਅਤੇ ਅਫਸਰਾਂ ਵੱਲ ਵੇਖਦਿਆਂ ਝੁਕ ਕੇ ਸਲਾਮ ਕਹੀ। ਉਸਨੇ ਆਲੇ ਦੁਆਲੇ ਨਜ਼ਰ ਮਾਰੀ। ਪਿਛਲੇ ਪਾਸੇ ਪਰਦਾ ਤਣਿਆਂ ਹੋਇਆ ਸੀ। ਉਹ ਸਮਝ ਗਿਆ ਕਿ ਗ੍ਰਿਫਤਾਰ ਕੀਤੀ ਔਰਤ ਇਸ ਪਰਦੇ ਉਹਲੇ ਹੋਵੇਗੀ। ਕੈਪਟਨ ਤੇ ਵਾਰੰਟ ਅਫਸਰ ਸਾਰਿਆਂ ਦੇ ਕੋਲ ਭੁੰਜੇ ਹੀ ਬੈਠ ਗਏ। ਉਨ੍ਹਾਂ ਅਜੇ ਗੱਲਬਾਤ ਸ਼ੁਰੂ ਕੀਤੀ ਹੀ ਸੀ ਕਿ ਉੱਥੇ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਹ ਆਵਾਜ਼ ਸੁਣਦਿਆਂ ਹੀ ਵਾਰੰਟ ਅਫਸਰ ਨੇ ਆਪਣਾਂ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ ਜੋ ਕਿ ਪਰਦੇ ਪਿੱਛੇ ਬੈਠੀ ਔਰਤ ਦੇ ਪੇਟ 'ਚ ਲੱਗੀ। ਜਦੋਂ ਪਤਾ ਲੱਗਿਆ ਕਿ ਔਰਤ ਜ਼ਖ਼ਮੀ ਹੋ ਚੁੱਕੀ ਹੈ ਤਾਂ ਕੈਪਟਨ ਨੇ ਆਪਣੇ ਬੰਦਿਆਂ ਨੂੰ ਆਵਾਜ਼ ਦਿੱਤੀ। ਸਾਰਿਆਂ ਨੇ ਫਟਾਫਟ ਔਰਤ ਨੂੰ ਸਟਰੈਚਰ 'ਤੇ ਪਾਇਆ ਅਤੇ ਪਿਛਲੇ ਦਰਵਾਜ਼ੇ ਰਾਹੀਂ ਆਪਣੇ ਟਰੱਕ ਤੱਕ ਪਹੁੰਚੇ। ਉੱਥੋਂ ਜ਼ਖ਼ਮੀ ਹੋਈ ਔਰਤ ਨੂੰ ਨਾਲ ਲੈ ਕੇ ਉਹ ਬੈਗਰਾਮ ਏਅਰਫੋਰਸ ਬੇਸ ਨੂੰ ਚੱਲ ਪਏ। ਉੱਥੇ ਉਸਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਨਾਲ ਹੀ ਉਸਦੀ ਅਸਲੀ ਪਛਾਣ ਲੱਭਣ ਲਈ ਫਿੰਗਰ ਪ੍ਰਿੰਟ ਲਏ ਗਏ। ਦੋ ਘੰਟਿਆਂ ਪਿੱਛੋਂ ਐਫ. ਬੀ. ਆਈ. ਦੇ ਦਫਤਰੋਂ ਉਸਦੀ ਸਹੀ ਪਛਾਣ ਦੀ ਰਿਪੋਰਟ ਆ ਗਈ। ਜਦੋਂ ਸਾਰੇ ਮਹਿਕਮਿਆਂ 'ਚ ਉਸਦੇ ਅਸਲੀ ਨਾਂ ਦਾ ਪਤਾ ਲੱਗਿਆ ਤਾਂ ਹਰ ਪਾਸੇ ਤਹਿਲਕਾ ਮੱਚ ਗਿਆ। ਉਹ ਕੋਈ ਆਮ ਔਰਤ ਨਹੀਂ ਸੀ। ਉਹ ਅਮਰੀਕਣ ਐਫ. ਬੀ. ਆਈ. ਦੁਆਰਾ ਐਲਾਣੀ ਗਈ ਦੁਨੀਆਂ ਦੀ ਸਭ ਤੋਂ ਖਤਰਨਾਕ ਅੱਤਵਾਦੀ ਔਰਤ ਸੀ ਤੇ ਉਸਦਾ ਨਾਂ ਸੀ ਆਫੀਆ ਸਦੀਕੀ।

2

ਇਸਮਤ ਜੇਹਾਨ ਦਾ ਜਨਮ 1939 'ਚ ਬੁਲੰਦ ਸ਼ਹਿਰ 'ਚ ਹੋਇਆ। ਇੱਥੇ ਹੀ ਉਸਨੇ ਬਚਪਨ ਬਿਤਾਇਆ। ਇਸਮਤ ਨੇ ਸਕੂਲ ਅਜੇ ਪੂਰਾ ਵੀ ਨਹੀਂ ਕੀਤਾ ਸੀ ਕਿ ਹਿੰਦੁਸਤਨ ਦੀ ਵੰਡ ਹੋ ਗਈ। ਉਹ ਪਰਿਵਾਰ ਨਾਲ ਪਾਕਿਸਤਾਨ ਚਲੀ ਆਈ। ਇੱਥੇ ਹੀ ਉਸਦਾ ਵਿਆਹ, ਮੁਹੰਮਦ ਸੁਲੇਹ ਸਦੀਕੀ ਨਾਲ ਹੋਇਆ। ਸੁਲੇਹ ਸਦੀਕੀ ਪੇਸ਼ੇ ਵਜੋਂ ਡਾਕਟਰ ਸੀ। ਵਿਆਹ ਦੇ ਕੁਝ ਚਿਰ ਪਿੱਛੋਂ ਉਹ ਇੰਗਲੈਂਡ ਚਲੇ ਗਏ। ਉੱਥੇ ਉਹ ਕਈ ਸਾਲ ਰਹੇ। ਉਨ੍ਹਾਂ ਦੇ ਪਰਿਵਾਰ 'ਚ ਪਹਿਲਾਂ ਮੁੰਡੇ ਦਾ ਜਨਮ ਹੋਇਆ। ਜਿਸਦਾ ਨਾਂ ਉਨ੍ਹਾਂ ਮੁਹੰਮਦ ਅਲੀ ਰੱਖਿਆ। ਫਿਰ 1966 'ਚ ਪਹਿਲੀ ਲੜਕੀ ਫੌਜ਼ੀਆ ਦਾ ਜਨਮ ਹੋਇਆ। ਇੱਸ ਪਿੱਛੋਂ ਉਹ ਵਾਪਸ ਪਾਕਿਸਤਾਨ ਮੁੜ ਆਏ। ਇੱਥੇ ਹੀ ਮਾਰਚ, 1972 'ਚ ਉਨ੍ਹਾਂ ਦੀ ਦੂਸਰੀ ਲੜਕੀ ਦਾ ਜਨਮ ਹੋਇਆ ਜਿਸਦਾ ਨਾਂ ਆਫੀਆ ਰੱਖਿਆ ਗਿਆ।

ਇਸੇ ਸਾਲ ਜੁਲਾਈ ਮਹੀਨੇ ਸੁਲੇਹ ਸਦੀਕੀ ਦੇ ਸਾਲੇ, ਐੱਸ ਐੱਚ ਫਾਰੂਕੀ ਦਾ ਪਰਿਵਾਰ ਉਨ੍ਹਾਂ ਨੂੰ ਮਿਲਣ ਆਇਆ। ਫਾਰੂਕੀ ਪਰਿਵਾਰ ਇਸਲਾਮਾਬਾਦ 'ਚ ਰਹਿੰਦਾ ਸੀ। ਖਾਉ ਪੀਉ ਤੋਂ ਵਿਹਲੇ ਹੋ ਕੇ ਉਹ ਡਰਾਇੰਗ ਰੂਮ 'ਚ ਬੈਠ ਗਏ। ਗੱਲਾਂ ਚੱਲੀਆਂ ਤਾਂ ਛੇਤੀ ਹੀ ਉਹ ਮੌਜੂਦਾ ਮਸਲੇ ਬਾਰੇ ਗੱਲ ਕਰਨ ਲੱਗੇ। ਗੱਲ ਸ਼ੁਰੂ ਕਰਦਿਆਂ ਫਾਰੂਕੀ ਬੋਲਿਆ, "ਭਾਈ ਸਾਹਬ, ਭੁੱਟੋ ਨੇ ਮੁਲਕ ਦਾ ਬੇੜਾ ਡੋਬ ਕੇ ਰੱਖ ਦਿੱਤਾ।"

“ਕੀ ਕੀਤਾ ਜਾ ਸਕਦਾ ਐ। ਪਰ ਇਕੱਲਾ ਉਹ ਹੀ ਤਾਂ ਜ਼ਿੰਮੇਵਾਰ ਨ੍ਹੀਂ ਐ। ਸਾਰਿਆਂ ਨੇ ਰਲ ਕੇ ਹੀ ਪਾਕਿਸਤਾਨ ਦੇ ਮੂੰਹ ’ਤੇ ਕਾਲਖ ਮਲੀ ਐ।”

“ਜੇ ਅਸਲ ਪੁੱਛਦੇ ਓਂ ਤਾਂ ਇਹ ਕੰਮ ਯਾਹੀਆ ਖਾਂ ਦੇ ਜ਼ਮਾਨੇ ਤੋਂ ਸ਼ੁਰੂ ਹੋਇਆ।” ਫਾਰੂਕੀ ਦੀ ਬੀਵੀ ਨੇ ਗੱਲਬਾਤ ’ਚ ਹਿੱਸਾ ਲੈਂਦਿਆਂ ਆਪਣਾ ਵਿਚਾਰ ਦੱਸਿਆ।

“ਫੌਜ ਤਾਂ ਸਾਰੀ ਈ ਇਸ ਨਾਮੋਸ਼ੀ ਦਾ ਕਾਰਨ ਬਣੀ ਐਂ।”

“ਜੇ ਪਹਿਲਾਂ ਈ ਸੰਭਲ ਕੇ ਚਲਦੇ ਤਾਂ ਕੀ ਫਰਕ ਪੈਂਦਾ ਸੀ। ਅੱਜ ਆਹ ਦਿਨ ਤਾਂ ਨਾ ਵੇਖਣੇ ਪੈਂਦੇ।”

“ਸੱਚੀ ਗੱਲ ਤਾਂ ਇਹ ਐ ਕਿ ਇਨ੍ਹਾਂ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਨ੍ਹੀਂ ਕੀਤੀ। ਜਦੋਂ ਮੁਜੀਬ ਉਲ ਰਹਿਮਾਨ ਦੀ ਪਾਰਟੀ ਜਿੱਤ ਗਈ ਸੀ ਤਾਂ ਹਕੂਮਤ ਉਸਦੇ ਹਵਾਲੇ ਕਰ ਦਿੰਦੇ। ਅਸੂਲ ਤਾਂ ਇਹੀ ਕਹਿੰਦਾ ਐ।”

“ਅਸੂਲ ਆਮ ਲੋਕਾਂ ਲਈ ਨੇ। ਇਨ੍ਹਾਂ ਰਜਵਾੜਿਆਂ ਲਈ ਨ੍ਹੀਂ। ਇਨ੍ਹਾਂ ਨੇ ਤਾਂ ਉਨ੍ਹਾਂ ਲੋਕਾਂ ਨੂੰ ਕਦੇ ਬਰਾਬਰੀ ਦਾ ਦਰਜਾ ਵੀ ਨ੍ਹੀਂ ਦਿੱਤਾ ਸੀ। ਫਿਰ ਇਹ ਕੁਛ ਤਾਂ ਹੋਣਾ ਈ ਸੀ।”

“ਇੰਡੀਆ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀ ਮੱਦਦ ਕਰਕੇ ਸਾਡੇ ਹਿੱਕ ’ਤੇ ਮੂੰਗ ਦਲੀ ਐ। ਇੰਸ਼ਾ ਅੱਲਾ ਕਦੇ ਮੌਕਾ ਮਿਲਿਆ ਤਾਂ ਆਪਾਂ ਨੂੰ ਵੀ ਹਿਸਾਬ ਬਰਾਬਰ ਕਰਨਾ ਚਾਹੀਦਾ ਐ।” ਇਸ ਵਾਰ ਇਸਮਤ ਬੋਲੀ।

“ਇੰਡੀਆ ਨੇ ਜੋ ਵੀ ਕੀਤਾ ਐ ਉਹ ਆਪਣੇ ਹਿਸਾਬ ਨਾਲ ਸਹੀ ਕੀਤਾ ਏ। ਉਸਦੀ ਥਾਂ ਕੋਈ ਹੋਰ ਮੁਲਕ ਹੁੰਦਾ ਤਾਂ ਉਸਨੇ ਵੀ ਇਹੀ ਕਰਨਾ ਸੀ। ਰਾਜਨੀਤੀ ਇਹੀ ਕਹਿੰਦੀ ਐ।” ਸੁਲੇਹ ਸਦੀਕੀ ਨੇ ਆਪਣਾ ਵਿਚਾਰ ਦੱਸਿਆ।

“ਜੋ ਵੀ ਹੋਇਆ ਚੰਗਾ ਜਾਂ ਮਾੜਾ ਇਹ ਵੱਖਰੀ ਗੱਲ ਐ। ਪਰ ਇਸ ਕਾਰਵਾਈ ਨੇ ਕਾਇਦੇ ਆਜ਼ਮ, ਅੱਲਾ ਉਨ੍ਹਾਂ ਦੀ ਰੂਹ ਨੂੰ ਜੰਨਤ ਬਖਸ਼ੇ, ਦਾ ਦੋ ਕੌਮਾਂ ਦਾ ਸਿਧਾਂਤ ਗਲਤ ਸਾਬਤ ਕਰ ਦਿੱਤਾ ਐ। ਇਸ ਗੱਲ ਨੇ ਪਾਕਿਸਤਾਨ ਦੀ ਹੋਂਦ ਖਤਰੇ ’ਚ ਪਾ ਦਿੱਤੀ ਐ।”

“ਤੇ ਹੋਰ ਕਿਨ੍ਹਾਂ ਚਾਵਾਂ ਨਾਲ ਇੱਧਰ ਆਏ ਸੀ ਕਿ ਮੁਸਲਮਾਨਾਂ ਦਾ ਆਪਣਾ ਮੁਲਕ ਬਣ ਗਿਆ ਐ। ਅੱਲਾ ਦੀ ਮਾਰ ਪਵੇ ਇਨ੍ਹਾਂ ਲੀਡਰਾਂ ਨੂੰ ਜਿਨ੍ਹਾਂ ਨੇ ਲੋਕਾਂ ਦੀਆਂ ਭਾਵਨਾਵਾਂ ਕੁਚਲ ਕੇ ਰੱਖ ਦਿੱਤੀਆਂ ਨੇ। ਇਹ ਬੰਗਲਾ ਦੇਸ਼ ਨ੍ਹੀਂ ਬਣਿਆਂ, ਇਹ ਤਾਂ ਸਾਡੀ ਜਮਹੂਰੀਅਤ ਦੇ ਮੂੰਹ ’ਤੇ ਚਪੇੜ ਐ।”

“ਬੰਗਲਾ ਦੇਸ਼ ਕਿਹੜਾ ? ਮੈਂ ਨ੍ਹੀਂ ਇਸ ਨੂੰ ਮੰਨਦੀ। ਤੁਸੀਂ ਪੂਰਬੀ ਪਾਕਿਸਤਾਨ ਕਹੋ।” ਇਸਮਤ ਨਫਰਤ ’ਚ ਬੋਲੀ।

“ਆਪਾ ਤੇਰੇ ਕਹਿਣ ਨਾਲ ਕੀ ਹੁੰਦਾ ਐ। ਜ਼ਰਾ ਗੌਰ ਫਰਮਾਉ ਕਿ ਪਿਛਲੇ ਹਫਤੇ ਈ ਤਾਂ ਸਾਡੇ ਵਜ਼ੀਰੇ ਆਲਮ, ਭੁੱਟੋ ਸਾਹਿਬ, ਸ਼ਿਮਲਾ ਸਮਝੌਤੇ ’ਤੇ ਦਸਤਖਤ ਕਰਕੇ ਆਏ ਨੇ। ਉਸ ਸਮਝੌਤੇ ਦੀ ਮੁੱਖ ਮੱਦ ਇਹੀ ਐ ਕਿ ਪਾਕਿਸਤਾਨ ਬੰਗਲਾ ਦੇਸ਼ ਦੀ ਹੋਂਦ ਨੂੰ ਮੰਨਦਾ ਐ। ਉਸ ’ਤੇ ਦਸਤਖਤ ਕਰਨ ਦਾ ਮਤਲਬ ਐ ਕਿ ਪਾਕਿਸਤਾਨ ਨੇ ਬੰਗਲਾ ਦੇਸ਼ ਨੂੰ ਮਾਨਤਾ ਦੇ ਦਿੱਤੀ ਐ।”

“ਇਹ ਸਮਝੌਤਾ ਵੀ ਤਾਂ ਭੁੱਟੋ ਨੇ ਆਪਣੀ ਛਵੀ ਬਚਾਉਣ ਲਈ ਈ ਕੀਤਾ ਐ। ਜੇ ਉਸਨੂੰ ਮੁਲਕ ਦੀ ਫਿਕਰ ਹੁੰਦੀ ਤਾਂ ਉਹ ਉਨ੍ਹਾਂ ਇੱਕ ਲੱਖ ਫੌਜੀਆਂ ਦੀ ਰਿਹਾਈ ਦੀ ਗੱਲ ਕਰਨੀ ਨਾ ਭੁੱਲਦਾ ਜਿਹੜੇ ਇੰਡੀਆ ਨੇ ਜ਼ੰਗੀ ਕੈਦੀ ਬਣਾਏ ਨੇ।”

“ਜੇ ਜਨਰਲ ਨਿਆਜ਼ੀ ਜ਼ਰਾ ਹਿੰਮਤ ਤੋਂ ਕੰਮ ਲੈਂਦਾ ਤਾਂ ਉਹ ਕੈਦ ਈ ਨ੍ਹੀਂ ਸਨ ਹੋਣੇ ਤੇ ਸ਼ਾਇਦ ਅਸੀਂ ਬੰਗਲਾ ਦੇਸ਼ ਵੀ ਨਾ ਬਣਨ ਦਿੰਦੇ।” ਇਹ ਵਿਚਾਰ ਫਾਰੂਕੀ ਦੀ ਘਰਵਾਲੀ ਦਾ ਸੀ।

“ਬੇਗਮ ਕੀ ਗੱਲ ਕਰਦੀ ਐਂ ਤੂੰ। ਇਸ ਵਿੱਚ ਨਿਆਜ਼ੀ ਸਾਹਬ ਦਾ ਰੱਤੀ ਭਰ ਵੀ ਕਸੂਰ ਨ੍ਹੀਂ ਐ। ਉਹ ਆਪਣੀ ਸਰਕਾਰ ਦੀ ਮਦਦ ਤੋਂ ਬਿਨਾਂ ਕਿੰਨਾ ਕੁ ਚਿਰ ਲੜ੍ਹ ਸਕਦਾ ਸੀ।”

“ਅਵਾਮ ਨੇ ਕਦੇ ਵੀ ਭੁੱਟੋ ਨੂੰ ਮੁਆਫ ਨ੍ਹੀਂ ਕਰਨਾ। ਨਾ ਹੀ ਫੌਜ ਕਰੇਗੀ। ਹੋਰ ਤਾਂ ਹੋਰ ਉਸਨੇ ਕਸ਼ਮੀਰ ਮਸਲੇ ਨੂੰ ਵੀ ਹੋਰ ਈ ਰੂਪ ਦੇ ਦਿੱਤਾ। ਮਕਬੂਜ਼ਾ ਕਸ਼ਮੀਰ ਦੀ ਹੱਦ ਨੂੰ ਲਾਈਨ ਆਫ ਕੰਟਰੋਲ ਦਾ ਰੂਪ ਦੇ ਆਇਆ। ਕਹਿੰਦਾ ਕਿ ਅੱਗੇ ਤੋਂ ਇਸ ਮਸਲੇ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾਵੇਗਾ। ਪੁੱਛਣ ਵਾਲਾ ਹੋਵੇ ਕਿ ਜੇਕਰ ਅਗਾਂਹ ਕਦੇ ਇੰਡੀਆ, ਪਾਕਿਸਤਾਨ ’ਤੇ ਹਮਲਾ ਕਰ ਦੇਵੇ ਤਾਂ ਉਸਦਾ ਹੱਲ ਵੀ ਗੱਲਬਾਤ ਰਾਹੀਂ ਈ ਕੱਢੀਂ।”

“ਭਾਈ ਸਾਹਬ ਇਹ ਸਭ ਤਾਂ ਹੋਣਾ ਹੀ ਸੀ। ਨਾਲੇ ਜੋ ਹੋ ਚੁੱਕਿਆ ਐ ਉਹ ਬਦਲਿਆ ਨ੍ਹੀਂ ਜਾ ਸਕਦਾ। ਆਪਾਂ ਨੂੰ ਸਚਾਈ ਕਬੂਲ ਕਰਨੀ ਈ ਪੈਣੀ ਐਂ।” ਸੁਲੇਹ ਸਦੀਕੀ ਨੇ ਇਹ ਗੱਲ ਕਹੀ ਤਾਂ ਸਾਰੇ ਚੁੱਪ ਜਿਹੇ ਹੋ ਗਏ। ਫਾਰੂਕੀ ਨੇ ਗੱਲ ਦਾ ਰੁਖ ਬਦਲਦਿਆਂ ਹੋਰ ਗੱਲ ਛੇੜੀ, “ਭਾਈ ਸਾਹਬ ਤੁਹਾਡਾ ਅਫਰੀਕਾ ਜਾਣ ਦਾ ਪ੍ਰੋਗਰਾਮ ਕਿਵੇਂ ਐਂ।”

“ਬੱਸ ਸਭ ਇੰਤਜ਼ਾਮ ਮੁਕੰਮਲ ਨੇ। ਜੈਮਬੀਆ ਦੀ ਲੌਅਸਕਾ ਯੂਨੀਵਰਸਿਟੀ ਵੱਲੋਂ ਨੌਕਰੀ ਦਾ ਪੱਤਰ ਵੀ ਆ ਚੁੱਕਿਆ ਐ। ਹੁਣ ਤਾਂ ਸ਼ਾਇਦ ਇਸੇ ਮਹੀਨੇ ਟੁਰਦੇ ਬਣੀਏਂ।”

ਫਿਰ ਉਹ ਹੋਰ ਗੱਲਾਂ ਕਰਨ ਲੱਗੇ। ਸ਼ਾਮ ਢਲੇ ਫਾਰੂਕੀ ਪਰਿਵਾਰ ਜਾਣ ਲਈ ਉੱਠਿਆ। ਉਨ੍ਹਾਂ ਸਾਰੇ ਬੱਚਿਆਂ ਦੇ ਸਿਰ ’ਤੇ ਹੱਥ ਰੱਖਿਆ। ਚਾਦਰ ’ਚ ਲਪੇਟੀ ਪਈ ਛੋਟੀ ਜਿਹੀ ਆਫੀਆ ਦਾ ਮੂੰਹ ਚੁੰਮਿਆਂ। ਫਿਰ ਕਾਰ ’ਚ ਬਹਿੰਦੇ ਚਲੇ ਗਏ। ਇਸਦੇ ਕੁਝ ਹਫਤੇ ਬਾਅਦ ਹੀ ਸਦੀਕੀ ਪਰਿਵਾਰ ਜੈਂਬੀਆ ਚਲਾ ਗਿਆ।

ਇੱਥੇ ਆ ਕੇ ਸੁਲੇਹ ਸਦੀਕੀ, ਲੌਅਸਕਾ ਮੈਡੀਕਲ ਯੂਨੀਵਰਸਿਟੀ ’ਚ ਪ੍ਰੋਫੈਸਰ ਦੀ ਨੌਕਰੀ ਕਰਨ ਲੱਗਿਆ। ਇਸਮਤ ਬੱਚਿਆਂ ਨੂੰ ਸੰਭਾਲਦੀ ਸੀ। ਉਹ ਸਾਰਾ ਦਿਨ ਘਰ ਵਿਹਲੀ ਰਹਿੰਦੀ ਸੀ। ਉਸਨੇ ਇਸ ਵਿਹਲੇ ਵਕਤ ਨੂੰ ਧਰਮ ਦੇ ਕੰਮਾਂ ਦੇ ਲੇਖੇ ਲਾਉਣ ਬਾਰੇ ਸੋਚਿਆ। ਧਾਰਮਿਕ ਕੰਮਾਂ ’ਚ ਉਹ ਸ਼ੁਰੂ ਤੋਂ ਹੀ ਵਧ ਚੜ੍ਹ ਕੇ ਹਿੱਸਾ ਲੈਂਦੀ ਸੀ। ਇਸਲਾਮ ’ਤੇ ਚਰਚਾ ਕਰਨਾ ਉਸਨੂੰ ਬਹੁਤ ਚੰਗਾ ਲੱਗਦਾ ਸੀ। ਇੱਥੇ ਉਸਨੇ ਗੁਆਂਢ ਦੀਆਂ ਔਰਤਾਂ ਨੂੰ ਦਿਨ ਵੇਲੇ ਇਕੱਠੀਆਂ ਕਰ ਲੈਣਾ ਤੇ ਉਨ੍ਹਾਂ ਨਾਲ ਧਾਰਮਿਕ ਮਸਲਿਆਂ ’ਤੇ ਗੱਲਾਂ ਕਰਨੀਆਂ। ਚੰਗੀ ਬੁਲਾਰੀ ਹੋਣਾ ਉਸਦਾ ਵੱਡਾ ਗੁਣ ਸੀ। ਛੇਤੀ ਹੀ ਉਸ ਦੇ ਘਰ ਆਉਣ ਵਾਲੀਆਂ ਔਰਤਾਂ ਦੀ ਗਿਣਤੀ ਵਧਣ ਲੱਗੀ। ਫਿਰ ਤਾਂ ਇਹ ਗਿਣਤੀ ਇੰਨੀ ਹੋ ਗਈ ਕਿ ਉਸਨੂੰ ਕਿਧਰੇ ਬਾਹਰ ਜਗ੍ਹਾ ਦਾ ਪ੍ਰਬੰਧ ਕਰਨਾ ਪਿਆ। ਉਸਨੇ ਆਪਣੀ ਜਥੇਬੰਦੀ ਦਾ ਨਾਂ ਵੀ ਰੱਖ ਲਿਆ। ਯੂ. ਆਈ. ਓ. ਜਾਣੀ ਕਿ ਯੁਨਾਈਟਡ ਇਸਲਾਮਿਕ ਔਰਗੇਨਾਈਜੇਸ਼ਨ। ਉਸਦਾ ਪ੍ਰਭਾਵ ਇੱਥੇ ਦੇ ਮੁਸਲਮ ਸਮਾਜ ’ਚ ਵਧਣ ਲੱਗਿਆ। ਸਾਰੀ ਏਸ਼ੀਅਨ ਕਮਿਉਨਟੀ ’ਚ ਸਦੀਕੀ ਪਰਿਵਾਰ ਮਸ਼ਹੂਰ ਹੋ ਗਿਆ। ਇਸਮਤ ਦਾ ਨਾਂ ਦਿਨੋ ਦਿਨ ਹਰ ਇੱਕ ਦੀ ਜ਼ੁਬਾਨ ’ਤ ਆਉਣ ਲੱਗਿਆ। ਆਪਣੇ ਲੋਕਾਂ ਨੂੰ ਧਾਰਮਿਕ ਸਿਖਿਆਵਾਂ ਦੇਣ ਤੋਂ ਸਿਵਾਏ, ਇਸਮਤ ਇਹ ਵੀ ਕੋਸ਼ਿਸ਼ ਕਰਦੀ ਸੀ ਕਿ ਨੇੜਲੇ ਕ੍ਰਿਸ਼ਚੀਅਨ ਭਾਈਚਾਰੇ ’ਚੋਂ ਲੋਕਾਂ ਨੂੰ ਆਪਣੇ ਧਰਮ ’ਚ ਲਿਆਂਦਾ ਜਾਵੇ। ਇਸ ਕੰਮ ’ਚ ਉਹ ਕਾਮਯਾਬ ਵੀ ਹੋ ਰਹੀ ਸੀ। ਆਫੀਆ ਭਾਵੇਂ ਉਦੋਂ ਬਹੁਤ ਛੋਟੀ ਸੀ ਪਰ ਉਸਦੀ ਮਾਂ ਉਸਨੂੰ ਹਰ ਰੋਜ਼ ਅਜਿਹੇ ਇਕੱਠਾਂ ਵਿੱਚ ਨਾਲ ਲੈ ਕੇ ਜਾਂਦੀ। ਆਫੀਆ ਬੜੇ ਧਿਆਨ ਨਾਲ ਮਾਂ ਦੀਆਂ ਗੱਲਾਂ ਸੁਣਦੀ। ਆਫੀਆ ਭਾਵੇਂ ਪੂਰੀ ਤਰ੍ਹਾਂ ਇਨ੍ਹਾਂ ਗੱਲਾਂ ਨੂੰ ਨਹੀਂ ਸਮਝ ਸਕਦੀ ਸੀ। ਪਰ ਇਹ ਗੱਲਾਂ ਉਸਦੇ ਅਚੇਤ ਮਨ ’ਚ ਉਤਰ ਰਹੀਆਂ ਸਨ। ਇਸਮਤ ਕਿਤੇ ਵੀ ਜਾਂਦੀ ਛੋਟੀ ਜਿਹੀ ਆਫੀਆ ਉਸਦੇ ਨਾਲ ਹੁੰਦੀ ਸੀ।

ਆਖਰ ਸੁਲੇਹ ਦੀ ਨੌਕਰੀ ਦਾ ਵਕਤ ਪੂਰਾ ਹੋ ਗਿਆ। ਸਾਰਾ ਪਰਿਵਾਰ ਪਾਕਿਸਤਾਨ ਨੂੰ ਵਾਪਸ ਚੱਲ ਪਿਆ। ਆਫੀਆ ਉਸ ਵੇਲੇ ਸੱਤ ਸਾਲ ਦੀ ਸੀ। ਇਹ 1980 ਦਾ ਉਹ ਸਮਾਂ ਸੀ ਜਦੋਂ ਕਿ ਪਾਕਿਸਤਾਨ ਦੇ ਆਂਢ ਗੁਆਂਢ 'ਚ ਉੱਥਲ ਪੁਥਲ ਹੋ ਰਹੀ ਸੀ। ਇਰਾਨ 'ਚ ਖੋਮੀਨੀ ਦੀ ਰੈਵੋਲਿਸ਼ਨਰੀ ਇਸਲਾਮਿਸਟ ਸਰਕਾਰ ਨੇ ਤਾਕਤ ਸੰਭਾਲ ਲਈ ਸੀ। ਹਰ ਪਾਸੇ ਖੋਮਿਨੀ ਦੀ ਚੜ੍ਹਤ ਸੀ। ਪਾਕਿਸਤਾਨ 'ਚ ਉਹ ਸਭ ਕੁਝ ਬਦਲ ਗਿਆ ਸੀ ਜੋ ਕਿ ਉਨ੍ਹਾਂ ਦੇ ਅਫਰੀਕਾ ਦੇ ਜਾਣ ਵੇਲੇ ਸੀ। ਉੱਥੇ ਫੌਜੀ ਜਨਰਲ, ਜਿਆ ਉਲ ਹੱਕ ਦੀ ਕਮਾਂਡ ਹੇਠ ਡਿਕਟੇਟਰਸ਼ਿਪ ਕਾਇਮ ਹੋ ਚੁੱਕੀ ਸੀ। ਉਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਜੁਲਫਕਾਰ ਅਲੀ ਭੁੱਟੋ, ਜੋ ਕਿ ਬਹੁਤ ਅਮੀਰ ਵਿਅਕਤੀ ਸੀ, ਮੁਲਕ ਨੂੰ ਧਾਰਮਿਕ ਗਲਬੇ ਤੋਂ ਉੱਪਰ ਚੁੱਕ ਕੇ ਮਜ਼ਬੂਤ ਜਮਹੂਰੀਅਤ ਮੁਲਕ ਬਣਾਉਣਾ ਚਾਹੁੰਦਾ ਸੀ। ਇਸ ਨਾਲ ਧਾਰਮਿਕ ਵਿਅਕਤੀ ਜਾਣੀ ਕਿ ਮੁਲਾਣੇ ਬਗੈਰਾ ਉਸ ਤੋਂ ਬਹੁਤ ਨਾਰਾਜ਼ ਸਨ। ਜਿਆ ਉਲ ਹੱਕ ਨੇ ਮੌਕੇ ਦੀ ਨਬਜ਼ ਪਛਾਣਦਿਆਂ ਰਾਜ ਪਲਟਾ ਲੈ ਆਂਦਾ। ਉਸ ਦੇ ਆਉਂਦਿਆਂ ਹੀ ਮੁਲਾਣਿਆਂ ਦੀ ਚੰਗੀ ਸੁਣਵਾਈ ਹੋਣ ਲੱਗੀ। ਜਿਆ ਉਲ ਹੱਕ ਨੇ ਮੁਲਕ ਨੂੰ ਧਾਰਮਿਕ ਰੰਗ ਵਿੱਚ ਰੰਗਣਾ ਸ਼ੁਰੂ ਕਰ ਦਿੱਤਾ ਸੀ। ਕਿਉਂਕਿ ਉਹ ਜਾਣਦਾ ਸੀ ਕਿ ਜੇਕਰ ਪੱਕੇ ਪੈਰੀਂ ਰਾਜ ਸਥਾਪਤ ਕਰਨਾ ਹੈ ਤਾਂ ਲੋਕਾਂ ਨੂੰ ਧਾਰਮਿਕ ਹਥਿਆਰ ਨਾਲ ਕਾਬੂ ਕਰਨਾ ਪਊਗਾ। ਇਸਦੇ ਲਈ ਉਸਨੇ ਲੋੜੀਂਦੇ ਕਾਰਜ ਆਰੰਭ ਦਿੱਤੇ। ਉਸਨੇ ਧਾਰਮਿਕ ਅਸੂਲਾਂ ਨੂੰ ਲਾਗੂ ਕਰਨ ਲਈ ਕੌਂਸਿਲ ਆਫ ਇਸਲਾਮਿਕ ਆਈਡੀਆਲੋਜੀ ਕਾਇਮ ਕੀਤੀ। ਅਜਿਹੀਆਂ ਧਾਰਮਿਕ ਜਥੇਬੰਦੀਆਂ ਦੀ ਮੱਦਦ ਨਾਲ ਜਿਆ ਉਲ ਹੱਕ ਨੇ ਪਾਕਿਸਤਾਨ ਨੂੰ ਧਾਰਮਿਕ ਸਟੇਟ ਬਣਾਉਣ ਲਈ ਪੂਰੇ ਜਤਨ ਸ਼ੁਰੂ ਕਰ ਦਿੱਤੇ। ਉਸਦਾ ਪਹਿਲਾ ਕਦਮ ਸੀ ਔਰਤਾਂ ਨੂੰ ਪਰਦੇ ਅਤੇ ਚਾਰਦਿਵਾਰੀ ਵਿੱਚ ਬੰਦ ਕਰਨਾ। ਕਿੰਨੇ ਹੀ ਨਵੇਂ ਧਾਰਮਿਕ ਰੰਗ ਵਾਲੇ ਕਾਨੂੰਨ ਬਣਾ ਕੇ ਜਿਆ ਉਲ ਹੱਕ ਨੇ ਮੁਲਕ ਦੇ ਧਾਰਮਿਕ ਲੀਡਰਾਂ ਦਾ ਵਿਸ਼ਵਾਸ ਜਿੱਤ ਲਿਆ। ਹਰ ਪਾਸੇ ਧਾਰਮਿਕ ਰੰਗ ਉੱਭਰ ਰਿਹਾ ਸੀ ਜੋ ਕਿ ਪੱਛਮ ਦੇ ਵੀ ਖਿਲਾਫ ਸੀ। ਪੱਛਮ ਦੇ ਖਿਲਾਫ ਜੋਰ-ਸ਼ੋਰ ਨਾਲ ਪ੍ਰਚਾਰ ਹੋ ਰਿਹਾ ਸੀ। ਇਨ੍ਹੀਂ ਹੀ ਦਿਨੀਂ ਇਰਾਨ 'ਚ ਅਮਰੀਕਣ ਅੰਬੈਂਸੀ ਦੇ ਸਟਾਫ ਨੂੰ ਕੈਦ ਕਰ ਲਿਆ ਗਿਆ। ਸਾਉਦੀ ਅਰਬ 'ਚ ਰੈਡੀਕਲ ਇਸਲਾਮਿਸਟਾਂ ਨੇ ਮੱਕੇ ਦੀ ਪਵਿੱਤਰ ਵੱਡੀ ਮਸਜਦ 'ਚ ਕਾਬਾ 'ਤੇ ਕਬਜ਼ਾ ਕਰ ਲਿਆ। ਪਾਕਿਸਤਾਨ 'ਚ ਰੈਡੀਕਲਜ਼ ਨੇ ਅਮਰੀਕਾ ਦੀ ਇਸਲਾਮਾਬਾਦ ਵਿਚਲੀ ਅੰਬੈਸੀ ਅੱਗ ਲਾ ਕੇ ਸਾੜ ਦਿੱਤੀ। ਪੱਛਮ ਖਿਲਾਫ ਹਰ ਥਾਂ ਗੁੱਸਾ ਭੜਕ ਰਿਹਾ ਸੀ। ਉਦੋਂ ਹੀ ਦਸੰਬਰ 1979 ਨੂੰ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫਗਾਨਿਸਤਾਨ 'ਚ ਦਾਖਲ ਹੋ ਗਈਆਂ। ਇਸ ਘਟਨਾ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ।

ਅਮਰੀਕਾ, ਜੋ ਹੁਣ ਤੱਕ ਜਿਉ ਉਲ ਹੱਕ ਦੀਆਂ ਕਾਰਵਾਈਆਂ ਕਾਰਨ ਬਹੁਤ ਗੁੱਸੇ ਵਿੱਚ ਸੀ, ਉਸਨੂੰ ਹੁਣ ਜਿਆ ਉਲ ਹੱਕ ਦੀ ਲੋੜ ਮਹਿਸੂਸ ਹੋਈ। ਸੋਵੀਅਤ ਯੂਨੀਅਨ ਨੂੰ ਟੱਕਰ ਦੇਣ ਲਈ ਉਹ ਜਿਸ ਨੇੜਲੀ ਸ਼ਕਤੀ ਨੂੰ ਲੱਭ ਰਹੇ ਸਨ, ਜਿਆ ਉਲ ਹੱਕ ਉਸਦੇ ਬਿਲਕੁਲ ਫਿੱਟ ਆਉਂਦਾ ਸੀ। ਸਾਉਦੀ ਅਰਬ ਅਤੇ ਅਮਰੀਕਾ ਨੇ ਮਿਲ ਕੇ ਅਫਗਾਨਿਸਤਾਨ 'ਚ ਸੋਵੀਅਤ ਯੂਨੀਅਨ ਖਿਲਾਫ ਲੜਨ ਦੀ ਸਕੀਮ ਬਣਾਈ ਜਿਸ 'ਚ ਉਨ੍ਹਾਂ ਜਿਆ ਉਲ ਹੱਕ ਨੂੰ ਮੂਹਰੇ ਲਾ ਲਿਆ। ਜਿਆ ਨੇ ਪਾਕਿਸਤਾਨ ਦੀ ਖੁਫੀਆ ਏਜੈਂਸੀ, ਆਈ. ਐਸ. ਆਈ. ਨੂੰ ਇਸਦੀ ਕਮਾਂਡ ਸੰਭਾਲ ਦਿੱਤੀ। ਉਨ੍ਹਾਂ ਹੀ ਦਿਨ੍ਹਾਂ 'ਚ ਅਫਰੀਕਾ ਤੋਂ ਵਾਪਸ ਆ ਕੇ ਡਾਕਟਰ ਮੁਹੰਮਦ ਸੁਲੇਹ ਸਦੀਕੀ ਨੇ, ਕਰਾਚੀ ਦੀ ਇੱਕ ਹਾਈ ਸੁਸਾਇਟੀ 'ਗੁਲਸ਼ਨੇ ਇਕਬਾਲ' 'ਚ ਬੰਗਲਾ ਖਰੀਦ ਲਿਆ ਜਿੱਥੇ ਕਿ ਵੱਡੇ ਵੱਡੇ ਅਫਸਰ ਅਤੇ ਹੋਰ ਅਸਰ ਰਸੂਖ ਵਾਲੇ ਲੋਕ ਰਹਿੰਦੇ ਸਨ। ਜਿਆ ਉਲ ਹੱਕ ਦੇ ਚੀਫ ਆਫ ਸਟਾਫ ਮਿਰਜ਼ਾ ਅਸਲਮ ਬੇਗ ਦਾ ਪਰਿਵਾਰ, ਸਦੀਕੀ ਦਾ ਗੁਆਂਢੀ ਸੀ। ਇਸ ਤਰ੍ਹਾਂ ਇਹ ਪਰਿਵਾਰ ਪਾਕਿਸਤਾਨ 'ਤੇ ਰਾਜ ਕਰਨ ਵਾਲੇ ਗਰੁੱਪ ਦੇ ਬਿਲਕੁਲ ਨੇੜੇ ਆ ਗਿਆ।

ਇਸ ਵੇਲੇ ਆਫੀਆ ਆਪਣੇ ਬਚਪਨ ਦਾ ਆਨੰਦ ਮਾਣ ਰਹੀ ਸੀ ਜਦੋਂ ਕਿ ਉਸਦੀ ਮਾਂ ਆਪਣੀ ਧਾਰਮਿਕ ਜਥੇਬੰਦੀ ਯੂ. ਆਈ. ਓ. ਲਈ ਵੱਧ ਤੋਂ ਵੱਧ ਕੰਮ ਕਰ ਰਹੀ ਸੀ। ਇਸਮਤ ਸਦੀਕੀ ਦਿਨੋ ਦਿਨ ਮਸ਼ਹੂਰ ਹੋ ਰਹੀ ਸੀ। ਇੱਥੋਂ ਤੱਕ ਕਿ ਜਿਉ ਉਲ ਹੱਕ ਦੀ ਆਪਣੀ ਬੇਗਮ, ਸ਼ੈਫੀਕ ਵੀ ਉਸਦੇ ਪ੍ਰਭਾਵ ਹੇਠ ਸੀ ਤੇ ਉਸਦੀਆਂ ਧਾਰਮਿਕ ਕਲਾਸਾਂ ਲੈ ਰਹੀ ਸੀ। ਉਸ ਵੇਲੇ ਤੱਕ ਇਸਮਤ ਉੱਚੀ ਸੁਸਾਇਟੀ ਵਿੱਚ ਇੱਕ ਬਹੁਤ ਹੀ ਇੱਜ਼ਤਦਾਰ ਮੁਕਾਮ ਹਾਸਲ ਕਰ ਚੁੱਕੀ ਸੀ। ਜਿਉ ਉਲ ਹੱਕ ਖੁਦ ਉਸ ਤੋਂ ਪ੍ਰਭਾਵਤ ਸੀ। ਜਿਆ, ਇਸਮਤ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸਨੇ ਉਸਨੂੰ ਉਸ ਬੋਰਡ ਦੀ ਮੈਂਬਰ ਬਣਾ ਦਿੱਤਾ ਜੋ ਕਿ ਕੁਰਾਨ ਮੁਤਾਬਕ ਜ਼ਕਤ ਜਾਣੀ ਕਿ ਚੈਰਿਟੀ

ਇਕੱਠੀ ਕਰਨ ਅਤੇ ਇਸਨੂੰ ਖਰਚਣ ਦਾ ਇੰਤਜ਼ਾਮ ਕਰਦਾ ਸੀ। ਇਸ ਬੋਰਡ ਵਿੱਚ ਆਉਂਦਿਆਂ ਇਸਮਤ ਦਾ ਹੋਰ ਬਹੁਤ ਵੱਡੀਆਂ ਵੱਡੀਆਂ ਜਥੇਬੰਦੀਆਂ ਨਾਲ ਸੰਪਰਕ ਹੋਇਆ ਜੋ ਕਿ ਕਿਸੇ ਨਾ ਕਿਸੇ ਢੰਗ ਨਾਲ ਅਫਗਾਨਿਸਤਾਨ ਵਿੱਚ ਚੱਲ ਰਹੇ ਜਿਹਾਦ ਨਾਲ ਜੁੜੀਆਂ ਹੋਈਆਂ ਸਨ। ਅਫਗਾਨਿਸਤਾਨ ਲਈ ਜਾਣ ਵਾਲਾ ਪਹਿਲਾ ਲੜਾਕਾ ਜਿਹਾਦੀ ਗਰੁੱਪ, ਸਦੀਕੀ ਪਰਿਵਾਰ ਦੇ ਘਰ ਤੋਂ ਥੋੜੀ ਹੀ ਦੂਰ ਸਥਿਤ ਬਿਨੂਰੀ ਕਸਬੇ ਦੀ ਮਸਜਿਦ 'ਚੋਂ ਵਿਦਾਅ ਹੋਇਆ ਤਾਂ ਲੋਕਾਂ ਨੇ ਉਨ੍ਹਾਂ ਨੂੰ ਬਹੁਤ ਹੀ ਮਾਣ ਨਾਲ ਤੋਰਿਆ। ਇਸ ਦੇ ਨਾਲ ਹੀ ਲੋਕਾਂ ਦੀਆਂ ਨਜ਼ਰਾਂ 'ਚ ਸਦੀਕੀ ਪਰਿਵਾਰ ਖਾਸ ਕਰਕੇ ਇਸਮਤ ਪ੍ਰਤੀ ਇਜ਼ਤ ਹੋਰ ਵਧ ਗਈ। ਉਸ ਦਿਨ ਆਫੀਆ ਵੀ ਕੰਧ ਨਾਲ ਲੱਗੀ ਖੜ੍ਹੀ ਤੁਰੇ ਜਾਂਦੇ ਜਿਹਾਦੀਆਂ ਨੂੰ ਵੇਖਦੀ ਰਹੀ। ਇਸ ਤਰ੍ਹਾਂ ਛੋਟੀ ਉਮਰ 'ਚ ਹੀ ਆਫੀਆ ਜਿਹਾਦ ਬਾਰੇ ਸੁਣਨ ਲੱਗੀ ਸੀ। ਇੰਨਾਂ ਹੀ ਨਹੀਂ ਸਗੋਂ ਉਸਦਾ ਜਿਹਾਦ ਪ੍ਰਤੀ ਲਗਾਉ ਹੋਣ ਲੱਗਿਆ। ਆਫੀਆ ਉਦੋਂ ਗੁਲਸ਼ਨੇ ਇਕਬਾਲ 'ਚ ਲੋਕਲ ਇੰਗਲਿਸ਼ ਸਕੂਲ ਦੀ ਵਿਦਿਆਰਥਣ ਸੀ। ਉਹ ਸਕੂਲ ਵਿੱਚ ਇੰਗਲਿਸ਼, ਮੈਥ, ਸਾਇੰਸ, ਕੁਰਾਨ ਅਤੇ ਸੁੰਨਾ ਪੜ੍ਹ ਰਹੀ ਸੀ। ਆਫੀਆ ਉਸ ਵੇਲੇ ਬਹੁਤ ਹੀ ਮਾਸੂਮ ਸੀ। ਉਸਦੀਆਂ ਰੁਚੀਆਂ ਵੀ ਮਾਸੂਮਾਂ ਵਾਲੀਆਂ ਸਨ। ਉਹ ਘਰ ਵਿੱਚ ਪੰਛੀਆਂ ਨੂੰ ਹਰ ਰੋਜ਼ ਚੋਗਾ ਪਾਉਂਦੀ। ਇਸ ਤੋਂ ਬਿਨਾਂ ਉਸਨੇ ਘਰ 'ਚ ਕੁੱਤਾ, ਬਿੱਲੀ, ਬੱਤਖ, ਮੱਛੀਆਂ ਅਤੇ ਤੋਤੇ ਬਗੈਰਾ ਪਾਲਤੂ ਜਾਨਵਰ ਰੱਖੇ ਹੋਏ ਸਨ। ਵਿਹਲਾ ਵਕਤ ਉਹ ਇਨ੍ਹਾਂ ਜਾਨਵਰਾਂ ਨਾਲ ਖੇਡਦਿਆਂ ਬਿਤਾਉਂਦੀ।

ਆਪਣੀ ਮਾਂ ਦੇ ਅਸਰ ਹੇਠ ਉਹ ਵੀ ਬਹੁਤ ਧਾਰਮਿਕ ਹੁੰਦੀ ਜਾ ਰਹੀ ਸੀ। ਮਾਂ ਨੂੰ ਵੇਖ ਕੇ ਵੀ ਸਕੂਲ ਵਿੱਚ ਛੋਟੇ ਬੱਚਿਆਂ ਸਾਹਮਣੇ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ ਸਨ। ਸਦੀਕੀ ਪਰਿਵਾਰ 'ਚ ਹਰ ਵੇਲੇ ਅਫਗਾਨਿਸਤਾਨ ਅੰਦਰ ਚੱਲ ਰਹੇ ਜਿਹਾਦ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਸਨ। ਭਾਵੇਂ ਕਿ ਸੁਲੇਹੇ ਸਦੀਕੀ ਦੀ ਇਨ੍ਹਾਂ ਗੱਲਾਂ 'ਚ ਜਿਆਦਾ ਦਿਲਚਸਪੀ ਨਹੀਂ ਸੀ ਹੁੰਦੀ ਪਰ ਉਸਦੀ ਪਤਨੀ ਦਿਲੋ ਜਾਨ ਨਾਲ ਜਿਹਾਦੀਆਂ ਦੀ ਮਦਦ ਕਰਦੀ ਸੀ। ਉਸਦੇ ਲਈ ਉਸ ਵੇਲੇ ਇਸ ਤੋਂ ਵੱਡਾ ਹੋਰ ਕੋਈ ਕੰਮ ਨਹੀਂ ਸੀ ਕਿ ਇਸਲਾਮ ਦੀ ਧਰਤੀ ਤੋਂ ਕੌਮਨਿਸਟਾਂ ਦਾ ਸਫਾਇਆ ਕਰਿਆ ਜਾਵੇ ਤੇ ਉੱਥੇ ਸੱਚਾ ਇਸਲਾਮਿਕ ਰਾਜ ਕਾਇਮ ਹੋਵੇ। ਆਫੀਆ ਮਾਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਬਹੁਤ ਹੀ ਧਿਆਨ ਨਾਲ ਵੇਖਦੀ ਸੀ। ਉਸ ਦਾ ਮਨ ਕਰਦਾ ਕਿ ਉਹ ਇਨ੍ਹਾਂ ਜਿਹਾਦੀਆਂ ਦੀ ਦਿਲੋ ਜਾਨ ਨਾਲ ਸੇਵਾ ਕਰੇ ਜੋ ਕਿ ਆਪਣੇ ਧਰਮ ਲਈ ਸ਼ਹੀਦ ਹੋ ਰਹੇ ਹਨ। ਉਹ ਜਿਹਾਦੀਆਂ ਦੇ ਬਹਾਦਰੀ ਭਰੇ ਕਾਰਨਾਮੇ ਸੁਣਦੀ ਤਾਂ ਉਸਨੂੰ ਲੱਗਦਾ ਕਿ ਇਹ ਹੀ ਧਰਮ ਦੇ ਅਸਲੀ ਹੀਰੋ ਹਨ। ਥੋੜੇ ਜਿਹੇ ਲੜਾਕਿਆਂ ਦੀ ਮਦਦ ਨਾਲ ਸ਼ੁਰੂ ਕੀਤਾ ਗਿਆ ਜਿਹਾਦ ਆਖਰ ਉਨ੍ਹਾਂ ਦੇ ਹੱਕ ਵਿੱਚ ਹੋਣ ਲੱਗਿਆ। ਵੱਡਾ ਕਾਰਨ ਅਮਰੀਕਾ ਸੀ, ਜੋ ਕਿ ਪਰਦੇ ਪਿੱਛੇ ਰਹਿੰਦਾ ਜਿਆ ਉਲ ਹੱਕ ਨੂੰ ਮੂਹਰੇ ਲਾ ਕੇ ਸਾਰੀ ਲੜਾਈ ਆਪ ਲੜ੍ਹ ਰਿਹਾ ਸੀ। ਆਖਰ ਜਿਹਾਦੀਆਂ ਦਾ ਪਲੜਾ ਭਾਰੀ ਪੈਣ ਲੱਗਿਆ। ਹੌਲੀ ਹੌਲੀ ਉਨ੍ਹਾਂ ਸੋਵੀਅਤ ਯੂਨੀਅਨ ਨੂੰ ਅਫਗਾਨਿਸਤਾਨ 'ਚੋਂ ਖਿਦੇੜ ਦਿੱਤਾ। ਫਿਰ ਸਮਝੌਤਾ ਹੋਇਆ ਜਿਸ ਮੁਤਾਬਕ ਸੋਵੀਅਤ ਯੂਨੀਅਨ ਉੱਥੋਂ ਆਪਣੀਆਂ ਫੌਜਾਂ ਕੱਢਣੀਆਂ ਮੰਨ ਗਿਆ। ਜਦੋਂ ਸੋਵੀਅਤ ਯੂਨੀਅਨ ਦੀਆਂ ਫੌਜਾਂ ਅਫਗਾਨਿਸਤਾਨ 'ਚੋਂ ਨੀਵੀਂ ਪਾਈ ਨਿਕਲਣੀਆਂ ਸ਼ੁਰੂ ਹੋਈਆਂ ਤਾਂ ਆਫੀਆ ਨੇ ਵੀ ਹੋਰਨਾਂ ਵਾਂਗੂੰ ਜਸ਼ਨ ਦੇ ਪ੍ਰੋਗਰਾਮਾਂ 'ਚ ਵਧ ਚੜ੍ਹ ਕੇ ਹਿੱਸਾ ਲਿਆ। ਉਸ ਵੇਲੇ ਹਰ ਪਾਸੇ ਖੁਸ਼ੀ ਦਾ ਆਲਮ ਸੀ। ਖਾਸ ਕਰ ਕੇ ਸਦੀਕੀ ਪਰਿਵਾਰ ਦੇ ਘਰ ਵਿੱਚ। ਉਨ੍ਹਾਂ ਮੁਤਾਬਕ ਅੱਲਾ ਦੀ ਪਾਰਟੀ ਦੀ ਜਿੱਤ ਹੋ ਚੁੱਕੀ ਸੀ। ਉਨ੍ਹਾਂ ਦੀ ਸੋਚਣੀ ਸੀ ਕਿ ਇਹ ਜਿਹਾਦ ਹੀ ਸੀ ਜਿਸਨੇ ਅਫਗਾਨਿਸਤਾਨ ਨੂੰ ਕੌਮਨਿਸਟਾਂ ਤੋਂ ਆਜ਼ਾਦ ਕਰਵਾਇਆ। ਇਸ ਜਿੱਤ ਨੂੰ ਹਰ ਇੱਕ ਨੇ ਆਪਣੇ ਨੁਕਤੇ ਤੋਂ ਵੇਖਿਆ। ਅਮਰੀਕਾ ਨੂੰ ਲੱਗਿਆ ਕਿ ਉਸਨੇ ਚਿਰਾਂ ਤੋਂ ਚੱਲ ਰਹੀ ਸੀਤ ਜੰਗ 'ਚ ਰਸ਼ੀਆ ਦੀ ਸਿਰੀ ਫੇਹ ਦਿੱਤੀ ਹੈ। ਅਫਗਾਨਿਸਤਾਨ ਦੇ ਲੋਕਾਂ ਨੂੰ ਲੱਗਿਆ ਕਿ ਉਨ੍ਹਾਂ ਜਿਹਾਦ ਦੇ ਰਾਹ ਜਾ ਕੇ ਆਪਣਾ ਮੁਲਕ ਆਜ਼ਾਦ ਕਰਵਾ ਲਿਆ ਹੈ। ਪਰ ਜਨਰਲ ਜਿਆ ਉਲ ਹੱਕ ਅਤੇ ਉਸਦੀ ਸਰਕਾਰ ਨੇ ਸੋਵੀਅਤ ਯੂਨੀਅਨ ਦੀ ਹਾਰ ਨੂੰ ਕਿਸੇ ਹੋਰ ਰੂਪ 'ਚ ਵੇਖਿਆ। ਜਿਆ ਨੇ ਇਹ ਭੁਲੇਖਾ ਪਾਲ ਲਿਆ ਕਿ ਇਹ ਸਭ ਕੁਝ ਪਾਕਿਸਤਾਨ ਦੀ ਵਜ੍ਹਾ ਨਾਲ ਹੋਇਆ ਹੈ। ਉਸਦੀ ਸੋਚਣੀ ਸੀ ਕਿ ਇਸ ਵੇਲੇ ਪਾਕਿਸਤਾਨ ਕੁਝ ਵੀ ਕਰ ਸਕਦਾ ਹੈ। ਉਸ ਮੁਤਾਬਕ ਹੌਲੀ ਹੌਲੀ ਪਾਕਿਸਤਾਨ, ਸਾਰੇ ਮੱਧ ਏਸ਼ੀਆ ਵਿੱਚ ਆਪਣਾ ਦਬਦਬਾ ਕਾਇਮ ਕਰ ਲਵੇਗਾ। ਉਸਨੇ ਅਫਗਾਨਿਸਤਾਨ ਵੱਲੋਂ ਵਿਹਲਾ ਹੋ ਕੇ ਹੋਰਨਾਂ ਪਾਸਿਆਂ ਵੱਲ ਵੇਖਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਸ ਨੇ ਆਪਣਾ ਮੁੱਖ ਏਜੰਡਾ ਚਾਲੂ ਕਰਨ ਦੀ ਸੋਚੀ। ਉਹ ਸੀ ਇੰਡੀਆ

ਵਾਲੇ ਪਾਸੇ ਦੇ ਕਸ਼ਮੀਰ ਦੀ ਆਜ਼ਾਦੀ।( ਪਾਕਿਸਤਾਨੀ ਇਸ ਨੂੰ ਮਕਬੂਜ਼ਾ ਕਸ਼ਮੀਰ ਕਹਿੰਦੇ ਹਨ ਜਦੋਂ ਕਿ ਪਾਕਿਸਤਾਨ ਵੱਲ ਦੇ ਕਸ਼ਮੀਰ ਨੂੰ ਆਜ਼ਾਦ ਕਸ਼ਮੀਰ ਕਿਹਾ ਜਾਂਦਾ ਹੈ)। ਜਿਆ ਨੇ ਆਪਣੇ ਲੋਕਾਂ ਨੂੰ ਕਸ਼ਮੀਰ ਆਜ਼ਾਦ ਕਰਵਾਉਣ ਦਾ ਨਾਅਰਾ ਦਿੱਤਾ। ਇਸ ਦੇ ਲਈ ਉਸਨੇ ਉਹੀ ਢੰਗ ਤਰੀਕਾ ਚੁਣਿਆ ਜੋ ਕਦੇ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਚੁਣਿਆਂ ਸੀ। ਜਾਣੀ ਕਿ ਪਾਕਿਸਤਾਨ ਪਰਦੇ ਪਿੱਛੇ ਰਹਿੰਦਾ ਸਾਰੀ ਲੜਾਈ ਲੜੇਗਾ ਜਦੋਂ ਕਿ ਕਸ਼ਮੀਰ 'ਚ ਤਿਆਰ ਕੀਤੇ ਜਿਹਾਦੀ ਅਸਲੀ ਲੜਾਈ ਲੜਨਗੇ। ਇਸਦੇ ਲਈ ਉਸਨੇ ਐਕਸ਼ਨ ਸ਼ੁਰੂ ਕੀਤਾ ਤਾਂ ਸ਼ਾਂਤ ਪਏ ਜੰਮੂ ਕਸ਼ਮੀਰ 'ਚ ਭੁਚਾਲ ਆ ਗਿਆ। ਥਾਂ ਥਾਂ ਜਿਹਾਦੀ ਪੈਦਾ ਹੋ ਗਏ। ਇਸ ਖੇਡ 'ਚ ਜਿਆ ਉਲ ਹੱਕ ਦੋ ਮਾਹਰਕੇ ਮਾਰਨੇ ਚਾਹੁੰਦਾ ਸੀ। ਇੱਕ ਤਾਂ ਸੀ ਇੰਡੀਆ ਤੋਂ ਕਸ਼ਮੀਰ ਖੋਹਣਾ ਅਤੇ ਦੂਸਰਾ ਸੀ ਬੰਗਲਾ ਦੇਸ਼ ਵਾਲਾ ਹਿਸਾਬ ਚੁਕਤਾ ਕਰਨਾ। ਉਹ ਇੱਥੋਂ ਤੱਕ ਸਵੈ ਵਿਸ਼ਵਾਸ ਨਾਲ ਭਰ ਗਿਆ ਕਿ ਉਸਨੇ ਸੋਚਿਆ ਕਿ ਕਸ਼ਮੀਰ ਦੇ ਆਜ਼ਾਦ ਹੋਣ ਪਿੱਛੋਂ ਉਹ ਇਸ ਪ੍ਰੋਕਸੀ ਵਾਰ ਨੂੰ ਇੰਡੀਆ ਦੇ ਹੋਰਨਾ ਹਿੱਸਿਆਂ ਵਿੱਚ ਫੈਲਾ ਦੇਵੇਗਾ ਅਤੇ ਮੁਲਕ ਦੇ ਟੁਕੜੇ ਟੁਕੜੇ ਕਰ ਦੇਵੇਗਾ। ਕਸ਼ਮੀਰ ਦੇ ਨਾਲ ਹੀ ਉਸਨੇ ਪੰਜਾਬ ਉੱਤੇ ਵੀ ਅੱਖ ਰੱਖ ਲਈ। ਆਪਣਾ ਵੱਖਰਾ ਮੁਲਕ ਲੈਣ ਲਈ ਉਹ ਸਿੱਖਾਂ ਨੂੰ ਭੜਕਾਉਣ ਲੱਗਿਆ। ਉਸਦਾ ਕਹਿਣਾ ਸੀ ਕਿ ਅਸਲੀ ਲੜਾਈ ਤੁਸੀਂ ਲੜੋਗੇ ਤੇ ਮਦਦ ਸਾਰੀ ਉਹ ਕਰੇਗਾ। ਜਿਆ ਉਲ ਹੱਕ ਉਸ ਵੇਲੇ ਬਹੁਤ ਉੱਚੀਆਂ ਉਡਾਰੀਆਂ ਲਾ ਰਿਹਾ ਸੀ। ਪਰ ਕੁਦਰਤ ਆਪਣੀ ਖੇਡ ਆਪ ਖੇਡਦੀ ਹੈ। ਇੱਕ ਦਿਨ ਸਦੀਕੀ ਪਰਿਵਾਰ ਦੇ ਘਰ ਫਾਰੂਕੀ ਦਾ ਫੋਨ ਆਇਆ। ਫੋਨ ਇਮਸਤ ਨੇ ਚੁੱਕਿਆ ਤਾਂ ਅੱਗੋਂ ਉਹ ਬੋਲਿਆ, "ਆਪਾ ਗਜ਼ਬ ਹੋ ਗਿਆ।'

"ਕਿਉਂ ਕੀ ਹੋਇਆ ?"

"ਜਿਆ ਸਾਹਿਬ ਨਹੀਂ ਰਹੇ।"

"ਹੈਂ ! ਕੀ ਕਿਹਾ ?" ਇਮਸਤ ਨੂੰ ਆਪਣੇ ਕੰਨਾਂ 'ਤੇ ਇਤਬਾਰ ਨਾ ਆਇਆ।

"ਹੁਣੇ ਹੁਣੇ ਪਤਾ ਲੱਗਿਆ ਐ ਕਿ ਜਨਰਲ ਜਿਆ ਉਲ ਹੱਕ, ਹਵਾਈ ਹਾਦਸੇ 'ਚ ਮਾਰੇ ਗਏ।

"ਹਾਏ ਅੱਲਾ....।"

ਇਸਮਤ ਦਾ ਸਰੀਰ ਸੁੰਨ ਹੋ ਗਿਆ। ਉਹ ਕੁਰਸੀ ਦੇ ਡੰਡੇ ਨੂੰ ਹੱਥ ਪਾਉਂਦੀ ਉੱਥੇ ਹੀ ਢੇਰੀ ਹੋ ਗਈ। ਉੱਧਰੋਂ ਦੋ ਚਾਰ ਵਾਰ ਆਵਾਜ਼ ਆਈ ਤਾਂ ਉਹ ਆਪਣੇ ਆਪ ਨੂੰ ਸੰਭਾਲਦੀ ਬੋਲੀ, "ਭਾਈ ਜਾਨ ਇਹ ਤਾਂ ਬਹੁਤ ਵੱਡਾ ਕਹਿਰ ਹੋ ਗਿਆ। ਆਪਾਂ ਤਾਂ ਜਿਉਂਦੇ ਈ ਮਰ ਗਏ। ਆਪਣੇ ਲਈ ਤਾਂ ਉਹੀ ਸਭ ਕੁਝ ਸਨ। ਅੱਲਾ ਖੈਰ ਕਰੇ, ਪਤਾ ਨ੍ਹੀਂ ਉਨ੍ਹਾਂ ਬਿਨਾ ਇਸ ਮੁਲਕ ਦਾ ਕੀ ਬਣੂੰਗਾ। ਪਰ ਇਹ ਸਭ ਹੋਇਆ ਕਿਵੇਂ ?"

"ਉਹ ਕਿਧਰੇ ਦੌਰੇ 'ਤੇ ਗਏ ਸਨ। ਨਾਲ ਕਈ ਵੱਡੇ ਫੌਜੀ ਅਫਸਰਾਂ ਤੋਂ ਇਲਾਵਾ ਅਮਰੀਕੀ ਰਾਜਦੂਤ ਵੀ ਸੀ। ਮੁੜਦੇ ਹੋਏ ਬਹਾਵਲਪੁਰ ਤੋਂ ਜ਼ਹਾਜ ਰਾਹੀਂ ਰਾਵਲਪਿੰਡੀ ਆ ਰਹੇ ਸਨ। ਸ਼ਾਇਦ ਕਿਸੇ ਨੇ ਜ਼ਹਾਜ ਵਿੱਚ ਈ ਬੰਬ ਰਖਵਾ ਦਿੱਤਾ। ਜ਼ਹਾਜ ਉੱਡਣ ਤੋਂ ਥੋੜੀ ਦੇਰ ਪਿੱਛੋਂ ਹੀ ਤਬਾਹ ਹੋ ਗਿਆ। ਕੋਈ ਵੀ ਸਵਾਰ ਨ੍ਹੀਂ ਬਚਿਆ।"

"ਭਾਈ ਜਾਨ, ਕੌਣ ਉਨ੍ਹਾਂ ਦੀ ਜਾਨ ਦਾ ਦੁਸ਼ਮਣ ਬਣ ਗਿਆ ਹੋਇਆ ?"

"ਆਪਾ ਕੀ ਕਹਿ ਸਕਦੇ ਆਂ। ਪਰ ਲੱਗਦਾ ਹੈ ਕਿ ਜਾਂ ਤਾਂ ਅਮਰੀਕਾ ਨੇ ਇਹ ਸਭ ਕਰਵਾਇਆ ਐ ਤੇ ਜਾਂ ਰਸ਼ੀਆ ਨੇ।"

"ਅਮਰੀਕਾ ਭਲਾਂ ਅਜਿਹਾ ਕਿਉਂ ਕਰਵਾਊਗਾ। ਉਸਦੀ ਤਾਂ ਜਿਆ ਸਾਹਿਬ ਨੇ ਇੰਨੀ ਮਦਦ ਕੀਤੀ ਐ। ਰਸ਼ੀਆ ਦੀ ਇੱਥੇ ਤੱਕ ਪਹੁੰਚ ਨ੍ਹੀਂ ਹੋ ਸਕਦੀ।"

“ਹੋਰ ਫਿਰ ਕਿਸ ਨੇ ਕਰਵਾਇਆ ਹੋਇਆ ਇਹ ਕੰਮ ?”

“ਅੱਲਾ ਦੋਜਖ ਦੀ ਭੱਠੀ ’ਚ ਝੋਕੇ ਇਨ੍ਹਾਂ ਨੂੰ, ਇਹ ਸਭ ਹਿੰਦੁਸਤਾਨੀਆਂ ਦਾ ਕੀਤਾ ਕਰਾਇਆ ਐ। ਇਸ ਵੇਲੇ ਸਭ ਤੋਂ ਜ਼ਿਆਦਾ ਹਿੰਦੁਸਤਾਨ ਈ ਜਿਆ ਸਾਹਬ ਤੋਂ ਡਰਦਾ ਸੀ।”

“ਆਪਾ ਤੁਸਾਂ ਦਰੁੱਸਤ ਫੁਰਮਾਇਆ ਐ। ਖੈਰ ਹੌਲੀ ਹੌਲੀ ਪਤਾ ਲੱਗਜੂਗਾ। ਪਰ ਹੋਇਆ ਬਹੁਤ ਮਾੜਾ।”

“ਮਾੜੇ ਵਰਗਾ ਮਾੜਾ। ਆਪਣਾ ਤਾਂ ਸਭ ਕੁਛ ਈ ਬਰਬਾਦ ਹੋ ਗਿਆ। ਅੱਲਾ ਜੰਨਤ ਬਖਸ਼ੇ ਉਨ੍ਹਾਂ ਨੂੰ, ਆਪਾਂ ਨੂੰ ਤਾਂ ਜਿਆ ਸਾਹਿਬ ਨੇ ਬੜਾ ਇੱਜ਼ਤ ਮਾਣ ਦਿੱਤਾ ਸੀ। ਹੁਣ ਪਤਾ ਨ੍ਹੀਂ ਅੱਗੇ ਕੀ ਹੋਊਗਾ।”

“ਆਪਾ ਇੱਕ ਵਾਰ ਤਾਂ ਸਾਰਾ ਮੁਲਕ ਦਹਿਸ਼ਤਜ਼ਫਾ ਹੋ ਗਿਆ ਐ। ਇਸਲਾਮਾਬਾਦ ਸ਼ਹਿਰ ਤਾਂ ਇਸ ਤਰ੍ਹਾਂ ਲੱਗਦਾ ਐ ਜਿਵੇਂ ਇੱਥੇ ਕੋਈ ਵਸਦਾ ਈ ਨਾ ਹੋਵੇ। ਲੋਕੀਂ ਡਾਹਢੇ ਉਦਾਸ ਨੇ। ਅੱਲਾ ਖੈਰ ਕਰੇ, ਵੇਖੋ ਅੱਗੇ ਕੀ ਬਣਦਾ ਐ।” ਇੰਨਾ ਕਹਿੰਦਿਆਂ ਫਾਰੂਕੀ ਨੇ ਫੋਨ ਕੱਟ ਦਿੱਤਾ।

ਇਸਮਤ ਨੂੰ ਇਸ ਖ਼ਬਰ ਨੇ ਤੋੜ ਕੇ ਰੱਖ ਦਿੱਤਾ ਸੀ। ਛੋਟੀ ਜਿਹੀ ਆਫੀਆ ਮਾਂ ਨੂੰ ਧਾਹੀਂ ਰੋਂਦਿਆਂ ਵੇਖਦੀ ਰਹੀ।

ਜਿੱਥੇ ਜਿਆ ਪੱਖੀ ਲੋਕ ਇਸ ਹਾਦਸੇ ਨਾਲ ਟੁੱਟ ਕੇ ਬਿਖਰ ਗਏ ਸਨ ਉੱਥੇ ਹੀ ਵਿਰੋਧੀ ਇਸ ਨੂੰ ਆਪਣੇ ਲਈ ਇੱਕ ਚੰਗਾ ਵਕਤ ਮੰਨ ਰਹੇ ਸਨ। ਉਨ੍ਹਾਂ ਮੁਤਾਬਕ ਇੱਕ ਜ਼ਾਲਮ ਹਾਕਮ ਤੋਂ ਖਹਿੜਾ ਛਡਵਾਉਣ ’ਚ ਅੱਲਾ ਨੇ ਉਨ੍ਹਾਂ ਦੀ ਮਦਦ ਕੀਤੀ ਸੀ। ਇਨ੍ਹਾਂ ਲੋਕਾਂ ਵਿੱਚ ਸਭ ਤੋਂ ਉੱਪਰ ਬੇਨਜ਼ੀਰ ਭੁੱਟੋ ਸੀ। ਕੁਝ ਸਾਲ ਪਹਿਲਾਂ ਹੀ ਮੌਕੇ ਦੇ ਪ੍ਰਧਾਨ ਮੰਤਰੀ ਅਤੇ ਬੇਨਜ਼ੀਰ ਦੇ ਪਿਉ ਜ਼ੁਲਫਕਾਰ ਅਲੀ ਭੁੱਟੋ ਨੂੰ ਜਿਆ ਉਲ ਹੱਕ ਨੇ ਨਾ ਸਿਰਫ ਗੱਦੀਉਂ ਲਾਹਿਆ ਸੀ ਸਗੋਂ ਬਾਅਦ ਵਿੱਚ ਫਾਹੇ ਵੀ ਲਗਵਾਇਆ ਸੀ। ਪਿਉ ਦੀ ਮੌਤ ਪਿੱਛੋਂ ਆਪਣੀ ਪਾਰਟੀ ਨੂੰ ਅੱਗੇ ਵਧਾਉਂਦਿਆਂ ਬੇਨਜ਼ੀਰ ਨੇ ਬੜੇ ਤਸੀਹੇ ਸਹੇ ਸਨ। ਜਿਆ ਉਲ ਹੱਕ ਦੀ ਸਰਕਾਰ ਨੇ ਉਸਨੂੰ ਖਤਮ ਕਰਨ ਦੀ ਕੋਈ ਕਸਰ ਨਹੀਂ ਛੱਡੀ ਸੀ ਪਰ ਫਿਰ ਵੀ ਉਸਨੇ ਲੜਾਈ ਜ਼ਾਰੀ ਰੱਖੀ। ਪਿਛਲੇ ਕੁਝ ਸਮੇਂ ਤੋਂ ਉਹ ਪਾਕਿਸਤਾਨ ’ਚ ਰਹਿੰਦਿਆਂ, ਲੋਕਾਂ ਨੂੰ ਲਾਮਬੰਦ ਕਰ ਰਹੀ ਸੀ। ਇਹ ਮੌਕਾ ਉਸਦੇ ਬਿਲਕੁਲ ਫਿੱਟ ਬੈਠ ਗਿਆ। ਉਸਨੇ ਜ਼ੋਰ ਸ਼ੋਰ ਨਾਲ ਲੋਕਾਂ ਨੂੰ ਜਮਹੂਰੀਅਤ ਲਈ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਉਸਦੀ ਮਿਹਨਤ ਦਾ ਨਤੀਜਾ ਹੀ ਸੀ ਕਿ ਕੁਝ ਦੇਰ ਬਾਅਦ ਹੋਈਆਂ ਚੋਣਾਂ ’ਚ ਉਸਦੀ ਪਾਰਟੀ ਬਹੁਮਤ ਲੈ ਗਈ ਅਤੇ ਬੇਨਜ਼ੀਰ ਭੁੱਟੋ ਕਿਸੇ ਇਸਲਾਮਿਕ ਮੁਲਕ ਦੀ ਪਹਿਲੀ ਔਰਤ ਪ੍ਰਧਾਨ ਮੰਤਰੀ ਬਣ ਗਈ। ਜਿਆ ਦੇ ਵੇਲੇ ਤੋਂ ਜਿਹੜੇ ਲੋਕ ਧਾਰਮਿਕ ਗਲਬੇ ਹੇਠ ਦਬ ਕੇ ਰਹਿ ਗਏ ਸਨ ਉਨ੍ਹਾਂ ਨੂੰ ਬੇਨਜ਼ੀਰ ਦੇ ਆਉਣ ਨਾਲ ਨਵੀਆਂ ਉਮੀਦਾਂ ਮਿਲ ਗਈਆਂ। ਮੁਲਾਣਿਆਂ ਦੀ ਜਕੜ ’ਚ ਆਇਆ ਮੁਲਕ, ਇੱਕ ਦਮ ਘੁਟਣ ’ਚੋਂ ਬਾਹਰ ਆ ਗਿਆ। ਇੱਕ ਦਮ ਸਾਰੇ ਹਾਲਾਤ ਬਦਲ ਗਏ। ਇਸ ਤਬਦੀਲੀ ਨੂੰ, ਇਸਮਤ ਨੇ ਨਵੇਂ ਨਜ਼ਰੀਏ ਤੋਂ ਵੇਖਿਆ। ਉਸਨੇ ਸੋਚਿਆ ਕਿ ਜੇਕਰ ਬੇਨਜ਼ੀਰ ਭੁੱਟੋ ਰਾਜਨੀਤੀ ’ਚ ਅੱਗੇ ਵਧ ਰਹੀ ਹੈ ਤਾਂ ਆਫੀਆ ਕਿਉਂ ਨਹੀਂ ਰਾਜਨੀਤੀ ਕਰ ਸਕਦੀ। ਉਸਦੀ ਸੋਚਣੀ ਸੀ ਕਿ ਆਫੀਆ ਕਿਸੇ ਗੱਲੋਂ ਵੀ ਬੇਨਜ਼ੀਰ ਤੋਂ ਘੱਟ ਨਹੀਂ ਹੈ। ਉਹ ਸਤਾਰਾਂ ਸਾਲਾਂ ਦੀ ਹੋ ਚੁੱਕੀ ਸੀ। ਉਸਨੇ ਮੁਢਲੀ ਪੜ੍ਹਾਈ ਵੀ ਪੂਰੀ ਕਰ ਲਈ ਸੀ। ਪੜ੍ਹਾਈ ਵੀ ਉਸਨੇ ਪਾਕਿਸਤਾਨ ਦੇ ਮਸ਼ਹੂਰ ਸੇਂਟ ਜੋਸਿਫ ਕਾਲਜ ਤੋਂ ਕੀਤੀ ਸੀ ਜਿੱਥੇ ਕਿ ਵੱਡੇ ਲੋਕਾਂ ਦੇ ਬੱਚੇ ਪੜ੍ਹਦੇ ਸਨ। ਉਸਨੇ ਹਰ ਵਿਸ਼ੇ ’ਚ ਏ ਗਰੇਡ ਲੈਂਦਿਆਂ ਕਲਾਸ ’ਚੋਂ ਟਾਪ ਕੀਤਾ ਸੀ। ਵੇਖਣ ਨੂੰ ਵੀ ਉਹ ਬਹੁਤ ਖੂਬਸੂਰਤ ਸੀ। ਕੱਦ ਭਾਵੇਂ ਉਸਦਾ ਛੋਟਾ ਜਾਣੀ ਕਿ ਪੰਜ ਫੁੱਟ ਦੋ ਕੁ ਇੰਚ ਹੀ ਸੀ ਪਰ ਉਸਦੀ ਦਿੱਖ ਬਹੁਤ ਹੀ ਪ੍ਰਭਾਵਸ਼ਾਲੀ ਸੀ। ਹੈ। ਪਰ ਇਸ ਵਿੱਚ ਇੱਕ ਅੜਚਣ ਉਸ ਨੂੰ ਸਾਫ ਦਿਸ ਰਹੀ ਸੀ। ਉਹ ਇਹ ਸੀ ਕਿ ਪਾਕਿਸਤਾਨ ’ਚ ਰਹਿੰਦਿਆਂ ਆਫੀਆ ਦੀ ਛੇਤੀ ਹੀ ਸ਼ਾਦੀ ਹੋ ਜਾਣੀ ਸੀ। ਇੱਥੇ ਦੇ ਰਿਵਾਜ ਮੁਤਾਬਕ ਉਸਦੀ ਸ਼ਾਦੀ ਦੀ ਉਮਰ ਹੋ ਚੁੱਕੀ ਸੀ। ਉਸਦੀ ਮਾਂ ਨੇ ਸੋਚ ਸੋਚ ਕੇ ਇਹ ਨਤੀਜਾ ਕੱਢਿਆ ਕਿ ਜੇਕਰ ਇਸਨੂੰ ਪੜ੍ਹਨ ਲਈ ਵਿਦੇਸ਼ ਭੇਜ ਦਿੱਤਾ ਜਾਵੇ ਤਾਂ ਇਹ ਬਹੁਤ ਅੱਗੇ ਵਧ ਸਕਦੀ ਹੈ ਅਤੇ ਇਸ ਤਰ੍ਹਾਂ ਉਸਦੇ ਵਿਆਹ ਵਾਲਾ ਮਸਲਾ ਵੀ ਪਿਛਾਂਹ ਪੈ ਜਾਵੇਗਾ। ਆਫੀਆ ਦਾ ਭਰਾ ਮੁਹੰਮਦ ਅਲੀ, ਪਹਿਲਾਂ ਹੀ ਪੜ੍ਹਾਈ ਕਰਨ

ਲਈ ਅਮਰੀਕਾ ਗਿਆ ਹੋਇਆ ਸੀ। ਉਸਨੇ ਉੱਥੇ ਪੜ੍ਹਾਈ ਕਰਨ ਤੋਂ ਬਾਅਦ ਆਰਚੀਟੈਕਟ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਆਖਰ ਇਸਮਤ ਨੇ ਅਲੀ ਨਾਲ ਸਲਾਹ ਕੀਤੀ। ਉਸਦਾ ਵੀ ਇਹੀ ਕਹਿਣਾ ਸੀ ਕਿ ਆਫੀਆ ਅਜੇ ਛੋਟੀ ਹੈ ਤੇ ਨਾਲ ਹੀ ਪੜ੍ਹਾਈ 'ਚ ਬਹੁਤ ਹੁਸ਼ਿਆਰ ਵੀ ਹੈ। ਇਸ ਲਈ ਇਸ ਨੂੰ ਅਮਰੀਕਾ ਭੇਜ ਦਿੱਤਾ ਜਾਵੇ। ਆਫੀਆ ਦੇ ਮਾਂ ਪਿਉ ਨੇ ਸਲਾਹ ਮਸ਼ਵਰਾ ਕਰਕੇ ਆਖਰ ਆਫੀਆ ਨੂੰ ਅਮਰੀਕਾ ਭੇਜਣ ਦੀ ਤਿਆਰੀ ਆਰੰਭ ਦਿੱਤੀ। ਈਦ ਦੇ ਹਫਤਾ ਕੁ ਪਿੱਛੋਂ ਉਹ ਅਮਰੀਕਾ ਜਾਣ ਵਾਲੇ ਜਹਾਜ਼ 'ਚ ਬੈਠੀ ਹੋਈ ਸੀ।

## 3

ਡੈਲਟਾ ਏਅਰਲਾਈਨਜ਼ ਦਾ ਜਹਾਜ਼ ਨੀਵਾਂ ਹੋਣ ਲੱਗਿਆ ਤਾਂ ਆਫੀਆ ਨੇ ਹੇਠਾਂ ਵੱਲ ਨੀਝ ਲਾ ਕੇ ਵੇਖਿਆ। ਉਸ ਨੂੰ ਕੁਝ ਵੀ ਨਜ਼ਰ ਨਾ ਆਇਆ। ਹੇਠਾਂ ਧੁੰਦ ਦੀ ਚਾਦਰ ਜਿਹੀ ਵਿਛੀ ਹੋਈ ਸੀ। ਜਹਾਜ਼ ਨੀਵਾਂ ਹੁੰਦਾ ਗਿਆ ਪਰ ਹੇਠਾਂ ਅਜੇ ਵੀ ਕੁਝ ਨਹੀਂ ਵਿਖਾਈ ਦੇ ਰਿਹਾ ਰਿਹਾ ਸੀ। ਆਫੀਆ ਨੇ ਮਹਿਸੂਸ ਕੀਤਾ ਕਿ ਜਹਾਜ਼ ਕਾਫੀ ਨੀਵਾਂ ਆ ਗਿਆ ਹੈ । ਫਿਰ ਉਸਨੂੰ ਮਰੀਆਂ ਜਿਹੀਆਂ ਰੋਸ਼ਨੀਆਂ ਦਿਸਣ ਲੱਗੀਆਂ ਤੇ ਉਦੋਂ ਹੀ ਜਹਾਜ਼ ਲੈਂਡ ਕਰ ਗਿਆ। ਇੱਕ ਝਟਕਾ ਜਿਹਾ ਵੱਜਿਆ ਤੇ ਜਹਾਜ਼ ਰਨਵੇ 'ਤੇ ਭੱਜਣ ਲੱਗਿਆ। ਜਹਾਜ਼ ਹੌਲੀ ਹੋਇਆ ਤਾਂ ਆਫੀਆ ਨੇ ਬਾਹਰ ਵੱਲ ਵੇਖਿਆ। ਬਾਹਰ ਰਾਤ ਦਾ ਹਨੇਰਾ ਪਸਰਿਆ ਹੋਇਆ ਸੀ ਤੇ ਹਰ ਪਾਸੇ ਸੰਘਣੀ ਧੁੰਦ ਛਾਈ ਹੋਈ ਸੀ। ਇੰਨੇ ਨੂੰ ਜਹਾਜ਼ ਟਰਮੀਨਲ 'ਤੇ ਜਾ ਲੱਗਿਆ। ਉਹ ਕਸਟਮ ਬਗੈਰਾ 'ਚੋਂ ਕਲੀਅਰ ਹੋ ਕੇ ਬਾਹਰ ਆਈ ਤਾਂ ਸਾਹਮਣੇ ਉਸਦਾ ਭਰਾ ਮੁਹੰਮਦ ਅਲੀ ਉਸਦੀ ਉਡੀਕ ਕਰ ਰਿਹਾ ਸੀ। ਉਸਦੇ ਨਾਲ ਕੋਈ ਉਸਦਾ ਦੋਸਤ ਜਾਪਦਾ ਗੋਰਾ ਮੁੰਡਾ ਸੀ। ਆਫੀਆ ਭਰਾ ਨਾਲ ਘਰੇ ਚਲੀ ਗਈ। ਉਸਦੇ ਭਰਾ ਦਾ ਹੂਸਟਨ ਯੂਨੀਵਰਸਿਟੀ ਨੇ ਨੇੜੇ ਹੀ ਆਪਣਾ ਅਪਾਰਟਮੈਂਟ ਸੀ। ਉਹ ਉੱਥੇ ਹੀ ਪੜ੍ਹਿਆ ਸੀ ਤੇ ਹੁਣ ਆਰਚੀਟੈਕਟ ਦਾ ਕੰਮ ਕਰ ਰਿਹਾ ਸੀ। ਸਾਰੇ ਉਸਨੂੰ ਮੁਹੰਮਦ ਕਹਿ ਕੇ ਬੁਲਾਉਂਦੇ ਸਨ। ਅਗਲੇ ਪੰਜ ਸੱਤ ਦਿਨ ਤਾਂ ਆਫੀਆ ਦਾ ਥਕੇਵਾਂ ਹੀ ਨਾ ਲੱਥਿਆ। ਉਸਦਾ ਮਨ ਵੀ ਪਿੱਛੇ ਲਈ ਬੜਾ ਉਦਾਸ ਸੀ। ਉਹ ਸਾਰਾ ਦਿਨ ਅਪਾਰਟਮੈਂਟ ਵਿੱਚ ਹੀ ਪਈ ਰਹਿੰਦੀ ਸੀ। ਟੀਵੀ ਬਗੈਰਾ ਦੀ ਉਸਨੂੰ ਨਾ ਪੂਰੀ ਸਮਝ ਆਉਂਦੀ ਸੀ ਤੇ ਨਾ ਹੀ ਉਸਨੂੰ ਟੀਵੀ ਵੇਖਣਾ ਪਸੰਦ ਸੀ। ਫਿਰ ਮੁਹੰਮਦ ਉਸਨੂੰ ਯੂਨੀਵਰਸਿਟੀ ਲੈ ਗਿਆ ਤੇ ਉਸਦੀ ਪੜ੍ਹਾਈ ਦਾ ਪਤਾ ਸਤਾ ਕੀਤਾ। ਸਾਰੀ ਜਾਣਕਾਰੀ ਲੈ ਕੇ ਆਫੀਆ ਨੇ ਕਲਾਸਾਂ 'ਚ ਜਾਣਾ ਸ਼ੁਰੂ ਕਰ ਦਿੱਤਾ। ਪਰ ਅਜੇ ਵੀ ਉਸਦਾ ਮਨ ਇੱਥੇ ਪੂਰੀ ਤਰ੍ਹਾਂ ਲੱਗ ਨਹੀਂ ਸੀ ਰਿਹਾ। ਉਹ ਘਰੇ ਵੀ ਅੰਦਰੇ ਹੀ ਬੜੀ ਰਹਿੰਦੀ। ਫਿਰ ਹੌਲੀ ਹੌਲੀ ਉਸਦਾ ਮਨ ਪਰਚਣ ਲੱਗਿਆ। ਇਸਦਾ ਵੱਡਾ ਕਾਰਨ ਸੀ ਕਿ ਇੱਥੇ ਮੁਸਲਮਾਨ ਵਿਦਿਆਰਥੀਆਂ ਦੀ ਬਹੁਤ ਵੱਡੀ ਗਿਣਤੀ ਸੀ। ਉਹ ਕਈਆਂ ਦੇ ਨੇੜੇ ਹੋਣ ਲੱਗੀ। ਆਪਣੇ ਸੁਭਾਅ ਮੁਤਾਬਕ ਆਫੀਆ ਹਰ ਇੱਕ ਨਾਲ ਧਰਮ ਬਾਰੇ ਚਰਚਾ ਜ਼ਰੂਰ ਕਰਦੀ। ਇਸ ਵਿਚਕਾਰ ਹੀ ਉਹ ਵੇਖਦੀ ਕਿ ਉਸਦੇ ਭਰਾ ਦੇ ਅਪਾਰਟਮੈਂਟ 'ਚ ਬਹੁਤ ਸਾਰੇ ਵਿਦਿਆਰਥੀ ਆਉਂਦੇ ਸਨ। ਉੱਥੇ ਮੁਸਲਮਾਨ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਚਲਦੀ ਰਹਿੰਦੀ ਸੀ। ਉਸਦਾ ਭਰਾ ਮੁਸਲਿਮ ਕਮਿਊਨਟੀ ਦਾ ਸਿਰਕੱਢ ਲੀਡਰ ਸੀ। ਅਜਿਹੇ ਵੇਲੇ ਉਹ ਪਿਛਲੇ ਕਮਰੇ 'ਚ ਚਲੀ ਜਾਂਦੀ। ਉਹ ਸਾਰਿਆਂ ਦੇ ਵਿਚਕਾਰ ਨਹੀਂ ਬੈਠਦੀ ਸੀ। ਇਸੇ ਦੌਰਾਨ ਹੀ ਉਸਨੇ ਵੇਖਿਆ ਕਿ ਉਸਦੇ ਭਰਾ ਦਾ ਉਹ ਦੋਸਤ ਮੁੰਡਾ ਜੋ ਕਿ ਉਸਦੇ ਅਮਰੀਕਾ ਆਉਣ ਵਾਲੇ ਦਿਨ ਵੀ ਉਸਦੇ ਭਰਾ ਨਾਲ ਏਅਰਪੋਰਟ ਗਿਆ ਸੀ, ਉਹ ਵੀ ਅਪਾਰਟਮੈਂਟ 'ਚ ਬਹੁਤ ਆਉਂਦਾ ਜਾਂਦਾ ਸੀ। ਉਸਦਾ ਨਾਂ ਜਾਰਜ ਸੀ। ਜਾਰਜ ਜਦੋਂ ਵੀ ਆਉਂਦਾ ਤਾਂ ਆਫੀਆ ਉਸ ਤੋਂ ਪਾਸੇ ਹੋ ਜਾਂਦੀ। ਜਦੋਂ ਕਿ ਜਾਰਜ ਹਮੇਸ਼ਾ ਉਸ ਨਾਲ ਕੋਈ ਗੱਲ ਕਰਨੀ ਚਾਹੁੰਦਾ। ਉਹ ਉਸ ਨਾਲ ਪਹਿਲੀ ਵਾਰ ਉਦੋਂ ਬੋਲੀ ਜਦੋਂ ਇੱਕ ਦਿਨ ਮੁਹੰਮਦ ਨੇ ਜਾਰਜ ਦੇ ਆਇਆਂ ਤੋਂ ਉਸਨੂੰ ਕਮਰੇ 'ਚੋਂ ਬੁਲਾਇਆ। ਉਸਨੇ ਦੱਸਿਆ ਕਿ ਜਾਰਜ ਉਸਦਾ ਬਹੁਤ ਹੀ ਗਹਿਰਾ ਦੋਸਤ ਹੈ ਤੇ ਉਹ ਉਸ ਨਾਲ ਬੇਝਿਜਕ ਗੱਲਬਾਤ ਕਰ ਸਕਦੀ ਹੈ। ਫਿਰ ਉਹ ਜਾਰਜ ਨਾਲ ਥੋੜ੍ਹਾ ਬਹੁਤਾ ਬੋਲਣ ਲੱਗੀ। ਜਾਰਜ ਉਸਨੂੰ ਫਰੈਂਡ ਕਹਿ ਕੇ ਬੁਲਾਉਂਦਾ ਤਾਂ ਇਹ ਸੰਬੋਧਨ ਉਸਨੂੰ ਚੰਗਾ ਨਾ ਲੱਗਦਾ। ਫਿਰ ਜਾਰਜ ਉਸਨੂੰ ਸਿਸਟਰ ਕਹਿ ਕੇ ਬੁਲਾਉਣ ਲੱਗਿਆ ਤਾਂ

ਜਾਰਜ ਨਾਲ ਉਹ ਪੂਰੀ ਤਰ੍ਹਾਂ ਖੁੱਲ੍ਹ ਗਈ। ਉਹ ਉਸ ਨਾਲ ਧਰਮ ਬਾਰੇ ਲੰਬੀਆਂ ਬਹਿਸਾਂ ਕਰਦੀ। ਇਨ੍ਹਾਂ ਬਹਿਸਾਂ ਦੌਰਾਨ ਜਾਰਜ ਵੇਖਦਾ ਕਿ ਉਹ ਹਰ ਵੇਲੇ ਮੁਸਲਿਮ ਧਰਮ ਨੂੰ ਹੀ ਵਡਿਆਉਂਦੀ ਸੀ। ਦੂਸਰੇ ਧਰਮਾਂ ਦੀ ਉਹ ਜ਼ਿਆਦਾ ਕਦਰ ਨਹੀਂ ਕਰਦੀ ਸੀ। ਜਾਰਜ ਬਹੁਤ ਵਾਰੀ ਕਰਿਸ਼ਚੀਅਨ ਧਰਮ ਬਾਰੇ ਬਹੁਤ ਕੁਝ ਸਮਝਾਉਂਦਾ ਪਰ ਉਹ ਕਿਸੇ ਗੱਲ ਨਾਲ ਸਹਿਮਤ ਨਾ ਹੁੰਦੀ। ਉਹ ਹਰ ਬਹਿਸ ਵੇਲੇ ਮੁਸਲਿਮ ਧਰਮ ਨੂੰ ਉੱਚਾ ਅਤੇ ਅਸਲੀ ਧਰਮ ਕਹਿੰਦੀ। ਜਾਰਜ ਨੇ ਇੱਕ ਗੱਲ ਜ਼ਰੂਰ ਵੇਖ ਲਈ ਸੀ ਕਿ ਆਫੀਆ ਧਰਮ ਬਾਰੇ ਬਹੁਤ ਡੂੰਘੀ ਜਾਣਕਾਰੀ ਰੱਖਦੀ ਹੈ ਅਤੇ ਉਸ ’ਚ ਦੂਸਰਿਆਂ ਨੂੰ ਆਪਣੇ ਪ੍ਰਭਾਵ ਹੇਠ ਲੈਣ ਦੀ ਕਾਬਲੀਅਤ ਹੈ। ਮੁਹੰਮਦ ਦੇ ਕਈ ਦੋਸਤ ਤਾਂ ਪਹਿਲੀ ਵਾਰ ਹੀ ਉਸਦਾ ਪ੍ਰਭਾਵ ਕਬੂਲ ਲੈਂਦੇ ਸਨ। ਆਫੀਆ ਦੇ ਹੋਰ ਰਿਸ਼ਤੇਦਾਰ ਵੀ ਹੂਸਟਨ ’ਚ ਰਹਿੰਦੇ ਸਨ। ਕਿਸੇ ਨਾ ਕਿਸੇ ਤਿੱਥ ਤਿਉਹਾਰ ਵਾਲੇ ਦਿਨ ਸਾਰੇ ਇਕੱਠੇ ਹੁੰਦੇ ਰਹਿੰਦੇ ਸਨ। ਜਾਰਜ ਇਨ੍ਹਾਂ ਸਾਰਿਆਂ ਨੂੰ ਜਾਣਦਾ ਸੀ ਅਤੇ ਸਭ ਨਾਲ ਵਰਤਦਾ ਵੀ ਸੀ। ਇਸ ਕਰਕੇ ਆਫੀਆ ਪਿੱਛੋਂ ਜਾ ਕੇ ਉਸ ਨਾਲ ਪੂਰੀ ਤਰ੍ਹਾਂ ਖੁੱਲ੍ਹ ਗਈ। ਉਹ ਖੁੱਲ੍ਹ ਕੇ ਬਹਿਸਾਂ ਕਰਦੇ। ਇੱਕ ਦਿਨ ਜਾਰਜ ਮੁਹੰਮਦ ਦੇ ਅਪਾਰਟਮੈਂਟ ’ਚ ਆਇਆ ਤਾਂ ਉਸਨੇ ਵੇਖਿਆ ਕਿ ਆਫੀਆ ਚੁੱਪ ਚਾਪ ਇੱਕ ਪਾਸੇ ਬੈਠੀ ਹੋਈ ਸੀ। ਘਰ ਵਿੱਚ ਪੂਰੀ ਚੁੱਪ ਛਾਈ ਹੋਈ ਸੀ।

“ਕੀ ਗੱਲ ਸਿਸਟਰ, ਅੱਜ ਇੰਨੀ ਉਦਾਸ ਐਂ ?” ਜਾਰਜ ਨੇ ਪੁੱਛਿਆ।

“ਜਾਰਜ ਅੱਜ ਘਰ ਯਾਦ ਆ ਰਿਹਾ ਐ। ਖਾਸ ਕਰਕੇ ਅੰਮੀ।”

“ਨਾ ਤੂੰ ਟੀਵੀ ਵੇਖਦੀ ਐਂ। ਨਾ ਕੋਈ ਕਿਤਾਬ ਬਗੈਰਾ ਪੜ੍ਹਦੀ ਐਂ ਫਿਰ ਵਿਹਲੀ ਬੈਠੀ ਨੇ ਉਦਾਸ ਤਾਂ ਹੋਣਾ ਈ ਐ।”

“ਇਸੇ ਕਰਕੇ ਈ ਮੈਂ ਟੀਵੀ ਨ੍ਹੀਂ ਵੇਖਦੀ ਤੇ ਨਾ ਈ ਕੁਛ ਪੜ੍ਹਦੀ ਆਂ।”

“ਮਤਲਬ ?” ਜਾਰਜ ਹੈਰਾਨ ਹੋਇਆ।

“ਕਿਉਂਕਿ ਇਹ ਗੱਲਾਂ ਸਿਰਫ ਵਕਤ ਕਟੀ ਲਈ ਨੇ। ਇਹ ਇਨਸਾਨ ਦਾ ਵਕਤ ਪਾਸ ਨ੍ਹੀਂ ਕਰਵਾਉਂਦੀਆਂ ਸਗੋਂ ਇਹ ਵਕਤ ਬਰਬਾਦ ਕਰਦੀਆਂ ਨੇ। ਇਸੇ ਕਰਕੇ ਇਨ੍ਹਾਂ ਗੱਲਾਂ ਦੀ ਸਾਡੇ ਧਰਮ ’ਚ ਮਨਾਹੀ ਐ।”

“ਵਿਹਲੇ ਵੇਲੇ ਹੋਰ ਫਿਰ ਕੀ ਕਰੋ ?”

“ਅੱਲਾ ਦੀ ਇਬਾਦਤ ਕਰੋ, ਜਾਂ ਫਿਰ ਸਮਾਜਿਕ ਭਲਾਈ ਦੇ ਕੰਮ ਕਰੋ।”

“ਜੇ ਤੁਸੀਂ ਟੀਵੀ ਨ੍ਹੀਂ ਵੇਖੋਗੇ, ਕੋਈ ਅਖ਼ਬਾਰ ਨ੍ਹੀਂ ਪੜ੍ਹੋਗੇ ਤਾਂ ਤੁਹਾਨੂੰ ਕਿਵੇਂ ਪਤਾ ਲੱਗੂ ਕਿ ਸੰਸਾਰ ਅੰਦਰ ਕੀ ਹੋ ਰਿਹਾ ਐ ?”

“ਤੇਰੇ ਵਰਗਿਆਂ ਤੋਂ ਪਤਾ ਲੱਗ ਈ ਜਾਂਦਾ ਐ ਕਿ ਸੰਸਾਰ ਅੰਦਰ ਕੀ ਚੱਲ ਰਿਹਾ ਐ।” ਇੰਨਾ ਕਹਿੰਦਿਆਂ ਆਫੀਆ ਹੱਸੀ। ਉਸਦੀ ਇਹ ਗੱਲ ਸੁਣ ਕੇ ਜਾਰਜ ਹੈਰਾਨ ਨਾ ਹੋਇਆ। ਕਿਉਂਕਿ ਉਸਨੇ ਪਹਿਲਾਂ ਹੀ ਵੇਖ ਲਿਆ ਸੀ ਕਿ ਜੋ ਅੱਜ ਕੱਲ੍ਹ ਦੀ ਜੁਆਨ ਪੀੜ੍ਹੀ ਕਰ ਰਹੀ ਹੈ ਆਫੀਆ ਉਨ੍ਹਾਂ ਗੱਲਾਂ ਤੋਂ ਕੋਹਾਂ ਦੂਰ ਹੈ। ਉਹ ਟੀਵੀ ਨਹੀਂ ਵੇਖਦੀ, ਸੰਗੀਤ ਨਹੀਂ ਸੁਣਦੀ, ਕੋਈ ਨਾਵਲ ਬਗੈਰਾ ਨਹੀਂ ਪੜ੍ਹਦੀ ਤੇ ਕਿਸੇ ਮੁੰਡੇ ਨਾਲ ਘੁੰਮਣ ਫਿਰਨ ਜਾਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਉਸਦੇ ਲਈ ਬੱਸ ਦੋ ਹੀ ਗੱਲਾਂ ਜ਼ਰੂਰੀ ਸਨ, ਆਪਣੀ ਪੜ੍ਹਾਈ ਜਾਂ ਫਿਰ ਧਰਮ। ਉਹ ਕੁਝ ਦੇਰ ਚੁੱਪ ਰਹਿੰਦਾ ਬੋਲਿਆ,

“ਸਿਸਟਰ ਤੈਨੂੰ ਮੈਂ ਸਲਾਹ ਦੇਊਂ ਕਿ ਤੂੰ ਟੀਵੀ ’ਤੇ ਖ਼ਬਰਾਂ ਬਗੈਰਾ ਜ਼ਰੂਰ ਵੇਖ ਲਿਆ ਕਰ। ਇਸ ਨਾਲ ਇਨਸਾਨ ਨੂੰ ਇੰਨਾ ਪਤਾ ਲੱਗਦਾ ਰਹਿੰਦੈ ਕਿ ਆਲੇ ਦੁਆਲੇ ਕੀ ਹੋ ਰਿਹਾ ਐ।”

“ਕਿਉਂ! ਕੁਛ ਖਾਸ ਹੋ ਰਿਹਾ ਐ ਆਲੇ ਦੁਆਲੇ ?” ਆਫੀਆ ਨੇ ਗੱਲ ਫਿਰ ਮਜ਼ਾਕ ’ਚ ਪਾਈ।

“ਤੈਨੂੰ ਨ੍ਹੀਂ ਪਤਾ ਕਿ ਅੱਜ ਕੀ ਹੋ ਗਿਆ ?”

“ਨ੍ਹੀਂ ਤਾਂ।”

“ਇਰਾਕ ਨੇ ਕੁਵੇਤ ’ਤੇ ਹਮਲਾ ਕਰ ਦਿੱਤਾ ਐ।”

“ਹੈਂ!?” ਆਫੀਆ ਹੈਰਾਨ ਹੁੰਦਿਆਂ ਜਾਰਜ ਵੱਲ ਝਾਕੀ। ਉਹ ਇੱਕਦਮ ਸਕਤੇ ’ਚ ਆ ਗਈ।”

“ਹਾਂ ਇਹ ਸਹੀ ਐ। ਪਿਛਲੇ ਕਈ ਦਿਨਾਂ ਤੋਂ ਝਗੜਾ ਚੱਲ ਰਿਹਾ ਸੀ, ਇਹ ਤਾਂ ਤੈਨੂੰ ਪਤਾ ਈ ਹੋਣੈ। ਪਰ ਅੱਜ ਸਦਾਮ ਹੁਸੈਨ ਸਾਰੀ ਦੁਨੀਆਂ ਦੇ ਰੋਕਣ ਦੇ ਬਾਵਜੂਦ ਵੀ ਨਾ ਰੁਕਿਆ ਤੇ ਉਸਨੇ ਕੁਵੇਤ ’ਤੇ ਚੜ੍ਹਾਈ ਕਰ ਦਿੱਤੀ।”

“ਸਦਾਮ ਹੁਸੈਨ ਤਾਂ ਬੁੱਚੜ ਐ ਇਹ ਸਾਰੇ ਈ ਜਾਣਦੇ ਨੇ ਪਰ ਘੱਟ ਕੁਵੇਤ ਦੇ ਸ਼ੇਖ ਵੀ ਨ੍ਹੀਂ।”

“ਸਿਸਟਰ ਕੁਵੇਤ ਦਾ ਇਸ ’ਚ ਕੀ ਕਸੂਰ ਐ ?” ਜਾਰਜ ਉਸਦੀ ਗੱਲ ਸੁਣ ਕੇ ਹੈਰਾਨ ਹੋਇਆ।

“ਇਹ ਜਿੰਨੇ ਵੀ ਡਿਕਟੇਟਰ, ਸੁਲਤਾਨ ਤੇ ਖਲੀਫੇ ਨੇ ਇਹ ਸਾਰੇ ਈ ਸ਼ੈਤਾਨ ਨੇ। ਸਾਰੇ ਈ ਮੁਸਲਮਾਨ ਧਰਮ ਨੂੰ ਢਾਹ ਲਾ ਰਹੇ ਨੇ। ਇਨ੍ਹਾਂ ਸਾਰਿਆਂ ਦਾ ਈ ਖਾਤਮਾ ਹੋਣਾ ਜ਼ਰੂਰੀ ਐ।”

“ਫਿਰ ਤੇਰੇ ਖਿਆਲ ’ਚ ਹੁਣ ਕੀ ਹੋਣਾ ਚਾਹੀਦਾ ਐ ?”

“ਪਹਿਲਾਂ ਸਦਾਮ ਦਾ ਫਸਤਾ ਵੱਢਿਆ ਜਾਵੇ। ਉਸ ਪਿੱਛੋਂ ਇਨ੍ਹਾਂ ਡਿਕਟੇਟਰਾਂ ਦਾ ਸਫਾਇਆ ਹੋਵੇ।”

“ਕੌਣ ਕਰੂਗਾ ਇਹ ਸਭ ?”

“ਲੋਕ।” ਇੰਨਾ ਕਹਿ ਕੇ ਆਫੀਆ ਜਾਰਜ ਵੱਲ ਝਾਕੀ।

“ਲੋਕ ਇੱਥੇ ਕੁਛ ਨ੍ਹੀਂ ਕਰ ਸਕਦੇ। ਇਸ ਵੇਲੇ ਕਿਸੇ ਵੱਡੀ ਸ਼ਕਤੀ ਦੀ ਲੋੜ ਐ ਜੋ ਸਦਾਮ ਨੂੰ ਨੱਥ ਪਾਵੇ।”

“ਮਤਲਬ ?”

“ਮਲਤਬ ਇਹ ਐ ਕਿ ਅਮਰੀਕਾ ਨੇ ਇਰਾਕ ਨੂੰ ਕਹਿ ਦਿੱਤਾ ਐ ਕਿ ਉਹ ਆਪਣੀਆਂ ਫੌਜਾਂ ਕੁਵੇਤ ’ਚੋਂ ਬਾਹਰ ਕੱਢੇ। ਨ੍ਹੀਂ ਤਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹੇ।”

“ਅਮਰੀਕਾ ਇੱਥੇ ਵਿਚਕਾਰ ਕਿੱਥੋਂ ਆ ਗਿਆ। ਇਹ ਅਰਬ ਮੁਲਕਾਂ ਦਾ ਆਪਸ ਦਾ ਮਾਮਲਾ ਐ।” ਆਫੀਆ ਤੁਰੰਤ ਗੱਲ ਦਾ ਪਾਸਾ ਬਦਲ ਗਈ।

“ਤੈਨੂੰ ਨ੍ਹੀਂ ਪਤਾ, ਇਰਾਕ ਤਾਂ ਕੁਵੇਤ ਤੋਂ ਵੀ ਅੱਗੇ ਸਾਊਦੀ ਅਰਬ ’ਤੇ ਹਮਲਾ ਕਰਨ ਦੀ ਤਿਆਰੀ ਕਰੀ ਜਾ ਰਿਹਾ ਐ। ਜੇ ਉਸਨੂੰ ਰੋਕਿਆ ਨਾ ਗਿਆ ਤਾਂ....।”

“ਮੈਨੂੰ ਇਹ ਸਭ ਕੁਛ ਇੱਕ ਸਾਜ਼ਿਸ਼ ਲੱਗਦੀ ਐ।” ਜਾਰਜ ਦੀ ਗੱਲ ਵਿਚਾਕਰ ਟੋਕਦੀ ਆਫੀਆ ਬੋਲੀ।

“ਸਾਜ਼ਿਸ਼ ! ਮਤਲਬ ?”

“ਅਮਰੀਕਾ ਸ਼ੈਤਾਨ ਦੀ ਪਾਰਟੀ ਐ। ਅੱਜ ਇਹ ਦੁਨੀਆਂ ’ਚ ਕਿਸੇ ਨੂੰ ਵੀ ਟਿਕ ਕੇ ਨ੍ਹੀਂ ਬੈਠਣ ਦਿੰਦਾ। ਹਰ ਇੱਕ ਮੁਲਕ ਦੇ ਘਰੇਲੂ ਮਾਮਲਿਆਂ ’ਚ ਦਖਲ ਦਿੰਦਾ ਰਹਿੰਦਾ ਐ। ਇੱਥੇ ਵੀ ਇਸਨੇ ਕੋਈ ਨਾ ਕੋਈ ਸ਼ਰਾਰਤ ਕੀਤੀ ਹੋਊਗੀ।”

“ਮੈਂ ਇਹ ਗੱਲ ਨ੍ਹੀਂ ਮੰਨਦਾ। ਮੈਨੂੰ ਤਾਂ ਅਮਰੀਕਾ ਇਵੇਂ ਕਰਦਾ ਕਿਧਰੇ ਦਿਸਦਾ ਨ੍ਹੀਂ ਐ।”

“ਦੂਰ ਜਾਣ ਦੀ ਲੋੜ ਈ ਨ੍ਹੀਂ। ਮੇਰੇ ਆਪਣੇ ਮੁਲਕ ਪਾਕਿਸਤਾਨ ਦੀ ਗੱਲ ਕਰ ਲੈਨੇ ਆਂ। ਉੱਥੇ ਉਹੀ ਹੁੰਦਾ ਐ ਜੋ ਅਮਰੀਕਾ ਨੂੰ ਚੰਗਾ ਲੱਗੇ। ਮੁਲਕ ’ਤੇ ਰਾਜ ਕਰਨ ਵਾਲਾ ਕੋਈ ਵੀ ਹੋਵੇ ਉਸਨੂੰ ਅਮਰੀਕਾ ਦੀ ਗੱਲ ਮੰਨਣੀ ਪੈਂਦੀ ਐ। ਅਸਲ ’ਚ ਸਾਡੇ ਮੁਲਕ ਦੇ ਸਾਰੇ ਸਿਆਸਤਦਾਨ ਅਮਰੀਕਾ ਦੇ ਪਿੱਠੂ ਨੇ। ਆਪਣੀ ਰਾਜਗੱਦੀ ਬਚਾਉਣ ਲਈ ਉਹ ਕੋਈ ਵੀ ਸਮਝੌਤਾ ਕਰ ਸਕਦੇ ਨੇ। ਇਵੇਂ ਈ ਬਾਕੀ ਮੁਲਕਾਂ ’ਚ ਹੋ ਰਿਹਾ ਐ। ਅਰਬ ਮੁਲਕਾਂ ’ਚ ਅਮਰੀਕਾ ਇੱਕ ਦੂਜੇ ਨੂੰ ਲੜਾ ਕੇ ਆਪਣਾ ਮਤਲਬ ਕੱਢੀ ਰੱਖਦਾ ਐ।”

“ਪਰ ਆਪਾਂ ਗੱਲ ਇਰਾਕ ਦੀ ਕਰ ਰਹੇ ਆਂ।” ਜਾਰਜ ਨੇ ਉਸਨੂੰ ਟੋਕਿਆ।

“ਠੀਕ ਐ ਇਰਾਕ ਦੀ ਸਹੀ। ਪਹਿਲਾਂ ਤਾਂ ਅਮਰੀਕਾ, ਇਰਾਕ ਨੂੰ ਇਰਾਨ ਦੇ ਖਿਲਾਫ ਚੁੱਕੀ ਗਿਆ। ਇੰਨੇ ਸਾਲ ਦੀ ਇਰਾਨ-ਇਰਾਕ ਲੜਾਈ ਵਿੱਚ ਇਸਨੇ ਇਰਾਕ ਦੀ ਪੂਰੀ ਹਿਮਾਇਤ ਕੀਤੀ। ਹੁਣ ਉਹ ਲੜਾਈ ਖਤਮ ਹੋ ਗਈ ਤਾਂ ਇਸ ਨੇ ਆਪਣਾ ਅਗਲਾ ਏਜੰਡਾ ਸ਼ੁਰੂ ਕਰ ਲਿਆ।”

“ਸਿਸਟਰ ਤੂੰ ਫਿਰ ਮਸਲੇ ਤੋਂ ਪਰ੍ਹਾਂ ਜਾਹ ਰਹੀ ਐਂ। ਹਮਲਾ, ਇਰਾਕ ਨੇ ਕੁਵੇਤ ’ਤੇ ਕੀਤਾ ਐ ਨਾ ਕਿ ਅਮਰੀਕਾ ਨੇ।”

“ਜਾਰਜ ਮੈਂ ਸਭ ਜਾਣਦੀ ਆਂ। ਪਿਛਲੇ ਕਈ ਮਹੀਨਿਆਂ ਤੋਂ ਇਹ ਰੌਲਾ ਚੱਲ ਰਿਹਾ ਸੀ। ਇਰਾਕ ਨੇ ਅਮਰੀਕਾ ਕੋਲ ਸ਼ਿਕਾਇਤ ਵੀ ਕੀਤੀ ਸੀ ਕਿ ਉਸਦਾ ਕੁਵੇਤ ਨਾਲ ਕਿਸੇ ਇਲਾਕੇ ਨੂੰ ਲੈ ਕੇ ਝਗੜਾ ਐ। ਪਰ ਅਮਰੀਕਾ ਨੇ ਇਹ ਕਹਿ ਕੇ ਪਾਸਾ ਝਾੜ ਲਿਆ ਕਿ ਇਹ ਤੁਹਾਡਾ ਆਪਸੀ ਮਾਮਲਾ ਐ ਜਿਵੇਂ ਮਰਜ਼ੀ ਸੁਲਝਾਉ। ਉਹ ਇਸ ਵਿੱਚ ਨਹੀਂ ਪਵੇਗਾ। ਅਸਲ ’ਚ ਇਹ ਕਹਿ ਕੇ ਅਮਰੀਕਾ ਨੇ ਇਰਾਕ ਨੂੰ ਇੱਕ ਕਿਸਮ ਦੀ ਹੱਲਾਸ਼ੇਰੀ ਦਿੱਤੀ ਸੀ ਕਿ ਉਹ ਜੋ ਮਰਜ਼ੀ ਕਰੇ ਅਮਰੀਕਾ ਵਿੱਚ ਨ੍ਹੀਂ ਆਵੇਗਾ। ਸਦਾਮ ਨੇ ਵੀ ਉਸਦਾ ਇਸ਼ਾਰਾ ਸਮਝ ਲਿਆ ਤੇ ਮੌਕਾ ਮਿਲਦਿਆਂ ਈ ਕੁਵੇਤ ’ਤੇ ਚੜ੍ਹਾਈ ਕਰ ਦਿੱਤੀ। ਇਰਾਕ ਦੇ ਇੰਨਾ ਕਰਦਿਆਂ ਈ ਅਮਰੀਕਾ ਆਪਣੀ ਗੱਲ ਤੋਂ ਬਦਲ ਗਿਆ। ਅਸਲ ’ਚ ਅਮਰੀਕਾ ਚਾਹੁੰਦਾ ਸੀ ਕਿ ਕਿਵੇਂ ਨਾ ਕਿਵੇਂ ਇਰਾਕ ਕੋਈ ਕਦਮ ਚੁੱਕੇ ਤੇ ਉਸਨੂੰ ਵਿੱਚ ਪੈਣ ਦਾ ਮੌਕਾ ਮਿਲੇ। ਹੁਣ ਵੇਖਲੈ ਅਮਰੀਕਾ ਦੇ ਮਨ ਦੀ ਹੋ ਗਈ। ਇਰਾਕ ਨੂੰ ਰੋਕਣ ਲਈ ਉਸਨੇ ਸਾਊਦੀ ਅਰਬ ਨੂੰ ਅੱਗੇ ਲਾ ਲਿਆ।”

“ਸਿਸਟਰ ਆਫੀਆ, ਪਹਿਲਾਂ ਇਹ ਦੱਸ ਕਿ ਤੂੰ ਇਰਾਕ ਦੇ ਚੁੱਕੇ ਇਸ ਕਦਮ ਦੇ ਹੱਕ ’ਚ ਐਂ ਕਿ ਉਲਟ।”

“ਮੈਂ ਇਸ ਦੇ ਬਿਲਕੁਲ ਖਿਲਾਫ ਆਂ। ਮੈਂ ਤਾਂ ਇੱਥੋਂ ਤੱਕ ਕਹਿਨੀ ਆਂ ਕਿ ਇਸ ਬੁੱਚੜ ਸਦਾਮ ਦਾ ਖਾਤਮਾ ਹੋਵੇ ਤੇ ਇਰਾਕ ਦੇ ਲੋਕਾਂ ਦਾ ਉਸ ਤੋਂ ਖਹਿੜਾ ਛੁੱਟੇ। ਇਕੱਲਾ ਉਹ ਈ ਨ੍ਹੀਂ ਜਿਵੇਂ ਮੈਂ ਪਹਿਲਾਂ ਈ ਕਹਿ ਚੁੱਕੀ ਆਂ ਕਿ ਅਰਬ ਮੁਲਕਾਂ ਦੇ ਸਾਰੇ ਡਿਕਟੇਟਰਾਂ ਅਤੇ ਸ਼ੇਖਾਂ ਦਾ ਖਾਤਮਾ ਜ਼ਰੂਰੀ ਐ। ਇਸ ਨਾਲ ਈ ਇਸਲਾਮ ਤਰੱਕੀ ਕਰ ਸਕਦਾ ਐ। ਪਰ ਇਹ ਮਾਮਲਾ ਮੁਸਲਮਾਨ ਲੋਕਾਂ ਦਾ ਆਪਣਾ ਐਂ। ਮੈਂ ਚਾਹੁੰਨੀ ਆਂ ਕਿ ਉਹ ਆਪ ਈ ਇਸ ਨੂੰ ਸੁਲਝਾਉਣ। ਅਮਰੀਕਾ ਨੂੰ ਸਾਡੇ ਲੋਕਾਂ ਦੇ ਮਸਲਿਆਂ ’ਚ ਦਖਲ ਦੇਣ ਦੀ ਕੋਈ ਲੋੜ ਨ੍ਹੀ ਐ।”

“ਜੋ ਵੀ ਐ ਸਿਸਟਰ ਪਰ ਇੱਕ ਗੱਲ ਪੱਕੀ ਐ ਕਿ ਕੁਛ ਈ ਦਿਨਾਂ ’ਚ ਅਮਰੀਕੀ ਫੌਜਾਂ ਸਾਊਦੀ ਅਰਬ ਵੱਲ ਚਾਲੇ ਪਾ ਦੇਣਗੀਆਂ।” ਜਾਰਜ ਨੇ ਚੁਟਕੀ ਮਾਰਦਿਆਂ ਹੱਸ ਕੇ ਕਿਹਾ।

“ਅਜਿਹਾ ਕਦੀ ਵੀ ਨ੍ਹੀਂ ਹੋਵੇਗਾ। ਮੁਸਲਮਾਨ ਲੋਕ ਅਜਿਹਾ ਨ੍ਹੀਂ ਹੋਣ ਦੇਣਗੇ।”

“ਇਹ ਤਾਂ ਵਕਤ ਈ ਦੱਸੂਗਾ ਪਰ ਹੁਣ ਮੈਂ ਚੱਲਦਾ ਆਂ। ਮੁਹੰਮਦ ਨੂੰ ਦੱਸ ਦੇਵੀਂ ਕਿ ਜਾਰਜ ਆਇਆ ਸੀ।” ਇੰਨਾ ਕਹਿੰਦਿਆਂ ਜਾਰਜ ਬਾਹਰ ਨਿਕਲ ਗਿਆ। ਪਰ ਆਫੀਆ ਫਿਕਰਾਂ ’ਚ ਡੁੱਬ ਗਈ। ਉਸ ਦੇ ਮਨ ਮਸਤਕ ਨੂੰ ਇਰਾਕ ਵਾਲੇ ਮਾਮਲੇ ਨੇ ਘੇਰ ਲਿਆ। ਦਿਲੋਂ ਭਾਵੇਂ ਉਹ ਚਾਹੁੰਦੀ ਸੀ ਕਿ ਸਦਾਮ ਦਾ ਸਫਾਇਆ ਹੋ ਜਾਵੇ ਪਰ ਉਹ ਇਹ ਵੀ ਨਹੀਂ ਚਾਹੁੰਦੀ ਸੀ ਕਿ ਅਮਰੀਕਾ ਇਸ ਗੱਲ ਵਿੱਚ ਦਖਲ ਦੇਵੇ। ਉਸਨੇ ਜਿਉਂ ਹੀ ਸੁਰਤ ਸੰਭਾਲੀ ਸੀ ਉਸਦੇ ਘਰ ’ਚ ਅਮਰੀਕਾ ਦੇ ਖਿਲਾਫ ਹੀ ਗੱਲਾਂ ਹੁੰਦੀਆਂ ਸਨ। ਉਸਨੇ ਅਫਗਾਨਿਸਤਾਨ ਵਾਲਾ ਸਾਰਾ ਮਾਮਲਾ ਆਪਣੇ ਸਾਹਮਣੇ ਵਾਪਰਦਾ ਵੇਖਿਆ ਸੀ। ਉਹ ਸੋਚਦੀ ਹੁੰਦੀ ਸੀ ਕਿ ਆਪਣਾ ਕੰਮ ਕੱਢਣ ਲਈ ਪਹਿਲਾਂ ਤਾਂ ਅਮਰੀਕਾ ਨੇ ਪਾਕਿਸਤਾਨ ਨੂੰ ਮੂਹਰੇ ਲਾ ਲਿਆ। ਜਦੋਂ ਸੋਵੀਅਤ ਯੂਨੀਅਨ ਹਾਰ ਗਿਆ ਤਾਂ ਅਮਰੀਕਾ ਨੇ ਆਪਣੇ ਹੀ ਉਨ੍ਹਾਂ ਦੋਸਤਾਂ ਦਾ ਸਫਾਇਆ ਕਰ ਦਿੱਤਾ ਜਿਨ੍ਹਾਂ ਨੇ ਅਫਗਾਨਿਸਤਾਨ ਲੜਾਈ ਵਿੱਚ ਉਸਦਾ ਸਾਥ ਦਿੱਤਾ ਸੀ। ਖਾਸ ਕਰਕੇ ਉਸਨੂੰ ਜਿਆ ਉਲ ਹੱਕ ਵਾਲਾ ਹਾਦਸਾ ਬਹੁਤ ਚੁੱਭਦਾ ਸੀ। ਉਸਦੀ ਆਪਣੀ ਸੋਚ ਇਹ ਸੀ ਕਿ ਉਹ ਹਵਾਈ ਹਾਦਸਾ ਅਮਰੀਕਣ ਸੀ.ਆਈ.ਏ. ਨੇ ਕਰਵਾਇਆ ਸੀ ਜਿਸ ਵਿੱਚ ਕਿ ਜਿਆ ਉਲ ਹੱਕ ਦੀ ਮੌਤ ਹੋਈ ਸੀ। ਉਸਦੇ ਪਰਿਵਾਰ ਦਾ ਅਜੇ ਵੀ ਜਿਆ ਉਲ ਹੱਕ ਦੇ ਪਰਿਵਾਰ ਨਾਲ ਗਹਿਰਾ ਵਾਹ ਵਾਸਤਾ ਸੀ। ਖਾਸਕਰ ਉਸਦੇ ਪੁੱਤਰ, ਇਜਾਜ ਉਲ ਹੱਕ ਦੇ ਨਾਲ। ਖੈਰ ਜਾਰਜ ਅਤੇ ਆਫੀਆ ਦੀ ਇਸ ਮੁਲਾਕਤ ਦੇ ਕੁਝ ਦਿਨ ਬਾਅਦ ਹੀ ਉਹ ਫਿਰ ਮੁਹੰਮਦ ਦੇ ਅਪਾਰਟਮੈਂਟ ਵਿੱਚ ਬੈਠੇ ਸਨ। ਅੱਜ ਮੁਹੰਮਦ ਵੀ ਉੱਥੇ ਹੀ ਸੀ।

“ਵੇਖਲੈ ਜਾਰਜ, ਅਮਰੀਕਾ ਨੇ ਸਾਊਦੀ ਅਰਬ ਦੀ ਪਵਿੱਤਰ ਧਰਤੀ ਗੰਧਲੀ ਕਰ ਦਿੱਤੀ।” ਗੱਲ ਮੁਹੰਮਦ ਨੇ ਸ਼ੁਰੂ ਕੀਤੀ।

“ਮੁਹੰਮਦ ਹੋਰ ਕੋਈ ਰਾਹ ਵੀ ਤਾਂ ਨ੍ਹੀਂ ਐ। ਜੇ ਅਮਰੀਕਾ ਉੱਥੇ ਨਾ ਜਾਂਦਾ ਤਾਂ ਇਰਾਕ ਨੇ ਅੱਗੇ ਈ ਵਧਦੇ ਜਾਣਾ ਸੀ।”

“ਸਭ ਚਾਲਾਂ ਨੇ। ਜੋ ਕੁਛ ਵੀ ਹੋ ਰਿਹਾ ਐ ਇਸ ਸਭ ਦਾ ਜ਼ਿੰਮੇਵਾਰ ਅਮਰੀਕਾ ਈ ਐ।” ਆਫੀਆ ਗੱਲਬਾਤ ’ਚ ਹਿੱਸਾ ਲੈਂਦਿਆਂ ਬੋਲੀ।

“ਅਸਲ ’ਚ ਅਮਰੀਕਾ ਨੂੰ ਤਾਂ ਮਸਾਂ ਮੌਕਾ ਮਿਲਿਆ ਐ, ਅਰਬ ਮੁਲਕਾਂ ’ਚ ਜਾ ਕੇ ਅੱਡਾ ਲਾਉਣ ਲਈ। ਅਮਰੀਕਾ ਕਿੱਦੇਂ ਦਾ ਬਹਾਨਾ ਭਾਲਦਾ ਸੀ, ਉਹ ਉਸਨੂੰ ਇਰਾਕ ਨੇ ਦੇ ਦਿੱਤਾ। ਹੁਣ ਨ੍ਹੀਂ ਅਮਰੀਕਾ ਉੱਥੋਂ ਕਦੇ ਵੀ ਨਿਕਲਦਾ।” ਮੁਹੰਮਦ ਬੋਲਿਆ।

“ਨ੍ਹੀਂ ਮੇਰੇ ਖਿਆਲ ਵਿੱਚ ਅਜਿਹਾ ਨ੍ਹੀਂ ਹੋਵੇਗਾ। ਅਮਰੀਕਾ ਨੇ ਇਰਾਕ ਨੂੰ ਕਿਹਾ ਐ ਕਿ ਉਹ ਕੁਵੇਤ ’ਚੋਂ ਨਿਕਲ ਜਾਵੇ। ਮੈਨੂੰ ਲੱਗਦਾ ਐ ਕਿ ਇਹ ਸਭ ਅਮਰੀਕਾ ਨੇ ਉਸਨੂੰ ਡਰਾਉਣ ਲਈ ਕੀਤਾ ਐ। ਇਸ ਤਰ੍ਹਾਂ ਇਰਾਕ ਵਾਪਸ ਚਲਿਆ ਜਾਵੇਗਾ ਤਾਂ ਅਮਰੀਕਾ ਵੀ ਫੌਜਾਂ ਵਾਪਸ ਬੁਲਾ ਲਊਗਾ।”

“ਜਾਰਜ ਅਜਿਹਾ ਕਦੇ ਵੀ ਨ੍ਹੀਂ ਹੋਣ ਲੱਗਿਆ। ਅਮਰੀਕਾ ਨੇ ਨਾ ਕਦੇ ਪਹਿਲਾਂ ਮੁਸਲਮਾਨਾਂ ਦੀ ਪ੍ਰਵਾਹ ਕੀਤੀ ਐ ਤੇ ਨਾ ਹੁਣ ਕਰੂਗਾ।”

“ਸਿਸਟਰ, ਸਾਊਦੀ ਅਰਬ ਦੇ ਕਿੰਗ ਦੇ ਕਹਿਣ ’ਤੇ ਹੀ ਤਾਂ ਅਮਰੀਕਾ ਨੇ ਫੌਜਾਂ ਉੱਥੇ ਇਕੱਠੀਆਂ ਕੀਤੀਆਂ ਨੇ। ਉਹ ਵੀ ਮੁਸਲਮਾਨ ਈ ਐ?”

“ਜਾਰਜ ਤੂੰ ਮੈਨੂੰ ਉਹੀ ਗੱਲਾਂ ਵਾਰ ਵਾਰ ਦੁਹਰਾਉਣ ਨੂੰ ਪਤਾ ਨ੍ਹੀਂ ਕਿਉਂ ਉਕਸਾਉਂਦਾ ਰਹਿਨਾ ਐਂ ਕਿ ਇਹ ਸ਼ੇਖ, ਕਿੰਗ ਅਤੇ ਡਿਕਟੇਟਕ ਸਭ ਸ਼ੈਤਾਨ ਨੇ। ਜਦੋਂ ਤੱਕ ਇਹ ਜਿੰਦਾ ਨੇ ਉਦੋਂ ਤੱਕ ਮੁਸਲਮਾਨਾ ਦਾ ਭਲਾ ਨ੍ਹੀਂ ਹੋ ਸਕਦਾ।”

“ਜਾਰਜ ਉਂਞ ਤਾਂ ਤੂੰ ਬੜੀਆਂ ਫੜ੍ਹਾਂ ਮਾਰਦਾ ਰਹਿੰਦਾ ਐਂ ਕਿ ਕਰਿਸ਼ੀਅਨ, ਅਹਿੰਸਾ ’ਚ ਵਿਸ਼ਾਵਸ਼ ਰੱਖਦੇ ਨੇ। ਪਰ ਹੁਣ ਦੱਸ ਕਿ ਇਹ ਸਭ ਕੀ ਹੋ ਰਿਹਾ ਐ। ਹੁਣ ਉੱਥੇ ਜਾ ਕੇ ਮੁਸਲਮਾਨ ਲੋਕਾਂ ਦਾ ਘਾਣ ਕਰਨ ਲੱਗੇ ਓਂ ਤਾਂ ਅਹਿੰਸਾ ਦਾ ਅਸੂਲ ਕਿੱਥੇ ਐ ?” ਮੁਹੰਮਦ ਨੂੰ ਗੁੱਸਾ ਆ ਗਿਆ ਲੱਗਦਾ ਸੀ।

“ਆਪਣੇ ਤੌਰ ’ਤੇ ਤਾਂ ਮੈਂ ਹੁਣ ਵੀ ਖ਼ੂਨ ਖਰਾਬੇ ਦੇ ਖਿਲਾਫ ਆਂ। ਪਰ ਇਹ ਮੁਸਲਮਾਨ ਈ ਨੇ ਜਿਹੜੇ ਅਮਰੀਕਾ ਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦੇ ਨੇ।”

“ਤੂੰ ਇਉਂ ਕਿਉਂ ਨ੍ਹੀਂ ਕਹਿੰਦਾ ਕਿ ਡਾਹਢੇ ਦਾ ਹਰ ਥਾਂ ਜ਼ੋਰ ਚੱਲਦਾ ਐ।”

“ਇਹ ਤਾਂ ਫਿਰ ਹੈ ਈ। ਅਸੀਂ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਆਂ। ਜੋ ਮਰਜ਼ੀ ਕਰੀਏ।” ਜਾਰਜ ਨੇ ਹਾਸੇ ਵਿੱਚ ਕਿਹਾ। ਪਰ ਮੁਹੰਮਦ ਇਸ ਗੱਲ ਦਾ ਗੁੱਸਾ ਮੰਨ ਗਿਆ। ਦੰਦੀਆਂ ਪੀਹਦਾਂ ਉਹ ਬੋਲਿਆ, “ਜਾਰਜ ਜੇ ਅਗਾਂਹ ਇੱਕ ਲਫਜ਼ ਵੀ ਬੋਲਿਆ ਤਾਂ ਮੈਂ ਤੈਨੂੰ ਚੁੱਕ ਕੇ ਬਾਹਰ ਸੁਟਦੂੰਗਾ।”

“ਅਸੀਂ ਸੁਪਰ ਪਾਵਰ ਆਂ ਸਾਨੂੰ ਕੌਣ ਛੇੜ ਸਕਦਾ ਐ।” ਜਾਰਜ ਫਿਰ ਹਾਸੇ ਦੇ ਰੌਂਅ ’ਚ ਬੋਲਿਆ। ਇਸ ਨਾਲ ਮੁਹੰਮਦ ਨੂੰ ਹੋਰ ਵੀ ਗੁੱਸਾ ਆ ਗਿਆ। ਉਹ ਉਠਦਾ ਹੋਇਆ ਕੜਕਿਆ, “ਤੂੰ ਹੁਣੇ ਈ ਮੇਰੇ ਘਰੋਂ ਨਿਕਲਜਾ”

“ਇਹ ਘਰ ਸਿਰਫ ਤੇਰਾ ਈ ਨ੍ਹੀਂ, ਇਹ ਮੇਰੀ ਇਸ ਲਿਟਲ ਸਿਸਟਰ ਦਾ ਵੀ ਐ। ਮੈਂ ਨ੍ਹੀਂ ਇੱਥੋਂ ਜਾਣਾ।” ਜਾਰਜ ਆਫੀਆ ਵੱਲ ਵੇਖਦਾ ਬੋਲਿਆ।

“ਠੀਕ ਐ ਫਿਰ, ਮੈਂ ਈ ਇੱਥੋਂ ਚਲਾ ਜਾਨਾਂ। ਢੱਠੇ ਖ਼ੂਹ ’ਚ ਪੈ ਤੂੰ ਤੇ ਨਾਲੇ ਤੇਰੀ ਅਮਰੀਕਾ।” ਮੁਹੰਮਦ ਉੱਠ ਕੇ ਤੁਰ ਗਿਆ। ਆਫੀਆ ਸ਼ਾਂਤ ਚਿੱਤ ਉਸ ਵੱਲ ਵੇਖਦੀ ਰਹੀ। ਜਦੋਂ ਉਹ ਅਪਾਰਟਮੈਂਟ ’ਚੋਂ ਬਾਹਰ ਨਿਕਲ ਗਿਆ ਤਾਂ ਆਫੀਆ ਬੋਲੀ, “ਇੱਕ ਸੱਚੇ ਮੁਸਲਮਾਨ ਨੂੰ ਇੰਨਾ ਗੁੱਸਾ ਸ਼ੋਭਾ ਨ੍ਹੀਂ ਦਿੰਦਾ।”

“ਚੱਲ ਕੋਈ ਗੱਲ ਨ੍ਹੀਂ ਉਹ ਮੇਰਾ ਜਿਗਰੀ ਦੋਸਤ ਐ ਜਦੋਂ ਗੁੱਸਾ ਠੰਡਾ ਹੋ ਗਿਆ ਤਾਂ ਆਪੇ ਮੁੜ ਆਊਗਾ।”

ਇਸ ਪਿੱਛੋਂ ਆਫੀਆ ਅਤੇ ਜਾਰਜ ਅੱਗੇ ਵਾਪਰਨ ਵਾਲੀਆਂ ਘਟਨਾਵਾਂ ’ਤੇ ਚਰਚਾ ਕਰਦੇ ਰਹੇ। ਦੇਰ ਰਾਤ ਜਾਰਜ ਆਪਣੇ ਘਰ ਚਲਿਆ ਗਿਆ। ਅਗਲੀ ਮੁਲਾਕਤ ਵੇਲੇ ਮੁਹੰਮਦ ਅਤੇ ਜਾਰਜ ਦੀ ਸੁਲਾਹ ਹੋ ਗਈ। ਉਸ ਪਿੱਛੋਂ ਕਾਫੀ ਕੁਝ ਅਣਕਿਆਸਿਆ ਵਾਪਰ ਗਿਆ। ਅਮਰੀਕੀ ਫੌਜਾਂ ਨੇ ਹਮਲਾ ਕਰਕੇ ਇਰਾਕ ਨੂੰ ਕੁਵੇਤ ’ਚੋਂ ਬਾਹਰ ਕੱਢ ਦਿੱਤਾ। ਇੰਨਾ ਹੀ ਨਹੀਂ ਅਮਰੀਕਾ ਨੇ ਇਰਾਕੀ ਫੌਜਾਂ ਦਾ ਲੱਕ ਤੋੜ ਦਿੱਤਾ। ਲੜਾਈ ਬੰਦ ਹੋਣ ਉਪਰੰਤ ਇਰਾਕ ਨੂੰ ਵਾਪਸ ਮੁੜ ਰਹੀਆਂ ਇਰਾਕੀ ਫੌਜਾਂ ਦਾ ਘਾਣ ਕੀਤਾ ਗਿਆ। ਜੰਗਬੰਦੀ ਅਸੂਲਾਂ ਦੀ ਪ੍ਰਵਾਹ ਕੀਤੇ ਬਿਨਾਂ ਅਮਰੀਕੀ ਫੌਜਾਂ ਨੇ ਇਰਾਕੀਆਂ ਨੂੰ ਮਾਰਨ ਤੋਂ ਝਿਜਕ ਨਾ ਦਿਖਾਈ। ਸਭ ਕੁਝ ਟੀਵੀ ’ਤੇ ਵਿਖਾਇਆ ਜਾ ਰਿਹਾ ਸੀ। ਉਸ ਦਿਨ ਆਫੀਆ ਬਹੁਤ ਹੀ ਚੁੱਪ ਸੀ। ਜਾਰਜ ਕੋਲ ਨੀਵੀਂ ਪਾਈ ਬੈਠਾ ਸੀ। ਮੁਹੰਮਦ ਨੇ ਚੁੱਪੀ ਤੋੜੀ।

“ਜਾਰਜ ਵੇਖ ਲਿਆ ਆਪਣੇ ਅਮਰੀਕਾ ਦਾ ਅਸਲੀ ਚਿਹਰਾ ?”

“ਹਾਂ ਇਹ ਬਹੁਤ ਈ ਮਾੜਾ ਹੋਇਆ। ਮੈਂ ਇਸ ਸਭ ਦੇ ਖਿਲਾਫ ਆਂ।”

"ਇਨ੍ਹਾਂ ਨੇ ਕੁਵੇਤ ਤੋਂ ਇਰਾਕ, ਵਾਪਸ ਜਾ ਰਹੀਆਂ ਨਿਹੱਥੀਆਂ ਫੌਜਾਂ 'ਤੇ ਗੋਲਾਬਾਰੀ ਕਰਕੇ ਲੱਖਾਂ ਲੋਕ ਮਾਰ ਮੁਕਾਏ। ਅਜੇ ਕਹਿੰਦੇ ਅਸੀਂ ਇਸ ਸਭ ਕੁਝ ਸੰਸਾਰ ਸ਼ਾਂਤੀ ਲਈ ਕੀਤਾ ਐ।"

"ਟੀਵੀ ਵਾਲਿਆਂ ਨੇ ਤਾਂ ਉਸ ਰਸਤੇ ਦਾ ਨਾਂ ਈ ਡੈੱਥ ਹਾਈਵੇ ਰੱਖ ਲਿਆ ਐ ਜਿੱਧਰ ਦੀ ਕਿ ਇਰਾਕ ਫੌਜ ਵਾਪਸ ਮੁੜ ਰਹੀ ਸੀ। ਅੰਨੇਵਾਹ ਬੰਬਾਰੀ ਕਰਕੇ ਤਕਰੀਬਨ ਤਿੰਨ ਲੱਖ ਫੌਜੀ ਮਾਰ ਮੁਕਾਏ ਨੇ। ਇਹ ਸਾਰਾ ਕੁਝ ਮਨੁੱਖਤਾ ਦੇ ਨਾਂ 'ਤੇ ਧੱਬਾ ਐ। ਮੇਰਾ ਹੁਣ ਇੱਥੇ ਰਹਿਣ ਨੂੰ ਜੀਅ ਨ੍ਹੀਂ ਕਰਦਾ।" ਆਫੀਆ ਬੁਝੇ ਮਨ ਨਾਲ ਬੋਲੀ।

"ਹੋਰ ਸਿਸਟਰ ਹੁਣ ਕਿੱਥੇ ਜਾਵੇਂਗੀ? ਕੀ ਪਾਕਿਸਤਾਨ ਮੁੜ ਜਾਣ ਦਾ ਇਰਾਦਾ ਐ?"

"ਨ੍ਹੀਂ ਜਾਰਜ ਵਾਪਸ ਤਾਂ ਮੈਂ ਨ੍ਹੀਂ ਜਾਣਾ। ਪਰ ਮੈਂ ਕਿਸੇ ਹੋਰ ਸ਼ਹਿਰ ਵੱਲ ਜਾਣ ਦਾ ਮਨ ਬਣਾ ਲਿਆ ਐ।"

"ਹੋਰ ਸ਼ਹਿਰ ਕਿਹੜਾ?"

"ਮੈਂ ਪਿਛਲੇ ਮਹੀਨੇ ਮੈਸਾਚੂਸਸ ਇੰਸਟੀਚਿਊਟ ਆਫ ਟੈਕਨਾਲੋਜੀ ਵਿੱਚ ਦਾਖਲਾ ਭੇਜਿਆ ਸੀ। ਉੱਥੇ ਦਾਖਲੇ ਦੇ ਨਾਲ ਮੈਨੂੰ ਤਾਂ ਸਕਾਲਰਸ਼ਿਪ ਵੀ ਮਿਲ ਗਿਆ ਐ।"

"ਅੱਛਾ ਤੂੰ ਐਮ. ਆਈ. ਟੀ ਦੀ ਗੱਲ ਕਰਦੀ ਐਂ। ਪਹਿਲਾਂ ਤੂੰ ਇਸ ਗੱਲ ਦੀ ਕਦੇ ਭਿਣਕ ਈ ਨ੍ਹੀਂ ਬਾਹਰ ਕੱਢੀ। ਪਰ ਤੈਨੂੰ ਇਸ ਤਰ੍ਹਾਂ ਇੱਥੋਂ ਨ੍ਹੀਂ ਜਾਣਾ ਚਾਹੀਦਾ।"

"ਨ੍ਹੀ ਜਾਰਜ ਮੈਂ ਹੁਣ ਇੱਥੇ ਨ੍ਹੀਂ ਰਹਿਣਾ।" ਆਫੀਆ ਉਵੇਂ ਨੀਵੀਂ ਪਾਈ ਬੋਲੀ।

"ਸਿਸਟਰ ਇਉਂ ਨਾ ਕਰ। ਤੇਰੇ ਬਿਨਾ ਸਾਡਾ ਦਿਲ ਨ੍ਹੀਂ ਲੱਗਣਾ।" ਜਾਰਜ ਨੇ ਉਸ ਨੂੰ ਹਲੂਣਿਆਂ। ਵਾਕਿਆ ਈ ਉਹ ਆਫੀਆ ਨੂੰ ਸਕੀ ਭੈਣ ਤੋਂ ਵੀ ਵੱਧ ਪਿਆਰ ਕਰਦਾ ਸੀ।

"ਮੈਂ ਫੈਸਲਾ ਕਰ ਚੁੱਕੀ ਆਂ।"

"ਮੈਂ ਤੈਨੂੰ ਜਾਣ ਈ ਨ੍ਹੀਂ ਦੇਣਾ।" ਜਾਰਜ ਦਾ ਮੋਹ ਬੋਲਿਆ। ਪਰ ਆਫੀਆ ਨੇ ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ।

ਅਗਲੇ ਦਿਨ ਉਨ੍ਹਾਂ ਵਿਚਾਕਰ ਫਿਰ ਗੱਲ ਹੋਈ ਤਾਂ ਆਫੀਆ ਨੇ ਆਪਣਾ ਇੱਥੋਂ ਚਲੇ ਜਾਣ ਦਾ ਇਰਾਦਾ ਦੁਹਰਾਇਆ। ਜਾਰਜ ਨੇ ਉਸ ਨੂੰ ਇੱਥੇ ਹੀ ਰੁਕ ਜਾਣ ਲਈ ਕਿਹਾ। ਕਾਫੀ ਦੇਰ ਉਨ੍ਹਾਂ ਵਿਚਕਾਰ ਬਹਿਸ ਚਲਦੀ ਰਹੀ।

"ਜੋ ਮਰਜ਼ੀ ਕਰ ਪਰ ਆਫੀਆ ਤੂੰ ਇੱਥੋਂ ਨਾ ਜਾਹ।" ਜਾਰਜ ਆਪਣੀ ਗੱਲ 'ਤੇ ਅੜਿਆ ਰਿਹਾ। ਆਫੀਆ ਕੁਝ ਪਲ ਉਸਦੇ ਚਿਹਰੇ ਵੱਲ ਵੇਖਦੀ ਰਹੀ ਤੇ ਫਿਰ ਬੋਲੀ, "ਜਾਰਜ ਤੂੰ ਮੈਨੂੰ ਇੰਨੇ ਆਪਣੇਪਣ ਨਾਲ ਕਿਉਂ ਰੋਕ ਰਿਹਾ ਐਂ?"

"ਕਿਉਂਕਿ ਮੈਂ ਤੈਨੂੰ ਰੀਅਲ ਸਿਸਟਰ ਦੇ ਤੌਰ 'ਤੇ ਪਿਆਰ ਕਰਦਾ ਆਂ।"

"ਉਹ ਤਾਂ ਮੈਂ ਵੀ ਸਮਝਦੀ ਆਂ ਪਰ....।" ਅੱਗੇ ਆਫੀਆ ਨੇ ਗੱਲ ਵਿਚਕਾਰ ਹੀ ਛੱਡ ਦਿੱਤੀ।

"ਪਰ ਕੀ?"

"ਤੂੰ ਮੈਨੂੰ ਇੱਥੇ ਰੱਖਣ ਲਈ ਕੀ ਕਰ ਸਕਦਾ ਐਂ ?"

"ਕੁਝ ਵੀ, ਜਿਸ ਨਾਲ ਤੈਨੂੰ ਖੁਸ਼ੀ ਮਿਲੇ।"

"ਪੱਕੀ ਗੱਲ ਐ।" ਆਫੀਆ ਨੇ ਜਾਰਜ ਦੇ ਚਿਹਰੇ 'ਤੇ ਨਿਗਾਹਾਂ ਗੱਡ ਦਿੱਤੀਆਂ।

"ਹਾਂ ਹਾਂ ਮੈਂ ਆਪਣੀ ਲਿਟਲ ਸਿਸਟਰ ਲਈ ਕੁਝ ਵੀ ਕਰ ਸਕਦਾਂ।"

"ਤਾਂ ਫਿਰ ਇਉਂ ਕਰ ?"

"ਦੱਸ ?"

"ਤੂੰ ਕਰਿਸ਼ਚੀਅਨ ਧਰਮ ਛੱਡ ਕੇ ਮੁਸਲਮਾਨ ਬਣਜਾ।"

ਉਸਦੀ ਗੱਲ ਸੁਣ ਕੇ ਜਾਰਜ ਦੇ ਮੂੰਹ ਨੂੰ ਜੰਦਰਾ ਵੱਜ ਗਿਆ ਤੇ ਉਹ ਅੰਦਰ ਤੱਕ ਹਿੱਲ ਗਿਆ। ਉਸਨੂੰ ਮੁਹੰਮਦ ਨੇ ਕਈ ਵਾਰ ਦੱਸਿਆ ਸੀ ਕਿ ਜੇਕਰ ਕੋਈ ਮੁਸਲਮਾਨ, ਕਿਸੇ ਹੋਰ ਧਰਮ ਦੇ ਇਨਸਾਨ ਨੂੰ ਮੁਸਲਿਮ ਧਰਮ ਵਿੱਚ ਲੈ ਆਵੇ ਤਾਂ ਉਸ ਤੋਂ ਵੱਡਾ ਪੁੰਨ ਦਾ ਕਾਰਜ ਕੋਈ ਵੀ ਨਹੀਂ ਹੋ ਸਕਦਾ। ਮੁਹੰਮਦ ਨਾਲ ਉਹ ਬਹੁਤ ਜ਼ਿਆਦਾ ਖੁੱਲ੍ਹਿਆ ਹੋਇਆ ਸੀ ਇਸੇ ਕਰਕੇ ਮੁਹੰਮਦ ਉਸ ਨਾਲ ਹਰ ਗੱਲ ਕਰ ਲੈਂਦਾ ਸੀ। ਪਰ ਧਰਮ ਬਦਲਣ ਨੂੰ ਉਸਨੇ ਕਦੇ ਨਹੀਂ ਕਿਹਾ ਸੀ। ਪਰ ਅੱਜ ਉਹੀ ਗੱਲ ਆਫੀਆ ਦੇ ਮੂੰਹੋਂ ਸੁਣ ਕੇ ਉਹ ਹੈਰਾਨ ਰਹਿ ਗਿਆ। ਉਹ ਆਫੀਆ ਦੀ ਗੱਲ ਸੁਣ ਕੇ ਲੱਗੇ ਸਦਮੇ 'ਚੋਂ ਬਾਹਰ ਆਇਆ ਤਾਂ ਉਸਨੇ ਧਿਆਨ ਨਾਲ ਆਫੀਆ ਵੱਲ ਵੇਖਿਆ। ਉਹ ਮਨ 'ਚ ਸੋਚਣ ਲੱਗਿਆ 'ਇਹ ਜੋ ਦਿਸਦੀ ਐ ਉਹ ਇਹ ਹੈ ਨ੍ਹੀਂ ਐ। ਇਹ ਅਸਲ ਵਿੱਚ ਕੁਝ ਹੋਰ ਐ। ਇਸ ਨੂੰ ਕਿਸੇ ਦੀਆਂ ਭਾਵਨਾਵਾਂ ਦੀ ਪ੍ਰਵਾਹ ਨ੍ਹੀਂ ਐ। ਇਸ ਨੂੰ ਸਿਰਫ ਅਤੇ ਸਿਰਫ ਆਪਣੇ ਧਰਮ ਨਾਲ ਪਿਆਰ ਐ। ਹੋਰ ਕੋਈ ਵੀ ਗੱਲ ਇਸ ਲਈ ਮਾਹਣੇ ਨ੍ਹੀਂ ਰੱਖਦੀ। ਸ਼ਾਇਦ ਇਸ ਦਾ ਆਪਣਾ ਸਕਾ ਭਰਾ ਮੁਹੰਮਦ ਵੀ ਇਸਨੂੰ ਚੰਗੀ ਤਰ੍ਹਾਂ ਨ੍ਹੀਂ ਜਾਣਦਾ।' ਆਪਣੇ ਆਪ ਨਾਲ ਗੱਲਾਂ ਕਰਦੇ ਜਾਰਜ ਨੇ ਦਰਵਾਜ਼ਾ ਖੋਲ੍ਹਿਆ ਤੇ ਘਰੋਂ ਬਾਹਰ ਹੋ ਗਿਆ।

4

ਆਫੀਆ, ਮੈਸਾਚੂਸਸ ਸਟੇਟ ਦੇ ਲੋਗਨ ਇੰਟਰਨੈਸ਼ਨਲ ਏਅਰਪੋਰਟ ਬਾਸਟਨ 'ਤੇ ਉੱਤਰੀ। ਉੱਥੋਂ ਉਹ ਟੈਕਸੀ ਲੈ ਕੇ ਮੈਸਾਚੂਸਸ ਇਨਸੀਚਿਊਟ ਆਫ ਟੈਕਨਾਲੋਜੀ ਜਾਣੀ ਕਿ ਐਮ. ਆਈ. ਟੀ ਵੱਲ ਚੱਲ ਪਈ। ਟੈਕਸੀ ਬਾਸਟਨ ਸ਼ਹਿਰ ਦੀਆਂ ਸੜਕਾਂ ਤੇ ਭੱਜੀ ਜਾ ਰਹੀ ਸੀ ਤੇ ਆਫੀਆ ਕਿਸੇ ਵਿਸਮਾਦ ਜਿਹੇ ਵਿੱਚ ਡੁੱਬੀ ਹੋਈ ਸੀ। ਉਸ ਨੂੰ ਪਹਿਲੀਆਂ ਨਜ਼ਰਾਂ 'ਚ ਹੀ ਬਾਸਟਨ ਸ਼ਹਿਰ ਭਾ ਗਿਆ। ਉਸਨੂੰ ਬਾਸਟਨ ਸ਼ਹਿਰ ਬਹੁਤ ਸੋਹਣਾ ਲੱਗਿਆ। ਪਤਾ ਹੀ ਨਾ ਲੱਗਿਆ ਕਿ ਟੈਕਸੀ ਕਦੋਂ ਯੂਨੀਵਰਸਿਟੀ ਨੇੜਲੇ ਹੋਟਲ ਜਾ ਰੁਕੀ। ਟੈਕਸੀ ਡਰਾਈਵਰ ਦੇ ਬੁਲਾਉਣ 'ਤੇ ਆਫੀਆ ਖਿਆਲਾਂ 'ਚੋਂ ਨਿਕਲੀ। ਕਿਰਾਇਆ ਚੁੱਕਤਾ ਕਰਕੇ ਉਸਨੇ ਸਮਾਨ ਚੁੱਕ ਲਿਆ। ਹੋਟਲ 'ਚ ਕਮਰਾ ਲੈ ਕੇ ਸਾਮਾਨ ਬਗੈਰਾ ਉੱਥੇ ਟਿਕਾ ਕੇ ਉਹ ਯੂਨੀਵਰਸਿਟੀ ਨੂੰ ਤੁਰ ਪਈ। ਅੰਦਰ ਜਾਂਦਿਆਂ ਉਸਨੇ ਵੇਖਿਆ ਕਿ ਹਰ ਪਾਸੇ ਵਿਦਿਆਰਥੀ ਝੁੰਡਾਂ ਵਿੱਚ ਘੁੰਮ ਰਹੇ ਸਨ। ਉਸਨੇ ਇੱਧਰ ਉੱਧਰ ਨਜ਼ਰ ਮਾਰੀ। ਉਸਨੂੰ ਕੋਈ ਵੀ ਕੁੜੀ ਪੰਜਾਬੀ ਪਹਿਰਾਵੇ 'ਚ ਨਾ ਦਿਸੀ ਜਦੋਂ ਕਿ ਉਸਨੇ ਖੁਦ ਸਲਵਾਰ ਕਮੀਜ਼ ਪਹਿਨਿਆ ਹੋਇਆ ਸੀ ਤੇ ਸਿਰ ਉੱਪਰ ਚੁੰਨੀ ਲਈ ਹੋਈ ਸੀ। ਉਸਨੂੰ ਆਪਣਾ ਆਪ ਓਪਰਾ ਜਿਹਾ ਨਾ ਲੱਗਿਆ। ਸਗੋਂ ਉਸਨੂੰ ਆਪਣੇ ਵੱਖਰੇਪਣ 'ਤੇ ਮਾਣ ਮਹਿਸੂਸ ਹੋਇਆ। ਦਫਤਰ ਜਾ ਕੇ ਉਸਨੇ ਦਾਖਲੇ ਬਗੈਰਾ ਦਾ ਰਹਿੰਦਾ ਕੰਮ ਨਿਪਟਾਇਆ। ਫਿਰ ਉਹ ਨੇੜਲੇ ਕੁੜੀਆਂ ਦੇ ਹੋਸਟਲ, ਮਕਾਰਮਿਕ ਹਾਲ ਚਲੀ ਆਈ। ਉਮੀਦ ਦੇ ਉਲਟ ਉਸਨੂੰ ਥੋੜਾ ਜਿਹਾ ਪੇਪਰ ਵਰਕ ਪੂਰਾ ਕਰਨ ਉਪਰੰਤ ਹੀ ਕਮਰਾ ਮਿਲ ਗਿਆ। ਦਫਤਰ 'ਚੋਂ ਕਮਰੇ ਦੀ ਚਾਬੀ ਲੈ ਕੇ ਉਹ ਲਿਫਟ ਰਾਹੀਂ ਕਮਰੇ 'ਚ ਪਹੁੰਚੀ।

ਉੱਚੀ ਲੰਬੀ ਬਿਲਡਿੰਗ ਦੀ ਬੀਹਵੀਂ ਮੰਜ਼ਲ ’ਤੇ ਉਸਦਾ ਕਮਰਾ ਸੀ। ਕਮਰਾ ਖੋਲ੍ਹ ਕੇ ਉਹ ਅੰਦਰ ਗਈ ਤੇ ਪਿਛਲੀ ਬਾਰੀ ਰਾਹੀਂ ਹੇਠਾਂ ਝਾਕੀ। ਉਸਦਾ ਮਨ ਬਾਗੋ ਬਾਗ ਹੋ ਗਿਆ। ਬਾਹਰ ਹਰਿਆਲੀ ਹੀ ਹਰਿਆਲੀ ਦਿਸ ਰਹੀ ਸੀ ਤੇ ਚਾਰਸਲ ਦਰਿਆ, ਹੋਸਟਲ ਬਿਲਡਿੰਗ ਦੇ ਨਾਲ ਦੀ ਖਹਿ ਕੇ ਲੰਘਦਾ ਸੀ। ਕਾਫੀ ਦੇਰ ਖੜ੍ਹੀ ਉਹ ਕੁਦਰਤ ਦੇ ਨਜ਼ਾਰੇ ਦਾ ਆਨੰਦ ਮਾਣਦੀ ਰਹੀ। ਫਿਰ ਹੋਟਲ ਜਾ ਕੇ ਆਪਣਾ ਸਾਮਾਨ ਚੁੱਕ ਲਿਆਈ।

ਅਗਲੇ ਦਿਨ ਤੋਂ ਹੀ ਉਹ ਪੜ੍ਹਾਈ ’ਚ ਖੁੱਭ ਗਈ। ਉਸਦੇ ਘਰ ਦੇ ਚਾਹੁੰਦੇ ਸਨ ਕਿ ਉਹ ਡਾਕਟਰ ਬਣੇ ਪਰ ਉਸਦੀ ਸੋਚਣੀ ਕੁਝ ਹੋਰ ਸੀ। ਪਹਿਲਾਂ ਉਹ ਪੁਲੀਟੀਕਲ ਸਾਇੰਸ ਪੜ੍ਹਨਾ ਚਾਹੁੰਦੀ ਸੀ। ਘਰਦਿਆਂ ਦੇ ਜ਼ਿਆਦਾ ਕਹਿਣ ’ਤੇ ਉਸਨੇ ਸਾਇੰਸ ਅਤੇ ਮੈਥ ਦੀਆਂ ਕਲਾਸਾਂ ਲੈ ਲਈਆਂ। ਆਫੀਆ ਭਾਵੇਂ ਛੋਟੇ ਕੱਦ ਅਤੇ ਹਲਕੇ ਸਰੀਰ ਦੀ ਛੀਂਟਕੀ ਜਿਹੀ ਕੁੜੀ ਸੀ ਪਰ ਉਸਦਾ ਚਿਹਰਾ ਮੋਹਰਾ ਬਹੁਤ ਪ੍ਰਭਾਵਸ਼ਾਲੀ ਸੀ। ਉਸਦੀ ਸਮੁੱਚੀ ਦਿੱਖ ਹੀ ਅਗਲੇ ਨੂੰ ਮੋਹ ਲੈਂਦੀ ਸੀ। ਆਪਣੇ ਕੰਮ ’ਚ ਮਸਤ ਰਹਿਣ ਅਤੇ ਪੜ੍ਹਾਈ ’ਚ ਬਹੁਤ ਹੀ ਚੰਗੀ ਹੋਣ ਕਰਕੇ ਜਲਦੀ ਹੀ ਉਹ ਆਪਣੇ ਪ੍ਰੋਫੈਸਰਾਂ ਦੀ ਚਹੇਤੀ ਬਣ ਗਈ। ਹੋਸਟਲ ’ਚ ਥੋੜ੍ਹੀ ਪਹਿਚਾਣ ਵਧਣ ਪਿੱਛੋਂ ਉਸਨੇ ਮੁਸਲਮਾਨ ਕੁੜੀਆਂ ਨੂੰ ਜੋੜਨਾ ਸ਼ੁਰੂ ਕਰ ਦਿੱਤਾ। ਇੱਥੇ ਦੂਸਰੇ ਧਰਮਾਂ ਦੀਆਂ ਕੁੜੀਆਂ ਜ਼ਿਆਦਾ ਸਨ। ਪਰ ਉਹ ਉਨ੍ਹਾਂ ਤੋਂ ਦੂਰੀ ਬਣਾ ਕੇ ਰੱਖਦੀ ਸੀ। ਖਾਸ ਕਰਕੇ ਜਹੂਦੀ ਕੁੜੀਆਂ ਨਾਲ ਤਾਂ ਉਹ ਬਿਨਾ ਮਤਲਬ ਗੱਲਬਾਤ ਵੀ ਨਹੀਂ ਕਰਦੀ ਸੀ। ਹੌਲੀ ਹੌਲੀ ਉਸਨੇ ਉੱਥੇ ਆਪਣਾ ਗਰੁੱਪ ਬਣਾ ਲਿਆ। ਉਹ ਮੁਸਲਮਾਨ ਕੁੜੀਆਂ ਨਾਲ ਧਰਮ ’ਤੇ ਚਰਚਾ ਕਰਨ ਲੱਗੀ। ਪਰ ਬਹੁਤੀਆਂ ਕੁੜੀਆਂ ਦਾ ਧਰਮ ਨਾਲ ਜ਼ਿਆਦਾ ਸਰੋਕਾਰ ਨਹੀਂ ਸੀ। ਉਹ ਤਾਂ ਅਮਰੀਕਣ ਜ਼ਿੰਦਗੀ ’ਚ ਘੁਲ ਮਿਲ ਗਈਆਂ ਜਾਪਦੀਆਂ ਸਨ। ਆਫੀਆ ਨੇ ਉਨ੍ਹਾਂ ਨੂੰ ਧਰਮ ਦੀ ਸਿੱਖਿਆ ਦਾ ਵਾਸਤਾ ਦੇ ਦੇ ਕੇ ਆਪਣੇ ਹਿਸਾਬ ਸਿੱਧੇ ਰਾਹ ’ਤੇ ਲਿਆਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਇਸ ਵਿੱਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਗਈ। ਫਿਰ ਉਹ ਆਪਣੇ ਗਰੁੱਪ ਨੂੰ ਨਾਲ ਲੈ ਕੇ ਸਾਂਝੇ ਕੰਮ ਕਰਨ ਲੱਗੀ। ਜਿਵੇਂ ਕਿ ਕਾਲਜ ਕੈਂਪਸ ਦੀ ਸਫਾਈ ਬਗੈਰਾ। ਇਸ ਤੋਂ ਬਿਨਾ ਉਹ ਹਰ ਹਫਤੇ ਤਕਰੀਬਨ ਚਾਲੀ ਘੰਟੇ ਬਿਨਾ ਕਿਸੇ ਤਨਖਾਹ ਦੇ ਕਾਲਜ ਦੇ ਸਾਂਝੇ ਕੰਮਾਂ ’ਚ ਲਾਉਂਦੀ ਸੀ। ਮੌਕਾ ਮਿਲਦਿਆਂ ਹੀ ਉਹ ਗਰੀਬ ਇਲਾਕਿਆਂ ਦੇ ਸਕੂਲਾਂ ’ਚ ਜਾ ਕੇ ਬੱਚਿਆਂ ਲਈ ਮੁਫਤ ਸਾਇੰਸ ਫੇਅਰ ਆਦਿ ਲਗਾਉਣ ਲੱਗੀ। ਇਸ ਤਰ੍ਹਾਂ ਉਹ ਛੇਤੀ ਹੀ ਸਾਰਿਆਂ ਦੀਆਂ ਨਜ਼ਰਾਂ ’ਚ ਆ ਗਈ। ਕਾਲਜ ਵਿੱਚ ਉਸਦਾ ਅਕਸ ਇੱਕ ਚੰਗੀ ਹੁਸ਼ਿਆਰ ਅਤੇ ਸਮਾਜਸੇਵੀ ਵਿਦਿਆਰਥਣ ਦਾ ਬਣ ਗਿਆ। ਪਰ ਨਿੱਜੀ ਤੌਰ ’ਤੇ ਉਹ ਹਮੇਸ਼ਾ ਧਰਮ ਨਾਲ ਜੁੜੇ ਕੰਮਾਂ ਨੂੰ ਪਹਿਲ ਦਿੰਦੀ। ਉਹ ਜਦੋਂ ਆਪਣੇ ਗਰੁੱਪ ਦੀਆਂ ਕੁੜੀਆਂ ਨਾਲ ਮੀਟਿੰਗਾਂ ਕਰਦੀ ਤਾਂ ਹਮੇਸ਼ਾ ਇਸ ਗੱਲ ’ਤੇ ਜ਼ੋਰ ਦਿੰਦੀ ਕਿ ਗੈਰ ਮੁਸਲਮਾਨਾ ਤੋਂ ਦੂਰ ਰਿਹਾ ਜਾਵੇ। ਉਨ੍ਹਾਂ ਨਾਲ ਦੋਸਤੀ ਨਾ ਕੀਤੀ ਜਾਵੇ। ਪਰ ਉਨ੍ਹਾਂ ਨਾਲ ਵਰਤਣ ਸਮੇ ਬਹੁਤ ਹੀ ਮਿੱਠਤ ਪਿਆਰ ਨਾਲ ਬੋਲਣ ਚੱਲਣ ਦਾ ਵਿਖਾਵਾ ਕੀਤਾ ਜਾਵੇ। ਉਸ ਦੇ ਸਮਾਜ ਸੇਵਾ ਦੇ ਕੰਮਾਂ ਕਰਕੇ ਉਸਨੂੰ ਦੋ ਵਾਰੀ ਇਨਾਮ ਮਿਲਿਆ। ਵੈਸੇ ਤਾਂ ਪੜ੍ਹਾਈ ਦੇ ਹਰ ਖੇਤਰ ’ਚ ਹੀ ਉਹ ਬਹੁਤ ਚੰਗੀ ਸੀ ਪਰ ਕੰਮਪਿਊਟਰ ਵਿੱਚ ਤਾਂ ਉਸਦਾ ਇੰਨਾ ਨਾਮ ਬਣ ਗਿਆ ਕਿ ਕਦੇ ਕਦੇ ਵਾਰੀ ਕਈ ਪ੍ਰੋਫੈਸਰ ਵੀ ਉਸਦੀ ਮਦਦ ਲੈਂਦੇ। ਹੁਣ ਤੱਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਜਿਸਨੂੰ ਕਿ ਆਮ ਕਰਕੇ ਐਮ. ਐਸ. ਏ ਕਿਹਾ ਜਾਂਦਾ ਸੀ ਵਿੱਚ ਉਹ ਕਾਫੀ ਅਗਾਂਹ ਵਧ ਗਈ ਸੀ। ਉਹ ਐਮ. ਐਸ. ਏ ਰਾਹੀਂ ਮੁਸਲਮਾਨ ਵਿਦਿਆਰਥੀਆਂ ਦੇ ਹੱਕਾਂ ਬਾਰੇ ਸਾਰਿਆਂ ਨੂੰ ਜਾਗਰੂਕ ਕਰ ਰਹੀ ਸੀ। ਕਾਲਜ ਅਥਾਰਟੀ ਨਾਲ ਮਿਲ ਕੇ ਉਹ ਮੁਸਲਮਾਨ ਵਿਦਿਆਰਥੀਆਂ ਦੀਆਂ ਲੋੜਾਂ ਵੀ ਪੂਰੀਆਂ ਕਰਨ ਲਈ ਵੀ ਜ਼ੋਰ ਪਾਉਂਦੀ ਰਹਿੰਦੀ ਸੀ। ਇੱਥੋਂ ਤੱਕ ਕਿ ਕਾਲਜ ਕੈਂਪਸ ਦੇ ਛੋਟੇ ਰੈਸਟੋਰੈਂਟਾਂ ’ਚ ਉਸਨੇ ਹਲਾਲ ਮੀਟ ਦੀ ਵਰਤੋਂ ਸ਼ੁਰੂ ਕਰਵਾਉਣ ਲਈ ਅਥਰਾਟੀ ਨੂੰ ਮਨਾ ਲਿਆ ਤਾਂ ਕਿ ਮੁਸਲਮਾਨ ਵਿਦਿਆਰਥੀ ਆਪਣੇ ਧਾਰਮਿਕ ਅਕੀਦੇ ਮੁਤਾਬਕ ਹਲਾਲ ਮੀਟ ਦੀ ਵਰਤੋਂ ਕਰ ਸਕਣ। ਇਸ ਤੋਂ ਇਲਾਵਾ ਉਸਨੇ ਹੋਸਟਲਾਂ ਵਿੱਚ ਵੱਖਰੇ ਕਮਰਿਆਂ ਦੀ ਸੁਬਿਧਾ ਮੁਹੱਈਆ ਕਰਵਾ ਲਈ ਜਿੱਥੇ ਕਿ ਮੁਸਲਮਾਨ ਵਿਦਿਆਰਥੀ ਨਮਾਜ਼ ਅਦਾ ਕਰ ਸਕਣ। ਜਿਉਂ ਜਿਉਂ ਉਹ ਐਮ. ਐਸ. ਏ ਰਾਹੀਂ ਮੁਸਲਮਾਨ ਵਿਦਿਆਰਥੀਆਂ ਦੀਆਂ ਲੋੜਾਂ ਲਈ ਸਰਗਰਮ ਹੋ ਰਹੀ ਸੀ ਤਿਉਂ ਤਿਉਂ ਉਸਦੇ ਨਾਮ ਦੀ ਮਸ਼ਹੂਰੀ ਹੁੰਦੀ ਜਾ ਰਹੀ ਸੀ। ਮੁਸਲਮਾਨ ਵਿਦਿਆਰਥੀਆਂ ’ਚ ਉਸਨੂੰ ਬੜੀ ਇੱਜ਼ਤ ਨਾਲ ਵੇਖਿਆ ਜਾਂਦਾ ਸੀ। ਕੱਟੜ ਧਾਰਮਿਕ ਮੁੰਡੇ ਉਸਨੂੰ ਟਰੂ ਸਿਸਟਰ ਕਹਿ ਕੇ ਬੁਲਾਉਣ ਲੱਗ ਪਏ ਸਨ। ਇਸੇ ਦੌਰਾਨ ਹੀ ਉਸਦੀ ਮੁਲਾਕਤ ਸੁਹੇਲ

ਲੈਹਰ ਨਾਲ ਹੋਈ। ਸੁਹੇਲ ਦੇ ਮਾਪੇ ਇੰਡੀਆ ਤੋਂ ਸਨ ਪਰ ਉਹ ਜ਼ਿੰਬਾਬਵੇ 'ਚ ਜੰਮਿਆ ਸੀ। ਪੇਸ਼ੇ ਦੇ ਤੌਰ ਤੇ ਉਹ ਇੰਜੀਨੀਅਰ ਸੀ। ਸੁਹੇਲ ਰਾਹੀਂ ਉਹ ਐਮ. ਐਸ. ਏ ਦੇ ਅੰਦਰਲੇ ਖੇਤਰ 'ਚ ਆ ਗਈ। ਜਦੋਂ ਉਸਨੇ ਐਮ. ਐਸ. ਏ. ਦੇ ਅੰਦਰਲੇ ਵਿਦਿਆਰਥੀਆਂ ਦੀ ਸੋਚ ਸੁਣੀ ਤਾਂ ਉਹ ਬੜੀ ਖੁਸ਼ ਹੋਈ। ਉਸਨੂੰ ਲੱਗਿਆ ਕਿ ਇਹ ਹੀ ਅਸਲੀ ਜਗ੍ਹਾ ਹੈ ਜਿੱਥੇ ਰਹਿ ਕੇ ਉਹ ਆਪਣੇ ਧਰਮ ਦੀ ਵੱਧ ਤੋਂ ਵੱਧ ਸੇਵਾ ਕਰ ਸਕਦੀ ਹੈ। ਅਸਲ ਵਿੱਚ ਇਹ ਗਰੁੱਪ ਐਮ. ਐਸ. ਏ. ਦੀ ਮੂਹਰਲੀ ਕਤਾਰ ਦੀ ਲੀਡਰਸ਼ਿਪ ਸੀ ਜਿਹੜੀ ਆਮ ਤੌਰ 'ਤੇ ਪਰਦੇ ਦੇ ਪਿੱਛੇ ਰਹਿੰਦੀ ਸੀ। ਐਮ. ਐਸ. ਏ. ਦੀ ਅਗਲੀ ਮੀਟਿੰਗ 'ਚ ਆਪਣੀ ਵਾਰੀ ਆਉਣ 'ਤੇ ਉਹ ਬੋਲਣ ਲੱਗੀ, "ਸਾਨੂੰ ਇੱਥੇ ਇਸਲਾਮ ਦੀ ਵੱਧ ਤੋਂ ਵੱਧ ਸਿੱਖਿਆ ਦੇਣੀ ਚਾਹੀਦੀ ਐ। ਕਿਉਂਕਿ ਇਹੀ ਇੱਕ ਢੰਗ ਐ ਅੱਲਾ ਦੀਆਂ ਰਹਿਮਤਾਂ ਹਾਸਲ ਕਰਨ ਦਾ। ਸਾਨੂੰ ਸਾਰੇ ਵਿਦਿਆਰਥੀਆਂ ਲਈ ਜੁਮੇ ਦੀ ਨਮਾਜ਼ ਕਾਲਜ ਕੈਂਪਸ 'ਚ ਪੜ੍ਹਨ ਲਈ ਜ਼ਰੂਰੀ ਕਰ ਦੇਣੀ ਚਾਹੀਦੀ ਐ। ਆਪਣੇ ਆਲੇ ਦੁਆਲੇ ਦੇ ਲੋਕਾਂ ਦਾ ਵਿਸ਼ਵਾਸ਼ ਜਿੱਤ ਕੇ ਉਨ੍ਹਾਂ ਨੂੰ ਇਸਲਾਮ ਧਰਮ ਵਿੱਚ ਲਿਆਉਣ ਲਈ ਹਰ ਉਪਰਾਲਾ ਕਰਨਾ ਚਾਹੀਦਾ ਐ। ਇੰਸ਼ਾ ਅੱਲਾ ਜ਼ਰਾ ਸੋਚੋ ਕਿ ਉਹ ਦਿਨ ਕਿੰਨਾ ਭਾਗਾਂ ਭਰਿਆ ਹੋਵੇਗਾ ਜਦੋਂ ਅਮਰੀਕਾ ਵਿੱਚ ਈ ਨ੍ਹੀਂ ਸਗੋਂ ਸਾਰੀ ਦੁਨੀਆਂ ਵਿੱਚ ਇਸਲਾਮ ਦਾ ਝੰਡਾ ਝੂਲੇਗਾ। ਇਸ ਤੋਂ ਇਲਾਵਾ ਅੱਜ ਹੋਰ ਬੜਾ ਕੁਛ ਕਰਨ ਵਾਲਾ ਐ....।" ਉਹ ਗੱਲ ਰੋਕ ਕੇ ਸਰੋਤਿਆਂ ਵੱਲ ਝਾਕੀ। ਸਾਰੇ ਬੜੇ ਧਿਆਨ ਨਾਲ ਉਸਦੀ ਗੱਲ ਸੁਣ ਰਹੇ ਸਨ। ਜ਼ਰਾ ਰੁਕ ਕੇ ਉਹ ਫਿਰ ਬੋਲਣ ਲੱਗੀ, "ਅੱਜ ਸੰਸਾਰ ਵਿੱਚ ਹੋਰ ਬਹੁਤ ਕੁਛ ਵਾਪਰ ਰਿਹਾ ਐ। ਥਾਂ ਥਾਂ ਮੁਸਲਮਾਨਾਂ 'ਤੇ ਅੱਤਿਆਚਾਰ ਹੋ ਰਹੇ ਨੇ। ਇਹ ਕਿਉਂ ਹੋ ਰਿਹਾ ਐ। ਕਿਉਂਕਿ ਅਸੀਂ ਮੁਸਲਮਾਨ ਆਪਣੀ ਜ਼ਿੰਮਾਵਾਰੀ ਭੁੱਲ ਗਏ ਆਂ। ਅਸੀਂ ਭੁੱਲ ਗਏ ਆਂ ਕਿ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਐ ਜਿਹਾਦ। ਹਰ ਇੱਕ ਨੂੰ ਅੱਜ ਦੁਨੀਆਂ ਦੇ ਵੱਖ ਵੱਖ ਭਾਗਾਂ 'ਚ ਚੱਲ ਰਹੇ ਜਿਹਾਦ ਵਿੱਚ ਆਪਣੀ ਹੈਸੀਅਤ ਮੁਤਾਬਕ ਹਿੱਸਾ ਪਾਉਣਾ ਚਾਹੀਦਾ ਐ। ਅਸਲੀ ਮੁਸਲਮਾਨ ਉਹ ਨੇ ਜੋ ਫਰੰਟ 'ਤੇ ਲੜਾਈ 'ਚ ਹਿੱਸਾ ਲੈ ਰਹੇ ਨੇ। ਪਰ ਫਿਰ ਵੀ ਅਸੀਂ ਉਨਾਂ ਕੁ ਤਾਂ ਕਰ ਈ ਸਕਦੇ ਆਂ ਜੋ ਉਨ੍ਹਾਂ ਦੇ ਕਾਰਜ 'ਚ ਮੱਦਦ ਬਣ ਸਕੇ। ਉਦਾਹਰਣ ਦੇ ਤੌਰ 'ਤੇ ਅਸੀਂ ਜਿਹਾਦ 'ਚ ਸ਼ਹੀਦ ਹੋ ਰਹੇ ਸਾਡੇ ਭਰਾਵਾਂ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਸੰਭਾਲ ਸਕਦੇ ਆਂ। ਉਸਦੇ ਲਈ ਚੈਰਿਟੀ ਸੰਸਥਾ ਬਣਾ ਕੇ ਫੰਡ ਇਕੱਠਾ ਕਰਨ ਦੀ ਲੋੜ ਐ। ਸਾਨੂੰ ਵੱਧ ਤੋਂ ਵੱਧ ਚੈਰਿਟੀ ਇਕੱਠੀ ਕਰਨੀ ਚਾਹੀਦੀ ਐ।"

ਜਦੋਂ ਤੱਕ ਉਸਨੇ ਆਪਣਾ ਭਾਸ਼ਣ ਖਤਮ ਕੀਤਾ ਤਾਂ ਉਦੋਂ ਤੱਕ ਉਹ ਐਮ. ਐਸ. ਏ. ਦੀ ਮੂਹਰਲੀ ਕਤਾਰ ਦੇ ਲੀਡਰਾਂ ਦੀਆਂ ਨਜ਼ਰਾਂ 'ਚ ਆ ਚੁੱਕੀ ਸੀ। ਸਾਰੇ ਉਸ ਤੋਂ ਬਹੁਤ ਪ੍ਰਭਾਵਤ ਹੋਏ ਸਨ। ਉਹ ਸਮਝ ਗਏ ਕਿ ਜਿਸ ਲੜਕੀ ਦੀ ਉਹ ਚਿਰਾਂ ਤੋਂ ਉਡੀਕ ਕਰ ਰਹੇ ਸਨ ਉਹ ਅੱਜ ਉਨ੍ਹਾਂ ਨੂੰ ਮਿਲ ਗਈ ਹੈ। ਮੀਟਿੰਗ ਖਤਮ ਹੋਣ 'ਤੇ ਉਹ ਬਾਹਰ ਨਿਕਲੀ ਤੇ ਸੁਹੇਲ ਨਾਲ ਕਾਰ ਵਿੱਚ ਬੈਠ ਗਈ। ਸੁਹੇਲ ਨੇ ਕਾਰ ਤੋਰੀ ਤਾਂ ਆਫੀਆ ਨੇ ਗੱਲ ਛੇੜੀ, "ਸੁਹੇਲ ਉਹ ਇੱਕ ਕੋਨੇ ਜਿਹੇ 'ਚ ਬੈਠੀ, ਗੋਰੀ ਅਮਰੀਕਣ ਕੁੜੀ ਕੌਣ ਸੀ?"

"ਉਸਦਾ ਨਾਂ ਮਾਰਲੇਨ ਅਰਲ ਐ।"

"ਮਤਲਬ ਉਹ ਅਮਰੀਕਣ ਐ?"

"ਹਾਂ ਹੈ ਤਾਂ ਅਮਰੀਕਣ ਈ ਪਰ....।"

"ਪਰ ਕੀ?"

"ਉਸਨੇ ਧਰਮ ਪ੍ਰੀਵਰਤਨ ਕਰਕੇ ਇਸਲਾਮ ਧਰਮ ਅਪਣਾਇਆ ਹੋਇਆ ਐ। ਹੁਣ ਉਹ ਪੱਕੀ ਮੁਸਲਮਾਨ ਐ।"

"ਕਿਸਦੇ ਪ੍ਰਭਾਵ ਨਾਲ ਉਸਨੇ ਮੁਸਲਮ ਧਰਮ ਆਪਣਾਇਆ ਐ?"

"ਛੱਡ ਇਹ ਗੱਲ ਪਰ ਤੈਨੂੰ ਦੱਸਾਂ ਕਿ ਉਸਦੇ ਘਰਵਾਲਾ ਬਸਮ ਕੁੰਜ ਬੜਾ ਵੱਡਾ ਜਿਹਾਦੀ ਐ। ਉਸਨੇ ਕਈ ਜਿਹਾਦਾਂ 'ਚ ਲੜਾਈ ਲੜੀ ਹੋਈ ਐ।"

"ਅੱਛਾ।"

ਇਸ ਪਿੱਛੋਂ ਆਫੀਆ ਚੁੱਪ ਹੋ ਗਈ। ਉਸਦੇ ਮਨ 'ਚ ਆ ਰਿਹਾ ਸੀ ਕਿ ਉਹ ਕਿੰਨਾ ਕਿਸਮਤ ਵਾਲਾ ਹੋਵੇਗਾ ਜਿਸਨੇ ਮਾਰਲੇਨ ਦਾ ਧਰਮ ਪ੍ਰੀਵਰਤਨ ਕਰਵਾਇਆ ਹੋਊਗਾ। ਦੂਸਰਾ ਉਸਨੂੰ ਮਾਰਲੇਨ 'ਤੇ ਇਸ ਗੱਲੋਂ ਵੀ ਗਰਭ ਮਹਿਸੂਸ ਹੋਇਆ ਕਿ ਉਸਦੇ ਘਰਵਾਲਾ ਜਿਹਾਦੀ ਹੈ ਤੇ ਫਰੰਟ 'ਤੇ ਬੰਦੂਕ ਚੁੱਕ ਕੇ ਲੜਾਈ 'ਚ ਹਿੱਸਾ ਲੈਂਦਾ ਹੈ।

"ਚੁੱਪ ਕਿਉਂ ਹੋ ਗਈ ?" ਸੁਹੇਲ ਨੇ ਆਫੀਆ ਨੂੰ ਖਿਆਲਾਂ 'ਚ ਖੋਈ ਵੇਖ ਕੇ ਉਸਦੀ ਚੁੱਪੀ ਤੋੜੀ।

"ਨਹੀਂ ਅਜਿਹੀ ਤਾਂ ਕੋਈ ਗੱਲ ਨ੍ਹੀਂ। ਮੈਂ ਤਾਂ ਸੋਚ ਰਹੀ ਸੀ....।"

"ਕੀ ਸੋਚ ਰਹੀ ਸੀ ਤੂੰ ?"

"ਮੈਂ ਤਾਂ ਇਹ ਸੋਚ ਰਹੀ ਸੀ ਕਿ...।"

"ਅੱਛਾ ਸੁਹੇਲ ਇੱਕ ਗੱਲ ਹੋਰ ਦੱਸ ?" ਆਫੀਆ ਨੇ ਪਹਿਲੀ ਗੱਲ ਵਿਚਕਾਰ ਛੱਡਦਿਆਂ ਗੱਲ ਬਦਲੀ।

"ਹਾਂ ਹਾਂ ਪੁੱਛ।"

"ਉਹ ਜਿਹੜਾ ਤੇਰੇ ਨਾਲ ਬੈਠਾ ਸੀ ਉਹ ਕੌਣ ਐਂ ? ਜਿਹੜਾ ਸਾਰੀ ਮੀਟਿੰਗ ਦੌਰਾਨ ਬਿਲਕੁਲ ਈ ਨ੍ਹੀਂ ਬੋਲਿਆ।"

"ਉਸਦਾ ਨਾਂ...।" ਸੁਹੇਲ ਨੇ ਗੱਲ ਵਿਚਾਲੇ ਛੱਡਦਿਆਂ ਧਿਆਨ ਨਾਲ ਆਫੀਆ ਵੱਲ ਵੇਖਿਆ। ਪਲ ਭਰ ਰੁਕ ਕੇ ਉਹ ਫਿਰ ਬੋਲਿਆ,

"ਉਸਦਾ ਨਾਂ ਰਮਜੀ ਯੂਸਫ ਐ। ਉਹ ਅਲ ਕੀਫਾ ਦਾ ਬੜਾ ਅਣਥੱਕ ਵਰਕਰ ਐ।"

"ਅਲ ਕੀਫਾ ?" ਆਫੀਆ ਨੇ ਅਲ ਕੀਫਾ ਦਾ ਨਾਂ ਸੁਣਿਆਂ ਤਾਂ ਸੀ ਪਰ ਉਸ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਸੀ।

"ਤੈਨੂੰ ਅਲ ਕੀਫਾ ਬਾਰੇ ਵੀ ਦੱਸ ਈ ਦਿੰਨਾ।" ਸੁਹੇਲ ਨੇ ਇੱਕ ਵਾਰ ਫਿਰ ਧਿਆਨ ਨਾਲ ਆਫੀਆ ਵੱਲ ਵੇਖਿਆ ਤੇ ਮਨ 'ਚ ਸੋਚਿਆ ਕਿ ਇਹ ਕੁੜੀ ਸਾਡੇ ਕਾਜ਼ ਲਈ ਬਹੁਤ ਹੀ ਵਫਾਦਾਰ ਸਾਬਤ ਹੋਵੇਗੀ। ਅਤੇ ਇਸ ਨਾਲ ਹਰ ਗੱਲ ਸਾਂਝੀ ਕਰ ਲੈਣੀ ਚਾਹੀਦੀ ਐ।

"ਅਲ ਕੀਫਾ ਆਪਣੇ ਈ ਭੈਣ ਭਰਾਵਾਂ ਦੀ ਜਥੇਬੰਦੀ ਐ। ਇਹ ਬਹੁਤਾ ਗੱਲਾਂ 'ਚ ਨ੍ਹੀਂ, ਬਲਕਿ ਐਕਸ਼ਨ 'ਚ ਵਿਸ਼ਵਾਸ਼ ਰੱਖਦੀ ਐ। ਆਪਣੀਆਂ ਸਾਰੀਆਂ ਈ ਮਸਜਿਦਾਂ ਅਤੇ ਜਿਹਾਦੀ ਸਰਕਲਾਂ 'ਚ ਇਸਦਾ ਬਹੁਤ ਜ਼ੋਰ ਐ। ਪਰ ਇਹ ਖੁੱਲ੍ਹ ਕੇ ਸਾਹਮਣੇ ਨ੍ਹੀਂ ਆਉਂਦੀ। ਇਸਦਾ ਮੋਢੀ ਗੁਲਬਦਨ ਹੇਕਮਤਿਆਰ ਐ।"

"ਜਿਹੜਾ ਅਫਗਾਨਿਸਤਾਨ ਦਾ ਵਾਰ ਲੌਰਡ ਐ ?" ਆਫੀਆ ਨੇ ਵਿਚਕਾਰੋਂ ਬੋਲੀ।

"ਹਾਂ ਉਹੀ। ਸ਼ੁਰੂਆਤ ਉਸੇ ਨੇ ਕੀਤੀ ਸੀ। ਪਰ ਹੁਣ ਇਹ ਸਾਰੇ ਈ ਫੈਲ ਚੁੱਕੀ ਐ। ਮੁਸਲਮ ਸਮਾਜ ਇਸਨੂੰ ਬਹੁਤ ਜ਼ਿਆਦਾ ਮਾਣ ਦਿੰਦਾ ਐ ਤੇ ਇਸ ਨੂੰ ਆਰਥਿਕ ਮੱਦਦ ਵੀ ਬਹੁਤ ਮਿਲਦੀ ਐ। ਪਰ ਕਈ ਵਾਰ ਇਹੀ ਆਰਥਿਕ ਸਮੱਰਥਾ ਝਗੜੇ ਦਾ ਕਾਰਨ ਵੀ ਬਣ ਜਾਂਦੀ ਐ। ਤੂੰ ਪਿੱਛੇ ਜਿਹੇ ਮੁਸਤਫਾ ਸ਼ਲੇਬੀ ਦੇ ਕਤਲ ਬਾਰੇ ਤਾਂ ਸੁਣਿਆਂ ਈ ਹੋਣਾ ਐਂ ?"

"ਹਾਂ ਪਤਾ ਐ ਮੈਨੂੰ। ਉਹੀ ਜਿਸਦਾ ਕੋਈ ਭੇਤ ਈ ਨ੍ਹੀਂ ਖੁੱਲ੍ਹ ਸਕਿਆ।"

"ਉਹ ਕਤਲ ਅਲ ਕੀਫਾ ਕੋਲ ਪਏ ਮਿਲੀਅਨ ਡਾਲਰਾਂ ਦਾ ਫੰਡ ਨੂੰ ਲੈ ਕੇ ਹੋਇਆ ਸੀ। ਅਲ ਕੀਫਾ ਦੇ ਹੀ ਇੱਕ ਮੈਂਬਰ ਨੂੰ ਸ਼ੱਕ ਹੋ ਗਿਆ ਕਿ ਸ਼ਲੇਬੀ ਪੈਸੇ ਦੀ ਹੇਰਾਫੇਰੀ ਕਰਦਾ ਐ। ਪਰ ਮੈਂ ਅਜਿਹਾ ਨ੍ਹੀਂ ਮੰਨਦਾ। ਸ਼ਲੇਬੀ ਨੂੰ ਮਾਰ ਕੇ ਕਿਸੇ ਨੇ ਸਹੀ ਨ੍ਹੀਂ ਕੀਤਾ। ਉਸ ਵਰਗਾ ਧਾਰਮਿਕ ਅਤੇ ਅਕੀਦੇ ਵਾਲਾ ਕੋਈ ਹੋ ਈ ਨ੍ਹੀਂ ਸਕਦਾ।"

"ਉਹ ਕਿਵੇਂ ?" ਆਫੀਆ ਨੂੰ ਜਿਗਿਆਸਾ ਹੋਈ।

"ਉਸਨੇ ਅਲ ਕੀਫਾ ਲਈ ਜਾਂ ਸਮਝਲੈ ਕਿ ਸਮੁੱਚੇ ਜਿਹਾਦ ਲਈ ਬਹੁਤ ਹੀ ਕੰਮ ਕੀਤਾ ਐ। ਉਹੋ ਹੀ, ਸ਼ੇਖ ਉਮਰ ਅਬਦਲ ਰਹਿਮਾਨ ਨੂੰ ਅਮਰੀਕਾ ਲਿਆਉਣ ਵਿੱਚ ਕਾਮਯਾਬ ਹੋਇਆ ਸੀ।"

"ਸ਼ੇਖ ਉਮਰ ਉਹੀ ਐ ਨਾ ਜੋ ਕਿ ਮਿਸਰ ਤੋਂ ਐਂ ? ਜੋ ਬਚਪਨ ਤੋਂ ਅੰਨਾ ਐਂ ?"

"ਹਾਂ ਉਹੀ। ਉਹ ਬਹੁਤ ਵੱਡਾ ਧਾਰਮਿਕ ਫਿਲਾਸਫਰ ਐ। ਅਮਰੀਕਾ ਨੂੰ ਉਸ ਬਾਰੇ ਕੁਝ ਵੀ ਪਤਾ ਨ੍ਹੀਂ ਐ। ਪਰ ਉਹ ਮਿਸਰ ਦੇ ਕੱਟੜ ਜਿਹਦੀਆਂ 'ਚੋਂ ਇੱਕ ਐ। ਸਾਰੇ ਮੁਸਲਮ ਸਮਾਜ 'ਚ ਉਸਦਾ ਰੁਤਬਾ ਬਹੁਤ ਉੱਚਾ ਐ। ਕੋਈ ਵੀ ਉਸਦੀ ਗੱਲ ਮੋੜ ਨ੍ਹੀਂ ਸਕਦਾ। ਕਾਸ਼ ਤੂੰ ਉਸਨੂੰ ਕਦੇ ਸੁਣੇ ਤਾਂ।"

"ਮੈਨੂੰ ਉਸਦੇ ਫਸਲਫੇ ਦਾ ਪਤਾ ਐ।" ਆਫੀਆ ਨੂੰ ਯਾਦ ਆਇਆ ਕਿ ਪਿਛਲੇ ਦਿਨੀਂ ਹੀ ਉਸਨੂੰ ਕਿਸੇ ਨੇ ਸ਼ੇਖ ਉਮਰ ਦੀ ਵੀਡੀਉ ਸੁਣਾਈ ਸੀ। ਵੀਡੀਉ 'ਚ ਸੁਣੇ ਸ਼ੇਖ ਦੇ ਸ਼ਬਦ ਉਸਦੇ ਮਨ 'ਚ ਘੁੰਮਣ ਲੱਗੇ, 'ਹਰ ਮੁਸਲਮਾਨ ਦਾ ਇੱਕੋ ਹੀ ਧਰਮ ਐ ਕਿ ਗੈਰ ਮੁਸਲਮਾਨਾ ਨੂੰ ਖਤਮ ਕਰ ਦਿਉ। ਦੁਨੀਆਂ 'ਤੇ ਕੋਈ ਵੀ ਅਜਿਹਾ ਨਾ ਰਹੇ ਜਿਹੜਾ ਮੁਸਲਮਾਨ ਨਾ ਹੋਵੇ। ਲੋਕਾਂ ਨੂੰ ਸਮਝਾ ਬੁਝਾ ਕੇ ਮੁਸਲਮਾਨ ਬਣਾਉਣ ਨਾਲੋਂ ਬਿਹਤਰ ਇਹ ਐ ਕਿ ਉਨ੍ਹਾਂ ਦਾ ਖਾਤਮਾ ਕਰੋ। ਜਿੰਨੀ ਛੇਤੀ ਗੈਰ ਮੁਸਲਮਾਨਾ ਦਾ ਸਫਾਇਆ ਹੋਵੇਗਾ ਉਨੀਂ ਛੇਤੀ ਹੀ ਅਸੀਂ ਦੁਨੀਆਂ 'ਤੇ ਇਸਲਾਮ ਦਾ ਝੰਡਾ ਝੁਲਾ ਸਕਾਂਗੇ। ਇਸ ਤੋਂ ਬਿਨਾ ਹਰ ਮੁਸਲਮਾਨ ਦਾ ਇਹ ਵੀ ਧਾਰਮਿਕ ਫਰਜ਼ ਐ ਕਿ ਉਹ ਕਈ ਸ਼ਾਦੀਆਂ ਕਰਕੇ ਵੱਧ ਤੋਂ ਵੱਧ ਬੱਚੇ ਪੈਦਾ ਕਰੇ ਤਾਂ ਕਿ ਸਾਡੀ ਗਿਣਤੀ ਕਾਫਰਾਂ ਦੇ ਉੱਪਰ ਦੀ ਹੋ ਜਾਵੇ।'

"ਤੂੰ ਮੇਰੀ ਗੱਲ ਸੁਣ ਰਹੀ ਐਂ ਨਾ ?"

"ਹਾਂ ਹਾਂ ਮੇਰਾ ਧਿਆਨ ਤੇਰੀ ਗੱਲ ਵੱਲ ਈ ਐ।" ਆਫੀਆ ਨੇ ਖਿਆਲਾਂ 'ਚੋਂ ਨਿਕਲਦਿਆਂ ਸੁਹੇਲ ਦੀ ਗੱਲ ਦਾ ਹੁੰਗਾਰਾ ਭਰਿਆ।

"ਸਾਨੂੰ ਸ਼ੇਖ ਉਮਰ ਵਰਗੇ ਧਾਰਮਿਕ ਰਹਿਨੁਮਾ ਦੀ ਲੋੜ ਐ ?"

"ਪਰ....।" ਆਫੀਆ ਨੇ ਉਸਦੀ ਗੱਲ ਟੋਕੀ।

"ਹਾਂ ਦੱਸ ਕੀ ?"

"ਪਰ ਇਹ ਰਮਜੀ ਯੂਸਫ ਫਿਰ ਅੱਜ ਐਮ. ਐਸ. ਏ. ਦੀ ਮੀਟਿੰਗ ਵਿੱਚ ਕੀ ਕਰ ਰਿਹਾ ਸੀ ?"

"ਅਸਲ 'ਚ ਸਾਰੀਆਂ ਗੱਲਾਂ ਦਾ ਤੈਨੂੰ ਹੌਲੀ ਹੌਲੀ ਪਤਾ ਲੱਗੂਗਾ। ਕਈ ਮੈਂਬਰ ਦੋਨੋਂ ਪਾਸੇ ਕੰਮ ਕਰਦੇ ਨੇ। ਜਿਵੇਂ ਕਿ ਮਾਰਲੇਨ ਦਾ ਘਰਵਾਲਾ ਬਸਮ ਕੁੰਜ ਐ। ਉਹ ਦੋਨੋਂ ਪਾਸਿਆਂ ਦਾ ਮੈਂਬਰ ਐ।"

"ਅੱਜ ਕੱਲ੍ਹ ਉਹ ਕਿੱਥੇ ਐ। ਕਿਉਂਕਿ ਉਹ ਅੱਜ ਮਾਰਲੇਨ ਦੇ ਨਾਲ ਤਾਂ ਕਿਧਰੇ ਦਿਸਿਆ ਨ੍ਹੀਂ?" ਗੱਲ ਫਿਰ ਹੋਰ ਪਾਸੇ ਤੁਰ ਪਈ।

"ਉਸਦੀ ਵੀ ਲੰਬੀ ਕਹਾਣੀ ਐਂ। ਉਹ ਲਿਬਨਾਨ ਦਾ ਜੰਮਪਲ ਐ। ਉਹ ਉੱਥੋਂ ਕਿਸੇ ਧਾਰਮਿਕ ਜਥੇਬੰਦੀ ਤੋਂ ਵਜੀਫਾ ਲੈ ਕੇ ਇੱਥੇ ਪੜ੍ਹਨ ਆਇਆ ਸੀ। ਬਾਸਟਨ ਯੂਨੀਵਰਸਿਟੀ ਤੋਂ ਉਸਨੇ ਗਰੈਜੂਏਸ਼ਨ ਕੀਤੀ। ਇੱਥੇ ਈ ਉਹ ਜਿਹਾਦੀ ਲੀਡਰਾਂ ਦੇ ਸੰਪਰਕ 'ਚ ਆਇਆ। ਫਿਰ ਉਹ ਅਲ ਕੀਫਾ ਦਾ ਸਰਗਰਮ ਮੈਂਬਰ ਬਣ ਗਿਆ। ਉਦੋਂ ਜਿਹੇ ਹੀ ਉਸਨੇ ਮਾਰਲੇਨ ਨਾਲ ਸ਼ਾਦੀ ਕੀਤੀ ਤੇ ਉਨ੍ਹਾਂ ਦੇ ਇੱਕ ਬੱਚੀ ਹੋ ਗਈ। ਫਿਰ ਉਹ ਦੋਨੋਂ ਪਾਕਿਸਤਾਨ ਚਲੇ ਗਏ। ਉੱਥੋਂ ਬਸਮ ਤਾਂ ਜਿਹਾਦ 'ਚ ਲੜਨ ਵਾਸਤੇ ਬਾਡਰ ਲੰਘ ਕੇ ਅਫਗਾਨਿਸਤਾਨ ਚਲਿਆ ਗਿਆ ਤੇ ਮਾਰਲੇਨ ਆਪਣੀ ਬੱਚੀ ਨਾਲ ਪਿਸ਼ਾਵਰ ਦੇ ਉਸ ਇਲਾਕੇ 'ਚ ਰਹੀ ਜਿੱਥੇ ਕਿ ਸਾਰੇ ਜਿਹਾਦੀਆਂ ਦੇ ਪਰਿਵਾਰ ਰਹਿੰਦੇ ਸਨ। ਉੱਥੇ ਬਸਮ ਲੜਾਈ ਦੌਰਾਨ ਸਖਤ ਜ਼ਖਮੀ ਹੋ ਗਿਆ ਤੇ ਉਸਨੂੰ ਸਰਜਰੀ ਲਈ ਇੱਥੇ ਅਮਰੀਕਾ ਵਾਪਸ ਆਉਣਾ ਪਿਆ। ਮਾਰਲੇਨ ਤੇ ਬਸਮ ਇੱਥੇ ਆ ਕੇ ਕੁਝ ਦੇਰ ਰਹੇ। ਜਦੋਂ ਬਸਮ ਪੂਰੀ ਤਰ੍ਹਾਂ ਠੀਕ ਹੋ ਗਿਆ ਤਾਂ ਉਹ ਫਿਰ ਜਿਹਾਦ ਦੀ ਲੜਾਈ 'ਚ ਹਿੱਸਾ ਲੈਣ ਲਿਬਨਾਨ ਪਹੁੰਚ ਗਿਆ। ਉੱਥੋਂ ਉਹ ਅੱਗੇ ਬਾਸਨੀਆਂ ਚਲਿਆ ਗਿਆ। ਅੱਜ ਕੱਲ੍ਹ ਉਹ ਬਾਸਨੀਆਂ 'ਚ ਹੀ ਲੜ੍ਹ ਰਿਹਾ ਐ।"

ਇੰਨੀ ਦੇਰ ਨੂੰ ਆਫੀਆ ਦਾ ਹੋਸਟਲ ਆ ਗਿਆ ਸੀ। ਗੱਲਾਂ ਦਾ ਸਿਲਸਲਾ ਬੰਦ ਹੋ ਗਿਆ। ਸੁਹੇਲ ਆਫੀਆ ਨੂੰ ਹੋਸਟਲ ਉਤਾਰ ਕੇ ਵਾਪਸ ਚਲਿਆ ਗਿਆ। ਆਫੀਆ ਆਪਣੇ ਕਮਰੇ ਵੱਲ ਨੂੰ ਜਾਂਦੀ ਮਾਰਲੇਨ ਅਤੇ ਬਸਮ ਕੁੰਜ ਬਾਰੇ ਹੀ ਸੋਚਦੀ ਜਾ ਰਹੀ ਸੀ। ਉਸਨੂੰ ਉਹ ਇੱਕ ਸੱਚਾ ਮੁਸਲਮਾਨ ਜੋੜਾ ਲੱਗਿਆ ਜੋ ਕਿ ਪੂਰਣ ਰੂਪ ਵਿੱਚ ਜਿਹਾਦ ਨੂੰ ਸਮਪਰਤ ਸੀ। ਉਸਨੂੰ ਮਾਰਲੇਨ ਚੰਗੀ ਚੰਗੀ ਲੱਗਣ ਲੱਗੀ। ਦੇਰ ਰਾਤ ਤੱਕ ਵੀ ਉਹ ਉਨ੍ਹਾਂ ਬਾਰੇ ਸੋਚਦੀ ਰਹੀ। ਅਗਲੇ ਕੁਝ ਦਿਨਾਂ ਵਿੱਚ ਹੀ ਉਸਨੇ ਮਾਰਲੇਨ ਨਾਲ ਚੰਗੀ ਦੋਸਤੀ ਗੰਢ ਲਈ।

ਆਫੀਆ ਦੀ ਪੜ੍ਹਾਈ ਬਾਰੇ ਕਿਸੇ ਨੂੰ ਕੋਈ ਸ਼ੰਕਾ ਨਹੀਂ ਸੀ। ਸਭ ਜਾਣਦੇ ਸਨ ਕਿ ਉਹ ਇਤਨੀ ਹੁਸ਼ਿਆਰ ਹੈ ਕਿ ਉਹ ਕੋਈ ਵੀ ਵਿਸ਼ਾ ਚੁਣ ਲਵੇ ਪਰ ਹਮੇਸ਼ਾ ਪਹਿਲੇ ਨੰਬਰ 'ਤੇ ਆਵੇਗੀ। ਇਨ੍ਹਾਂ ਦਿਨਾਂ ਵਿੱਚ ਉਸਨੇ ਇੱਕ ਪਰਚਾ ਲਿਖਿਆ ਜਿਸਦਾ ਨਾਂ ਸੀ 'ਇਸਲਾਮੀਜੇਸ਼ਨ ਇਨ ਪਾਕਿਸਤਾਨ ਐਂਡ ਇਟਸ ਅਫੈਕਟਸ ਆਨ ਵੋਮੈਨ'। ਇਸ ਪਰਚੇ ਕਰਕੇ ਉਸਨੂੰ ਐਮ. ਆਈ. ਟੀ. ਨੇ ਕੈਰਲ ਵਿਲਸਨ ਅਵਾਰਡ ਨਾਲ ਸਨਮਾਨਿਤ ਕੀਤਾ। ਜਿਸ ਵਿੱਚ ਪੰਜ ਹਜ਼ਾਰ ਡਾਲਰ ਦਾ ਨਕਦ ਇਨਾਮ ਸ਼ਾਮਲ ਸੀ। ਇਸ ਇਨਾਮ ਨਾਲ ਖੁਸ਼ ਹੋਈ ਆਫੀਆ, 1992 ਦੀਆਂ ਗਰਮੀਆਂ 'ਚ ਛੁੱਟੀਆਂ ਕੱਟਣ ਪਾਕਿਸਤਾਨ ਚਲੀ ਗਈ। ਉਨ੍ਹੀਂ ਦਿਨੀਂ ਪਾਕਿਸਤਾਨ 'ਚ ਹਦੂਦ ਲਾਅ ਬਾਰੇ ਰੌਲਾ ਰੱਪਾ ਚੱਲ ਰਿਹਾ ਸੀ। ਹਿਊਮਨ ਰਾਈਟਸ ਵਰਗੀਆਂ ਜਥੇਬੰਦੀਆਂ ਦਾ ਕਹਿਣਾ ਸੀ ਕਿ ਇਹ ਲਾਅ ਨਾ ਸਿਰਫ ਔਰਤ ਦੀ ਆਜ਼ਾਦੀ ਨੂੰ ਕੁਚਲ ਰਿਹਾ ਹੈ ਸਗੋਂ ਇਸ ਨੇ ਤਾਂ ਔਰਤ ਜਾਤੀ ਦਾ ਘਾਣ ਕਰ ਕੇ ਰੱਖ ਦਿੱਤਾ ਹੈ। ਇਸ ਕਨੂੰਨ ਨੂੰ ਘੜਨ ਵਿੱਚ ਮੁਫਤੀ ਮੁਹੰਮਦ ਤਕੀ ਉਸਮਾਨੀ ਨੇ ਬੜੀ ਮਿਹਨਤ ਕੀਤੀ ਸੀ। ਮੁਫਤੀ ਉਸਮਾਨੀ ਆਫੀਆ ਦੇ ਪਰਿਵਾਰ ਦਾ ਧਾਰਮਿਕ ਰਹਿਨੁਮਾ ਸੀ। ਇਸ ਕਰਕੇ ਆਫੀਆ ਨੂੰ ਉਨ੍ਹੀ ਦਿਨੀਂ ਚੱਲ ਰਹੇ ਰੌਲੇ ਰੱਪੇ 'ਚ ਦਿਲਸਚਪੀ ਹੋ ਗਈ। ਉਸਨੇ ਮੁਫਤੀ ਸਾਹਿਬ ਦਾ ਪੱਖ ਲੈਣ ਦਾ ਨਿਰਣਾ ਲੈ ਲਿਆ। ਉਹ ਇਹ ਪੱਖ ਇਸ ਕਰਕੇ ਨਹੀਂ ਲੈ ਰਹੀ ਸੀ ਕਿ ਇਸ ਦਾ ਘਾੜਾ ਮੁਫਤੀ ਉਸਮਾਨੀ ਸੀ ਬਲਕਿ ਇਸ ਕਰਕੇ ਕਿ ਉਸਦੀ ਆਪਣੀ ਸੋਚਣੀ ਸੀ ਕਿ ਇਸਲਾਮ ਨੇ ਜੋ ਵੀ ਪਾਬੰਦੀਆਂ ਔਰਤ 'ਤੇ ਲਾਈਆਂ ਹਨ ਇਹ ਮੁਸਲਮਾਨ ਔਰਤ ਦੇ ਲਈ ਸਹੀ ਹਨ। ਇਨ੍ਹਾਂ ਨੂੰ ਮੰਨਦੀ ਹੋਈ ਹੀ ਉਹ ਆਪਣੇ ਧਰਮ ਦਾ ਸਹੀ ਪਾਲਣ ਕਰ ਰਹੀ ਹੋਵੇਗੀ। ਇਸ ਅਰਸੇ ਦਰਮਿਆਨ ਉਹ ਜਿਸ ਕਿਸੇ ਵੀ ਵੱਡੇ ਲੀਡਰ ਨੂੰ ਮਿਲੀ ਹਰ ਕੋਈ ਉਸਦੇ ਵਿਚਾਰਾਂ ਤੋਂ ਪ੍ਰਭਾਵਤ ਹੋਇਆ। ਕਿਉਂਕਿ ਇੱਕ ਔਰਤ ਹੋ ਕੇ ਉਹ ਔਰਤਾਂ ਵੱਲੋਂ ਚਲਾਏ ਜਾ ਰਹੇ ਸੰਘਰਸ਼ ਦੇ ਉਲਟ ਸੀ। ਉਸਦੇ ਸ਼ੁਭਚਿੰਤਕਾਂ 'ਚ ਪਹਿਲੇ ਪਾਕਿਸਤਾਨੀ ਡਿਕਟੇਟਰ ਜਿਆ ਉਲ ਹੱਕ ਦਾ ਪੁੱਤਰ ਇਆਜ਼ ਉਲ ਹੱਕ ਵੀ ਸੀ। ਉਸ ਵੇਲੇ ਪਾਕਿਸਤਾਨ ਦੀ ਰਾਜਨੀਤੀ ਵਿੱਚ ਵੀ ਫੇਰ ਬਦਲ ਹੋ ਚੁੱਕਿਆ ਸੀ। ਬੇਨਜ਼ੀਰ ਭੁੱਟੋ ਦੀ ਜਗ੍ਹਾ ਨਵਾਜ ਸ਼ਰੀਫ ਦੀ ਪਾਰਟੀ ਸਤਾ

ਵਿੱਚ ਆ ਚੁੱਕੀ ਸੀ ਤੇ ਉਹ ਮੁਲਕ ਦਾ ਪ੍ਰਧਾਨ ਮੰਤਰੀ ਸੀ। ਸਰਕਾਰ ਦੇ ਬਦਲ ਜਾਣ ਨਾਲ ਹੋਰ ਭਾਵੇਂ ਸਭ ਕੁਝ ਬਦਲ ਗਿਆ ਹੋਵੇ ਪਰ ਇੱਕ ਗੱਲ ਨਹੀਂ ਬਦਲੀ ਸੀ। ਉਹ ਸੀ ਪਾਕਿਸਤਾਨ ਦੀ ਖੁਫੀਆ ਏਜੈਂਸੀ ਆਈ. ਐਸ. ਆਈ ਦਾ ਏਜੈਂਡਾ। ਇਸਦੇ ਮੌਕੇ ਦੇ ਮੁਖੀ, ਜਾਵੇਦ ਨਾਸਿਰ ਦੀ ਸੋਚਣੀ ਸੀ ਕਿ ਪਾਕਿਸਤਾਨ ਨੂੰ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਚੱਲ ਰਹੇ ਜਿਹਾਦ ਦੀ ਵੱਧ ਤੋਂ ਵੱਧ ਮੱਦਦ ਕਰਨੀ ਚਾਹੀਦੀ ਹੈ। ਇਸੇ ਏਜੈਂਡੇ ਦੇ ਤਹਿਤ ਉਹ ਬਾਸਨੀਆਂ ਅੰਦਰ ਚੱਲ ਰਹੇ ਗ੍ਰਹਿ ਯੁੱਧ 'ਚ ਜਿਹਾਦੀਆਂ ਦੀ ਮੱਦਦ ਕਰ ਰਿਹਾ ਸੀ। ਇਸ ਤੋਂ ਬਿਨਾ ਇਹ ਏਜੈਂਸੀ ਫਿਲਪੀਨਜ਼, ਰਸ਼ੀਆ ਦੇ ਕਈ ਹਿੱਸਿਆਂ 'ਚ ਚੱਲ ਰਹੇ ਜਿਹਾਦ ਅਤੇ ਚੀਨ ਦੇ ਸਿਨਜ਼ਿਆਂਗ ਸੂਬੇ 'ਚ ਚੱਲ ਰਹੇ ਸੰਘਰਸ਼ ਵਿੱਚ ਵੀ ਉਪਰੋਕਤ ਨੀਤੀ ਅਪਣਾ ਰਹੀ ਸੀ। ਹਰ ਜਿਹਾਦ 'ਚ ਅਰਬ ਅਫਗਾਨਾਂ ਦੇ ਜਥੇ ਲੜ ਰਹੇ ਸਨ। ਇਹ ਉਹੀ ਲੋਕ ਸਨ ਜੋ ਅਫਗਾਨਿਸਤਾਨ ਦੀ ਜੰਗ ਵੇਲੇ ਅਮਰੀਕਾ ਵੱਲੋਂ ਰਸ਼ੀਆ ਦੇ ਖਿਲਾਫ ਲੜੇ ਸਨ। ਜਦੋਂ ਉੱਥੇ ਲੜਾਈ ਖਤਮ ਹੋ ਗਈ ਤਾਂ ਇਨ੍ਹਾਂ ਜਥਿਆਂ ਦੇ ਲੀਡਰ ਆਪਣੇ ਲੜਾਕਿਆਂ ਨੂੰ ਦੁਨੀਆਂ ਦੇ ਹੋਰਨਾ ਖੇਤਰਾਂ ਵੱਲ ਲੈ ਤੁਰੇ। ਇਨ੍ਹਾਂ ਲੀਡਰਾਂ ਵਿੱਚੋਂ ਸਭ ਤੋਂ ਵੱਧ ਉੱਭਰ ਕੇ ਬਾਹਰ ਆ ਰਿਹਾ ਲੀਡਰ, ਉਸਾਮਾ ਬਿਨ ਲਾਦਿਨ ਸੀ। ਇਸ ਤੋਂ ਬਿਨਾ ਬਲੋਚਿਸਤਾਨ ਦਾ ਇੱਕ ਵੱਡਾ ਤੇ ਬਹੁਤ ਹੀ ਅਮੀਰ ਪਰਿਵਾਰ ਜਿਹਾਦ ਵਿੱਚ ਮੁੱਖ ਭੂਮਿਕਾ ਨਿਭਾ ਰਿਹਾ ਸੀ। ਇਸਨੂੰ ਅਲ ਬਲੋਚੀ ਕਰਕੇ ਜਾਣਿਆਂ ਜਾਂਦਾ ਸੀ। ਇਹ ਸਾਰਾ ਪਰਿਵਾਰ ਕਾਫੀ ਪਹਿਲਾਂ ਪਾਕਿਸਤਾਨ ਤੋਂ ਕੁਵੇਤ ਚਲਾ ਗਿਆ ਸੀ। ਪਰ 1980 ਦੇ ਇਰਦ ਗਿਰਦ ਇਹ ਫਿਰ ਵਾਪਸ ਪਾਕਿਸਤਾਨ ਮੁੜ ਆਇਆ ਤੇ ਅੱਜ ਕੱਲ੍ਹ ਜਿਹਾਦ 'ਚ ਵਧ ਚੜ੍ਹ ਕੇ ਹਿੱਸਾ ਲੈ ਰਿਹਾ ਸੀ। ਇਸ ਪਰਿਵਾਰ ਦੇ ਮੋਢੀ ਦਾ ਨਾਂ ਖਾਲਿਦ ਸ਼ੇਖ ਮੁਹੰਮਦ ਸੀ ਜਿਸਨੂੰ ਸਾਰੇ ਉਸਦੇ ਨਿੱਕ ਨਾਂ ਜਾਣੀ ਕਿ ਕੇ. ਐਸ. ਐਮ. ਕਰਕੇ ਜਾਣਦੇ ਸਨ। ਰਮਜੀ ਯੂਸਫ, ਇਸੇ ਕੇ. ਐਸ. ਐਮ. ਦਾ ਭਤੀਜਾ ਸੀ।

ਖੈਰ ਆਪਣੀਆਂ ਛੁੱਟੀਆਂ ਬਿਤਾ ਕੇ ਆਫੀਆ ਵਾਪਸ ਅਮਰੀਕਾ ਆ ਗਈ। ਜਦੋਂ ਉਹ ਲੋਗਨ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰ ਕੇ ਕਸਟਮ ਬਗੈਰਾ ਦੀ ਕਲੀਅਰੈਂਸ ਲਈ ਲਾਈਨ ਵਿੱਚ ਲੱਗੀ ਹੋਈ ਸੀ ਤਾਂ ਉਸਨੇ ਵੇਖਿਆ ਕਿ ਨਾਲ ਦੀ ਲਾਈਨ 'ਚ ਖੜ੍ਹਾ ਕੋਈ ਜਣਾ ਉਸ ਵੱਲ ਬੜੇ ਗੌਹ ਨਾਲ ਝਾਕ ਰਿਹਾ ਸੀ। ਉਸਨੇ ਦਿਮਾਗ 'ਤੇ ਜ਼ੋਰ ਪਾ ਕੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਆਦਮੀ ਨੂੰ ਪਹਿਲਾਂ ਉਸਨੇ ਕਿੱਥੇ ਵੇਖਿਆ ਹੋਇਆ, ਪਰ ਉਸ ਨੂੰ ਕੁਝ ਯਾਦ ਨਾ ਆਇਆ। ਉਹ ਨੀਵੀਂ ਪਾਈ ਸੋਚਣ ਲੱਗੀ। ਫਿਰ ਉਸਦੇ ਦਿਮਾਗ 'ਚ ਅਚਾਣਕ ਕੁਝ ਕੌਂਧਿਆ ਤੇ ਉਸਨੇ ਭੜੱਕ ਦੇਣੇ ਨਾਲ ਦੀ ਲਾਈਨ ਵੱਲ ਵੇਖਿਆ। ਉਦੋਂ ਨੂੰ ਉਹ ਆਦਮੀ ਅੱਗੇ ਨਿਕਲ ਗਿਆ ਸੀ ਆਫੀਆ ਮਨ ਹੀ ਮਨ ਬੋਲੀ, 'ਉਹ ਇਹ ਤਾਂ ਰਮਜੀ ਯੂਸਫ ਐ, ਜਿਸਨੂੰ ਉਸ ਦਿਨ ਐਮ. ਐਸ. ਏ. ਦੀ ਮੀਟਿੰਗ 'ਚ ਵੇਖਿਆ ਸੀ।'

## 5

ਅਲ ਕੀਫਾ ਦੀ ਮੀਟਿੰਗ 'ਚ ਹਿੱਸਾ ਲੈਣ ਮਾਰਲੇਨ ਅਤੇ ਆਫੀਆ ਇਕੱਠੀਆਂ ਪਹੁੰਚੀਆਂ। ਇਹ ਮੀਟਿੰਗ ਕਿਸੇ ਦੇ ਘਰ ਹੋ ਰਹੀ ਸੀ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਆਫੀਆ ਅਤੇ ਮਾਰਲੇਨ ਪਾਸੇ ਖੜ੍ਹੀਆਂ ਗੱਲਾਂ ਕਰ ਰਹੀਆਂ ਸਨ ਕਿ ਉਦੋਂ ਹੀ ਆਫੀਆ ਦੇ ਕੰਨੀ ਆਵਾਜ਼ ਪਈ,

"ਸਲਾਮਾ ਲੇਕਮ, ਹਮਸ਼ੀਰਾ।"

ਆਫੀਆ ਨੇ ਪਿੱਛੇ ਮੁੜ ਕੇ ਵੇਖਿਆ। ਸਾਹਮਣੇ ਰਮਜੀ ਯੂਸਫ ਖੜ੍ਹਾ ਸੀ। ਉਹ ਬੜੇ ਉਤਸ਼ਾਹ ਨਾਲ ਬੋਲੀ, "ਉਹ ਜੀ ਵਾਲ ਏਕਮ ਸਲਾਮ। ਮੇਰਾ ਖਿਆਲ ਐ ਆਪਾਂ ਉਸ ਦਿਨ ਇਕੱਠੇ ਇਕੋ ਫਲਾਈਟ 'ਤੇ ਆਏ ਸੀ।"

"ਮਾਰਲੇਨ ਤੇਰਾ ਕੀ ਹਾਲ ਐ ?" ਰਮਜੀ ਯੂਸਫ ਨੇ ਆਫੀਆ ਦੀ ਇਕੱਠੇ ਆਉਣ ਵਾਲੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ।

"ਜੀ ਠੀਕ ਐ। ਤੁਸੀਂ ਸੁਣਾਉ।"

"ਹੋਰ ਬਸਮ ਦਾ ਫੋਨ ਬਗੈਰਾ ਆਇਆ ਸੀ ?"

"ਹਾਂ ਫੋਨ ਤਾਂ ਉਸਦਾ ਆਉਂਦਾ ਈ ਰਹਿੰਦਾ ਐ। ਕਹਿ ਰਿਹਾ ਸੀ ਕਿ ਬਾਸਨੀਆਂ ਦੀ ਘਰੇਲੂ ਜੰਗ ਖਤਰਨਾਕ ਰੂਪ ਅਖਤਿਆਰ ਕਰਦੀ ਜਾ ਰਹੀ ਐ।"

"ਇਹ ਘਰੇਲੂ ਜੰਗ ਨ੍ਹੀਂ, ਇਹ ਮੁਸਲਮਾਨਾ ਨੂੰ ਖਤਮ ਕਰਨ ਦੀ ਯੋਜਨਾਬੰਦ ਸਕੀਮ ਐਂ। ਇਸ ਸਕੀਮ 'ਚ ਸਾਰੀ ਦੁਨੀਆਂ, ਮੁਸਲਮਾਨਾਂ ਦੇ ਖਿਲਾਫ ਇਕੱਠੀ ਹੋ ਚੁੱਕੀ ਐ। ਖੈਰ....।" ਉਹ ਗੱਲ ਵਿਚਕਾਰੇ ਛੱਡਦਾ ਕਿਸੇ ਹੋਰ ਕੋਲ ਜਾ ਕੇ ਗੱਲਾਂ ਕਰਨ ਲੱਗਿਆ। ਫਿਰ ਮੀਟਿੰਗ ਸ਼ੁਰੂ ਹੋ ਗਈ। ਅੱਜ ਦਾ ਮੁੱਖ ਏਜੰਡਾ ਸੀ ਬਾਸਨੀਆਂ ਵਿੱਚ ਚੱਲ ਰਿਹਾ ਜਿਹਾਦ। ਹੋਰ ਚਰਚਾਵਾਂ ਤੋਂ ਬਿਨਾਂ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਗਈ ਕਿ ਉੱਥੇ ਦੇ ਜਿਹਾਦ ਵਿੱਚ ਯਤੀਮ ਹੋ ਰਹੇ ਬੱਚਿਆਂ ਅਤੇ ਵਿਧਵਾਵਾਂ ਲਈ ਫੰਡ ਇਕੱਠਾ ਕਰਨ ਦੀ ਲੋੜ ਐ। ਇਸ ਦੇ ਲਈ ਇੱਕ ਨਵੀਂ ਜਥੇਬੰਦੀ 'ਰਿਲੀਫ ਇੰਟਰਨੈਸ਼ਨਲ' ਸ਼ੁਰੂ ਕਰਨ ਦਾ ਨਿਰਣਾ ਲਿਆ ਗਿਆ। ਇਸ ਦਾ ਸਾਰਾ ਕੰਮ ਕਾਜ ਅਤੇ ਲੋਕਾਂ ਤੋਂ ਇਸ ਲਈ ਫੰਡ ਇਕੱਠਾ ਕਰਨ ਦੀ ਜ਼ਿੰਮੇਵਾਰੀ ਆਫੀਆ ਨੇ ਲੈ ਲਈ। ਮੀਟਿੰਗ ਖਤਮ ਹੋਣ ਦੇ ਨੇੜੇ ਸੀ ਜਦੋਂ ਇੱਕ ਜਣੇ ਦੇ ਮੋਢੇ 'ਤੇ ਹੱਥ ਰੱਖੀ, ਉਸਦੇ ਮਗਰ ਮਗਰ ਤੁਰਦਾ, ਸ਼ੇਖ ਉਮਰ ਰਹਿਮਾਨ ਕਮਰੇ 'ਚ ਦਾਖਲ ਹੋਇਆ। ਸਾਰਿਆਂ ਨੇ ਖੜ੍ਹੇ ਹੁੰਦਿਆਂ, ਝੁਕ ਕੇ ਸ਼ੇਖ ਨੂੰ ਸਲਾਮ ਕਹੀ। ਸ਼ੇਖ ਨੇ ਹੱਥ ਦੇ ਇਸ਼ਾਰੇ ਨਾਲ ਸਾਰਿਆਂ ਨੂੰ ਬੈਠਣ ਨੂੰ ਕਿਹਾ ਤੇ ਆਪਣੀ ਸੋਟੀ ਇੱਧਰ ਉੱਧਰ ਫੇਰਦਿਆਂ ਸੋਫਾ ਲੱਭ ਕੇ ਆਰਾਮ ਨਾਲ ਬੈਠ ਗਿਆ।

"ਸਾਰੇ ਜਿਹਾਦੀਆਂ ਦਾ ਅੱਜ ਦੀ ਮੀਟਿੰਗ ਵਿੱਚ ਸੁਆਗਤ ਐ। ਮੈਂ ਬਹੁਤੀਆਂ ਗੱਲਾਂ ਨ੍ਹੀਂ ਕਰਨੀਆਂ। ਬੱਸ ਮੈਂ ਇਤਨਾ ਈ ਯਾਦ ਕਰਵਾਉਣਾ ਐ ਕਿ ਤੁਹਾਨੂੰ ਆਪਣਾ ਫਰਜ਼ ਹਰ ਵਕਤ ਯਾਦ ਰਹਿਣਾ ਚਾਹੀਦਾ ਐ....।"

ਉਹ ਬੋਲਦਾ ਬੋਲਦਾ ਚੁੱਪ ਹੋਇਆ। ਕਮਰੇ 'ਚ ਮੁਕੰਮਲ ਚੁੱਪੀ ਛਾਈ ਹੋਈ ਸੀ। ਕੋਈ ਉੱਚਾ ਸਾਹ ਵੀ ਨ੍ਹੀਂ ਲੈ ਰਿਹਾ ਸੀ। ਉਸਨੇ ਪਲ ਭਰ ਰੁਕਦਿਆਂ ਅੱਗੇ ਬੋਲਣਾ ਸ਼ੁਰੂ ਕੀਤਾ, "ਇਹ ਦੁਨੀਆਂ ਕਾਫਰਾਂ ਨਾਲ ਭਰੀ ਪਈ ਐ। ਜਦੋਂ ਤੱਕ ਇਨ੍ਹਾਂ ਸਾਰਿਆਂ ਦਾ ਸਫਾਇਆ ਨ੍ਹੀਂ ਹੋ ਜਾਂਦਾ ਉਦੋਂ ਤੱਕ ਧਰਤੀ 'ਤੇ ਸ਼ਾਂਤੀ ਨ੍ਹੀਂ ਹੋ ਸਕਦੀ। ਇੱਥੇ ਮੁਕੰਮਲ ਸ਼ਾਂਤੀ ਉਦੋਂ ਈ ਹੋਵੇਗੀ ਜਦੋਂ ਚਾਰੇ ਪਾਸੇ ਇਸਲਾਮੀ ਝੰਡਾ ਝੂਲੇਗਾ। ਮੈਂ ਭਾਵੇਂ ਵੇਖਣੋ ਅਸਮਰਥ ਆਂ ਪਰ ਕਾਫਰਾਂ ਦੀ ਚੜ੍ਹਤ ਹਰ ਵਕਤ ਮੇਰੇ ਮਨ ਦੀਆਂ ਅੱਖਾਂ ਦੇ ਸਾਹਮਣੇ ਰਹਿੰਦੀ ਐ। ਆਹ ਕੁਝ ਹੀ ਦੂਰੀ 'ਤੇ ਇਨ੍ਹਾਂ ਕਾਫਰਾਂ ਦੀਆਂ ਅਸਮਾਨ ਛੋਹਦੀਆਂ ਬਿਲਡਿੰਗਾਂ ਮੇਰੇ ਦਿਲ 'ਤੇ ਕੰਡੇ ਵਾਂਗੂੰ ਚੁਭਦੀਆਂ ਨੇ। ਕਾਸ਼ ਕਿ ਕੋਈ...।" ਉਹ ਚੁੱਪ ਹੁੰਦਾ ਅੱਗੇ ਦੀ ਗੱਲ ਉੱਥੇ ਹੀ ਦਬਾ ਗਿਆ। ਸਾਰੇ ਸਮਝ ਗਏ ਕਿ ਉਸਦਾ ਇਸ਼ਾਰਾ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਵੱਲ ਸੀ। ਕੁਝ ਦੇਰ ਬੇਜਾਨ ਪੁਤਲੀਆਂ ਇੱਧਰ ਉੱਧਰ ਘੁਮਾਉਂਦਾ ਉਹ ਫਿਰ ਬੋਲਿਆ, "ਇਨ੍ਹਾਂ ਕਾਫਰਾਂ ਦੇ ਦੂਹਰੇ ਮਾਪ ਦੰਡ ਵੇਖੋ। ਇਨ੍ਹਾਂ ਨੇ ਜਾਪਾਨ ਅੰਦਰ ਦੋ ਬੰਬ ਸੁੱਟ ਕੇ ਤਕਰੀਬਨ ਸਵਾ ਦੋ ਲੱਖ ਲੋਕ ਹਫਤੇ 'ਚ ਮਾਰ ਮੁਕਾਏ। ਸਾਡੇ ਫਲਸਤੀਨੀ ਭਰਾਵਾਂ ਦੀ ਲੜਾਈ ਨੂੰ ਇਹ ਟੈਰੋਰਿਜ਼ਮ ਦੱਸਦੇ ਨੇ। ਜ਼ਰਾ ਸੋਚੋ ਕਿ ਅਸਲੀ  ਟੈਰੋਰਿਸਟ ਕੌਣ ਹੋਇਆ। ਆਪਣੇ ਹੱਕਾਂ ਲਈ ਲੜਨ ਵਾਲਾ ਜਾਂ ਨਿਰਦੋਸ਼ ਲੋਕਾਂ ਨੂੰ ਐਟਮ ਬੰਬਾਂ ਨਾਲ ਮਾਰਨ ਵਾਲਾ। ਖੈਰ ਪਵਿੱਤਰ ਫਤਵਾ ਜਾਰੀ ਹੋ ਚੁੱਕਿਆ ਐ। ਉਸ 'ਤੇ ਅਮਲ ਕਰਨਾ ਹਰ ਸੱਚੇ ਮੁਸਲਮਾਨ ਦਾ ਕਰਤੱਵ ਐ।" ਇੰਨਾ ਕਹਿੰਦਾ ਉਹ ਉੱਠ ਖੜ੍ਹਾ ਹੋਇਆ। ਜੋ ਬੰਦਾ ਉਸਨੂੰ ਲੈ ਕੇ ਆਇਆ ਸੀ ਉਸਨੇ ਅਗਾਂਹ ਹੋ ਕੇ ਸ਼ੇਖ ਦੀ ਬਾਂਹ ਫੜ੍ਹ ਲਈ ਤੇ ਅੰਦਰ ਨੂੰ ਲੈ ਤੁਰਿਆ। ਇਸ ਪਿੱਛੋਂ ਮੀਟਿੰਗ ਬਰਖਾਸਤ ਹੋ ਗਈ। ਸਾਰੇ ਉੱਠ ਕੇ ਤੁਰਨ ਲੱਗੇ। ਆਫੀਆ ਅਤੇ ਮਾਰਲੇਨ ਵੀ ਬਾਹਰ ਆ ਗਈਆਂ। ਆਫੀਆ ਵੇਖ ਰਹੀ ਸੀ ਕਿ ਹਰ ਕੋਈ ਮੀਟਿੰਗ 'ਚੋਂ ਉੱਠ ਆਇਆ ਹੈ ਪਰ ਰਮਜੀ ਯੂਸਫ, ਮੁਹੰਮਦ ਸਾਲੇਮਾਹ ਅਤੇ ਇੱਕ ਜਣਾ ਹੋਰ ਪਿੱਛੇ ਹੀ ਰੁਕ ਗਏ। ਉੱਥੋਂ ਉਹ ਤੁਰ ਪਈਆਂ ਪਰ ਰਸਤੇ ਵਿੱਚ ਉਨ੍ਹਾਂ ਵਿਚਕਾਰ ਜ਼ਿਆਦਾ ਗੱਲਬਾਤ ਨਾ ਹੋਈ। ਆਫੀਆ ਚੁੱਪ ਸੀ ਪਰ ਉਸਦਾ ਮਨ ਚੁੱਪ ਨਹੀਂ ਸੀ। ਉਹ ਸੋਚ ਰਹੀ ਸੀ ਕਿ ਸ਼ੇਖ ਉਮਰ ਅਬਦਲ ਰਹਿਮਾਨ ਨੇ ਜੋ

ਫਤਵੇ ਬਾਰੇ ਕਿਹਾ ਸੀ ਉਹ ਜ਼ਰੂਰ ਹੀ ਕੋਈ ਅਹਿਮ ਗੱਲ ਹੋਵੇਗੀ। ਉਸ ਦੇ ਮਨ ਵਿੱਚ ਇਹ ਗੱਲ ਵੀ ਆ ਰਹੀ ਸੀ ਕਿ ਰਮਜੀ, ਦੂਸਰੇ ਸਾਥੀਆਂ ਸਮੇਤ ਉੱਥੇ ਹੀ ਕਿਉਂ ਰੁਕ ਗਿਆ। ਉਸਨੂੰ ਇਸ ਗੱਲ ਦਾ ਅਫਸੋਸ ਹੋ ਰਿਹਾ ਸੀ ਕਿ ਜੇਕਰ ਕੋਈ ਜ਼ਰੂਰੀ ਗੱਲ ਹੈ ਤਾਂ ਉਸਨੂੰ ਵੀ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਸੀ। ਉਸ ਨੂੰ ਲੱਗਿਆ ਕਿ ਸ਼ਾਇਦ ਉਸ ਉੱਪਰ ਅਜੇ ਪੂਰਾ ਭਰੋਸਾ ਨਹੀਂ ਕੀਤਾ ਜਾ ਰਿਹਾ। ਉਸਦਾ ਮਨ ਕਹਿ ਰਿਹਾ ਸੀ ਕਿ ਉਹ ਇਸ ਤਰ੍ਹਾਂ ਪਿੱਛੇ ਰਹਿਣ ਵਾਲਿਆਂ ਵਿੱਚੋਂ ਨਹੀਂ ਹੈ। ਉਹ ਤਾਂ ਮੂਹਰਲੀ ਕਤਾਰ ਦੀ ਜਿਹਾਦੀ ਹੈ। ਇਸ ਤਰ੍ਹਾਂ ਸੋਚਾਂ ਸੋਚਦਿਆਂ ਪਤਾ ਹੀ ਨਾ ਲੱਗਿਆ ਕਿ ਕਦੋਂ ਉਸਦਾ ਹੋਸਟਲ ਆ ਗਿਆ। ਮਾਰਲੇਨ ਉਸਨੂੰ ਉਤਾਰ ਕੇ ਅੱਗੇ ਚਲੀ ਗਈ।

ਇਸਦੇ ਹਫਤਾ ਕੁ ਪਿੱਛੋਂ ਆਫੀਆ ਦੁਪਹਿਰ ਵੇਲੇ ਖ਼ਬਰਾਂ ਵੇਖ ਰਹੀ ਸੀ ਜਦੋਂ ਉਹ ਉੱਛਲ ਕੇ ਖੜ੍ਹੀ ਹੋ ਗਈ। ਖ਼ਬਰ ਹੀ ਅਜਿਹੀ ਸੀ ਜਿਸਨੇ ਉਸਦਾ ਰੋਮ ਰੋਮ ਉਤਸ਼ਾਹ ਨਾਲ ਭਰ ਦਿੱਤਾ। ਸੀ. ਐਨ. ਐਨ. ਖ਼ਬਰ ਦੇ ਰਿਹਾ ਸੀ, "ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੀ ਪਾਰਕਿੰਗ 'ਚ ਬੰਬ ਧਮਾਕਾ। ਜਿਸ ਵਿੱਚ ਕਿ ਅੱਧੀ ਦਰਜਣ ਦੇ ਕਰੀਬ ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋ ਗਏ।"

ਇਹ ਖ਼ਬਰ ਸੁਣਦਿਆਂ ਹੀ ਆਫੀਆ ਦੇ ਕੰਨ ਭੜੱਕ ਭੜੱਕ ਖੁੱਲ੍ਹ ਗਏ। ਉਸਨੂੰ ਯਾਦ ਆ ਗਿਆ ਕਿ ਉਸ ਦਿਨ ਮੀਟਿੰਗ ਵਿੱਚ ਜੋ ਸ਼ੇਖ ਉਮਰ ਨੇ ਜੋ ਫਤਵੇ ਦੀ ਗੱਲ ਕਹੀ ਸੀ ਉਹ ਇਸੇ ਕੰਮ ਬਾਰੇ ਸੀ। ਫਿਰ ਨਾਲ ਹੀ ਉਸਨੂੰ ਇਹ ਖਿਆਲ ਵੀ ਆਇਆ ਕਿ ਰਮਜੀ ਯੂਸਫ ਅਤੇ ਉਸਦੇ ਦੋ ਸਾਥੀ ਪਿੱਛੇ ਸ਼ਾਇਦ ਇਸੇ ਕਾਰਵਾਈ ਲਈ ਰੁਕੇ ਸਨ ਜੋ ਕਿ ਅੱਜ ਵਰਲਡ ਟਰੇਡ ਸੈਂਟਰ ਵਿੱਚ ਵਾਪਰੀ ਹੈ। ਉਸਨੇ ਕਈ ਦੋਸਤਾਂ ਨੂੰ ਫੋਨ ਕੀਤੇ ਪਰ ਕਿਧਰਿਉਂ ਵੀ ਕੋਈ ਪੱਕੀ ਜਾਣਕਾਰੀ ਨਾ ਮਿਲੀ। ਉਸਨੇ ਸੁਹੇਲ ਨੂੰ ਫੋਨ ਕੀਤਾ ਤਾਂ ਉਸਨੇ ਕਿਹਾ ਕਿ ਉਹ ਉਸਨੂੰ ਅਗਲੇ ਦਿਨ ਮਿਲੂਗਾ।

ਅਗਲੇ ਦਿਨ ਸ਼ਾਮ ਵੇਲੇ ਆਫੀਆ ਅਤੇ ਸੁਹੇਲ ਕਾਰ ਵਿੱਚ ਬਹਿੰਦੇ ਕਿਧਰੇ ਨਵੇਕਲੇ ਪਾਰਕ ਵਿੱਚ ਚਲੇ ਗਏ। ਉੱਥੇ ਪਹੁੰਚ ਕੇ ਸੁਹੇਲ ਨੇ ਗੱਲ ਸ਼ੁਰੂ ਕੀਤੀ, "ਸ਼ੇਖ ਸਾਹਿਬ ਨੇ ਫਤਾਵਾ ਜਾਰੀ ਕੀਤਾ ਸੀ ਕਿ ਘੱਟੋ ਘੱਟ ਢਾਈ ਲੱਖ ਅਮਰੀਕਣਾ ਨੂੰ ਇਕੱਠਿਆਂ ਹੀ ਇੱਕੋ ਐਕਸ਼ਨ ਵਿੱਚ ਮਾਰਿਆ ਜਾਵੇ। ਇਸਦੇ ਲਈ ਰਮਜੀ ਯੂਸਫ ਦੀ ਜ਼ਿੰਮੇਵਾਰੀ ਲਾਈ ਗਈ ਸੀ। ਰਮਜੀ ਨੇ ਆਪਣੇ ਨਾਲ ਖਾਸ ਦੋਸਤ ਮੁਹੰਮਦ ਸਾਲੇਮਾਹ ਨੂੰ ਨਾਲ ਲਿਆ। ਉਂਝ ਉਹ ਇਸਦੀ ਤਿਆਰੀ ਪਹਿਲਾਂ ਤੋਂ ਹੀ ਕਰ ਰਹੇ ਸਨ। ਉਨ੍ਹਾਂ ਕਿਸੇ ਹੋਰ ਦੋਸਤ ਦੇ ਘਰ, ਗੈਰਾਜ ਵਿੱਚ ਪੰਦਰਾਂ ਸੋ ਪੌਂਡ ਦਾ ਬੰਬ ਤਿਆਰ ਕਰ ਰੱਖਿਆ ਸੀ। ਫਿਰ 26 ਫਰਵਰੀ ਵਾਲੇ ਦਿਨ ਮੁਹੰਮਦ ਸਾਲੇਮਾਹ ਨੇ ਟਰੱਕ ਕਿਰਾਏ 'ਤੇ ਲਿਆਂਦਾ ਅਤੇ ਬੰਬ ਉਸ ਵਿੱਚ ਟਿਕਾ ਲਿਆ। ਲੰਚ ਟਾਈਮ ਵੇਲੇ ਉਹ ਟਰੱਕ 'ਚ ਬਹਿੰਦੇ ਵਰਲਡ ਟਰੇਡ ਸੈਂਟਰ ਵੱਲ ਤੁਰ ਪਏ। ਟਰੱਕ ਦੇ ਪਿੱਛੇ ਹੀ ਇੱਕ ਹੋਰ ਦੋਸਤ ਨੇ ਆਪਣੀ ਕਾਰ ਤੋਰ ਲਈ। ਬੰਬ ਕਿੱਥੇ ਰੱਖਣਾ ਹੈ, ਇਸਦੀ ਨਿਸ਼ਾਨਦੇਹੀ ਰਮਜੀ ਨੇ ਪਹਿਲਾਂ ਹੀ ਕੀਤੀ ਹੋਈ ਸੀ। ਉਨ੍ਹਾਂ ਟਰੱਕ, ਨਾਰਥ ਟਾਵਰ ਦੀ ਪਾਰਕਿੰਗ ਦੇ ਬੀ ਬਲਾਕ ਵਿੱਚ ਜਾ ਖੜ੍ਹਾ ਕੀਤਾ। ਟਰੱਕ ਖੜ੍ਹਾ ਕਰਨ ਪਿੱਛੋਂ ਰਮਜੀ ਨੇ ਬੰਬ ਦੇ ਫਲੀਤੇ ਨੂੰ ਅੱਗ ਲਾਈ ਤੇ ਭੱਜ ਕੇ ਨਾਲ ਆਈ ਦੋਸਤ ਦੀ ਕਾਰ ਵਿੱਚ ਜਾ ਬੈਠਾ। ਉੱਥੋਂ ਕਾਰ ਸਟਾਰਟ ਕਰਦੇ ਉਹ ਭੱਜ ਨਿਕਲੇ। ਇਸਦੇ ਕੁਝ ਮਿੰਟ ਪਿੱਛੋਂ ਉੱਥੇ ਬਹੁਤ ਜ਼ਬਰਦਸਤ ਧਮਾਕਾ ਹੋਇਆ, ਜਿਸਨੇ ਸਾਰਾ ਲੋਅਰ ਮੈਨਹੰਟਨ ਹਿਲਾ ਦਿੱਤਾ। ਪਰ ਅਫਸੋਸ ਕਿ ਜੋ ਸੋਚਿਆ ਗਿਆ ਸੀ ਉਹ ਨਾ ਹੋ ਸਕਿਆ।"

"ਉਹ ਕੀ ?" ਚੁੱਪ ਚਾਪ ਸੁਹੇਲ ਦੀ ਗੱਲ ਸੁਣ ਰਹੀ ਆਫੀਆ ਨੇ ਹੈਰਾਨ ਹੋ ਕੇ ਪੁੱਛਿਆ।

"ਰਮਜੀ ਯੂਸਫ ਦਾ ਖਿਆਲ ਸੀ ਕਿ ਇਹ ਬੰਬ ਇਤਨਾ ਸ਼ਕਤੀਸ਼ਾਲੀ ਐ ਕਿ ਇਸ ਨਾਲ ਨਾਰਥ ਟਾਵਰ ਢਹਿ ਢੇਰੀ ਹੋ ਜਾਵੇਗਾ। ਇੰਨਾ ਹੀ ਨ੍ਹੀਂ ਸਗੋਂ ਇਹ ਢਹਿੰਦਾ ਹੋਇਆ ਸਾਊਥ ਟਾਵਰ ਨੂੰ ਵੀ ਨਾਲ ਹੀ ਡੇਗ ਦੇਵੇਗਾ। ਉਸਦੀ ਸੋਚਣੀ ਸੀ ਕਿ ਉਸਦਾ ਇਹ ਕੰਮ ਦੋਨਾਂ ਟਾਵਰਾਂ ਨੂੰ ਧਰਤੀ 'ਤੇ ਵਿਛਾ ਦੇਵੇਗਾ ਤੇ ਇੱਥੇ ਕੰਮ ਕਰਨ ਵਾਲੇ ਸਾਰੇ ਲੋਕ ਮਾਰੇ ਜਾਣਗੇ। ਪਰ ਅਫਸੋਸ ਉਸਦੀ ਮਨਸ਼ਾ ਪੂਰੀ ਨਾ ਹੋਈ। ਸਿਰਫ ਪੰਜ ਛੇ ਲੋਕ ਹੀ ਮਰੇ ਨੇ।"

"ਅੱਲਾ ਉਸਦੀ ਇਨ੍ਹਾਂ ਟਾਵਰਾਂ ਨੂੰ ਢਾਉਣ ਦੀ ਮਨਸ਼ਾ ਜ਼ਰੂਰ ਪੂਰੀ ਕਰੇਗਾ। ਪਰ ਸੁਹੇਲ, ਰਮਜੀ ਯੂਸਫ ਸਾਡੀ ਕੌਮ ਦਾ ਹੀਰੋ ਐ। ਉਹ ਅਸਲੀ ਜਿਹਾਦੀ ਐ। ਸਾਨੂੰ ਇਹੋ ਜਿਹੇ ਜਿਹਾਦੀਆਂ ਦੀ ਲੋੜ ਐ।"

"ਅੱਲਾ ਸਭ ਕਾਮਨਾਵਾਂ ਪੂਰੀਆਂ ਕਰੂਗਾ। ਬੱਸ ਆਪਣਾ ਕੰਮ ਐਂ ਕਿ ਆਪਣੇ ਰਾਹ ਚਲਦੇ ਰਹੀਏ।" ਇੰਨਾ ਕਹਿੰਦਿਆਂ ਸੁਹੇਲ ਗੱਡੀ ਬੈਕ ਕਰਨ ਲੱਗਿਆ।

"ਆਪਾਂ ਨੂੰ ਵੱਧ ਤੋਂ ਵੱਧ ਲੜਾਕੇ ਭਰਤੀ ਕਰਨੇ ਚਾਹੀਦੇ ਨੇ।" ਆਫੀਆ ਨੇ ਆਪਣੀ ਗੱਲ ਕਹੀ।

"ਅੱਗੇ ਅੱਗੇ ਵੇਖ ਸਹੀ ਕਿ ਕੀ ਬਣਦਾ ਐ। ਵੈਸੇ ਤੂੰ ਵੀ ਜਿਹਾਦ ਵਾਸਤੇ ਬਹੁਤ ਕੁਝ ਕਰ ਰਹੀ ਐਂ।"

"ਸੁਹੇਲ ਜੇ ਸੱਚ ਪੁੱਛਦਾ ਐਂ ਤਾਂ ਮੈਨੂੰ ਲੱਗਦਾ ਐ ਕਿ ਮੈਂ ਵੀ ਫਰੰਟ 'ਤੇ ਜਾ ਕੇ ਲੜਾਂ।"

"ਨ੍ਹੀਂ, ਲੜਾਈ 'ਚ ਹਰ ਇੱਕ ਦਾ ਆਪਣਾ ਆਪਣਾ ਕੰਮ ਹੁੰਦਾ ਐ। ਤੂੰ ਜੋ ਕਰ ਰਹੀ ਐਂ ਇਹੀ ਸਹੀ ਐ। ਬੱਸ ਅੱਗੇ ਵਧਦੀ ਚੱਲ"

ਉਹ ਗੱਲਾਂ ਕਰਦੇ ਵਾਪਸ ਮੁੜ ਆਏ।

ਅਗਲੇ ਦਿਨ ਮੁਹੰਮਦ ਸਾਲੇਮਾਹ ਫੜ੍ਹਿਆ ਗਿਆ। ਉਸਦੇ ਗ੍ਰਿਫਤਾਰ ਹੋਣ ਦੀ ਦੇਰ ਸੀ ਕਿ ਜਰਸੀ ਸਿਟੀ ਦੇ ਅਲ ਕੀਫਾ ਮੈਂਬਰਾਂ 'ਚ ਹਫੜਾ ਦਫੜੀ ਮੱਚ ਗਈ। ਕਿੰਨੇ ਹੀ ਮੈਂਬਰ ਹੋਰ ਫੜ੍ਹੇ ਗਏ ਤੇ ਕਿੰਨੇ ਹੀ ਅੰਡਰਗਰਾਊਂਡ ਹੋ ਗਏ। ਇਹ ਮਾਮਲਾ ਇੱਥੇ ਹੀ ਨਾ ਰੁਕਿਆ। ਪੁਲੀਸ ਬਾਸਟਨ ਸ਼ਹਿਰ ਵੀ ਪਹੁੰਚ ਗਈ ਤੇ ਉੱਥੇ ਦੇ ਕਈ ਅਲ ਕੀਫਾ ਮੈਂਬਰ ਪੁਲੀਸ ਦੇ ਗ੍ਰਿਫਤ ਵਿੱਚ ਆ ਗਏ। ਉੱਧਰ ਰਮਜੀ ਯੂਸਫ ਨੇ ਧਮਾਕੇ ਵਾਲੇ ਦਿਨ ਹੀ ਸ਼ਾਮ ਵੇਲੇ ਪਾਕਿਸਤਾਨ ਨੂੰ ਫਲਾਈਟ ਲੈ ਲਈ। ਜਦੋਂ ਤੱਕ ਉਸਦਾ ਨਾਂ ਬਾਹਰ ਆਇਆ ਤਾਂ ਉਦੋਂ ਤੱਕ ਉਹ ਬਲੋਚਿਸਤਾਨ ਵਿਚਲੇ ਆਪਣੇ ਘਰ ਪਹੁੰਚ ਚੁੱਕਿਆ ਸੀ। ਅਗਲੇ ਦਿਨ ਉਹ ਪਿਸ਼ਾਵਰ ਦੇ ਉਨ੍ਹਾਂ ਸੁਰੱਖਿਅਤ ਟਿਕਾਣਿਆਂ ਵੱਲ ਨਿਕਲ ਗਿਆ ਜਿੱਥੇ ਕਿ ਅਲ ਕਾਇਦਾ ਅਤੇ ਹੋਰ ਜਥੇਬੰਦੀਆਂ ਦੇ ਜਿਹਾਦੀ ਬੜੇ ਆਰਾਮ ਨਾਲ ਬਿਨਾ ਕਿਸੇ ਡਰ ਭੌਅ ਦੇ ਰਹਿ ਰਹੇ ਸਨ।

ਧੜਾ ਧੜ ਹੋਈਆਂ ਅਲ ਕੀਫਾ ਦੀਆਂ ਗ੍ਰਿਫਤਾਰੀਆਂ ਨੇ ਤਹਿਲਕਾ ਤਾਂ ਮਚਾ ਦਿੱਤਾ ਪਰ ਮੈਂਬਰਾਂ ਦੇ ਹੌਂਸਲੇ ਹੋਰ ਵੀ ਬੁਲੰਦ ਹੋ ਗਏ। ਉਹ ਸੋਚਦੇ ਸਨ ਕਿ ਉਨ੍ਹਾਂ ਇੰਨਾ ਵੱਡਾ ਕਾਰਾ ਕੀਤਾ ਹੈ ਤੇ ਅੱਗੇ ਚੱਲ ਕੇ ਉਹ ਇਸ ਤੋਂ ਵੀ ਵੱਡਾ ਕੰਮ ਕਰ ਸਕਦੇ ਹਨ। ਆਫੀਆ ਦਾ ਵੀ ਹੌਂਸਲਾ ਬੁਲੰਦ ਹੋ ਗਿਆ। ਉਸਨੇ ਆਪਣੇ ਇੰਟਰਨੈੱਟ ਵਿਚਲੇ ਇਸ਼ਤਿਆਰ 'ਚ ਲਿਖਿਆ ਕਿ ਇਨ੍ਹਾਂ ਫੜ੍ਹੇ ਗਏ ਮੈਂਬਰਾਂ ਦੇ ਕੋਰਟ ਕੇਸਾਂ ਲਈ ਪੈਸਾ ਇਕੱਠਾ ਕੀਤਾ ਜਾਵੇ। ਪੁਲੀਸ ਦੇ ਦਬਾਅ ਕਾਰਨ ਅਲ ਕੀਫਾ ਦਾ ਦਫਤਰ ਬੰਦ ਕਰ ਦਿੱਤਾ ਗਿਆ। ਇਸ ਦੇ ਜ਼ਿਆਦਾ ਮੈਂਬਰ ਬਾਸਟਨ ਸ਼ਹਿਰ ਜਾ ਪਹੁੰਚੇ। ਉਨ੍ਹਾਂ ਅਲ ਕੀਫਾ ਦਾ ਨਾਂ ਛੱਡ ਕੇ ਨਵੀਂ ਜਥੇਬੰਦੀ ਬਣਾ ਲਈ ਜਿਸ ਦਾ ਨਾਂ ਸੀ, ਕੇਅਰ ਇੰਟਰਨੈਸ਼ਨਲ। ਨਿਊਜ਼ ਲੈਟਰ ਅਲਹਸਮ ਅਤੇ ਅਲਹਸਮ ਵੈੱਬ ਸਾਈਟ ਕੇਅਰ ਇੰਟਰਨੈਸ਼ਨਲ ਨਾਲ ਜੋੜ ਦਿੱਤੇ ਗਏ। ਇਨ੍ਹਾਂ ਰਾਹੀਂ ਮੁਸਲਿਮ ਸਮਾਜ ਨੂੰ ਬੜੇ ਜੋਸ਼ੋ ਖਰੋਸ਼ ਨਾਲ ਫੰਡ ਦੀ ਅਪੀਲ ਕੀਤੀ ਗਈ। ਦਿਨਾਂ ਵਿੱਚ ਹੀ ਲੱਖਾਂ ਡਾਲਰ ਇਕੱਠਾ ਹੋ ਗਿਆ। ਇਸ ਨਾਲ ਸਾਰੇ ਮੈਂਬਰਾਂ ਦੇ ਹੌਂਸਲੇ ਬੁਲੰਦੀਆਂ ਛੋਹਣ ਲੱਗੇ। ਇਨ੍ਹੀਂ ਦਿਨੀਂ ਹੀ ਇੱਕ ਦਿਨ ਆਫੀਆ ਨੇ ਅਖਬਾਰ 'ਚ ਰਮਜੀ ਯੂਸਫ ਬਾਰੇ ਪੂਰਾ ਲੇਖ ਪੜ੍ਹਿਆ। ਲਿਖਿਆ ਸੀ, "ਨਾਰਥ ਟਾਵਰ ਬੰਬ ਧਮਾਕੇ ਦੇ ਮੁੱਖ ਦੋਸ਼ੀ ਨੂੰ ਐੱਫ. ਬੀ. ਆਈ. ਦੀ ਮੋਸਟ ਵਾਂਟਿਡ ਲਿਸਟ 'ਤੇ ਪਾਉਣ ਪਿੱਛੋਂ ਉਸਦਾ ਪਿੱਛਾ ਕੀਤਾ ਗਿਆ। ਛੇਤੀ ਹੀ ਪਤਾ ਲੱਗ ਗਿਆ ਕਿ ਉਹ ਆਪਣੇ ਜੱਦੀ ਘਰ ਕੁਏਟਾ ਵਿੱਚ ਰਹਿ ਰਿਹਾ ਹੈ। ਪਾਕਿਸਤਾਨੀ ਪੁਲੀਸ ਦੀ ਮੱਦਦ ਨਾਲ ਉਸਨੂੰ ਫੜ੍ਹਨ ਦੀ ਸਕੀਮ ਬਣਾਈ ਗਈ। ਪਰ ਜਦੋਂ ਤੱਕ ਪੁਲੀਸ ਟੀਮਾਂ ਉੱਥੇ ਪਹੁੰਚੀਆਂ ਉਦੋਂ ਤੱਕ ਉਹ ਉੱਥੋਂ ਨਿਕਲ ਗਿਆ ਸੀ। ਲੱਗਦਾ ਹੈ ਕਿ ਉਸਦੇ ਪਾਕਿਸਤਾਨੀ ਖੁਫੀਆ ਏਜੰਸੀ, ਆਈ. ਐਸ. ਆਈ. ਦੇ ਅੰਦਰ ਡੂੰਘੇ ਸਬੰਧ ਹਨ। ਉਸਦੇ ਇਸ ਘਰੋਂ ਮਿਲੇ ਕਾਗਜ਼ਾਂ ਤੋਂ ਇਹ ਵੀ ਪਤਾ ਲੱਗਿਆ ਕਿ ਉਸਦਾ ਅਸਲੀ ਨਾਂ ਅਬਦਲ ਬਸਤ ਕਰੀਮ ਹੈ। ਬੰਬ ਧਮਾਕਾ ਕਰਨ ਤੋਂ ਪਿੱਛੋਂ ਉਹ ਇਸੇ ਨਾਂ ਦੇ ਪਾਸਪੋਰਟ 'ਤੇ ਪਾਕਿਸਤਾਨ ਭੱਜਿਆ ਸੀ। ਇਸ ਦੇ ਇਲਾਵਾ ਉਸਦੇ ਘਰੋਂ ਮਿਲੀਆਂ ਫੋਟੋਆਂ

ਵਿੱਚ ਉਸਦੀਆਂ ਕਈ ਵੱਡੇ ਬੰਦਿਆਂ ਨਾਲ ਫੋਟੋਆਂ ਵੀ ਮਿਲੀਆਂ। ਜਿਨ੍ਹਾਂ ਵਿੱਚ ਜਨਰਲ ਜਿਆ ਉਲ ਹੱਕ, ਉਸਦਾ ਪੁੱਤਰ ਇਜਾਜ ਉਲ ਹੱਕ ਅਤੇ ਪ੍ਰਧਾਨ ਮੰਤਰੀ ਨਵਾਜ ਸ਼ਰੀਫ ਵਰਗੇ ਸ਼ਾਮਲ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਪਾਕਿਸਤਾਨੀ ਰਾਜਨੀਤਕਾਂ ਦੇ ਕਿੰਨਾ ਨੇੜੇ ਹੈ। ਉਮੀਦ ਹੈ ਕਿ ਉਹ ਪਿਸ਼ਾਵਰ ਦੇ ਏਰੀਏ ਵਿੱਚ ਪਹੁੰਚ ਚੁੱਕਿਆ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀ ਗੁਪਤ ਜਾਣਕਾਰੀ ਮਿਲੀ ਹੈ।"

ਆਫੀਆ ਨੇ ਅਖਬਾਰ ਪਾਸੇ ਰੱਖ ਦਿੱਤਾ ਤੇ ਸੁਹੇਲ ਦੀ ਕਹੀ ਗੱਲ ਬਾਰੇ ਸੋਚਣ ਲੱਗੀ। ਸੁਹੇਲ ਨੇ ਹੀ ਉਸਨੂੰ ਦੱਸਿਆ ਸੀ ਕਿ ਪਿਸ਼ਾਵਰ ਸਾਰੇ ਜਿਹਾਦੀਆਂ ਦਾ ਵੱਡਾ ਅੱਡਾ ਹੈ। ਉੱਥੇ ਕੋਈ ਬਾਹਰਲਾ ਤਾਂ ਕੀ ਖੁਦ ਪਾਕਿਸਤਾਨੀ ਸਰਕਾਰ ਵੀ ਨਹੀਂ ਜਾ ਸਕਦੀ। ਆਫੀਆ ਨੂੰ ਲੱਗਿਆ ਕਿ ਚੰਗਾ ਹੀ ਹੋਇਆ ਕਿ ਰਮਜੀ ਯੂਸਫ ਪੁਲੀਸ ਦੇ ਹੱਥ ਨਹੀਂ ਆਇਆ। ਜੇਕਰ ਉਹ ਫੜ੍ਹਿਆ ਜਾਂਦਾ ਤਾਂ ਪਤਾ ਨਹੀਂ ਫਿਰ ਹੋਰ ਕਿੰਨੀਆਂ ਕੁ ਗ੍ਰਿਫਤਾਰੀਆਂ ਹੁੰਦੀਆਂ। ਉਦੋਂ ਹੀ ਆਫੀਆ ਦਾ ਫੋਨ ਖੜਕਿਆ। ਉਸਨੇ ਫੋਨ ਆਨ ਕੀਤਾ ਤਾਂ ਦੂਸਰੇ ਪਾਸੇ ਉਸਦਾ ਭਰਾ ਸੀ ਜੋ ਕਿ ਹੂਸਟਨ ਤੋਂ ਬੋਲ ਰਿਹਾ ਸੀ।

"ਆਫੀਆ ਕੀ ਬਣ ਰਿਹਾ ਐ ?"

"ਭਾਈ ਜਾਨ ਕੁਛ ਨ੍ਹੀਂ ਬੱਸ ਵਿਹਲੀ ਬੈਠੀ ਆਂ।"

"ਮੈਂ ਕਰਾਚੀ ਫੋਨ ਕੀਤਾ ਸੀ ਅੱਬਾ ਦੀ ਤਬੀਅਤ ਕੁਛ ਢਿੱਲੀ ਐ।"

"ਕਿਉਂ ਕੀ ਹੋਇਆ ਅੱਬੂ ਨੂੰ ?" ਆਫੀਆ ਇੱਕ ਦਮ ਘਬਰਾ ਗਈ।

"ਨ੍ਹੀਂ ਇੰਨੀ ਫਿਕਰ ਵਾਲੀ ਗੱਲ ਤਾਂ ਨ੍ਹੀਂ ਐ। ਉਂਝ ਤੈਨੂੰ ਪਤਾ ਈ ਐ ਕਿ ਉਹ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ ਨੇ। ਹੁਣ ਨਾਲ ਦਿਲ ਦੀ ਤਕਲੀਫ ਵੀ ਸ਼ੁਰੂ ਹੋ ਗਈ ਐ।"

"ਉਨ੍ਹਾਂ ਨੂੰ ਕਹੋ ਕਿ ਇੱਥੇ ਆ ਕੇ ਇਲਾਜ ਕਰਵਾਉਣ। ਇੱਥੇ ਹਰ ਬਿਮਾਰੀ ਦਾ ਬਹਿਤਰ ਇਲਾਜ ਐ।"

"ਮੈਂ ਤਾਂ ਬਥੇਰਾ ਕਹਿ ਕੇ ਵੇਖ ਲਿਆ ਪਰ ਉਹ ਮੰਨਦੇ ਈ ਨ੍ਹੀਂ। ਤੂੰ ਗੱਲ ਕਰਕੇ ਵੇਖੀਂ।"

"ਮੈਂ ਕਰਦੀ ਆਂ ਫੋਨ ਅੱਜ ਹੀ। ਹੋਰ ਅੰਮੀ ਤਾਂ ਠੀਕ ਐ ਨਾ ?"

"ਅੰਮੀ ਬਿਲਕੁਲ ਠੀਕ ਐ। ਫੌਜ਼ੀਆ ਵੀ ਕਹਿ ਰਹੀ ਐ ਕਿ ਅਮਰੀਕਾ ਪੜ੍ਹਨ ਆਉਣਾ ਐ।"

"ਚੰਗਾ ਐ ਇੱਥੇ ਆ ਜਾਵੇ। ਸਾਰੇ ਇਕੱਠੇ ਹੋ ਜਾਵਾਂਗੇ।"

"ਇਕੱਠੇ ਕਿੱਥੇ ਹੋਵਾਂਗੇ ? ਮੈਂ ਤੈਨੂੰ ਬਥੇਰਾ ਕਿਹਾ ਕਿ ਹੂਸਟਨ ਨਾ ਛੱਡ, ਪਰ ਤੂੰ ਮੇਰੀ ਗੱਲ ਨਾ ਮੰਨੀ। ਇਵੇਂ ਈ ਉਹ ਵੀ ਆਪਣੀ ਮਰਜ਼ੀ ਈ ਕਰੂਗੀ।"

"ਭਾਈ ਜਾਨ ਕੋਈ ਗੱਲ ਨ੍ਹੀਂ ਮੈਂ ਇੱਥੇ ਈ ਠੀਕ ਆਂ। ਉਹ ਹੋ ਸਕਦਾ ਐ ਕਿ ਤੁਹਾਡੇ ਕੋਲ ਰਹਿ ਪਵੇ।"

"ਆਫੀਆ ਹੋਰ ਤਾਂ ਸਭ ਠੀਕ ਐ ਪਰ ਮੈਨੂੰ ਤੇਰਾ ਇੱਕ ਗੱਲੋਂ ਬੜਾ ਫਿਕਰ ਰਹਿੰਦਾ ਐ।"

"ਭਾਈ ਜਾਨ ਉਹ ਕੀ ?"

“ਤੁਹਾਡਾ ਬਾਸਟਨ ਸ਼ਹਿਰ ਅੱਜ ਕੱਲ੍ਹ ਬੜਾ ਖ਼ਬਰਾਂ ’ਚ ਰਹਿੰਦਾ ਐ। ਸੁਣਦੇ ਆਂ ਕਿ ਉੱਥੇ ਬੜੇ ਜਿਹਾਦੀ ਘੁੰਮ ਰਹੇ ਨੇ। ਵਰਲਡ ਟਰੇਡ ਸੈਂਟਰ ਦੀ ਪਾਰਕਿੰਗ ਵਿੱਚ ਧਮਾਕੇ ਵਾਲੇ ਕੇਸ ਨਾਲ ਵੀ ਬਾਸਟਨ ਜੁੜਿਆ ਹੋਇਆ। ਤੂੰ ਇਸ ਪਾਸਿਉਂ ਬਚ ਕੇ ਰਹੀਂ।”

“ਨਹੀਂ ਭਾਈ ਜਾਨ ਅਜਿਹੀ ਕੋਈ ਗੱਲ ਨ੍ਹੀਂ ਐ। ਮੇਰਾ ਇਨ੍ਹਾਂ ਲੋਕਾਂ ਨਾਲ ਕੋਈ ਲੈਣਾ ਦੇਣਾ ਨ੍ਹੀਂ ਐ। ਮੈਂ ਤਾਂ ਸਿਰਫ ਚੈਰਿਟੀ ਤੱਕ ਈ ਸੀਮਤ ਆਂ।” ਆਫੀਆ ਨੇ ਝੂਠ ਬੋਲਿਆ ਤਾਂ ਡਰ ਵੀ ਗਈ ਕਿ ਉਸਦਾ ਭਰਾ ਉਸਦੀ ਘਬਰਾਹਟ ਤਾੜ ਹੀ ਨਾ ਜਾਵੇ। ਪਰ ਅਜਿਹਾ ਕੁਝ ਨਾ ਹੋਇਆ। ਮੁਹੰਮਦ ਅਲੀ ਅੱਗੇ ਬੋਲਿਆ, “ਆਫੀਆ, ਇਹ ਕੰਮ ਚੈਰਿਟੀ ਤੋਂ ਈ ਸ਼ੁਰੂ ਹੁੰਦਾ ਐ। ਜਿੰਨੇ ਵੀ ਜਿਹਾਦੀ ਵੇਖ ਰਹੇ ਆਂ ਇਹ ਪਹਿਲਾਂ ਚੈਰਟੀਆਂ ਵਿੱਚ ਈ ਕੰਮ ਕਰਦੇ ਸਨ। ਉੱਥੋਂ ਈ ਇਨ੍ਹਾਂ ਦਾ ਵਾਹ ਅਸਲੀ ਜਿਹਾਦੀਆਂ ਨਾਲ ਪੈਂਦਾ ਐ। ਤੂੰ ਮੇਰੀ ਭੈਣ ਆਪਣਾ ਬਚਾ ਰੱਖੀਂ। ਮੈਂ ਤਾਂ ਕਹਿਨਾ ਕਿ ਤੂੰ ਕੀ ਲੈਣਾ ਐਂ ਚੈਰਿਟੀ ਬਗੈਰਾ ਤੋਂ। ਤੂੰ ਚੁੱਪ ਕਰਕੇ ਆਪਣੀ ਪੜ੍ਹਾਈ ਕਰ।”

“ਹਾਂ ਭਾਈ ਜਾਨ ਮੈਂ ਅੱਗੇ ਦੀਆਂ ਕਲਾਸਾਂ ਲੈਣ ਬਾਰੇ ਸੋਚ ਰਹੀ ਆਂ। ਤੁਹਾਡੇ ਨਾਲ ਵੀ ਸਲਾਹ ਕਰਨੀ ਐਂ ਕੀ ਕਿਹੜੀਆਂ ਕਲਾਸਾਂ ਲਵਾਂ।” ਆਫੀਆ ਗੱਲ ਨੂੰ ਪੜ੍ਹਾਈ ਵਾਲੇ ਪਾਸੇ ਲੈ ਗਈ ਤੇ ਚੈਰਿਟੀ ਬਗੈਰਾ ਦੀ ਗੱਲ ਟਾਲ ਗਈ। ਉਹ ਗੱਲਾਂ ਕਰ ਹੀ ਰਹੇ ਸਨ ਕਿ ਆਫੀਆ ਦੀ ਵਿੱਚਕਾਰ ਕਾਲ ਆ ਗਈ। ਉਹ ਸਕਰੀਨ ਵੱਲ ਵੇਖਦਿਆਂ ਬੋਲੀ, “ਭਾਈ ਜਾਨ ਮੈਂ ਤੁਹਾਨੂੰ ਫਿਰ ਫੋਨ ਕਰਦੀ ਆਂ। ਮੇਰਾ ਵਿੱਚ ਫੋਨ ਆ ਗਿਆ।” ਉਸਨੇ ਦੂਸਰੇ ਪਾਸੇ ਫੋਨ ਆਨ ਕਰਦਿਆਂ ਹੈਲੋ ਕਹੀ। ਉੱਧਰ ਮਾਰਲੇਨ ਸੀ। ਉਹ ਘਬਰਾਈ ਹੋਈ ਆਵਾਜ਼ ’ਚ ਬੋਲੀ, “ਆਫੀਆ ਬਹੁਤ ਮਾੜਾ ਹੋਇਆ।”

“ਕੀ ਹੋ ਗਿਆ?”

“ਸ਼ੇਖ ਉਮਰ ਅਬਦਲ ਰਹਿਮਾਨ ਗ੍ਰਿਫਤਾਰ ਹੋ ਗਏ।”

“ਜਾਹ ਅੱਲਾ!।” ਆਫੀਆ ਨੇ ਫੋਨ ਕੱਟ ਦਿੱਤਾ ਤੇ ਸਿਰ ਫੜ੍ਹ ਕੇ ਬੈਠ ਗਈ। ਅਗਲੇ ਦਿਨ ਸਾਰੀਆਂ ਅਖਬਾਰਾਂ ਦੀ ਮੁੱਖ ਖ਼ਬਰ ਸੀ ਕਿ ਨਾਰਥ ਟਾਵਰ ਦੀ ਪਾਰਕਿੰਗ ਵਾਲੇ ਬੰਬ ਧਮਾਕੇ ਦਾ ਮੁੱਖ ਸੂਤਰਦਾਰ, ਅੰਨਾ ਸ਼ੇਖ ਉਮਰ ਅਬਦਲ ਰਹਿਮਾਨ ਫੜ੍ਹਿਆ ਗਿਆ।

## 6

1993 ’ਚ ਆਫੀਆ ਨੇ ਪਹਿਲਾ ਸਮੈਸਟਰ ਖਤਮ ਹੋਣ ਪਿੱਛੋਂ, ਛੁੱਟੀਆਂ ’ਚ ਪਰਿਵਾਰ ਨੂੰ ਮਿਲਣ ਜਾਣ ਦਾ ਮਨ ਬਣਾ ਲਿਆ। ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਈਆਂ ਤਾਂ ਉਸਨੇ ਟਿਕਟ ਖਰੀਦੀ ਤੇ ਅਗਲੇ ਦਿਨ ਹੀ ਪਾਕਿਸਤਾਨ ਪਹੁੰਚ ਗਈ। ਉਸਦੇ ਕਰਾਚੀ ਪਹੁੰਚਣ ਦੇ ਦੋ ਦਿਨ ਪਿੱਛੋਂ ਉਸਦਾ ਮਾਮਾ, ਐੱਸ. ਐੱਚ. ਫਾਰੂਕੀ ਆਪਣੀ ਘਰਵਾਲੀ ਸਮੇਤ ਉਸਨੂੰ ਮਿਲਣ ਆ ਗਿਆ। ਦੁਪਹਿਰ ਦੇ ਖਾਣੇ ਪਿੱਛੋਂ ਸਾਰਾ ਪਰਿਵਾਰ ਡਰਾਇੰਗ ਰੂਮ ’ਚ ਬੈਠਾ ਗੱਲੀਂ ਰੁੱਝਿਆ ਹੋਇਆ ਸੀ।

“ਅੱਬੂ ਤੁਸੀਂ ਵੇਖਣ ਨੂੰ ਤਾਂ ਬਿਮਾਰ ਬਿਲਕੁਲ ਨ੍ਹੀਂ ਲੱਗਦੇ ਪਰ ਫੋਨ ’ਤੇ ਮਸਾਂ ਈ ਬੋਲਦੇ ਹੁੰਨੇ ਓਂ?” ਆਫੀਆ ਨੇ ਹਾਸੇ ਨਾਲ ਕਿਹਾ।

“ਭਾਈ ਸਾਹਿਬ ਬਿਲਕੁਲ ਤੰਦਰੁਸਤ ਨੇ, ਇਹ ਤਾਂ ਤੈਨੂੰ ਇੱਥੇ ਸੱਦਣ ਲਈ ਬਹਾਨਾ ਘੜਿਆ ਹੋਵੇਗਾ।” ਕੋਲੋਂ ਫਾਰੂਕੀ ਵੀ ਹੱਸਿਆ।

“ਬਿਮਾਰ ਨੂੰ ਬੇਟਾ ਆਫੀਆ ਕੀ ਐ। ਇਸ ਉਮਰ ’ਚ ਤਾਂ ਵੈਸੇ ਵੀ ਕੋਈ ਨਾ ਕੋਈ ਬਿਮਾਰੀ ਚੰਬੜੀ ਰਹਿੰਦੀ ਐ।” ਆਫੀਆ ਦੇ ਪਿਉ ਨੇ ਢਿੱਲਾ ਜਿਹਾ ਉੱਤਰ ਦਿੱਤਾ। ਇਸ ਪਿੱਛੋਂ ਹੋਰ ਘਰੇਲੂ ਗੱਲਾਂ ਚੱਲ ਪਈਆਂ।

“ਹੁਣ ਤਾਂ ਫੌਜ਼ੀਆ ਬੇਟੀ ਵੀ ਅਮਰੀਕਾ ਦੀ ਤਿਆਰ ਕਰ ਰਹੀ ਲੱਗਦੀ ਐ।” ਫਾਰੂਕੀ ਦੇ ਬੇਗਮ ਨੇ ਗੱਲ ਬਦਲੀ।

“ਹਾਂ ਜੀ ਦਾਖਲਾ ਤਾਂ ਹੋ ਗਿਆ ਐ। ਬੱਸ ਹੁਣ ਜਾਣ ਦਾ ਈ ਕਰਨਾ ਐਂ।”

“ਕੀ ਪੜ੍ਹ ਰਹੀ ਐਂ ਫੌਜ਼ੀਆ ਬੇਟੀ ?”

“ਜੀ ਡਾਕਟਰੀ।”

“ਬਹੁਤ ਚੰਗਾ ਐ। ਅੱਜ ਕੱਲ੍ਹ ਆਪਣੇ ਮੁੰਡੇ ਕੁੜੀਆਂ ਧੜਾ ਧੜ ਅਮਰੀਕਾ ਜਾ ਕੇ ਡਾਕਟਰ, ਨਰਸਾਂ ਬਣ ਰਹੇ ਨੇ। ਬੜੇ ਫ਼ਖ਼ਰ ਵਾਲੀ ਗੱਲ ਐ ਇਹ ਤਾਂ।” ਫਾਰੂਕੀ ਨੇ ਮਾਣ ਨਾਲ ਫੌਜ਼ੀਆ ਵੱਲ ਵੇਖਦਿਆਂ ਕਿਹਾ।

“ਪਰ ਕੁਝ ਕੁ ਲੋਕ ਪਾਕਿਸਤਾਨ ਦੇ ਨਾਂ ਨੂੰ ਉੱਥੇ ਜਾ ਕੇ ਧੱਬਾ ਵੀ ਲਾ ਰਹੇ ਨੇ।” ਸੁਲੇਹ ਸਦੀਕੀ ਨੇ ਚੋਟ ਕੀਤੀ।

“ਤੁਸੀਂ ਕਿਸ ਦੀ ਗੱਲ ਕਰਦੇ ਓਂ ? ਇਸਮਤ ਨੇ ਚੁੱਪੀ ਤੋੜੀ।

“ਬਲੋਚਿਸਤਾਨ ਦੇ ਉਸ ਅਲ ਬਲੋਚੀ ਪਰਿਵਾਰ ਦੇ ਮੁੰਡੇ ‘ਰਮਜੀ ਯੂਸਫ’ ਦੀ। ਜਿਸ ਨੇ ਉੱਥੇ ਕਿਸੇ ਵੱਡੀ ਬਿਲਡਿੰਗ ਦੇ ਪਾਰਕਿੰਗ ਲਾਟ ’ਚ ਬੰਬ ਧਮਾਕਾ ਕਰਕੇ ਕਿੰਨੇ ਹੀ ਲੋਕ ਮਾਰ ਮੁਕਾਏ। ਲੋਕ ਸਮਝਦੇ ਨ੍ਹੀਂ ਕਿ ਜੋ ਮੁਲਕ ਸਾਨੂੰ ਇੰਨੀਆਂ ਸਹੂਲਤਾਂ ਦੇ ਰਿਹਾ ਐ। ਸਾਡੀ ਅਗਲੀ ਪੀੜੀ ਲਈ ਕਿੰਨੇ ਚੰਗੇ ਪੜ੍ਹਾਈ ਦੇ ਮੌਕੇ ਮੁਹੱਈਆ ਕਰਵਾ ਰਿਹਾ ਐ ਉਸੇ ਨੂੰ ਤੁਸੀਂ ਤੋੜਨ ਭੰਨਣ ’ਤੇ ਲੱਗੇ ਹੋਏ ਓਂ।” ਸੁਲੇਹ ਸਦੀਕੀ ਥੋੜੀ ਨਫਰਤ ’ਚ ਬੋਲਿਆ।

“ਕੀ ਪਤਾ ਐ ਜੀ ਸੱਚ ਕੀ ਐ। ਆਪਾਂ ਅਮਰੀਕਣਾ ਦੇ ਕਹਿਣ ’ਤੇ ਤਾਂ ਕਿਸੇ ਨੂੰ ਦੋਸ਼ੀ ਨ੍ਹੀਂ ਮੰਨ ਸਕਦੇ।” ਇਸਮਤ ਨੇ ਗੋਲ ਜਿਹਾ ਜੁਆਬ ਦਿੱਤਾ।

“ਪਰ ਉੱਥੇ ਸਾਡੇ ਅਜਿਹੇ ਲੋਕ ਵੀ ਤਾਂ ਹੈਗੇ ਨੇ ਜਿਹੜੇ ਸਮਾਜ ਸੇਵਾ ਦਾ ਕੰਮ ਕਰ ਰਹੇ ਨੇ। ਆਪਣੀ ਆਫੀਆ ਵੀ ਤਾਂ ਸਮਾਜ ਸੇਵਾ ਦੇ ਕੰਮਾਂ ’ਚ ਵਧ ਚੜ੍ਹ ਕੇ ਹਿੱਸਾ ਪਾਉਂਦੀ ਐ।” ਫਾਰੂਕੀ ਦੀ ਬੇਗਮ ਬੋਲੀ।

“ਇਹ ਤਾਂ ਬੜੀ ਚੰਗੀ ਗੱਲ ਐ। ਸਮਾਜ ਸੇਵੀ ਮਾਂ ਦੀ ਧੀ, ਸਮਾਜ ਸੇਵਾ ਨਾ ਕਰੂਗੀ ਤਾਂ ਹੋਰ ਕੀ ਕਰੂਗੀ।” ਫਾਰੂਕੀ ਨੇ ਆਫੀਆ ਨੂੰ ਅਤੇ ਉਸਦੀ ਮਾਂ ਨੂੰ ਸਰਾਹਿਆ।

“ਆਫੀਆ, ਉੱਥੇ ਅਜਿਹੀਆਂ ਭੰਨ ਤੋੜ ਦੀਆਂ ਕਾਰਵਾਈਆਂ ਬਾਰੇ ਆਪਣੇ ਉੱਥੇ ਦੇ ਲੋਕਾਂ ਦੇ ਕੀ ਵਿਚਾਰ ਨੇ ?”

“ਅੰਕਲ ਮੈਂ ਤੇ ਮੇਰੀਆਂ ਸਹੇਲੀਆਂ, ਅਸੀਂ ਤਾਂ ਜ਼ਿਆਦਾ ਚੈਰਿਟੀ ਦਾ ਕੰਮ ਕਰਦੇ ਆਂ। ਸਾਨੂੰ ਇਨ੍ਹਾਂ ਗੱਲਾਂ ਦਾ ਬਹੁਤਾ ਪਤਾ ਵੀ ਨ੍ਹੀਂ ਲੱਗਦਾ। ਪਰ ਇੱਕ ਗੱਲ ਜ਼ਰੂਰ ਐ ਕਿ ਸਿਰਫ ਆਪਣੇ ਲੋਕਾਂ ਨੂੰ ਈ ਦੋਸ਼ ਨਾ ਦਿਉ। ਕਿਉਂਕਿ ਉਨ੍ਹਾਂ ਨੂੰ ਅਜਿਹਾ ਕੁਝ ਕਰਨ ਲਈ ਮਜ਼ਬੂਰ ਵੀ ਤਾਂ ਪੱਛਮ ਈ ਕਰਦਾ ਐ। ਹੁਣ ਬਾਸਨੀਆਂ ’ਚ ਹੀ ਲੈ ਲਉ। ਉੱਥੇ ਮੁਸਲਮਾਨਾਂ ’ਤੇ ਇੰਨੇ ਅੱਤਿਆਚਾਰ ਹੋ ਰਹੇ ਨੇ ਕਿ ਰਹੇ ਰੱਬ ਦਾ ਨਾਂ। ਮੇਰੇ ਕੋਲ ਵੀਡੀਉ ਕੈਸਿਟਾਂ ਨੇ ਜਿਨ੍ਹਾਂ ਵਿੱਚ ਤੁਸੀਂ ਵੇਖੋਗੇ ਕਿ ਕਿਵੇਂ ਉੱਥੇ ਸਾਡੇ ਲੋਕਾਂ ’ਤੇ ਅੱਤਿਆਚਾਰ ਹੋ ਰਹੇ ਨੇ। ਕਿਵੇਂ ਸਾਡੀਆਂ ਧੀਆਂ ਭੈਣਾ ਨਾਲ ਸਮੂਹਕ ਬਲਾਤਕਾਰ ਹੁੰਦੇ ਨੇ। ਇਹ ਕੈਸਿਟਾਂ ਵੇਖ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਨੇ।”

“ਪਰ ਇਹ ਕਿਵੇਂ ਸੰਭਵ ਐ ਕਿ ਜਿਸ ਵੇਲੇ ਬਲਾਤਕਾਰ ਹੋ ਰਹੇ ਸਨ ਉਸੇ ਵੇਲੇ ਤੁਹਾਡੇ ਲੋਕਾਂ ਨੇ ਉਹ ਕੈਸਿਟਾਂ ਜਾਂ ਮੂਵੀਆਂ ਬਣਾਈਆਂ। ਤੂੰ ਤਾਂ ਇਉਂ ਦੱਸ ਰਹੀ ਐਂ ਜਿਵੇਂ ਕਿਸੇ ਫਿਲਮ ਦੀ ਸ਼ੂਟਿੰਗ ਦੀਆਂ ਕੈਸਿਟਾਂ ਦੀ ਗੱਲ ਕਰ ਰਹੀ ਹੋਵੇਂ।” ਸੁਲੇਹ ਸਦੀਕੀ

ਔਖਾ ਹੋ ਕੇ ਆਫੀਆ ਵੱਲ ਵੇਖਦਾ ਬੋਲਿਆ। ਇਸਮਤ ਨੂੰ ਘਰਵਾਲੇ ਦੀ ਇਹ ਗੱਲ ਚੰਗੀ ਨਾ ਲੱਗੀ। ਪਰ ਇਸਦਾ ਜੁਆਬ ਆਫੀਆ ਨੇ ਹੀ ਦਿੱਤਾ। ਉਹ ਬੋਲੀ, “ਜਿਹੜੇ ਜਿਹਾਦੀ ਉੱਥੇ ਲੜ੍ਹ ਰਹੇ ਨੇ, ਉਹ ਅਜਿਹੀਆਂ ਘਟਨਾਵਾਂ ਨੂੰ ਕੈਮਰੇ ’ਚ ਕੈਦ ਕਰ ਲੈਂਦੇ ਨੇ। ਤਾਂ ਕਿ ਤੁਹਾਡੇ ਵਰਗੇ ਪੱਛਮ ਦੇ ਭਗਤਾਂ ਨੂੰ ਸੱਚ ਵਿਖਾਇਆ ਜਾਵੇ।”

“ਮੈਂ ਕਿਸੇ ਪੱਛਮ ਪੁਛਮ ਦਾ ਭਗਤ ਨ੍ਹੀਂ ਆਂ। ਪਰ ਸਚਾਈ ਤਾਂ ਸਚਾਈ ਈ ਐ ਨਾ। ਪਹਿਲਾਂ ਤੂੰ ਇਹ ਦੱਸ ਕਿ ਤੇਰੇ ਕੋਲ ਜੋ ਕੈਸਿਟਾਂ ਨੇ ਇਹ ਕਿਹੜੇ ਗਰੁੱਪ ਨੇ ਬਣਾਈਆਂ ਨੇ। ਫਿਰ ਮੈਂ ਅੱਗੇ ਗੱਲ ਕਰੂੰਗਾ।”

“ਅੱਬੂ ਇਹ ਬਹੁਤਾ ਕੰਮ ਮੁਸਲਿਮ ਬਰੱਦਰਹੁੱਡ ਦਾ ਕੀਤਾ ਹੋਇਆ ਐ। ਇਸ ਵੇਲੇ ਜਿਹਾਦ ’ਚ ਸਭ ਤੋਂ ਵੱਧ ਯੋਗਦਾਨ ਉਹ ਹੀ ਪਾ ਰਹੇ ਨੇ।” ਇੰਨਾ ਕਹਿ ਕੇ ਆਫੀਆ ਆਪਣੀ ਕਾਪੀ ਫਰੋਲਣ ਲੱਗੀ।

“ਇਹ ਮੁਸਲਮ ਬਰੱਦਰਹੁੱਡ ਈ ਅਸਲੀ ਪੁਆੜੇ ਦੀ ਜੜ੍ਹ ਐ। ਤੇਰੀਆਂ ਇਹ ਵੀਡੀਉ ਕੈਸਿਟਾਂ ਵੇਖਣ ਤੋਂ ਪਹਿਲਾਂ ਈ ਮੈਂ ਦੱਸ ਦਿੰਨਾ ਆਂ ਕਿ ਇਹ ਸਭ ਪ੍ਰਾਪੇਗੰਡਾ ਐ। ਮੁਸਲਮਾਨਾਂ ਨੂੰ ਭੜਕਾਉਣ ਲਈ ਅਜਿਹੇ ਕੰਮ ਤਾਂ ਬਰੱਦਰਹੁੱਡ ਮੁੱਦਤਾਂ ਤੋਂ ਕਰਦਾ ਆ ਰਿਹਾ ਐ।”

ਘਰਵਾਲੇ ਦੀ ਗੱਲ ਸੁਣ ਕੇ ਇਸਮਤ ਆਫੀਆ ਵੱਲ ਝਾਕੀ ਤੇ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਅਗਲੇ ਪਲ ਕਮਰੇ ’ਚ ਚੁੱਪੀ ਜਿਹੀ ਛਾ ਗਈ। ਸਾਰਿਆਂ ਨੂੰ ਚੁੱਪ ਜਿਹੇ ਵੇਖ ਕੇ ਫੌਜ਼ੀਆ ਬੋਲੀ, “ਅੱਬੂ ਇਸ ਮੁਸਲਮ ਬਰੱਦਹੁੱਡ ਦੀ ਅਸਲੀਅਤ ਕੀ ਐ ? ਮੇਰਾ ਮਤਲਬ ਇਹ ਕਿਸਨੇ ਸ਼ੁਰੂ ਕੀਤਾ ਤੇ ਇਸਦਾ ਨਿਸ਼ਾਨਾ ਕੀ ਐ ?”

“ਇਸ ਬਾਰੇ ਫੌਜ਼ੀਆ ਬੇਟੀ ਤੈਨੂੰ ਮੈਂ ਦੱਸਦਾ ਆਂ।” ਫਾਰੂਕੀ ਨੇ ਗਲਾ ਸਾਫ ਕਰਦਿਆਂ ਖੰਘੂਰਾ ਮਾਰਿਆ ਤੇ ਫਿਰ ਬੋਲਣ ਲੱਗਿਆ, “ਬਹੁਤ ਪਹਿਲਾਂ ਮਿਸਰ ਦੇ ਇੱਕ ਮਸ਼ਹੂਰ ਬੁੱਧੀਜੀਵੀ ‘ਹਸਨ ਅਲ ਬੰਨਾ’ ਨੇ ਇਸ ਪਾਰਟੀ ਦਾ ਮੁੱਢ ਬੰਨਿਆਂ ਸੀ। ਉਸਦੇ ਇਰਾਦੇ ਬਹੁਤ ਨੇਕ ਸਨ। ਉਸ ਵੇਲੇ ਆਪਣੇ ਆਲੇ ਦੁਆਲੇ ਬਰਤਾਨੀਆਂ ਨੇ ਸਭ ਨੂੰ ਗੁਲਾਮ ਬਣਾਇਆ ਹੋਇਆ ਸੀ। ਸਾਰੇ ਮੁਲਕ ਬਰਤਾਨੀਆਂ ਦੀਆਂ ਕਾਲੋਨੀਆਂ ਬਣਾ ਕੇ ਰੱਖ ਦਿੱਤੇ ਸਨ। ਇਨ੍ਹਾਂ ਕਾਲੋਨੀਆਂ ਦੇ ਲੋਕ ਜੋ ਗੂਹੜੇ ਪਸੀਨੇ ਦੀ ਕਮਾਈ ਕਰਦੇ ਸਨ, ਬਰਤਾਨਵੀ ਉਸੇ ਕਮਾਈ ’ਤੇ ਐਸ਼ ਕਰਦੇ ਸਨ ਅਤੇ ਸਾਡੇ ਲੋਕਾਂ ਨਾਲ ਪਸ਼ੂਆਂ ਵਰਗਾ ਵਿਉਹਾਰ ਹੁੰਦਾ ਸੀ। ਹਸਨ ਅਲ ਬੰਨਾ ਦੀ ਇਸ ਨਵੀਂ ਬਣਾਈ ਪਾਰਟੀ, ਮੁਸਲਮ ਬਰੱਦਰਹੁੱਡ ਨੇ ਨਾਅਰਾ ਦਿੱਤਾ ਕਿ ਆਉ ਲੋਕੋ ਆਪਾਂ ਰਲ ਕੇ ਇਨ੍ਹਾਂ ਬਰਤਾਨਵੀ ਲੋਕਾਂ ਨੂੰ ਇੱਥੋਂ ਭਜਾ ਦੇਈਏ ਤੇ ਇੱਥੇ ਸ਼ਰਾ ਮੁਤਾਬਕ ਇਸਲਾਮਿਕ ਰਾਜ ਕਾਇਮ ਕਰੀਏ। ਜਿੱਥੇ ਅੱਲਾ ਸਾਡੀ ਮੰਜ਼ਿਲ ਹੋਵੇ। ਮੁਹੰਮਦ ਸਾਹਿਬ ਸਾਡੇ ਰਹਿਨੁਮਾ ਹੋਣ ਤੇ ਕੁਰਾਨ ਸਾਡਾ ਸੰਵਿਧਾਨ ਹੋਵੇ। ਉਸਦੇ ਕਹਿਣ ਦਾ ਭਾਵ ਸੀ ਕਿ ਅਜਿਹਾ ਰਾਜ ਹੋਵੇ ਜਿੱਥੇ ਦਾ ਰਾਜ ਪ੍ਰਬੰਧ ਅਤੇ ਕਾਨੂੰਨ ਵਿਵਸਥਾ ਬਗੈਰਾ ਮਜ਼ਬੀ ਆਕੀਦੇ ਅਨੁਸਾਰ ਹੋਵੇ। ਆਪਣੇ ਹੱਕਾਂ ਲਈ ਲੜਨਾ ਮਜ਼ਬ ਦਾ ਕੰਮ ਮੰਨਿਆਂ ਜਾਵੇ ਅਤੇ ਇਸਨੂੰ ਜਿਹਾਦ ਸਮਝ ਕੇ ਲੜਿਆ ਜਾਵੇ। ਉਸ ਵੇਲੇ ਬਰੱਦਰਹੁੱਡ ਬਰਤਾਨੀਆਂ ਦੇ ਇੰਨਾ ਖਿਲਾਫ ਸੀ ਕਿ ਇਸਨੇ ਦੂਜੀ ਵੱਡੀ ਜੰਗ ਵਿੱਚ ਜਰਮਨੀ ਦਾ ਪੱਖ ਲਿਆ ਕਿਉਂਕਿ ਉਹ ਬਰਤਾਨੀਆਂ ਦੇ ਖਿਲਾਫ ਲੜ੍ਹ ਰਿਹਾ ਸੀ। ਜੰਗ ਬੰਦ ਹੋਣ ਪਿੱਛੋਂ ਜਦੋਂ ਇਜ਼ਰਾਇਲ ਸਟੇਟ ਬਣੀ ਤਾਂ ਮੁਸਲਮ ਬਰੱਦਰਹੁੱਡ ਨੇ ਸਭ ਤੋਂ ਪਹਿਲਾਂ ਇਸਦੀ ਮੁਖਾਲਫਤ ਕੀਤੀ। ਇਸੇ ਕਰਕੇ ਪਹਿਲੀ ਅਰਬ ਇਜ਼ਰਾਇਲ ਜੰਗ ’ਚ ਮਿਸਰ ਮੁੱਖ ਧਿਰ ਸੀ। ਭਾਵੇਂ ਅਰਬ ਉਹ ਜੰਗ ਹਾਰ ਗਿਆ ਪਰ ਬਰੱਦਰਹੁੱਡ ਦੀ ਚੜ੍ਹਾਈ ਹੋ ਗਈ। ਜਦੋਂ ਬਰਤਾਨੀਆਂ ਇੱਥੋਂ ਚਲਿਆ ਗਿਆ ਤਾਂ ਮੁਸਲਿਮ ਬਰੱਦਰਹੁੱਡ ਆਪਣੀ ਹੀ ਸਰਕਾਰ ਦੇ ਖਿਲਾਫ ਹੋ ਗਿਆ। ਸਰਕਾਰ ਨੇ ਇਸ ’ਤੇ ਪਾਬੰਦੀ ਲਾ ਦਿੱਤੀ। ਫਿਰ ਇਹ ਹੋਰਨਾਂ ਮੁਲਕਾਂ ਵਿੱਚ ਫੈਲਣ ਲੱਗਿਆ। ਅੱਜ ਹਾਲਾਤ ਇਹ ਨੇ ਕਿ ਹਰ ਇੱਕ ਅਰਬ ਮੁਲਕ ਵਿੱਚ ਇਸ ਦੀਆਂ ਸ਼ਾਖਾਵਾਂ ਨੇ। ਪਰ ਤਕਰੀਬਨ ਸਾਰੇ ਮੁਲਕਾਂ ਨੇ ਇਸ ’ਤੇ ਪਾਬੰਦੀ ਲਾਈ ਹੋਈ ਐ। ਕਿਉਂਕਿ ਅੱਜ ਕੱਲ੍ਹ ਇਹ ਇੰਤਹਾਪਸੰਦਾਂ ਦੇ ਕਬਜ਼ੇ ’ਚ ਐ ਤੇ ਬਹੁਤ ਹੀ ਹਿੰਸਕ ਹੋ ਗਿਆ ਐ।”

“ਜਦੋਂ ਇਹ ਇੰਨਾ ਖਤਰਨਾਕ ਐ ਤਾਂ ਇਹ ਕਿਸੇ ਮੁਲਕ ਦੀ ਮੱਦਦ ਤੋਂ ਬਿਨਾਂ ਆਪਣੀ ਹੋਂਦ ਕਾਇਮ ਕਿਵੇਂ ਰੱਖ ਸਕਦਾ ਐ ?” ਇਸਮਤ ਨੇ ਟੇਢਾ ਸੁਆਲ ਕੀਤਾ।

"ਅਜਿਹਾ ਨ੍ਹੀਂ ਐ, ਕਈ ਮੁਲਕਾਂ ਦੇ ਇਹ ਫਿੱਟ ਵੀ ਬੈਠਦਾ ਐ। ਸਾਊਦੀ ਅਰਬ ਦੀ ਉਦਾਹਰਣ ਲੈ ਲਉ। ਉੱਥੇ ਦਾ ਰਾਜ ਘਰਾਣਾ ਵਹਾਬੀ ਐ ਜਿਹੜਾ ਸੁੰਨੀ ਅਤੇ ਸ਼ੀਆ ਦੋਨਾਂ ਦੇ ਖਿਲਾਫ ਐ। ਉਹ ਆਪਣੀ ਵਹਾਬੀ ਸ਼ਾਖਾ ਨੂੰ ਫੈਲਾਉਣ ਵਾਸਤੇ ਮੁਸਲਿਮ ਬਰੱਦਰਹੁੱਡ ਦੀ ਮੱਦਦ ਕਰਦਾ ਐ। ਅਸਲ 'ਚ ਸਭ ਤੋਂ ਵੱਧ ਸਾਊਦੀ ਅਰਬ ਈ ਬਰੱਦਰਹੁੱਡ ਨੂੰ ਚੁੱਕਦਾ ਐ।"

"ਇਸਦਾ ਮਤਲਬ ਬਾਕੀ ਸਾਰੀ ਦੁਨੀਆਂ ਪਾਗਲ ਐ ਜੋ ਬਰੱਦਰਹੁੱਡ ਦਾ ਪੱਖ ਪੂਰਦੀ ਐ ?" ਇਸਮਤ ਗੁੱਸੇ 'ਚ ਬੋਲੀ। ਇਸ ਪਿੱਛੋਂ ਉੱਥੇ ਹੋ ਰਹੀ ਬਹਿਸ ਵਿੱਚ ਤਲਖ਼ੀ ਆਉਣ ਲੱਗੀ। ਫਾਰੂਕੀ ਨੇ ਜਾਣ ਦੀ ਇਜਾਜ਼ਤ ਮੰਗੀ ਤੇ ਦੋਨੋਂ ਮੀਆਂ ਬੀਵੀ ਉੱਠ ਕੇ ਤੁਰ ਪਏ। ਇਸਮਤ ਅਤੇ ਫੌਜ਼ੀਆ ਉਨ੍ਹਾਂ ਨੂੰ ਤੋਰਨ ਲਈ ਬਾਹਰ ਨਿਕਲ ਗਈਆਂ। ਪਿੱਛੇ ਆਫੀਆ ਅਤੇ ਉਸਦਾ ਪਿਉ ਰਹਿ ਗਏ। ਸੁਲੇਹ ਸਦੀਕੀ ਆਫੀਆ ਦੇ ਸਿਰ 'ਤੇ ਹੱਥ ਫੇਰਿਦਆਂ ਹੋਇਆਂ ਬੋਲਿਆ, "ਬੇਟੀ ਤੂੰ ਆਪਣੀ ਪੜ੍ਹਾਈ 'ਚ ਧਿਆਨ ਦੇਹ। ਤੂੰ ਕੀ ਲੈਣਾ ਐਂ ਇਨ੍ਹਾਂ ਚੈਰਿਟੀ ਬਗੈਰਾ ਤੋਂ।"

"ਅੱਬੂ ਇਹ ਤਾਂ ਦੀਨ ਵਾਲਾ ਕੰਮ ਐਂ। ਅੰਮੀ ਨੇ ਵੀ ਤਾਂ ਸਾਰੀ ਉਮਰ ਇਹੀ ਕੁਝ ਕੀਤਾ ਐ। ਫਿਰ ਤੁਸੀਂ ਮੈਨੂੰ ਇਸ ਪਾਸਿਉਂ ਕਿਉਂ ਰੋਕਦੇ ਓਂ ?"

"ਕਿਉਂਕਿ ਮੈਂ ਜਾਣਦਾ ਆਂ ਕਿ ਇਹ ਅਸਲੀ ਚੈਰਿਟੀ ਨ੍ਹੀਂ ਐ।"

"ਹੋਰ ਕੀ ਐ ਇਹ ?"

"ਅਸਲੀ ਚੈਰਿਟੀ ਉਹ ਹੁੰਦੀ ਐ ਜਿਹੜੀ ਵਾਕਿਆ ਈ ਲੋੜਮੰਦਾਂ ਦੀ ਮੱਦਦ ਕਰੇ। ਪਰ ਅੱਜ ਕੱਲ੍ਹ ਜੋ ਵੀ ਚੈਰਿਟੀਆਂ ਚੱਲ ਰਹੀਆਂ ਨੇ ਇਹ ਅਸਲ 'ਚ ਜਿਹਾਦ ਦੇ ਨਾਂ ਹੇਠ ਲੜ੍ਹ ਰਹੇ ਅੱਤਵਾਦੀਆਂ ਦੀ ਮੱਦਦ ਕਰ ਰਹੀਆਂ ਨੇ।"

"ਅੱਬੂ ਪਲੀਜ਼, ਉਨ੍ਹਾਂ ਨੂੰ ਅੱਤਵਾਦੀ ਨਾ ਕਹੋ। ਨ੍ਹੀਂ ਤਾਂ ਮੈਂ ਨਾਰਾਜ਼ ਹੋ ਜਾਣਾ ਐਂ।" ਆਫੀਆ ਉੱਠ ਕੇ ਖੜ੍ਹੋ ਗਈ।

"ਤੂੰ ਇਉਂ ਗੁੱਸੇ ਨਾ ਹੋ, ਮੇਰੀ ਗੱਲ ਸੁਣ।" ਪਿਉ ਨੇ ਆਫੀਆ ਦੀ ਬਾਂਹ ਫੜ ਕੇ ਉਸਨੂੰ ਫਿਰ ਤੋਂ ਬਿਠਾ ਲਿਆ।

"ਤੂੰ ਜਹਾਦ ਦੇ ਮਤਲਬ ਸਮਝਦੀ ਐਂ ?"

"ਕੁਝ ਕੁਝ ਸਮਝਦੀ ਆਂ ਤੇ ਬਾਕੀ ਤੁਸੀਂ ਸਮਝਾ ਦਿਉ।" ਆਫੀਆ ਰੁੱਖਾ ਬੋਲੀ।

"ਵੇਖ ਬੇਟੇ, ਇਹ ਲੋਕ ਪਵਿੱਤਰ ਕੁਰਾਨ 'ਚੋਂ ਉਨੇਂ ਕੁ ਲਫਜ਼ ਚੁੱਕ ਲੈਂਦੇ ਨੇ ਜਿਨੇ ਇਨ੍ਹਾਂ ਨੂੰ ਠੀਕ ਬੈਠਦੇ ਨੇ। ਸਾਰੀ ਕੁਰਾਨ ਨੂੰ ਪੜ੍ਹਿਆ ਜਾਵੇ ਤਾਂ ਅਸਲੀ ਮਤਲਬ ਕੁਝ ਹੋਰ ਨਿਕਲਦਾ ਐ।"

"ਕੀ ਨਿਕਲਦਾ ਐ ਅਸਲੀ ਮਤਲਬ ?" ਆਫੀਆ ਦੀਆਂ ਅਜੇ ਵੀ ਤਿਉੜੀਆਂ ਚੜ੍ਹੀਆਂ ਹੋਈਆਂ ਸਨ।

"ਮੁਹੰਮਦ ਸਾਹਿਬ ਨੇ ਫੁਰਮਾਇਆ ਐ ਕਿ ਇਨਸਾਨ ਦੀ ਜ਼ਿੰਦਗੀ 'ਚ ਨੌਂ ਜਿਹਾਦ ਹੋਰ ਨੇ ਤੇ ਇਹ ਲੜਾਈ ਵਾਲਾ ਜਿਹਾਦ ਦਸਵੇਂ ਨੰਬਰ 'ਤੇ ਆਉਂਦਾ ਐ। ਪਹਿਲੇ ਇਹ ਹਨ ਜਿਵੇਂ ਗੁੱਸਾ, ਕਰੋਧ, ਲਾਲਚ, ਲੋਭ, ਮੋਹ ਅਤੇ ਕਾਮ ਬਗੈਰਾ। ਜਿਹੜੇ ਲੋਕ ਇਨ੍ਹਾਂ ਨੌਂ ਜਿਹਾਦਾਂ 'ਤੇ ਜਿੱਤ ਪ੍ਰਾਪਤ ਕਰ ਲੈਂਦੇ ਨੇ ਸਿਰਫ ਉਹੋ ਹੀ ਦਸਵਾਂ ਜਿਹਾਦ ਲੜਨ ਦੇ ਕਾਬਲ ਸਮਝੇ ਜਾਂਦੇ ਨੇ। ਕੀ ਤੈਨੂੰ ਲੱਗਦਾ ਐ ਕਿ ਅੱਜ ਦੇ ਜਿਹਾਦੀਆਂ ਨੇ ਇਨਾਂ 'ਤੇ ਕਾਬੂ ਪਾਇਆ ਹੋਇਆ ਐ।"

ਆਫੀਆ ਚੁੱਪ ਰਹੀ। ਉਹ ਕੁਝ ਨਾ ਬੋਲੀ ਤਾਂ ਉਸਦਾ ਪਿਉ ਫਿਰ ਬੋਲਣ ਲੱਗਿਆ, "ਮੈਂ ਤੈਨੂੰ ਇੱਕ ਕਹਾਣੀ ਸੁਣਾਉਂਦਾ ਆਂ। ਜੰਗ ਦੇ ਮੈਦਾਨ ਵਿੱਚ ਮੁਹੰਮਦ ਸਾਹਿਬ ਦੇ ਨਾਲ ਉਨ੍ਹਾਂ ਦਾ ਇੱਕ ਰਿਸ਼ਤੇਦਾਰ ਜਮੀਲ, ਲੜ੍ਹ ਰਿਹਾ ਸੀ। ਉਸਨੇ ਲੜਦੇ ਹੋਏ ਨੇ ਆਪਣੇ ਦੁਸ਼ਮਣ ਨੂੰ ਹੇਠਾਂ ਸੁੱਟ ਲਿਆ ਤੇ ਉਸ ਦੀ ਛਾਤੀ 'ਤੇ ਚੜ੍ਹ ਬੈਠਾ। ਹੋਰ ਵਾਹ ਨਾ ਜਾਂਦੀ ਵੇਖ ਕੇ ਹੇਠਾਂ ਪਏ ਦੁਸ਼ਮਣ ਨੇ ਉਸਦੇ ਮੂੰਹ 'ਤੇ ਥੁੱਕ ਦਿੱਤਾ। ਇੱਕ ਦਮ ਗੁੱਸੇ 'ਚ ਆ ਕੇ ਜਮੀਲ ਨੇ ਤਲਵਾਰ ਚੁੱਕੀ ਤੇ ਦੁਸ਼ਮਣ ਦਾ ਗਲਾ ਵੱਢਣ ਨੂੰ ਔਹਲਿਆ। ਉਦੋਂ ਹੀ ਉਸਦੇ ਅੰਦਰ ਕੁਛ ਕੌਂਧਿਆ ਤੇ ਉਸਨੇ ਤਲਵਾਰ ਪਰ੍ਹਾਂ ਚਲਾ ਮਾਰੀ। ਉਹ ਦੁਸ਼ਮਣ ਦੀ ਛਾਤੀ ਤੋਂ ਵੀ ਉੱਠ ਖੜ੍ਹਾ ਹੋਇਆ। ਹੇਠਾਂ ਪਏ ਦੁਸ਼ਮਣ ਨੇ ਕਿਹਾ ਕਿ ਹੁਣ ਛੱਡ ਕਿਉਂ ਦਿੱਤਾ ਮੈਨੂੰ ਮਾਰ ਦੇਹ ਨਾ। ਇਹ ਸੁਣ ਕੇ ਉਸ ਨੇ ਪਤਾ ਐ ਕੀ ਕਿਹਾ ?"

"ਕੀ ਕਿਹਾ ?"

"ਕਹਿੰਦਾ ਅਜੇ ਤਾਂ ਮੈਂ ਆਪਣੇ ਆਪ ਨੂੰ ਈ ਨ੍ਹੀਂ ਮਾਰ ਸਕਿਆ ਕਿਸੇ ਹੋਰ ਨੂੰ ਮੈਂ ਕੀ ਮਾਰੂੰਗਾ। ਉਸਦਾ ਮਤਲਬ ਉਸਨੂੰ ਆਏ ਗੁੱਸੇ ਤੋਂ ਸੀ। ਉਸਦਾ ਭਾਵ ਸੀ ਕਿ ਅਜੇ ਤਾਂ ਮੈਂ ਆਪਦੇ ਗੁੱਸੇ ਨੂੰ ਨ੍ਹੀਂ ਮਾਰ ਸਕਿਆ। ਇੰਨਾ ਕਹਿੰਦਾ ਉਹ ਜੰਗ ਦੇ ਮੈਦਾਨ 'ਚੋਂ ਬਾਹਰ ਚਲਿਆ ਗਿਆ।"

ਆਫੀਆ ਨੇ ਪਿਉ ਦਾ ਗੱਲ ਤਾਂ ਸੁਣੀ ਪਰ ਬਹੁਤੀ ਦਿਲਚਸਪੀ ਨਾ ਦਿਖਾਈ। ਉਸ ਵੱਲ ਵੇਖਦਾ ਸੁਲੇਹ ਫਿਰ ਬੋਲਿਆ, "ਆਫੀਆ ਬੇਟੀ ਪੁੰਨ ਦਾਨ ਕਰਨਾ ਕੋਈ ਮਾੜਾ ਕੰਮ ਨ੍ਹੀਂ ਐ। ਪਰ ਇਸ ਦੇ ਲਈ ਸਾਰੀ ਜ਼ਿੰਦਗੀ ਪਈ ਐ। ਅਜੇ ਤੂੰ ਆਪਣੀ ਪੜ੍ਹਾਈ 'ਤੇ ਧਿਆਨ ਦੇਹ। ਜਦੋਂ ਪੜ੍ਹ ਲਿਖ ਕੇ ਜ਼ਿੰਦਗੀ ਵਿੱਚ ਕਾਮਯਾਬ ਹੋ ਗਈ ਤਾਂ ਜਿੰਨਾ ਮਰਜ਼ੀ ਚੈਰਿਟੀ ਲਈ ਕੰਮ ਕਰੀ ਜਾਈਂ।"

"ਅੱਬੂ ਜਿਹੜਾ ਕੰਮ ਕਰਨ ਨੂੰ ਤੁਹਾਡਾ ਅੱਜ ਦਿਲ ਕਰ ਰਿਹਾ ਐ ਉਸਦੇ ਲਈ ਤੁਸੀਂ ਅੱਗੇ ਦੀ ਜ਼ਿੰਦਗੀ ਦੀ ਉਡੀਕ ਕਿਉਂ ਕਰੋ। ਨਾਲੇ ਮੈਂ ਪਹਿਲਾਂ ਵੀ ਕਿਹਾ ਐ ਕਿ ਇਹ ਕੋਈ ਮਾੜਾ ਕੰਮ ਨ੍ਹੀਂ ਐ।"

"ਵੇਖ ਆਫੀਆ, ਮੈਂ ਤੇਰੀ ਅੰਮੀ ਨੂੰ ਸਾਰੀ ਉਮਰ ਇਹ ਕੰਮ ਕਰਦੀ ਹੋਈ ਨੂੰ ਵੇਖਿਆ ਐ। ਮੈਂ ਇਹ ਵੀ ਜਾਣਦਾ ਆਂ ਕਿ ਇਹ ਸਾਰੇ ਜਿਹਾਦੀ ਇਸੇ ਚੈਰਿਟੀ ਦੇ ਰਸਤੇ ਈ ਜਿਹਾਦੀ ਬਣਦੇ ਨੇ। ਆਖਰ 'ਤੇ ਸਾਰਿਆਂ ਦੇ ਤਾਰ ਜਿਹਾਦ ਨਾਲ ਈ ਜਾ ਜੁੜਦੇ ਨੇ। ਇਹ ਤਾਂ ਇੱਕ ਬਲਦੀ ਹੋਈ ਅੱਗ ਐ। ਇਸ ਵੱਲ ਜਾਂਦਾ ਹੋਇਆ ਹਰ ਰਾਹ ਬਰਬਾਦੀ ਦਾ ਰਾਹ ਐ। ਇੱਧਰ ਜੋ ਵੀ ਗਿਆ ਭਸਮ ਹੋ ਗਿਆ। ਇੰਨਾ ਈ ਨ੍ਹੀਂ ਜਿਹੜਾ ਕੋਲ ਦੀ ਲੰਘਿਆ ਸੇਕ ਉਸਨੂੰ ਵੀ ਲੱਗਿਆ।"

"ਅੱਬੂ ਮੈਂ ਸਮਝਦੀ ਆਂ ਸਭ। ਤੁਸੀਂ ਕੋਈ ਫਿਕਰ ਨਾ ਕਰੋ।"

"ਬੱਸ ਬੇਟੀ ਕੁਛ ਅਜਿਹਾ ਕਰਨ ਬਾਰੇ ਸੋਚੀਂ ਵੀ ਨਾ ਜਿਸ ਨਾਲ ਮੇਰੀ ਅਤੇ ਖਾਨਦਾਨ ਦੀ ਇਜ਼ਤ ਨੂੰ ਵੱਟਾ ਲੱਗੇ।"

"ਠੀਕ ਐ ਅੱਬੂ।" ਇੰਨਾ ਕਹਿੰਦਿਆਂ ਆਫੀਆ ਉੱਠ ਕੇ ਤੁਰ ਗਈ। ਸੁਲੇਹ ਉਸਨੂੰ ਜਾਂਦੀ ਨੂੰ ਵੇਖਦਾ ਰਿਹਾ। ਉਸਨੂੰ ਆਫੀਆ ਦੀਆਂ ਗੱਲਾਂ 'ਚੋਂ ਉਸਦੇ ਅੰਦਰ ਦੀ ਤਪਸ਼ ਮਹਿਸੂਸ ਹੁੰਦੀ ਸੀ। ਇਸ ਤੋਂ ਬਿਨਾਂ ਉਸਨੂੰ ਆਪਣੇ ਪੁੱਤਰ ਦਾ ਵੀ ਹੂਸਟਨ ਤੋਂ ਜਦੋਂ ਹੀ ਫੋਨ ਆਉਂਦਾ ਸੀ ਤਾਂ ਉਹ ਵੀ ਹਮੇਸ਼ਾ ਇਹੀ ਫਿਕਰ ਜ਼ਾਹਿਰ ਕਰਦਾ ਰਹਿੰਦਾ ਸੀ ਕਿ ਕਿਧਰੇ ਆਫੀਆ ਰਾਹ ਤੋਂ ਭਟਕ ਹੀ ਨਾ ਜਾਵੇ। ਕਿਉਂਕਿ ਉਸਦੇ ਦੱਸਣ ਅਨੁਸਾਰ ਉਸਨੂੰ ਪਤਾ ਲੱਗਦਾ ਰਹਿੰਦਾ ਸੀ ਕਿ ਆਫੀਆ ਉਨ੍ਹਾਂ ਚੈਰਿਟੀਆਂ ਲਈ ਕੰਮ ਕਰਦੀ ਹੈ ਜੋ ਕਿਸੇ ਨਾ ਕਿਸੇ ਜਿਹਾਦ ਦੀ ਮੱਦਦ ਕਰ ਰਹੀਆਂ ਹਨ।

ਸ਼ਾਮ ਵੇਲੇ ਇਸਮਤ, ਆਫੀਆ ਅਤੇ ਫੌਜ਼ੀਆ ਨੂੰ ਲੈ ਕੇ ਘੁੰਮਣ ਨਿਕਲ ਗਈ। ਉਹ ਆਪਣੇ ਜਾਣ-ਪਛਾਣ ਵਾਲਿਆਂ ਦੇ ਘਰੀਂ ਆਫੀਆ ਨੂੰ ਮਿਲਾ ਕੇ ਲਿਆਈ। ਉਸਦੀ ਸੋਚਣੀ ਸੀ ਕਿ ਲੋਕਾਂ ਵਿੱਚ ਉਸਦੀ ਇਸ ਗੱਲ ਕਰਕੇ ਧਾਕ ਜੰਮ ਜਾਵੇ ਕਿ ਉਸਦੀ ਧੀ

ਕਿੱਡੀ ਵੱਡੀ ਸਮਾਜ ਸੇਵੀ ਹੈ ਤੇ ਧਰਮ ਲਈ ਬਹੁਤ ਵੱਡਾ ਕੰਮ ਕਰ ਰਹੀ ਹੈ। ਅਗਲੇ ਕਈ ਦਿਨ ਉਸ ਨੇ ਆਫੀਆ ਦੇ ਕਈ ਇਕੱਠਾਂ 'ਚ ਭਾਸ਼ਣ ਵੀ ਕਰਵਾਏ। ਹਰ ਥਾਂ ਸਰੋਤੇ ਉਸ ਤੋਂ ਬਹੁਤ ਪ੍ਰਭਾਵਤ ਹੋਏ। ਉਹ ਹਰ ਭਾਸ਼ਣ ਦਰਮਿਆਨ ਬਾਸਨੀਆਂ ਅੰਦਰ ਚੱਲ ਰਹੇ ਘਰੇਲੂ ਯੁੱਧ 'ਚ ਮੁਸਲਮਾਨਾਂ ਦੇ ਹੋ ਰਹੇ ਘਾਣ ਦੀ ਗੱਲ ਕਰਦੀ ਸੀ। ਇਨ੍ਹਾਂ ਇਕੱਠਾਂ 'ਚ ਉਹ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰਾਂ ਦੀਆਂ ਵੀਡੀਉ ਵੀ ਵਿਖਾਉਂਦੀ ਸੀ। ਇਹ ਸਾਰੇ ਇਕੱਠ ਵੱਡੇ ਪਰਿਵਾਰਾਂ ਵੱਲੋਂ ਆਯੋਜਤ ਕਰਵਾਏ ਜਾਂਦੇ ਸਨ। ਇਹ ਉਹ ਪਰਿਵਾਰ ਸਨ ਜੋ ਕਿ ਰਾਜਨੀਤਕ ਲੋਕਾਂ ਦੇ ਬਹੁਤ ਨੇੜੇ ਸਨ। ਇਨ੍ਹੀਂ ਹੀ ਦਿਨੀਂ ਇੱਕ ਦਿਨ ਇਸਮਤ ਨੇ ਸ਼ੈਰੇਟਨ ਹੋਟਲ ਵਿੱਚ ਆਫੀਆ ਦਾ ਭਾਸ਼ਣ ਕਰਵਾਇਆ ਤਾਂ ਇੱਕ ਔਰਤ ਇਸਮਤ ਨੂੰ ਪਾਸੇ ਲੈ ਗਈ। ਉਸਦਾ ਨਾਂ ਜਾਹਿਰਾ ਖਾਂ ਸੀ। ਅਸਲ ਵਿੱਚ ਉਹ ਆਪਣੇ ਪੁੱਤਰ ਅਮਜਦ ਖਾਂ ਲਈ ਲਾੜੀ ਲੱਭ ਰਹੀ ਸੀ। ਆਫੀਆ ਨੂੰ ਵੇਖ ਕੇ ਉਸਨੂੰ ਲੱਗਿਆ ਕਿ ਉਸ ਕੁੜੀ ਨਾਲੋਂ ਵਧੀਆ ਬਹੂ ਤਾਂ ਉਸਨੂੰ ਮਿਲ ਹੀ ਨਹੀਂ ਸਕਦੀ। ਆਮ ਗੱਲਾਂ ਕਰਦਿਆਂ ਉਸਨੇ ਇਸਮਤ ਨੂੰ ਖਾਨ ਪਰਿਵਾਰ ਦੇ ਘਰ ਆਯੋਜਤ ਪ੍ਰੋਗਰਾਮ ਵਿੱਚ ਆਉਣ ਦਾ ਸੱਦਾ ਦਿੱਤਾ। ਉਹ ਬਹਾਨੇ ਨਾਲ ਆਪਣੇ ਪੁੱਤਰ ਨਾਲ ਆਫੀਆ ਨੂੰ ਮਿਲਾਉਣਾ ਚਾਹੁੰਦੀ ਸੀ। ਫਿਰ ਉਸ ਦਿਨ ਜਾਹਿਰਾ ਖਾਂ ਦੇ ਘਰ, ਭਾਸ਼ਣ ਵੀ ਹੋਇਆ ਤੇ ਆਫੀਆ ਦੀ ਅਮਜਦ ਨਾਲ ਮੁਲਾਕਾਤ ਵੀ ਹੋਈ। ਪਰ ਪਿੱਛੋਂ ਅਮਜਦ ਨੇ ਆਪਣੀ ਅੰਮੀ ਨੂੰ ਦੱਸਿਆ ਕਿ ਕੁੜੀ ਤਾਂ ਉਸਨੂੰ ਪਸੰਦ ਹੈ ਪਰ ਉਸਦਾ ਭਾਸ਼ਣ ਅਤੇ ਹੋਰ ਗੱਲਾਂ ਉਸਨੂੰ ਫੋਕੀਆਂ ਲੱਗਦੀਆਂ ਹਨ। ਜਾਹਿਰਾ ਖਾਂ ਨੂੰ ਲੱਗਿਆ ਕਿ ਚਲੋ ਅਮਜਦ ਕੁੜੀ ਨੂੰ ਪਸੰਦ ਕਰਦਾ ਹੈ ਇਹੀ ਬਹੁਤ ਹੈ। ਉਸਨੇ ਅਮਜਦ ਨੂੰ ਕਿਹਾ ਕਿ ਉਹ ਹੋਰ ਸੋਚੇ ਤੇ ਉਹ ਇਸ ਦਰਮਿਆਨ ਸਦੀਕੀ ਪਰਿਵਾਰ ਨਾਲ ਗੱਲ ਚਲਾਵੇਗੀ। ਆਫੀਆ ਦੀਆਂ ਛੁੱਟੀਆਂ ਖਤਮ ਹੋ ਚੁੱਕੀਆਂ ਸਨ। ਜਿਸ ਦਿਨ ਉਸ ਨੇ ਜਾਣਾ ਸੀ ਤਾਂ ਇਸਮਤ ਨੇ ਏਅਰਪੋਰਟ 'ਤੇ ਤੋਰਨ ਵੇਲੇ ਉਸਨੂੰ ਪਾਸੇ ਕਰ ਲਿਆ ਤੇ ਗਲੇ ਲੱਗ ਮਿਲਦਿਆਂ ਬੋਲੀ, "ਆਫੀਆ ਤੂੰ ਛੇਤੀ ਤੋਂ ਛੇਤੀ ਪੜ੍ਹਾਈ ਪੂਰੀ ਕਰਕੇ ਵਾਪਸ ਆ ਜਾ। ਇੱਥੇ ਤੇਰੇ ਕਰਨ ਲਈ ਬੜਾ ਕੁਛ ਐ। ਮੈਨੂੰ ਤੇਰੀ ਕਾਬਲੀਅਤ 'ਤੇ ਵੀ ਸ਼ੱਕ ਨ੍ਹੀਂ ਐ। ਤੂੰ ਬਹੁਤ ਉੱਚਾ ਮੁਕਾਮ ਹਾਸਲ ਕਰੇਂਗੀ।"

"ਅੰਮੀ ਮੈਂ ਅਜਿਹਾ ਕਿਹੜਾ ਮਾਅਰਕਾ ਮਾਰੂੰਗੀ ?" ਆਫੀਆ ਨੇ ਮਾਂ ਦੀ ਗੱਲ ਹਾਸੇ 'ਚ ਪਾਈ।

"ਤੂੰ ਕਿਸੇ ਦਿਨ ਰਾਜਨੀਤੀ ਦਾ ਚਮਕਦਾ ਸਿਤਾਰਾ ਹੋਵੇਂਗੀ। ਜੇ ਭੁੱਟੋ ਪਰਿਵਾਰ ਦੀ ਕੁੜੀ ਬੇਨਜ਼ੀਰ ਇੰਨੇ ਵੱਡੇ ਅਹੁਦੇ 'ਤੇ ਪਹੁੰਚ ਸਕਦੀ ਐ ਤਾਂ ਮੇਰੀ ਧੀ ਕਿਉਂ ਨ੍ਹੀਂ। ਤੂੰ ਬੱਸ ਯੂਨੀਵਰਸਿਟੀ ਦੀ ਆਪਣੀ ਪੜ੍ਹਾਈ ਮੁਕਾ ਤੇ ਇੱਥੇ ਆ ਕੇ ਰਾਜਨੀਤੀ ਸ਼ੁਰੂ ਕਰ। ਤੈਨੂੰ ਅੱਗੇ ਵਧਣੋਂ ਕੋਈ ਵੀ ਨ੍ਹੀਂ ਰੋਕ ਸਕਦਾ। ਮੈਂ ਤੇਰੇ ਅੰਦਰ ਦਾ ਜੋਸ਼ ਵੇਖ ਰਹੀ ਆਂ। ਬੱਸ ਤੂੰ ਮੇਰੀ ਗੱਲ 'ਤੇ ਧਿਆਨ ਦੇਹ।"

"ਠੀਕ ਐ ਅੰਮੀ।" ਇੰਨਾ ਕਹਿੰਦਿਆਂ ਆਫੀਆ ਸਮਾਨ ਚੁੱਕਦੀ ਤੁਰ ਪਈ ਤੇ ਚੈਕਿੰਗ ਬਗੈਰਾ 'ਚੋਂ ਲੰਘਦੀ ਜ਼ਹਾਜ 'ਚ ਜਾ ਬੈਠੀ। ਫਲਾਈਟ ਅਮਰੀਕਾ ਲਈ ਚੱਲ ਪਈ ਤੇ ਆਫੀਆ ਦੇ ਦਿਲ 'ਚੋਂ ਮਾਂ ਪਿਉ ਵੱਲੋਂ ਦਿੱਤੀਆਂ ਨਸੀਹਤਾਂ ਭਾਫ ਦੀ ਤਰ੍ਹਾਂ ਉੱਡ ਗਈਆਂ। ਦੂਜੇ ਦਿਨ ਉਹ ਆਪਣੇ ਯੂਨੀਵਰਸਿਟੀ ਦੇ ਹੋਸਟਲ ਪਹੁੰਚ ਗਈ।

ਇਸ ਵਾਰ ਜਦੋਂ ਉਹ ਇੱਥੇ ਪਹੁੰਚੀ ਤਾਂ ਉਸਦੇ ਅੰਦਰ ਜੋਸ਼ ਠਾਠਾਂ ਮਾਰ ਰਿਹਾ ਸੀ। ਇਸਦਾ ਵੱਡਾ ਕਾਰਨ ਸੀ ਕਿ ਪਾਕਿਸਤਾਨ 'ਚ ਜਿੱਥੇ ਕਿਤੇ ਵੀ ਉਸਨੇ ਲੈਕਚਰ ਕੀਤਾ ਹਰ ਥਾਂ ਉਸਨੂੰ ਰੱਜਵੀਂ ਵਾਹਵਾ ਮਿਲੀ। ਹਰ ਇੱਕ ਨੇ ਉਸਨੂੰ ਇਸਲਾਮ ਦੀ ਸੱਚੀ ਧੀ ਕਹਿ ਕੇ ਸਰਾਹਿਆ। ਇਸ ਤੋਂ ਬਿਨਾ ਉਹ ਖੁਦ ਵੀ ਸੋਚਣ ਲੱਗੀ ਸੀ ਕਿ ਉਸਨੂੰ ਜਿਹਾਦ ਵਿੱਚ ਅੱਗੇ ਵਧ ਕੇ ਕੰਮ ਕਰਨਾ ਚਾਹੀਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਨੇ ਉਸਦੇ ਅੰਦਰ ਨਵੀਂ ਤਾਕਤ ਭਰ ਦਿੱਤੀ।

ਉਸਨੇ ਆਉਂਦਿਆਂ ਹੀ ਜੋਸ਼ੋ ਖਰੋਸ਼ ਨਾਲ ਕੰਮ ਸ਼ੁਰੂ ਕਰ ਦਿੱਤਾ। ਉਹ ਐਮ. ਐਸ. ਏ. ਦੀਆਂ ਮੀਟਿੰਗਾਂ ਪੂਰੀ ਬਕਾਇਦੀ ਨਾਲ ਕਰਵਾਉਣ ਲੱਗੀ। ਚੈਰਿਟੀ ਦੇ ਕੰਮਾਂ 'ਚ ਦਿਲਚਸਪੀ ਵਧਾ ਦਿੱਤੀ। ਇੱਕ ਦਿਨ ਉਸਨੂੰ ਸੁਹੇਲ ਮਿਲਣ ਆਇਆ। ਗੱਲਾਂ ਕਰਦੇ ਉਹ ਪਾਰਕ ਵੱਲ ਨਿਕਲ ਗਏ।

“ਕਿਵੇਂ ਰਹੀਆਂ ਤੇਰੀਆਂ ਛੁੱਟੀਆਂ ?” ਸੁਹੇਲ ਨੇ ਗੱਲ ਛੇੜੀ।

“ਬਹੁਤ ਵਧੀਆ।”

“ਤੇਰੇ ਅੱਬੂ ਦਾ ਕੀ ਹਾਲ ਐ ਹੁਣ ?”

“ਠੀਕ ਐ। ਬੱਸ ਦਿਲ ਦਾ ਰੋਗ ਹੋਣ ਕਰਕੇ ਕਮਜ਼ੋਰੀ ਬਹੁਤ ਆ ਗਈ ਐ।”

“ਤੇਰੀ ਅੰਮੀ ਦੇ ਚੈਰਿਟੀ ਦੇ ਕੰਮ ਕਿਵੇਂ ਚੱਲਦੇ ਨੇ ?”

“ਅੰਮੀ ਦੇ ਤਾਂ ਠੀਕ ਚੱਲਦੇ ਨੇ। ਪਰ ਇੱਥੇ ਦੇ ਮੈਨੂੰ ਸਹੀ ਨ੍ਹੀਂ ਲੱਗਦੇ।”

“ਉਹ ਕਿਵੇਂ ?”

“ਮੇਰੇ ਜਾਣ ਪਿੱਛੋਂ ਸਾਰਾ ਕੁਛ ਸੁਸਤ ਜਿਹਾ ਹੋ ਗਿਆ ਲੱਗਦਾ ਐ।”

“ਤੂੰ ਆ ਗਈ ਐਂ ਸਭ ਕੁਛ ਠੀਕ ਹੋਜੂਗਾ। ਆਪਾਂ ਨੂੰ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਚੰਗੇ ਬੁਲਾਰਿਆਂ ਦੀ ਲੋੜ ਐ।”

“ਬੁਲਾਉ ਫਿਰ, ਦੇਰ ਕਾਹਦੀ ਐ।”

“ਮੈਂ ਪ੍ਰਬੰਧ ਕੀਤਾ ਐ। ਇਸ ਵਾਰ ਕਨੇਡਾ ਤੋਂ ਕੈਥਰੀਨ ਬਲਕ ਨੂੰ ਬੁਲਾਇਆ ਐ। ਤੈਨੂੰ ਪਤਾ ਈ ਐ ਉਹ ਬੋਲਦੀ ਐ ਤਾਂ ਅੱਗ ਵਰਦੀ ਐ।”

“ਹਾਂ ਮੈਂ ਉਸਦੀ ਕਿਤਾਬ ‘ਸੋਸ਼ਿਲ ਜਸਟਿਸ ਇਨ ਅਮੈਰਿਕਾ’ ਪੜ੍ਹੀ ਐ। ਉਸਦੇ ਖਿਆਲ ਬਹੁਤ ਉੱਚੇ ਨੇ। ਪਰ ਇੱਕ ਗੱਲ ਐ।”

“ਉਹ ਕੀ ?”

“ਉਸਨੂੰ ਆਪਾਂ ਆਮ ਬੁਲਾਰਿਆਂ ਦੇ ਸਾਹਮਣੇ ਨ੍ਹੀਂ ਬੁਲਾ ਸਕਦੇ। ਉਸਦੇ ਵਿਚਾਰ ਆਮ ਲੋਕਾਂ ਦੀ ਸਮਝ ਵਿੱਚ ਆਉਣ ਵਾਲੇ ਨ੍ਹੀਂ ਹਨ। ਸਗੋਂ ਕਈ ਵਾਰ ਤਾਂ ਉਹ ਉਸਦੀਆਂ ਗੱਲਾਂ ਨੂੰ ਉਲਟ ਲੈ ਜਾਂਦੇ ਨੇ।”

“ਫਿਰ ਇਸਦਾ ਹੱਲ ਕੀ ਐ ?”

“ਮੈਂ ਇਹ ਸੋਚਿਆ ਐ ਕਿ ਆਪਾਂ ਇੱਕ ਵੱਖਰੀ ਜਥਬੰਦੀ ਬਣਾ ਲਈਏ। ਜਿਹੜੀ ਬਿਲਕੁਲ ਗੁਪਤ ਹੋਵੇ। ਉਸ ਦੀਆਂ ਮੀਟਿੰਗਾਂ ਵਿੱਚ ਜਿਹਾਦ ਨੂੰ ਪੂਰੀ ਤਰ੍ਹਾਂ ਸਮਰਪਤ ਲੋਕ ਹੀ ਆਉਣ।”

“ਇਹ ਬਿਲਕੁਲ ਠੀਕ ਐ। ਨਾਲੇ ਇਸੇ ਗੱਲ ਤੋਂ ਮੈਨੂੰ ਯਾਦ ਆਇਆ ਕਿ ਬਾਸਨੀਆਂ ’ਚ ਜਿਹਾਦੀਆਂ ਦੀ ਥੁੜ ਪੈਂਦੀ ਜਾ ਰਹੀ ਐ। ਸਾਨੂੰ ਉੱਥੇ ਲੜਨ ਲਈ ਜਿਹਾਦੀ ਚਾਹੀਦੇ ਨੇ।”

“ਇਹ ਗੱਲ ਮੈਂ ਪਹਿਲਾਂ ਈ ਸੋਚ ਲਈ ਸੀ। ਇਸਦੇ ਲਈ ਮੈਂ ਆਪਣੀ ਗੁਪਤ ਈਮੇਲ ’ਤੇ ਮੈਸਿਜ ਵੀ ਪਾ ਦਿੱਤਾ ਐ ਕਿ ਸਾਨੂੰ ਬਾਸਨੀਆਂ ਦੇ ਪਵਿੱਤਰ ਜਿਹਾਦ ਲਈ ਸ਼ਹੀਦਾਂ ਦੀ ਲੋੜ ਐ। ਇਸਦੇ ਕਾਫੀ ਸਾਰੇ ਜੁਆਬ ਵੀ ਆਏ ਨੇ।”

“ਇਹ ਤਾਂ ਤੂੰ ਬਹੁਤ ਚੰਗਾ ਕੀਤਾ। ਤੇਰੀਆਂ ਹੋਰ ਕੀ ਸਕੀਮਾਂ ਨੇ ?”

“ਮੈਂ ਚਾਹੁੰਨੀ ਆਂ ਕਿ ਚਿਕਾਗੋ ’ਚ ਚੱਲ ਰਹੀਆਂ ਚੈਰਟੀਆਂ, ਗਲੋਬਲ ਰਿਲੀਫ ਫਾਊਂਡੇਸ਼ਨ ਅਤੇ ਬੈਨੇਵੋਲੈਂਸ ਇੰਟਰਨੈਸ਼ਨਲ ਫਾਊਂਡੇਸ਼ਨ ਦੀਆਂ ਇੱਥੇ ਵੀ ਬਰਾਂਚਾਂ ਖੋਲ੍ਹੀਆਂ ਜਾਣ। ਇਸ ਤਰ੍ਹਾਂ ਚੈਰਿਟੀ ਦੇ ਸੋਮੇ ਵਧ ਜਾਣਗੇ ਤੇ ਬਾਸਨੀਆਂ ’ਚ ਚੱਲ ਰਹੇ ਜਿਹਾਦ ਲਈ ਪੈਸਿਆਂ ਦੀ ਕਮੀ ਵੀ ਨ੍ਹੀਂ ਆਵੇਗੀ। ਤੈਨੂੰ ਪਤਾ ਈ ਹੋਣਾ ਐਂ ਕਿ ਉੱਥੇ ਹਥਿਆਰਾਂ ਲਈ ਪੈਸੇ ਚਾਹੀਦੇ ਨੇ।”

“ਇਹ ਤਾਂ ਠੀਕ ਐ। ਦੋਨਾਂ ਚੈਰਿਟੀਆਂ ਇੱਥੇ ਵੀ ਸ਼ੁਰੂ ਕਰ ਲੈਨੇ ਆਂ। ਕੁਝ ਹੋਰ ?”

“ਮੈਂ ਕੁੜੀਆਂ ਦੇ ਗਰੁੱਪਾਂ ਨੂੰ ਹਥਿਆਰਾਂ ਦੀ ਸਿਖਲਾਈ ਦੇ ਮੰਤਵ ਨਾਲ ਇੱਕ ਕਲੱਬ ਜੁਆਇਨ ਕਰਵਾਇਆ ਐ। ਆਪ ਵੀ ਉੱਥੇ ਬੰਦੂਕ ਆਦਿ ਚਲਾਉਣ ਦੀ ਸਿਖਲਾਈ ਲੈ ਰਹੀ ਆਂ। ਇਸ ਤੋਂ ਸਿਵਾਏ....।” ਆਫੀਆ ਨੇ ਗੱਲ ਵਿਚਾਲੇ ਛੱਡਦਿਆਂ ਉੱਪਰ ਵੱਲ ਵੇਖਿਆ। ਮੀਂਹ ਉੱਤਰ ਆਇਆ ਸੀ। ਉਹ ਭੱਜ ਕੇ ਨੇੜਲੀ ਬਿਲਡਿੰਗ ਦੇ ਛੱਜੇ ਹੇਠ ਜਾ ਖੜ੍ਹੇ ਹੋਏ।

“ਇਸ ਤੋਂ ਬਿਨਾ ਮੈਂ ਇੱਥੇ ਦੀ ਇੱਕ....।” ਆਫੀਆ ਫਿਰ ਤੋਂ ਬੋਲਣ ਲੱਗੀ ਹੀ ਸੀ ਕਿ ਸੁਹੇਲ ਨੇ ਮੂੰਹ ’ਤੇ ਉਂਗਲ ਰੱਖਦਿਆਂ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਆਫੀਆ ਨੇ ਚੁੱਪ ਹੁੰਦਿਆਂ ਆਲੇ ਦੁਆਲੇ ਵੇਖਿਆ। ਉਸਨੂੰ ਯਾਦ ਆਇਆ ਕਿ ਇੱਥੇ ਹਰ ਇੱਕ ਬਿਲਡਿੰਗ ਦੀ ਕਿਸੇ ਨਾ ਕਿਸੇ ਨੁੱਕਰ ’ਚ ਕੈਮਰੇ ਲੱਗੇ ਹੁੰਦੇ ਹਨ ਜੋ ਗੱਲਾਂ ਵੀ ਰਿਕਾਰਡ ਕਰਦੇ ਹਨ। ਉਸਨੇ ਕੋਈ ਹੋਰ ਸਾਧਾਰਣ ਜਿਹੀ ਗੱਲ ਸ਼ੁਰੂ ਕਰ ਲਈ। ਪੰਦਰਾਂ ਕੁ ਮਿੰਟ ਪਿੱਛੋਂ ਮੀਂਹ ਬੰਦ ਹੋ ਗਿਆ ਤਾਂ ਉਹ ਬਾਹਰ ਨਿਕਲ ਕੇ ਕਰਾਸਵਾਕ ’ਤੇ ਤੁਰਨ ਲੱਗੇ। ਆਲੇ ਦੁਆਲੇ ਝਾਕਦਿਆਂ ਆਫੀਆ ਨੇ ਪਹਿਲਾਂ ਵਿਚਕਾਰ ਛੱਡੀ ਗੱਲ ਫਿਰ ਸ਼ੁਰੂ ਕਰ ਲਈ।

“ਹਾਂ ਮੈਂ ਉਦੋਂ ਕਹਿ ਰਹੀ ਸੀ ਕਿ ਮੈਂ ਇੱਥੇ ਦੀ ਇੱਕ ਅਜਿਹੀ ਮਸਜਦ ਦੇ ਇਮਾਮ ਨਾਲ ਰਾਬਤਾ ਕਾਇਮ ਕੀਤਾ ਐ ਜਿਹੜਾ ਕਿ ਇੱਥੇ ਦੀਆਂ ਜੇਲ੍ਹਾਂ ’ਚ ਮੁਸਲਮਾਨ ਕੈਦੀਆਂ ਨੂੰ ਹਰ ਹਫਤੇ ਧਾਰਮਿਕ ਸਿੱਖਿਆ ਦੇਣ ਜਾਂਦਾ ਐ। ਮੈਂ ਉਸਦੇ ਰਾਹੀਂ ਬਹੁਤ ਸਾਰੀਆਂ ਅੰਗਰੇਜ਼ੀ ’ਚ ਤਰਜ਼ਮਾ ਹੋਈਆਂ ਕਿਤਾਬਾਂ ਮੁਸਲਮਾਨ ਕੈਦੀਆਂ ਤੱਕ ਪਹੁੰਚਾ ਰਹੀ ਆਂ। ਇਸ ਤਰ੍ਹਾਂ ਉਨ੍ਹਾਂ ਵਿੱਚ ਵੀ ਜਿਹਾਦ ਪ੍ਰਤੀ ਚਿੰਗਿਆੜੀ ਸੁਲਗੇਗੀ....।” ਗੱਲ ਕਰਦੀ ਕਰਦੀ ਆਫੀਆ ਚੁੱਪ ਹੋ ਗਈ ਕਿਉਂਕਿ ਕੋਲ ਦੀ ਕੋਈ ਲੰਘ ਰਿਹਾ ਸੀ। ਥੋੜ੍ਹਾ ਰੁਕਦਿਆਂ ਉਹ ਫਿਰ ਬੋਲਣ ਲੱਗੀ, “ਇਸ ਤੋਂ ਬਿਨਾ ਮੈਂ ਕਿਤਾਬਾਂ ਦੀਆਂ ਪੁਰਾਣੀਆਂ ਦੁਕਾਨਾਂ ਤੋਂ ਅਮਰੀਕਣ ਮਿਲਟਰੀ ਮੈਨੂਅਲ ਖਰੀਦ ਰਹੀ ਆਂ ਤਾਂ ਕਿ ਉਹ ਸਾਡੇ ਮੁਜਾਹੀਦੀਨਾਂ ਨੂੰ ਭੇਜੇ ਜਾ ਸਕਣ ਤੇ ਉਨ੍ਹਾਂ ਨੂੰ ਅਮਰੀਕਣਾ ਦੇ ਖਿਲਾਫ ਲੜਨ ਵੇਲੇ ਇਨ੍ਹਾਂ ਤੋਂ ਮੱਦਦ ਮਿਲੇ।”

“ਆਫੀਆ ਤੂੰ ਤਾਂ ਬਹੁਤ ਈ ਅੱਗੇ ਦਾ ਸੋਚਦੀ ਐਂ। ਜੋ ਕੁਛ ਤੂੰ ਕਰ ਰਹੀ ਐਂ ਆਮ ਬੰਦਾ ਤਾਂ ਇਹ ਸੋਚ ਵੀ ਨ੍ਹੀਂ ਸਕਦਾ। ਤੇਰੀ ਇਸ ਅਮਰੀਕਣ ਮਿਲਟਰੀ ਮੈਨੂਅਲ ਵਾਲੀ ਗੱਲ ਨੇ ਮੈਨੂੰ ਬੜਾ ਪ੍ਰਭਾਵਤ ਕੀਤਾ ਐ। ਪਰ ਜ਼ਰਾ ਸੰਭਲ ਕੇ ਚੱਲੀਂ ਕਿਉਂਕਿ ਜੇਕਰ ਕਿਸੇ ਨੂੰ ਜ਼ਰਾ ਵੀ ਸ਼ੱਕ ਹੋ ਗਿਆ ਤਾਂ ਕੰਮ ਖਰਾਬ ਹੋਜੂਗਾ। ਤੇਰਾ ਇਹ ਕੰਮ ਬਗਾਵਤ ਗਿਣਿਆਂ ਜਾਊਗਾ। ਤੂੰ ਬੱਸ....।” ਇੰਨੇ ਨੂੰ ਸੁਹੇਲ ਦਾ ਫੋਨ ਖੜ੍ਹਕਿਆ। ਫੋਨ ਆਨ ਕਰਕੇ ਉਹ ਗੱਲ ਸੁਣਨ ਲੱਗਿਆ। ਕਈ ਮਿੰਟ ਗੱਲ ਹੋਣ ਪਿੱਛੋਂ ਉਹ ਆਫੀਆ ਵੱਲ ਨੂੰ ਆਉਂਦਾ ਉਦਾਸ ਆਵਾਜ਼ ’ਚ ਬੋਲਿਆ, “ਅਸਲ ’ਚ ਕਿਸੇ ਘਰ ਦੇ ਭੇਤੀ ਨੇ ਹੀ ਸਾਰਾ ਕੰਮ ਵਿਗਾੜਿਆ ਸੀ।”

“ਹੈਂ!?”

“ਅੱਜ ਫਿਰ ਅਲਕੀਫਾ ਦੇ ਕਈ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਹੋਈਆਂ ਨੇ। ਯੁਨਾਈਟਡ ਨੇਸ਼ਨਜ਼ ਬਿਲਡਿੰਗ, ਵੱਡੇ ਪੁਲ ਅਤੇ ਕਈ ਸੁਰੰਗਾਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾ ਕੇ ਇਹ ਮੈਂਬਰ ਫੜ੍ਹੇ ਗਏ ਨੇ। ਅਸਲ ’ਚ ਅੰਦਰਲੇ ਸੂਤਰਾਂ ਤੋਂ ਪਤਾ ਲੱਗਿਆ ਐ ਕਿ ਜਿਸ ਦਿਨ ਸ਼ੇਖ ਉਮਰ ਅਬਦਲ ਰਹਿਮਾਨ ਨੇ ਢਾਈ ਲੱਖ ਅਮਰੀਕਣਾ ਨੂੰ ਮਾਰਨ ਦਾ ਫਤਵਾ ਜਾਰੀ ਕੀਤਾ ਸੀ ਉਸ ਦਿਨ ਉੱਥੇ ਕੋਈ

ਮੁਸਲਮਾਨ ਅਜਿਹਾ ਵੀ ਸੀ ਜੋ ਕਿ ਐੱਫ. ਬੀ. ਆਈ. ਦਾ ਮੁਖਬਰ ਸੀ। ਉਸੇ ਕਰਕੇ ਸਾਰੀ ਗੱਲ ਦਾ ਭੇਤ ਖੁੱਲ੍ਹਿਆ ਅਤੇ ਉਹੀ ਅੱਗੇ ਜਾ ਕੇ ਅੱਜ ਵਾਲੀਆਂ ਗ੍ਰਿਫਤਾਰੀਆਂ ਦਾ ਕਾਰਨ ਬਣਿਆਂ।"

"ਅਜਿਹੇ ਗਦਾਰਾਂ ਦਾ ਕੀ ਕੀਤਾ ਜਾਵੇ ?" ਆਫੀਆ ਦਾ ਭਵਾਂ ਸੁਕੜ ਗਈਆਂ।

"ਇਨ੍ਹਾਂ ਦਾ ਹੱਲ ਉਹੀ ਐ ਜੋ ਇੱਕ ਦੁਸ਼ਮਣ ਦਾ ਐ। ਪਰ ਇੱਥੇ ਇਹ ਕੰਮ ਬਹੁਤ ਔਖਾ ਐ।"

"ਅੱਛਾ ਮੈਂ ਚੱਲਦਾ ਆਂ। ਜਦੋਂ ਤੱਕ ਥੋੜਾ ਟਿਕ ਟਿਕਾ ਨ੍ਹੀਂ ਹੋ ਜਾਂਦਾ ਉਤਨਾ ਚਿਰ ਬਚ ਕੇ ਰਹਿਣ ਦੀ ਲੋੜ ਐ।"

ਸੁਹੇਲ ਚਲਿਆ ਗਿਆ ਤਾਂ ਆਫੀਆ ਹੋਸਟਲ ਵੱਲ ਨੂੰ ਤੁਰ ਪਈ।

## 7

ਸਾਲ 1994 ਚੜ੍ਹੇ ਨੂੰ ਤਿੰਨ ਹਫਤੇ ਹੋ ਚੁੱਕੇ ਸਨ। ਉਸ ਦਿਨ ਰਾਤ ਭਰ ਬਰਫਵਾਰੀ ਹੁੰਦੀ ਰਹੀ ਸੀ। ਆਫੀਆ ਗੂਹੜੀ ਨੀਂਦ ਸੁੱਤੀ ਹੋਈ ਸੀ ਜਦੋਂ ਉਸਦੇ ਸੈੱਲ ਫੋਨ ਦੀ ਘੰਟੀ ਵੱਜੀ। ਉਸਨੇ ਸੈੱਲ ਫੋਨ ਆਨ ਕਰਦਿਆਂ ਅਲਸਾਈ ਜਿਹੀ ਹੈਲੋ ਕਹੀ। ਦੂਸਰੇ ਪਾਸੇ ਮਾਰਲੇਨ ਬੋਲ ਰਹੀ ਸੀ। ਉਸਨੇ ਇੰਨਾ ਕਹਿ ਕੇ ਫੋਨ ਕੱਟ ਦਿੱਤਾ ਕਿ ਉਹ ਉਸਨੂੰ ਇੱਕ ਘੰਟੇ ਬਾਅਦ ਲੈਣ ਆ ਰਹੀ ਹੈ। ਉਹ ਤਿਆਰ ਰਹੇ। ਆਫੀਆ ਨੇ ਹੌਲੀ ਹੌਲੀ ਬਿਸਤਰ ਛੱਡਿਆ ਤੇ ਉੱਠ ਕੇ ਕਮਰੇ 'ਚੋਂ ਬਾਹਰ ਆ ਗਈ। ਉਸਨੇ ਖਿੜਕੀ ਦਾ ਪਰਦਾ ਚੁੱਕ ਕੇ ਬਾਹਰ ਨਿਗ੍ਹਾ ਮਾਰੀ। ਸੂਰਜ ਦੀਆਂ ਤੇਜ਼ ਕਿਰਨਾ ਉਸਦੀਆਂ ਅੱਖਾਂ ਚੁੰਧਿਆ ਗਈਆਂ। ਰਾਤ ਭਾਵੇਂ ਬਰਫ ਪੈਂਦੀ ਰਹੀ ਸੀ ਪਰ ਇਸ ਵੇਲੇ ਸੂਰਜ ਨਿਕਲਿਆ ਹੋਇਆ ਸੀ। ਸਨੋ 'ਤੇ ਪੈਂਦੀ ਧੁੱਪ ਅੱਖਾਂ 'ਚ ਚੁੱਭ ਰਹੀ ਸੀ। ਉਹ ਪਰਦਾ ਲਟਕਾਉਂਦੀ ਵਾਪਸ ਕਮਰੇ 'ਚ ਆ ਗਈ। ਫਿਰ ਤਿਆਰ ਹੋਣ ਲੱਗੀ। ਤਿਆਰ ਹੋ ਕੇ ਉਸਨੇ ਆਪਣਾ ਬੈੱਗ ਚੁੱਕਿਆ ਤੇ ਲੰਬਾ ਕੋਟ ਪਹਿਨਦੀ ਹੇਠਾਂ ਆ ਗਈ। ਉਸਦੇ ਹੇਠਾਂ ਪਹੁੰਚਣ ਦੇ ਦੋ ਕੁ ਮਿੰਟ ਪਿੱਛੋਂ ਹੀ ਮਾਰਲੇਨ ਆ ਗਈ। ਆਫੀਆ ਤਾਕੀ ਖੋਲ੍ਹ ਕੇ ਕਾਰ 'ਚ ਬੈਠੀ ਤੇ ਮਾਰਲੇਨ ਨੇ ਕਾਰ ਤੋਰ ਲਈ। ਬੀਹ ਮਿੰਟਾਂ 'ਚ ਉਹ ਉਸਦੇ ਅਪਾਰਟਮੈਂਟ ਪਹੁੰਚ ਗਈਆਂ। ਦਰਵਾਜ਼ਾ ਖੋਲ੍ਹਦਿਆਂ ਹੀ ਆਫੀਆ ਨੇ ਵੇਖਿਆ ਕਿ ਸਾਹਮਣੇ ਸੁਲੇਮਾਨ ਐਹਮਰ ਬੈਠਾ ਸੀ। ਦੋਨਾਂ ਨੇ ਇੱਕ ਦੂਜੇ ਨੂੰ ਆਦਾਬ ਕਹੀ। ਉਹ ਪਹਿਲਾਂ ਮਿਲ ਚੁੱਕੇ ਸਨ। ਸੁਲੇਮਾਨ ਐਹਮਰ, ਬੈਨੇਵੋਲੈਂਸ ਇੰਟਰਨੈਸ਼ਨਲ ਦਾ ਡਾਇਰੈਕਟਰ ਸੀ। ਉਸਨੇ ਪਹਿਲੀ ਮੁਲਾਕਾਤ ਵਿੱਚ ਹੀ ਆਫੀਆ ਨੂੰ ਦੱਸ ਦਿੱਤਾ ਸੀ ਕਿ ਉਹ ਜਿਹਾਦ ਵੱਲ ਕਿਵੇਂ ਉਲਾਰ ਹੋਇਆ। ਉਸਨੇ ਦੱਸਿਆ ਸੀ ਕਿ ਉਹ ਅਤੇ ਕੁਝ ਹੋਰ ਦੋਸਤ ਜੋ ਕਿ ਸਾਰੇ ਨਬਰਾਸਕਾ ਯੂਨੀਵਰਸਿਟੀ ਦੇ ਵਿਦਿਆਰਥੀ ਸਨ, ਟੂਰ ਲਾਉਣ ਕਰੋਸ਼ੀਆ ਗਏ ਸਨ। ਉੱਥੇ ਉਨ੍ਹਾਂ ਨੂੰ ਜਿਹਾਦੀਆਂ ਨੇ ਬੰਦੀ ਬਣਾ ਲਿਆ ਸੀ। ਕੁਝ ਦਿਨ ਉਨ੍ਹਾਂ ਨੂੰ ਕੈਦ ਰੱਖ ਕੇ ਛੱਡ ਦਿੱਤਾ ਗਿਆ ਪਰ ਜੋ ਕੁਝ ਉਸਨੇ ਇਨ੍ਹਾਂ ਦਿਨਾਂ ਦੌਰਾਨ ਜਿਹਾਦ ਬਾਰੇ ਸੁਣਿਆਂ ਉਸਨੇ ਉਸਦੇ ਦਿਲ ਵਿੱਚ ਜਿਹਾਦ ਪ੍ਰਤੀ ਹਮਦਰਦੀ ਖਿੱਚ ਪੈਦਾ ਕਰ ਦਿੱਤੀ। ਬਾਹਰ ਆ ਕੇ ਉਸਨੇ ਹੋਰ ਪੜਤਾਲ ਕੀਤੀ ਤਾਂ ਉਸਨੂੰ ਲੱਗਿਆ ਕਿ ਉਸਦਾ ਅਸਲੀ ਕੰਮ ਜਿਹਾਦ ਹੀ ਹੈ। ਫਿਰ ਉਹ ਛੋਟੇ ਸਰਕਲਾਂ 'ਚ ਵਿਚਰਦਾ ਇਸ ਜਥੇਬੰਦੀ ਦੇ ਡਾਇਰੈਕਟਰ ਦੇ ਅਹੁਦੇ 'ਤੇ ਆ ਪਹੁੰਚਿਆ। ਅੱਜ ਉਹ ਇੱਥੇ ਬੈਨੇਵੋਲੈਂਸ ਦੀ ਬਰਾਂਚ ਸਥਾਪਤ ਕਰਨ ਆਇਆ ਸੀ। ਸਾਰਾ ਦਿਨ ਉਹ ਮੀਟਿੰਗ ਬਾਰੇ ਵਿਚਾਰ ਵਿਟਾਂਦਰਾ ਕਰਦੇ ਰਹੇ। ਇਹ ਕੋਈ ਛੋਟੀ ਮੋਟੀ ਮੀਟਿੰਗ ਨਹੀਂ

ਸੀ। ਬੈਨੇਵੋਲੈਂਸ ਬਹੁਤ ਵੱਡੀ ਜਥੇਬੰਦੀ ਸੀ। ਜਿਸਦਾ ਕੰਮ ਭਾਵੇਂ ਚੈਰਿਟੀ ਹੀ ਦੱਸਿਆ ਜਾਂਦਾ ਸੀ। ਪਰ ਅਸਲ ਵਿੱਚ ਇਹ ਅਲਕਾਇਦਾ ਨਾਲ ਜੁੜੀ ਹੋਈ ਸੀ। ਅਲਕਾਇਦਾ ਲਈ ਬਹੁਤ ਸਾਰਾ ਫੰਡ ਇਸੇ ਜਥੇਬੰਦੀ ਰਾਹੀਂ ਇਕੱਠਾ ਹੁੰਦਾ ਸੀ। ਸ਼ਾਮ ਵੇਲੇ ਮੀਟਿੰਗ ਹੋਈ ਤਾਂ ਆਫੀਆ ਹੈਰਾਨ ਰਹਿ ਗਈ। ਇਤਨਾ ਜੋਸ਼ ਉਸਨੇ ਕਿਸੇ ਵੀ ਮੀਟਿੰਗ ਵਿੱਚ ਨਹੀਂ ਵੇਖਿਆ ਸੀ। ਇਸ ਤੋਂ ਬਿਨਾਂ ਇੱਥੇ ਬਹੁਤ ਵੱਡੇ ਵੱਡੇ ਜਿਹਾਦੀ ਪਹੁੰਚੇ ਹੋਏ ਸਨ। ਜਿਨ੍ਹਾਂ ਦੇ ਇਸ ਤੋਂ ਪਹਿਲਾਂ ਆਫੀਆ ਨੇ ਸਿਰਫ ਨਾਂ ਹੀ ਸੁਣੇ ਸਨ। ਸੁਲੇਮਾਨ ਨੇ ਬਹੁਤ ਹੀ ਪ੍ਰਭਾਵਸ਼ਾਲੀ ਲੈਕਚਰ ਦਿੱਤਾ। ਇੱਥੇ ਆਫੀਆ ਨੂੰ ਵੀ ਬੋਲਣ ਦਾ ਮੌਕਾ ਮਿਲਿਆ। ਉਸਨੇ ਇਸ ਮੌਕੇ ਦਾ ਇੰਨਾ ਵਧੀਆ ਇਸਤੇਮਾਲ ਕੀਤਾ ਕਿ ਸਾਰੇ ਹੈਰਾਨ ਰਹਿ ਗਏ। ਉਸਦਾ ਲੈਕਚਰ ਇਤਨਾ ਪ੍ਰਭਾਵਸ਼ਾਲੀ ਸੀ ਕਿ ਮੈਂਬਰਾਂ ਦੇ ਦੰਦ ਜੁੜ ਗਏ। ਹਰ ਇੱਕ ਨੂੰ ਲੱਗਿਆ ਕਿ ਇੰਨੀ ਜੋਸ਼ੀਲੀ ਕੁੜੀ ਜਿਹਾਦ 'ਚ ਪਹਿਲਾਂ ਕਦੇ ਨਹੀਂ ਵੇਖੀ। ਉਸਨੇ ਸਾਰਿਆਂ ਵੱਲ ਵੇਖਦਿਆਂ ਹੋਇਆਂ ਕਿਹਾ ਕਿ ਕਿੱਧਰ ਗਿਆ ਮੁਸਲਮ ਮਰਦ ਅੱਜ ਦੇ ਦਿਨਾਂ ਵਿੱਚ। ਕਿੱਧਰ ਗਈ ਉਸਦੀ ਅਣਖ ਕਿ ਬਾਸਨੀਆਂ 'ਚ ਸਾਡੀਆਂ ਧੀਆਂ ਭੈਣਾ ਦਾ ਰਿਹਾ ਕੱਖ ਨਹੀਂ ਤੇ ਤੁਹਾਡੇ ਕੰਨ 'ਤੇ ਜੂੰ ਨਹੀਂ ਸਰਕੀ। ਉਸਨੇ ਕਿਹਾ ਕਿ ਮੈਂ ਸਟੇਜ 'ਤੇ ਕਿਉਂ ਖੜ੍ਹੀ ਹਾਂ। ਇੱਥੇ ਕਿਸੇ ਮਰਦ ਨੂੰ ਹੋਣਾ ਚਾਹੀਦਾ ਹੈ। ਉਸਦੀਆਂ ਗੱਲਾਂ ਦਾ ਇੰਨਾ ਅਸਰ ਹੋਇਆ ਕਿ ਕਈ ਮੁੰਡਿਆਂ ਨੇ ਜਿਹਾਦ ਲਈ ਆਪਣੇ ਨਾਂ ਲਿਖਾ ਦਿੱਤੇ।

ਵਾਪਸ ਮੁੜਦਿਆਂ ਸੁਲੇਮਾਨ ਨੇ ਗੱਲ ਸ਼ੁਰੂ ਕੀਤੀ, "ਆਫੀਆ ਇਸ ਜਥੇਬੰਦੀ ਦਾ ਪ੍ਰਧਾਨ ਮੈਨੂੰ ਨ੍ਹੀਂ ਬਲਕਿ ਤੈਨੂੰ ਹੋਣਾ ਚਾਹੀਦਾ ਐ ਪਰ....।" ਅਗਾਂਹ ਉਹ ਕੁਝ ਕਹਿੰਦਾ ਕਹਿੰਦਾ ਚੁੱਪ ਕਰ ਗਿਆ। ਉਹ ਕਹਿਣਾ ਚਾਹ ਰਿਹਾ ਸੀ ਕਿ ਇਸਲਾਮ ਮੁਤਾਬਕ ਮਰਦ ਜਥੇਬੰਦੀ ਦਾ ਮੁਖੀ ਮਰਦ ਹੀ ਹੋ ਸਕਦਾ ਹੈ। ਉਸਨੂੰ ਚੁੱਪ ਹੋਇਆ ਵੇਖ ਕੇ ਆਫੀਆ ਬੋਲੀ, "ਮੈਂ ਤੇਰੀ ਗੱਲ ਸਮਝ ਗਈ ਆਂ। ਪਰ ਮੈਂ ਇਸ ਗੱਲ ਦੇ ਹੱਕ 'ਚ ਆਂ ਕਿ ਇਸਲਾਮ ਨੇ ਔਰਤ ਦਾ ਜੋ ਵੀ ਰੁਤਬਾ ਰੱਖਿਆ ਐ ਉਹ ਸਹੀ ਐ। ਮੈਂ ਜਿਸ ਅਹੁਦੇ 'ਤੇ ਕੰਮ ਕਰ ਰਹੀ ਆਂ ਇਹ ਠੀਕ ਐ। ਬੱਸ ਕੰਮ ਚੱਲਦਾ ਰਹਿਣਾ ਚਾਹੀਦਾ ਐ।"

"ਆਫੀਆ ਤੂੰ ਕਾਮੀਲਾ ਦੀ ਗੱਲ ਸੁਣੀ ਐਂ?" ਸੁਲੇਮਾਨ ਨੇ ਗੱਲ ਬਦਲੀ।

"ਕਾਮੀਲਾ ਕੌਣ?"

"ਇਹ ਨਵੀਂ ਵਾਪਰੀ ਘਟਨਾ ਐਂ ਇਸ ਕਰਕੇ ਤੈਨੂੰ ਪਤਾ ਨ੍ਹੀਂ ਹੋਣਾ। ਕਾਮੀਲਾ ਇੱਕ ਜਿਹਾਦੀ ਕੁੜੀ ਐ ਜਿਹੜੀ ਕਿ ਇੰਗਲੈਂਡ 'ਚ ਜੰਮੀ ਪਲੀ ਸੀ। ਉਹ ਆਪਣੇ ਬਲਬੂਤੇ 'ਤੇ ਹੀ ਬਾਸਨੀਆਂ ਚਲੀ ਗਈ ਤੇ ਜਿਹਾਦੀ ਗਰੁੱਪਾਂ 'ਚ ਰਲ ਗਈ। ਲੜਾਈ 'ਚ ਉਸਨੇ ਕਾਫਿਰਾਂ ਦੇ ਆਹੂ ਲਾਹ ਦਿੱਤੇ। ਉਸਦੀ ਬਹਾਦਰੀ ਦੀਆਂ ਕਹਾਣੀਆਂ ਨਾਲ ਇੰਟਰਨੈੱਟ ਭਰਿਆ ਪਿਐ।"

"ਅੱਛਾ! ਔਰਤ ਹੋ ਕੇ ਉਸਨੇ ਇੰਨੇ ਬਹਾਦਰੀ ਭਰੇ ਕਾਰਨਾਵੇਂ ਕੀਤੇ ਐ, ਇਹ ਤਾਂ ਬਹੁਤ ਹੀ ਅਹਿਮ ਗੱਲ ਐ।"

ਆਫੀਆ ਉਸਦੀ ਗੱਲ ਸੁਣ ਕੇ ਆਪਣੇ ਆਪ 'ਚ ਮਗਨ ਹੋ ਗਈ। ਖਿਆਲ 'ਚ ਗੁਆਚੀ ਆਫੀਆ, ਕਾਮੀਲਾ ਦੀ ਥਾਂ ਆਪਣੇ ਆਪ ਨੂੰ ਵੇਖ ਰਹੀ ਸੀ। ਉਸਨੂੰ ਲੱਗ ਰਿਹਾ ਸੀ ਕਿ ਬਾਸਨੀਆਂ ਵਿੱਚ ਕਾਮੀਲਾ ਨਹੀਂ ਸਗੋਂ ਉਹ ਗਈ ਹੋਵੇ। ਦੁਸ਼ਮਣਾਂ ਦੇ ਆਹੂ ਕਾਮੀਲਾ ਨੇ ਨਹੀਂ ਬਲਕਿ ਉਸਨੇ ਲਾਹੇ ਹੋਣ। ਉਸਦੀ ਸੋਚਾਂ ਦੀ ਲੜੀ ਟੁੱਟ ਗਈ ਜਦੋਂ ਸੁਲੇਮਾਨ ਦੀ ਆਵਾਜ਼ ਉਸਦੇ ਕੰਨੀ ਪਈ, "ਪਰ....।"

"ਹੈਂ! ਪਰ ਕੀ?" ਆਫੀਆ ਖਿਆਲਾਂ 'ਚੋਂ ਨਿਕਲਦੀ ਹੈਰਾਨ ਨਾਲ ਉਸ ਵੱਲ ਝਾਕੀ।

"ਉਸ ਬਾਰੇ ਵੱਡੇ ਮਜ਼ਬੀ ਲੀਡਰ ਇਸ ਗੱਲੋਂ ਨਾਰਾਜ਼ ਨੇ ਕਿ ਉਹ ਇੱਕ ਔਰਤ ਹੋ ਕੇ ਇਕੱਲੀ ਹੀ ਜਿਹਾਦ 'ਚ ਸ਼ਾਮਲ ਹੋਈ ਐ। ਮੇਰਾ ਮਤਲਬ ਅਜਿਹੇ ਵੇਲੇ ਉਸ ਨਾਲ ਉਸਦਾ ਮਹਿਰਮ ਹੋਣਾ ਚਾਹੀਦਾ ਐ। ਇਸਲਾਮ ਮੁਤਾਬਕ ਜੇਕਰ ਕੋਈ ਔਰਤ ਜਿਹਾਦ 'ਚ ਹਿੱਸਾ ਲੈਂਦੀ ਐ ਤਾਂ ਉਹ ਘਰਵਾਲੇ ਤੋਂ ਬਿਨਾਂ ਇਹ ਕੰਮ ਨ੍ਹੀਂ ਕਰ ਸਕਦੀ।"

“ਇਹ ਗੱਲ ਤਾਂ ਬਿਲਕੁਲ ਠੀਕ ਐ।”

“ਮੇਰਾ ਖਿਆਲ ਐ ਤੁਸੀਂ ਜਿਹਾਦੀ ਵੈੱਬ ਸਾਈਟ ’ਤੇ ਅੱਜ ਦੀ ਖ਼ਬਰ ਨ੍ਹੀਂ ਪੜ੍ਹੀ।” ਹੁਣ ਤੱਕ ਚੁੱਪ ਬੈਠੀ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਮਾਰਲੇਨ ਬੋਲੀ।

“ਕਿਉਂ ਕੀ ਖ਼ਬਰ ਐ ਅੱਜ ਦੀ ?”

“ਉਸ ਲੜਕੀ ਨੇ ਸੁਡਾਨ ਦੇ ਕਿਸੇ ਜਿਹਾਦੀ ਨਾਲ ਨਿਕਾਹ ਕਰ ਲਿਆ ਐ। ਹੁਣ ਉਹ ਦੋਨੋਂ ਮੀਆਂ ਬੀਵੀ ਮੁਹਾਜ ’ਤੇ ਲੜ੍ਹ ਰਹੇ ਨੇ।”

“ਇਹ ਨੇ ਫਿਰ ਸੱਚੇ ਜਿਹਾਦੀ ਜਿਹੜੇ ਸਹੀ ਢੰਗ ਨਾਲ ਇਸਲਾਮ ਦੀ ਪਾਲਣਾ ਕਰ ਰਹੇ ਨੇ। ਕਾਸ਼ ਕਿ...।” ਆਫੀਆ ਗੱਲ ਵਿਚਕਾਰ ਛੱਡਦੀ ਚੁੱਪ ਹੋ ਗਈ। ਹੁਣ ਉਸਨੂੰ ਖਿਆਲ ਆਇਆ ਕਿ ਕਾਸ਼ ਉਹ ਵੀ ਘਰਵਾਲੇ ਨਾਲ ਜਿਹਾਦ ਲੜ ਰਹੀ ਹੋਵੇ। ਅਗਾਂਹ ਉਸਨੂੰ ਉਤਾਰ ਕੇ ਮਾਰਲੇਨ ਅਤੇ ਸੁਲੇਮਾਨ ਅੱਗੇ ਲੰਘ ਗਏ। ਆਫੀਆ ਦੇ ਖਿਆਲਾਂ ’ਚ ਕਾਮੀਲਾ ਹੀ ਘੁੰਮ ਰਹੀ ਸੀ। ਇੰਨਾ ਹੀ ਨਹੀਂ ਉਸਨੂੰ ਰਾਤ ਨੂੰ ਨੀਂਦ ਵੀ ਨਾ ਆਈ। ਸਾਰੀ ਰਾਤ ਉਹ ਇਸੇ ਖਿਆਲ ਨਾਲ ਗੁੱਥਮ ਗੁੱਥਾ ਹੁੰਦੀ ਰਹੀ ਕਿ ਕਾਸ਼ ਉਹ ਕਿਸੇ ਅਜਿਹੇ ਬੰਦੇ ਨਾਲ ਸ਼ਾਦੀ ਕਰਵਾਏ ਜੋ ਕਿ ਜਿਹਾਦ ਲੜ ਰਿਹਾ ਹੋਵੇ ਜਾਂ ਲੋੜ ਪੈਣ ’ਤੇ ਜਿਹਾਦ ਵਿੱਚ ਜਾਵੇ। ਦਿਨ ਚੜ੍ਹਦੇ ਤੱਕ ਉਸਨੇ ਆਪਣੇ ਆਪ ਨਾਲ ਪੱਕਾ ਫੈਸਲਾ ਕਰ ਲਿਆ ਕਿ ਉਹ ਅਜਿਹੇ ਹੀ ਕਿਸੇ ਮੁੰਡੇ ਨਾਲ ਵਿਆਹ ਕਰਵਾਏਗੀ ਜੋ ਉਸਦੀ ਇਹ ਸੋਚ ਪੂਰੀ ਕਰਦਾ ਹੋਵੇ।

ਆਫੀਆ ਨੇ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰ ਲਈ ਸੀ। ਉਸਨੇ ਬਹੁਤ ਉੱਚੇ ਨੰਬਰਾਂ ’ਚ ਪੜਾਈ ਖਤਮ ਕੀਤੀ ਸੀ। ਸਾਲ 1995 ਦੇ ਜਨਵਰੀ ਮਹੀਨੇ ਉਸਦੇ ਮਾਂ ਪਿਉ ਉਸਦੀ ਗਰੈਜੂਏਸ਼ਨ ’ਤੇ ਆਏ। ਗਰੈਜੂਏਸ਼ਨ ਦੀ ਪਾਰਟੀ ਪਿੱਛੋਂ ਮਾਂ ਪਿਉ ਨਾਲ ਉਹ ਅਪਾਰਟਮੈਂਟ ਆਈ ਤਾਂ ਉਸਦੀ ਮਾਂ ਨੇ ਗੱਲ ਛੇੜੀ।

“ਆਫੀਆ ਅਸੀਂ ਤੇਰੀ ਸ਼ਾਦੀ ਬਾਰੇ ਸੋਚ ਰਹੇ ਆਂ।”

ਇਸਮਤ ਦੀ ਇਹ ਗੱਲ ਸੁਣ ਕੇ ਆਫੀਆ ਦੀ ਖੁਸ਼ੀ ਦੀ ਹੱਦ ਨਾ ਰਹੀ। ਕਿਉਂਕਿ ਜਦੋਂ ਦੇ ਉਸਦੇ ਮਾਂ ਪਿਉ ਆਏ ਸਨ, ਉਦੋਂ ਤੋਂ ਉਹ ਮੌਕਾ ਲੱਭ ਰਹੀ ਸੀ ਕਿ ਕਿਸੇ ਵੇਲੇ ਉਹ ਮਾਂ ਨਾਲ ਗੱਲ ਛੇੜੇ ਤੇ ਕਿਸੇ ਜਿਹਾਦੀ ਨਾਲ ਸ਼ਾਦੀ ਕਰਵਾਉਣ ਦੀ ਆਪਣੀ ਖੁਹਾਇਸ਼ ਦੱਸੇ। ਹੁਣ ਉਸਦੇ ਮਨ ਦੀ ਹੋ ਗਈ ਜਦੋਂ ਮਾਂ ਨੇ ਆਪੇ ਹੀ ਗੱਲ ਛੇੜ ਲਈ।

“ਅੰਮੀ ਉਸ ਤੋਂ ਪਹਿਲਾਂ ਮੈਂ ਕੁਛ ਕਹਿਣਾ ਚਾਹੁੰਨੀ ਆਂ।”

“ਹਾਂ ਬੋਲ।”

“ਅੰਮੀ ਮੇਰੀ ਦਿਲੀ ਇੱਛਾ ਐ ਕਿ ਮੈਂ ਕਿਸੇ ਅਜਿਹੇ ਮੁੰਡੇ ਨਾਲ ਸ਼ਾਦੀ ਕਰਵਾਵਾਂ ਜੋ ਕਿ ਕਿਧਰੇ ਜਿਹਾਦ ਲੜ੍ਹ ਰਿਹਾ ਹੋਵੇ।”

“ਆਫੀਆ ਤੇਰੀ ਮੱਤ ਤਾਂ ਨ੍ਹੀਂ ਮਾਰੀ ਗਈ। ਮੈਂ ਤੈਨੂੰ ਕੀ ਕਹਿ ਕੇ ਤੋਰਿਆ ਸੀ ?” ਇਮਸਤ ਗੁੱਸੇ ’ਚ ਉਸਨੂੰ ਭੱਜ ਕੇ ਪਈ। ਭਵਾਂ ਸਕੋੜਦੀ ਉਹ ਕੁਝ ਪਲ ਆਫੀਆ ਵੱਲ ਵੇਖਦੀ ਰਹੀ ਤੇ ਫਿਰ ਸਖਤ ਆਵਾਜ਼ ਵਿੱਚ ਦੁਬਾਰਾ ਬੋਲਣ ਲੱਗੀ, “ਮੈਂ ਤੈਨੂੰ ਕਈ ਵਾਰ ਕਹਿ ਚੁੱਕੀ ਆਂ ਕਿ ਇਹ ਕੰਮ ਚੈਰਿਟੀ ਤੱਕ ਤਾਂ ਠੀਕ ਐ। ਪਰ ਉਸ ਤੋਂ ਅੱਗੇ ਨ੍ਹੀਂ। ਤੇਰਾ ਅਸਲ ਮੈਦਾਨ ਤਾਂ ਰਾਜਨੀਤੀ ਐ। ਪਾਕਿਸਤਾਨ ਦੀ ਰਾਜਨੀਤੀ ਤੈਨੂੰ ’ਵਾਜਾਂ ਮਾਰ ਰਹੀ ਐ। ਤੂੰ ਐਂ ਕਿ ਪਤਾ ਨ੍ਹੀਂ ਕੀ ਪੁੱਠਾ ਸਿੱਧਾ ਸੋਚਦੀ ਰਹਿੰਨੀ ਐਂ। ਜੇ ਇਹ ਗੱਲ ਤੇਰੇ ਅੱਬੂ ਨੇ ਸੁਣ ਲਈ ਤਾਂ ਕਹਿਰ ਹੋਜੂਗਾ।”

"ਪਰ ਅੰਮੀ ਮੇਰਾ ਮਜ਼ਬ ਮੈਨੂੰ ਇਜਾਜ਼ਤ ਦਿੰਦਾ ਐ ਕਿ ਜੇਕਰ ਮੈਨੂੰ ਚੰਗਾ ਨਾ ਲੱਗੇ ਤਾਂ ਮੈਂ ਨਿਕਾਹ ਤੋਂ ਇਨਕਾਰ ਕਰ ਸਕਦੀ ਆਂ।"

"ਪਰ ਇਸ ਵਿੱਚ ਚੰਗਾ ਜਾਂ ਮਾੜਾ ਲੱਗਣ ਵਾਲੀ ਕੀ ਗੱਲ ਐ। ਮੈਂ ਤਾਂ ਤੈਨੂੰ ਅਜੇ ਇਹ ਵੀ ਨ੍ਹੀਂ ਦੱਸਿਆ ਕਿ ਤੇਰੀ ਮੰਗਣੀ ਕਿਸ ਨਾਲ ਕਰਨ ਦੀ ਸੋਚ ਰਹੇ ਆਂ। ਨਾਲੇ ਮਜ਼ਬ ਇਹ ਵੀ ਤਾਂ ਕਹਿੰਦਾ ਐ ਕਿ ਬੱਚੇ ਨੂੰ ਮਾਪਿਆਂ ਦੀ ਗੱਲ ਮੰਨਣੀ ਚਾਹੀਦੀ ਐ। ਤੂੰ ਪਹਿਲਾਂ ਪੂਰੀ ਗੱਲ ਸੁਣ ਲੈ।"

"ਹੂੰ, ਦੱਸੋ।" ਆਫੀਆ ਨੇ ਮਨ 'ਚ ਸੋਚਿਆ ਕਿ ਇੱਥੇ ਸਿੱਧੇ ਢੰਗ ਨਾਲ ਗੱਲ ਕਰਨ ਨਾਲ ਗੱਲ ਨ੍ਹੀਂ ਬਣਨੀ। ਉਹ ਮਾਂ ਪਿਉ ਦੀ ਗੱਲ ਦਾ ਜ਼ੁਆਬ ਨਹੀਂ ਦੇ ਸਕੇਗੀ। ਉਸਨੇ ਕਿਸੇ ਹੋਰ ਢੰਗ ਨਾਲ ਗੱਲ ਆਪਣੇ ਹੱਕ 'ਚ ਰੱਖਣ ਦਾ ਫੈਸਲਾ ਕਰ ਲਿਆ।

"ਤੈਨੂੰ ਯਾਦ ਹੋਣਾ ਐਂ ਕਿ ਜਦੋਂ ਪਿਛਲੀ ਵਾਰ ਤੂੰ ਪਾਕਿਸਤਾਨ ਆਈ ਸੀ ਤਾਂ ਉੱਥੇ ਇੱਕ ਜਾਹਿਰਾ ਖਾਂ ਨਾਂ ਦੀ ਬੇਗਮ ਸਾਹਿਬਾ ਨੇ ਤੇਰਾ ਭਾਸ਼ਣ ਸੁਣਿਆਂ ਸੀ। ਪਿੱਛੋਂ ਉਸਦਾ ਮੁੰਡਾ ਅਮਜਦ ਤੈਨੂੰ ਘਰ ਤੱਕ ਛੱਡਣ ਵੀ ਆਇਆ ਸੀ। ਉਸੇ ਮੁੰਡੇ ਨਾਲ ਤੇਰੀ ਮੰਗਣੀ ਦੀ ਗੱਲ ਚੱਲ ਰਹੀ ਐ। ਉਹ ਇਸੇ ਸਾਲ ਆਗਾ ਖਾਂ ਯੂਨੀਵਰਸਿਟੀ ਤੋਂ ਡਾਕਟਰੀ ਦੀ ਪੜ੍ਹਾਈ ਪੂਰੀ ਕਰ ਰਿਹਾ ਐ। ਫਿਰ ਉਹ ਅਨੈਸਥੀਸਿਆਲੋਜੀ ਦੀ ਉਚੇਰੀ ਪੜ੍ਹਾਈ ਕਰਨ ਇੱਥੇ ਅਮਰੀਕਾ ਆ ਰਿਹਾ ਐ। ਸਾਡੇ ਮੁਤਾਬਕ ਇਹ ਮੁੰਡਾ ਹਰ ਪੱਖੋਂ ਤੇਰੇ ਮੇਚ ਦਾ ਐ। ਤੂੰ ਹੁਣ ਸੋਚ ਕੇ ਆਪਣੀ ਰਾਇ ਦੱਸ।"

ਮਾਂ ਦੀ ਗੱਲ ਸੁਣ ਕੇ ਆਫੀਆ ਚੁੱਪ ਹੋ ਗਈ ਤੇ ਮਨ 'ਚ ਸੋਚਣ ਲੱਗੀ, 'ਸਿੱਧੇ ਢੰਗ ਨਾਲ ਤਾਂ ਮਾਂ ਨੇ ਜਿਹਾਦ ਵਾਲੀ ਗੱਲ ਮੰਨਣੀ ਨ੍ਹੀਂ। ਪਰ ਕਈ ਗੱਲਾਂ ਤੋਂ ਇਹ ਮੁੰਡਾ ਮੇਰਾ ਚੰਗਾ ਜੀਵਨ ਸਾਥੀ ਹੋ ਸਕਦਾ ਐ। ਉਹ ਇੱਥੇ ਅਮਰੀਕਾ ਹੋਵੇਗਾ ਤਾਂ ਮੈਂ ਉਸਨੂੰ ਜਿਹਾਦ ਵਿੱਚ ਹਿੱਸਾ ਲੈਣ ਲਈ ਪਰੇਰ ਲਵਾਂਗੀ। ਇਸ ਤਰ੍ਹਾਂ ਮੇਰਾ ਮਨੋਰਥ ਵੀ ਪੂਰਾ ਹੋ ਜਾਵੇਗਾ ਅਤੇ ਘਰਦਿਆਂ ਦਾ ਵੀ ਮਾਣ ਰਹਿ ਜਾਵੇਗਾ। ਮੈਂ ਤਰੀਕੇ ਨਾਲ ਮਾਂ ਨੂੰ ਕਹਿ ਕੇ ਉਸ ਮੁੰਡੇ ਤੋਂ ਜਿਹਾਦ ਲਈ ਹਾਮੀ ਭਰਵਾ ਲੈਂਦੀ ਆਂ'। ਮਨ 'ਚ ਫੈਸਲਾ ਕਰਕੇ ਆਫੀਆ ਮਾਂ ਨੂੰ ਬੋਲੀ, "ਪਰ ਅੰਮੀ ਮੇਰਾ ਇਹ ਅਧਿਕਾਰ ਐ ਕਿ ਮੈਂ ਮੇਰੇ ਹੋਣ ਵਾਲੇ ਘਰਵਾਲੇ ਨੂੰ ਪੁੱਛਾਂ ਕਿ ਕੀ ਲੋੜ ਪੈਣ 'ਤੇ ਉਹ ਜਿਹਾਦ ਵਿੱਚ ਹਿੱਸਾ ਲਵੇਗਾ ਜੋ ਕਿ ਹਰ ਮੁਸਲਮਾਨ ਦਾ ਪਹਿਲਾ ਕਰਤਵ ਐ।"

ਇਸਮਤ ਨੂੰ ਉਸਦੀ ਗੱਲ ਕੁਝ ਕੁਝ ਠੀਕ ਲੱਗੀ। ਉਸਨੇ ਸੋਚਿਆ ਕਿ ਇਸ ਤਰ੍ਹਾਂ ਪੁੱਛਣ ਵਿੱਚ ਕੀ ਹਰਜ ਐ। ਇਸ ਤਰ੍ਹਾਂ ਤਾਂ ਹਰ ਇੱਕ ਮੁਸਲਮਾਨ ਸੋਚਦਾ ਹੈ ਕਿ ਜੇਕਰ ਜ਼ਰੂਰਤ ਹੋਵੇਗੀ ਤਾਂ ਉਹ ਜਿਹਾਦ 'ਚ ਹਿੱਸਾ ਜ਼ਰੂਰ ਲਵੇਗਾ। ਨਿਕਾਹ ਬਗੈਰਾ ਵੇਲੇ ਇਹ ਇਕ ਕਿਸਮ ਦੀ ਰਸਮ ਈ ਸਮਝੀ ਜਾਂਦੀ ਹੈ। ਉਸਨੇ ਇਸ ਗੱਲ ਬਾਰੇ ਆਫੀਆ ਨੂੰ ਹਾਂ ਕਹਿ ਦਿੱਤੀ ਤੇ ਨਾਲ ਹੀ ਪਿੱਛੇ ਪਾਕਿਸਤਾਨ ਆਪਣੇ ਪਰਿਵਾਰ ਨੂੰ ਖਾਨ ਪਰਿਵਾਰ ਤੱਕ ਇਹ ਗੱਲ ਪਹੁੰਚਾਉਣ ਤੱਕ ਸੁਨੇਹਾ ਭਿਜਵਾ ਦਿੱਤਾ। ਉੱਧਰ ਖਾਨ ਪਰਿਵਾਰ ਵਾਲੇ ਸੁਨੇਹਾ ਮਿਲਣ 'ਤੇ ਸਦੀਕੀ ਪਰਿਵਾਰ ਦੇ ਮਜ਼ਬੀ ਰਹਿਨੁਮਾ, ਮੁਫਤੀ ਸਾਹਿਬ ਨੂੰ ਮਿਲਣ ਗਏ। ਸਾਰੀ ਗੱਲਬਾਤ ਕਰਨ ਤੋਂ ਪਿੱਛੋਂ ਮੁਫਤੀ ਸਾਹਿਬ ਨੇ ਅਮਜਦ ਨਾਲ ਵੱਖਰੇ ਤੌਰ 'ਤੇ ਗੱਲ ਕਰਦਿਆਂ ਪੁੱਛਿਆ, "ਬੇਟਾ ਜੇਕਰ ਲੋੜ ਪਵੇ ਤਾਂ ਕੀ ਤੂੰ ਜਿਹਾਦ 'ਚ ਹਿੱਸਾ ਲਵੇਂਗਾ?"

"ਹੈਂ ਜੀ!?" ਅਮਜਦ ਹੈਰਾਨ ਹੋਇਆ। ਉਸਨੇ ਸੋਚਿਆ ਕਿ ਉਹ ਇੱਕ ਡਾਕਟਰ ਹੈ ਨਾ ਕਿ ਕੋਈ ਫੌਜੀ। ਫਿਰ ਉਸਦੇ ਮਨ 'ਚ ਖਿਆਲ ਆਇਆ ਕਿ ਇੱਕ ਮਜ਼ਬੀ ਰਹਿਨੁਮਾ ਹੋਣ ਦੇ ਨਾਤੇ ਇਸ ਤਰ੍ਹਾਂ ਮੁਫਤੀ ਸਾਹਿਬ ਦੁਆਰਾ ਇਸ ਤਰ੍ਹਾਂ ਦਾ ਸੁਆਲ ਪੁੱਛਿਆ ਜਾਣਾ ਕੁਦਰਤੀ ਹੈ। ਉਸਨੇ ਵੀ ਇਸ ਨੂੰ ਇੱਕ ਰਸਮ ਜਿਹੀ ਸਮਝਦਿਆਂ ਕਿਹਾ, "ਜੀ ਇੰਸ਼ਾ ਅੱਲਾ ਜੇਕਰ ਖੁਦਾ ਨੇ ਚਾਹਿਆ ਤਾਂ ਅਜਿਹਾ ਹੀ ਹੋਵੇਗਾ।" ਮੀਟਿੰਗ ਖਤਮ ਹੋ ਗਈ। ਇਹ ਗੱਲ ਅਮਰੀਕਾ ਬੈਠੇ ਸਦੀਕੀ ਜੋੜੇ ਰਾਹੀਂ ਆਫੀਆ ਤੱਕ ਪਹੁੰਚ ਗਈ ਕਿ ਹੋਣ ਵਾਲੇ ਲਾੜੇ ਨੇ ਜਿਹਾਦ 'ਚ ਹਿੱਸਾ ਲੈਣ ਦੀ ਸਹਿਮਤੀ ਪ੍ਰਗਟਾਈ ਹੈ। ਉਸਨੇ ਖੁਸ਼ੀ ਖੁਸ਼ੀ ਰਿਸ਼ਤੇ ਲਈ ਹਾਂ ਕਰ ਦਿੱਤੀ। ਸਦੀਕੀ ਪਰਿਵਾਰ ਦੇ ਪਾਕਿਸਤਾਨ ਮੁੜਨ ਪਿੱਛੋਂ ਅਮਜਦ ਅਤੇ ਆਫੀਆ ਦੀ ਮੰਗਣੀ ਹੋ ਗਈ। ਪਿੱਛੋਂ ਇਹ ਨਿਕਾਹ ਫੋਨ ਉੱਪਰ ਹੀ ਹੋਇਆ।

ਇਸ ਵਿਚਕਾਰ 1993 'ਚ ਬੇਨਜ਼ੀਰ ਭੁੱਟੋ ਦੂਸਰੀ ਵਾਰ ਪ੍ਰਧਾਨ ਮੰਤਰੀ ਚੁਣੀ ਜਾ ਚੁੱਕੀ ਸੀ। ਸਭ ਨੂੰ ਪਤਾ ਸੀ ਕਿ ਉਹ ਅਮਰੀਕਾ ਪੱਖੀ ਹੈ। ਅਮਰੀਕਣ ਸਰਕਾਰ ਨੇ ਉਸਨੂੰ ਪਹਿਲੀ ਗੱਲ ਦੁਨੀਆਂ ਦੇ ਸਭ ਤੋਂ ਵੱਧ ਲੋੜੀਂਦੇ ਅੱਤਵਾਦੀ, ਰਮਜੀ ਯੂਸਫ ਨੂੰ ਫੜ੍ਹਨ ਦੀ ਕਹੀ। ਭੁੱਟੋ ਨੇ ਇਸ ਲਈ ਪੂਰੀ ਮੱਦਦ ਦੇਣ ਦਾ ਭਰੋਸਾ ਦਿੱਤਾ। ਇਸ ਪਿੱਛੋਂ ਕਈ ਵਾਰ ਛਾਪੇ ਮਾਰੇ ਗਏ ਪਰ ਰਮਜੀ ਯੂਸਫ ਹਰ ਵਾਰੀ ਨਿਕਲ ਜਾਂਦਾ ਸੀ। ਇੱਕ ਦਿਨ ਭੁੱਟੋ ਨੇ ਆਪਣੇ ਖਾਸ ਅਫਸਰ ਨਾਲ ਗੱਲਬਾਤ ਕੀਤੀ ਤਾਂ ਉਸਨੇ ਆਪਣਾ ਵਿਚਾਰ ਦੱਸਦਿਆਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਆਈ. ਐੱਸ. ਆਈ. ਵਿੱਚ ਰਮਜੀ ਯੂਸਫ ਦੇ ਖਾਸ ਸੈੱਲ ਹਨ। ਉਹ ਹਰ ਵਾਰ ਪੁਲੀਸ ਰੇਡ ਹੋਣ ਤੋਂ ਪਹਿਲਾਂ ਹੀ ਉਸ ਨੂੰ ਕੱਢ ਦਿੰਦੇ ਹਨ। ਫਿਰ ਭੁੱਟੋ ਨੇ ਇੱਕ ਅਜਿਹੀ ਟਾਸਕ ਫੋਰਸ ਬਣਾਈ ਜਿਸਦੀ ਕਿ ਉਹ ਖੁਦ ਇੰਚਰਾਜ ਸੀ। ਇਸ ਟਾਸਕ ਫੋਰਸ ਵਿੱਚ ਸਾਰੇ ਉਸਦੇ ਭਰੋਸੇ ਦੇ ਅਫਸਰ ਸਨ। ਇਸਦਾ ਨਤੀਜਾ ਇਹ ਹੋਇਆ ਕਿ ਅਗਲੇ ਹੀ ਮਹੀਨੇ ਰਮਜੀ ਯੂਸਫ ਫੜ੍ਹਿਆ ਗਿਆ। ਉਸਨੂੰ ਗ੍ਰਿਫਤਾਰ ਕਰਦਿਆਂ ਸਾਰ ਅਮਰੀਕਣ ਸਰਕਾਰ ਉਸਨੂੰ ਅਮਰੀਕਾ ਲੈ ਗਈ। ਇਸ ਨਾਲ ਭੁੱਟੋ 'ਤੇ ਬੜੀਆਂ ਤੋਹਮਤਾਂ ਲੱਗੀਆਂ ਕਿ ਉਸਨੇ ਮੁਸਲਮਾਨ ਹੋ ਕੇ ਇੱਕ ਮੁਸਲਮਾਨ ਨੂੰ ਕਾਫਰਾਂ ਦੇ ਹਵਾਲੇ ਕਰ ਦਿੱਤਾ ਹੈ। ਪਰ ਉਸ ਨੇ ਇਸਦੀ ਜ਼ਰਾ ਵੀ ਪ੍ਰਵਾਹ ਨਾ ਕੀਤੀ। ਸਗੋਂ ਇਸ ਪਿੱਛੋ ਉਹ ਅੱਤਵਾਦੀਆਂ ਮਗਰ ਹੱਥ ਧੋ ਕੇ ਪੈ ਗਈ। ਸਭ ਤੋਂ ਪਹਿਲਾ ਕੰਮ ਉਸਨੇ ਇਹ ਕੀਤਾ ਕਿ ਆਈ. ਐੱਸ. ਆਈ. ਦੇ ਮੁਖੀ ਅਤੇ ਅੱਤਵਾਦੀਆਂ ਦੇ ਕੱਟੜ ਸਮੱਰਥਕ, ਜਾਵੇਦ ਨਾਸਿਰ ਨੂੰ ਆਹੁਦੇ ਤੋਂ ਹਟਾ ਦਿੱਤਾ ਤੇ ਉਸਦੀ ਜਗ੍ਹਾ ਆਪਣਾ ਖਾਸ ਬੰਦਾ ਲਾ ਦਿੱਤਾ। ਇਸ ਖੇਤਰ 'ਚ ਉਹ ਹੋਰ ਵੀ ਬੜੇ ਕੰਮ ਕਰ ਰਹੀ ਸੀ। ਪਰ ਇਸ ਦਰਮਿਆਨ ਉਸਦੀ ਸਰਕਾਰ ਕੁਰੱਪਸ਼ਨਾ ਦੇ ਚੱਕਰਾਂ 'ਚ ਫਸ ਗਈ ਤੇ ਆਪਣੀ ਮਿਆਦ ਵੀ ਪੂਰੀ ਨਾ ਕਰ ਸਕੀ। ਅਗਲੀਆਂ ਚੋਣਾਂ 'ਚ ਭੁੱਟੋ ਦੀ ਪਾਰਟੀ ਹਾਰ ਗਈ ਤੇ ਭੁੱਟੋ ਪੱਕੇ ਤੌਰ 'ਤੇ ਮੁਲਕ ਛੱਡ ਕੇ ਇੰਗਲੈਂਡ ਚਲੀ ਗਈ।

ਗਰੈਜੂਏਸ਼ਨ ਪੂਰੀ ਹੋ ਜਾਣ ਪਿੱਛੋਂ ਵੀ ਆਫੀਆ ਨੇ ਐਮ. ਆਈ. ਟੀ. ਵਿੱਚ ਆਪਣੀ ਕੰਮਪਿਊਟਰ ਦੀ ਪਾਰਟ ਟਾਈਮ ਨੌਂਕਰੀ ਰੱਖੀ ਹੋਈ ਸੀ। ਅੱਜ ਕੱਲ੍ਹ ਉਸਨੂੰ ਮਹਿਸੂਸ ਹੋਣ ਲੱਗਿਆ ਕਿ ਜਿਵੇਂ ਉਸਦਾ ਹਰ ਵਕਤ ਪਿੱਛਾ ਕੀਤਾ ਜਾਂਦਾ ਹੋਵੇ। ਉਸਨੇ ਇਸ ਬਾਰੇ ਸੁਹੇਲ ਨਾਲ ਗੱਲ ਕੀਤੀ ਤਾਂ ਸੁਹੇਲ ਨੇ ਦੱਸਿਆ ਕਿ ਐਫ. ਬੀ. ਆਈ. ਕੇਅਰ ਬਰੱਦਰਜ਼ ਜਥੇਬੰਦੀ ਮਗਰ ਪਈ ਹੋਈ ਹੈ ਇਸ ਕਰਕੇ ਬਚ ਕੇ ਰਿਹਾ ਜਾਵੇ। ਕੇਅਰ ਬੱਰਦਰਜ, ਐਮ. ਐਸ. ਏ. ਅਤੇ ਹੋਰ ਜਥੇਬੰਦੀਆਂ ਸਹਿਮੀਆਂ ਜਿਹੀਆਂ ਰਹਿਣ ਲੱਗੀਆਂ ਸਨ। ਹਰ ਕਿਸੇ ਨੂੰ ਲੱਗਦਾ ਸੀ ਕਿ ਐਫ.ਬੀ. ਆਈ. ਉਨ੍ਹਾਂ ਮਗਰ ਘੁੰਮ ਰਹੀ ਹੈ। ਫਿਰ ਉਦੋਂ ਹੀ 19 ਅਪਰੈਲ 1995 ਨੂੰ ਆਕਲੋਹਾਮਾ ਸਿਟੀ ਦੀ ਮੁਰਾ ਨਾਮੀ ਫੈਡਰਿਲ ਬਿਲਡਿੰਗ 'ਚ ਭਿਆਨਕ ਬੰਬ ਧਮਾਕਾ ਹੋ ਗਿਆ ਜਿਸ ਵਿੱਚ ਸੈਂਕੜੇ ਵਿਅਕਤੀ ਮਾਰੇ ਗਏ। ਸਾਰਾ ਅਮਰੀਕਾ ਦਹਿਲ ਗਿਆ। ਐਫ. ਬੀ.ਆਈ. ਨੇ ਧਿਆਨ ਨਾਲ ਵੇਖਿਆ ਤਾਂ ਪਤਾ ਲੱਗਿਆ ਕਿ ਇਸ ਬੰਬ ਧਮਾਕੇ ਦੇ ਸਾਰੇ ਢੰਗ ਤਰੀਕੇ ਉਸ ਬੰਬ ਧਮਾਕੇ ਨਾਲ ਮਿਲਦੇ ਜੁਲਦੇ ਸਨ ਜੋ ਕਿ ਰਮਜੀ ਯੂਸਫ ਨੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੇ ਪਾਰਕਿੰਗ ਲਾਟ 'ਚ ਕੀਤਾ ਸੀ। ਐਫ. ਬੀ. ਆਈ. ਸਾਰੀਆਂ ਮੁਸਲਮ ਜਥੇਬੰਦੀਆਂ ਮਗਰ ਹੱਥ ਧੋ ਕੇ ਪੈ ਗਈ। ਖਾਸ ਕਰਕੇ ਕੇਅਰ ਬਰੱਦਰਜ਼ ਮਗਰ। ਅਗਲੇ ਦਿਨ ਆਫੀਆ ਕੰਮ 'ਤੇ ਗਈ ਤਾਂ ਉਸਨੂੰ ਨਾਲ ਦੇ ਕਾਮੇ ਨੇ ਦੱਸਿਆ ਕਿ ਕੁਝ ਦੇਰ ਪਹਿਲਾਂ ਹੀ ਉਸਨੂੰ ਐਫ. ਬੀ. ਆਈ ਵਾਲੇ ਲੱਭਣ ਆਏ ਸਨ। ਆਫੀਆ ਤੁਰੰਤ ਵਾਪਸ ਮੁੜ ਆਈ ਤੇ ਬਾਹਰੋਂ ਹੀ ਕਿਧਰਿਉਂ ਚਿਕਾਗੋ ਨੂੰ ਚਲੀ ਗਈ। ਉਸਦੀ ਵੱਡੀ ਭੈਣ ਫੌਜ਼ੀਆ ਕੁਝ ਮਹੀਨੇ ਪਹਿਲਾਂ ਹੀ ਪੜ੍ਹਨ ਲਈ ਚਿਕਾਗੋ ਆਈ ਸੀ ਤੇ ਉੱਥੇ ਅਪਾਰਟਮੈਂਟ ਲੈ ਕੇ ਰਹਿੰਦੀ ਸੀ। ਆਫੀਆ ਉਸਦੇ ਕੋਲ ਜਾ ਠਹਿਰੀ। ਉੱਥੇ ਹੀ ਉਸਨੂੰ ਇੱਕ ਦਿਨ ਸੁਹੇਲ ਦਾ ਫੋਨ ਆਇਆ। ਆਵਾਜ਼ ਪਛਾਣਦਿਆਂ ਉਹ ਬੋਲਿਆ, "ਆਫੀਆ ਆਕਲੋਹਾਮਾ ਸਿਟੀ ਬੰਬ ਧਮਾਕੇ ਦਾ ਦੋਸ਼ੀ ਫੜ੍ਹਿਆ ਜਾ ਚੁੱਕਿਆ ਐ।"

"ਅੱਛਾ! ਕੌਣ ਐਂ ਉਹ?"

"ਉਹ ਟਿਮਥੀ ਮਕਬੇਗ ਨਾਂ ਦਾ ਕੋਈ ਅਮਰੀਕੀ ਐ।"

"ਅੱਛਾ ਅਮਰੀਕਾ 'ਚ ਵੀ ਜਿਹਾਦੀ ਪੈਦਾ ਹੋਣ ਲੱਗ ਪਏ।" ਆਫੀਆ ਹੱਸੀ।

“ਤੂੰ ਇਹ ਗੱਲ ਛੱਡ, ਪਰ ਉਸਦੇ ਫੜ੍ਹੇ ਜਾਣ ਨਾਲ ਆਪਾਂ ਨੂੰ ਬੜਾ ਫਾਇਦਾ ਹੋਇਆ ਐ।”

“ਉਹ ਕਿਵੇਂ ?”

“ਕਿਉਂਕਿ ਹੁਣ ਤੱਕ ਅਮਰੀਕਣ ਸਰਕਾਰ ਸਮਝਦੀ ਸੀ ਕਿ ਇਹ ਧਮਾਕਾ ਕਿਸੇ ਇਸਲਾਮਿਕ ਜਿਹਾਦੀ ਨੇ ਕੀਤਾ ਐ। ਇਸੇ ਕਰਕੇ ਆਪਣੀਆਂ ਸਾਰੀਆਂ ਜਥੇਬੰਦੀਆਂ ਮਗਰ ਹੱਥ ਧੋ ਕੇ ਪੈ ਗਈ ਸੀ। ਪਰ ਹੁਣ ਸਭ ਕੁਝ ਬਦਲ ਗਿਆ ਐ। ਆਪਣੇ ਵੱਲੋਂ ਉਹ ਪਿੱਛੇ ਹਟ ਗਏ ਨੇ। ਤੂੰ ਚਾਹੇਂ ਤਾਂ ਵਾਪਸ ਆ ਸਕਦੀ ਐਂ। ਉਂਝ ਤੇਰੀ ਮਰਜ਼ੀ ਐ ਪਰ ਜੋ ਵੀ ਤੇਰਾ ਪ੍ਰੋਗਰਾਮ ਬਣੇ ਮੈਨੂੰ ਦੱਸ ਦੇਵੀਂ।”

ਇਸ ਪਿੱਛੋਂ ਸੁਹੇਲ ਨੇ ਫੋਨ ਕੱਟ ਦਿੱਤਾ ਤੇ ਆਫੀਆ ਦੇ ਸਿਰ ਤੋਂ ਵੀ ਭਾਰ ਲਹਿ ਗਿਆ।

8

ਅਕਤੂਬਰ 1995 ’ਚ ਅਮਜਦ ਅਮਰੀਕਾ ਪਹੁੰਚਿਆ। ਉਸਦੀ ਨਵੀਂ ਨਵੇਲੀ ਦੁਲਹਨ ਆਫੀਆ, ਚਿਕਾਗੋ ਏਅਰਪੋਰਟ ’ਤੇ ਉਸਨੂੰ ਉਡੀਕ ਰਹੀ ਸੀ। ਉੱਥੋਂ ਉਹ ਅਮਜਦ ਨੂੰ ਲੈ ਕੇ ਫੌਜ਼ੀਆ ਦੇ ਅਪਾਰਟਮੈਂਟ ਆ ਗਈ। ਫਿਰ ਉਹ ਹੋਟਲ ਚਲੇ ਗਏ। ਤਕਰੀਬਨ ਦੋ ਹਫਤਿਆਂ ਦਾ ਵਕਤ ਉਨ੍ਹਾਂ ਹੋਟਲ ’ਚ ਹੀ ਗੁਜ਼ਾਰਿਆ। ਅਗਲੇ ਦੋ ਕੁ ਮਹੀਨੇ ਉਹ ਫੌਜ਼ੀਆ ਦੇ ਘਰ ਰਹੇ। ਫਿਰ ਉਹ ਬਾਸਟਨ, ਮੈਸਾਚੂਸਸ ਚਲੇ ਆਏ। ਇੱਥੇ ਆ ਕੇ ਉਨ੍ਹਾਂ ਕਿਸੇ ਵੱਡੀ ਬਿਲਡਿੰਗ ਦੇ ਹੇਠਲੇ ਲੈਵਲ ’ਤੇ ਨਿੱਕਾ ਜਿਹਾ ਅਪਾਰਟਮੈਂਟ ਲੈ ਲਿਆ ਤੇ ਆਪਣੀ ਜ਼ਿੰਦਗੀ ਸ਼ੁਰੂ ਕਰ ਦਿੱਤੀ। ਅਮਜਦ ਨੂੰ ਇਹ ਛੋਟਾ ਜਿਹਾ ਅਪਾਰਟਮੈਂਟ ਬਿਲਕੁਲ ਵੀ ਨਾ ਭਾਇਆ। ਉਹ ਇੱਕ ਵੱਡੇ ਪਰਿਵਾਰ ਅਤੇ ਚੰਗੇ ਖਾਂਦੇ ਪੀਂਦੇ ਘਰ ’ਚੋਂ ਆਇਆ ਸੀ। ਪਾਕਿਸਤਾਨ ’ਚ ਉਹ ਤਿੰਨ ਭਰਾ, ਮਾਂ ਪਿਉ ਨਾਲ ਭਰੇ ਪੂਰੇ ਪਰਿਵਾਰ ’ਚ ਰਹਿੰਦੇ ਸਨ। ਇੱਥੇ ਇਹ ਖੁੱਡ ਜਿਹੀ ਥਾਂ ਉਸਨੂੰ ਚੰਗੀ ਨਹੀਂ ਲੱਗਦੀ ਸੀ। ਸਮਾਂ ਪਾ ਕੇ ਉਨ੍ਹਾਂ ਸ਼ਹਿਰ ਤੋਂ ਬਾਹਰ ਛੋਟੇ ਜਿਹੇ ਕਸਬੇ ਮਾਲਡੇਨ ਵਿੱਚ ਵੱਡੇ ਹਾਈਵੇ 95 ਤੋਂ ਥੋੜਾ ਜਿਹਾ ਹਟਵਾਂ ਕਾਫੀ ਵੱਡਾ ਅਤੇ ਖੁੱਲਾ ਡੁੱਲਾ ਅਪਾਰਟਮੈਂਟ ਲੈ ਲਿਆ। ਇੱਥੇ ਆ ਕੇ ਅਮਜਦ ਬਹੁਤ ਖੁਸ਼ ਹੋਇਆ। ਉਸਦੀ ਵਿਆਹੁਤਾ ਜ਼ਿੰਦਗੀ ਬਹੁਤ ਵਧੀਆ ਢੰਗ ਨਾਲ ਸ਼ੁਰੂ ਹੋਈ ਸੀ। ਉਹ ਆਫੀਆ ਨੂੰ ਜੀ ਜਾਨ ਨਾਲ ਚਾਹੁਣ ਲੱਗਿਆ ਸੀ ਤੇ ਆਫੀਆ ਵੀ ਅਮਜਦ ਨੂੰ ਡੂੰਘੀ ਮੁਹੱਬਤ ਕਰਨ ਲੱਗੀ ਸੀ। ਦੋਨਾਂ ਨੂੰ ਲੱਗਦਾ ਸੀ ਕਿ ਉਹ ਇੱਕ ਦੂਜੇ ਲਈ ਹੀ ਬਣੇ ਹਨ। ਇਨ੍ਹੀਂ ਦਿਨੀਂ ਦੋਨਾਂ ਵਿਚਕਾਰ ਪਿਆਰ ਮੁਹੱਬਤ ਦੀਆਂ ਗੱਲਾਂ ਹੀ ਨ੍ਹੀਂ ਸਨ ਮੁਕਦੀਆਂ। ਅਮਜਦ ਨੂੰ ਲੱਗਦਾ ਸੀ ਕਿ ਇਹ ਭੋਲੀ ਭਾਲੀ ਜਿਹੀ ਕੁੜੀ ਕਦੇ ਗੁੱਸੇ ਤਾਂ ਹੁੰਦੀ ਹੀ ਨਹੀਂ ਹੋਣੀ। ਪਰ ਫਿਰ ਇੱਕ ਦਿਨ ਗੱਲਾਂ ਕਰਦਿਆਂ ਆਫੀਆ ਨੇ ਅਚਾਣਕ ਕੁਝ ਅਜਿਹਾ ਕਿਹਾ ਕਿ ਅਮਜਦ ਦੇ ਮੂੰਹ ’ਚ ਕੁੜੱਤਣ ਘੁਲ ਗਈ। ਉਹ ਬੋਲੀ, “ਅਮਜਦ ਮੈਨੂੰ ਪਿਛਲੀਆਂ ਗਰਮੀਆਂ ’ਚ ਐਫ. ਬੀ. ਆਈ. ਲੱਭਦੀ ਰਹੀ ਸੀ।”

“ਕਿਸ ਗੱਲ ਦੇ ਸਿਲਸਲੇ ਵਿੱਚ ?” ਉਹ ਹੈਰਾਨ ਹੋ ਕੇ ਆਫੀਆ ਵੱਲ ਝਾਕਿਆ।

“ਇਹ ਤਾਂ ਪਤਾ ਨ੍ਹੀਂ। ਪਰ ਮੈਂ ਇੱਕ ਗੱਲ ਦੱਸ ਦਿੰਨੀ ਆਂ ਕਿ ਜੇਕਰ ਅਜਿਹਾ ਕਦੇ ਦੁਬਾਰਾ ਹੋਇਆ ਤਾਂ ਮੈਂ ਅਮਰੀਕਾ ’ਚ ਨ੍ਹੀਂ ਰਹਿਣਾ।”

“ਪਰ ਪਤਾ ਤਾਂ ਲੱਗੇ ਕਿ ਗੱਲ ਕੀ ਐ। ਕੋਈ ਤਾਂ ਵਜ੍ਹਾ ਹੋਊਗੀ ਕਿ ਐਫ. ਬੀ. ਆਈ. ਤੇਰੇ ਮਗਰ ਆਈ। ਤੂੰ ਜੋ ਕਹਿ ਰਹੀ ਐਂ ਕਿ ਜੇਕਰ ਉਹ ਦੁਬਾਰਾ ਆਏ ਤਾਂ ਤੂੰ ਇੱਥੇ ਨ੍ਹੀਂ ਰਹਿਣਾ ਤਾਂ ਤੈਨੂੰ ਮਾੜਾ ਮੋਟਾ ਤਾਂ ਸ਼ੱਕ ਹੋਊਗਾ ਈ ਕਿ ਉਹ ਕਿਸ ਗੱਲ ਕਰਕੇ ਤੈਨੂੰ ਲੱਭਣ ਆਏ ਸਨ।”

"ਮੈਂ ਕਹਿ ਦਿੱਤਾ ਨਾ ਕਿ ਮੈਨੂੰ ਪਤਾ ਨ੍ਹੀਂ ਐ।" ਇੰਨਾ ਕਹਿ ਕੇ ਆਫੀਆ ਉੱਠ ਕੇ ਤੁਰ ਗਈ। ਅਮਜਦ ਭੁਚੱਕਿਆਂ ਵਾਂਗੂੰ ਉਸ ਵੱਲ ਵੇਖਦਾ ਰਿਹਾ। ਪਹਿਲੀ ਵਾਰ ਉਹ ਆਫੀਆ ਨੂੰ ਗੁੱਸੇ 'ਚ ਵੇਖ ਰਿਹਾ ਸੀ। ਦੋ ਦਿਨ ਉਹ ਇਸੇ ਤਰ੍ਹਾਂ ਘੁੱਟੀ ਵਟੀ ਜਿਹੀ ਤੁਰੀ ਫਿਰੀ। ਕੁਝ ਦਿਨਾਂ ਪਿੱਛੋਂ ਉਹ ਫਿਰ ਘੁਲ ਮਿਲ ਗਈ। ਅਮਜਦ ਵੀ ਇਹ ਗੱਲ ਭੁੱਲ ਗਿਆ। ਪਰ ਅਗਲੀ ਵਾਰ ਉਸਨੇ ਆਫੀਆ ਦਾ ਹੋਰ ਭਿਆਨਕ ਰੂਪ ਵੇਖਿਆ। ਅਸਲ ਵਿੱਚ ਇਸ ਤੋਂ ਪਹਿਲਾਂ ਅਮਜਦ ਦਾਹੜੀ ਵਧਾ ਕੇ ਤੇ ਟਰਿਮ ਕਰਕੇ ਰੱਖਦਾ ਸੀ। ਪਰ ਉਸਨੇ ਪਾਕਿਸਤਾਨ ਵਿੱਚ ਰਹਿੰਦਿਆਂ ਸੁਣਿਆਂ ਹੋਇਆ ਸੀ ਕਿ ਅਮਰੀਕਾ ਵਿੱਚ ਪਾਕਿਸਤਾਨੀ ਦਿੱਖ ਵਾਲੇ ਆਦਮੀ ਨੂੰ ਵੱਖਰੀ ਹੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਉਂਝ ਉਹ ਰੋਜੇ ਵੀ ਰੱਖਦਾ ਸੀ ਤੇ ਨਵਾਜ ਵੀ ਪੜ੍ਹ ਲੈਂਦਾ ਸੀ ਪਰ ਉਹ ਕੱਟੜ ਨਹੀਂ ਸੀ। ਇਸ ਲਈ ਉਸਨੇ ਆਪਣੀ ਸਹੂਲਤ ਲਈ ਇੱਕ ਦਿਨ ਸ਼ੇਵ ਕਰਵਾ ਦਿੱਤੀ। ਉਹ ਘਰ ਆਇਆ ਤਾਂ ਪਹਿਲਾਂ ਤਾਂ ਆਫੀਆ ਉਸਨੂੰ ਪਹਿਚਾਣ ਹੀ ਨਾ ਸਕੀ। ਪਰ ਫਿਰ ਇੱਕ ਦਮ ਭੜਕਦਿਆਂ ਬੋਲੀ, "ਤੈਨੂੰ ਸ਼ਰਮ ਨਾ ਆਈ ਦਾਹੜੀ ਕਟਵਾਉਂਦੇ ਨੂੰ ?"

"ਕਿਉਂ ਇਸ ਵਿੱਚ ਸ਼ਰਮ ਵਾਲੀ ਕਿਹੜੀ ਗੱਲ ਐ। ਮੈਂ ਕੀ ਕੋਈ ਗੁਨਾਹ ਕਰ ਦਿੱਤਾ ?"

"ਇੱਕ ਮੁਸਲਮਾਨ ਹੋ ਕੇ ਤੂੰ ਮੂੰਹ ਸਫਾ ਚੱਟ ਕਰਵਾਈ ਫਿਰਦਾ ਐਂ ਤੇ ਅਜੇ ਪੁੱਛਦਾ ਐਂ ਕਿ ਕੀ ਗੁਨਾਹ ਕਰ ਦਿੱਤਾ।"

"ਮੈਂ ਇੱਕ ਮਜ਼ਬੀ ਆਗੂ ਦੀ ਸਲਾਹ ਲਈ ਸੀ ਉਸਦਾ ਕਹਿਣਾ ਹੈ ਕਿ ਕਿਸੇ ਚੰਗੇ ਕੰਮ ਲਈ ਤੁਹਾਨੂੰ ਦਾਹੜੀ ਕਟਵਾਉਣੀ ਪਵੇ ਤਾਂ ਤੁਸੀਂ ਕਟਵਾ ਸਕਦੇ ਓ। ਜਦੋਂ ਮੌਕਾ ਮਿਲੇ ਤਾਂ ਫਿਰ ਰੱਖ ਲਉ।"

"ਤੂੰ ਅਜਿਹਾ ਕਿਹੜਾ ਚੰਗਾ ਕੰਮ ਕਰਨ ਲੱਗ ਪਿਐਂ ਕਿ ਤੇਰੇ ਦਾਹੜੀ ਰੱਖਿਆਂ ਉਹ ਕੰਮ ਨ੍ਹੀਂ ਹੋ ਸਕਦਾ ਸੀ ?"

"ਆਫੀਆ ਮੈਂ ਪੜ੍ਹਾਈ ਸ਼ੁਰੂ ਕਰ ਲਈ ਐ। ਹਰ ਰੋਜ਼ ਕਾਲਜ ਜਾਂਦਾ ਹਾਂ। ਮੈਂ ਨ੍ਹੀਂ ਚਾਹੁੰਦਾ ਕਿ ਉੱਥੇ ਲੋਕ ਮੈਨੂੰ ਹੋਰ ਈ ਨਜ਼ਰਾਂ ਨਾਲ ਵੇਖਣ।"

"ਅੱਛਾ ! ਤੈਨੂੰ ਮੁਸਲਮਾਨ ਹੋਣ ਕਰਕੇ ਸ਼ਰਮ ਆਉਂਦੀ ਐ।"

"ਇਹ ਗੱਲ ਨ੍ਹੀਂ ਐ। ਤੂੰ ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ।"

ਬਹਿਸ ਅੱਗੇ ਹੀ ਅੱਗੇ ਵਧਦੀ ਗਈ। ਆਫੀਆ ਕੋਈ ਗੱਲ ਸੁਣਨ ਦੀ ਬਜਾਇ ਭਖਦੀ ਹੀ ਗਈ। ਆਖਰ ਉਹ ਇੰਨੇ ਗੁੱਸੇ 'ਚ ਆ ਗਈ ਕਿ ਨੇੜੇ ਹੁੰਦੀ ਉਹ ਅਮਜਦ ਦੀ ਛਾਤੀ 'ਚ ਮੁੱਕੀਆਂ ਮਾਰਦੀ ਹੋਈ ਚੀਕਣ ਚਿਲਾਉਣ ਲੱਗੀ। ਪਹਿਲਾਂ ਤਾਂ ਅਮਜਦ ਨੂੰ ਬਹੁਤ ਗੁੱਸਾ ਆਇਆ। ਪਰ ਜਦੋਂ ਉਸਨੇ ਵੇਖਿਆ ਕਿ ਆਫੀਆ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਉਸਨੂੰ ਜੁਆਕਾਂ ਦੀ ਤਰ੍ਹਾਂ ਕੁੱਟ ਰਹੀ ਹੈ ਤਾਂ ਮਨ ਹੀ ਮਨ ਉਸਨੂੰ ਹਾਸਾ ਆਇਆ। ਉਸਨੇ ਵਿਰੋਧ ਕਰਨਾ ਛੱਡ ਦਿੱਤਾ। ਆਖਰ ਆਫੀਆ ਮੁੱਕੀਆਂ ਮਾਰਦੀ ਹੱਫ ਗਈ। ਉਸਨੇ ਪਲ ਭਰ ਅਮਜਦ ਵੱਲ ਵੇਖਿਆ ਤੇ ਫਿਰ ਉਸਦੀ ਛਾਤੀ ਨਾਲ ਲੱਗ ਕੇ ਉਸਦੇ ਦੁਆਲੇ ਬਾਹਾਂ ਵਲਦੀ ਉੱਚੀ ਉੱਚੀ ਰੋਣ ਲੱਗੀ। ਅਮਜਦ ਨੇ ਉਸਨੂੰ ਛਾਤੀ ਨਾਲ ਘੁੱਟ ਲਿਆ। ਉਨ੍ਹਾਂ ਵਿਚਲੀ ਸਾਰੀ ਕੁੜੱਤਣ ਚਲੀ ਗਈ। ਇਸਦੇ ਨਾਲ ਹੀ ਅਮਜਦ ਨੂੰ ਉਸਦੇ ਰੁੱਸਣ ਅਤੇ ਇਸ ਤਰ੍ਹਾਂ ਆਪੇ ਮੰਨ ਜਾਣ ਦਾ ਨਿਰਾਲਾ ਢੰਗ ਬਹੁਤ ਹੀ ਪਿਆਰਾ ਲੱਗਿਆ। ਜ਼ਿੰਦਗੀ ਆਪਣੇ ਢੰਗ ਨਾਲ ਫਿਰ ਚੱਲਣ ਲੱਗੀ। ਪਰ ਆਫੀਆ ਨੇ ਅਮਜਦ ਤੋਂ ਇਹ ਵਾਇਦਾ ਲਿਆ ਕਿ ਉਹ ਛੇਤੀ ਹੀ ਫਿਰ ਤੋਂ ਦਾਹੜੀ ਵਧਾ ਲਵੇਗਾ। ਕੁਝ ਹੀ ਹਫਤੇ ਲੰਘੇ ਸਨ ਕਿ ਇੱਕ ਦਿਨ ਉਹ ਨਵੀਂ ਹੀ ਸਕੀਮ ਲੈ ਕੇ ਘਰ ਆਈ।

"ਅਮਜਦ, ਮੈਂ ਤੇ ਸੁਲੇਮਾਨ ਐਹਮਰ ਨੇ ਇੱਕ ਬਹੁਤ ਵਧੀਆ ਕੰਮ ਸੋਚਿਆ ਐ।"

"ਇਹ ਸੁਲੇਮਾਨ ਕੌਣ ਐਂ ?"

“ਇਹ ਬੈਨੇਵੋਲੈਂਸ ਇੰਟਰਨੈਸ਼ਨਲ ਜਥੇਬੰਦੀ ਦਾ ਡਾਇਰੈਕਟਰ ਐ। ਤੈਨੂੰ ਪਤਾ ਐ ਕਿ ਮੈਂ ਚੈਰਿਟੀ ਦੇ ਕੰਮ ਦੇ ਸਿਲਸਲੇ ਵਿੱਚ ਅਜਿਹੇ ਲੋਕਾਂ ਨੂੰ ਮਿਲਦੀ ਰਹਿੰਦੀ ਆਂ।”

“ਕੀ ਐ ਤੁਹਾਡਾ ਇਹ ਨਵਾਂ ਖਿਆਲ?” ਅਮਜਦ ਨੇ ਸੋਚਿਆ ਕਿ ਆਫੀਆ ਉਸਨੂੰ ਫਿਰ ਤੋਂ ਦਾਹੜੀ ਵਧਾਉਣ ਜਾਂ ਕੋਈ ਅਜਿਹਾ ਹੀ ਕੰਮ ਕਹੂਗੀ।

“ਕਿਉਂ ਨਾ ਆਪਾਂ ਦੋਨੋਂ ਬਾਸਨੀਆਂ ਚੱਲੀਏ?”

“ਬਾਸਨੀਆਂ!? ਉਹ ਕਿਉਂ?”

“ਮੈਂ ਉੱਥੇ ਜਾ ਕੇ ਅਨਾਥਾਂ ਲਈ ਸਕੂਲ ਖੋਲ੍ਹ ਲਊਂਗੀ ਤੇ ਤੂੰ ਕੋਈ ਹਸਪਤਾਲ ਚਲਾ ਲਈਂ। ਕੁਝ ਦੇਰ ਪਿੱਛੋਂ ਆਪਾਂ ਸੱਚਮੁੱਚ ਦੇ ਜਿਹਾਦ ਵਿੱਚ ਸ਼ਾਮਲ ਹੋਜਾਂਗੇ।”

ਉਸਦੀ ਗੱਲ ਸੁਣ ਕੇ ਅਮਜਦ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਸਨੂੰ ਕੋਈ ਗੱਲ ਹੀ ਨਾ ਆਉੜੀ। ਉਸ ਦੇ ਤਾਂ ਇਹ ਸੁਣ ਕੇ ਹੀ ਹੋਸ਼ ਗੁੰਮ ਹੋ ਗਏ ਕਿ ਉਸਦੀ ਘਰਵਾਲੀ ਜਿਹਾਦ ਪ੍ਰਤੀ ਇੰਨੀ ਉਲਾਰ ਹੈ। ਉਹ ਕੁਝ ਦੇਰ ਚੁੱਪ ਰਿਹਾ ਫਿਰ ਬੋਲਿਆ, “ਆਫੀਆ ਮੈਂ ਇੱਥੇ ਪੜ੍ਹਨ ਆਇਆ ਆਂ ਨਾ ਕਿ ਲੜਨ। ਮੇਰਾ ਜ਼ਿੰਦਗੀ ਦਾ ਨਿਸ਼ਾਨਾ ਚੰਗੀ ਪੜ੍ਹਾਈ ਕਰਕੇ ਮੈਡੀਕਲ ਦੇ ਖੇਤਰ ਵਿੱਚ ਪਰੈਕਟਿਸ ਕਰਨ ਦਾ ਐ। ਮੈਂ ਅਜਿਹੇ ਕੰਮਾਂ ’ਚ ਹਿੱਸਾ ਲੈਣ ਵਾਲਾ ਇਨਸਾਨ ਨ੍ਹੀਂ ਆਂ।”

“ਪਰ ਵਿਆਹ ਤੋਂ ਪਹਿਲਾਂ ਤੂੰ ਜਿਹਾਦ ’ਚ ਸ਼ਾਮਲ ਹੋਣ ਲਈ ਹਾਮੀ ਕਿਉਂ ਭਰੀ ਸੀ ਫਿਰ?”

ਉਸਦੀ ਗੱਲ ਸੁਣ ਕੇ ਅਮਜਦ ਨੂੰ ਧੱਕਾ ਲੱਗਿਆ। ਉਸਨੂੰ ਉਹ ਵੇਲਾ ਯਾਦ ਆਇਆ ਜਦੋਂ ਮੁਫਤੀ ਸਾਹਿਬ ਨੇ ਉਸਨੂੰ ਪੁੱਛਿਆ ਸੀ ਕਿ ਲੋੜ ਪੈਣ ’ਤੇ ਕੀ ਉਹ ਜਿਹਾਦ ਵਿੱਚ ਹਿੱਸਾ ਲਵੇਗਾ ਤੇ ਉਸਨੇ ਇਸਨੂੰ ਵਿਆਹ ਤੋਂ ਪਹਿਲਾਂ ਦੀ ਇੱਕ ਮਜ਼ਬੀ ਰਸਮ ਸਮਝਦਿਆਂ ਹਾਂ ਕਹਿ ਦਿੱਤੀ ਸੀ। ਪਰ ਅੱਜ ਉਸਨੂੰ ਲੱਗਿਆ ਕਿ ਮੁਫਤੀ ਸਾਹਿਬ ਨੇ ਇਹ ਗੱਲ ਆਫੀਆ ਦੇ ਕਹਿਣ ’ਤੇ ਹੀ ਉਸਨੂੰ ਪੁੱਛੀ ਹੋਵੇਗੀ।

“ਤੂੰ ਬੋਲਦਾ ਕਿਉਂ ਨ੍ਹੀਂ? ਕੀ ਸੱਪ ਸੁੰਘ ਗਿਆ ਤੈਨੂੰ?” ਆਫੀਆ ਗਰਮ ਹੋਣ ਲੱਗੀ ਤਾਂ ਅਮਜਦ ਚੁੱਪ ਕਰਕੇ ਘਰੋਂ ਬਾਹਰ ਨਿਕਲ ਗਿਆ। ਅਗਲੇ ਦੋ ਦਿਨ ਉਨ੍ਹਾਂ ਵਿਚਕਾਰ ਤਣਾਅ ਜਾਰੀ ਰਿਹਾ। ਪਰ ਤੀਸਰੇ ਦਿਨ ਆਫੀਆ ਨੂੰ ਪਤਾ ਲੱਗਿਆ ਕਿ ਉਹ ਗਰਭਪਤੀ ਹੈ। ਇਸ ਗੱਲ ਨੇ ਉਨ੍ਹਾਂ ਵਿਚਲੀਆਂ ਸਭ ਕੁੜੱਤਣਾ ਦੂਰ ਕਰ ਦਿੱਤੀਆਂ। ਆਫੀਆ ਬਾਸਨੀਆਂ ਜਾਣ ਵਾਲੀ ਗੱਲ ਭੁੱਲ ਭੁਲਾ ਗਈ। ਅਮਜਦ ਨੇ ਆਫੀਆ ਦੇ ਗਰਭਵਤੀ ਹੋਣ ਬਾਰੇ ਆਪਣੇ ਅਤੇ ਉਸਦੇ ਮਾਪਿਆਂ ਦੇ ਘਰ ਦੱਸਿਆ ਤਾਂ ਸਾਰੇ ਖੁਸ਼ੀ ਫੈਲ ਗਈ। ਇਸੇ ਦੌਰਾਨ ਆਫੀਆ ਦੀ ਮਾਂ ਨੇ ਅਮਜਦ ਨਾਲ ਆਫੀਆ ਦੇ ਭਵਿੱਖ ਨੂੰ ਲੈ ਕੇ ਗੱਲ ਸ਼ੁਰੂ ਕੀਤੀ, “ਅਮਜਦ, ਆਫੀਆ ਕਹਿ ਰਹੀ ਐ ਕਿ ਹੁਣ ਉਸਨੇ ਅੱਗੇ ਪੜ੍ਹਨਾ ਐ?”

“ਹੈਂ! ਇਸ ਹਾਲਤ ਵਿੱਚ? ਅੰਮੀ ਹੁਣ ਤਾਂ ਉਸਨੂੰ ਆਰਾਮ ਕਰਨਾ ਚਾਹੀਦਾ ਐ।”

“ਅਮਜਦ ਤੂੰ ਨ੍ਹੀਂ ਜਾਣਦਾ ਇਸ ਕੁੜੀ ’ਚ ਕਿੰਨੀ ਅਨਰਜੀ ਭਰੀ ਹੋਈ ਐ। ਤੂੰ ਇਸਦੀ ਜ਼ਿਦ ਵੀ ਜਾਣਦਾ ਐਂ। ਜੇ ਇਸਨੇ ਤਹਿ ਕਰ ਲਿਆ ਕਿ ਇਸਨੇ ਹੁਣੇ ਪੜ੍ਹਾਈ ਸ਼ੁਰੂ ਕਰਨੀ ਐਂ ਤਾਂ ਇਹ ਸ਼ੁਰੂ ਕਰਕੇ ਹੀ ਰਹੇਗੀ।”

“ਮੈਂ ਤਾਂ ਕਹਿੰਦਾ ਸੀ ਕਿ ਬੱਚੇ ਦੇ ਜਨਮ ਤੱਕ ਇਸਨੂੰ ਆਰਾਮ ਕਰਨਾ ਚਾਹੀਦਾ ਐ।”

"ਨ੍ਹੀਂ ਅਮਜਦ, ਇਹ ਜੋ ਕਰਨਾ ਚਾਹੁੰਦੀ ਐ ਕਰਨ ਦੇ। ਤੂੰ ਵੇਖੀਂ ਇਸਨੇ ਇਨ੍ਹਾਂ ਹਾਲਤਾਂ ਵਿੱਚ ਵੀ ਕਲਾਸ 'ਚੋਂ ਟਾਪ ਕਰ ਜਾਣਾ ਐਂ। ਪਰ ਤੂੰ ਇੱਕ ਗੱਲ ਜ਼ਰੂਰ ਕਰ।"

"ਹਾਂ ਦੱਸੋ ?"

"ਮੈਂ ਚਾਹੁੰਨੀ ਆਂ ਕਿ ਇਹ ਡਾਕਟਰ ਬਣੇ। ਕਮ ਸੇ ਕਮ ਇਸਦੇ ਨਾਂ ਨਾਲ ਡਾਕਟਰ ਜ਼ਰੂਰ ਲੱਗੇ।"

"ਪਰ ਇਸਦਾ ਮੁਢਲਾ ਖੇਤਰ ਤਾਂ ਹੋਰ ਐ। ਫਿਰ ਇਸ ਸਟੇਜ 'ਤੇ ਆ ਕੇ....।"

"ਤੂੰ ਇਸਨੂੰ ਕਹਿ ਕਿ ਇਹ ਨਿਊਰੋਸਾਇੰਸ ਦੇ ਖੇਤਰ 'ਚ ਅੱਗੇ ਦੀ ਪੜ੍ਹਾਈ ਕਰੇ।"

"ਅੰਮੀ ਉਸ ਖੇਤਰ 'ਚ ਤਾਂ ਦਿਮਾਗੀ ਮਿਹਨਤ ਬਹੁਤ ਕਰਨੀ ਪਵੇਗੀ।"

"ਜਦੋਂ ਇਸ ਦੇ ਸਾਹਮਣੇ ਚੈਲਿੰਜ ਹੋਵੇ ਉਦੋਂ ਹੀ ਇਸਦੀ ਸਾਰੀ ਤਾਕਤ ਵਰਤੋਂ 'ਚ ਆਉਂਦੀ ਐ। ਬੱਸ ਤੂੰ ਇਸਨੂੰ ਮੇਰੀ ਕਹੀ ਗੱਲ ਮਨਵਾ।"

ਇਸ ਪਿੱਛੋਂ ਅਮਜਦ ਨੇ ਆਫੀਆ ਨਾਲ ਗੱਲ ਤੋਰੀ। ਉਸਨੇ ਪਹਿਲੀ ਗੱਲ ਤਾਂ ਇਹੀ ਕਹੀ ਕਿ ਉਸਨੂੰ ਅੱਗੇ ਪੜ੍ਹਨ ਤੋਂ ਨਾ ਰੋਕਿਆ ਜਾਵੇ। ਪਰ ਨਾਲ ਹੀ ਇਹ ਵੀ ਦੱਸ ਦਿੱਤਾ ਕਿ ਉਸਨੂੰ ਅੰਮੀ ਦੀ ਚਾਹਤ ਦਾ ਪਤਾ ਹੈ। ਇਸੇ ਲਈ ਉਸਨੇ ਨਿਊਰੋਸਾਇੰਸ ਦੇ ਕਾਗਨੇਟਿਵ ਖੇਤਰ 'ਚ ਪੀ ਐੱਚ ਡੀ ਕਰਨ ਦਾ ਮਨ ਬਣਾ ਲਿਆ ਹੈ। ਅਮਜਦ ਹੈਰਾਨ ਰਹਿ ਗਿਆ ਜਦੋਂ ਉਸਨੂੰ ਪਤਾ ਲੱਗਿਆ ਕਿ ਆਫੀਆ ਨੇ ਆਪਣੇ ਤੌਰ 'ਤੇ ਇਸ ਲਈ ਦਾਖਲਾ ਵੀ ਲੈ ਲਿਆ ਹੈ ਤੇ ਪੜ੍ਹਾਈ ਸ਼ੁਰੂ ਹੋਣ ਵਾਲੀ ਹੈ। ਉਸਨੂੰ ਆਪਣੀ ਪਤਨੀ ਦੀ ਕੁਸ਼ਲਤਾ 'ਤੇ ਗਰਭ ਮਹਿਸੂਸ ਹੋਇਆ।

"ਆਫੀਆ ਤੂੰ ਇਸਦੇ ਲਈ ਕਿਹੜਾ ਕਾਲਜ ਚੁਣਿਆਂ ਐ ?"

"ਮੈਂ ਬਰੈਂਡੀਜ਼ ਯੂਨੀਵਰਸਿਟੀ ਚੁਣੀ ਐਂ। ਉਨ੍ਹਾਂ ਮੇਰਾ ਪੜ੍ਹਾਈ ਦਾ ਰਿਕਾਰਡ ਵੇਖਦਿਆਂ ਹੀ ਮੈਨੂੰ ਦਾਖਲਾ ਦਿੱਤਾ ਐ। ਤੈਨੂੰ ਪਤਾ ਈ ਐ ਕਿ ਮਾੜੇ ਮੋਟੇ ਨੂੰ ਤਾਂ ਉਹ ਨੇੜ ਦੀ ਨ੍ਹੀਂ ਲੰਘਣ ਦਿੰਦੇ।"

"ਪਰ ਆਫੀਆ ਤੂੰ ਉੱਥੇ ਕਿਵੇਂ ਅਡਜਸਟ ਕਰੇਂਗੀ ? ਤੈਨੂੰ ਪਤਾ ਈ ਐ ਕਿ ਉਹ ਯੂਨੀਵਰਸਿਟੀ ਤਾਂ ਜਹੂਦੀਆਂ ਦੀ ਐ।"

"ਹਾਂ ਮੈਨੂੰ ਪਤਾ ਐ। ਪਰ ਮੈਨੂੰ ਵੀ ਉੱਥੇ ਈ ਕੰਮ ਕਰਨ 'ਚ ਮਜ਼ਾ ਆਉਂਦਾ ਐ ਜਿੱਥੇ ਕਿ ਅੱਗੇ ਵਿਰੋਧ ਹੋਵੇ। ਤੂੰ ਵੇਖੀਂ ਸਹੀ ਮੈਂ ਉਨ੍ਹਾਂ ਦੀ ਯੂਨੀਵਰਸਿਟੀ ਦੀ ਅਹੀ ਤਹੀ ਕਿਵੇਂ ਫੇਰਦੀ ਆਂ।"

"ਤੇਰੀ ਮਰਜ਼ੀ ਐ। ਵੈਸੇ ਮੈਨੂੰ ਪਤਾ ਐ ਕਿ ਤੇਰੇ ਲਈ ਦੁਨੀਆਂ 'ਚ ਕੁਝ ਵੀ ਔਖਾ ਨ੍ਹੀਂ ਐ।"

ਬਹਿਸ ਖਤਮ ਹੋ ਗਈ ਤੇ ਆਫੀਆ ਨੇ ਯੂਨੀਵਰਸਿਟੀ ਜਾਣਾ ਸ਼ੁਰੂ ਕਰ ਦਿੱਤਾ। ਬਰੈਂਡੀਜ਼ ਭਾਵੇਂ ਆਪਣੇ ਤੌਰ 'ਤੇ ਧਰਮ ਨਿਰਪੇਖ ਰਹਿਣ ਦੀ ਕੋਸ਼ਿਸ਼ ਕਰਦੀ ਸੀ ਪਰ ਉਸਦੇ ਸਾਰੇ ਤਾਣੇ ਬਾਣੇ 'ਤੇ ਜਹੂਦੀ ਸੱਭਿਆਚਾਰ ਭਾਰੂ ਸੀ। ਖਾਸ ਕਰਕੇ ਆਫੀਆ ਵਰਗੀ ਕੱਟੜ ਮੁਸਲਮਾਨ ਲਈ ਤਾਂ ਇੱਥੇ ਅਡਜਸਟ ਕਰਨਾ ਬਹੁਤ ਹੀ ਔਖਾ ਸੀ। ਪਰ ਆਫੀਆ ਅੰਦਰੋਂ ਖੁਸ਼ ਸੀ। ਕਿਉਂਕਿ ਅਜਿਹੇ ਵਿਰੋਧਾਭਾਸ ਵਿੱਚੋਂ ਹੀ ਉਸਨੂੰ ਮਜ਼ਾ ਆਉਂਦਾ ਸੀ। ਖੈਰ ਜਦੋਂ ਉਸਨੇ ਯੂਨੀਵਰਸਿਟੀ ਜਾਣਾ ਸ਼ੁਰੂ ਕੀਤਾ ਤਾਂ ਉਸ ਵੇਲੇ ਉਹ ਸੱਤ ਮਹੀਨਿਆਂ ਦੀ ਗਰਭਵਤੀ ਸੀ। ਪੜ੍ਹਾਈ ਸ਼ੁਰੂ ਹੁੰਦਿਆਂ ਹੀ ਆਫੀਆ ਨੇ ਜਹੂਦੀ ਸੱਭਿਆਚਾਰ ਬਾਰੇ ਪੜ੍ਹਨਾ ਸ਼ੁਰੂ ਕਰ ਦਿੱਤਾ। ਇਸਦੇ ਨਾਲ ਹੀ ਉਸਨੇ

ਇਜ਼ਰਾਇਲ ਦੀ ਇੰਟੈਲੀਜੈਂਸ ਏਜੰਸੀ, ਮੁਸਾਦ ਬਾਰੇ ਵੀ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਸ਼ਾਇਦ ਉਹ ਆਪਣੇ ਹੋਣ ਵਾਲੇ ਦੁਸ਼ਮਣ ਬਾਰੇ ਪੂਰੀ ਜਾਣਕਾਰੀ ਲੈ ਲੈਣੀ ਚਾਹੁੰਦੀ ਸੀ। ਉਹ ਪੂਰੀ ਤਰ੍ਹਾਂ ਇਸਲਾਮੀ ਲਿਬਾਸ 'ਚ ਲਿਪਟੀ ਹੋਈ ਪਹਿਲੇ ਦਿਨ ਕਾਲਜ ਪਹੁੰਚੀ। ਉਸਦਾ ਇਸ ਤਰ੍ਹਾਂ ਦਾ ਪਹਿਰਾਵਾ ਜਾਂ ਉਸਦਾ ਮੁਸਲਮਾਨ ਹੋਣਾ ਉਸ ਲਈ ਕੋਈ ਮੁਸ਼ਕਲ ਪੈਦਾ ਨਹੀਂ ਸੀ ਕਰਦਾ, ਸਗੋਂ ਇਸਦੇ ਲਈ ਇੱਕ ਗੱਲ ਹੋਰ ਸੀ। ਆਫੀਆ ਦੀ ਸੋਚਣੀ ਸੀ ਕਿ ਇਹ ਯੂਨੀਵਰਸਿਟੀ ਆਪਣੇ ਆਪ ਨੂੰ ਧਰਮ ਨਿਰਪੇਖ ਕਹਿੰਦੀ ਹੈ ਜਦੋਂ ਕਿ ਅੰਦਰੋਂ ਇਹ ਬਿਲਕੁਲ ਜਹੂਦੀ ਰੰਗ ਵਿੱਚ ਰੰਗੀ ਹੋਈ ਹੈ। ਬੱਸ ਇਸੇ ਗੱਲ ਨੂੰ ਆਧਾਰ ਬਣਾ ਕੇ ਉਹ ਯੂਨੀਵਰਸਿਟੀ ਨਾਲ ਆਢਾ ਲਾਉਣ ਲਈ ਤਿਆਰ ਹੋ ਰਹੀ ਸੀ। ਇਸਦਾ ਪਹਿਲਾ ਰੰਗ ਉਸਨੇ ਆਪਣੇ ਪਹਿਲੇ ਲੈਕਚਰ ਵਿੱਚ ਹੀ ਵਿਖਾ ਦਿੱਤਾ। ਹੋਰਨਾਂ ਦੀ ਤਰ੍ਹਾਂ ਉਸਨੂੰ ਵੀ ਕਿਸੇ ਖਾਸ ਖੇਤਰ ਵਿੱਚ ਰਿਸਰਚ ਕਰਕੇ ਪਰਚਾ ਲਿਖਣ ਅਤੇ ਪੜ੍ਹਨ ਲਈ ਕਿਹਾ ਗਿਆ। ਉਸਦੇ ਪਰਚੇ ਦਾ ਵਿਸ਼ਾ ਸੀ 'ਪਰੈੱਗਨੈਂਟ ਵੋਮੈਨ ਐਂਡ ਅਲਕੋਹਲ'। ਉਸਨੇ ਆਪਣੇ ਪਰਚੇ 'ਚ ਕਿਹਾ ਕਿ ਗਰਭਵਤੀ ਔਰਤ ਦੇ ਸ਼ਰਾਬ ਪੀਣ ਨਾਲ ਹੋਣ ਵਾਲੇ ਬੱਚੇ ਦੇ ਦਿਮਾਗ 'ਤੇ ਅਸਰ ਪੈਂਦਾ ਹੈ। ਇੱਥੋਂ ਤੱਕ ਤਾਂ ਠੀਕ ਸੀ, ਪਰ ਉਸਨੇ ਅੱਗੇ ਕਿਹਾ ਕਿ ਇਸੇ ਕਰਕੇ ਤਾਂ ਅੱਲਾ ਨੇ ਕੁਰਾਨ ਵਿੱਚ ਸ਼ਰਾਬ ਪੀਣ ਦੀ ਮਨਾਹੀ ਕੀਤੀ ਹੋਈ ਹੈ। ਉਸਦੇ ਪ੍ਰੋਫੈਸਰ ਇਸ ਗੱਲ ਤੋਂ ਨਾਰਾਜ਼ ਹੋ ਗਏ। ਉਹ ਉਸਨੂੰ ਸਮਝਾਉਂਦੇ ਹੋਏ ਬੋਲੇ, "ਵੇਖ ਆਫੀਆ, ਆਪਾਂ ਸਾਇੰਸਟਿਸਟ ਆਂ। ਆਪਾਂ ਉਹੀ ਗੱਲ ਕਹਿ ਸਕਦੇ ਆਂ ਜੋ ਕਿ ਸਿੱਧ ਕਰ ਸਕਦੇ ਹੋਈਏ। ਡਾਕਟਰਾਂ ਦੁਆਰਾ ਸ਼ਰਾਬ ਪੀਣ ਵਾਲੀਆਂ ਤੇ ਨਾ ਪੀਣ ਵਾਲੀਆਂ, ਗਰਭਵਤੀ ਔਰਤਾਂ 'ਤੇ ਸਟੱਡੀ ਕੀਤੀ ਗਈ ਐ। ਇੱਥੋਂ ਹੀ ਇਹ ਗੱਲ ਸਾਬਤ ਹੋ ਕੇ ਸਾਹਮਣੇ ਆਈ ਕਿ ਸ਼ਰਾਬ ਪੀਣ ਵਾਲੀਆਂ ਦੇ ਬੱਚੇ ਦਿਮਾਗੀ ਤੌਰ 'ਤੇ ਸਹੀ ਡਿਵੈਲਪ ਨ੍ਹੀਂ ਹੁੰਦੇ। ਆਪਾਂ ਇਸੇ ਸਟੱਡੀ ਦੇ ਆਧਾਰ 'ਤੇ ਇਹ ਗੱਲ ਕਹਿ ਸਕਦੇ ਆਂ ਕਿ ਗਰਭ ਦੌਰਾਨ ਸ਼ਰਾਬ, ਬੱਚੇ 'ਤੇ ਮਾੜੇ ਅਸਰ ਪਾਉਂਦੀ ਐ।"

"ਨ੍ਹੀਂ ਇਹ ਇਸ ਤਰ੍ਹਾਂ ਨ੍ਹੀਂ ਐ....।" ਉਹ ਉਨ੍ਹਾਂ ਦੀਆਂ ਗੱਲਾਂ ਦਾ ਉੱਤਰ ਦਿੰਦੀ ਪਲ ਭਰ ਰੁਕੀ ਤੇ ਫਿਰ ਬੋਲਣ ਲੱਗੀ, "ਜੋ ਕੁਛ ਵੀ ਹੈ ਉਹ ਸਭ ਕੁਰਾਨ ਅੰਦਰ ਦਰਜ ਐ। ਸਾਨੂੰ ਸਾਇੰਸਟਿਸਟਾਂ ਨੂੰ ਚਾਹੀਦਾ ਐ ਕਿ ਕੁਰਾਨ ਦੀ ਪੜ੍ਹਾਈ ਕਰਕੇ ਉਸੇ ਹਿਸਾਬ ਆਪਣੇ ਅੱਗੇ ਦੇ ਕੰਮਾਂ ਨੂੰ ਸੇਧ ਦੇਈਏ।"

ਉਸਦੀ ਗੱਲ ਸੁਣ ਕੇ ਪ੍ਰੋਫੈਸਰ ਹੋਰ ਵੀ ਅੱਪਸੈੱਟ ਹੋ ਗਏ। ਉਨ੍ਹਾਂ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਟੱਸ ਤੋਂ ਮੱਸ ਨਾ ਹੋਈ। ਅਗਾਂਹ ਵੀ ਉਹ ਆਪਣੇ ਪਰਚਿਆਂ 'ਚ ਕੁਰਾਨ 'ਚੋਂ ਲਏ ਕੁਟੇਸ਼ਨ ਵਰਤਦੀ ਰਹੀ। ਇਸ ਨਾਲ ਉਸਦਾ ਡਿਪਾਰਟਮੈਂਟ ਉਸ ਨਾਲ ਹੋਰ ਨਾਰਾਜ਼ ਹੁੰਦਾ ਗਿਆ। ਇਸ ਤੋਂ ਵੀ ਅੱਗੇ ਲੰਘਦਿਆਂ ਆਫੀਆ ਨੇ ਇਸ ਯੂਨੀਵਰਸਿਟੀ ਬਾਰੇ ਲਿਖਣਾ ਸ਼ੁਰੂ ਕਰ ਦਿੱਤਾ ਕਿ ਆਪਣੇ ਆਪ ਨੂੰ ਧਾਰਮਿਕ ਨਿਰਪੱਖ ਦੱਸਣ ਵਾਲੀ ਇਹ ਯੂਨੀਵਰਸਿਟੀ ਅੱਤ ਦਰਜੇ ਦੀ ਕੱਟੜ ਧਾਰਮਿਕ ਹੈ। ਆਖਰ ਉਸਨੂੰ ਉਸਦੇ ਡਿਪਾਰਟਮੈਂਟ ਵੱਲੋਂ ਨੋਟਿਸ ਮਿਲ ਗਿਆ ਕਿ ਜਾਂ ਤਾਂ ਉਹ ਆਪਣੀ ਹੱਦ ਅੰਦਰ ਰਹੇ ਨਹੀਂ ਤਾਂ ਉਸਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਉਹ ਡਰੀ ਨਹੀਂ ਸਗੋਂ ਸਿੱਧੀ ਡੀਨ ਦੇ ਦਫਤਰ ਪਹੁੰਚੀ। ਡੀਨ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਅੱਗੋਂ ਹੋਰ ਚਿੜ੍ਹਦੀ ਹੋਈ ਬੋਲੀ, "ਜਾਂ ਤਾਂ ਮੈਨੂੰ ਚੁੱਪ ਕਰਕੇ ਮੇਰੀ ਡਾਕਟਰੀਨ ਕਰਨ ਦਿਉ ਨਹੀਂ ਫਿਰ ਮੈਂ ਤੁਹਾਡੇ ਖਿਲਾਫ ਅਜਿਹਾ ਮੋਰਚਾ ਖੋਲਾਂਗੀ ਕਿ ਤੁਹਾਡੇ ਰੈਪੂਟੇਸ਼ਨ ਦੀ ਐਸੀ ਤੈਸੀ ਫੇਰ ਦਿਆਂਗੀ।"

ਉਸਦੀ ਗੱਲ ਸੁਣ ਕੇ ਡੀਨ ਨੇ ਪਲ ਭਰ ਸੋਚਿਆ ਤੇ ਫਿਰ ਬੋਲਿਆ, "ਮਿਸ ਆਫੀਆ, ਜੇਕਰ ਤੂੰ ਵਾਅਦਾ ਕਰੇਂ ਕਿ ਚੁੱਪ-ਚਾਪ ਆਪਣੀ ਪੜ੍ਹਾਈ ਤੱਕ ਹੀ ਸੀਮਤ ਰਹੇਂਗੀ ਤਾਂ ਮੈਂ ਤੇਰੇ ਡਿਪਾਰਟਮੈਂਟ ਨੂੰ ਹਿਦਾਇਤ ਕਰ ਦਿੰਦਾ ਆਂ ਕਿ ਤੈਨੂੰ ਨਜਾਇਜ਼ ਤੰਗ ਨਾ ਕੀਤਾ ਜਾਵੇ।"

ਆਪਸੀ ਸਹਿਮਤੀ ਤੋਂ ਬਾਅਦ ਗੱਲ ਠੰਡੀ ਤਾਂ ਪੈ ਗਈ ਪਰ ਡੀਨ ਨੇ ਉਸਦੇ ਡਿਪਾਰਟਮੈਂਟ ਨੂੰ ਅੰਦਰ ਖਾਤੇ ਕਹਿ ਦਿੱਤਾ ਕਿ ਜਿਵੇਂ ਕਿਵੇਂ ਕਰਕੇ ਵਕਤ ਕਟੀ ਕਰੋ ਤੇ ਇਸ ਆਫਤ ਤੋਂ ਖਹਿੜਾ ਛੁਡਵਾਉ। ਉਦੋਂ ਨੂੰ ਆਫੀਆ ਦੀ ਮਾਂ ਇਸਮਤ ਪਾਕਿਸਤਾਨ ਤੋਂ ਉਨ੍ਹਾਂ ਕੋਲ ਆ ਗਈ। ਉਹ ਆਫੀਆ ਦੇ ਹੋਣ ਵਾਲੇ ਬੱਚੇ ਕਰਕੇ ਉਸਦੀ ਮੱਦਦ ਲਈ ਆਈ ਸੀ। ਇਸ ਕਰਕੇ ਆਫੀਆ ਦਾ ਵੀ ਧਿਆਨ

ਵਟ ਗਿਆ। ਇਸਮਤ ਨੂੰ ਬੱਚੇ ਦੀ ਸੰਭਾਲ ਕਰਨ ਲਈ ਸਪੈਸ਼ਿਲ ਵੀਜ਼ਾ ਮਿਲਿਆ ਸੀ ਜਿਸ ਕਰਕੇ ਅੱਗੇ ਜਾ ਕੇ ਉਸਨੂੰ ਗਰੀਨ ਕਾਰਡ ਵੀ ਮਿਲ ਗਿਆ। ਆਫੀਆ ਨੇ ਮਿੱਥੇ ਵਕਤ ਤੋਂ ਪਹਿਲਾਂ ਹੀ ਆਪਣੀ ਪੜ੍ਹਾਈ ਚੰਗੇ ਨੰਬਰਾਂ 'ਚ ਪਾਸ ਕਰ ਲਈ। ਉਸਦਾ ਸਿਰਫ ਲੈਬਾਰਟਰੀ ਕੰਮ ਮੁਕਾਉਣਾ ਰਹਿ ਗਿਆ ਸੀ। ਇਸਦੇ ਲਈ ਉਹ ਰਾਤਾਂ ਦੀਆਂ ਸ਼ਿਫਟਾਂ 'ਚ ਆਉਂਦੀ ਜਾਂ ਫਿਰ ਐਤਵਾਰ ਦੇ ਦਿਨ ਆ ਜਾਂਦੀ। ਇੱਥੇ ਜੋ ਉਸਦਾ ਇੰਚਾਰਜ ਸੀ ਉਹ ਇੱਕ ਪੁਰਾਣੇ ਖਿਆਲਾਂ ਦਾ ਵਡੇਰੀ ਉਮਰ ਦਾ ਜਹੂਦੀ ਸੀ। ਉਸਨੂੰ ਆਫੀਆ ਨੇ ਕਿਹਾ ਕਿ ਬੱਚੇ ਦੀ ਆਮਦ ਕਰਕੇ ਉਸ ਦੇ ਲਈ ਦਿਨ ਦੇ ਟਾਈਮ ਆਉਣਾ ਔਖਾ ਹੈ। ਉਸੇ ਨੇ ਆਫੀਆ ਨੂੰ ਆਪਣਾ ਲੈਬ ਵਰਕ ਰਾਤ ਦੀ ਸ਼ਿਫਟ 'ਚ ਜਾਂ ਵੀਕ ਐਂਡ 'ਤੇ ਕਰਨ ਦੀ ਇਜਾਜ਼ਤ ਦੇ ਦਿੱਤੀ। ਆਫੀਆ ਨੇ ਉਸਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ, "ਸਰ ਤੁਹਾਡੀ ਬੜੀ ਮਿਹਰਬਾਨੀ ਜੋ ਤੁਸੀਂ ਮੇਰੀ ਸਕੈਜੂਅਲ ਬਦਲਣ ਵਿੱਚ ਮੱਦਦ ਕੀਤੀ ਐ।"

"ਕੋਈ ਗੱਲ ਨ੍ਹੀਂ ਆਫੀਆ ਤੂੰ ਮੇਰੀ ਧੀ ਵਰਗੀ ਐਂ। ਤੇਰੀ ਮੱਦਦ ਕਰਨਾ ਮੇਰਾ ਫਰਜ਼ ਬਣਦਾ ਐ।"

"ਸਰ ਤੁਸੀਂ, ਤੁਹਾਡੀ ਸੋਚ ਕਰਕੇ ਕਿਸੇ ਬਹੁਤ ਹੀ ਧਾਰਮਿਕ ਮੁਸਲਮਾਨ ਵਰਗੇ ਲੱਗਦੇ ਓ।"

"ਅੱਛਾ, ਮੁਸਲਮਾਨ ਧਰਮ ਵਿੱਚ ਵੀ ਇਸ ਤਰ੍ਹਾਂ ਹੀ ਸੋਚਿਆ ਜਾਂਦਾ ਹੈ ?"

"ਹਾਂ ਸਰ ਤੁਸੀਂ ਇਸਲਾਮ ਬਾਰੇ ਕੋਈ ਕਿਤਾਬ ਪੜ੍ਹ ਕੇ ਤਾਂ ਵੇਖੋ।"

"ਚੰਗਾ ਕਦੇ ਤੈਨੂੰ ਕੋਈ ਚੰਗੀ ਜਿਹੀ ਕਿਤਾਬ ਮਿਲੀ ਤਾਂ ਮੇਰੇ ਲਈ ਲੈਂਦੀ ਆਵੀਂ। ਮੈਂ ਜ਼ਰੂਰ ਪੜ੍ਹਾਂਗਾ।"

ਇਸ ਪਿੱਛੋਂ ਆਫੀਆ ਨੇ ਉਸਦੇ ਘਰ ਵੱਡੇ ਵੱਡੇ ਮੁਸਲਮਾਨ ਸਕਾਲਰਾਂ ਦੀਆਂ ਕਿਤਾਬਾਂ ਦੇ ਢੇਰ ਲਾ ਦਿੱਤੇ। ਪਰ ਉਸਨੂੰ ਪੜ੍ਹਨ ਦੀ ਵਿਹਲ ਕਿੱਥੇ ਸੀ। ਉੱਧਰ ਆਫੀਆ ਸਮਝਦੀ ਸੀ ਕਿ ਇਹ ਸਾਰੀਆਂ ਕਿਤਾਬਾਂ ਬਹੁਤ ਹੀ ਰੌਚਕਤਾ ਨਾਲ ਪੜ੍ਹ ਰਿਹਾ ਹੈ। ਇੱਕ ਦਿਨ ਉਸਨੇ ਪੁੱਛ ਲਿਆ, "ਸਰ ਤੁਹਾਨੂੰ ਕਿਵੇਂ ਲੱਗੀਆਂ ਇਹ ਕਿਤਾਬਾਂ ?"

"ਚੰਗੀਆਂ ਹਨ। ਚੰਗੇ ਵਿਚਾਰ ਹਨ ਇਨ੍ਹਾਂ ਲੇਖਕਾਂ ਦੇ।" ਉਸਨੇ ਪੜ੍ਹੀ ਭਾਵੇਂ ਇਕ ਵੀ ਕਿਤਾਬ ਨਹੀਂ ਸੀ ਪਰ ਉਸਨੇ ਆਫੀਆ ਦਾ ਦਿਲ ਰੱਖਣ ਲਈ ਇਹ ਗੱਲ ਕਹਿ ਦਿੱਤੀ। ਇਸ ਗੱਲ ਤੋਂ ਉਤਸ਼ਾਹਤ ਹੋ ਕੇ ਆਫੀਆ ਉਸਦੇ ਘਰ ਜਾਣ ਲੱਗ ਪਈ। ਟੀਚਰ ਨੂੰ ਉਸ ਬਾਰੇ ਜ਼ਿਆਦਾ ਪਤਾ ਨਹੀਂ ਸੀ ਪਰ ਉਸ ਨੂੰ ਉਸਦਾ ਭੋਲਾਪਣ ਚੰਗਾ ਲੱਗਦਾ ਸੀ। ਉਹ ਉਸਨੂੰ ਆਮ ਹੀ ਕਹਿ ਦਿੰਦਾ ਕਿ ਤੂੰ ਤਾਂ ਮੇਰੀ ਧੀ ਐਂ। ਜਦੋਂ ਲੈਬ ਵਰਕ ਖਤਮ ਹੋ ਗਿਆ ਤਾਂ ਆਫੀਆ ਇੱਕ ਦਿਨ ਉਸਦੇ ਘਰ ਗਈ। ਆਮ ਗੱਲਾਂ ਬਾਤਾਂ ਕਰਦਿਆਂ ਬੋਲੀ, "ਸਰ ਤੁਸੀਂ ਮੈਨੂੰ ਆਪਣੀ ਧੀ ਮੰਨਦੇ ਓਂ। ਤੁਹਾਨੂੰ ਮੁਸਲਮਾਨ ਧਰਮ ਵੀ ਚੰਗਾ ਲੱਗਦਾ ਐ।"

"ਹਾਂ ਮੈਂ ਤੈਨੂੰ ਆਪਣੀ ਧੀ ਸਮਝਦਾ ਆਂ।"

"ਸਰ ਫਿਰ ਆਪਣੀ ਧੀ ਦੀ ਇੱਕ ਗੱਲ ਮੰਨ ਲਉ।"

"ਹਾਂ ਬੋਲ ਬੇਟੇ।"

"ਤੁਸੀਂ ਇਸਲਾਮ ਮਜ਼ਬ ਅਪਣਾ ਲਉ।"

"ਹੈਂ!!?" ਉਸਦਾ ਇਹ ਗੱਲ ਸੁਣ ਕੇ ਰੰਗ ਉੱਡ ਗਿਆ। ਉਸਨੂੰ ਪਲ ਭਰ ਕੋਈ ਗੱਲ ਈ ਨਾ ਆਉੜੀ। ਉਹ ਭੁਚੱਕਾ ਜਿਹਾ ਆਫੀਆ ਵੱਲ ਝਾਕਿਆ। ਉਹ ਮੁਸਕਰਾ ਰਹੀ ਆਫੀਆ ਦੇ ਚਿਹਰੇ ਵੱਲ ਵੇਖ ਰਿਹਾ ਸੀ। ਨਾਲ ਹੀ ਉਹ, ਇਸ ਮਾਸੂਮ ਮੁਸਕਰਾਹਟ ਦੇ ਪਿੱਛੇ ਛੁਪੇ ਕਰੂਰ ਚਿਹਰੇ ਨੂੰ ਪਛਾਣ ਚੁੱਕਿਆ ਸੀ।

"ਮਿਸ ਆਫੀਆ ਹੁਣ ਤੂੰ ਜਾ ਸਕਦੀ ਐਂ। ਆਪਣਾ ਲੈਬ ਵਰਕ ਮੁੱਕ ਗਿਆ ਐ। ਆਪਣਾ ਅਧਿਆਪਕ ਅਤੇ ਵਿਦਿਆਰਥੀ ਦਾ ਨਾਤਾ ਵੀ ਖਤਮ ਹੋ ਚੁੱਕਿਆ ਐ। ਮੈਂ ਚਾਹੂੰਗਾ ਕਿ ਤੂੰ ਮੈਨੂੰ ਅੱਗੇ ਜ਼ਿੰਦਗੀ 'ਚ ਕਦੇ ਵੀ ਨਾ ਮਿਲੇਂ।" ਇੰਨਾ ਕਹਿੰਦਿਆਂ ਉਹ ਉੱਠਿਆ। ਆਫੀਆ ਦਰਵਾਜ਼ਾ ਖੋਲ੍ਹ ਕੇ ਬਾਹਰ ਨਿਕਲੀ ਤਾਂ ਟੀਚਰ ਨੇ ਭੜਾਕ ਦੇਣੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ।

ਉੱਧਰ ਅਫਗਾਨਿਸਤਾਨ ਵਿੱਚ ਬਹੁਤ ਕੁਝ ਬਦਲ ਰਿਹਾ ਸੀ। ਸੋਵੀਅਤ ਯੂਨੀਅਨ ਦੇ ਉੱਥੋਂ ਨਿਕਲ ਜਾਣ ਤੋਂ ਬਾਅਦ ਵੱਖੋ ਵੱਖਰੇ ਗਰੁੱਪਾਂ ਦੇ ਵਾਰ ਲੌਰਡ ਮਿਲ ਗਿਲ ਕੇ ਸਰਕਾਰ ਚਲਾ ਰਹੇ ਸਨ। ਪਰ ਫਿਰ ਉੱਥੇ ਇੱਕ ਨਵੀਂ ਹੀ ਜਥੇਬੰਦੀ ਪੈਦਾ ਹੋ ਗਈ। ਇਸ ਨਵੀਂ ਪਾਰਟੀ ਦਾ ਨਾਂ ਸੀ, ਤਾਲੀਬਾਨ। ਤਾਲੀਬਾਨ ਜਾਣੀ ਕਿ ਵਿਦਿਆਰਥੀ। ਅਫਗਾਨਿਸਤਾਨ ਤੋਂ ਆਏ ਰਿਫੂਜੀਆਂ ਦੇ ਬੱਚਿਆਂ ਲਈ, ਪਾਕਿਸਤਾਨ ਵਿੱਚ ਜੋ ਮਦਰੱਸੇ ਖੋਲ੍ਹੇ ਗਏ ਸਨ ਇਨ੍ਹਾਂ ਅੰਦਰ ਉਨ੍ਹਾਂ ਨੂੰ ਮਜ਼ਬੀ ਤਾਲੀਮ ਦੇਣ ਤੋਂ ਬਿਨਾਂ ਲੜਾਈ ਲਈ ਤਿਆਰ ਕੀਤਾ ਗਿਆ ਸੀ। ਅਫਗਾਨਿਸਤਾਨ ਦੇ ਜਿਸ ਮੰਨੇ ਪ੍ਰਮੰਨੇ ਮਜ਼ਬੀ ਰਹਿਨੁਮਾ ਦੀ ਅਗਵਾਈ ਵਿੱਚ ਇਹ ਕੰਮ ਹੋਇਆ ਸੀ ਉਸਦਾ ਨਾਂ ਸੀ, ਮੁੱਲਾ ਉਮਰ। ਮੁੱਲਾ ਉਮਰ ਨੇ ਸੋਵੀਅਤ ਯੂਨੀਅਨ ਨਾਲ ਲੜਾਈ ਵੇਲੇ ਵੱਡਾ ਰੋਲ ਅਦਾ ਕੀਤਾ ਸੀ। ਮੁੱਲਾ ਉਮਰ ਦੇ ਤਾਲੀਬਾਨਾ ਨੂੰ ਪਾਕਿਸਤਾਨ ਤੋਂ ਬਿਨਾ ਸਾਊਦੀ ਅਰਬ ਸਰਕਾਰ ਦੀ ਪੂਰੀ ਹਮਾਇਤ ਹਾਸਲ ਸੀ। ਖੈਰ ਜਦੋਂ ਉਸਨੇ ਆਪਣੇ ਤਾਲੀਬਾਨਾ ਦੀ ਫੌਜ, ਅਫਗਾਨਿਸਤਾਨ ਅੰਦਰ ਉਤਾਰੀ ਤਾਂ ਉੱਥੇ ਦੇ ਵਾਰ ਲੌਰਡਾਂ ਨੂੰ ਭਾਜੜਾਂ ਪੈ ਗਈਆਂ। ਤਾਲੀਬਾਨ ਨੌਜਵਾਨ ਅਤੇ ਬਹੁਤ ਹੀ ਜੋਸ਼ੀਲੇ ਸਨ ਜੋ ਇਨ੍ਹਾਂ ਵਾਰ ਲੌਰਡਾਂ ਦੀਆਂ ਫੌਜਾਂ ਨੂੰ ਹਰ ਫਰੰਟ 'ਤੇ ਹਾਰ ਦਿੰਦੇ ਚਲੇ ਗਏ। ਆਖਰ 1995 'ਚ ਆ ਕੇ ਤਾਲੀਬਾਨਾਂ ਨੇ ਵਾਰ ਲੌਰਡਾਂ ਦਾ ਲੱਕ ਤੋੜ ਦਿੱਤਾ ਅਤੇ ਅਫਗਾਨਿਸਤਾਨ ਦੇ ਉੱਤਰ ਵੱਲ ਦੇ ਥੋੜੇ ਜਿਹੇ ਇਲਾਕੇ ਨੂੰ ਛੱਡ ਕੇ ਸਾਰੇ ਅਫਗਾਨਿਸਤਾਨ 'ਤੇ ਆਪਣਾ ਅਧਿਕਾਰ ਜਮਾ ਲਿਆ। ਲੋਕਾਂ ਨੂੰ ਲੱਗਿਆ ਕਿ ਹੁਣ ਪੁਰਾਣੇ ਲੀਡਰਾਂ ਦੀਆਂ ਵਹਿਸ਼ੀ ਕਾਰਵਾਈਆਂ ਤੋਂ ਖਹਿੜਾ ਛੁੱਟ ਜਾਊਗਾ। ਪਰ ਇਹ ਉਨ੍ਹਾਂ ਦਾ ਭੁਲੇਖਾ ਸਾਬਤ ਹੋਇਆ। ਤਾਲੀਬਾਨਾਂ ਨੇ ਆਉਂਦਿਆਂ ਹੀ ਅਜਿਹੇ ਸ਼ਰੀਅਤ ਕਾਨੂੰਨ ਲਾਗੂ ਕੀਤੇ ਕਿ ਲੋਕਾਂ ਦਾ ਸਾਹ ਲੈਣਾ ਵੀ ਔਖਾ ਹੋ ਗਿਆ। ਇਨ੍ਹਾਂ ਨਵੇਂ ਕਾਨੂੰਨਾਂ ਨੇ ਖਾਸ ਕਰ ਔਰਤ ਦਾ ਤਾਂ ਗਲਾ ਹੀ ਦਬਾ ਦਿੱਤਾ। ਹਰ ਖੇਤਰ ਵਿੱਚ ਉਨ੍ਹਾਂ ਦੀ ਆਜ਼ਾਦੀ ਖਤਮ ਕਰ ਦਿੱਤੀ ਗਈ। ਔਰਤਾਂ ਦੇ ਸਕੂਲ ਕਾਲਜ ਬੰਦ ਕਰ ਦਿੱਤੇ ਗਏ। ਔਰਤਾਂ ਨੂੰ ਨੌਕਰੀ ਕਰਨ ਤੋਂ ਰੋਕ ਦਿੱਤਾ ਗਿਆ। ਔਰਤ ਦੇ ਇਕੱਲੀ ਦੇ ਘਰੋਂ ਨਿਕਲਣ 'ਤੇ ਪਾਬੰਦੀ ਲਾ ਦਿੱਤੀ ਗਈ। ਬਿਨਾਂ ਕਿਸੇ ਨੇੜਲੇ ਰਿਸ਼ਤੇਦਾਰ ਦੇ ਉਹ ਘਰੋਂ ਬਾਹਰ ਨਹੀਂ ਜਾ ਸਕਦੀ ਸੀ। ਔਰਤਾਂ ਤੇ ਪਾਬੰਦੀਆਂ ਹੀ ਪਾਬੰਦੀਆਂ ਲੱਗ ਗਈਆਂ। ਹਾਰ ਸ਼ਿੰਗਾਰ 'ਤੇ ਪਾਬੰਦੀ, ਚੰਗਾ ਪਹਿਨਣ ਪੱਚਰਣ ਤੇ ਪਾਬੰਦੀ, ਉੱਚੀ ਅੱਡੀ ਦੇ ਸੈਂਡਲ ਪਾਉਣ 'ਤੇ ਪਾਬੰਦੀ, ਬਾਹਰ ਕਿਧਰੇ ਵੀ ਉੱਚੀ ਹੱਸਣ 'ਤੇ ਪਾਬੰਦੀ। ਇਸ ਤੋਂ ਬਿਨਾ ਗੀਤ ਸੰਗੀਤ ਦੇ ਸਟੋਰ ਬਗੈਰਾ ਅੱਗ ਲਾ ਕੇ ਸਾੜ ਦਿੱਤੇ ਗਏ। ਖ਼ਬਰਾਂ ਤੋਂ ਬਿਨਾਂ ਰੇਡੀਉ ਤੋਂ ਹੋਰ ਪ੍ਰੋਗਰਾਮ ਰੋਕ ਦਿੱਤੇ ਗਏ ਅਤੇ ਸਿਨੇਮਾ ਘਰ ਬੰਦ ਕਰ ਦਿੱਤੇ ਗਏ। ਗਾਉਣਾ ਨੱਚਣਾ ਬੰਦ, ਸਾਹਿਤ ਕਵਿਤਾ ਆਦਿ ਦੀਆਂ ਕਿਤਾਬਾਂ ਬੰਦ। ਗੱਲ ਕੀ ਕੋਈ ਅਜਿਹਾ ਖੇਤਰ ਨਹੀਂ ਸੀ ਜਿੱਥੇ ਕਿ ਮਜ਼ਬੀ ਪਾਬੰਦੀ ਨਾ ਲੱਗੀ ਹੋਵੇ। ਇਸ ਤਾਲੀਬਾਨ ਲੀਡਰਸ਼ਿਪ ਨੂੰ ਪਾਕਿਸਤਾਨ ਦੀ ਪੂਰੀ ਸਰਪਰਸਤੀ ਹਾਸਲ ਸੀ। ਪਾਕਿਸਤਾਨ ਦਾ ਮਜ਼ਬੀ ਗਰੁੱਪ, ਦਿਉਬੰਦੀ ਇਸ ਸਾਰੀ ਮੂਵਮੈਂਟ ਦੇ ਪਿੱਛੇ ਸੀ। ਆਫੀਆ ਦੇ ਪਰਿਵਾਰ ਦਾ ਇਸੇ ਦਿਉਬੰਦੀ ਨਾਲ ਸਬੰਧ ਸੀ। ਸੋ ਆਫੀਆ ਇਸ ਸਭ ਨੂੰ ਬੜੀ ਰੁਮਾਂਚਤਕਾ ਨਾਲ ਵੇਖ ਰਹੀ ਸੀ। ਜਦੋਂ ਤਾਲੀਬਾਨਾਂ ਨੇ ਮਣੁੱਖੀ ਅਧਿਕਾਰਾਂ ਦਾ ਘਾਣ ਕਰਨ ਦੀ ਕੋਈ ਕਸਰ ਨਾ ਛੱਡੀ ਤਾਂ ਯੂ. ਐਨ. ਓ. ਨੇ ਅਫਗਾਨਿਸਤਾਨ ਨੂੰ ਸਾਰੀ ਮੱਦਦ ਬੰਦ ਕਰ ਦਿੱਤੀ। ਇਸ ਤੋਂ ਚਿੜ੍ਹ ਕੇ ਕੱਟੜ ਲੀਡਰਾਂ ਨੇ ਅਲ ਰਸ਼ੀਦ ਨਾਂ ਦੀ ਜਥੇਬੰਦੀ ਸ਼ੁਰੂ ਕਰ ਲਈ ਜਿਸ ਦਾ ਕੰਮ ਤਾਲੀਬਾਨਾਂ ਲਈ ਫੰਡਾਂ ਦਾ ਪ੍ਰਬੰਧ ਕਰਨਾ ਸੀ। ਇਸ ਨੇ ਆਪਣੇ ਅਖਬਾਰ ਵੀ ਕੱਢ ਦਿੱਤੇ। ਆਫੀਆ ਇਸ ਸਭ ਦੇ ਹੱਕ ਵਿੱਚ ਸੀ। ਉਸਨੇ ਇਨ੍ਹਾਂ ਅਖਬਾਰਾਂ ਲਈ ਕਈ ਲੇਖ ਵੀ ਲਿਖੇ। ਇਸੇ ਦਰਮਿਆਨ ਅਮਰੀਕਾ ਨੇ ਅਫਗਾਨ ਸਰਕਾਰ ਨੂੰ ਅਗਾਹ ਕੀਤਾ ਕਿ ਉਹ ਸਾਊਦੀ ਅਰਬ ਦੇ ਕਰੋੜਾਂਪਤੀ ਇੰਤਹਾਪਸੰਦ, ਉਸਾਮਾ ਬਿਨ

ਲਾਦਿਨ ਨੂੰ ਪਨਾਹ ਦੇਣੀ ਬੰਦ ਕਰੇ। ਪਰ ਤਾਲੀਬਾਨ ਸਰਕਾਰ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਾ ਕੀਤੀ। ਆਫੀਆ ਇਸ ਗੱਲ ਕਰਕੇ ਵੀ ਤਾਲੀਬਾਨਾਂ ਦੇ ਹੱਕ ਵਿੱਚ ਨਿੱਤਰੀ। ਉਸਦੇ ਲਈ ਉਸਾਮਾ ਬਿਨ ਲਾਦਿਨ ਹੀਰੋ ਸੀ।

ਉਸਾਮਾ ਬਿਨ ਲਾਦਿਨ ਪਹਿਲੀ ਵਾਰ ਅਮਰੀਕਾ ਦੀਆਂ ਨਜ਼ਰਾਂ ਵਿੱਚ 1993 ’ਚ ਉਦੋਂ ਆਇਆ ਜਦੋਂ ਕਿ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਅੰਦਰ ਰਮਜੀ ਯੂਸਫ ਦੁਆਰਾ ਕੀਤੇ ਗਏ ਬੰਬ ਧਮਾਕੇ ਵਾਲਾ ਕੇਸ ਸ਼ੁਰੂ ਹੋਇਆ। ਜਾਂਚ ਦਰਮਿਆਨ ਪਤਾ ਲੱਗਿਆ ਕਿ ਆਪਣੀ ਰੂਪੋਸ਼ ਜ਼ਿੰਦਗੀ ਦਰਮਿਆਨ ਰਮਜੀ ਯੂਸਫ, ਉਸਾਮਾ ਬਿਨ ਲਾਦਿਨ ਦੇ ਗੈਸਟ ਹਾਊਸ ਵਿੱਚ ਠਹਿਰਦਾ ਰਿਹਾ ਸੀ। ਇੱਥੋਂ ਹੀ ਉਸਾਮਾ ਬਿਨ ਲਾਦਿਨ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਗਈ ਤਾਂ ਪਤਾ ਲੱਗਿਆ ਕਿ ਉਹ ਸਾਊਦੀ ਅਰਬ ਦਾ ਇੱਕ ਅਮੀਰ ਅਤੇ ਇੰਤਹਾਪਸੰਦ ਵਿਅਕਤੀ ਹੈ ਜੋ ਕਿ ਅਫਗਾਨਿਸਤਾਨ ਦੀ ਲੜਾਈ ਵੇਲੇ ਆਪਣੀ ਨਿੱਜੀ ਫੌਜ ਨਾਲ ਸੋਵੀਅਤ ਯੂਨੀਅਨ ਖਿਲਾਫ ਲੜਦਾ ਰਿਹਾ ਹੈ। ਪਿੱਛੋਂ ਉਸਨੂੰ ਉਸਦੀ ਆਪਣੀ ਸਰਕਾਰ ਜਾਣੀ ਕਿ ਸਾਊਦੀ ਅਰਬ ਨੇ ਉਸਦੀਆਂ ਬਗਾਵਤੀ ਕਾਰਵਾਈਆਂ ਕਾਰਨ ਮੁਲਕੋਂ ਬਾਹਰ ਕੱਢ ਦਿੱਤਾ। ਉਹ ਕੁਝ ਦੇਰ ਸੁਡਾਨ ਰਿਹਾ ਤੇ ਮੁੱਲਾ ਉਮਰ ਦੀ ਤਾਲੀਬਾਨ ਸਰਕਾਰ ਹੋਂਦ ਵਿੱਚ ਆਉਣ ਪਿੱਛੋਂ ਉਸਨੇ ਅਫਗਾਨਿਸਤਾਨ ਵਿੱਚ ਆ ਕੇ ਪੱਕੇ ਡੇਰੇ ਲਾ ਲਏ।

ਆਫੀਆ ਨੂੰ ਉਸਾਮਾ ਬਿਨ ਲਾਦਿਨ ਦੀ ਜੀਵਨਸ਼ੈਲੀ ਨੇ ਬਹੁਤ ਪ੍ਰਭਾਵਤ ਕੀਤਾ। ਜਦੋਂ ਉਹ ਭੁੰਝੇ ਬੈਠ ਕੇ ਖਾ ਰਿਹਾ ਹੁੰਦਾ ਜਾਂ ਆਪਣੇ ਸਾਥੀਆਂ ਨਾਲ ਜੰਗਲਾਂ ’ਚ ਭਟਕ ਰਿਹਾ ਹੁੰਦਾ ਤਾਂ ਆਫੀਆ ਦੀਆਂ ਅੱਖਾਂ ਭਰ ਆਉਂਦੀਆਂ। ਉਹ ਸੋਚਦੀ ਕਿ ਜੇਕਰ ਇਹ ਚਾਹੇ ਤਾਂ ਇੱਕ ਸ਼ਹਿਜਾਦੇ ਦੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਪਰ ਇਸਨੇ ਸਭ ਕੁਝ ਧਰਮ ਨੂੰ ਅਰਪਣ ਕਰ ਦਿੱਤਾ ਹੈ। ਆਫੀਆ ਦੇ ਦਿਲ ’ਚ ਮੁਹੰਮਦ ਸਾਹਿਬ ਤੋਂ ਪਿੱਛੋਂ ਜੇਕਰ ਕਿਸੇ ਦੀ ਇੱਜ਼ਤ ਸੀ ਤਾਂ ਉਹ ਉਸਾਮਾ ਬਿਨ ਲਾਦਿਨ ਦੀ ਸੀ।

## 9

ਆਫੀਆ ਨੇ ਪੜ੍ਹਾਈ ਅਤੇ ਲੈਬ ਦਾ ਸਾਰਾ ਕੰਮ ਖਤਮ ਕਰ ਲਿਆ ਸੀ। ਹੁਣ ਉਹ ਪੀ ਐੱਚ ਡੀ ਲਈ ਆਪਣਾ ਥੀਸਸ ਲਿਖ ਰਹੀ ਸੀ। ਅਮਜਦ ਨੇ ਵੀ ਆਪਣੀ ਰੈਜ਼ੀਡੈਂਸੀ ਖਤਮ ਕਰ ਲਈ ਸੀ। ਉਸਨੇ ਸੇਂਟ ਵਿਨਸੈਂਟ ਹੋਸਪਿਟਲ ਵਿੱਚ ਇੰਟਰਨਸ਼ਿਪ ਸ਼ੁਰੂ ਕਰ ਲਈ ਸੀ। ਉਹ ਦੋਨੋਂ ਬਾਸਟਨ ਤੋਂ ਪੈਂਤੀ ਚਾਲੀ ਮੀਲ ਦੂਰ ਪੈਂਦੇ ਸ਼ਹਿਰ ਵੋਰੈਸਟਰ ਵਿੱਚ ਮੂਵ ਹੋ ਗਏ। ਵੋਰੈਸਟਰ ਵਿੱਚ ਕੇਅਰਬਰਦਰਜ਼ ਦੇ ਬਹੁਤ ਸਾਰੇ ਮੈਂਬਰ ਰਹਿੰਦੇ ਸਨ। ਇੱਥੇ ਦੀ ਲੋਕਲ ਮਸਜਿਦ ਦਾ ਇਮਾਮ ਮੁਹੰਮਦ ਮਾਸੂਦ ਸੀ। ਇਹ ਪੁਰਾਣਾ ਐਮ. ਐਸ. ਏ. ਦਾ ਮੈਂਬਰ ਰਹਿ ਚੁੱਕਿਆ ਸੀ। ਇਸ ਤੋਂ ਇਲਾਵਾ ਮੁਹੰਮਦ ਮਾਸੂਦ ਦਾ ਭਰਾ ਪਾਕਿਸਤਾਨੀ ਅੱਤਵਾਦੀ ਗਰੁੱਪ ਲਸ਼ਕਰੇ ਤਾਇਬਾ ਦਾ ਲੀਡਰ ਸੀ। ਇਨ੍ਹਾਂ ਗੱਲਾਂ ਕਰਕੇ ਆਫੀਆ ਨੂੰ ਵੋਰੈਸਟਰ ਬਹੁਤ ਪਸੰਦ ਆਇਆ। ਇੱਥੇ ਲਸ਼ਕਰੇ ਤਾਇਬਾ ਜਥੇਬੰਦੀ ਦਾ ਔਰਤਾਂ ਦਾ ਵਿੰਗ ਵੀ ਸੀ। ਜਿਸਦੀ ਕਿ ਉਮਾ ਹਮਾਦ ਪ੍ਰਧਾਨ ਸੀ। ਪਰ ਆਫੀਆ ਨੂੰ ਉਮਾ ਹਮਾਦ ਚੰਗੀ ਨਾ ਲੱਗੀ। ਉਸਨੇ ਸੋਚ ਲਿਆ ਕਿ ਉਹ ਇੱਥੇ ਆਪਣੀ ਆਪਦੀ ਜਥੇਬੰਦੀ ਬਣਾਵੇਗੀ। ਉਸਦੀ ਮਾਂ ਉਸਦਾ ਨਵਜਨਮਿਆਂ ਬੱਚਾ ਜਿਸਦਾ ਨਾਂ ਉਨ੍ਹਾਂ ਅਹਿਮਦ ਰੱਖਿਆ ਸੀ ਨੂੰ ਸੰਭਾਲਦੀ ਸੀ। ਆਫੀਆ ਇਸ ਵੇਲੇ ਵਿਹਲੀ ਹੋਈ ਆਲੇ ਦੁਆਲੇ ਦੀਆਂ ਇਸਲਾਮਿਕ ਜਥੇਬੰਦੀਆਂ ਨੂੰ ਘੋਖ ਪੜਤਾਲ ਰਹੀ ਸੀ। ਉਦੋਂ ਹੀ ਆਫੀਆ ਦਾ ਪਿਉ ਬਿਮਾਰ ਹੋ ਗਿਆ। ਉਸਦੀ ਮਾਂ ਨੇ ਕਾਫੀ ਸੋਚ ਵਿਚਾਰ ਕੀਤਾ ਤੇ ਇਸ ਨਤੀਜੇ ’ਤੇ ਪਹੁੰਚੀ ਕਿ ਆਫੀਆ ਦਾ ਮੁੰਡਾ ਕਈ ਮਹੀਨਿਆਂ ਦਾ ਹੋ ਚੁੱਕਿਆ ਹੈ ਤੇ ਉਹ ਉਸਦੀ ਆਪ ਸੰਭਾਲ ਕਰ ਸਕਦੀ ਹੈ। ਇਸਦੇ ਅਗਲੇ ਹਫਤੇ ਹੀ ਇਸਮਤ ਪਾਕਿਸਤਾਨ ਚਲੀ

ਗਈ। ਅਗਲੇ ਦਿਨ੍ਹਾਂ 'ਚ ਘਰ ਵਿੱਚ ਕਾਫੀ ਭੁਚਾਲ ਜਿਹਾ ਆ ਗਿਆ। ਹੁਣ ਤੱਕ ਤਾਂ ਆਫੀਆ ਨੂੰ ਮਾਂ ਦੇ ਹੁੰਦਿਆਂ ਕਿਸੇ ਕੰਮ ਦੀ ਫਿਕਰ ਹੀ ਨਹੀਂ ਸੀ ਪਰ ਹੁਣ ਘਰ ਦਾ ਹੀ ਨਹੀਂ ਸਗੋਂ ਅਹਿਮਦ ਦਾ ਭਾਰ ਵੀ ਉਸ 'ਤੇ ਆ ਪਿਆ। ਉਸਨੇ ਅਹਿਮਦ ਲਈ ਬਾਹਰ ਕਿਸੇ ਬੇਬੀ ਸਿਟਰ ਦੇ ਪ੍ਰਬੰਧ ਕਰ ਲਿਆ। ਉੱਥੇ ਛੱਡਣ ਵੀ ਉਸਨੂੰ ਅਮਜਦ ਹੀ ਜਾਂਦਾ ਸੀ ਤੇ ਲੈ ਕੇ ਵੀ ਆਪ ਹੀ ਆਉਂਦਾ ਸੀ। ਆਫੀਆ ਨੂੰ ਆਪਣੇ ਕੰਮਾਂ ਤੋਂ ਹੀ ਵਿਹਲ ਨਹੀਂ ਸੀ। ਇੱਕ ਦਿਨ ਅਮਜਦ ਘਰ ਆਇਆ ਤਾਂ ਅਹਿਮਦ ਰੋ ਰਿਹਾ ਸੀ ਜਦੋਂ ਕਿ ਆਫੀਆ ਕਿਸੇ ਨਾਲ ਫੋਨ 'ਤੇ ਹੱਸ ਹੱਸ ਕੇ ਗੱਲਾਂ ਕਰ ਰਹੀ ਸੀ।

"ਆਫੀਆ ?" ਅਮਜਦ ਬੈੱਗ ਪਾਸੇ ਰੱਖਦਾ ਚਿਲਾਉਂਦਾ ਹੋਇਆ ਉੱਚੀ ਬੋਲਿਆ।

"ਕੀ ਐ ? ਇਉਂ ਧਰਤੀ ਸਿਰ 'ਤੇ ਚੁੱਕ ਰਿਹੈਂ ? ਖੈਰ ਤਾਂ ਹੈ।" ਆਫੀਆ ਦੂਸਰੇ ਪਾਸੇ ਫੋਨ ਹੋਲਡ ਕਰਵਾਉਂਦਿਆਂ ਧੀਮਾ ਜਿਹਾ ਬੋਲੀ।

"ਕਿਉਂ ਤੈਨੂੰ ਨ੍ਹੀਂ ਦਿਸ ਰਿਹਾ ਕਿ ਜੁਆਕ ਦਾ ਰੋ ਰੋ ਕੇ ਬੁਲਾ ਹਾਲ ਹੋ ਰਿਹਾ ਐ ਤੇ ਤੂੰ ਐਂ ਕਿ ਤੈਨੂੰ ਗੱਲਾਂ ਤੋਂ ਈ ਵਿਹਲ ਨ੍ਹੀਂ ਐ।"

"ਬੱਚੇ ਨੂੰ ਤਾਂ ਤੂੰ ਵੀ ਚੁੱਪ ਕਰਵਾ ਸਕਦਾ ਐਂ। ਇਉਂ ਟੱਪਣ ਦੀ ਕੀ ਲੋੜ ਐ ?"

"ਕਿਉਂ ਟੱਪਾਂ ਨਾ ਤਾਂ ਹੋਰ ਕੀ ਕਰਾਂ। ਸਵੇਰ ਵੇਲੇ ਅਹਿਮਦ ਨੂੰ ਬੇਬੀ ਸਿਟਰ ਦੇ ਛੱਡਣ ਮੈਂ ਜਾਂਦਾ ਆਂ। ਸ਼ਾਮ ਵੇਲੇ ਮੈਂ ਉਸਨੂੰ ਵਾਪਸ ਲੈ ਕੇ ਆਉਂਦਾ ਆਂ। ਤੂੰ ਸਾਰਾ ਦਿਨ ਵਿਹਲੀ ਰਹਿੰਦੀ ਕੀ ਇੰਨਾ ਵੀ ਨ੍ਹੀਂ ਕਰ ਸਕਦੀ। ਇਸਦੀ ਛੱਡ ਪਰ ਜਦੋਂ ਉਹ ਘਰ ਆ ਗਿਆ ਉਸ ਪਿੱਛੋਂ ਤਾਂ ਉਸਨੂੰ ਸੰਭਾਲ ਸਕਦੀ ਐਂ।"

"ਤੈਨੂੰ ਮੈਂ ਵਿਹਲੀ ਲੱਗਦੀ ਆਂ। ਤੈਨੂੰ ਪਤਾ ਐ ਕਿ ਮੈਂ ਅਤੇ ਮੇਰੀ ਜਥੇਬੰਦੀ ਅੱਜ ਕੱਲ੍ਹ ਕੀ ਕਰ ਰਹੇ ਆਂ ?"

"ਤੂੰ ਹੀ ਦੱਸਦੇ।" ਅਮਜਦ ਅੱਕਿਆ ਹੋਇਆ ਬੋਲਿਆ।

"ਅਸੀਂ ਬਾਸਨੀਆਂ ਦੇ ਜਿਹਾਦੀ ਪਰਿਵਾਰਾਂ ਲਈ ਫੰਡ ਇਕੱਠਾ ਕਰ ਰਹੇ ਆਂ।"

"ਹੁਣ ਤਾਂ ਬਾਸਨੀਆਂ 'ਚ ਸ਼ਾਂਤੀ ਹੋ ਚੁੱਕੀ ਐ। ਹੁਣ ਤਾਂ ਤੂੰ ਉਸ ਗੱਲ ਦਾ ਖਹਿੜਾ ਛੱਡ ਦੇ।"

"ਮਿਸਟਰ ਅਮਜਦ, ਜਿਹਾਦ ਕਦੇ ਖਤਮ ਨ੍ਹੀਂ ਹੋਵੇਗਾ। ਇਹ ਉਦੋਂ ਤੱਕ ਚੱਲਦਾ ਰਹੇਗਾ ਜਦੋਂ ਤੱਕ ਕਿ ਸਾਰੇ ਸੰਸਾਰ ਉੱਪਰ ਇਸਲਾਮ ਦਾ ਝੰਡਾ ਝੂਲਣ ਨ੍ਹੀਂ ਲੱਗ ਜਾਂਦਾ। ਹੁਣ ਲੜਾਈ ਬਾਸਨੀਆਂ 'ਚ ਨ੍ਹੀਂ ਹੋ ਰਹੀ ਤਾਂ ਕੀ ਹੋਇਆ। ਅਗਲਾ ਫਰੰਟ ਚੇਚਨੀਆਂ ਅਤੇ ਕਾਸਵੋ 'ਚ ਖੁੱਲ੍ਹ ਚੁੱਕਿਆ ਐ।"

"ਤੇਰੇ ਇਸ ਜਿਹਾਦ ਨੇ ਮੇਰਾ ਘਰ ਪੱਟ ਦੇਣਾ ਐਂ ਆਫੀਆ।"

"ਤੇ ਜਿਨ੍ਹਾਂ ਦੇ ਘਰ ਘਾਟ ਪਹਿਲਾਂ ਈ ਉੱਜੜ ਚੁੱਕੇ ਨੇ। ਕਾਫਰਾਂ ਨੇ ਸਾਡੇ ਜਿਹਾਦੀਆਂ ਦਾ ਛੱਡਿਆ ਈ ਕੱਖ ਨ੍ਹੀਂ ਐ। ਤੈਨੂੰ ਇਸ ਆਪਣੇ ਨਿੱਕੇ ਜਿਹੇ ਘਰ ਦੀ ਚਿੰਤਾ ਐ ਪਰ ਵੱਡੇ ਸੰਸਾਰ ਵੱਲ ਝਾਤੀ ਮਾਰ....।"

ਇਸ ਵਿਚਕਾਰ ਅਹਿਮਦ ਰੋਣ ਲੱਗ ਪਿਆ ਤਾਂ ਉਨ੍ਹਾਂ ਦੀ ਬਹਿਸ ਕੁਛ ਦੇਰ ਲਈ ਬੰਦ ਹੋ ਗਈ। ਅਮਜਦ ਬੱਚੇ ਦੇ ਨੇੜੇ ਹੋਇਆ ਤਾਂ ਆਫੀਆ ਨੇ ਪਹਿਲਾਂ ਹੀ ਉਸਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ। ਇਸ ਨਾਲ ਅਮਜਦ ਦਾ ਗੁੱਸਾ ਕੁਝ ਠੰਡਾ ਪੈ ਗਿਆ। ਪਰ ਅਹਿਮਦ ਦੇ ਚੁੱਪ ਹੁੰਦਿਆਂ ਹੀ ਆਫੀਆ ਫਿਰ ਬੋਲੀ, "ਕੁਰਾਨ 'ਚ ਲਿਖਿਆ ਐ ਕਿ ਘਰ ਚਲਾਉਣਾ ਆਦਮੀ ਦਾ ਕੰਮ ਐਂ। ਤੂੰ ਨੌਂਕਰੀ ਦੀ ਵਜ੍ਹਾ ਕਰਕੇ ਮੇਰੇ 'ਤੇ ਐਵੇਂ ਰੋਅਬ ਨਾ ਝਾੜਿਆ ਕਰ।"

"ਕੁਰਾਨ 'ਚ ਤਾਂ ਫਿਰ ਇਹ ਵੀ ਲਿਖਿਆ ਐ ਕਿ ਔਰਤ ਘਰ ਸੰਭਾਲੇ, ਬੱਚੇ ਸੰਭਾਲੇ। ਜੇ ਤੂੰ ਸੱਚੀ ਮੁਸਲਮਾਨ ਐਂ ਤਾਂ ਆਪਣੀ ਜ਼ਿੰਮੇਵਾਰੀ ਸਮਝ।"

"ਜ਼ਿੰਮੇਵਾਰੀ ਤੈਨੂੰ ਸਮਝਣ ਦੀ ਲੋੜ ਐ। ਮੇਰੀਆਂ ਸਹੇਲੀਆਂ ਦੇ ਖਾਵੰਦ ਜਿਹਾਦ 'ਚ ਸੇਵਾ ਨਿਭਾ ਰਹੇ ਨੇ ਤੇ ਇੱਕ ਤੂੰ ਐਂ ਕਿ ਬਣ ਕੇ ਅਮਰੀਕਣ ਮੌਜਾਂ ਕਰਨ ਲੱਗਿਆ ਹੋਇਆ ਐਂ।"

"ਮੈਂ ਮੌਜਾਂ ਨੀਂ ਕਰਦਾ ਆਪਣਾ ਕੰਮ ਕਰਦਾ ਆਂ।"

ਅਹਿਮਦ ਸੌਣ ਲੱਗ ਪਿਆ ਤਾਂ ਆਫੀਆ ਉਸਨੂੰ ਥਾਪੜਨ ਲੱਗ ਪਈ। ਉਸਦਾ ਧਿਆਨ ਲੜਾਈ ਵੱਲੋਂ ਹਟ ਕੇ ਸੌਂ ਰਹੇ ਅਹਿਮਦ ਦੇ ਚਿਹਰੇ ਵੱਲ ਚਲਾ ਗਿਆ। ਉਹ ਬੋਲਣਾ ਬੰਦ ਕਰਕੇ ਉਸਦੇ ਮਾਸੂਮ ਚਿਹਰੇ ਵੱਲ ਵੇਖਦੀ ਰਹੀ। ਜਦੋਂ ਉਹ ਸੌਂ ਗਿਆ ਤਾਂ ਆਫੀਆ ਨੇ ਇੱਕ ਪਾਸੇ ਪਈਆਂ ਫਾਇਲਾਂ ਚੁੱਕ ਲਈਆਂ ਤੇ ਉਨ੍ਹਾਂ 'ਚ ਕਟਾ ਵੱਡੀ ਕਰਨ ਲੱਗ ਪਈ।

"ਮੁਹਤਰਮਾ ਇਹ ਕਾਹਦੀ ਲਿਖਾ ਪੜ੍ਹੀ ਚੱਲ ਪਈ।" ਅਮਜਦ ਦਾ ਗੁੱਸਾ ਵੀ ਖਤਮ ਹੋ ਗਿਆ ਸੀ। ਇਸ ਕਰਕੇ ਉਸਦੀ ਬੋਲਣੀ 'ਚ ਵੀ ਕੁੜੱਤਣ ਨਾ ਰਹੀ।

"ਅਮਜਦ ਕੁਝ ਲੋਕ ਮੈਨੂੰ ਆਪਣੀਆਂ ਟੈਕਸ ਰਿਟਰਨਾ ਦੇ ਗਏ ਸਨ। ਮੈਂ ਇਨ੍ਹਾਂ 'ਚੋਂ ਗਲਤੀਆਂ ਬਗੈਰਾ ਕੱਢ ਕੇ ਠੀਕ ਕਰ ਰਹੀ ਆਂ।"

"ਇਸ ਨਾਲ ਕੀ ਹੋਵੇਗਾ?"

"ਕਮ ਸੇ ਕਮ ਉਨ੍ਹਾਂ ਦੇ ਦੋ ਦੋ ਚਾਰ ਚਾਰ ਡਾਲਰ ਰੀਫੰਡ ਤਾਂ ਹੋ ਹੀ ਜਾਣਗੇ।"

"ਇਹ ਦੋ ਦੋ ਚਾਰ ਚਾਰ ਡਾਲਰ ਗੌਰਮਿੰਟ ਦੇ ਵੀ ਤਾਂ ਕੰਮ ਈ ਆਉਣਗੇ।"

"ਅਮਰੀਕਣ ਸਰਕਾਰ ਦਾ ਸਾਰਾ ਪੈਸਾ ਇੱਕੋ ਕੰਮ ਆਉਂਦਾ ਐ। ਉਹ ਐ ਮੁਸਲਮਾਨਾਂ ਨੂੰ ਮਾਰਨ ਦਾ ਕੰਮ।"

"ਆਫੀਆ ਤੂੰ ਹਰ ਗੱਲ ਨੂੰ ਪੁੱਠੇ ਪਾਸਿਉਂ ਸੋਚਦੀ ਐਂ।"

"ਸਿਰਫ ਸੋਚਦੀ ਈ ਨ੍ਹੀਂ ਮੈਂ ਕਰਦੀ ਵੀ ਉਵੇਂ ਈ ਆਂ ਜਿਸ ਨਾਲ ਕਿ ਮੁਸਲਮਾਨਾਂ ਦਾ ਭਲਾ ਹੋਵੇ।"

"ਕਦੇ ਆਪਣੇ ਖਾਵੰਦ ਦਾ ਭਲਾ ਵੀ ਸੋਚ ਲਿਆ ਕਰ।" ਅਜਮਦ ਨੇ ਉਬਾਸੀ ਲਈ।

"ਤੈਨੂੰ ਸ਼ਰਮ ਨ੍ਹੀਂ ਆਉਂਦੀ ਮੇਰਾ ਖਾਵੰਦ ਕਹਾਉਂਦੇ ਹੋਏ।" ਪਤਾ ਨਹੀਂ ਕਿਉਂ ਆਫੀਆ ਇੱਕ ਦਮ ਭੜਕ ਉੱਠੀ।

"ਕਿਉਂ ਹੁਣ ਕੀ ਹੋ ਗਿਆ?" ਅਮਜਦ ਹੈਰਾਨ ਹੋ ਕੇ ਆਫੀਆ ਵੱਲ ਝਾਕਿਆ।

"ਮੈਂ ਵਿਆਹੀ ਹੋਈ ਆਂ ਇਸੇ ਕਰਕੇ ਕਿਸੇ ਵੀ ਇਕੱਠ 'ਚ ਇਕੱਲੀ ਨ੍ਹੀਂ ਜਾ ਸਕਦੀ। ਤੂੰ ਕਦੇ ਇਸ ਗੱਲ ਵੱਲ ਧਿਆਨ ਦਿੱਤਾ ਐ ਕਿ ਬੇਗਮ ਦੇ ਨਾਲ ਜਾਣ 'ਚ ਉਸਦੀ ਮੱਦਦ ਕਰਨੀ ਚਾਹੀਦੀ ਐ।"

"ਆਫੀਆ ਵੇਖ ਮੈਨੂੰ ਪਹਿਲਾਂ ਆਪਣਾ ਪਰਿਵਾਰ ਐ ਤੇ ਫਿਰ ਮੇਰੀ ਪੜ੍ਹਾਈ। ਨਾਲੇ ਤੈਨੂੰ ਪਤਾ ਐ ਕਿ ਹੁਣ ਮੈਨੂੰ ਕਾਲਜ ਵਾਲੇ ਪਹਿਲਾਂ ਨਾਲੋਂ ਵੀ ਜ਼ਿਆਦਾ ਕੰਮ ਦਿੰਦੇ ਨੇ। ਮੈਂ ਵੀਕ ਐਂਡ 'ਤੇ ਪਰਚੇ ਲਿਖਣੇ ਹੁੰਦੇ ਨੇ। ਤੂੰ ਆਪਣੀ ਗੱਲ ਤਾਂ ਪੜਾਕ ਦੇਣੇ ਕਹਿ ਦਿੰਨੀ ਐਂ ਪਰ ਮੇਰੀ ਮਜ਼ਬੂਰੀ ਨ੍ਹੀਂ ਸਮਝਦੀ।"

"ਤੈਨੂੰ ਪਤਾ ਹੋਣਾ ਚਾਹੀਦਾ ਐ ਕਿ ਤੇਰਾ ਪਹਿਲਾ ਕੰਮ ਜਿਹਾਦ ਐ। ਪਰ ਮੇਰੀ ਹੀ ਕਿਸਮਤ ਮਾੜੀ ਐ ਜੋ ਅਜਿਹਾ ਖਾਵੰਦ ਮਿਲਿਆ ਐ ਜਿਸਨੂੰ ਕਿ ਜਿਹਾਦ ਦੇ ਮਾਅਣੇ ਵੀ ਨ੍ਹੀਂ ਪਤਾ।"

"ਤੂੰ ਜਾਣ ਤੇਰਾ ਜਿਹਾਦ ਜਾਣੇ। ਮੈਨੂੰ ਤੇਰੀਆਂ ਇਨ੍ਹਾਂ ਗੱਲਾਂ 'ਚ ਕੋਈ ਦਿਲਚਸਪੀ ਨ੍ਹੀਂ।"

ਆਫੀਆ ਨੂੰ ਇੱਕ ਦਮ ਗੁੱਸਾ ਚੜ੍ਹਿਆ ਪਰ ਉਹ ਉੱਠ ਨਾ ਸਕੀ। ਉਸਦਾ ਸਰੀਰ ਇਸਦੀ ਇਜਾਜ਼ਤ ਨ੍ਹੀਂ ਦੇ ਰਿਹਾ ਸੀ। ਇਸ ਵੇਲੇ ਉਹ ਦੂਸਰੀ ਵਾਰ ਗਰਭਵਤੀ ਸੀ। ਉਹ ਕੌੜ ਜਿਹੀ ਮੰਨਦੀ ਉੱਥੇ ਹੀ ਢੇਰੀ ਹੋ ਗਈ ਤੇ ਸੌਂ ਗਈ। ਉੱਧਰ ਅਮਜਦ ਵੀ ਸੌਂ ਚੁੱਕਿਆ ਸੀ।

ਕੁਝ ਮਹੀਨਿਆਂ ਪਿੱਛੋਂ ਆਫੀਆ ਨੇ ਬੱਚੀ ਨੂੰ ਜਨਮ ਦਿੱਤਾ। ਜਿਸਦਾ ਨਾਂ ਉਨ੍ਹਾਂ ਮਿਰੀਅਮ ਬਿੰਤ ਮੁਹੰਮਦ ਰੱਖਿਆ। ਨਵ ਜਨਮੇ ਬੱਚੇ ਕਰਕੇ ਕੁਝ ਦੇਰ ਆਫੀਆ ਘਰ 'ਚ ਟਿਕ ਗਈ। ਉਨ੍ਹਾਂ ਵਿਚਕਾਰ ਫਿਰ ਤੋਂ ਵਧੀਆ ਪਰਿਵਾਰਕ ਮਾਹੌਲ ਬਣ ਗਿਆ। ਦੋਨੋਂ ਨੇੜਲੇ ਪਾਰਕ ਵਿੱਚ ਘੁੰਮਣ ਜਾਂਦੇ। ਕਈ ਵਾਰੀ ਗਰਾਰਸੀ ਲੈਣ ਜਾਂਦੇ ਤਾਂ ਬੱਚਿਆਂ ਨੂੰ ਨਾਲ ਲੈ ਜਾਂਦੇ। ਅਮਜਦ ਨੂੰ ਲੱਗਿਆ ਕਿ ਸ਼ਾਇਦ ਹੁਣ ਆਫੀਆ ਬੱਚਿਆਂ ਕਰਕੇ ਘਰ 'ਚ ਪਰਚ ਜਾਵੇ। ਪਰ ਇਹ ਉਸਦਾ ਭੁਲੇਖਾ ਸੀ। ਆਫੀਆ ਨੇ ਫੋਨ 'ਤੇ ਸਭ ਨਾਲ ਰਾਬਤਾ ਕਾਇਣ ਰੱਖਿਆ ਹੋਇਆ ਸੀ। ਬੱਚੀ ਦੇ ਜਨਮ ਤੋਂ ਬਾਅਦ ਉਹ ਪਹਿਲੀ ਵਾਰ ਕੇਅਰ ਬਰਦਰਜ਼ ਦੀ ਮੀਟਿੰਗ ਵਿੱਚ ਗਈ ਤਾਂ ਸਾਰਿਆਂ ਨੂੰ ਬਹੁਤ ਉਤਸ਼ਾਹ ਮਿਲਿਆ।

"ਆਫੀਆ ਹੁਣ ਤੂੰ ਬੱਚਿਆਂ ਵੱਲੋਂ ਵਿਹਲੀ ਹੋ ਕੇ ਐਮ. ਐਸ. ਏ. ਅਤੇ ਬੇਨੇਵੋਲੈਂਸ ਦਾ ਕੰਮ ਸੰਭਾਲ।" ਸੁਲੇਮਾਨ ਐਹਮਰ ਬੋਲਿਆ। ਉਹ ਅੱਜ ਦੀ ਇਸ ਖਾਸ ਮੀਟਿੰਗ ਵਿੱਚ ਚਿਕਾਗੋ ਤੋਂ ਖਾਸ ਤੌਰ 'ਤੇ ਆਇਆ ਸੀ।

"ਇਹ ਗੱਲ ਸਹੀ ਐ। ਬੱਸ ਮੈਨੂੰ ਕੁਝ ਦਿਨ ਦਿਉ। ਮੈਂ ਕਿਸੇ ਅਜਿਹੀ ਔਰਤ ਦਾ ਪ੍ਰਬੰਧ ਕਰ ਲਵਾਂ ਜੋ ਕਿ ਮੇਰੇ ਘਰ ਰਹਿ ਕੇ ਬੱਚਿਆਂ ਦੀ ਦੇਖ ਭਾਲ ਕਰ ਸਕੇ। ਫਿਰ ਮੈਂ ਵਿਹਲੀ ਈ ਵਿਹਲੀ ਆਂ।"

"ਦੋਸਤੋ ਕੁਝ ਮਹੀਨਿਆਂ ਪਿੱਛੋਂ ਨਵਾਂ ਸਾਲ ਚੜ੍ਹਨ ਵਾਲਾ ਐ ਜੋ ਕਿ ਸਾਡੇ ਲਈ ਨਵੀਂ ਜ਼ਿੰਦਗੀ ਲੈ ਕੇ ਆਵੇਗਾ। ਸਭ ਨੂੰ ਪਤਾ ਐ ਕਿ ਬੀਹਵੀਂ ਸਦੀ ਖਤਮ ਹੁੰਦਿਆਂ ਈ ਕਾਫਰਾਂ ਦਾ ਖਾਤਮਾ ਹੋ ਜਾਵੇਗਾ ਤੇ ਹਰ ਪਾਸੇ ਇਸਲਾਮ ਦਾ ਝੰਡਾ ਝੂਲੇਗਾ।"

"ਇੰਸ਼ਾ ਅੱਲਾ! ਇੰਸ਼ਾ ਅੱਲਾ!।" ਹਰ ਪਾਸਿਉਂ ਆਵਾਜ਼ਾਂ ਆਈਆਂ। ਇਸ ਪਿੱਛੋਂ ਕਈ ਹੋਰ ਬੁਲਾਰੇ ਬੋਲੇ। ਜ਼ਰੂਰੀ ਮਸਲਿਆਂ 'ਤੇ ਵਿਚਾਰ ਵਿਟਾਂਦਰਾ ਕੀਤਾ ਗਿਆ। ਆਖਰ ਵਿੱਚ ਸੁਹੇਲ ਉੱਠਿਆ ਤੇ ਬੋਲਣ ਲੱਗਿਆ, "ਸਾਨੂੰ ਬੜਾ ਮਾਣ ਐਂ ਕਿ ਸਾਡਾ ਸਾਥੀ ਤੇ ਕੇਅਰਬਰਦਰਜ਼ ਦਾ ਜਿਹਾਦੀ, ਬਸਮ ਕੁੰਜ ਬੜਾ ਮਾਅਰਕੇ ਦਾ ਕੰਮ ਕਰ ਰਿਹਾ ਐ। ਉਹ ਵਾਪਸ ਲਿਬਨਾਨ ਆ ਗਿਆ ਐ। ਉਸਨੇ ਉੱਥੇ ਨਵੇਂ ਜਿਹਾਦੀਆਂ ਨੂੰ ਟਰੇਨਿੰਗ ਦੇਣ ਲਈ ਕੈਂਪ ਸ਼ੁਰੂ ਕਰ ਲਿਆ ਐ। ਭਾਵੇਂ ਕਿ ਇਹ ਕਾਫੀ ਔਖਾ ਐ ਕਿਉਂਕਿ ਉੱਥੇ ਦੀ ਸਰਕਾਰ ਸਾਨੂੰ ਸਹਿਯੋਗ ਨ੍ਹੀਂ ਦਿੰਦੀ ਪਰ ਉਸਨੇ ਨਾਮੁਮਕਿਨ ਨੂੰ ਮੁਮਕਿਨ ਕਰ ਦਿਖਾਇਆ ਐ।"

ਸਾਰਿਆਂ ਨੇ ਤਾੜੀਆਂ ਮਾਰੀਆਂ। ਆਫੀਆ, ਮਾਰਲੇਨ ਵੱਲ ਵੇਖਦੀ ਮਨ ਹੀ ਮਨ ਸੋਚਣ ਲੱਗੀ, 'ਇਹ ਕਿੰਨੀ ਚੰਗੀ ਕਿਸਮਤ ਵਾਲੀ ਐ ਜਿਸਦੇ ਘਰਵਾਲਾ ਜਿਹਾਦ ਲੜ੍ਹ ਰਿਹਾ ਐ। ਨਵੇਂ ਜਿਹਾਦੀ ਪੈਦਾ ਕਰ ਰਿਹਾ ਐ। ਤੇ ਮੇਰਾ ਆਪਣਾ ਘਰਵਾਲਾ ਕੀ ਕਰ ਰਿਹਾ ਐ। ਉਹ ਤਾਂ ਅਜਿਹੀਆਂ ਮੀਟਿੰਗਾਂ ਵਿੱਚ ਆਉਣਾ ਵੀ ਨ੍ਹੀਂ ਚਾਹੁੰਦਾ। ਸਗੋਂ ਮੈਨੂੰ ਖੁਦ ਨੂੰ ਉਸ ਤੋਂ ਚੋਰੀਉਂ ਅਜਿਹੀਆਂ ਮੀਟਿੰਗਾਂ ਵਿੱਚ

ਆਉਣਾ ਪੈਂਦਾ ਹੈ। ਉਸਨੂੰ ਤਾਂ ਸਿਰਫ ਪੜ੍ਹਾਈ ਦੀ ਪਈ ਹੋਈ ਹੈ ਜਦੋਂ ਕਿ ਇਸ ਵੇਲੇ ਸਾਰਾ ਮੁਸਲਮ ਸਮਾਜ ਪੂਰੀ ਤਨਦੇਹੀ ਨਾਲ ਜਿਹਾਦ ਵੱਲ ਦਾ ਕੰਮ ਕਰ ਰਿਹਾ ਹੈ। ਮੈਂ ਕੀ ਕਰਾਂ। ਕਿਵੇਂ ਅਮਜਦ ਨੂੰ ਜਿਹਾਦ ਵੱਲ ਖਿੱਚਾਂ। ਜੇਕਰ ਮੈਂ ਜ਼ੋਰ ਲਾਵਾਂ ਤਾਂ ਅਕਸਰ ਉਸਨੂੰ ਮੰਨਣਾ ਈ ਪਊ। ਮੇਰੇ ਨਾਲ ਉਸਨੂੰ ਬਹੁਤ ਡੂੰਗੀ ਮੁਹੱਬਤ ਜੋ ਹੈ। ਮੁਹੱਬਤ ਤਾਂ ਖੈਰ ਮੈਨੂੰ ਵੀ ਉਸ ਨਾਲ ਬਹੁਤ ਐ ਪਰ ਮੈਨੂੰ ਉਸਦੀ ਇਹ ਇੱਕੋ ਗੱਲ ਨ੍ਹੀਂ ਬਰਦਾਸ਼ਤ ਹੁੰਦੀ ਜੋ ਉਸਨੂੰ ਜਿਹਾਦ ਨਾਲ ਕੋਈ ਸਰੋਕਾਰ ਨ੍ਹੀਂ ਐ।'

ਇਸ ਪਿੱਛੋਂ ਉਸਦਾ ਨਾਂ ਬੋਲਿਆ ਗਿਆ ਤਾਂ ਉਹ ਖਿਆਲਾਂ 'ਚੋਂ ਨਿਕਲੀ। ਉਸਨੇ ਆਪਣੇ ਭਾਸ਼ਣ ਦੌਰਾਨ ਨਵੇਂ ਜਿਹਾਦੀ ਭਰਤੀ ਕਰਨ 'ਤੇ ਜ਼ੋਰ ਦਿੱਤਾ। ਚੈਰਿਟੀ ਲਈ ਤਾਂ ਹਮੇਸ਼ਾ ਹੀ ਉਹ ਜ਼ੋਰ ਸ਼ੋਰ ਨਾਲ ਬੋਲਦੀ ਸੀ। ਉਸਨੇ ਸਾਰਿਆਂ ਨੂੰ ਬਸਮ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਅੱਜ ਹਰ ਇੱਕ ਨੂੰ ਬਸਮ ਬਣਨ ਦੀ ਲੋੜ ਐ।

ਮੀਟਿੰਗ ਖਤਮ ਹੋਈ। ਉਹ ਘਰ ਆ ਗਈ। ਉਸਨੇ ਆ ਕੇ ਵੇਖਿਆ ਬੱਚੇ ਸੁੱਤੇ ਪਏ ਸਨ। ਉਸਨੇ ਦੂਸਰੇ ਪਾਸੇ ਧਿਆਨ ਮਾਰਿਆ। ਅਮਜਦ ਵੀ ਗੂਹੜੀ ਨੀਂਦ 'ਚ ਸੀ। ਉਹ ਉਸਦੇ ਕੋਲ ਹੋ ਕੇ ਉਸਦੇ ਚਿਹਰੇ ਨੂੰ ਨਿਹਾਰਦੀ ਰਹੀ। ਅਮਜਦ ਦੇ ਮੱਥੇ 'ਤੇ ਚੁੰਮਣ ਦੇਣ ਲਈ ਉਹ ਜ਼ਰਾ ਕੁ ਝੁਕੀ ਪਰ ਫਿਰ ਰੁਕ ਗਈ ਕਿ ਕਿਧਰੇ ਉਸਦੀ ਨੀਂਦ ਖਰਾਬ ਨਾ ਹੋ ਜਾਵੇ। ਫਿਰ ਉਹ ਵੀ ਆਪਣੇ ਬੈੱਡ 'ਤੇ ਜਾ ਪਈ ਤੇ ਸੋਚਾਂ ਸੋਚਦੀ ਨੂੰ ਉਸਨੂੰ ਕਾਫੀ ਦੇਰ ਬਾਅਦ ਨੀਂਦ ਆਈ। ਅਗਲੀ ਸਵੇਰ ਜ਼ੋਰ ਜ਼ੋਰ ਦੀ ਫੋਨ ਵੱਜ ਰਿਹਾ ਸੀ। ਉਹ ਅੱਭੜਵਾਹੀ ਉੱਠੀ। ਉਸਨੇ ਆਲੇ ਦੁਆਲੇ ਵੇਖਿਆ। ਉੱਥੇ ਕੋਈ ਨਹੀਂ ਸੀ। ਅਮਜਦ ਬੱਚਿਆਂ ਨੂੰ ਤਿਆਰ ਕਰਕੇ ਲੈ ਗਿਆ ਸੀ। ਉਹ ਇਵੇਂ ਹੀ ਕਰਦਾ ਹੁੰਦਾ ਸੀ। ਜਿਸ ਦਿਨ ਆਫੀਆ ਲੇਟ ਰਾਤ ਮੁੜਦੀ ਤਾਂ ਅਗਲੇ ਦਿਨ ਉਹ ਬੱਚਿਆਂ ਨੂੰ ਆਪ ਹੀ ਬੇਬੀ ਸਿਟਰ ਦੇ ਛੱਡ ਜਾਂਦਾ ਸੀ। ਫੋਨ ਕੱਟਿਆ ਗਿਆ ਤਾਂ ਆਫੀਆ ਬਿਸਤਰੇ 'ਚੋਂ ਨਿਕਲੀ। ਉਦੋਂ ਨੂੰ ਦੁਬਾਰਾ ਘੰਟੀ ਵੱਜੀ। ਉਸਨੇ ਅਗਾਂਹ ਹੋ ਕੇ ਫੋਨ ਚੁੱਕ ਲਿਆ। ਉੱਧਰ ਸੁਹੇਲ ਬੋਲ ਰਿਹਾ ਸੀ। ਫੋਨ ਆਨ ਹੁੰਦਿਆਂ ਹੀ ਉਹ ਬੋਲਿਆ, "ਆਫੀਆ ਬਹੁਤ ਬੁਰੀ ਖ਼ਬਰ ਐ।"

"ਕਿਉਂ! ਕੀ ਹੋਇਆ?"

"ਬਸਮ ਕੁੰਜ ਸ਼ਹੀਦ ਹੋ ਗਿਆ।"

"ਹੈਂ!?" ਆਫੀਆ ਦੇ ਸਰੀਰ 'ਚ ਕੰਬਣੀ ਛਿੜ ਗਈ। ਪਰ ਫਿਰ ਉਹ ਆਪਣੇ ਆਪ ਨੂੰ ਸੰਭਾਲਣ ਲੱਗੀ। ਉੱਧਰ ਸੁਹੇਲ ਦੁਬਾਰਾ ਬੋਲਣ ਲੱਗਿਆ, "ਬਸਮ ਨੇ ਲਿਬਨਾਨ ਫੌਜ ਦੇ ਦੋ ਸਿਪਾਹੀ ਕਿੱਡਨੈਪ ਕਰ ਲਏ ਸਨ। ਉਹ ਉਨ੍ਹਾਂ ਰਾਹੀਂ ਆਪਣੀਆਂ ਕੁਝ ਮੰਗਾਂ ਮਨਵਾਉਣੀਆਂ ਚਾਹੁੰਦਾ ਸੀ। ਪਰ ਇਸ ਵਿਚਕਾਰ ਈ ਫੌਜ ਨੇ ਉਸਦੇ ਕੈਂਪ 'ਤੇ ਹਮਲਾ ਕਰ ਦਿੱਤਾ। ਇਸੇ ਲੜਾਈ ਦੌਰਾਨ ਉਹ ਸ਼ਹੀਦ ਹੋ ਗਿਆ।"

"ਅੱਲਾ ਉਸਦੀ ਰੂਹ ਨੂੰ ਸਕੂਨ ਦੇਵੇ। ਪਰ ਹੁਣ ਅੱਗੇ ਦਾ ਕੀ ਪ੍ਰੋਗਰਾਮ ਐਂ?"

"ਅੱਜ ਸ਼ਾਮ, ਉਸਨੂੰ ਸ਼ਰਧਾਂਜ਼ਲੀ ਦੇਣ ਲਈ ਮੀਟਿੰਗ ਰੱਖੀ ਗਈ ਐ। ਤੂੰ ਵਕਤ ਸਿਰ ਪਹੁੰਚ ਜਾਂਈ।"

"ਠੀਕ ਐ।" ਫੋਨ ਕੱਟਿਆ ਗਿਆ। ਆਫੀਆ ਸੋਚਣ ਲੱਗੀ ਕਿ ਕਿੰਨਾ ਕਿਸਮਤ ਵਾਲਾ ਪਰਿਵਾਰ ਹੈ। ਆਪ ਤਾਂ ਉਹ ਜਿਹਾਦੀ ਸ਼ਹੀਦ ਬਣ ਕੇ ਬਹਿਸ਼ਤ 'ਚ ਚਲਿਆ ਹੀ ਗਿਆ ਨਾਲ ਹੀ ਮਾਰਲੇਨ ਲਈ ਵੀ ਬਹਿਸ਼ਤ ਦੇ ਦਰਵਾਜ਼ੇ ਖੋਲ੍ਹ ਗਿਆ।

ਉਸ ਸ਼ਾਮ ਮੀਟਿੰਗ ਹੋਈ। ਹਰ ਇੱਕ ਨੇ ਬਸਮ ਦੀ ਤਾਰੀਫ ਕਰਦਿਆਂ ਉਸਦੇ ਕੰਮ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ। ਇਸੇ ਦੌਰਾਨ ਹੀ ਇੱਕ ਪੰਝੀਆਂ ਕੁ ਸਾਲਾਂ ਦਾ ਮੁੰਡਾ ਉੱਠਿਆ ਤੇ ਬੋਲਿਆ, "ਜੇਕਰ ਤੁਹਾਡੀ ਸਭ ਦੀ ਇਜਾਜ਼ਤ ਹੋਵੇ ਤਾਂ ਮੈਂ ਉਸ ਮਹਾਨ ਸ਼ਹੀਦ ਬਸਮ ਦੀ ਵਿਧਵਾ ਨਾਲ ਸ਼ਾਦੀ ਕਰਨਾ ਚਾਹੁੰਦਾ ਆਂ।"

"ਕਿਉਂ ਨ੍ਹੀਂ ਕਿਉਂ ਨ੍ਹੀਂ! ਇਹ ਤਾਂ ਬੜਾ ਫਖ਼ਰ ਦਾ ਕੰਮ ਐਂ। ਜਿਹਾਦੀ ਸ਼ਹੀਦ ਦੀ ਵਿਧਵਾ ਨਾਲ ਨਿਕਾਹ ਕਰਵਾਉਣ ਦਾ ਮਾਣ ਕਿਸੇ ਕਿਸੇ ਨੂੰ ਈ ਮਿਲਦਾ ਐ।" ਕਈ ਆਵਾਜ਼ਾਂ ਆਈਆਂ ਤੇ ਉਸ ਮੁੰਡੇ ਦੀ ਗੱਲ ਮੰਨ ਲਈ ਗਈ। ਉਸਦਾ ਨਾਂ ਅਨਵਰ ਅਲ ਮਿਰਾਬੀ ਸੀ ਜੋ ਕਿ ਸਾਊਦੀ ਅਰਬ ਦਾ ਬਾਸ਼ਿੰਦਾ ਸੀ ਤੇ ਅੱਜ ਕੱਲ੍ਹ ਹੂਸਟਨ, ਟੈਕਸਾਸ ਵਿੱਚ ਰਹਿੰਦਾ ਸੀ। ਅਗਲੇ ਦਿਨ ਮਸਜਿਦ 'ਚ ਦੋਨਾਂ ਦਾ ਨਿਕਾਹ ਹੋ ਗਿਆ। ਅਨਵਰ ਅਲ ਮਿਰਾਬੀ ਆਪਣੀ ਨਵੀਂ ਬੇਗਮ ਮਾਰਲੇਨ ਨੂੰ ਉਸਦੇ ਪੰਜ ਬੱਚਿਆਂ ਸਮੇਤ ਲੈ ਕੇ ਹੂਸਟਨ ਨੂੰ ਚਲਾ ਗਿਆ। ਸ਼ਾਮ ਵੇਲੇ ਆਫੀਆ ਘਰ ਆਈ ਤਾਂ ਉਦਾਸ ਸੀ। ਪਰ ਅਮਜਦ ਨੇ ਉਸ ਵੱਲ ਖਾਸ ਧਿਆਨ ਨਾ ਦਿੱਤਾ। ਉਹ ਸਮਝਦਾ ਸੀ ਕਿ ਇਹ ਤਾਂ ਇਸਦਾ ਨਿੱਤ ਦਾ ਕੰਮ ਐਂ। ਇਹ ਕਿਸੇ ਨਾ ਕਿਸੇ ਚੈਰਿਟੀ ਸਮਾਗਮ 'ਚੋਂ ਆਈ ਹੋਵੇਗੀ। ਇਸ ਤੋਂ ਅੱਗੇ ਅਮਜਦ ਦਾ ਨਾ ਹੀ ਕਦੇ ਧਿਆਨ ਗਿਆ ਸੀ ਤੇ ਨਾ ਹੀ ਜਾ ਸਕਦਾ ਸੀ ਕਿ ਇਹ ਤਾਂ ਬਹੁਤ ਹੀ ਸਮਰੱਪਤ ਜਿਹਾਦੀ ਹੈ।

ਉੱਧਰ ਕੇਅਰ ਬਰਦਰਜ਼ ਅਤੇ ਆਫੀਆ ਬਗੈਰਾ ਸਮਝਦੇ ਸਨ ਕਿ ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਦਾ ਕਿਸੇ ਨੂੰ ਪਤਾ ਨਹੀਂ ਹੈ। ਪਰ ਇਸ ਸੱਚ ਨਹੀਂ ਸੀ। ਕਿਉਂਕਿ ਐਫ. ਬੀ. ਆਈ. ਹਰ ਇੱਕ ਚੈਰਿਟੀ ਜਥੇਬੰਦੀ ਦੇ ਮਗਰ ਪਈ ਹੋਈ ਸੀ। ਕੇਅਰ ਬਰਦਰਜ਼ ਦੇ ਤਾਂ ਖਾਸ ਕਰਕੇ। ਕੇਅਰ ਬਰਦਰਜ਼ ਦੇ ਸਾਰੇ ਫੋਨ ਟੇਪ ਹੁੰਦੇ ਸਨ। ਜਿਉਂ ਹੀ ਐਫ. ਬੀ. ਆਈ. ਨੂੰ ਪਤਾ ਲੱਗਿਆ ਕਿ ਬਸਮ ਕੁੰਜ ਮਾਰਿਆ ਗਿਆ ਤਾਂ ਉਹ ਅੱਗੇ ਦੀ ਕਾਰਵਾਈ ਵੇਖਣ ਲਈ ਸਾਵਧਾਨ ਹੋ ਗਏ। ਇਸੇ ਕਰਕੇ ਮਾਰਲੇਨ ਅਤੇ ਅਨਵਰ ਅਲ ਮੀਰਾਬੀ ਦੇ ਨਿਕਾਹ ਦਾ ਐਫ. ਬੀ. ਆਈ. ਨੂੰ ਤੁਰੰਤ ਪਤਾ ਲੱਗ ਗਿਆ। ਉਨ੍ਹਾਂ ਹੂਸਟਨ ਵਿਚਲੀ ਬਰਾਂਚ ਨੂੰ ਇਸਦੀ ਇਤਲਾਹ ਦਿੱਤੀ ਤੇ ਉਹ ਅਨਵਰ ਅਲ ਮੀਰਾਬੀ ਦੇ ਮਗਰ ਲੱਗ ਗਏ।

ਆਫੀਆ ਨੇ ਆਪਣਾ ਥੀਸਸ ਪੂਰਾ ਕਰਕੇ ਸਬਮਿੱਟ ਕਰਵਾ ਦਿੱਤਾ। ਇਸਦੇ ਨਾਲ ਹੀ ਉਸਨੇ ਮਾਸਟਰ ਡਿਗਰੀ ਵੀ ਪੂਰੀ ਕਰ ਲਈ ਸੀ। ਇਹ ਸਾਰਾ ਕੁਝ ਉਸਨੇ ਮਿੱਥੇ ਸਮੇਂ ਜਾਣੀ ਕਿ ਚਾਰ ਸਾਲ ਤੋਂ ਵੀ ਪਹਿਲਾਂ ਹੀ ਕਰ ਲਿਆ। ਇਹ ਇੱਕ ਰਿਕਾਰਡ ਸੀ। ਉਹ ਵੀ ਉਦੋਂ ਜਦੋਂ ਕਿ ਉਸਨੇ ਇਸ ਵਿਚਕਾਰ ਦੋ ਬੱਚਿਆਂ ਨੂੰ ਜਨਮ ਦਿੱਤਾ ਅਤੇ ਆਪਣੀਆਂ ਦੂਸਰੀਆਂ ਸਰਗਰਮੀਆਂ 'ਚ ਵੀ ਪੂਰੀ ਤਰ੍ਹਾਂ ਵਿਅਸਤ ਰਹੀ। ਇਸ ਪਿੱਛੋਂ ਉਸਦੇ ਮਨ ਮਸਤਕ 'ਤੋਂ ਇੱਕ ਕਿਸਮ ਦਾ ਭਾਰ ਜਿਹਾ ਲਹਿ ਗਿਆ। ਉਹ ਪੜ੍ਹਾਈ ਅਤੇ ਕਾਲਜ ਦਾ ਖਹਿੜਾ ਛੱਡ ਚੁੱਕੀ ਸੀ। ਹੋਰ ਸਭ ਦੇ ਨਾਲ ਉਸਨੇ ਆਪਣਾ ਪਹਿਰਾਵਾ ਵੀ ਬਦਲ ਲਿਆ। ਉਹ ਲੰਬਾ ਬੁਰਕਾ ਪਹਿਨਣ ਲੱਗੀ। ਜਿਸ ਵਿੱਚੋਂ ਉਸਦੀਆਂ ਸਿਰਫ ਦਗਦੀਆਂ ਹੋਈਆਂ ਅੱਖਾਂ ਹੀ ਨਜ਼ਰ ਆਉਂਦੀਆਂ ਸਨ। ਉੱਧਰ ਅਮਜਦ ਨੇ ਪੜ੍ਹਾਈ ਵਿੱਚ ਬਹੁਤ ਚੰਗਾ ਮਾਅਰਕਾ ਮਾਰਿਆ ਸੀ। ਉਸਨੇ ਆਪਣੀ ਅਨੈਸਥੀਸੀਆਲੋਜੀ ਦੀ ਰੈਜੀਡੈਂਸੀ ਵਿੱਚ ਸਾਰੀ ਕਲਾਸ 'ਚੋਂ ਟਾਪ ਕੀਤਾ ਸੀ। ਉਸਦੀ ਇਸ ਪ੍ਰਾਪਤੀ ਤੋਂ ਪ੍ਰਭਾਵਤ ਹੋ ਕੇ ਉਸਨੂੰ ਅਮੈਰਿਕਣ ਐਸੋਸੀਏਸ਼ਨ ਆਫ ਅਨੈਸਥੀਸੀਆਲੋਜੀ ਦੇ ਨੈਸ਼ਿਨਲ ਨਿਊਜ਼ਲੈਟਰ ਦਾ ਚੀਫ ਐਡੀਟਰ ਬਣਾ ਦਿੱਤਾ ਗਿਆ। ਉਹ ਡਾਕਟਰੀ ਦੇ ਖੇਤਰ ਵਿੱਚ ਹੱਦੋਂ ਵੱਧ ਮੱਲਾਂ ਮਾਰਦਾ ਜਾ ਰਿਹਾ ਸੀ। ਇਸ ਪਿੱਛੋਂ ਉਸਨੇ ਹਾਵਰਡ ਯੂਨੀਵਰਸਿਟੀ ਦੇ ਹੈਲਥ ਸੈਂਟਰ ਵਿੱਚ ਮਾਸਟਰ ਦੀ ਡਿਗਰੀ ਲਈ ਅਪਲਾਈ ਕਰ ਦਿੱਤਾ। ਉਸਨੂੰ ਦਾਖਲਾ ਮਿਲ ਗਿਆ ਤੇ ਉਸਨੇ ਪੜ੍ਹਾਈ ਸ਼ੁਰੂ ਕਰ ਦਿੱਤੀ। ਪਰ ਆਫੀਆ ਦਾ ਧਿਆਨ ਇਸ ਵੇਲੇ ਕਿਤੇ ਹੋਰ ਸੀ। ਉਹ ਇਸ ਵੇਲੇ ਜਿਹਾਦੀ ਵੈੱਬ ਸਾਈਟ 'ਤੇ ਬਹੁਤ ਸਾਰਾ ਕੰਮ ਕਰ ਰਹੀ ਸੀ। ਅੱਜ ਕੱਲ੍ਹ ਉਹ ਜਿਹਾਦ ਵਿੱਚ ਮਾਰੇ ਜਾ ਰਹੇ ਜਿਹਾਦੀਆਂ ਦੀਆਂ ਬਾਇਉਗਰਾਫੀ, ਵੈੱਬ ਸਾਈਟ 'ਤੇ ਪਾ ਰਹੀ ਸੀ। ਉਹ ਹਰ ਅਜਿਹਾ ਆਰਟੀਕਲ ਵੈੱਬ ਸਾਈਟ 'ਤੇ ਪਾਉਂਦੀ ਜਿਸ ਨਾਲ ਨਵੇਂ ਲੋਕਾਂ ਨੂੰ ਜਿਹਾਦ ਵਿੱਚ ਸ਼ਾਮਲ ਹੋਣ ਦੀ ਪ੍ਰੇਰਨਾ ਮਿਲੇ। ਇਸ ਤੋਂ ਇਲਾਵਾ ਉਹ ਇੰਟਰਨੈੱਟ 'ਤੇ ਇਸਲਾਮਿਕ ਬਹਿਸਾਂ 'ਚ ਵੀ ਹਿੱਸਾ ਲੈਂਦੀ ਸੀ। ਸਾਰਾ ਦਿਨ ਉਸਦਾ ਇਸ ਤਰ੍ਹਾਂ ਦੀਆਂ ਬਹਿਸਾਂ ਵਿੱਚ ਹਿੱਸਾ ਲੈਂਦਿਆਂ ਹੀ ਗੁਜ਼ਰਦਾ ਸੀ। ਪਰ ਉਹ ਕਦੇ ਵੀ ਕੁਝ ਅਜਿਹਾ ਨਹੀਂ ਸੁਣ ਸਕਦੀ ਸੀ ਜੋ ਕਿ ਜਿਹਾਦ ਦੀ ਸਰਾਹੁਣਾ ਨਾ ਕਰਦਾ ਹੋਵੇ। ਜੇਕਰ ਕੋਈ ਕਹਿੰਦਾ ਕਿ ਮੁਸਲਮਾਨਾ ਨੂੰ ਕੁਰਾਨ ਦੀ ਪਾਲਣਾ ਕਰਦਿਆਂ ਸ਼ਾਂਤੀ ਅਤੇ ਸੱਦਭਾਵਨਾ ਨਾਲ ਇਸ ਮੁਲਕ ਵਿੱਚ ਰਹਿਣਾ ਚਾਹੀਦਾ ਹੈ ਤਾਂ ਉਸਨੂੰ ਲੱਗਦਾ ਕਿ ਇਸ ਤਰ੍ਹਾਂ ਦੀ ਬੋਲੀ ਬੋਲਣ ਵਾਲੇ ਮੁਸਲਮਾਨ ਕੌਮ ਦੇ ਗਦਾਰ ਹਨ।

ਆਫੀਆ ਦੀ ਵੱਡੀ ਭੈਣ ਫੌਜ਼ੀਆ, ਵਿਆਹੀ ਵਰੀ ਤੇ ਬਾਲ ਬੱਚੇਦਾਰ ਸੀ। ਉਹ ਆਪਣੇ ਡਾਕਟਰੀ ਖੇਤਰ ਨਰਾਲੋਜੀ 'ਚ ਫੈਲੋਸ਼ਿਪ ਕਰਨ ਲਈ ਬਾਸਟਨ ਆਈ ਤਾਂ ਆਪਣੇ ਬੱਚਿਆਂ ਨੂੰ ਵੀ ਇੱਥੇ ਲੈ ਆਈ। ਇੱਥੇ ਆ ਕੇ ਉਸਨੇ ਵੇਖਿਆ ਕਿ ਆਫੀਆ, ਪਹਿਲਾਂ ਵਾਲੀ ਆਫੀਆ ਨਹੀਂ ਰਹਿ ਗਈ ਸੀ। ਫੌਜ਼ੀਆ ਨੂੰ ਲੱਗਿਆ ਕਿ ਉਸਦੀ ਚੰਚਲਤਾ ਅਤੇ ਮਾਸੂਮੀਅਤ ਗਾਈਬ ਹੋ ਚੁੱਕੀ ਹੈ। ਅੰਦਰਲੀਆਂ ਗੱਲਾਂ ਦਾ ਉਸਨੂੰ ਕੁਝ ਪਤਾ ਨਹੀਂ ਸੀ। ਉਸਨੇ ਇਸਦਾ ਕਾਰਨ ਇਹੀ ਕੱਢਿਆ ਕਿ ਸ਼ਾਇਦ ਅਮਜਦ ਆਫੀਆ ਨੂੰ ਤੰਗ ਕਰਦਾ ਹੈ। ਉਸ ਨੇ ਇਸ ਬਾਰੇ ਆਫੀਆ ਨਾਲ ਲੰਬੀ ਚੌੜੀ ਗੱਲਬਾਤ ਕੀਤੀ। ਜਦੋਂ ਆਫੀਆ ਨੇ ਉਸਦੀਆਂ ਗੱਲਾਂ 'ਚ ਬਹੁਤੀ ਦਿਲਚਸਪੀ ਨਾ ਵਿਖਾਈ ਤਾਂ ਫੌਜ਼ੀਆ ਨੂੰ ਲੱਗਿਆ ਕਿ ਸ਼ਾਇਦ ਇਸ ਨੂੰ ਅਮਜਦ ਨੇ ਬਹੁਤ ਡਰਾ ਧਮਕਾ ਕੇ ਰੱਖਿਆ ਹੋਇਆ ਹੈ। ਇਨ੍ਹਾਂ ਹੀ ਦਿਨਾਂ ਵਿੱਚ ਆਫੀਆ, ਅਮਜਦ ਨੂੰ ਕਿਸੇ ਫੰਡ ਰੇਜ਼ਿੰਗ ਸਮਾਗਮ ਵਿੱਚ ਲੈ ਗਈ। ਉੱਥੇ ਉਹ ਇੰਨੀ ਭਾਵੁਕ ਹੋ ਗਈ ਕਿ ਉਸਨੇ ਅਮਜਦ ਵੱਲੋਂ ਕਿਸੇ ਵੇਲੇ ਉਸਨੂੰ ਭੇਟ ਕੀਤੀ ਕੀਮਤੀ ਅੰਗੂਠੀ ਦਾਨ ਕਰ ਦਿੱਤੀ। ਇਸ ਤੋਂ ਅਮਜਦ ਚਿੜ੍ਹ ਉੱਠਿਆ। ਉਸਨੇ ਆਫੀਆ ਨੂੰ ਇਸ਼ਾਰੇ ਨਾਲ ਸਮਝਾਇਆ ਕਿ ਜੋ ਹੋ ਗਿਆ ਸੋ ਹੋ ਗਿਆ ਹੁਣ ਉਹ ਇੱਥੋਂ ਉੱਠੇ ਤੇ ਘਰ ਨੂੰ ਚੱਲੀਏ। ਪਰ ਆਫੀਆ ਤਾਂ ਭਾਵੁਕਤਾ ਦੇ ਸਾਗਰ ਵਿੱਚ ਡੁੱਬੀ ਹੋਈ ਸੀ। ਉਸਨੇ ਅਮਜਦ ਦੀ ਕੋਈ ਗੱਲ ਨਾ ਸੁਣੀ। ਉਹ ਆਪਣੇ ਭਾਸ਼ਣ ਦਿੰਦੀ ਰਹੀ। ਉੱਧਰ ਬੱਚੇ ਵੀ ਘਰ ਜਾਣ ਦੀ ਜ਼ਿਦ ਕਰ ਰਹੇ ਸਨ। ਅਮਜਦ ਅੱਪਸੈੱਟ ਹੋ ਗਿਆ। ਉਹ ਆਫੀਆ ਨੂੰ ਇਕੱਲੀ ਨੂੰ ਛੱਡ ਕੇ ਵੀ ਨਹੀਂ ਜਾ ਸਕਦਾ ਸੀ। ਆਖਰ ਕਿਧਰੇ ਲੇਟ ਰਾਤ ਸਮਾਗਮ ਖਤਮ ਹੋਇਆ। ਬੱਚੇ ਕਾਰ ਵਿੱਚ ਸੁੱਤੇ ਪਏ ਸਨ। ਕਾਰ ਵਿੱਚ ਬਹਿੰਦੇ ਉਹ ਘਰ ਨੂੰ ਤੁਰੇ ਤਾਂ ਅਮਜਦ ਨੇ ਆਫੀਆ ਨੂੰ ਅੰਗੂਠੀ ਦਾ ਕਰਨ ਬਾਰੇ ਬੁਰਾ ਭਲਾ ਕਿਹਾ। ਇਸ ਗੱਲ 'ਤੇ ਆਫੀਆ ਨੇ ਉਸਦਾ ਮਜ਼ਾਕ ਉਡਾਇਆ। ਹੌਲੀ ਹੌਲੀ ਚੱਲਦੀਆਂ ਗੱਲਾਂ ਆਖਰ ਗਰਮੀ ਫੜ੍ਹ ਗਈਆਂ। ਜਦੋਂ ਉਹ ਘਰ ਪਹੁੰਚੇ ਤਾਂ ਉਹ ਬੁਰੀ ਤਰਾਂ ਬਹਿਸ ਰਹੇ ਸਨ। ਘਰੇ ਜਾ ਕੇ ਅਮਜਦ, ਬੱਚੇ ਨੂੰ ਬੋਤਲ ਨਾਲ ਦੁੱਧ ਪਿਲਾਉਣ ਲੱਗਿਆ। ਆਫੀਆ ਬਹਿਸ ਕਰਦੀ ਉਸ ਨਾਲ ਹੱਥੋ ਪਾਈ ਹੋ ਗਈ ਤਾਂ ਬੋਤਲ ਉਸਦੇ ਮੂੰਹ 'ਤੇ ਕਸੂਤੀ ਵੱਜ ਗਈ। ਸਿੱਟੇ ਵਜੋਂ ਉਸਦੇ ਮੂੰਹ 'ਤੇ ਜ਼ਖ਼ਮ ਹੋ ਗਿਆ ਤੇ ਖ਼ੂੰਨ ਨਿਕਲਣ ਲੱਗਿਆ। ਅਮਜਦ ਨੇ ਉਸੇ ਵੇਲੇ ਕਿਸੇ ਦੋਸਤ ਡਾਕਟਰ ਨੂੰ ਫੋਨ ਕੀਤਾ ਤੇ ਆਫੀਆ ਦੇ ਜ਼ਖ਼ਮ ਦੀ ਸਟਿਚਿੰਗ ਕਰਵਾ ਕੇ ਲਿਆਇਆ। ਉਸ ਪਿੱਛੋਂ ਦੋਨਾਂ ਦਰਮਿਆਨ ਤਲਖ਼ੀ ਤਕਰੀਬਨ ਖਤਮ ਹੋ ਗਈ। ਅਗਲੇ ਦਿਨ ਆਫੀਆ, ਫੌਜ਼ੀਆ ਕੋਲ ਆਪਣੇ ਬੱਚੇ ਛੱਡਣ ਗਈ ਤਾਂ ਉਸਨੇ ਮੂੰਹ 'ਤੇ ਸਟਿੰਚਿੰਗ ਦੇ ਨਿਸ਼ਾਨ ਬਾਰੇ ਪੁੱਛਿਆ। ਆਫੀਆ ਦੇ ਸਾਰੀ ਹਕੀਕਤ ਦੱਸਣ ਪਿੱਛੋਂ ਫੌਜ਼ੀਆ ਨੇ ਸਭ ਤੋਂ ਪਹਿਲਾਂ ਆਫੀਆ ਦੇ ਮੂੰਹ ਦੀਆਂ ਫੋਟੋਆਂ ਲਈਆਂ। ਫਿਰ ਉਹ ਉਸਨੂੰ ਭੜਕਾਉਣ ਲੱਗੀ। ਆਖਰ ਆਫੀਆ ਉਸਦੀਆਂ ਗੱਲਾਂ 'ਚ ਆ ਗਈ। ਸ਼ਾਮ ਵੇਲੇ ਜਦੋਂ ਅਮਜਦ ਉੱਥੇ ਆਇਆ ਤਾਂ ਫੌਜ਼ੀਆ ਨੇ ਦਰਵਾਜ਼ਾ ਨਾ ਖੋਲ੍ਹਿਆ। ਅਮਜਦ ਨੂੰ ਇਹ ਗੱਲ ਖਟਕ ਗਈ ਕਿ ਫੌਜ਼ੀਆ ਨੇ ਵਿੱਚ ਪੈ ਕੇ ਸਾਡੇ ਆਪਸੀ ਮਾਮਲੇ ਨੂੰ ਤੂਲ ਦੇ ਦਿੱਤੀ ਹੈ। ਅਗਲੇ ਦਿਨ ਉਹ ਫੋਨ ਕਰਦਾ ਰਿਹਾ ਪਰ ਕਿਸੇ ਨੇ ਫੋਨ ਨਾ ਚੁੱਕਿਆ। ਉਸਦਾ ਮਨ ਬਹੁਤ ਖਰਾਬ ਹੋ ਗਿਆ। ਤੀਸਰੇ ਦਿਨ ਉਸਨੇ ਫੋਨ ਕੀਤਾ ਤਾਂ ਆਫੀਆ ਨੇ ਫੋਨ ਚੁੱਕਦਿਆਂ ਹੌਲੇ ਜਿਹੇ ਹੈਲੋ ਕਹੀ।

"ਆਫੀਆ ਕੀ ਗੱਲ ਹੋ ਗਈ ? ਨਾ ਤੂੰ ਮੁੜ ਕੇ ਘਰ ਆਈ ਐਂ ਨਾ ਫੋਨ ਚੁੱਕ ਰਹੀ ਐਂ ?"

"ਉਹ ਫੌਜ਼ੀਆ ਆਪਾ...।" ਇੰਨਾ ਕਹਿ ਕੇ ਉਹ ਚੁੱਪ ਹੋ ਗਈ।

"ਆਫੀਆ ਵੇਖ ਇਹ ਆਪਣਾ ਆਪਸੀ ਮਾਮਲਾ ਐ। ਚੰਗਾ ਐ ਕਿ ਇਸਨੂੰ ਆਪਾਂ ਆਪ ਈ ਨਜਿੱਠ ਲਈਏ।"

"ਚੰਗਾ ਅੱਜ ਸ਼ਾਮ ਵੇਲੇ ਆ ਜਾਵੀਂ। ਉਸ ਵੇਲੇ ਫੌਜ਼ੀਆ ਆਪਾ ਘਰ ਨਹੀਂ ਹੋਵੇਗੀ।"

ਉਸੇ ਸ਼ਾਮ ਅਮਜਦ ਫੌਜ਼ੀਆ ਦੇ ਘਰ ਗਿਆ ਤਾਂ ਆਫੀਆ ਨੇ ਦਰਵਾਜ਼ਾ ਖੋਲ੍ਹ ਦਿੱਤਾ। ਉਸਦਾ ਚਿਹਰਾ ਉਤਰਿਆ ਹੋਇਆ ਸੀ। ਉਂਝ ਵੀ ਕਾਫੀ ਉਦਾਸ ਦਿਸ ਰਹੀ ਸੀ। ਅਮਜਦ ਨੇ ਉਸ ਦਿਨ ਲਈ ਮੁਆਫੀ ਮੰਗੀ। ਆਫੀਆ ਦਾ ਰੰਗ ਇੱਕਦਮ ਬਦਲ ਗਿਆ। ਉਹ ਉੱਚੀ ਬੋਲਣ ਲੱਗੀ। ਬੋਲਦੀ ਬੋਲਦੀ ਉਹ ਅਮਜਦ ਦੇ ਕੋਲ ਆ ਗਈ ਤੇ ਉਸਦੀ ਛਾਤੀ 'ਚ ਮੁੱਕੀਆਂ ਮਾਰਨ ਲੱਗੀ। ਅਮਜਦ ਚੁੱਪ

ਚਾਪ ਖੜ੍ਹਾ ਰਿਹਾ। ਹੌਲੀ ਹੌਲੀ ਆਫੀਆ ਦੇ ਹੱਥ ਰੁਕਦੇ ਗਏ। ਫਿਰ ਉਸਨੇ ਅਮਜਦ ਦੇ ਦੁਆਲੇ ਬਾਹਾਂ ਵਲ ਲਈਆਂ ਤੇ ਉੱਚੀ ਰੋਣ ਲੱਗੀ। ਅਮਜਦ ਨੇ ਉਸਨੂੰ ਚੁੱਪ ਕਰਾਇਆ। ਜਦੋਂ ਸ਼ਾਮ ਵੇਲੇ ਫੌਜ਼ੀਆ ਘਰ ਆਈ ਤਾਂ ਉਸਨੇ ਵੇਖਿਆ ਕਿ ਆਫੀਆ ਆਪਣੇ ਬੱਚਿਆਂ ਸਮੇਤ ਜਾ ਚੁੱਕੀ ਸੀ। ਇਸ ਪਿੱਛੋਂ ਅਮਜਦ ਨੇ ਸੋਚਿਆ ਕਿ ਇੱਥੋਂ ਕਿਧਰੇ ਦੂਰ ਮੂਵ ਹੋ ਜਾਇਆ ਜਾਵੇ ਤਾਂ ਕਿ ਅੱਗੇ ਤੋਂ ਫੌਜ਼ੀਆ ਸਾਡੇ ਘਰੇਲੂ ਮਸਲਿਆਂ 'ਚ ਦਖਲ ਨਾ ਦੇ ਸਕੇ। ਜੂਨ 2001 ਨੂੰ ਉਸਨੇ ਗਰੈਂਡਾ ਹਾਈਟਸ ਨਾਂ ਦੇ ਇਲਾਕੇ ਵਿੱਚ ਵੱਡਾ ਅਪਾਰਟਮੈਂਟ ਲੈ ਲਿਆ। ਇਹ ਕਾਫੀ ਵੱਡਾ ਸੀ। ਇਸ ਕਰਕੇ ਉਸਨੇ ਇਸਦਾ ਇੱਕ ਕਮਰਾ ਆਪਣੇ ਨਾਲ ਕੰਮ ਕਰਦੇ ਇੱਕ ਸਾਊਦੀ ਅਰਬ ਦੇ ਬਾਸ਼ਿੰਦੇ ਨੂੰ ਕਿਰਾਏ 'ਤੇ ਦੇ ਦਿੱਤਾ। ਜ਼ਿੰਦਗੀ ਫਿਰ ਤੋਂ ਵਧੀਆ ਢੰਗ ਨਾਲ ਗੁਜ਼ਰਨ ਲੱਗੀ। ਇਨ੍ਹਾਂ ਹੀ ਦਿਨਾਂ 'ਚ ਉਸਾਮਾ ਬਿਨ ਲਾਦਿਨ ਦੀ ਵੀਡੀਓ ਟੇਪ ਚੈਨਲਾਂ 'ਤੇ ਚੱਲਣ ਲੱਗੀ। ਪਹਿਲੀ ਵਾਰ ਉਹ ਬਹੁਤ ਹੀ ਖੁੱਲ੍ਹ ਕੇ ਬੋਲ ਰਿਹਾ ਸੀ। ਅਮਰੀਕਾ ਦੇ ਉਹ ਬਹੁਤ ਹੀ ਖਿਲਾਫ ਸੀ। ਸੁਣਨ ਵਾਲੇ ਆਪਣੇ ਆਪਣੇ ਅੰਦਾਜ਼ੇ ਲਾਉਣ ਲੱਗੇ ਕਿ ਇਸਦਾ ਮਤਲਬ ਕੀ ਹੋਇਆ ਕਿ ਉਸਾਮਾ ਬਿਨ ਲਾਦਿਨ ਇੱਕ ਦਮ ਪਬਲਿਕ ਮੂਹਰੇ ਇੰਨੇ ਜ਼ੋਰਦਾਰ ਢੰਗ ਨਾਲ ਆਇਆ ਹੈ। ਕੇਅਰਬਰਦਰਜ ਵਰਗੀਆਂ ਜਥੇਬੰਦੀਆਂ ਵੀ ਕੁਝ ਸਮਝ ਨਾ ਸਕੀਆਂ।

ਉੱਧਰ ਮਾਰਲੇਨ ਆਪਣੇ ਨਵੇਂ ਖਾਵੰਦ, ਅਨਵਰ ਅਲ ਮੀਰਾਬੀ ਨਾਲ ਹੂਸਟਨ ਤੋਂ ਚੱਲ ਕੇ ਬਾਸਟਨ ਪਹੁੰਚੀ। ਇਹ ਸਾਰਾ ਸਫਰ ਉਨ੍ਹਾਂ ਨੇ ਕਾਰ ਰਾਹੀਂ ਤਹਿ ਕੀਤਾ। ਵੱਡੀ ਗੱਲ ਉਸ ਵੇਲੇ ਮਾਰਲੇਨ ਗਰਭਵਤੀ ਸੀ ਤੇ ਬੱਚੇ ਦੀ ਡਲਿਵਰੀ ਵਿੱਚ ਵੀ ਜ਼ਿਆਦਾ ਵਕਤ ਨਹੀਂ ਸੀ। ਐਫ. ਬੀ.ਆਈ. ਇਸ ਜੋੜੇ ਦੀਆਂ ਹਰਕਤਾਂ ਨੋਟ ਕਰ ਰਹੀ ਸੀ ਪਰ ਉਨ੍ਹਾਂ ਨੂੰ ਵੀ ਸਮਝ ਨਾ ਲੱਗੀ ਕਿ ਇਹ ਇਸ ਤਰ੍ਹਾਂ ਬਾਸਟਨ ਵਿੱਚ ਕੀ ਕਰਨ ਆਏ ਹੋਏ। ਮਾਰਲੇਨ ਹੋਰਾਂ ਨੇ ਉੱਥੇ ਦੇ ਦੋਸਤਾਂ ਨੂੰ ਦੱਸਿਆ ਕਿ ਪਹਿਲੇ ਬੱਚੇ ਦੀ ਡਲਿਵਰੀ ਉਹ ਬਾਸਟਨ 'ਚ ਚਾਹੁੰਦੇ ਹਨ, ਇਸੇ ਲਈ ਉਹ ਇੱਥੇ ਆਏ ਹਨ। ਇਸ ਵਿਚਕਾਰ ਉਹ ਖਾਸ ਦੋਸਤਾਂ ਮਿੱਤਰਾਂ ਨੂੰ ਮਿਲਦੇ ਰਹੇ। ਉਨ੍ਹਾਂ ਨੂੰ ਬਹੁਤ ਹੀ ਮਾਣ ਸਤਿਕਾਰ ਦਿੱਤਾ ਗਿਆ। ਕਈ ਦਿਨਾਂ ਪਿੱਛੋਂ 29 ਅਗਸਤ 2001 ਨੂੰ ਮਾਰਲੇਨ ਨੇ ਮੁੰਡੇ ਨੂੰ ਜਨਮ ਦਿੱਤਾ। ਇਸਦੇ ਹਫਤਾ ਪਿੱਛੋਂ ਉਹ ਉਵੇਂ ਹੀ ਕਾਰ ਰਾਹੀਂ ਵਾਪਸ ਚਲੇ ਗਏ। ਜਾਣ ਤੋਂ ਪਹਿਲਾਂ ਮਾਰਲੇਨ, ਆਫੀਆ ਨੂੰ ਪਾਸੇ ਲਿਜਾਂਦਿਆਂ ਹੋਇਆਂ ਬੋਲੀ, "ਉਹ ਵੱਡਾ ਦਿਨ ਆਉਣ ਵਾਲਾ ਐ ਜਿਸ ਦੀ ਆਪਾਂ ਨੂੰ ਚਿਰਾਂ ਤੋਂ ਉਡੀਕ ਐ।"

"ਮਾਰਲੇਨ ਜ਼ਰਾ ਵਿਸਥਾਰ ਨਾਲ ਦੱਸ।" ਆਫੀਆ ਨੂੰ ਖੁਸ਼ੀ ਭਰਿਆ ਅਚੰਭਾ ਹੋਇਆ।

"ਬੱਸ ਇਸ ਵੇਲੇ ਮੈਂ ਇੰਨਾ ਈ ਕਹਿ ਸਕਦੀ ਆਂ ਕਿ ਬਹੁਤ ਕੁਝ ਵੱਡਾ ਹੋਣ ਜਾ ਰਿਹਾ ਐ। ਜਿਸ ਨੇ ਸਾਰੀ ਦੁਨੀਆਂ ਹਿਲਾ ਦੇਣੀ ਐਂ।"

"ਇੰਸ਼ਾ ਅੱਲਾ ਐਸਾ ਈ ਹੋਵੇ।" ਆਫੀਆ ਨੂੰ ਇਹ ਤਾਂ ਪਤਾ ਸੀ ਕਿ ਉਸਾਮਾ ਬਿਨ ਲਾਦਿਨ ਦੀ ਹਿਦਾਇਤ 'ਤੇ ਜਿਹਾਦੀ ਗਰੁੱਪ ਕੁਝ ਅਜਿਹਾ ਕਰਨ ਵਾਲੇ ਨੇ ਜਿਸ ਨੇ ਵਾਕਿਆ ਹੀ ਤਹਿਲਕਾ ਮਚਾ ਦੇਣਾ ਹੈ। ਪਰ ਉਹ ਹੈ ਕੀ ਇਸ ਬਾਰੇ ਉਸਨੂੰ ਕੋਈ ਪਤਾ ਨਹੀਂ ਸੀ। ਨਾ ਹੀ ਉਸਨੇ ਮਾਰਲੇਨ ਨੂੰ ਇਸ ਬਾਰੇ ਵਿਸਥਾਰ ਨਾਲ ਪੁੱਛਣਾ ਜ਼ਰੂਰੀ ਸਮਝਿਆ।

ਐਫ. ਬੀ. ਆਈ. ਆਪਣੇ ਅੰਦਾਜ਼ੇ ਲਾਉਂਦੀ ਰਹੀ ਕਿ ਇਸ ਜੋੜੇ ਦਾ ਇਸ ਮੁਕਾਮ 'ਤੇ ਇੱਥੇ ਆਉਣ ਦਾ ਕੀ ਕੰਮ ਹੋਇਆ। ਟੀਵੀ ਚੈਨਲ ਆਪਣੇ ਦਿਮਾਗ ਲੜਾਉਂਦੇ ਰਹੇ ਕਿ ਉਸਾਮਾ ਬਿਨ ਲਾਦਿਨ ਦੀ ਥੋੜੇ ਦਿਨ ਪਹਿਲਾਂ ਆਈ ਜ਼ੋਰਦਾਪ ਟੇਪ ਦਾ ਕੀ ਸੁਨੇਹਾ ਹੋਇਆ। ਉੱਧਰ ਆਫੀਆ ਆਪਣਾ ਦਿਮਾਗ ਖਪਾਉਂਦੀ ਰਹੀ ਕਿ ਮਾਰਲੇਨ ਦੀ ਗੱਲ ਦਾ ਕੀ ਮਤਲਬ ਹੋਇਆ। ਸਭ ਦੇ ਆਪਣੇ ਆਪਣੇ ਅੰਦਾਜ਼ੇ ਸਨ। ਪਰ ਗਿਆਰਾਂ ਸਤੰਬਰ, 2001 ਦੇ ਦਿਨ ਸਭ ਦੇ ਭਰਮ ਭੁਲੇਖੇ ਦੂਰ ਹੋ ਗਏ। ਉਸ ਦਿਨ ਆਫੀਆ ਸਵੇਰੇ ਵੇਲੇ ਖ਼ਬਰਾਂ ਸੁਣ ਰਹੀ ਸੀ। ਕਿਸੇ ਖਾਸ ਖ਼ਬਰ ਨੇ ਉਸਦੀਆਂ ਅੱਖਾਂ ਟੀਵੀ ਸਕਰੀਨ ਨਾਲ ਜੋੜ ਦਿੱਤੀਆਂ। ਖ਼ਬਰ ਆ ਰਹੀ ਸੀ,

"ਅੱਜ ਸਵੇਰੇ ਅਮੈਰਿਕਨ ਏਅਰਲਾਈਨਜ਼ ਦੀ ਫਲਾਈਟ ਨੰਬਰ 11 ਨੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਨੂੰ ਅੱਠ ਵੱਜ ਕੇ ਛਿਆਲੀ ਮਿੰਟ 'ਤੇ ਹਿੱਟ ਕੀਤਾ। ਇਸਦੇ ਠੀਕ ਸਤਾਰਾਂ ਮਿੰਟ ਪਿੱਛੋਂ ਯੁਨਾਈਟਡ ਏਅਰਲਾਈਨਜ਼ ਦੀ ਫਲਾਈਟ ਨੰਬਰ 175, ਸੈਂਟਰ ਦੇ ਸਾਊਥ ਟਾਵਰ ਨਾਲ ਟਕਰਾ ਗਈ। ਦੋਨੋਂ ਪਲੇਨ ਬਾਸਟਨ ਦੇ ਲੋਗਨ ਇੰਟਰਨੈਸ਼ਨਲ ਏਅਰਪੋਰਟ ਤੋਂ ਉੱਡੇ ਸਨ। ਉੱਥੋਂ ਉੱਡਣ ਪਿੱਛੋਂ

ਇਨ੍ਹਾਂ ਨੂੰ ਹਾਈਜੈਕਰਾਂ ਨੇ ਅਗਵਾ ਕਰ ਲਿਆ ਤੇ ਫਿਰ ਆਪ ਹੀ ਚਲਾ ਕੇ ਇਨ੍ਹਾਂ ਨੂੰ ਵਰਡ ਟਰੇਡ ਸੈਂਟਰ ਦੇ ਨਾਰਥ ਅਤੇ ਸਾਊਥ ਟਾਵਰਾਂ ਵਿੱਚ ਲਿਆ ਮਾਰਿਆ। ਹਜ਼ਾਰਾਂ ਵਿਅਕਤੀ ਮਰ ਚੁੱਕੇ ਹਨ। ਹਜ਼ਾਰਾਂ ਹੀ ਢਹਿ ਰਹੇ ਇਨ੍ਹਾਂ ਟਾਵਰਾਂ ਦੇ ਅੰਦਰ ਘਿਰੇ ਹੋਏ ਹਨ। ਇਸ ਤੋਂ ਬਿਨਾਂ ਇੱਕ ਪਲੇਨ ਪੈਂਟਾਗਾਨ ਨਾਲ ਟਕਰਾ ਗਿਆ ਹੈ। ਇੱਕ ਹੋਰ ਅਗਵਾ ਹੋਇਆ ਪਲੇਨ ਹਾਈਜੈਕਰਾਂ ਨੇ ਪੈਨਸਲਵੇਨੀਆਂ ਦੇ ਖੇਤਾਂ ਵਿੱਚ ਸੁੱਟ ਦਿੱਤਾ ਹੈ।"

ਟੀਵੀ ਚੈਨਲ ਨੇ ਕੁਝ ਦੇਰ ਲਈ ਕੈਮਰਾ ਢਹਿ ਰਹੀਆਂ ਬਿਲਡਿੰਗਾਂ ਵੱਲ ਕਰ ਦਿੱਤਾ। ਉੱਥੇ ਮੌਤ, ਤਾਂਡਵ ਨਾਚ ਨੱਚ ਰਹੀ ਸੀ। ਹਰ ਪਾਸੇ ਉੱਪਰੋਂ ਹੇਠਾਂ ਡਿੱਗ ਕੇ ਮਰਦੇ ਲੋਕ ਵਿਖਾਈ ਦੇ ਰਹੇ ਸਨ। ਸੈਂਕੜੇ ਲੋਕਾਂ ਨੇ ਬਚਣ ਦੀ ਉਮੀਦ 'ਚ ਦਫਤਰਾਂ 'ਚੋਂ ਬਾਹਰ ਨਿਕਲ ਕੇ ਖਿੜਕੀਆਂ ਨੂੰ ਹੱਥ ਪਾਏ ਹੋਏ ਸਨ ਤੇ ਹੇਠਾਂ ਨੂੰ ਲਮਕ ਰਹੇ ਸਨ। ਜਿਸ ਕਿਸੇ ਦੇ ਵੀ ਹੱਥ ਝੂਠੇ ਪੈਂਦੇ ਉਹ ਅੱਧ ਅਸਮਾਨੋਂ ਹੇਠਾਂ ਆ ਡਿੱਗਦਾ। ਹਰ ਪਾਸੇ ਲੋਕਾਂ ਦੀਆਂ ਦਰਦ ਭਿੰਨੀਆਂ ਚੀਕਾਂ ਸੁਣ ਰਹੀਆਂ ਸਨ। ਆਲੇ ਦੁਆਲੇ ਗੂਹੜਾ ਗਰਦਾ ਛਾਇਆ ਹੋਇਆ ਸੀ। ਹਰ ਕੋਈ ਰੋ ਰਿਹਾ ਸੀ। ਬਲਕਿ ਸਾਰਾ ਅਮਰੀਕਾ ਰੋ ਰਿਹਾ ਸੀ। ਉੱਥੇ ਬਚ ਕੇ ਨਿਕਲੇ ਭੱਜਦੇ ਲੋਕਾਂ ਨਾਲ ਸੜਕਾਂ ਭਰੀਆਂ ਪਈਆਂ ਸਨ। ਦੋਵੇਂ ਟਵਿਨ ਟਾਵਰ ਧੂੰ ਧੂੰ ਕਰਕੇ ਮੱਚ ਰਹੇ ਸਨ। ਫਿਰ ਤੋਂ ਖ਼ਬਰਾਂ ਸੁਣਾਉਣ ਵਾਲੀ ਐਂਕਰ ਬੋਲਣ ਲੱਗੀ, "ਸਰਕਾਰ ਨੂੰ ਪੱਕਾ ਸ਼ੱਕ ਐ ਕਿ ਅੱਜ ਦੀ ਇਸ ਅਤੀ ਕਰੂਰ ਘਟਨਾ ਲਈ ਇੰਤਹਾਪਸੰਦ ਇਸਲਾਮੀ ਅੱਤਵਾਦੀ ਜ਼ਿੰਮੇਵਾਰ ਹਨ। ਬਾਸਟਨ ਸ਼ਹਿਰ ਵਿੱਚ ਅਲਕਾਇਦਾ ਮੈਂਬਰਾਂ ਅਤੇ ਉਨ੍ਹਾਂ ਦੇ ਹਮਦਰਦਾਂ ਦੇ ਘਰੀਂ ਛਾਪੇ ਵੱਜਣੇ ਸ਼ੁਰੂ ਹੋ ਚੁੱਕੇ ਹਨ। ਖਬਰਾਂ ਚੱਲਦੀਆਂ ਰਹਿਣਗੀਆਂ....।"

10

ਅੱਜ ਦੇ ਵਾਕਿਆਤ ਨੇ ਆਫੀਆ ਨੂੰ ਇੰਨਾ ਡਰਾ ਦਿੱਤਾ ਕਿ ਉਹ ਚੀਕਾਂ ਮਾਰਦੀ ਰੋਣ ਕੁਰਲਾਉਣ ਲੱਗੀ। ਅਮਜਦ ਉਸਦੀ ਹਾਲਤ ਵੇਖ ਕੇ ਕੰਮ 'ਤੇ ਨਾ ਗਿਆ। ਆਫੀਆ ਲਗਾਤਾਰ ਦੋਸਤਾਂ ਮਿੱਤਰਾਂ ਨੂੰ ਫੋਨ ਕਰ ਰਹੀ ਸੀ ਤੇ ਨਵੀਂ ਉਪਜ ਰਹੀ ਸਥਿਤੀ ਬਾਰੇ ਜਾਣਕਾਰੀ ਲੈ ਰਹੀ ਸੀ। ਪਰ ਉਸਦਾ ਡਰ ਉਵੇਂ ਹੀ ਕਾਇਮ ਸੀ। ਦੁਪਹਿਰ ਢਲਣ ਤੋਂ ਪਹਿਲਾਂ ਹੀ ਖ਼ਬਰਾਂ ਆਉਣ ਲੱਗ ਪਈਆਂ ਕਿ ਅੱਧੋਂ ਵੱਧ ਅੱਤਵਾਦੀ ਜਿਨ੍ਹਾਂ ਨੇ ਕਿ ਅੱਜ ਦੇ ਕਰੂਰ ਕਾਰਨਾਵੇਂ ਕੀਤੇ ਹਨ, ਉਨ੍ਹਾਂ ਦੀ ਪਛਾਣ ਹੋ ਚੁੱਕੀ ਹੈ। ਪਛਾਣੇ ਜਾਣ ਵਾਲਿਆਂ ਵਿੱਚ ਸਭ ਤੋਂ ਪਹਿਲਾ ਮੁਹੰਮਦ ਅੱਟਾ ਸੀ ਜੋ ਕਿ ਬਾਸਟਨ ਦਾ ਰਹਿਣ ਵਾਲਾ ਸੀ। ਪੁਲੀਸ ਨੇ ਛਾਪਾ ਮਾਰੀ ਤੇਜ਼ ਕਰ ਦਿੱਤੀ। ਜਿਸਦਾ ਵੀ ਪਤਾ ਲੱਗਦਾ ਕਿ ਇਸ ਨਾਲ ਕਿਸੇ ਅੱਤਵਾਦੀ ਦੀ ਜਾਣ-ਪਛਾਣ ਰਹੀ ਹੈ ਉਸੇ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ। ਇੱਥੋਂ ਤੱਕ ਕਿ ਜਿਨ੍ਹਾਂ ਹੋਟਲਾਂ ਵਿੱਚ ਉਹ ਰਾਤਾਂ ਰੁਕੇ ਸਨ ਉਨ੍ਹਾਂ ਸਭ ਨੂੰ ਛਾਣ ਬੀਣ ਲਈ ਬੰਦ ਕਰ ਦਿੱਤਾ ਗਿਆ ਤੇ ਮੁਲਾਜ਼ਮਾ ਨੂੰ ਫੜ੍ਹ ਲਿਆ ਗਿਆ। ਇਹ ਸਭ ਸੁਣ ਕੇ ਆਫੀਆ ਉੱਚੀ ਉੱਚੀ ਰੋਂਦੀ ਹੋਈ ਬੋਲਣ ਲੱਗੀ, "ਅਮਜਦ ਜਿੰਨੀ ਛੇਤੀ ਹੋ ਸਕੇ ਆਪਾਂ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਐ। ਇੱਥੇ ਆਪਣੀ ਜਾਨ ਨੂੰ ਖਤਰਾ ਐ।"

"ਖਤਰੇ ਵਾਲੀ ਇਸ ਵਿੱਚ ਕੀ ਗੱਲ ਐ। ਆਪਣੇ ਵਾਂਗੂੰ ਇੱਥੇ ਹੋਰ ਵੀ ਬੜੇ ਮੁਸਲਮਾਨ ਰਹਿੰਦੇ ਨੇ। ਉਹ ਕਿਤੇ ਸਾਰੇ ਈ ਅੱਤਵਾਦੀ ਹੋ ਗਏ। ਜਿਨ੍ਹਾਂ ਨੇ ਇਹ ਅਣਮਨੁੱਖੀ ਕਾਰਾ ਕੀਤਾ ਐ ਖਤਰਾ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਹਮਦਰਦਾਂ ਨੂੰ ਐਂ। ਤੂੰ ਐਵੇਂ ਨਾ ਘਬਰਾ।"

"ਤੂੰ ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ, ਪਿੱਛੋਂ ਪਛਤਾਉਂਦਾ ਫਿਰੇਂਗਾ। ਅਜੇ ਵੀ ਮੌਕਾ ਐ ਕਿ ਇੱਥੋਂ ਛੇਤੀ ਚਲੇ ਚੱਲੀਏ।"

"ਪਰ ਆਪਾਂ ਕਿਉਂ ਭੱਜ ਚੱਲੀਏ ? ਆਪਾਂ ਕਿਹੜਾ ਕੋਈ ਗਲਤ ਕੰਮ ਕੀਤਾ ਐ ?"

"ਮੈਨੂੰ ਪਤਾ ਲੱਗਾ ਐ ਕਿ ਅਮਰੀਕਣ, ਮੁਸਲਮਾਨਾਂ ਦੇ ਜੁਆਕਾਂ ਨੂੰ ਕਿੱਡਨੈਪ ਕਰਨਗੇ।"

"ਤੈਨੂੰ ਇਹ ਗੱਲ ਕਿਸੇ ਨੇ ਕਹੀ ਐ ?"

"ਬੱਸ ਕਿਸੇ ਪਾਸਿਉਂ ਪਤਾ ਲੱਗਿਆ ਐ। ਤਾਂ ਹੀ ਕਹਿ ਰਹੀ ਆਂ ਕਿ ਮੁਸੀਬਤ ਆਉਣ ਤੋਂ ਪਹਿਲਾਂ ਨਿਕਲ ਚੱਲੀਏ।"

"ਆਫੀਆ ਮੈਨੂੰ ਸਮਝ ਨ੍ਹੀਂ ਆ ਰਹੀ ਕਿ ਤੂੰ ਇੰਨੀ ਘਬਰਾ ਕਿਉਂ ਰਹੀ ਐਂ। ਇਸ ਤਰ੍ਹਾਂ ਆਪਾਂ ਬੰਨਿਆਂ ਬਨਾਇਆ ਘਰ ਅਤੇ ਪੜ੍ਹਾਈ ਬਗੈਰਾ ਵਿਚਾਲੇ ਛੱਡ ਕੇ ਕਿਵੇਂ ਜਾ ਸਕਦੇ ਆਂ।"

"ਇਸਦਾ ਮਤਲਬ ਤੂੰ ਮੇਰੀ ਗੱਲ ਨ੍ਹੀਂ ਮੰਨਣੀ ?" ਆਫੀਆ ਗੁੱਸੇ 'ਚ ਕੰਬਣ ਲੱਗੀ।

"ਤੂੰ ਮੈਨੂੰ ਆਪਣੀ ਗੱਲ ਕਿਸੇ ਢੰਗ ਤਰੀਕੇ ਨਾਲ ਸਮਝਾ। ਤੂੰ ਤਾਂ ਬਿਨਾ ਸਿਰ ਪੈਰ ਦੀਆਂ ਗੱਲਾਂ ਮਾਰੀ ਜਾ ਰਹੀ ਐਂ।"

"ਚੰਗਾ ਕਰ ਆਪਣੀ ਮਰਜ਼ੀ। ਜਦੋਂ ਭੁਗਤੇਂਗਾ ਤਾਂ ਆਪੇ ਪਤਾ ਲੱਗਜੂਗਾ।" ਆਫੀਆ ਪੈਰ ਪਟਕਦੀ ਪੌੜੀਆਂ ਚੜ੍ਹ ਗਈ। ਉੱਪਰੋਂ ਜਾ ਕੇ ਉਸਨੇ ਸੁਹੇਲ, ਸੁਲੇਮਾਨ, ਮਾਰਲੇਨ ਅਤੇ ਕਈ ਹੋਰਾਂ ਨੂੰ ਫੋਨ ਕੀਤੇ। ਪਰ ਕਿਸੇ ਦਾ ਵੀ ਫੋਨ ਨਾ ਮਿਲਿਆ। ਸਭ ਦੇ ਫੋਨ ਬੰਦ ਆ ਰਹੇ ਸਨ। ਆਫੀਆ ਦਾ ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗਿਆ। ਫਿਰ ਉਸਨੇ ਕਿਸੇ ਅਜਿਹੀ ਸਹੇਲੀ ਨੂੰ ਫੋਨ ਕੀਤਾ ਜਿਸਦਾ ਜਿਹਾਦ ਨਾਲ ਕੋਈ ਵਾਸਤਾ ਨਹੀਂ ਸੀ ਪਰ ਉਂਞ ਉਹ ਇਸ ਤਰ੍ਹਾਂ ਦੀਆਂ ਗੱਲਾਂ ਬਾਰੇ ਕਾਫੀ ਜਾਣਕਾਰੀ ਰੱਖਦੀ ਸੀ। ਉਹ ਸਾਊਦੀ ਅਰਬ ਦੀ ਰਹਿਣ ਵਾਲੀ ਸੀ।

"ਆਫੀਆ ਤੂੰ ਇੰਨੀ ਅੱਪਸੈੱਟ ਕਿਉਂ ਹੋ ਰਹੀ ਐਂ। ਫਿਰ ਕੀ ਹੋ ਗਿਆ ਜੇ ਆਪਾਂ ਮੁਸਲਮਾਨ ਆਂ ਤਾਂ। ਪਰ ਆਪਾਂ ਸਭ ਦੇ ਨਾਲ ਈ ਆਂ।" ਉਸਨੇ ਆਫੀਆ ਨੂੰ ਧਰਵਾਸਾ ਦਿੱਤਾ।

"ਤੂੰ ਮੇਰੀ ਅਸਲੀ ਗੱਲ ਨ੍ਹੀਂ ਸਮਝ ਰਹੀ। ਜੇਕਰ ਨੁਕਸਾਨ ਕਰਾ ਕੇ ਇੱਥੋਂ ਨਿਕਲੇ ਤਾਂ ਫਿਰ ਕੀ ਫਾਇਦਾ ਹੋਇਆ।"

ਉਸ ਦੀ ਗੱਲ ਸੁਣ ਕੇ ਸਹੇਲੀ ਸੋਚੀਂ ਪੈ ਗਈ। ਉਸਨੂੰ ਲੱਗਿਆ ਕਿ ਆਫੀਆ ਹੱਦੋਂ ਵੱਧ ਡਰੀ ਹੋਈ ਹੈ। ਉਹ ਕੁਝ ਸੋਚਦਿਆਂ ਬੋਲੀ, "ਆਫੀਆ, ਤੂੰ ਇਹੀ ਚਾਹੁੰਨੀ ਐਂ ਨਾ ਕਿ ਇੱਥੋਂ ਜਲਦੀ ਚਲੀ ਜਾਵੇਂ ?"

"ਹਾਂ ਬਿਲਕੁਲ।"

"ਪਰ ਇਹ ਵੀ ਨ੍ਹੀਂ ਹੋ ਸਕਦਾ। ਕਿਉਂਕਿ ਅਜੇ ਤਾਂ ਅਮਰੀਕਾ ਦਾ ਸਾਰਾ ਏਅਰਸਪੇਸ ਬੰਦ ਪਿਆ ਐ। ਨਾ ਕੋਈ ਫਲਾਈਟ ਅੰਦਰ ਆ ਰਹੀ ਐ ਨਾ ਈ ਕੋਈ ਬਾਹਰ ਜਾ ਰਹੀ ਐ।"

"ਪਰ ਮੈਨੂੰ ਪਤਾ ਲੱਗਿਆ ਐ ਕਿ ਇੱਕ ਖਾਸ ਫਲਾਈਟ ਜਾ ਰਹੀ ਐ।"

"ਆਫੀਆ ਉਹ ਫਲਾਈਟ ਤਾਂ ਅਤੀ ਗੁਪਤ ਤੌਰ 'ਤੇ ਇੱਥੋਂ ਜਾ ਰਹੀ ਐ। ਕਾਗਜ਼ਾਂ 'ਚ ਉਸਦਾ ਤਾਂ ਕਿਧਰੇ ਜ਼ਿਕਰ ਨ੍ਹੀਂ ਐ। ਤੈਨੂੰ ਪਤਾ ਨ੍ਹੀਂ ਉਸ ਬਾਰੇ ਕਿਵੇਂ ਪਤਾ ਲੱਗ ਗਿਆ ਵਰਨਾ....।"

"ਕੀ ਤੂੰ ਕੋਸ਼ਿਸ਼ ਕਰਕੇ ਮੈਨੂੰ ਉਸ ਫਲਾਈਟ 'ਤੇ ਸੀਟ ਨ੍ਹੀਂ ਦੁਆ ਸਕਦੀ ?" ਸਹੇਲੀ ਦੀ ਗੱਲ ਵਿਚਕਾਰੋਂ ਟੋਕਦੀ ਆਫੀਆ ਬੋਲੀ।

“ਨ੍ਹੀਂ ਇਹ ਮੁਮਕਿਨ ਨ੍ਹੀਂ ਐ। ਉਸ ਫਲਾਈਟ ’ਤੇ ਸਿਰਫ ਸਾਊਦੀ ਅਰਬ ਦੇ ਉਹੀ ਬਾਸ਼ਿੰਦੇ ਜਾ ਰਹੇ ਨੇ ਜਿਨ੍ਹਾਂ ਦੇ ਕਿ ਸਾਊਦੀ ਅਰਬ ਦੀ ਅੰਬੈਸੀ ਨਾਲ ਗੂਹੜੇ ਸਬੰਧ ਨੇ। ਸਾਊਦੀ ਅੰਬੈਸਡਰ, ਨ੍ਹੀਂ ਚਾਹੁੰਦਾ ਕਿ ਕੱਲ੍ਹ ਨੂੰ ਉਸਦਾ ਕੋਈ ਬਾਸ਼ਿੰਦਾ ਇਸ ਪਲਾਟ ਵਿੱਚ ਫਸ ਜਾਵੇ। ਤੈਨੂੰ ਪਤਾ ਈ ਐ ਕਿ ਹਾਈਜੈਕਰਾਂ ’ਚ ਅੱਧੋਂ ਵੱਧ ਤਾਂ ਸਾਊਦੀ ਅਰਬ ਦੇ ਨੇ। ਉਸ ਫਲਾਈਟ ਬਾਰੇ ਤਾਂ ਤੂੰ ਭੁੱਲ ਈ ਜਾਹ।”

ਆਫੀਆ ਦੀ ਆਖਰੀ ਉਮੀਦ ਵੀ ਮੁੱਕ ਗਈ। ਇਸ ਪਿੱਛੋਂ ਉਸਨੇ ਅਮਜਦ ਨਾਲ ਕੋਈ ਬਹਿਸ ਨਾ ਕੀਤੀ। ਉਦਾਸ ਬੈਠੀ ਉਹ ਟੀਵੀ ’ਤੇ ਚੱਲ ਰਹੀਆਂ ਖ਼ਬਰਾਂ ਵੇਖਦੀ ਰਹੀ। ਹਰ ਪੰਦਰਾਂ ਬੀਹ ਮਿੰਟ ਪਿੱਛੋਂ ਕਿਸੇ ਨਾ ਕਿਸੇ ਦੇ ਫੜ੍ਹੇ ਜਾਣ ਦੀ ਖ਼ਬਰ ਆ ਰਹੀ ਸੀ। ਉਸਦੀ ਸਹੇਲੀ ਮਾਰਲੇਨ ਦੇ ਘਰਵਾਲਾ ਅਨਵਰ ਅਲ ਮੀਰਾਬੀ ਵੀ ਗ੍ਰਿਫਤਾਰ ਕਰ ਲਿਆ ਗਿਆ। ਉਸਦੀ ਗ੍ਰਿਫਤਾਰੀ ਦੀ ਖ਼ਬਰ ਸੁਣਦਿਆਂ ਹੀ ਉਹ ਕੰਬਣ ਲੱਗੀ। ਕਿਉਂਕਿ ਉਸਨੂੰ ਯਾਦ ਸੀ ਕਿ ਦੋ ਹਫਤੇ ਪਹਿਲਾਂ ਹੀ ਉਹ ਵਾਪਸ ਹੂਸਟਨ ਜਾਣ ਲੱਗੇ ਉਸਦੇ ਘਰੇ ਆਏ ਸਨ। ਅਮਜਦ, ਆਫੀਆ ਦੇ ਅੰਦਰ ਚੱਲ ਰਹੀਆਂ ਗੱਲਾਂ ਤੋਂ ਅਣਭਿੱਗ ਸਿਰਫ ਇਹੀ ਸਮਝਦਾ ਹੋਇਆ ਕਿ ਇਹ ਵਿਚਾਰੀ ਕੁਝ ਜ਼ਿਆਦਾ ਹੀ ਡਰ ਗਈ ਹੈ, ਉਸਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਆਫੀਆ ਅਮਜਦ ਨਾਲ ਕੋਈ ਗੱਲ ਨਹੀਂ ਕਰ ਰਹੀ ਸੀ। ਉਂਝ ਉਹ ਆਪਣੇ ਤੌਰ ’ਤੇ ਵਾਪਸ ਜਾਣ ਦੀ ਕੋਸ਼ਿਸ਼ ਕਰ ਰਹੀ ਸੀ। ਫਿਰ ਇਹ ਉਸ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੀ ਸੀ ਕਿ 17 ਸਤੰਬਰ ਨੂੰ ਜਿਸ ਦਿਨ ਅਮਰੀਕਣ ਏਅਰਸਪੇਸ ਪਹਿਲੀ ਵਾਰ ਖੁੱਲ੍ਹਿਆ ਤਾਂ ਆਫੀਆ ਆਪਣੇ ਦੋਨਾਂ ਬੱਚਿਆਂ ਸਮੇਤ ਪਾਕਿਸਤਾਨ ਨੂੰ ਜਾਣ ਵਾਲੀ ਫਲਾਈਟ ਵਿੱਚ ਬੈਠੀ ਹੋਈ ਸੀ। ਉਸਨੂੰ ਬੜਾ ਅਫਸੋਸ ਸੀ ਕਿ ਅਮਜਦ ਉਸਦੇ ਨਾਲ ਜਾਣਾ ਨਹੀਂ ਮੰਨਿਆਂ ਸੀ। ਨਾਲ ਹੀ ਉਸਦਾ ਦਿਲ ਵੀ ਤੇਜ਼ੀ ਨਾਲ ਧੜਕ ਰਿਹਾ ਸੀ। ਪਰ ਜਦੋਂ ਜਹਾਜ਼ ਉੱਡ ਪਿਆ ਤਾਂ ਉਸਦਾ ਸਾਰਾ ਡਰ ਜਾਂਦਾ ਰਿਹਾ ਤੇ ਉਸਦਾ ਮਨ ਹੋਰ ਪਾਸੇ ਚਲਾ ਗਿਆ। ਉਸ ਦੀ ਸੋਚ ਮੁਤਾਬਕ ਆਖਰੀ ਲੜਾਈ ਸ਼ੁਰੂ ਹੋ ਚੁੱਕੀ ਸੀ। ਜਿਹਾਦੀਆਂ ਮੁਤਾਬਕ ਇਹ ਉਹ ਲੜਾਈ ਸੀ ਜਿਸ ਵਿੱਚ ਸਭ ਕਾਫਰ ਖਤਮ ਹੋ ਜਾਣਗੇ ਤੇ ਪਿੱਛੇ ਸਿਰਫ ਇਸਲਾਮ ਦਾ ਝੰਡਾ ਸਾਰੀ ਦੁਨੀਆਂ ’ਤੇ ਝੂਲੇਗਾ। ਉਸਨੂੰ ਸਾਰੇ ਰਸਤੇ ਇਸੇ ਖੁਸ਼ੀ ’ਚ ਪਲ ਭਰ ਵੀ ਨੀਂਦ ਨਾ ਆਈ। ਉਹ ਸੋਚਦੀ ਜਾ ਰਹੀ ਸੀ ਕਿ ਇਸਲਾਮੀ ਮੁਲਕਾਂ ’ਚ ਖਾਸ ਕਰਕੇ ਪਾਕਿਸਤਾਨ ’ਚ ਤਾਂ ਇਸ ਵੇਲੇ ਜਿਹਾਦ ਵੱਡੇ ਪੱਧਰ ’ਤੇ ਲੜਿਆ ਜਾ ਰਿਹਾ ਹੋਵੇਗਾ। ਲੋਕ ਸਭ ਕੁਝ ਭੁੱਲ ਕੇ ਜਿਹਾਦ ’ਚ ਸ਼ਾਮਲ ਹੋ ਚੁੱਕੇ ਹੋਣਗੇ। ਪਰ ਜਦੋਂ ਉਹ ਕਰਾਚੀ ਏਅਰਪੋਰਟ ’ਤੇ ਜਾ ਕੇ ਉਤਰੀ ਤਾਂ ਉਹ ਬੜੀ ਹੈਰਾਨ ਹੋਈ। ਉੱਥੇ ਤਾਂ ਲੋਕ ਆਪੋ ਆਪਣੇ ਕੰਮਾਂ ਕਾਰਾਂ ’ਚ ਵਿਅਸਤ ਸਨ। ਲੱਗਦਾ ਸੀ ਕਿ ਕਿਸੇ ਨੂੰ ਪ੍ਰਵਾਹ ਹੀ ਨਹੀਂ ਸੀ ਕਿ ਅਮਰੀਕਾ ਵਿੱਚ ਕੀ ਹੋਇਆ ਹੈ। ਉਸਦਾ ਦਿਲ ਟੁੱਟ ਗਿਆ। ਉਸਨੂੰ ਅਮਜਦ ਦੇ ਘਰਵਾਲੇ ਏਅਰਪੋਰਟ ’ਤੇ ਲੈਣ ਆਏ ਸਨ। ਘਰ ਨੂੰ ਜਾਂਦੀ ਉਹ ਹੋਰ ਵੀ ਹੈਰਾਨ ਹੋਈ ਜਦੋਂ ਘਰਵਾਲਿਆਂ ਨੇ ਟਵਿਨ ਟਾਵਰਾਂ ਦੇ ਢਹਿ ਜਾਣ ਵਾਲੀ ਗੱਲ ਇੱਕ ਅੱਧ ਵਾਰ ਹੀ ਛੇੜੀ ਤੇ ਫਿਰ ਹੋਰ ਗੱਲਾਂ ਕਰਨ ਲੱਗੇ। ਅਮਜਦ ਦੇ ਘਰਵਾਲੇ ਉਸਦੇ ਆਉਣ ’ਤੇ ਜ਼ਿਆਦਾ ਖੁਸ਼ ਵੀ ਨਹੀਂ ਸਨ। ਅਮਜਦ ਨੇ ਉਨ੍ਹਾਂ ਨੂੰ ਫੋਨ ’ਤੇ ਦੱਸ ਦਿੱਤਾ ਸੀ ਕਿ ਕਿਵੇਂ ਆਫੀਆ ਉਸਦੀ ਗੱਲ ਨਾ ਮੰਨਦੀ ਹੋਈ ਸਿਰਫ ਹਾਲਾਤਾਂ ਤੋਂ ਡਰਦੀ ਅਮਰੀਕਾ ਛੱਡ ਗਈ ਹੈ। ਇਸ ਤੋਂ ਪਹਿਲਾਂ ਘਰਵਾਲੇ ਕਾਫੀ ਦੇਰ ਦੇ ਕਹਿੰਦੇ ਆ ਰਹੇ ਸਨ ਕਿ ਅਮਜਦ ਅਤੇ ਆਫੀਆ ਇੱਕ ਵਾਰ ਆ ਕੇ ਮਿਲ ਜਾਣ ਅਤੇ ਬੱਚਿਆਂ ਨੂੰ ਮਿਲਾ ਲਿਜਾਣ। ਪਰ ਉਨ੍ਹਾਂ ਕਦੇ ਪਰਿਵਾਰ ਵਾਲਿਆਂ ਦੀ ਗੱਲ ਨਹੀਂ ਸੁਣੀਂ ਸੀ। ਪਰ ਅੱਜ ਆਫੀਆ ਇੱਕ ਦਮ ਹੀ ਆ ਪਹੁੰਚੀ। ਪਰ ਫਿਰ ਵੀ ਉਹ ਖੁਸ਼ ਸਨ ਕਿ ਚਲੋ ਇਸੇ ਬਹਾਨੇ ਉਹ ਆਪਣੇ ਪੋਤਰੇ ਅਤੇ ਪੋਤਰੀ ਨਾਲ ਕੁਝ ਦਿਨ ਬਿਤਾ ਸਕਣਗੇ।

ਖਾਨ ਪਰਿਵਾਰ ਇੱਕ ਸ਼ਾਂਤ ਅਤੇ ਦੀਨੀ ਅਕੀਦੇ ਮੰਨਣ ਵਾਲਾ ਬਾਵੱਕਾਰ ਪਰਿਵਾਰ ਸੀ। ਉਨ੍ਹਾਂ ਜ਼ਿੰਦਗੀ ’ਚ ਮਿਹਨਤ ਕਰਕੇ ਇਹ ਮੁਕਾਮ ਹਾਸਲ ਕੀਤਾ ਸੀ ਕਿ ਉਨ੍ਹਾਂ ਦੇ ਬੱਚੇ ਬਦੇਸ਼ਾਂ ’ਚ ਪੜ੍ਹਦੇ ਸਨ ਅਤੇ ਚੰਗੇ ਅਹੁਦਿਆਂ ’ਤੇ ਸਨ। ਅਮਜਦ ਦਾ ਪਿਉ ਆਗਾ ਨਈਮ ਖਾਂ ਇਸ ਵੇਲੇ ਰਿਟਾਇਰਡ ਜ਼ਿੰਦਗੀ ਬਿਤਾ ਰਿਹਾ ਸੀ। ਉਸਦੀ ਪਤਨੀ ਜਾਹਿਰਾ ਖਾਂ ਦੀ ਘਰ ’ਚ ਚੰਗੀ ਚਲਦੀ ਸੀ। ਸਾਰਾ ਪਰਿਵਾਰ ਸੰਯੁਕਤ ਪਰਿਵਾਰ ਦੇ ਤੌਰ ’ਤੇ ਰਹਿੰਦਾ ਸੀ। ਨਈਮ ਖਾਂ ਭਾਵੇਂ ਰਾਜਨੀਤਕ ਨਹੀਂ ਸੀ ਪਰ ਉਸਦੀ ਸੂਝ ਬੂਝ ਡੂੰਘੀ ਸੀ। ਘਰ ’ਚ ਅਮਰੀਕਾ ਅੰਦਰ ਅੱਤਵਾਦੀਆਂ ਦੁਆਰਾ ਕੀਤੇ ਗਏ ਹਮਲਿਆਂ ਦੀ ਚਰਚਾ ਹੋਈ ਸੀ ਪਰ ਕਿਸੇ ਹੱਦ ਤੱਕ। ਪਰਿਵਾਰ ਨੇ ਕੱਟੜਵਾਦੀਆਂ ਦੇ ਇਸ ਕਦਮ ਨੂੰ ਨਿੰਦਿਆ ਸੀ ਕਿ ਨਿਰਦੋਸ਼ਾਂ ਨੂੰ ਮਾਰਨ ਨਾਲ ਕੀ ਹਾਸਲ ਹੋਵੇਗਾ। ਪਰ ਜਦੋਂ ਆਫੀਆ ਘਰੇ ਪਹੁੰਚੀ

ਤਾਂ ਉਸਨੇ ਨਾਈਨ ਅਲੈਵਨ ਦੀ ਘਟਨਾ ਨੂੰ ਬਹੁਤ ਹੀ ਅਚੰਭੇ ਨਾਲ ਬਿਆਨ ਕਰਨਾ ਸ਼ੁਰੂ ਕਰ ਦਿੱਤਾ। ਉਹ ਇਸ ਨੂੰ ਭੰਡ ਨਹੀਂ ਰਹੀ ਸੀ ਸਗੋਂ ਉਹ ਇਹ ਕਾਰਾ ਕਰਨ ਵਾਲਿਆਂ ਦੇ ਹੱਕ 'ਚ ਬੋਲ ਰਹੀ ਸੀ। ਉਹ ਲਗਾਤਾਰ ਇਸੇ ਘਟਨਾ ਬਾਰੇ ਬੋਲੀ ਜਾ ਰਹੀ ਸੀ। ਪਰਿਵਾਰ ਵਾਲਿਆਂ ਨੂੰ ਉਸਦਾ ਇਸ ਤਰ੍ਹਾਂ ਉਤਸ਼ਾਹਤ ਹੋਣਾ ਚੰਗਾ ਨਾ ਲੱਗਿਆ। ਪਰ ਫਿਰ ਜਾਹਿਰਾ ਖਾਂ ਨੇ ਸਾਰਿਆਂ ਨੂੰ ਸਮਝਾਇਆ ਕਿ ਇਹ ਸ਼ਾਇਦ ਉਸ ਘਟਨਾ ਕਰਕੇ ਸਦਮੇ 'ਚ ਹੈ ਇਸੇ ਲਈ ਇਸ ਤਰ੍ਹਾਂ ਗੱਲਾਂ ਕਰ ਰਹੀ ਹੈ। ਜਦੋਂ ਉਹ ਬੋਲਣੋਂ ਨਾ ਹੀ ਹਟੀ ਤਾਂ ਨਈਮ ਖਾਂ ਥੋੜ੍ਹਾ ਤਾਅ ਖਾ ਕੇ ਬੋਲਿਆ, "ਆਫੀਆ ਬੇਟੀ ਤੈਨੂੰ ਪਤਾ ਐ ਕਿ ਹੁਣ ਕੀ ਹੋਵੇਗਾ?"

"ਹੋਣਾ ਕੀ ਐ। ਬੱਸ ਜਿਸ ਦਿਨ ਦਾ ਚਿਰਾਂ ਤੋਂ ਇੰਤਜ਼ਾਰ ਸੀ ਉਹ ਆ ਚੁੱਕਿਆ ਐ। ਇਨ੍ਹਾਂ ਕਾਫਰਾਂ ਦਾ ਸਫਾਇਆ ਹੋ ਜਾਵੇਗਾ ਤੇ ਅੱਲਾ ਦੇ ਬੰਦਿਆਂ ਦੀ ਜਿੱਤ ਹੋਵੇਗੀ।"

"ਨ੍ਹੀਂ ਅਜਿਹਾ ਕੁਛ ਨ੍ਹੀਂ ਹੋਣਾ। ਜੋ ਕੁਛ ਹੋਵੇਗਾ ਉਹ ਮੈਨੂੰ ਦਿਸ ਰਿਹਾ ਐ।"

"ਉਹ ਕੀ?" ਆਫੀਆ ਨੇ ਮੱਥੇ ਤਿਉੜੀ ਪਾਈ।

"ਹੁਣ ਅਮਰੀਕਾ, ਅਫਗਾਨਿਸਤਾਨ 'ਤੇ ਚੜ੍ਹਾਈ ਕਰੇਗਾ। ਕਿਉਂਕਿ ਇਹ ਨਾਈਨ ਅਲੈਵਨ ਦਾ ਕਾਰਾ ਕਰਵਾਉਣ ਵਾਲਾ ਉੱਥੇ ਪਨਾਹ ਲਈ ਬੈਠਾ ਐ। ਉੱਥੇ ਅਮਰੀਕਾ ਇਕੱਲਾ ਨ੍ਹੀਂ ਹੋਵੇਗਾ। ਸਾਰੀ ਦੁਨੀਆਂ ਉਸਦੇ ਨਾਲ ਹੋਵੇਗੀ। ਖਾਸ ਕਰਕੇ ਪਾਕਿਸਤਾਨ ਨੇ ਤਾਂ ਐਲਾਣ ਵੀ ਕਰ ਦਿੱਤਾ ਐ ਕਿ ਉਹ ਅਮਰੀਕਾ ਦਾ ਸਾਥ ਦੇਵੇਗਾ।"

"ਇਹੀ ਤਾਂ ਅਸੀਂ ਚਾਹੁੰਨੇ ਆਂ। ਇਸ ਤਰ੍ਹਾਂ ਇਹ ਆਖਰੀ ਲੜਾਈ ਹੋ ਨਿੱਬੜਗੀ। ਇਹੀ ਅੱਲਾ ਦੀ ਮਰਜ਼ੀ ਐ।"

"ਤੁਸੀਂ ਕਦੇ ਇਹ ਵੀ ਸੋਚਿਆ ਐ ਕਿ ਇਸ ਲੜਾਈ ਵਿੱਚ ਘਾਣ ਕਿਸਦਾ ਹੋਵੇਗਾ?"

"ਕਿਸਦਾ?"

"ਅਫਗਾਨਿਸਤਾਨ ਦੀ ਗਰੀਬ ਜਨਤਾ ਦਾ। ਜਿਹੜੀ ਪਿਛਲੇ ਤੀਹ ਸਾਲਾਂ ਤੋਂ ਲੜਾਈ 'ਚ ਘੁਣ ਦੀ ਤਰ੍ਹਾਂ ਪਿਸ ਰਹੀ ਐ। ਵੱਡੇ ਆਪਣੀਆਂ ਖੇਡਾਂ ਖੇਡ ਰਹੇ ਨੇ ਪਰ ਗਰੀਬਾਂ ਨੂੰ ਕੌਣ ਪੁੱਛਦਾ ਐ।"

"ਜਿਹਾਦ ਵਿੱਚ ਆਹੂਤੀ ਤਾਂ ਦੇਣੀ ਈ ਪੈਂਦੀ ਐ।"

ਆਫੀਆ ਜਦੋਂ ਨਈਮ ਖਾਂ ਦੀਆਂ ਗੱਲਾਂ ਦਾ ਜੁਆਬ ਦੇਣੋ ਨਾ ਹਟੀ ਤਾਂ ਜਾਹਿਰਾ ਖਾਂ ਨੇ ਪਤੀ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਕੁਝ ਦੇਰ ਲਈ ਉਹ ਚੁੱਪ ਵੀ ਹੋ ਗਿਆ। ਪਰ ਜਦੋਂ ਆਫੀਆ ਫੇਰ ਵੀ ਆਪਣੀਆਂ ਹੀ ਮਾਰੀ ਗਈ ਤਾਂ ਉਹ ਦੁਬਾਰਾ ਬੋਲਿਆ, "ਆਫੀਆ ਬੇਟੀ ਮੈਨੂੰ ਇਹ ਦੱਸ ਕਿ ਤੁਸੀਂ ਇਸ ਵੇਲੇ ਆਪਣੇ ਆਪ ਨੂੰ ਅਮਰੀਕਾ ਨਾਲੋਂ ਇੱਥੇ ਕਿਵੇਂ ਸੁਰੱਖਿਅਤ ਸਮਝਦੇ ਓਂ? ਅਮਰੀਕਾ ਤੁਹਾਡਾ ਮੁਲਕ ਐ। ਤੁਹਾਡਾ ਸਭ ਕੁਝ ਉੱਥੇ ਐ। ਨਾਲੇ ਇੱਥੇ ਤਾਂ ਆਪਣੇ ਗੁਆਂਢ ਹੁਣ ਲੜਾਈ ਚੱਲ ਪੈਣੀ ਐਂ।"

"ਤੁਸੀਂ ਇਸ ਗੱਲ ਨੂੰ ਛੱਡੋ। ਛੇਤੀ ਦੇਣੇ ਅਮਜਦ ਨੂੰ ਸੁਨੇਹਾ ਭੇਜੋ ਕਿ ਉਹ ਜਿੰਨੀ ਜਲਦੀ ਹੋ ਸਕਦਾ ਐ ਇੱਥੇ ਆ ਜਾਵੇ। ਉੱਥੇ ਉਸਦੀ ਜ਼ਿੰਦਗੀ ਨੂੰ ਖਤਰਾ ਐ।"

"ਕਿਸ ਤੋਂ ਖਤਰਾ ਐ ਉਸਦੀ ਜ਼ਿੰਦਗੀ ਨੂੰ?"

"ਅਮਰੀਕਣ ਸਰਕਾਰ ਤੋਂ।"

"ਉੱਥੇ ਤਾਂ ਲੱਖਾਂ ਮੁਸਲਮਾਨ ਰਹਿ ਰਹੇ ਨੇ। ਕੀ ਉਹ ਸਾਰੇ ਇਸ ਨਾਈਨ ਅਲੈਵਨ ਦੇ ਕਾਰੇ ਲਈ ਜ਼ਿੰਮੇਵਾਰ ਨੇ ? ਨ੍ਹੀਂ ਉਹ ਤਾਂ ਆਮ ਸ਼ਹਿਰੀ ਨੇ। ਨਾਲੇ ਮੈਂ ਦੱਸ ਦਿਆਂ ਕਿ ਇਨ੍ਹਾਂ ਅੱਤਵਾਦੀਆਂ ਦਾ ਕੋਈ ਧਰਮ ਨ੍ਹੀਂ ਹੁੰਦਾ।"

"ਤੁਸੀਂ ਕਿਸੇ ਨੂੰ ਅੱਤਵਾਦੀ ਨ੍ਹੀਂ ਕਹਿ ਸਕਦੇ।" ਆਫੀਆ ਭੜਕ ਉੱਠੀ। ਸਾਰੇ ਹੈਰਾਨ ਰਹਿ ਗਏ। ਆਖਰ ਸਾਰਿਆਂ ਨੇ ਨਤੀਜਾ ਕੱਢਿਆ ਕਿ ਇਸ ਵੇਲੇ ਸ਼ਾਇਦ ਸਦਮੇ ਕਾਰਨ ਇਸਦੀ ਦਿਮਾਗੀ ਹਾਲਤ ਸਹੀ ਨਹੀਂ ਹੈ। ਇਸ ਕਰਕੇ ਇਸਨੂੰ ਆਰਾਮ ਕਰਨ ਦਿੱਤਾ ਜਾਵੇ।

ਉੱਧਰ ਅਮਰੀਕਾ ਨੇ ਅਫਗਾਨਿਸਤਾਨ ਦੇ ਤਾਲੀਬਾਨ ਲੀਡਰ, ਇੱਕ ਅੱਖ ਵਾਲੇ ਮੁੱਲਾ ਉਮਰ ਨੂੰ ਵਾਰਨਿੰਗ ਦੇ ਦਿੱਤੀ ਕਿ ਉਹ ਕੋਈ ਇੱਕ ਰਸਤਾ ਚੁਣ ਲਵੇ। ਜਾਂ ਤਾਂ ਉਹ ਉਸਾਮਾ ਬਿਨ ਲਾਦਿਨ ਨੂੰ ਅਮਰੀਕਾ ਦੇ ਹਵਾਲੇ ਕਰ ਦੇਵੇ ਤਾਂ ਜਾਂ ਫਿਰ ਅਮਰੀਕੀ ਹਮਲੇ ਲਈ ਤਿਆਰ ਰਹੇ। ਮੁੱਲਾ ਉਮਰ ਨੇ ਕਿਸੇ ਦੀ ਕੋਈ ਗੱਲ ਨਾ ਮੰਨੀ। ਲੜ੍ਹਾਈ ਸ਼ੁਰੂ ਹੋਣ ਦੇ ਖਦਸ਼ੇ ਵਧ ਗਏ। ਆਖਰ 7 ਅਕਤੂਬਰ 2001 ਨੂੰ, ਅਮਰੀਕਾ ਨੇ ਪਹਿਲਾ ਬੰਬ ਅਫਗਾਨਿਸਤਾਨ ਉੱਪਰ ਸੁੱਟਦਿਆਂ ਲੜ੍ਹਾਈ ਦਾ ਬਿਗਲ ਵਜਾ ਦਿੱਤਾ। ਇਸ ਵਿਚਕਾਰ ਆਫੀਆ ਬਹੁਤ ਹੀ ਉਤਸ਼ਾਹਤ ਸੀ। ਕਦੇ ਉਹ ਕਿਸੇ ਕਮਰੇ 'ਚ ਜਾਂਦੀ ਸੀ ਤੇ ਕਦੇ ਕਿਸੇ ਵਿੱਚ। ਕਦੇ ਉਹ ਕੁਝ ਬੋਲਦੀ ਸੀ ਤੇ ਕਦੇ ਕੁਝ। ਘਰਵਾਲੇ ਉਸਦੀਆਂ ਹਰਕਤਾਂ ਤੋਂ ਬੜੇ ਅਵਾਚਾਰ ਹੋ ਗਏ ਸਨ। ਦੁਪਹਿਰ ਵੇਲੇ ਸਾਰੇ ਖਾਣੇ ਦੀ ਮੇਜ਼ 'ਤੇ ਬੈਠੇ ਤਾਂ ਅਮਜਦ ਦੇ ਵੱਡੇ ਭਰਾ ਨੇ ਗੱਲ ਛੇੜੀ, "ਆਫੀਆ ਅਜਿਹੀ ਕਿਹੜੀ ਗੱਲ ਐ ਜੋ ਤੂੰ ਇਉਂ ਅੱਪਸੈੱਟ ਐਂ। ਨਾਲੇ ਕਿਹੜੀ ਗੱਲ ਕਰਕੇ ਤੈਨੂੰ ਖੜ੍ਹੇ ਪੈਰ ਅਮਰੀਕਾ ਛੱਡਣ ਦਾ ਫੁਰਨਾ ਫੁਰਿਆ ?"

"ਕਿਉਂਕਿ ਉੱਥੇ ਦੇ ਅਮਰੀਕਣ ਲੋਕ, ਮੁਸਲਮਾਨਾਂ ਦੇ ਬੱਚੇ ਅਗਵਾ ਕਰਨ ਲੱਗ ਪਏ ਸਨ।"

"ਪਰ ਮੈਂ ਤਾਂ ਇਹ ਗੱਲ ਤੈਥੋਂ ਈ ਪਹਿਲੀ ਵਾਰ ਸੁਣ ਰਿਹਾ ਆਂ। ਮੇਰੇ ਹੋਰ ਵੀ ਕਈ ਦੋਸਤ ਉੱਥੇ ਨੇ ਉਨ੍ਹਾਂ 'ਚੋਂ ਤਾਂ ਕਿਸੇ ਨੇ ਨ੍ਹੀਂ ਬੱਚੇ ਅਗਵਾ ਕਰਨ ਵਾਲੀ ਗੱਲ ਦੱਸੀ।"

"ਤਾਂ ਕੀ ਫਿਰ ਮੈਂ ਝੂਠ ਬੋਲਦੀ ਆਂ ?" ਉਹ ਤਿੜਕੀ।

"ਪਰ ਆਫੀਆ ਤੇਰੇ ਆਪਣੇ ਭਰਾ ਅਤੇ ਭੈਣ ਦੇ ਬੱਚੇ ਵੀ ਤਾਂ ਉੱਥੇ ਈ ਨੇ। ਉਹ ਤਾਂ ਆਪਣੇ ਬੱਚਿਆਂ ਨੂੰ ਲੈ ਕੇ ਆਏ ਨਾ ?"

"ਤੁਸੀਂ ਸਭ ਮੈਨੂੰ ਬੇਵਕੂਫ ਸਮਝਦੇ ਓਂ ? ਤੁਹਾਡਾ ਮਤਲਬ ਇਸ ਸਭ ਲਈ ਮੈਂ ਈ ਜ਼ਿੰਮੇਵਾਰ ਆਂ ?" ਇੰਨਾ ਕਹਿੰਦਿਆਂ ਉਹ ਉੱਠੀ ਤੇ ਉੱਚੀ ਉੱਚੀ ਬੋਲਦੀ ਪੌੜੀਆਂ ਚੜ੍ਹ ਗਈ। ਘਰ ਵਾਲੇ ਉਸਦਾ ਵਰਤਾਅ ਵੇਖ ਕੇ ਹੈਰਾਨ ਰਹਿ ਗਏ। ਨਾਲ ਹੀ ਉਨ੍ਹਾਂ ਨੂੰ ਹੋਰ ਕਈ ਗੱਲਾਂ ਵੀ ਪਰੇਸ਼ਾਨ ਕਰ ਰਹੀਆਂ ਸਨ। ਵੱਡੀ ਗੱਲ ਸੀ ਕਿ ਆਫੀਆ ਘਰ ਅੰਦਰ ਵੀ ਸਿਰ ਤੋਂ ਪੈਰਾਂ ਤੱਕ ਬੁਰਕੇ 'ਚ ਲਿਪਟੀ ਹੋਈ ਸੀ। ਉਸਦੀਆਂ ਸਿਰਫ ਅੱਖਾਂ ਦਿਸਦੀਆਂ ਸਨ। ਜਦੋਂ ਕਿ ਖਾਨ ਪਰਿਵਾਰ 'ਚ ਬੁਰਕੇ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਸੀ। ਉਂਝ ਵੀ ਉਹ ਸੋਚਦੇ ਸਨ ਕਿ ਇੰਨੇ ਸਾਲ ਅਮਰੀਕਾ ਵਰਗੇ ਮਾਡਰਨ ਮੁਲਕ ਵਿੱਚ ਰਹਿ ਕੇ ਵੀ ਉਹ ਉਹੀ ਦਕੀਆਨੂਸੀ ਅੰਦਾਜ਼ 'ਚ ਜਿਉਂ ਰਹੀ ਹੈ। ਖੈਰ ਜਦੋਂ ਉਹ ਬੁੜਬੜਾਉਂਦੀ ਪੌੜੀਆਂ ਚੜ੍ਹ ਗਈ ਤਾਂ ਉਸਦੀ ਸੱਸ ਉਸਦੇ ਮਗਰੇ ਗਈ। ਵਾਹਵਾ ਦੇਰ ਪਿੱਛੋਂ ਉਹ ਉਸਨੂੰ ਕਿਸੇ ਤਰ੍ਹਾਂ ਮਨਾ ਕੇ ਵਾਪਸ ਖਾਣ ਦੇ ਮੇਜ਼ 'ਤੇ ਲੈ ਆਈ। ਉਹ ਆ ਤਾਂ ਗਈ ਪਰ ਉਸਨੇ ਬੁਰਕਾ ਪਾਸੇ ਨਾ ਕੀਤਾ। ਇਸ 'ਤੇ ਜਾਹਿਰਾ ਖਾਂ ਬੋਲੀ, "ਆਫੀਆ ਬੇਟੀ ਹੁਣ ਤੂੰ ਪਰਦਾ ਹਟਾ ਸਕਦੀ ਐਂ ਇੱਥੇ ਸਭ ਘਰ ਦੇ ਈ ਨੇ।"

"ਇੱਥੇ ਬੈਠੇ ਸਭ ਲੋਕ ਸ਼ੈਤਾਨ ਨੇ। ਕਿਸੇ ਨੂੰ ਇਸਲਾਮ ਦੀ ਪ੍ਰਵਾਹ ਨ੍ਹੀਂ ਐ।" ਇੰਨਾ ਕਹਿੰਦਿਆਂ ਉਹ ਫਿਰ ਭਾਸ਼ਣ ਦੇਣ ਲੱਗ ਪਈ। ਇਸ ਵਿੱਚ ਉਹ ਅਮਜਦ ਦੇ ਘਰਵਾਲਿਆਂ ਦੀ ਬੇਇਜ਼ਤੀ ਕਰੀ ਜਾ ਰਹੀ ਸੀ ਕਿ ਉਹ ਲੋਕ ਧਰਮ ਬਾਰੇ ਕੁਝ ਨਹੀਂ ਜਾਣਦੇ। ਆਖਰ ਨਈਮ ਖਾਂ ਖਾਣੇ ਦੇ ਮੇਜ਼ ਤੋਂ ਉੱਠ ਗਿਆ। ਉਹ ਆਪਣੀ ਨੂੰਹ ਦੇ ਨਾਲ ਕੋਈ ਵਾਰਤਲਾਪ ਵੀ ਨਹੀਂ ਕਰ ਸਕਦਾ ਸੀ ਤੇ ਚੁੱਪ ਕਰਕੇ

ਉਸਦੀਆਂ ਬੇਹੂਦੀਆਂ ਗੱਲਾਂ ਵੀ ਨਹੀਂ ਸੁਣ ਸਕਦਾ ਸੀ। ਉਹ ਉੱਠ ਕੇ ਬਾਹਰ ਚਲਾ ਗਿਆ। ਉਸੇ ਰਾਤ ਉਸਨੇ ਅਮਜਦ ਨੂੰ ਫੋਨ ਕਰਕੇ ਕਿਹਾ ਕਿ ਉਹ ਛੇਤੀ ਵਾਪਸ ਆ ਕੇ ਆਪਣੀ ਬੇਗਮ ਨੂੰ ਸੰਭਾਲੇ, ਕਿਉਂਕਿ ਉਸ ਨੇ ਸਾਰੇ ਪਰਿਵਾਰ ਦਾ ਜਿਉਣਾ ਦੁੱਬਰ ਕੀਤਾ ਪਿਆ ਹੈ। ਉੱਧਰ ਆਫੀਆ ਵੀ ਅਮਜਦ ਨੂੰ ਫੋਨ ਕਰਕੇ ਕਿਹਾ, "ਅਮਜਦ ਹੁਣ ਤੂੰ ਆ ਕੇ ਫੈਸਲਾ ਕਰ ਲੈ ਕਿ ਤੂੰ ਸ਼ੈਤਾਨਾਂ ਨਾਲ ਰਹਿਣਾ ਐ ਜਾਂ ਫਿਰ ਮੇਰੇ ਨਾਲ ?"

"ਆਫੀਆ ਮੇਰੇ ਇਮਤਿਹਾਨ ਵਿੱਚ ਇਸ ਵੇਲੇ ਸਿਰਫ ਪੰਜ ਮਹੀਨੇ ਰਹਿੰਦੇ ਨੇ। ਜੇਕਰ ਮੈਂ ਹੁਣ ਆ ਜਾਂਦਾ ਹਾਂ ਤਾਂ ਹੁਣ ਤੱਕ ਦਾ ਕੀਤਾ ਕਰਾਇਆ ਸਾਰਾ ਖੂਹ ਵਿੱਚ ਪੈ ਜਾਵੇਗਾ। ਤੂੰ ਮੈਨੂੰ ਆਪਣੀ ਪੜ੍ਹਾਈ ਪੂਰੀ ਕਰ ਲੈਣ ਦੇ। ਉਦੋਂ ਤੱਕ ਤੂੰ ਕਿਵੇਂ ਨਾ ਕਿਵੇਂ ਅਡਜਸਟ ਕਰ।"

ਅਮਜਦ ਸੰਨ ਵਿਚਕਾਰ ਫਸ ਗਿਆ। ਉਸਦੇ ਘਰ ਦੇ ਉਸਨੂੰ ਆਉਣ ਨੂੰ ਕਹਿ ਰਹੇ ਸਨ। ਉੱਧਰ ਆਫੀਆ ਵੀ ਦਿਨ ਰਾਤ ਉਸ ਨੂੰ ਆਉਣ ਲਈ ਫੋਨ 'ਤੇ ਫੋਨ ਕਰੀ ਜਾ ਰਹੀ ਸੀ। ਆਖਰ ਅੱਕ ਕੇ ਉਸਨੇ ਯੂਨੀਵਰਸਿਟੀ ਤੋਂ ਇਜਾਜ਼ਤ ਲਈ ਅਤੇ ਪਾਕਿਸਤਾਨ ਲਈ ਚੱਲ ਪਿਆ। ਜਦੋਂ ਅਮਜਦ ਘਰ ਪਹੁੰਚਿਆ ਤਾਂ ਬਾਕੀ ਪਰਿਵਾਰ ਉਸਦੇ ਆਉਣ 'ਤੇ ਖੁਸ਼ ਤਾਂ ਹੋਇਆ ਪਰ ਉਨ੍ਹਾਂ ਨੂੰ ਅਫਸੋਸ ਵੀ ਸੀ ਕਿ ਉਸਦੀ ਪੜ੍ਹਾਈ ਦਾ ਨੁਕਸਾਨ ਹੋ ਗਿਆ। ਪਰ ਆਫੀਆ ਇੰਨੀ ਖੁਸ਼ ਸੀ ਕਿ ਉਸਦੀ ਧਰਤੀ 'ਤੇ ਅੱਡੀ ਨਹੀਂ ਲੱਗ ਰਹੀ ਸੀ। ਉਸੇ ਰਾਤ ਉਹ ਅਮਜਦ ਦੇ ਕੋਲ ਬਹਿੰਦੀ ਹੋਈ ਬੋਲੀ, "ਅਮਜਦ ਤੂੰ ਬੜੇ ਸਹੀ ਮੌਕੇ 'ਤੇ ਆਇਆ ਐਂ।"

"ਕੀ ਮਤਲਬ ?"

"ਮਤਲਬ ਇਹ ਕਿ ਇਸ ਵੇਲੇ ਸੁਲੇਮਾਨ ਐਹਮਰ ਵੀ ਇੱਥੇ ਈ ਐ।"

"ਕੌਣ ਸੁਲੇਮਾਨ ?" ਅਮਜਦ ਉਸਦੀ ਗੱਲ ਸੁਣ ਕੇ ਹੈਰਾਨ ਹੋਇਆ।

"ਤੂੰ ਸ਼ਾਇਦ ਉਸਨੂੰ ਮਿਲਿਆ ਤਾਂ ਹੋਵੇਂਗਾ ਪਰ ਉਸਨੂੰ ਨਿੱਜੀ ਤੌਰ 'ਤੇ ਨ੍ਹੀਂ ਜਾਣਦਾ ਹੋਵੇਂਗਾ।"

"ਪਰ ਅਜਿਹੀ ਕੀ ਗੱਲ ਐ ਕਿ ਮੈਂ ਅਜੇ ਘਰੇ ਆ ਕੇ ਪੈਰ ਈ ਧਰਿਐ ਤੇ ਤੂੰ ਕੁਝ ਜ਼ਿਆਦਾ ਈ ਉਤਸ਼ਾਹਤ ਹੋਈ ਫਿਰਦੀ ਐਂ ?"

"ਕਿਉਂਕਿ ਗੱਲ ਈ ਅਜਿਹੀ ਐ। ਜਿਸ ਸਮੇਂ ਦਾ ਮੈਨੂੰ ਚਿਰਾਂ ਤੋਂ ਇੰਤਜ਼ਾਰ ਸੀ ਉਹ ਵਕਤ ਆ ਪਹੁੰਚਿਆ ਐ।"

ਅਮਜਦ ਬਿਨਾਂ ਕੁਝ ਕਿਹਾਂ ਉਸ ਵੱਲ ਵੇਖਦਾ ਰਿਹਾ ਤਾਂ ਉਹ ਅੱਗੇ ਬੋਲੀ, "ਸੁਲੇਮਾਨ ਐਹਮਰ ਬੇਨੇਵੋਲੈਂਸ ਇੰਟਰਨੈਸ਼ਨਲ ਜਥੇਬੰਦੀ ਦਾ ਚਿਕਾਗੋ ਦਾ ਡਾਇਰੈਕਟਰ ਸੀ। ਹੁਣ ਉਹ ਪੱਕੇ ਤੌਰ 'ਤੇ ਅਮਰੀਕਾ ਛੱਡ ਆਇਆ ਐ। ਇੱਥੇ ਉਸਨੇ ਆਪਣੀ ਇੱਕ ਹੋਰ ਚੈਰਿਟੀ ਸ਼ੁਰੂ ਕਰ ਲਈ ਐ। ਜਿਸ ਰਾਹੀਂ ਉਹ ਫੰਡ ਇਕੱਠਾ ਕਰਕੇ ਅਫਗਾਨਿਸਤਾਨ ਵਿੱਚ ਲੜ੍ਹ ਰਹੇ ਤਾਲੀਬਾਨਾਂ ਦੀ ਮੱਦਦ ਕਰਦਾ ਐ। ਇਸ ਤੋਂ ਬਿਨਾਂ ਉਹ ਨਵੇਂ ਜਿਹਾਦੀਆਂ ਦੀ ਭਰਤੀ ਕਰਕੇ ਵੀ ਅਫਗਾਨਿਸਤਾਨ ਭੇਜੀ ਜਾ ਰਿਹਾ ਐ।"

"ਫਿਰ ਮੈਂ ਕੀ ਕਰਾਂ ?" ਅਮਜਦ ਨੇ ਤਿਉੜੀ ਚੜ੍ਹਾਈ।

"ਮੈਂ ਉਸ ਨਾਲ ਤੇਰੇ ਬਾਰੇ ਗੱਲ ਕਰ ਲਈ ਐ।"

"ਮੇਰੇ ਬਾਰੇ ? ਕਿਸ ਕੰਮ ਦੇ ਸਿਲਸਲੇ ਵਿੱਚ ?"

"ਪਹਿਲਾਂ ਮੇਰੀ ਪੂਰੀ ਗੱਲ ਸੁਣ ਲੈ, ਫਿਰ ਬੋਲੀਂ।"

ਅਮਜਦ ਕੁਝ ਨਾ ਬੋਲਿਆ। ਉਹ ਚੁੱਪ ਚਾਪ ਆਫੀਆ ਦੇ ਮੂੰਹ ਵੱਲ ਵੇਖਦਾ ਰਿਹਾ ਤਾਂ ਆਫੀਆ ਫਿਰ ਤੋਂ ਬੋਲਣ ਲੱਗੀ, "ਮੈਂ ਸਾਰੀ ਗੱਲਬਾਤ ਪੱਕੀ ਕਰ ਲਈ ਐ। ਸੁਲੇਮਾਨ ਐਹਮਰ ਤੈਨੂੰ ਆਪਣੇ ਗਰੁੱਪ 'ਚ ਲੈਣਾ ਮੰਨ ਗਿਆ ਐ। ਤੂੰ ਇੱਥੋਂ ਚੱਲ ਕੇ ਬਾਰਡਰ 'ਤੇ ਪੈਂਦੇ ਬਲੋਚਿਸਤਾਨ ਦੇ ਸ਼ਹਿਰ ਕੁਏਟਾ ਜਾਵੇਂਗਾ। ਉੱਥੋਂ ਸੁਲੇਮਾਨ ਦੇ ਬੰਦੇ ਤੈਨੂੰ ਬਾਰਡਰ ਪਾਰ ਕਰਾਕੇ ਅਫਗਾਨਿਸਤਾਨ ਦੇ ਸ਼ਹਿਰ ਕਲਟ ਪਹੁੰਚਾਉਣਗੇ। ਉੱਥੇ ਦੇ ਲੋਕਲ ਹਸਪਤਾਲ 'ਚ ਸੁਲੇਮਾਨ ਨੇ ਤੇਰੇ ਲਈ ਕੰਮ ਦਾ ਇੰਤਜ਼ਾਮ ਕਰ ਦਿੱਤਾ ਹੋਇਆ ਐ।"

"ਆਫੀਆ ਤੇਰਾ ਦਿਮਾਗ ਤਾਂ ਨ੍ਹੀਂ ਖਰਾਬ ਹੋ ਗਿਆ ?"

"ਕਿਉਂ ?"

"ਤੂੰ ਮੈਨੂੰ ਇਹ ਦੱਸ ਕਿ ਮੈਂ ਕਿਉਂ ਕੁਏਟਾ ਜਾਵਾਂ। ਕਿਉਂ ਮੈਂ ਬਾਡਰ ਲੰਘ ਕੇ ਅਫਗਾਨਿਸਤਾਨ ਜਾਵਾਂ। ਤੇ ਰਹੀ ਗੱਲ ਹਸਪਤਾਲ ਵਿੱਚ ਕੰਮ ਕਰਨ ਦੀ। ਤੈਨੂੰ ਮੈਂ ਕਦੋਂ ਕਿਹਾ ਐ ਕਿ ਮੈਨੂੰ ਨੌਕਰੀ ਦੀ ਜ਼ਰੂਰਤ ਐ ?"

"ਇਹ ਕੰਮ ਤੂੰ ਆਪਣੀ ਨੌਕਰੀ ਦੀ ਜ਼ਰੂਰਤ ਪੂਰੀ ਕਰਨ ਲਈ ਨ੍ਹੀਂ ਕਰ ਰਿਹਾ।"

"ਹੋਰ ਫਿਰ ਇਹ ਸਭ ਕੀ ਐ ?"

"ਉਹ ਹਸਪਤਾਲ ਜਿਹਾਦੀਆਂ ਲਈ ਖੋਲ੍ਹਿਆ ਗਿਆ ਐ। ਉੱਥੇ ਜਾ ਕੇ ਤੂੰ ਜਿਹਾਦ ਦੀ ਖਿਦਮਤ ਕਰੇਂਗਾ। ਜਦੋਂ ਤੂੰ ਉੱਥੇ ਪਹੁੰਚ ਗਿਆ ਤਾਂ ਮੈਂ ਵੀ ਤੇਰੇ ਮਗਰੇ ਈ ਆ ਜਾਵਾਂਗੀ। ਉਸ ਪਿੱਛੋਂ ਆਪਾਂ ਪੂਰੇ ਜੋਸ਼ੋ ਖਰੋਸ਼ ਨਾਲ ਜਿਹਾਦ ਲਈ ਕੰਮ ਕਰਾਂਗੇ।"

"ਪਰ ਮੈਂ ਇਸ ਰਾਹ ਦਾ ਰਾਹੀ ਈ ਨ੍ਹੀਂ ਆਂ। ਤੈਨੂੰ ਮੈਂ ਪਹਿਲਾਂ ਵੀ ਮੈਂ ਕਈ ਵਾਰੀ ਦੱਸਿਆ ਐ ਕਿ ਮੈਂ ਇੱਕ ਚੰਗਾ ਮੁਸਲਮਾਨ ਬਣਨ ਦੀ ਕੋਸ਼ਿਸ਼ ਕਰ ਰਿਹਾ ਆਂ। ਮੈਂ ਇਹ ਡਿਗਰੀਆਂ ਲੈਣ ਤੇ ਪੜ੍ਹਾਈਆਂ ਕਰਨ ਅਮਰੀਕਾ ਵਰਗੇ ਦੇਸ਼ ਵਿੱਚ ਇਸ ਕਰਕੇ ਨ੍ਹੀਂ ਗਿਆ ਕਿ ਤਾਲੀਮ ਹਾਸਲ ਕਰਨ ਪਿੱਛੋਂ ਜਿਹਾਦ ਵਰਗੇ ਕੰਮਾਂ ਵਿੱਚ ਸ਼ਾਮਲ ਹੋ ਜਾਵਾਂ।"

"ਅਮਜਦ ਇਹ ਕੰਮ ਤਾਂ ਤੈਨੂੰ ਕਰਨਾ ਪਊਗਾ।"

"ਕਿਉਂ ? ਮੇਰਾ ਮਤਲਬ ਕਿਉਂ ਕਰਨਾ ਪਊਗਾ ਇਹ ਕੰਮ ਮੈਨੂੰ।"

"ਕਿਉਂਕਿ ਤੈਨੂੰ ਮੈਂ ਕਹਿ ਰਹੀ ਆਂ। ਤੈਨੂੰ ਆਪਣੀ ਬੇਗਮ ਦੀ ਗੱਲ ਮੰਨਣੀ ਪਊਗੀ। ਇਹੀ ਮਜ਼ਬ ਸਿਖਾਉਂਦਾ ਐ।"

"ਆਫੀਆ ਮੇਰੀ ਗੱਲ ਸੁਣ। ਹੋ ਸਕਦਾ ਐ ਕਿ ਮੈਂ ਤੇਰੀਆਂ ਕਾਫੀ ਗੱਲਾਂ ਨਾਲ ਸਹਿਮਤ ਹੋਵਾਂ। ਪਰ ਸਹਿਮਤ ਜਾਂ ਅਸਹਿਮਤ ਹੋਣਾ ਹੋਰ ਗੱਲ ਐ, ਕਿਸੇ ਦੇ ਖਿਲਾਫ ਲੜਨਾ ਹੋਰ। ਹੁਣ ਤੂੰ ਹੀ ਦੱਸ ਕਿ ਅਮਰੀਕਾ, ਜਿਸਨੇ ਮੈਨੂੰ ਮੈਡੀਕਲ ਖੇਤਰ 'ਚ ਇੰਨਾ ਅੱਗੇ ਵਧਣ ਦਾ ਮੌਕਾ ਦਿੱਤਾ, ਜਿਸਨੇ ਮੈਨੂੰ ਇੰਨਾ ਵੱਡਾ ਗਿਆਨ ਦਾ ਭੰਡਾਰ ਦਿੱਤਾ ਐ, ਤੂੰ ਚਾਹੁੰਨੀ ਐਂ ਕਿ ਮੈਂ ਉਸੇ ਦੇਸ਼ ਦੇ ਖਿਲਾਫ ਸਿਰਫ ਇਸੇ ਕਰਕੇ ਬੰਦੂਕ ਚੁੱਕ ਲਵਾਂ ਕਿ ਮੇਰੀ ਘਰਵਾਲੀ ਨੂੰ ਇਹ ਚੰਗਾ ਲੱਗਦਾ ਐ। ਮੇਰਾ ਦਿਲ ਤਾਂ ਇਹ ਕਹਿੰਦਾ ਐ ਕਿ ਜਿਸ ਕਾਬਲ ਮੈਨੂੰ, ਅਮਰੀਕਾ ਨੇ ਬਣਾਇਆ ਐ ਉਹ ਕਾਬਲੀਅਤ ਮੈਨੂੰ ਲੋਕਾਂ ਵਿੱਚ ਵੰਡਣੀ ਚਾਹੀਦੀ ਐ। ਡਾਕਟਰ ਹੋਣ ਦੇ ਨਾਤੇ ਮੈਨੂੰ ਲੋੜਵੰਦਾਂ ਦੀ ਮੱਦਦ ਕਰਨੀ ਚਾਹੀਦੀ ਐ।"

“ਤੂੰ ਅਮਰੀਕਾ ਦੀਆਂ ਸਿਫਤਾਂ ਤਾਂ ਕਰ ਦਿੱਤੀਆਂ ਪਰ ਤੂੰ ਇਹ ਭੁੱਲ ਗਿਆ ਕਿ ਅੱਜ ਅਮਰੀਕਾ ਦੁਨੀਆਂ ਵਿੱਚ ਮੁਸਲਮਾਨਾਂ ’ਤੇ ਕਿੰਨੇ ਅੱਤਿਆਚਾਰ ਕਰ ਰਿਹਾ ਐ। ਇਸਲਾਮ ਦੀ ਜਿੰਨੀ ਬਰਬਾਦੀ ਅੱਜ ਅਮਰੀਕਾ ਕਰ ਰਿਹਾ ਐ ਉਨੀਂ ਅੱਜ ਤੱਕ ਕਿਸੇ ਨੇ ਨ੍ਹੀਂ ਕੀਤੀ ਹੋਣੀ।”

“ਆਫੀਆ ਇਹ ਰਾਜਨੀਤਕ ਗੱਲਾਂ ਨੇ। ਤੈਨੂੰ ਪਤਾ ਐ ਕਿ ਰਾਜਨੀਤੀ ’ਚ ਵਾਧੇ ਘਾਟੇ ਹੁੰਦੇ ਈ ਰਹਿੰਦੇ ਨੇ। ਜੋ ਤਕੜਾ ਹੁੰਦਾ ਐ ਉਹ ਜ਼ਰਾ ਜ਼ਿਆਦਾ ਕਰ ਜਾਂਦਾ ਐ ਤੇ ਮਾੜਾ ਘੱਟ। ਕਸੂਰ ਤਾਂ ਹਰ ਇੱਕ ਦਾ ਈ ਹੁੰਦਾ ਐ।”

“ਤੂੰ ਵੱਡਾ ਫਿਲਾਸਫਰ ਬਣਦਾ ਐਂ ਤਾਂ ਮੈਨੂੰ ਇਹ ਗੱਲ ਸਮਝਾ ਕਿ ਫਸਲਤੀਨੀਆਂ ਦਾ ਕੀ ਕਸੂਰ ਐ, ਜੋ ਇਨ੍ਹਾਂ ਨੂੰ ਅੱਜ ਥਾਂ ਥਾਂ ਮਾਰਿਆ ਜਾ ਰਿਹਾ ਐ।”

“ਆਫੀਆ, ਤੂੰ ਮੈਨੂੰ ਪਹਿਲਾਂ ਇਹ ਦੱਸ ਕਿ ਜਿਹੜੇ ਟਵਿਨ ਟਾਵਰਾਂ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਉਨ੍ਹਾਂ ਦਾ ਕੀ ਕਸੂਰ ਸੀ?” ਗੁੱਸੇ ’ਚ ਆਏ ਅਮਜਦ ਨੇ ਵੀ ਅੱਗੋਂ ਉਸਨੂੰ ਸੁਆਲ ਕਰ ਦਿੱਤਾ।

“ਉਨ੍ਹਾਂ ਵਿੱਚ ਜ਼ਿਆਦਾ ਅਮਰੀਕੀ ਈ ਮਰੇ ਨੇ ਜੋ ਕਿ ਜਹੂਦੀਆਂ ਦੇ ਚਮਚੇ ਬਣਦੇ ਨੇ। ਥਾਂ ਥਾਂ ਜਹੂਦੀਆਂ ਦਾ ਪੱਖ ਪੂਰਦੇ ਨੇ। ਮੈਂ ਕਹਿਨੀ ਆਂ ਕਿ ਜਹੂਦੀ ਉਹ ਕੌਮ ਐ ਜਿਸ ’ਤੇ ਕਦੇ ਵੀ ਇਤਬਾਰ ਨ੍ਹੀਂ ਕਰਨਾ ਚਾਹੀਦਾ। ਜੋ ਵੀ ਇਨ੍ਹਾਂ ਦਾ ਭਲਾ ਕਰਦਾ ਐ ਇਹ ਉਸੇ ਦੀ ਪਿੱਠ ’ਚ ਛੁਰਾ ਮਾਰਦੇ ਨੇ। ਸੰਸਾਰ ਨੂੰ ਇਨ੍ਹਾਂ ਤੋਂ ਛੁਟਕਾਰਾ ਦਿਵਾਉਣਾ ਬਹੁਤ ਜ਼ਰੂਰੀ ਐ।”

“ਆਫੀਆ ਇੱਕ ਗੱਲ ਧਿਆਨ ਨਾਲ ਸੁਣ ਲੈ ਕਿ ਮਰਨ ਵਾਲੇ ਦਾ ਕੋਈ ਧਰਮ ਨ੍ਹੀਂ ਹੁੰਦਾ। ਉਹ ਸਿਰਫ ਅਤੇ ਸਿਰਫ ਇਨਸਾਨ ਹੁੰਦਾ ਐ।?”

“ਮੈਂ ਇਸ ਤਰ੍ਹਾਂ ਨ੍ਹੀਂ ਸੋਚਦੀ। ਮੈਨੂੰ ਫਲਸਤੀਨੀ ਮਰਦੇ ਦਿਸਦੇ ਨੇ ਤਾਂ ਲੱਗਦਾ ਐ ਕਿ ਇਹ ਮੁਸਲਮਾਨ ਮਰ ਰਹੇ ਨੇ। ਹੋਰ ਕਿਸੇ ਦਾ ਮੈਨੂੰ ਪਤਾ ਨ੍ਹੀਂ ਐ।”

“ਤੈਨੂੰ ਫਸਤੀਨੀਆਂ ਦੇ ਮਰਨ ਨਾਲ ਅਫਸੋਸ ਹੁੰਦਾ ਐ। ਪਰ ਜਦੋਂ ਉਹ ਨਿਰਦੋਸ਼ਾਂ ਨੂੰ ਮਾਰਦੇ ਨੇ ਤਾਂ ਤੂੰ ਬੋਲਦੀ ਤੱਕ ਨ੍ਹੀਂ।”

“ਕਿਉਂਕਿ ਉਹ ਆਪਣੀ ਹੋਂਦ ਲਈ ਲੜ੍ਹ ਰਹੇ ਨੇ। ਪਹਿਲ ਤਾਂ ਜਹੂਦੀਆਂ ਨੇ ਕੀਤੀ ਸੀ।”

“ਟੈਰੋਰਿਜ਼ਮ, ਸਭ ਤੋਂ ਪਹਿਲਾਂ ਤੇਰੇ ਇਨ੍ਹਾਂ ਫਲਸਤੀਨੀਆਂ ਨੇ ਈ ਸ਼ੁਰੂ ਕੀਤਾ ਸੀ।”

“ਕਦੋਂ? ਕੀ ਕਹਿ ਰਿਹਾ ਐਂ ਤੂੰ?”

“ਇਹ ਤਾਂ ਕਿਵੇ ਹੋ ਸਕਦਾ ਐ ਕਿ ਤੂੰ ਇਸ ਬਾਰੇ ਜਾਣਦੀ ਨਾ ਹੋਵੇ। ਪਰ ਫਿਰ ਵੀ ਜਿੰਨਾ ਕੁ ਮੈਨੂੰ ਪਤਾ ਐ ਦੱਸ ਦਿੰਨਾ ਆਂ। ਇਹ 1972 ਦੀਆਂ ਸਮਰ ਉਲੰਪਿਕ ਖੇਡਾਂ ਵੇਲੇ ਵਾਪਰਿਆ ਸੀ। ਦੁਨੀਆਂ ਭਰ ਦੇ ਖਿਡਾਰੀ ਉਲੰਪਿਕ ਪਿੰਡ ਵਿੱਚ ਠਹਿਰੇ ਹੋਏ ਸਨ। ਉਦੋਂ ਸਰਿਉਰਟੀ ਵੀ ਇੰਨੀ ਨ੍ਹੀਂ ਹੁੰਦੀ ਸੀ ਕਿਉਂਕਿ ਉਦੋਂ ਅੱਤਵਾਦ ਦੀਆਂ ਘਟਨਾਵਾਂ ਵਾਪਰਦੀਆਂ ਈ ਨ੍ਹੀਂ ਸਨ। ਪਰ ਫਤਲਤੀਨੀ ਜਿਹਾਦੀਆਂ ਨੇ ਇਸੇ ਗੱਲ ਦਾ ਫਾਇਦਾ ਉਠਾਇਆ ਤੇ ਮੌਕਾ ਪਾ ਕੇ ਉਲੰਪਿਕ ਪਿੰਡ ਵਿੱਚ ਦਾਖਲ ਹੋ ਗਏ। ਸਵੇਰੇ ਚਾਰ ਕੁ ਵਜੇ ਦਾ ਵਕਤ ਸੀ ਤੇ ਸਭ ਸੁੱਤੇ ਪਏ ਸਨ। ਫਸਲਤੀਨੀਆਂ ਨੇ ਇਜ਼ਰਾਇਲ ਦੀ ਟੀਮ ਦੀ ਨਿਸ਼ਾਨਦੇਹੀ ਪਹਿਲਾਂ ਈ ਕੀਤੀ ਹੋਈ ਸੀ। ਉਹ ਪੈਂਦੀ ਸੱਟੇ ਉਨ੍ਹਾਂ ਕਮਰਿਆ ’ਚ ਜਾ ਪਹੁੰਚੇ ਜਿੱਥੇ ਕਿ ਇਜ਼ਰਾਇਲ ਦੀ ਟੀਮ ਠਹਿਰੀ ਹੋਈ ਸੀ। ਇੱਕ ਦਮ ਹਮਲਾ ਕਰਕੇ ਉਨ੍ਹਾਂ ਨੇ ਇਜ਼ਰੈਲੀਆਂ ਨੂੰ ਬੰਦੀ ਬਣਾ ਲਿਆ। ਇਨ੍ਹਾਂ ਬੰਦੀ ਬਣਾਏ ਲੋਕਾਂ ’ਚ ਅਥਲੀਟ, ਕੋਚ ਅਤੇ ਹੋਰ ਮੈਂਬਰ ਸ਼ਾਮਲ ਸਨ। ਉੱਥੋਂ ਉਨ੍ਹਾਂ ਨੂੰ

ਬੰਦੀ ਬਣਾ ਕੇ ਕਿਸੇ ਹੋਰ ਬਿਲਡਿੰਗ 'ਚ ਲੈ ਗਏ। ਖੈਰ ਉਸ ਪਿੱਛੋਂ ਮਾਰਾ ਮਰਾਈ ਹੋਈ। ਦੋਨਾਂ ਧਿਰਾਂ ਦੇ ਬੰਦੇ ਮਾਰੇ ਗਏ। ਪਰ ਮੇਰਾ ਇਹ ਗੱਲ ਦੱਸਣ ਦਾ ਮਲਤਬ ਸਿਰਫ ਇੰਨਾ ਈ ਐ ਕਿ ਫਸਲਤੀਨੀਆਂ ਨੇ ਕਿਵੇਂ ਅੱਤਵਾਦੀ ਕਾਰਵਾਈਆਂ ਬਗੈਰਾ ਸ਼ੁਰੂ ਕੀਤੀਆਂ ਸਨ।"

"ਕੋਈ ਗਲ ਤਾਂ ਹੋਊਗੀ ਜੋ ਫਲਸਤੀਨੀਆਂ ਨੂੰ ਇਹ ਕਦਮ ਚੁੱਕਣਾ ਪਿਆ।"

"ਉਹ ਇਜ਼ਰਾਇਲ ਦੀਆਂ ਜੇਲ੍ਹ 'ਚ ਬੰਦ ਆਪਣੇ ਸਜ਼ਾ ਜਾਫਤਾ ਕੈਦੀਆਂ ਨੂੰ ਛੁਡਵਾਉਣਾ ਚਾਹੁੰਦੇ ਸਨ।"

"ਆਪਣੇ ਹੱਕ ਲੈਣ ਲਈ ਸਭ ਕੁਝ ਕਰਨਾ ਜਾਇਜ਼ ਐ।"

"ਇਜ਼ਰਾਇਲ ਵੀ ਤਾਂ ਆਪਣੀ ਹੋਂਦ ਕਾਇਮ ਰੱਖਣ ਲਈ ਈ ਲੜ ਰਿਹਾ ਐ। ਇਸ ਤਰ੍ਹਾਂ ਵੇਖੀਏ ਤਾਂ ਹਰ ਇੱਕ ਦਾ ਆਪਣਾ ਨਜ਼ਰੀਆ ਐ।"

"ਤੂੰ ਕਦੋਂ ਕੁ ਦਾ ਇਜ਼ਰਾਇਲ ਭਗਤ ਬਣ ਗਿਆ ?" ਆਫੀਆ ਨੇ ਗੁੱਸੇ 'ਚ ਤਿਉੜੀਆਂ ਚੜ੍ਹਾਈਆਂ।

"ਮੈਂ ਇਸ ਮਾਰਾ ਮਰਾਈ ਦੇ ਹੱਕ 'ਚ ਨ੍ਹੀਂ ਆਂ। ਕੁਝ ਨਾ ਕੁਝ ਲੈਣ ਦੇਣ ਕਰਕੇ ਇਹ ਮਸਲਾ ਸੁਲਝਾਇਆ ਜਾ ਸਕਦਾ ਐ। ਜਹੂਦੀਆਂ ਦਾ ਵੀ ਤਾਂ ਬਥੇਰਾ ਨੁਕਸਾਨ ਹੋਇਆ ਐ। ਦੂਜੀ ਵੱਡੀ ਜੰਗ ਵੇਲੇ, ਹਿਟਲਰ ਨੇ ਸੱਠ ਲੱਖ ਜਹੂਦੀ ਮਾਰ ਮੁਕਾਏ ਸਨ।"

"ਇਹ ਸਭ ਝੂਠ ਐ। ਮੇਰੇ ਖਿਆਲ 'ਚ ਕੋਈ ਹਾਲੋਕਾਸਟ ਹੋਇਆ ਈ ਨ੍ਹੀਂ। ਜਹੂਦੀਆਂ ਨੇ ਸੰਸਾਰ ਦੀ ਹਮਦਰਦੀ ਲੈਣ ਲਈ ਅਜਿਹੀਆਂ ਗੱਲਾਂ ਮਨੋ ਘੜੀਆਂ ਹੋਈਆਂ ਨੇ। ਇਸ ਸਭ ਬਕਵਾਸ ਐ।"

"ਉਹ ਕਮ ਆਨ ਆਫੀਆ। ਤੂੰ ਇੱਕ ਸਾਇੰਟਿਸਟ ਹੋ ਕੇ ਕਿਹੋ ਜਿਹੀਆਂ ਗੱਲਾਂ ਕਰ ਰਹੀ ਐਂ। ਮੈਂ ਤਾਂ ਹੈਰਾਨ ਆਂ ਕਿ ਤੂੰ ਕੁਝ ਵੀ ਬੋਲੀ ਜਾ ਰਹੀ ਐਂ।"

"ਚੱਲ ਤੂੰ ਮੇਰੀਆਂ ਸਾਰੀਆਂ ਗੱਲਾਂ ਨੂੰ ਬਕਵਾਸ ਸਮਝ, ਪਰ ਮੇਰੀ ਆਖਰੀ ਤੇ ਅਸਲੀ ਗੱਲ ਦਾ ਜ਼ੁਆਬ ਦੇਹ।" ਆਫੀਆ ਅਸਲੀ ਮੁੱਦੇ ਵੱਲ ਮੁੜ ਆਈ।

"ਕਿਹੜੀ ਅਸਲੀ ਗੱਲ ?"

"ਤੂੰ ਮੈਨੂੰ ਇਹ ਦੱਸ ਕਿ ਕੁਏਟਾ ਲਈ ਕਦੋਂ ਤੁਰ ਰਿਹਾ ਐਂ ? ਕੀ ਮੈਂ ਅੱਜ ਰਾਤ ਤੇਰੀ ਸਾਰੀ ਤਿਆਰੀ ਕਰ ਦਿਆਂ। ਅੱਗੇ ਉੱਥੋਂ ਅਫਗਾਨਿਸਤਾਨ ਜਾਣ ਵਿੱਚ ਵੀ ਕਈ ਦਿਨ ਲੱਗ ਜਾਣਗੇ।"

"ਤੂੰ ਤਾਂ ਇਉਂ ਗੱਲ ਕਰ ਰਹੀ ਐਂ ਜਿਵੇਂ ਮੈਂ ਜਾਣ ਲਈ ਤਿਆਰ ਈ ਬੈਠਾ ਹੋਵਾਂ। ਮੁਕਦੀ ਗੱਲ, ਮੈਂ ਨ੍ਹੀਂ ਕਿਧਰੇ ਜਾਣਾ।"

"ਜਾਣਾ ਤਾਂ ਤੈਨੂੰ ਪਊਗਾ। ਤੂੰ ਮੇਰੀ ਗੱਲ ਨ੍ਹੀਂ ਟਾਲ ਸਕਦਾ। ਮੈਂ ਤੇਰੀ ਘਰਵਾਲੀ ਆਂ। ਤੇਰੀ ਦੁਖ ਸੁਖ ਦੀ ਸਾਥਣ।"

ਅਮਜਦ ਨੇ ਧਿਆਨ ਨਾਲ ਆਫੀਆ ਵੱਲ ਵੇਖਿਆ। ਇਸ ਵੇਲੇ ਆਫੀਆ ਦੀਆਂ ਅੱਖਾਂ 'ਚ ਮੋਹ ਝਲਕ ਰਿਹਾ ਸੀ। ਉਸਨੂੰ ਵੀ ਆਫੀਆ 'ਤੇ ਪਿਆਰ ਆਇਆ। ਉਹ ਉਸਦੇ ਕੋਲ ਹੁੰਦਾ ਉਸਨੂੰ ਕਲਾਵੇ 'ਚ ਲੈਂਦਾ ਬੋਲਿਆ, "ਆਫੀਆ ਆਪਣੇ ਦੋ ਪਿਆਰੇ ਪਿਆਰੇ ਬੱਚੇ ਨੇ। ਵਧੀਆ ਆਪਣੀ ਜ਼ਿੰਦਗੀ ਐ। ਮੈਨੂੰ ਇਹ ਵੀ ਪਤਾ ਐ ਕਿ ਆਪਾਂ ਇੱਕ ਦੂਜੇ ਨੂੰ ਟੁੱਟ ਕੇ ਮੁਹੱਬਤ ਕਰਦੇ ਆਂ। ਇੱਕ ਦੂਜੇ

ਬਿਨਾ ਪਲ ਭਰ ਨ੍ਹੀਂ ਰਹਿ ਸਕਦੇ। ਮੈਂ ਚਾਹੁੰਨਾ ਕਿ ਆਪਾਂ ਅੱਲਾ ਦੀ ਦਿੱਤੀ ਹੋਈ ਇਸ ਰਹਿਮਤਾਂ ਭਰੀ ਜ਼ਿੰਦਗੀ ਦਾ ਆਨੰਦ ਮਾਣੀਏ। ਤੂੰ ਪਲੀਜ਼ ਇਸ ਜਿਹਾਦ ਵਾਲੀ ਗੱਲ ਨੂੰ ਭੁੱਲਜਾ।"

"ਅਮਜਦ ਤੇਰੀਆਂ ਸਾਰੀਆਂ ਗੱਲਾਂ ਸਹੀ ਨੇ। ਤੂੰ ਮੈਨੂੰ ਦੁਨੀਆਂ ਦੀ ਹਰ ਸ਼ੈਅ ਤੋਂ ਪਿਆਰਾ ਐਂ। ਪਰ ਜਿਹਾਦ ਮੇਰੇ ਲਈ ਅੱਲਾ ਦਾ ਇੱਕ ਪਾਕ ਕਾਰਜ ਐ। ਉਸਦੇ ਲਈ ਮੈਂ ਕੁਝ ਵੀ ਕੁਰਬਾਨ ਕਰ ਸਕਦੀ ਆਂ।"

ਅਮਜਦ ਚੁੱਪ ਹੋ ਗਿਆ। ਉਹ ਸਮਝ ਗਿਆ ਕਿ ਇਸ ਵੇਲੇ ਇਸ ਨਾਲ ਗੱਲ ਕਰਨ ਦਾ ਸਹੀ ਵਕਤ ਨਹੀਂ ਹੈ। ਉਹ ਇਹ ਵੀ ਜਾਣਦਾ ਸੀ ਕਿ ਇਹ ਹੱਦੋਂ ਵੱਧ ਜ਼ਿੱਦੀ ਹੈ। ਜਿਹੜੀ ਗੱਲ ਇੱਕ ਵਾਰ ਕਹਿ ਦੇਵੇ ਉਸ ਤੋਂ ਪਿੱਛੇ ਨਹੀਂ ਹੱਟਦੀ। ਉਸ ਵੇਲੇ ਉਸਨੇ ਫਿਰ ਸੋਚਣ ਦਾ ਕਹਿ ਕੇ ਗੱਲ ਬਦਲ ਲਈ। ਰਾਤ ਗੁਜ਼ਰ ਗਈ। ਪਰ ਅਮਜਦ ਨੂੰ ਸਾਰੀ ਰਾਤ ਪਲ ਭਰ ਵੀ ਚੈਨ ਨਾ ਆਇਆ। ਉਸਨੂੰ ਕੋਈ ਰਾਹ ਨਹੀਂ ਸੁੱਝ ਰਿਹਾ ਸੀ। ਉਹ ਆਫੀਆ ਨੂੰ ਨਹੀਂ ਛੱਡ ਸਕਦਾ ਸੀ ਤੇ ਆਫੀਆ ਜਿਹਾਦ ਨੂੰ ਨਹੀਂ ਛੱਡ ਰਹੀ ਸੀ। ਆਖਰ ਸਵੇਰ ਵੇਲੇ ਉਸਨੂੰ ਖਿਆਲ ਆਇਆ ਕਿ ਇਸਲਾਮ ਇਹ ਵੀ ਕਹਿੰਦਾ ਹੈ ਕਿ ਮੁਸ਼ਕਲ ਵੇਲੇ ਘਰ ਦੇ ਵਡੇਰਿਆਂ ਦੀ ਮੱਦਦ ਲਵੋ। ਉਹ ਆਪਣੇ ਵੱਡੇ ਭਰਾ ਕੋਲ ਚਲਾ ਗਿਆ ਤੇ ਉਸ ਨਾਲ ਸੰਗਦੇ ਜਿਹੇ ਨੇ ਗੱਲ ਤੋਰੀ, "ਭਾਈ ਜਾਨ ਮੈਂ ਤਾਂ ਮੁਸੀਬਤ 'ਚ ਫਸ ਗਿਆ ਆਂ। ਮੇਰੀ ਰਹਿਨੁਮਾਈ ਕਰੋ।"

"ਕਿਉਂ ਅਮਜਦ ਕੀ ਹੋਇਆ ?"

ਅੱਗੇ ਅਮਜਦ ਨੇ ਸਾਰੀ ਗੱਲ ਦੱਸ ਦਿੱਤੀ ਕਿ ਕਿਵੇਂ ਆਫੀਆ ਉਸਨੂੰ ਜਿਹਾਦ ਵਿੱਚ ਜਾਣ ਲਈ ਮਜ਼ਬੂਰ ਕਰ ਰਹੀ ਹੈ ਤੇ ਉਸ ਕੋਲ ਘਰਵਾਲੀ ਦੀ ਗੱਲ ਮੰਨਣ ਤੋਂ ਬਿਨਾ ਕੋਈ ਚਾਰਾ ਵੀ ਨਹੀਂ ਹੈ। ਭਰਾ ਦੇ ਤਾਂ ਉਸਦੀ ਗੱਲ ਸੁਣ ਕੇ ਹੀ ਹੋਸ਼ ਉੱਡ ਗਏ। ਉਸਨੇ ਆਪ ਕੋਈ ਗੱਲ ਨਾ ਕੀਤੀ ਸਗੋਂ ਉਹ ਅਮਜਦ ਦੀ ਬਾਂਹ ਫੜਦਾ ਸਿੱਧਾ ਆਪਣੇ ਅੱਬਾ ਕੋਲ ਲੈ ਗਿਆ ਤੇ ਉਸਨੂੰ ਸਾਰੀ ਹੋਈ ਬੀਤੀ ਸੁਣਾ ਦਿੱਤੀ। ਨਈਮ ਖਾਂ ਭੜਕਦਾ ਹੋਇਆ ਬੋਲਿਆ, "ਅਮਜਦ ਇਹ ਕੀ ਬਕਵਾਸ ਐ ? ਕੀ ਤੈਨੂੰ ਚੰਗੀ ਤਾਲੀਮ ਇਹੀ ਸਿਖਾਉਂਦੀ ਐ ਕਿ ਇਹੋ ਜਿਹੇ ਪੁੱਠੇ ਕੰਮ ਕਰੋ ?"

"ਅੱਬੂ ਆਫੀਆ ਕਹਿੰਦੀ ਐ ਕਿ....।"

"ਕੌਣ ਕੀ ਕਹਿੰਦਾ ਐ ਤੂੰ ਇਹ ਗੱਲ ਛੱਡ। ਤੈਨੂੰ ਪਹਿਲਾਂ ਇਹ ਸਿੱਖਣ ਦੀ ਲੋੜ ਐ ਕਿ ਜਿਹਾਦ ਹੁੰਦਾ ਕੀ ਐ। ਹਰ ਲੜਾਈ ਜਿਹਾਦ ਨ੍ਹੀਂ ਹੁੰਦੀ। ਰਾਜਨੀਤਕ ਲੋਕ ਆਪਣੇ ਨਿੱਜੀ ਮੁਫਾਦਾਂ ਲਈ ਇਸ ਪਾਕ ਲਫਜ਼ ਦਾ ਹਰ ਥਾਂ ਇਸਤੇਮਾਲ ਕਰਕੇ ਨੌਜਵਾਨਾਂ ਨੂੰ ਭੜਕਾ ਦਿੰਦੇ ਨੇ ਤੇ ਫਿਰ ਉਹ ਉਹੀ ਕਰਦੇ ਨੇ ਜੋ ਇਹ ਰਾਜਨੀਤਕ ਲੋਕ ਚਾਹੁੰਦੇ ਨੇ। ਮੈਂ ਤਾਂ ਜਿਆ ਉਲ ਹੱਕ ਦੇ ਵੇਲੇ ਤੋਂ ਈ ਕਹਿੰਦਾ ਆ ਰਿਹਾ ਆਂ ਕਿ ਇੱਕ ਰਾਜਨੀਕਤ ਖੇਡ ਐ। ਪੰਝੀ ਸਾਲਾਂ ਤੋਂ ਵੀ ਉੱਤੇ ਦਾ ਸਮਾ ਹੋ ਗਿਆ ਵਿਚਾਰੇ ਗਰੀਬ ਅਫਗਾਨੀਆਂ ਨੂੰ ਇਸ ਗੰਦੀ ਰਾਜਨੀਤੀ ਦੀ ਬਲੀ ਚੜ੍ਹਦਿਆਂ। ਅਫਗਾਨਿਸਤਾਨ ਅੱਜ ਮਿੱਟੀ ਦਾ ਢੇਰ ਬਣ ਕੇ ਰਹਿ ਗਿਆ ਐ। ਹੋਰ ਸੁਣ, ਇਹ ਕਹਿੰਦੇ ਨੇ ਅਫਗਾਨਿਸਤਾਨ ਹੀ ਇੱਕ ਅਜਿਹਾ ਮੁਲਕ ਐ ਜਿੱਥੇ ਸੱਚਾ ਇਸਲਾਮੀ ਰਾਜ ਹੈ। ਪਰ ਉੱਥੇ ਦੀ ਜਨਤਾ ਨੂੰ ਪੁੱਛ ਕੇ ਵੇਖ ਕਿ ਉਨ੍ਹਾਂ ਨਾਲ ਵਾਪਰਦਾ ਕੀ ਐ। ਉਹ ਪਸ਼ੂਆਂ ਨਾਲੋਂ ਭੈੜੀ ਜ਼ਿੰਦਗੀ ਬਤੀਤ ਕਰ ਰਹੇ ਨੇ। ਇਨ੍ਹਾਂ ਉਜੱਡ ਲੋਕਾਂ ਨੇ ਉਨ੍ਹਾਂ ਦਾ ਜਿਉਣਾ ਦੁੱਬਰ ਕਰਕੇ ਰੱਖ ਦਿੱਤਾ। ਹੁਣ ਦੀ ਜੋ ਹਾਲਾਤ ਐ ਇਸ ਲਈ ਤਾਲੀਬਾਨ ਜ਼ਿੰਮਾਵਾਰ ਹਨ। ਕਿਉਂ ਇਨ੍ਹਾਂ ਉਸ ਕਾਤਲ ਆਦਮੀ, ਬਿਨ ਲਾਦਿਨ ਨੂੰ ਆਪਣੇ ਮੁਲਕ ਵਿੱਚ ਪਨਾਹ ਦਿੱਤੀ ਹੋਈ ਹੈ। ਇਸ ਸਾਰੇ ਦਾ ਜ਼ਿੰਮੇਵਾਰ ਉਹ ਇਨਸਾਨ ਐ ਤੇ ਉਸਦੀ ਸਜ਼ਾ ਭੁਗਤ ਰਿਹਾ ਹੈ ਅਫਗਾਨਿਸਤਾਨ ਦਾ ਗਰੀਬ ਆਦਮੀ।"

"ਪਰ ਅੱਬੂ ਮੈਨੂੰ ਕੀ ਹੁਕਮ ਐਂ ?" ਅਮਜਦ ਡਰਦਾ ਜਿਹਾ ਬੋਲਿਆ।

"ਤੂੰ ਭੁੱਲ ਜਾ ਇਨ੍ਹਾਂ ਗੱਲਾਂ ਨੂੰ ਤੇ ਆਪਣੀ ਪੜ੍ਹਾਈ 'ਤੇ ਧਿਆਨ ਦੇਹ।"

ਅਮਜਦ ਉੱਪਰ ਗਿਆ ਤੇ ਉਸਨੇ ਆਫੀਆ ਨੂੰ ਦੱਸ ਦਿੱਤਾ ਕਿ ਉਸਦੇ ਅੱਬੂ ਨੇ ਜਿਹਾਦ ਵਿੱਚ ਜਾਣ ਤੋਂ ਨਾਂਹ ਕਹਿ ਦਿੱਤੀ ਹੈ।

"ਪਰ ਤੂੰ ਉਸਦੀ ਸਲਾਹ ਲੈਣ ਗਿਆ ਈ ਕਿਉਂ ?" ਆਫੀਆ ਉੱਚੀ ਬੋਲੀ ਤਾਂ ਹੇਠਾਂ ਖੜ੍ਹੇ ਨਈਮ ਖਾਂ ਨੂੰ ਉਸਦੀ ਆਵਾਜ਼ ਉਵੇਂ ਜਿਵੇਂ ਸੁਣੀਂ। ਉਸਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਪਰ ਉਹ ਫਿਰ ਵੀ ਜ਼ਬਤ ਵਿੱਚ ਰਿਹਾ। ਅਮਜਦ ਪੌੜੀਆਂ ਉਤਰਨ ਲੱਗਿਆ ਤਾਂ ਨਈਮ ਖਾਂ ਨੇ ਉੱਚੀ ਕਿਹਾ, "ਅਮਜਦ ਜੇ ਤੂੰ ਉੱਥੇ ਗਿਆ ਤਾਂ ਮੁੜ ਕੇ ਇਸ ਘਰ ਵਿੱਚ ਪੈਰ ਨਾ ਪਾਈਂ।"

ਆਪਣੇ ਸੌਹਰੇ ਦੀ ਇਹ ਗੱਲ ਸੁਣ ਕੇ ਆਫੀਆ ਹਵਾ ਵਾਂਗੂੰ ਹੇਠਾਂ ਆਈ ਤੇ ਆਉਂਦੀ ਨੇ ਹੀ ਅਮਜਦ ਦੇ ਗਲਾਮੇ ਵਿੱਚ ਹੱਥ ਪਾ ਲਿਆ। ਉਹ ਉੱਚੀ ਬੋਲੀ, "ਹੁਣੇ ਫੈਸਲਾ ਕਰ। ਜਾਂ ਆਪਣੇ ਮਾਂ ਪਿਉ ਨਾਲ ਰਹਿ ਜਾਂ ਮੇਰੇ ਨਾਲ।"

ਅਮਜਦ ਕੁਝ ਨਾ ਬੋਲਿਆ ਤਾਂ ਆਫੀਆ ਹੋਰ ਵੀ ਗੁੱਸੇ 'ਚ ਆ ਗਈ। ਉਹ ਫਿਰ ਚਿਲਾਈ, "ਠੀਕ ਐ ਜੇ ਤੂੰ ਮੇਰੀ ਗੱਲ ਨ੍ਹੀਂ ਮੰਨਣੀ ਤਾਂ ਮੈਨੂੰ ਹੁਣੇ ਤਲਾਕ ਦੇਹ। ਸਮਝਿਆ ਤੂੰ ? ਤਲਾਕ ਦੇਹ ਮੈਨੂੰ। ਹੁਣੇ ਇਸੇ ਵਕਤ।"

ਫਿਰ ਉਹ ਚੀਕਦੀ ਚਿਲਾਉਂਦੀ ਉੱਪਰ ਕਮਰੇ ਨੂੰ ਚਲੀ ਗਈ। ਘਰ 'ਚ ਮੁਕੰਮਲ ਚੁੱਪ ਪਸਰ ਗਈ। ਆਖਰ ਨਈਮ ਖਾਂ ਨੇ ਆਪਣੀ ਬੇਗਮ ਨੂੰ ਕਿਹਾ ਕਿ ਜੇਕਰ ਇਹ ਮੀਆਂ ਬੀਵੀ ਹੋਰ ਕੁਝ ਦਿਨ ਆਪਣੇ ਨਾਲ ਰਹੇ ਤਾਂ ਜ਼ਰੂਰ ਇਨ੍ਹਾਂ ਦਾ ਤਲਾਕ ਹੋ ਜਾਵੇਗਾ। ਆਪਾਂ ਇਉਂ ਕਰੀਏ ਕਿ ਇਨ੍ਹਾਂ ਨੂੰ ਆਪਣੇ ਤੋਂ ਦੂਰ ਰਹਿਣ ਦੇਈਏ। ਉਦੋਂ ਤੱਕ ਇਨ੍ਹਾਂ ਦਾ ਆਪਸੀ ਫਰਕ ਵੀ ਮਿਟ ਜਾਊਗਾ ਤੇ ਸ਼ਾਇਦ ਹਾਲਤ ਕੁਝ ਹੋਰ ਕਰਵਟ ਲੈ ਲੈਣ। ਇਸ ਪਿੱਛੋਂ ਉਨ੍ਹਾਂ ਦਾ ਜਾਣ ਦਾ ਇੰਤਜ਼ਾਮ ਕਰ ਦਿੱਤਾ ਗਿਆ। ਅਮਜਦ ਬੱਚਿਆਂ ਅਤੇ ਆਫੀਆ ਨੂੰ ਲੈ ਕੇ ਇਸਲਾਮਾਬਾਦ ਨੂੰ ਚੱਲ ਪਿਆ। ਆਫੀਆ ਦਾ ਕਹਿਣਾ ਸੀ ਕਿ ਜੇਕਰ ਜਾਣਾ ਹੀ ਹੈ ਤਾਂ ਉਹ ਆਪਣੇ ਮਾਮੇ ਐੱਚ. ਐੱਸ. ਫਾਰੂਕੀ ਕੋਲ, ਇਸਲਾਮਾਬਾਦ ਜਾਣਾ ਪਸੰਦ ਕਰੂਗੀ। ਸ਼ਾਮ ਤੱਕ ਉਹ ਫਾਰੂਕੀ ਕੋਲ ਪਹੁੰਚ ਗਏ। ਕੁਝ ਦਿਨ ਆਰਾਮ ਨਾਲ ਲੰਘੇ ਕਿ ਇੱਕ ਦਿਨ ਆਫੀਆ ਫਿਰ ਨਵੀਂ ਸਕੀਮ ਲੈ ਕੇ ਅਮਜਦ ਸਾਹਮਣੇ ਆ ਖੜ੍ਹੀ ਹੋਈ।

"ਅਮਜਦ, ਕਸ਼ਮੀਰ ਅਤੇ ਅਫਗਾਨਿਸਤਾਨ ਦੀਆਂ ਪਹਾੜੀਆਂ ਵਿਚਕਾਰ ਪੈਂਦੇ ਬਾਲਕਟ ਸ਼ਹਿਰ 'ਚ ਅੱਜ ਕੱਲ੍ਹ ਜੈਸ਼ੇ ਮੁਹੰਮਦ ਦਾ ਕੈਂਪ ਚੱਲ ਰਿਹਾ ਐ।"

"ਹੈਂ ! ?" ਅਮਜਦ ਨੂੰ ਗੱਲ ਦੀ ਸਮਝ ਨਾ ਆਈ। ਉਹ ਹੈਰਾਨ ਹੁੰਦਾ ਬੋਲਿਆ, "ਇਹ ਜੈਸ਼ੇ ਮੁਹੰਦਮ ਕਿਸ ਸ਼ੈਅ ਦਾ ਨਾਂ ਐਂ ?"

"ਤੈਨੂੰ ਪਤਾ ਈ ਹੋਣਾ ਐਂ ਕਿ ਦਸੰਬਰ 1999 'ਚ ਕੁਝ ਜਿਹਾਦੀ, ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰਕੇ ਕਾਬਲ ਲੈ ਗਏ ਸਨ। ਉਨ੍ਹਾਂ ਇਹ ਸਭ ਆਪਣੇ ਲੀਡਰ ਮੁਲਾਨਾ ਮਸੂਦ ਅਜਹਰ ਨੂੰ ਛਡਵਾਉਣ ਲਈ ਕੀਤਾ ਸੀ ਜਿਹੜਾ ਕਿ ਉਸ ਵੇਲੇ ਇੰਡੀਆ ਦੀ ਜੇਲ੍ਹ ਵਿੱਚ ਬੰਦ ਸੀ। ਉਹ ਅਪਰੇਸ਼ਨ ਸਫਲ ਰਿਹਾ ਤੇ ਮੁਲਾਨਾ ਮਸੂਦ ਅਜਹਰ ਨੂੰ ਛੁਡਵਾ ਲਿਆ ਗਿਆ। ਪਿੱਛੋਂ ਮਸੂਦ ਨੇ ਇੱਥੇ ਆ ਕੇ ਨਵੀਂ ਜਥੇਬੰਦੀ ਬਣ ਲਈ। ਉਸੇ ਦਾ ਨਾਂ ਜੈਸ਼ੇ ਮੁਹੰਦਮ ਐ। ਜੈਸ਼ੇ ਮੁਹੰਮਦ ਵਾਲਿਆਂ ਦੇ ਕੈਂਪ ਇਨ੍ਹਾਂ ਪਹਾੜੀਆਂ 'ਚ ਨੇ। ਇਨ੍ਹਾਂ ਦੇ ਪਰਿਵਾਰ ਵੀ ਇਨ੍ਹਾਂ ਦੇ ਨਾਲ ਹੀ ਰਹਿੰਦੇ ਨੇ।"

"ਪਰ ਇਹ ਕਰਦੇ ਕੀ ਨੇ ?"

"ਇਹ ਜਿਹਾਦ ਲੜ੍ਹਦੇ ਨੇ।" ਆਫੀਆ ਨੇ ਇਹ ਗੱਲ ਕਹੀ ਤਾਂ ਅਮਜਦ ਦੇ ਮੂੰਹ 'ਚ ਕੁੜੱਤਣ ਘੁਲ ਗਈ। ਉਸਨੇ ਸੋਚਿਆ ਕਿ ਜਿਸ ਗੱਲ ਤੋਂ ਡਰਦਾ ਉਹ ਇੱਥੇ ਆਇਆ ਹੈ ਉਹ ਗੱਲ ਫਿਰ ਅੱਗੇ ਆ ਖੜ੍ਹੀ। ਉਹ ਕੁਝ ਦੇਰ ਸੋਚਦਾ ਰਿਹਾ ਤਾਂ ਆਫੀਆ ਬੋਲੀ, "ਆਪਾਂ ਉੱਥੇ ਚੱਲਦੇ ਆਂ। ਤੂੰ ਉੱਥੇ ਹਸਪਤਾਲ 'ਚ ਕੰਮ ਕਰੀਂ ਤੇ ਮੈਂ ਜਿਹਾਦੀਆਂ ਦੇ ਬੱਚਿਆਂ ਲਈ ਸਕੂਲ ਚਲਾ ਲਊਂਗੀ।"

ਅਮਜਦ ਫਿਰ ਵੀ ਕੁਝ ਨਾ ਬੋਲਿਆ। ਆਖਰ ਉਸਨੂੰ ਕੋਈ ਫੁਰਨਾ ਫੁਰਿਆ ਤੇ ਉਹ ਆਫੀਆ ਨੂੰ ਬੋਲਿਆ, "ਆਪਾਂ ਇਉਂ ਕਰਦੇ ਆਂ ਕਿ ਪਹਿਲਾਂ ਐਬਟਾਬਾਦ ਚੱਲਦੇ ਆਂ। ਉੱਥੋਂ ਬਾਲਕਟ ਸਾਰਾ ਈ ਪੰਝਾਹ ਕੁ ਮੀਲ ਹੋਵੇਗਾ। ਉੱਥੇ ਜਾ ਕੇ ਵੇਖਾਂਗੇ ਕਿ ਅੱਗੇ ਕੀ ਕਰਨਾ ਐਂ।"

ਆਫੀਆ ਖੁਸ਼ੀ ਖੁਸ਼ੀ ਤਿਆਰ ਹੋ ਗਈ। ਉਸਨੂੰ ਲੱਗਿਆ ਕਿ ਅਮਜਦ ਸਹੀ ਰਾਹ 'ਤੇ ਆਉਂਦਾ ਜਾ ਰਿਹਾ ਹੈ। ਅਗਲੇ ਦਿਨ ਉਹ ਐਬਟਾਬਾਦ ਚਲੇ ਗਏ। ਰਾਤ ਵੇਲੇ ਉਹ ਕਿਸੇ ਹੋਟਲ 'ਚ ਠਹਿਰੇ। ਰਾਤ ਭਰ ਆਫੀਆ ਅੱਗੇ ਦੀਆਂ ਸਕੀਮਾਂ ਬਣਾਉਂਦੀ ਰਹੀ। ਅਗਲੀ ਸਵੇਰ ਅਮਜਦ ਨੇ ਆਪਣੀ ਸਕੀਮ ਦੱਸੀ, "ਆਫੀਆ ਮੈਂ ਇੱਥੇ ਦੇ ਕਿਸੇ ਹਸਪਤਾਲ ਵਿੱਚ ਨੌਕਰੀ ਕਰ ਲੈਂਦਾ ਆਂ। ਬੱਚਿਆਂ ਨੂੰ ਆਪਾਂ ਇੱਥੇ ਦੇ ਮਸ਼ਹੂਰ ਮਿਸ਼ਨਰੀ ਸਕੂਲ ਵਿੱਚ ਪੜ੍ਹਨ ਲਾ ਦਿੰਦੇ ਆਂ। ਹਰ ਐਤਵਾਰ ਆਪਾਂ ਬਾਲਕਟ ਜਾ ਕੇ ਜੈਸ਼ੇ ਮੁਹੰਮਦ ਦਾ ਕੈਂਪ ਅਟੈਂਡ ਕਰ ਆਇਆ ਕਰਾਂਗੇ। ਨਾਲੇ ਤਾਂ ਆਪਾਂ ਉਨ੍ਹਾਂ ਬਾਰੇ ਕੁਝ ਸਿੱਖ ਲਵਾਂਗੇ। ਨਾਲੇ ਆਪਾਂ ਇੱਥੇ ਉਦੋਂ ਨੂੰ ਸੈੱਟ ਹੋ ਜਾਵਾਂਗੇ। ਫਿਰ ਜੇਕਰ ਤੂੰ ਚਾਹੇਂਗੀ ਤਾਂ ਆਪਾਂ ਪੱਕੇ ਤੌਰ 'ਤੇ ਉੱਥੇ ਚਲੇ ਚੱਲਾਂਗੇ।"

"ਜਿਵੇਂ ਤੇਰੀ ਮਰਜ਼ੀ।" ਆਫੀਆ ਚੁੱਪ ਜਿਹੀ ਹੋ ਗਈ। ਪਰ ਉਸਨੂੰ ਲੱਗਿਆ ਕਿ ਸ਼ਾਇਦ ਇਸ ਤਰ੍ਹਾਂ ਉਹ ਅਮਜਦ ਨੂੰ ਮਨਾ ਹੀ ਲਵੇ।

ਅਗਲੀ ਸਵੇਰ ਆਫੀਆ ਉੱਠਦਿਆਂ ਹੀ ਬੋਲੀ, "ਅਮਜਦ, ਸਾਰੀ ਰਾਤ ਬੰਬ ਧਮਾਕੇ ਹੁੰਦੇ ਰਹੇ ਨੇ, ਤੂੰ ਸੁਣੇ ਈ ਹੋਣਗੇ?"

"ਆਫੀਆ ਇਹ ਸ਼ਹਿਰ, ਫੌਜ਼ ਦਾ ਬਹੁਤ ਵੱਡਾ ਕੇਂਦਰ ਐ। ਅਜਿਹਾ ਹੋਣਾ ਇੱਥੇ ਕੁਦਰਤੀ ਐ। ਕੋਈ ਟਰੇਨਿੰਗ ਬਗੈਰਾ ਚੱਲ ਰਹੀ ਹੋਊਗੀ।"

"ਨ੍ਹੀਂ ਇਹ ਉਹ ਧਮਾਕੇ ਨ੍ਹੀਂ। ਇਹ ਤਾਂ ਉਨ੍ਹਾਂ ਬੰਬਾਂ ਦੇ ਧਮਾਕੇ ਨੇ ਜੋ ਅਮਰੀਕਣ ਹਵਾਈ ਜਹਾਜ਼, ਅਫਗਾਨਿਸਤਾਨ ਵਿੱਚ ਸੁੱਟ ਰਹੇ ਨੇ।"

"ਹੋ ਸਕਦਾ ਐ ਤੇਰੀ ਗੱਲ ਸੱਚ ਹੋਵੇ।"

"ਮੈਂ ਤਾਂ ਰਾਤ, ਪਲ ਭਰ ਵੀ ਨ੍ਹੀਂ ਸੌਂ ਸਕੀ। ਸਾਰੀ ਰਾਤ ਇਹੀ ਸੋਚਦੀ ਰਹੀ ਕਿ ਅਮਰੀਕਣ ਸਾਡੇ ਮੁਸਲਮਾਨ ਭਰਾਵਾਂ ਦਾ ਕਿਵੇਂ ਘਾਣ ਕਰ ਰਹੇ ਨੇ।"

"ਲੜਾਈ 'ਚ ਤਾਂ ਫਿਰ ਇਵੇਂ ਈ ਹੁੰਦਾ ਐ। ਦੋਵੇਂ ਧਿਰਾਂ ਈ ਇੱਕ ਦੂਜੀ ਨੂੰ ਮਾਰਦੀਆਂ ਨੇ।"

"ਮੈਨੂੰ ਤਾਂ ਇਹ ਸੋਚ ਸੋਚ ਕੇ ਈ ਅਫਸੋਸ ਹੋਈ ਜਾ ਰਿਹਾ ਐ ਕਿ ਆਹ ਕੁਝ ਮੀਲ ਦੂਰ ਬਾਡਰ ਦੇ ਪਾਰ ਜਿਹਾਦ ਚੱਲ ਰਿਹਾ ਐ ਤੇ ਆਪਾਂ ਉਸ 'ਚ ਸ਼ਾਮਲ ਨ੍ਹੀਂ ਹੋ ਸਕਦੇ।"

ਅਮਜਦ ਨੇ ਉਸਦੀ ਗੱਲ ਦਾ ਕੋਈ ਜ਼ੁਆਬ ਨਾ ਦਿੱਤਾ ਤਾਂ ਉਹ ਦੁਬਾਰਾ ਬੋਲਣ ਲੱਗੀ, "ਅਮਜਦ ਮੈਂ ਬੱਚਿਆਂ ਨੂੰ ਕਿਸੇ ਮਿਸ਼ਨਰੀ ਸਕੂਲ 'ਚ ਪੜ੍ਹਨ ਨ੍ਹੀਂ ਲਾਉਣਾ। ਤੇ ਨਾ ਹੀ ਤੈਨੂੰ ਇੱਥੇ ਕੋਈ ਨੌਕਰੀ ਕਰਨ ਦੀ ਜ਼ਰੂਰਤ ਐ।"

"ਹੋਰ ਫਿਰ ਮੈਂ ਇੱਥੇ ਵਿਹਲਾ ਫਿਰਦਾ ਕੀ ਕਰੂੰਗਾ?"

"ਆਪਾਂ ਅੱਜ ਈ ਜੈਸ਼ੇ ਮੁਹੰਮਦ ਦੇ ਕੈਂਪ ਚੱਲਦੇ ਆਂ। ਉੱਥੇ ਜੋ ਵੀ ਕੰਮ ਮਿਲਿਆ ਕਰ ਲਵਾਂਗੇ।"

"ਆਫੀਆ, ਮੇਰੀ ਗੱਲ ਧਿਆਨ ਨਾਲ ਸੁਣਲੈ ਕਿ ਮੈਂ ਇਹ ਕੰਮ ਨ੍ਹੀਂ ਕਰਨਾ।" ਅਮਜਦ ਨੇ ਦੋ ਟੁੱਕ ਜ਼ੁਆਬ ਦੇ ਦਿੱਤਾ।

"ਕਿਉਂ ਨ੍ਹੀਂ ਕਰਨਾ ? ਹੁਣ ਆਪਾਂ ਜਿਹਾਦੀਆਂ ਦੇ ਬਿਲਕੁਲ ਕੋਲ ਬੈਠੇ ਆਂ। ਬੱਸ ਦੋ ਘੰਟਿਆਂ ਦਾ ਰਸਤਾ ਐ। ਚੱਲ ਉੱਠ ਚੱਲੀਏ। ਮੈਂ ਬੱਚਿਆਂ ਨੂੰ ਤਿਆਰ ਕਰਦੀ ਆਂ।" ਆਫੀਆ ਸ਼ਾਂਤ ਰਹਿੰਦਿਆਂ ਬੋਲੀ।

"ਆਫੀਆ ਤੈਨੂੰ ਇੱਕ ਵਾਰ ਕਹੀ ਗੱਲ ਸਮਝ 'ਚ ਨ੍ਹੀਂ ਆਉਂਦੀ ? ਮੈਂ ਤੈਨੂੰ ਆਖਰੀ ਵਾਰ ਦੱਸ ਰਿਹਾ ਆਂ ਕਿ ਮੈਂ ਕਿਸੇ ਜਿਹਾਦ 'ਚ ਹਿੱਸਾ ਨ੍ਹੀਂ ਲੈਣਾ।" ਅਮਜਦ ਭੜਕ ਉੱਠਿਆ।

ਇਸ ਪਿੱਛੋਂ ਦੋਨਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ। ਪਰ ਅੱਜ ਆਫੀਆ ਅਮਜਦ ਨੂੰ ਮਾਰਨ ਨਾ ਆਹੁਲੀ। ਉਹ ਪਤਾ ਨ੍ਹੀਂ ਕਿਹੜੀ ਦੁਨੀਆਂ 'ਚ ਗੁੰਮ ਸੀ। ਉਹ ਅੰਦਰ ਜਾ ਕੇ ਬੈੱਡ 'ਤੇ ਲੇਟ ਗਈ। ਅਮਜਦ ਬੈਠਾ ਸੋਚਦਾ ਰਿਹਾ ਕਿ ਉਹ ਕੀ ਕਰੇ। ਆਖਰ ਉਸਦੇ ਮਨ ਨੇ ਕਿਹਾ ਕਿ ਉਹ ਕਿਤੇ ਵੀ ਚਲਿਆ ਜਾਵੇ ਤੇ ਕੁਝ ਵੀ ਕਰ ਲਵੇ ਪਰ ਆਫੀਆ ਨੇ ਉਦੋਂ ਤੱਕ ਖੁਸ਼ ਨਹੀਂ ਹੋਣਾ ਜਦੋਂ ਤੱਕ ਉਹ ਜਿਹਾਦ ਵਿੱਚ ਸ਼ਾਮਲ ਨਹੀਂ ਹੋ ਜਾਂਦਾ। ਉਸ ਨੇ ਇੱਕ ਦਮ ਵਾਪਸ ਮੁੜਨ ਦਾ ਫੈਸਲਾ ਕਰ ਲਿਆ। ਉਸਨੇ ਆਫੀਆ ਨੂੰ ਉਠਾਇਆ। ਉਹ ਜਲੀ ਭੁੱਜੀ ਉਸ ਨਾਲ ਕਾਰ ਵਿੱਚ ਬੈਠ ਗਈ ਤੇ ਉਹ ਵਾਪਸ ਤੁਰ ਪਏ। ਘਰ ਆ ਕੇ ਜਦੋਂ ਅਮਜਦ ਨੂੰ ਸਾਰਿਆਂ ਨੂੰ ਆਫੀਆ ਦੀ ਜੈਸ਼ੇ ਮੁਹੰਮਦ ਵਾਲੀ ਗੱਲ ਦੱਸੀ ਤਾਂ ਉਸਦਾ ਪਿਉ ਬਹੁਤ ਹੀ ਫਿਕਰਮੰਦ ਹੁੰਦਾ ਬੋਲਿਆ, "ਕਿਤੇ ਇਹ ਨਾ ਹੋਵੇ ਕਿ ਆਪਾਂ ਵੇਖਦੇ ਈ ਰਹਿ ਜਾਈਏ ਤੇ ਪਤਾ ਉਦੋਂ ਈ ਲੱਗੇ ਜਦੋਂ ਇਹ ਅੱਤਵਾਦੀਆਂ ਦੇ ਕਿਸੇ ਗਰੋਹ ਨਾਲ ਜਾ ਮਿਲਣ।"

"ਅਮਜਦ ਦੇ ਅੱਬੂ, ਫਿਰ ਇਸ ਦਾ ਕੀ ਇਲਾਜ ਐ ?" ਜਾਹਿਰਾ ਖਾਂ ਉਦਾਸ ਲਹਿਜੇ 'ਚ ਬੋਲੀ।

"ਤੁਸੀਂ ਅਮਜਦ ਨੂੰ ਮੇਰੇ ਸਾਹਮਣੇ ਬੁਲਾਉ।"

ਅਮਜਦ ਨੂੰ ਸੱਦਿਆ ਗਿਆ। ਉਹ ਇੱਥੇ ਇਕੱਲਾ ਹੀ ਆਇਆ ਸੀ। ਐਬਟਾਬਾਦ ਤੋਂ ਮੁੜਦੇ ਹੋਇਆਂ ਆਫੀਆ ਬੱਚਿਆਂ ਨੂੰ ਲੈ ਕੇ ਪੇਕੇ ਘਰ ਚਲੀ ਗਈ ਸੀ। ਅਮਜਦ ਆਇਆ ਤਾਂ ਨਈਮ ਖਾਂ ਕਠੋਰ ਲਹਿਜੇ 'ਚ ਬੋਲਿਆ, "ਅਮਜਦ ਤੂੰ ਤੁਰੰਤ ਫਲਾਈਟ ਲੈ ਕੇ ਅਮਰੀਕਾ ਰਵਾਨਾ ਹੋ ਜਾ।"

"ਤੇ ਅੱਬੂ, ਆਫੀਆ ?"

"ਫਿਲਹਾਲ ਤੂੰ ਸਭ ਕੁਝ ਭੁੱਲ ਜਾ ਤੇ ਉੱਥੇ ਜਾ ਕੇ ਆਪਣੀ ਪੜ੍ਹਾਈ ਪੂਰੀ ਕਰ। ਬਾਅਦ ਵਿੱਚ ਵੇਖਦੇ ਆਂ ਕਿ ਕੀ ਬਣਦਾ ਐ।"

ਅਮਜਦ ਨੇ ਅਗਲੇ ਦਿਨ ਦੀ ਹੀ ਟਿਕਟ ਲੈ ਲਈ। ਇਸ ਪਿੱਛੋਂ ਉਸਨੇ ਆਫੀਆ ਨੂੰ ਫੋਨ ਕਰਕੇ ਇੰਨਾ ਹੀ ਦੱਸਿਆ ਕਿ ਯੂਨੀਵਰਸਿਟੀ ਦੀ ਪੜ੍ਹਾਈ ਕਾਰਨ ਉਹ ਵਾਪਸ ਜਾ ਰਿਹਾ ਹੈ ਤੇ ਕੱਲ੍ਹ ਨੂੰ ਸ਼ਾਮ ਵੇਲੇ ਉਸਦੀ ਫਲਾਈਟ ਹੈ। ਅਗਲੇ ਦਿਨ ਆਫੀਆ ਬੱਚਿਆਂ ਸਮੇਤ ਉਸਨੂੰ ਏਅਰਪੋਰਟ ਤੋਂ ਉਸਨੂੰ ਵਿਦਾ ਕਰਨ ਆਈ। ਦੋਨਾਂ ਵਿਚਕਾਰ ਕੋਈ ਖਾਸ ਗੱਲ ਨਾ ਹੋਈ। ਆਫੀਆ ਹੱਦੋਂ ਵੱਧ ਉਦਾਸ ਸੀ।

ਅਮਜਦ, ਅਮਰੀਕਾ ਆ ਤਾਂ ਗਿਆ ਪਰ ਉਸਦਾ ਆਫੀਆ ਅਤੇ ਬੱਚਿਆਂ ਤੋਂ ਬਿਨਾ ਜ਼ਰਾ ਵੀ ਦਿਲ ਨਹੀਂ ਲੱਗਦਾ ਸੀ। ਦਿਨ ਵੇਲੇ ਤਾਂ ਕੰਮ 'ਤੇ ਹੋਣ ਕਰਕੇ ਵਕਤ ਔਖਾ ਸੌਖਾ ਲੰਘ ਜਾਂਦਾ ਸੀ ਪਰ ਰਾਤ ਵੇਲੇ ਉਸਨੂੰ ਘਰ ਖਾਣ ਨੂੰ ਆਉਂਦਾ। ਕਦੇ ਉਸਨੂੰ ਬੱਚਿਆਂ ਦੀਆਂ ਕਿਲਕਾਰੀਆਂ ਸੁਣਾਈ ਦੇਣ ਲੱਗਦੀਆਂ ਅਤੇ ਕਦੇ ਆਫੀਆ ਇੱਧਰ ਉੱਧਰ ਤੁਰੀ ਫਿਰੀ ਦਿਸਦੀ। ਇੱਕ ਦਿਨ ਰਾਤ ਵੇਲੇ ਫੋਨ ਆਇਆ। ਫੋਨ ਉਸਦੀ ਅੰਮੀ ਦਾ ਸੀ। ਅਮਜਦ ਦੇ ਫੋਨ ਚੁੱਕਦਿਆਂ ਹੀ ਜਾਹਿਰਾ ਖਾਂ ਬੋਲੀ, "ਬੇਟੇ ਮੈਨੂੰ ਪਤਾ ਐ ਕਿ ਤੂੰ ਇਸ ਵੇਲੇ ਕਿਨ੍ਹਾਂ ਹਾਲਾਤਾਂ 'ਚੋਂ ਲੰਘ ਰਿਹਾ ਹੋਵੇਂਗਾ। ਪਰ ਇਸ ਸਭ ਦੀ ਮੈਂ ਈ ਜ਼ਿੰਮੇਵਾਰ ਆਂ।"

"ਅੰਮੀ ਅਜਿਹੀ ਗੱਲ ਨ੍ਹੀਂ ਐ। ਨਾਲੇ ਤੂੰ ਕਿਉਂ ਆਪਣੇ ਆਪ ਨੂੰ ਦੋਸ਼ ਦਿੰਨੀ ਐਂ ?"

"ਕਿਉਂਕਿ ਆਫੀਆ ਮੇਰੀ ਹੀ ਪਸੰਦ ਐ। ਮੈਂ ਹੀ ਤੇਰੇ ਲਈ ਇਸਨੂੰ ਚੁਣਿਆਂ ਸੀ। ਪਤਾ ਨ੍ਹੀਂ ਕੀ ਗੱਲ ਹੋ ਗਈ। ਇਹ ਤਾਂ ਬਹੁਤ ਹੀ ਜਹੀਨ ਕੁੜੀ ਸੀ। ਮੈਨੂੰ ਤਾਂ ਸਮਝ ਨ੍ਹੀਂ ਆਉਂਦੀ ਕਿ ਇਸ ਨੂੰ ਹੋ ਕੀ ਗਿਆ ਐ।"

"ਅੰਮੀ ਤੂੰ ਐਵੇਂ ਫਿਕਰ ਨਾ ਕਰ।"

ਇੰਨਾ ਕਹਿ ਕੇ ਅਮਜਦ ਸੋਚਣ ਲੱਗਿਆ ਕਿ ਉਸਦੀ ਮਾਂ ਨੇ ਤਾਂ ਆਫੀਆ ਨੂੰ ਕੁਝ ਦੇਰ ਜਾਂ ਕੁਝ ਦਿਨਾਂ ਲਈ ਹੀ ਵੇਖਿਆ ਹੋਵੇਗਾ ਪਰ ਉਹ ਤਾਂ ਕਿੰਨੇ ਹੀ ਸਾਲਾਂ ਤੋਂ ਉਸਦੇ ਨਾਲ ਰਹਿੰਦਾ ਆ ਰਿਹਾ ਐ। ਤੇ ਕੀ ਉਹ ਖੁਦ ਉਸਨੂੰ ਚੰਗੀ ਤਰ੍ਹਾਂ ਜਾਣਦਾ ਹੈ। ਉੱਧਰ ਅਮਜਦ ਨੂੰ ਫੋਨ 'ਤੇ ਚੁੱਪ ਜਿਹਾ ਹੋਇਆ ਵੇਖ ਕੇ ਜਾਹਿਰਾ ਖਾਂ ਬੋਲੀ, "ਅਮਜਦ ਬੇਟੇ ਤੂੰ ਮੇਰੀ ਗੱਲ ਸੁਣ ਰਿਹਾ ਐਂ ਨਾ ?"

"ਹਾਂ ਹਾਂ ਅੰਮੀ ਤੂੰ ਗੱਲ ਕਰ। ਮੇਰਾ ਧਿਆਨ ਤੇਰੀਆਂ ਗੱਲਾਂ 'ਚ ਈ ਐ।"

ਜਾਹਿਰਾ ਖਾਂ ਦੁਬਾਰਾ ਬੋਲਣ ਲੱਗੀ ਪਰ ਅਮਜਦ ਦਾ ਧਿਆਨ ਫਿਰ ਆਫੀਆ ਵੱਲ ਚਲਾ ਗਿਆ। ਉਹ ਮਨ 'ਚ ਖਿਆਲ ਆਇਆ, 'ਆਫੀਆ ਨਾਈਨ ਅਲੈਵਨ ਤੋਂ ਪਿੱਛੋਂ ਇੱਕ ਦਮ ਇੰਨਾ ਡਰ ਕਿਉਂ ਗਈ ਸੀ। ਉਹ ਕਿਉਂ ਖੜ੍ਹੇ ਪੈਰ ਭੱਜ ਜਾਣ ਲਈ ਕਾਹਲੀ ਪੈ ਗਈ ਸੀ। ਫਿਰ ਉੱਥੇ ਜਾ ਕੇ ਉਹ ਹੋਰ ਈ ਤਰ੍ਹਾਂ ਦੀ ਸਕੀਮਾਂ ਬਣਾਉਣ ਲੱਗੀ। ਸਿੱਧਾ ਈ ਜਿਹਾਦੀਆਂ ਨਾਲ ਜਾ ਮਿਲਣ ਦੀਆਂ ਗੱਲਾਂ ਕਰਨ ਲੱਗ ਪਈ। ਨਾਲੇ ਉਹ ਦੱਸ ਰਹੀ ਸੀ ਕਿ ਸਾਡੇ ਵਿਆਹ ਤੋਂ ਪਹਿਲਾਂ ਵੀ ਐਫ. ਬੀ. ਆਈ. ਵਾਲੇ ਉਸਨੂੰ ਲੱਭ ਰਹੇ ਸਨ। ਇਹ ਤਾਂ ਖੈਰ ਹੋ ਸਕਦਾ ਐ ਕਿ ਉਸਦੇ ਚੈਰਿਟੀ ਦੇ ਕੰਮ ਦੇ ਸਬੰਧ 'ਚ ਉਹ ਇਸ ਨਾਲ ਕੋਈ ਗੱਲ ਬਾਤ ਕਰਨ ਆਏ ਹੋਏ ਹੋਣਗੇ।' ਉਸਦੀ ਮਨ 'ਚ ਚੱਲਦੀ ਗੱਲ ਵਿਚਕਾਰ ਹੀ ਰਹਿ ਗਈ ਜਦੋਂ ਉੱਧਰੋਂ ਉਸਦੀ ਮਾਂ ਦੀ ਉੱਚੀ ਆਵਾਜ਼ ਆਈ, "ਬੇਟੇ ਤੂੰ ਇਉਂ ਕਰ ਕਿ ਇੱਕ ਵਾਰ ਆਫੀਆ ਨੂੰ ਫੋਨ ਕਰਕੇ ਕਹਿ ਦੇ ਕਿ ਉਹ ਤੇਰੇ ਕੋਲ ਆ ਜਾਵੇ। ਔਰਤ ਨੂੰ ਕਈ ਵਾਰੀ ਮਾਨਸਿਕ ਕਾਰਨਾਂ ਕਰਕੇ ਬਹੁਤ ਸਾਰੇ ਹਾਲਾਤ 'ਚੋਂ ਗੁਜ਼ਰਨਾ ਪੈਂਦਾ ਐ। ਹੁਣ ਉਹ ਠੀਕ ਹੋ ਚੁੱਕੀ ਹੋਵੇਗੀ। ਤੂੰ ਮੇਰਾ ਪੁੱਤਰ ਉਸਨੂੰ ਆਪਣੇ ਕੋਲ ਬੁਲਾ ਲੈ। ਅੱਲਾ ਸਭ ਠੀਕ ਕਰ ਦੇਵੇਗਾ।" ਮਾਂ ਨੇ ਨਸੀਹਤਾਂ ਦੇ ਕੇ ਫੋਨ ਕੱਟ ਦਿੱਤਾ। ਪਰ ਅਮਜਦ ਦਾ ਮਨ ਫਿਰ ਤੋਂ ਪਹਿਲਾਂ ਚੱਲ ਰਹੀਆਂ ਸੋਚਾਂ ਵੱਲ ਚਲਾ ਗਿਆ। ਉਸਨੂੰ ਇੱਕ ਨਵਾਂ ਈ ਖਿਆਲ ਆਇਆ ਤੇ ਉਹ ਸੋਚਣ ਲੱਗਿਆ, 'ਕਿਤੇ ਆਫੀਆ ਇਹ ਸਭ ਡਰਾਮਾ ਤਾਂ ਨ੍ਹੀਂ ਕਰ ਰਹੀ। ਹੋ ਸਕਦਾ ਐ ਕਿ ਉਹ ਮੈਥੋਂ ਵੱਖ ਹੋਣਾ ਚਾਹੁੰਦੀ ਹੋਵੇ ਤੇ ਸਿਰਫ ਬਹਾਨੇ ਘੜ ਰਹੀ ਹੋਵੇ ਤਾਂ ਕਿ ਮੈਂ ਉਸਦੀ ਗੱਲ ਤੋਂ ਇਨਕਾਰ ਕਰ ਦਿਆਂ ਤੇ ਉਸਨੂੰ ਵੱਖ ਹੋਣ ਦਾ ਬਹਾਨਾ ਮਿਲ ਜਾਵੇ। ਹਾਂ ਇਹੀ ਹੈ। ਲੱਗਦਾ ਐ ਕਿ ਉਹ ਮੇਰੇ ਨਾਲ ਖੁਸ਼ ਨ੍ਹੀਂ ਐ। ਉਂਝ ਉਸਦੇ ਵਰਤਾਅ ਤੋਂ ਤਾਂ ਲੱਗਦਾ ਐ ਕਿ ਉਹ ਮੈਨੂੰ ਬਹੁਤ ਪਿਆਰ ਕਰਦੀ ਐ ਪਰ ਹੋ ਸਕਦਾ ਐ ਕਿ ਇਹ ਸਭ ਵਿਖਾਵਾ ਈ ਹੋਵੇ।'

ਖੈਰ ਕੁਝ ਵੀ ਸੀ ਉਸਨੇ ਆਪਣੀ ਮਾਂ ਦੀ ਗੱਲ ਮੰਨਦਿਆਂ ਆਫੀਆ ਨੂੰ ਫੋਨ ਕਰਨ ਦਾ ਮਨ ਬਣਾ ਲਿਆ। ਉੱਧਰ ਆਫੀਆ ਦਾ ਪਿਉ ਵੇਖ ਰਿਹਾ ਸੀ ਕਿ ਅਮਜਦ ਦੇ ਜਾਣ ਪਿੱਛੋਂ, ਆਫੀਆ ਦਾ ਚਿਹਰਾ ਮੁਰਝਾਏ ਫੁੱਲ ਵਰਗਾ ਹੋ ਗਿਆ ਸੀ। ਉਸ ਨੇ ਢੰਗ ਨਾਲ ਖਾਣਾ ਪੀਣਾ ਛੱਡ ਦਿੱਤਾ ਸੀ। ਸਾਰਾ ਦਿਨ ਉਦਾਸ ਹੋਈ ਬੈੱਡ 'ਤੇ ਪਈ ਰਹਿੰਦੀ ਸੀ। ਸੁਲੇਹ ਸਦੀਕੀ ਸਭ ਸਮਝਦਾ ਸੀ। ਉਸਨੇ ਆਫੀਆ ਨੂੰ

ਕੋਲ ਬੁਲਾਇਆ ਤੇ ਉਸਦੇ ਸਿਰ 'ਤੇ ਹੱਥ ਫੇਰਦਾ ਬੋਲਿਆ, "ਬੇਟੀ ਮੈਂ ਜ਼ਿਆਦਾ ਕੁਛ ਨ੍ਹੀਂ ਕਹੂੰਗਾ ਬੱਸ ਇੰਨਾ ਈ ਐ ਕਿ ਔਰਤ ਦਾ ਪਹਿਲਾ ਫਰਜ਼ ਆਪਣਾ ਪਰਿਵਾਰ ਬਚਾਉਣਾ ਹੁੰਦਾ ਐ। ਤੁਹਾਡੇ ਵਿਚਕਾਰ ਸਿਰਫ ਤਣਾਅ ਐ ਹੋਰ ਕੁਛ ਨ੍ਹੀਂ। ਮੈਂ ਤੈਨੂੰ ਸਲਾਹ ਦੇਊਂਗਾ ਕਿ ਤੂੰ ਅਮਜਦ ਕੋਲ ਚਲੀ ਜਾ।"

"ਪਰ ਅੱਬੂ ਉਸਨੇ ਤਾਂ ਜਾ ਕੇ ਇੱਕ ਵਾਰ ਵੀ ਮੈਨੂੰ ਫੋਨ ਨ੍ਹੀਂ ਕੀਤਾ ?"

"ਬੇਟੀ ਕਈ ਵਾਰ ਇਨਸਾਨ ਕੰਮ ਵਿੱਚ ਉਲਝ ਜਾਂਦਾ ਹੈ ਤੇ....। ਉਹ ਗੱਲ ਕਰ ਹੀ ਰਿਹਾ ਸੀ ਕਿ ਫੋਨ ਖੜਕ ਪਿਆ। ਉਸਨੇ ਫੋਨ ਉਠਾਉਂਦਿਆਂ ਹੋਇਆਂ ਹੈਲੋ ਕਹੀ ਤਾਂ ਉਸਦੇ ਚਿਹਰੇ 'ਤੇ ਰੌਣਕ ਆ ਗਈ। ਉਹ ਫੋਨ ਆਫੀਆ ਵੱਲ ਕਰਦਾ ਬੋਲਿਆ, "ਲੈ ਗੱਲ ਕਰ, ਅਮਜਦ ਦਾ ਫੋਨ ਐਂ।"

ਆਫੀਆ ਚਹਿਕ ਉੱਠੀ ਤੇ ਦੂਸਰੇ ਕਮਰੇ 'ਚ ਜਾ ਕੇ ਗੱਲ ਕਰਨ ਲੱਗੀ। ਅੱਧੇ ਘੰਟੇ ਪਿੱਛੋਂ ਫੋਨ ਬੰਦ ਕਰਦੀ ਉਹ ਬਾਹਰ ਨਿਕਲੀ ਤਾਂ ਉਸਦਾ ਚਿਹਰਾ ਗੁਲਾਬ ਦੇ ਫੁੱਲ ਵਾਂਗੂੰ ਖਿੜਿਆ ਹੋਇਆ ਸੀ। ਉਸ ਨੇ ਉਸੇ ਵੇਲੇ ਟਿਕਟਾਂ ਬੁੱਕ ਕਰਨ ਲਈ ਕਹਿ ਦਿੱਤਾ ਤੇ ਤੀਸਰੇ ਦਿਨ ਬੱਚਿਆਂ ਨੂੰ ਲੈ ਕੇ ਉਹ ਅਮਰੀਕਾ ਦੇ ਬਾਸਟਨ ਲੋਗਨ ਇੰਟਰਨੈਸ਼ਨਲ ਏਅਰਪੋਰਟ 'ਤੇ ਜਾ ਉੱਤਰੀ। ਅਮਜਦ ਅੱਗੇ ਉਸਨੂੰ ਲੈਣ ਆਇਆ ਹੋਇਆ ਸੀ। ਉਹ ਘਰ ਪਹੁੰਚ ਗਏ। ਘਰੇ ਆ ਕੇ ਆਫੀਆ ਦਾ ਚਿਹਰਾ ਇੱਕ ਦਮ ਬਦਲ ਗਿਆ ਤੇ ਉਹ ਗੁੱਸੇ 'ਚ ਕੰਬਣ ਲੱਗੀ।

"ਤੂੰ ਮੈਨੂੰ ਇੰਨੇ ਦਿਨ ਫੋਨ ਵੀ ਨਾ ਕੀਤਾ। ਤੂੰ ਆਪਣੇ ਆਪ ਨੂੰ ਸਮਝਿਆ ਕੀ ਐ ?" ਉਹ ਉੱਚੀ ਬੋਲਦੀ ਅਮਜਦ ਦੇ ਗਲਾਮੇ ਨੂੰ ਚੰਬੜ ਗਈ। ਇੱਧਰ ਉੱਧਰ ਖਿਚਦੀ ਉਹ ਉਸਦੀ ਛਾਤੀ 'ਚ ਮੁੱਕੀਆਂ ਮਾਰਨ ਲੱਗੀ। ਅਮਜਦ ਨੇ ਬਿਲਕੁਲ ਵਿਰੋਧ ਨਾ ਕੀਤਾ। ਆਖਰ ਆਫੀਆ ਥੱਕ ਗਈ ਤੇ ਉਹ ਮੁੱਕੀਆਂ ਮਾਰਨੀਆਂ ਛੱਡ ਕੇ ਅਮਜਦ ਦੀ ਛਾਤੀ ਨਾਲ ਚੰਬੜ ਗਈ। ਅਮਜਦ ਨੇ ਉਸਦੇ ਦੁਆਲੇ ਬਾਂਹ ਵਲ ਲਈ। ਆਫੀਆ ਇੰਨਾ ਰੋਈ ਕਿ ਅਮਜਦ ਦਾ ਕਮੀਜ਼ ਭਿੱਜ ਗਿਆ। ਉਸ ਦੀਆਂ ਅੱਖਾਂ 'ਚ ਵੀ ਅੱਥਰੂ ਸਿਮ ਆਏ। ਇਸਦੇ ਨਾਲ ਹੀ ਉਸਦੇ ਮਨ ਵਿਚਲਾ ਉਹ ਖਿਆਲ ਕਿ ਸ਼ਾਇਦ ਆਫੀਆ ਬਹਾਨੇ ਨਾਲ ਉਸ ਕੋਲੋਂ ਤਲਾਕ ਚਾਹੁੰਦੀ ਐ, ਕਫੂਰ ਵਾਂਗੂੰ ਉੱਡ ਗਿਆ।

ਉੱਧਰ ਅਫਗਾਨਿਸਤਾਨ 'ਚ ਅਮਰੀਕਾ ਦੀ ਅੱਤਵਾਦ ਦੇ ਖਿਲਾਫ ਲੜੀ ਜਾ ਰਹੀ ਜੰਗ ਲੰਬੀ ਖਿਚਦੀ ਜਾ ਰਹੀ ਸੀ। ਤਾਲੀਬਾਨ ਸਰਕਾਰ ਤਾਂ ਪੰਜ ਛੇ ਹਫਤਿਆਂ ਵਿੱਚ ਹੀ ਢਹਿ ਢੇਰੀ ਹੋ ਗਈ ਸੀ। ਪਰ ਉਸਾਮਾ ਬਿਨ ਲਾਦਿਨ ਅਤੇ ਉਸਦੀ ਸਾਰੀ ਅਲਕਾਇਦਾ ਜਥੇਬੰਦੀ, ਤੋਰਾ ਬੋਰਾ ਪਹਾੜੀਆਂ ਦੇ ਪਿੱਛੋਂ ਦੀ ਹੁੰਦੀ ਪਾਕਿਸਤਾਨ ਵੱਲ ਨਿਕਲ ਗਈ ਸੀ। ਉੱਥੇ ਜਾ ਕੇ ਉਨ੍ਹਾਂ ਕਰਾਚੀ ਵਿੱਚ ਅੱਡੇ ਜਮਾਉਣੇ ਸ਼ੁਰੂ ਕਰ ਦਿੱਤੇ। ਅਮਰੀਕਾ ਸਮਝ ਗਿਆ ਸੀ ਕਿ ਅਫਗਾਨਿਸਤਾਨ 'ਚ ਕੱਚੇ ਘਰਾਂ ਜਾਂ ਖੁਸ਼ਕ ਪਹਾੜਾਂ 'ਤੇ ਬੰਬ ਸੁੱਟਣੇ ਬੇਕਾਰ ਹਨ। ਜਿਨ੍ਹਾਂ ਨੂੰ ਫੜ੍ਹਨ ਲਈ ਇਹ ਕੁਝ ਕੀਤਾ ਗਿਆ ਸੀ ਉਹ ਤਾਂ ਸਭ ਬਚ ਕੇ ਨਿਕਲ ਗਏ। ਇਸ ਕਰਕੇ ਅਮਰੀਕਾ, ਲੜਾਈ ਦਾ ਮੁਹਾਜ ਅਫਗਾਨਿਸਤਾਨ ਤੋਂ ਇਰਾਕ ਵੱਲ ਮੋੜਨ ਲਈ ਤਿਆਰ ਹੋਣ ਲੱਗ ਪਿਆ। ਤੋਰਾ ਬੋਰਾ ਪਹਾੜੀਆਂ 'ਚੋਂ ਭੱਜੇ ਅਲਕਾਇਦਾ ਮੈਂਬਰਾਂ ਨੂੰ ਸੰਭਾਲਣ ਵਾਲੇ ਪਾਕਿਸਤਾਨ 'ਚ ਬਥੇਰੇ ਬੈਠੇ ਸਨ। ਇਨ੍ਹਾਂ 'ਚ ਸਭ ਤੋਂ ਵੱਧ ਸਰਗਰਮ ਬਲੋਚੀ ਪਰਿਵਾਰ ਸੀ। ਰਮਜੀ ਯੂਸਫ ਜੋ ਕਿ 1993 ਦੇ ਨਾਰਥ ਟਾਵਰ ਵਾਲੇ ਬੰਬ ਧਮਾਕੇ ਦਾ ਦੋਸ਼ੀ ਸੀ ਇਸੇ ਪਰਿਵਾਰ ਤੋਂ ਸੀ। ਇਸ ਪਰਿਵਾਰ ਦੇ ਮੋਢੀ ਦਾ ਨਾਂ, ਖਾਲਿਦ ਸ਼ੇਖ ਮੁਹੰਮਦ ਸੀ ਜਿਸਨੂੰ ਸਾਰੇ ਉਸਦੇ ਨਿੱਕ ਨੇਮ ਜਾਣੀ ਕਿ ਕੇ. ਐਸ. ਐਮ. ਨਾਲ ਬੁਲਾਉਂਦੇ ਸਨ। ਜੋ ਲੋਕ ਅਲ ਕਾਇਦਾ ਮੈਂਬਰਾਂ ਨੂੰ ਸੰਭਾਲਣ 'ਚ ਲੱਗੇ ਹੋਏ ਸਨ ਉਨ੍ਹਾਂ ਵਿੱਚ ਔਰਤਾਂ ਦਾ ਇੱਕ ਗਰੁੱਪ ਵੀ ਸੀ। ਆਫੀਆ ਦੀ ਮਾਂ ਇਸਮਤ ਵੀ ਇਸੇ ਗਰੁੱਪ 'ਚ ਕੰਮ ਕਰ ਰਹੀ ਸੀ। ਇੰਨਾ ਹੀ ਨਹੀਂ ਸਗੋਂ ਅਲ ਬਲੋਚੀ ਪਰਿਵਾਰ ਦੇ ਕਈ ਮੈਂਬਰ ਉਸਦੇ ਘਰ ਮਹਿਮਾਨ ਬਣ ਕੇ ਠਹਿਰ ਵੀ ਚੁੱਕੇ ਸਨ। ਜਦੋਂ ਅਫਗਾਨਿਸਤਾਨ ਵਿੱਚੋਂ ਨਿਕਲੇ ਅਲਕਾਇਦਾ ਮੈਂਬਰਾਂ ਨੂੰ ਚੰਗੀ ਤਰ੍ਹਾਂ ਸੰਭਾਲ ਲਿਆ ਗਿਆ ਤਾਂ ਕੇ. ਐਸ. ਐਮ. ਆਪਣੀ ਅਗਲੀ

ਸਕੀਮ 'ਤੇ ਕੰਮ ਕਰਨ ਲੱਗਿਆ। ਉਹ ਚਾਹੁੰਦਾ ਸੀ ਕਿ ਜਦੋਂ ਤੱਕ ਅਮਰੀਕਾ ਨਾਈਨ ਅਲੈਵਨ ਵਾਲੀ ਸੱਟ 'ਚੋਂ ਉੱਭਰੇ ਉਦੋਂ ਨੂੰ ਇਸ ਤੋਂ ਵੀ ਵੱਡਾ ਝਟਕਾ ਅਮਰੀਕਾ ਨੂੰ ਇੱਕ ਹੋਰ ਦਿੱਤਾ ਜਾਵੇ। ਇਸ ਦੂਸਰੇ ਹਮਲੇ ਲਈ ਕੇ. ਐਸ. ਐਮ. ਨੇ ਅਜਿਹੇ ਬੰਦਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਜਿਹੜੇ ਕਿ ਪਹਿਲਾਂ ਈ ਅਮਰੀਕਾ 'ਚ ਰਹਿ ਰਹੇ ਸਨ। ਇਸ ਦੇ ਲਈ ਉਸਨੇ ਅਮਰੀਕਾ ਵਿਚਲੇ ਆਪਣੇ ਸੰਪਰਕਾਂ ਰਾਹੀਂ ਅਜਿਹੇ ਬੰਦਿਆਂ ਦੀ ਭਰਤੀ ਸ਼ੁਰੂ ਕਰ ਦਿੱਤੀ। ਇਨ੍ਹਾਂ ਨਵੇਂ ਰੰਗਰੂਟਾਂ 'ਚ ਹੋਜ਼ੇ ਪਦੀਲਾ ਨਾਂ ਦਾ ਵਿਅਕਤੀ ਪਹਿਲਾ ਅਮਰੀਕਨ ਸੀ। ਉਹ ਫਲੋਰਿਡਾ ਦਾ ਰਹਿਣ ਵਾਲਾ ਸੀ ਅਤੇ ਕਿਸੇ ਵੱਡੇ ਗੈਂਗ ਦਾ ਮੈਂਬਰ ਰਿਹਾ ਸੀ। ਉਸਨੂੰ ਸਮਝਾ ਬੁਝਾ ਕੇ ਮੁਸਲਮਾਨ ਬਣਾਇਆ ਗਿਆ ਤੇ ਫਿਰ ਅਲਕਾਇਦਾ 'ਚ ਲਿਆਂਦਾ ਗਿਆ। ਟਰੇਨਿੰਗ ਲਈ ਉਸਨੂੰ ਪਾਕਿਸਤਾਨ ਲੈ ਗਏ। ਇਸ ਤਰ੍ਹਾਂ ਅੱਗੋਂ ਦੀ ਅੱਗੋਂ ਕੇ. ਐਸ. ਐਮ. ਨੂੰ ਹੋਰ ਬੰਦੇ ਮਿਲਦੇ ਗਏ ਜਿਹੜੇ ਕਿ ਉਸਦੇ ਕੰਮ 'ਚ ਸਹਾਈ ਹੋ ਸਕਦੇ ਸਨ। ਹੋਜ਼ੇ ਪਦੀਲਾ ਨੂੰ ਇਸ ਪਾਸੇ ਲਿਆਉਣ ਵਾਲਾ ਐਡਮ ਹੁਸੈਨ ਸੀ ਜਿਹੜਾ ਕਿ ਬੇਨੇਵੋਲੈਂਸ ਇੰਟਰਨੈਸ਼ਨਲ ਵਿੱਚ ਕੰਮ ਕਰਦਾ ਸੀ। ਐਡਮ ਹੁਸੈਨ ਅੱਗੇ ਸੁਲੇਮਾਨ ਅੈਹਮਰ ਨੂੰ ਜਾਣਦਾ ਸੀ। ਸੁਲੇਮਾਨ ਦੀ ਆਫੀਆ ਨਾਲ ਜਾਣ-ਪਛਾਣ ਸੀ। ਉਸੇ ਕਾਰਨ ਹੀ ਆਫੀਆ ਬੇਨੇਵੈਲੈਂਸ ਦੇ ਇੱਕ ਹੋਰ ਸਰਗਰਮ ਮੈਂਬਰ ਅਦਨਾਨ ਸ਼ੁਕਰੀਜੁਮਾ ਦੇ ਸੰਪਰਕ 'ਚ ਆਈ ਸੀ। ਆਫੀਆ ਦੇ ਅਮਰੀਕਾ ਮੁੜ ਆਉਣ ਨਾਲ ਸਾਰਿਆਂ 'ਚ ਫਿਰ ਤੋਂ ਤਾਲਮੇਲ ਹੋਣ ਲੱਗਿਆ। ਜਾਅਲੀ ਏਮੇਲਜ਼ ਦੇ ਜ਼ਰੀਏ ਜਾਂ ਕਈ ਹੋਰ ਲੁਕਵੇਂ ਢੰਗਾਂ ਨਾਲ ਇਹ ਲੋਕ ਆਪਸ ਵਿੱਚ ਰਾਬਤਾ ਬਣਾਈ ਰੱਖਦੇ ਸਨ।

ਜਦੋਂ ਆਫੀਆ ਵਾਪਸ ਆਈ ਤਾਂ ਉਹ ਕਈ ਦਿਨ ਬਹੁਤ ਵਧੀਆ ਮਜਾਜ਼ 'ਚ ਰਹੀ। ਉਹ ਅਮਜਦ ਨਾਲ ਬੜੀ ਮੁਹੱਬਤ ਨਾਲ ਪੇਸ਼ ਆਉਂਦੀ ਸੀ। ਅਮਜਦ ਨੂੰ ਲੱਗਿਆ ਕਿ ਉਸ ਵਿੱਚ ਤਬਦੀਲੀ ਆ ਰਹੀ ਹੈ। ਉਹ ਖੁਸ਼ ਸੀ। ਇਸੇ ਖੁਸ਼ੀ ਕਾਰਨ ਉਹ ਅਗਲੇ ਐਤਵਾਰ ਬੱਚਿਆਂ ਨੂੰ ਲੈ ਕੇ ਇੱਕ ਮਹਿੰਗੇ ਹੋਟਲ ਵਿੱਚ ਰਾਤ ਠਹਿਰਨ ਲਈ ਚਲਾ ਗਿਆ। ਉੱਥੇ ਜਾਂਦਿਆਂ ਹੀ ਆਫੀਆ ਭੜਕ ਉੱਠੀ, "ਅਮਜਦ ਤੈਨੂੰ ਸ਼ਰਮ ਆਉਣੀ ਚਾਹੀਦੀ ਐ। ਅਫਗਾਨਿਸਤਾਨ ਵਰਗੇ ਮੁਲਕਾਂ 'ਚ ਸਾਡੇ ਮੁਸਲਮਾਨ ਭਰਾ ਗਰੀਬੀ ਨਾਲ ਮਰ ਰਹੇ ਨੇ ਤੇ ਤੈਨੂੰ ਅਯਾਸ਼ੀ ਦੀ ਪਈ ਐ।"

"ਆਫੀਆ ਆਯਾਸ਼ੀ ਵਾਲੀ ਇਸ ਵਿੱਚ ਕੀ ਗੱਲ ਐ। ਮੇਰੀ ਕਮਾਈ ਦੇ ਪੈਸੇ ਨੇ। ਮੈਂ ਕਿਸੇ ਗਲਤ ਥਾਂ 'ਤੇ ਨ੍ਹੀਂ ਖਰਚ ਕਰ ਰਿਹਾ। ਮੈਂ ਆਪਣੇ ਪਰਿਵਾਰ ਦੀ ਖੁਸ਼ੀ ਲਈ ਇਹ ਖਰਚ ਕਰ ਰਿਹਾ ਆਂ। ਇਹ ਮੇਰਾ ਹੱਕ ਵੀ ਐ ਕਿ ਹਲਾਲ ਦੀ ਕਮਾਈ ਨਾਲ ਆਪਣੇ ਬੱਚਿਆਂ ਨੂੰ ਜ਼ਰਾ ਬਾਹਰ ਘੁਮਾ ਫਿਰਾਂ ਦਿਆਂ।"

"ਤੈਨੂੰ ਕਦੇ ਸਮਝ ਨ੍ਹੀਂ ਆ ਸਕਦੀ। ਮੈਂ ਇੱਥੇ ਨ੍ਹੀਂ ਰਹਿਣਾ। ਚੱਲ ਘਰੇ ਵਾਪਸ ਚੱਲੀਏ।"

ਆਫੀਆ ਉੱਥੇ ਨਾ ਰੁਕੀ ਤੇ ਅਮਜਦ ਨੂੰ ਨਾਲ ਲੈ ਕੇ ਘਰ ਮੁੜ ਕੇ ਹੀ ਸਾਹ ਲਿਆ। ਅਮਜਦ ਪਰੇਸ਼ਾਨ ਹੋ ਗਿਆ। ਉਸਨੇ ਸੋਚਿਆ ਸੀ ਕਿ ਪੁਰਾਣੀਆਂ ਕੜਵਾਹਟਾਂ ਭੁੱਲ ਕੇ ਨਵੀਂ ਜ਼ਿੰਦਗੀ ਸ਼ੁਰੂ ਕਰੇਗਾ। ਪਰ ਆਫੀਆ ਉੱਥੇ ਹੀ ਅਟਕੀ ਹੋਈ ਸੀ। ਫਿਰ ਕੁਝ ਦਿਨ੍ਹਾਂ ਪਿੱਛੋਂ ਅਮਜਦ ਨੇ ਉਸਨੂੰ ਕਿਹਾ ਕਿ ਬੱਚਿਆਂ ਨੂੰ ਹੁਣ ਸਕੂਲ ਭੇਜਣ ਦਾ ਵੇਲਾ ਹੈ। ਹੁਣ ਤੋਂ ਇਹ ਪਰੀ-ਸਕੂਲ ਵਰਗੀਆਂ ਕਲਾਸਾਂ ਵਿੱਚ ਜਾਣ ਲੱਗਣਗੇ ਫਿਰ ਹੀ ਕਿਤੇ ਜਾ ਕੇ ਦੂਸਰੇ ਸਕੂਲ ਜਾਣ ਦੇ ਕਾਬਲ ਹੋਣਗੇ। ਪਰ ਆਫੀਆ ਨੇ ਜ਼ੁਆਬ ਦਿੱਤਾ ਕਿ ਅਜੇ ਉਹ ਉਨ੍ਹਾਂ ਨੂੰ ਸਕੂਲ ਨਹੀਂ ਭੇਜੇਗੀ। ਉਹ ਘਰੇ ਹੀ ਉਨ੍ਹਾਂ ਨੂੰ ਮਜ਼ਬੀ ਸਿੱਖਿਆ ਦੇਵੇਗੀ। ਅਮਜਦ ਮਨ ਮਸੋਸ ਕੇ ਰਹਿ ਗਿਆ। ਕੁਝ ਦਿਨਾਂ ਪਿੱਛੋਂ ਅਮਜਦ ਇੱਕ ਦਿਨ ਸੰਦੇਹਾਂ ਘਰ ਆਇਆ ਤਾਂ ਉਹ ਬੜਾ ਹੈਰਾਨ ਹੋਇਆ। ਆਫੀਆ ਟੀਵੀ 'ਤੇ ਉਹ ਕੁਝ ਵੇਖ ਰਹੀ ਸੀ ਜੋ ਕਿ ਜੰਗ ਦੇ ਮੈਦਾਨ ਵਿੱਚ ਹੋ ਰਿਹਾ ਸੀ। ਆਲੇ ਦੁਆਲੇ ਮਾਰਾ ਮਰਾਈ ਹੋ ਰਹੀ ਸੀ। ਨੇੜੇ ਹੀ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਅਮਜਦ ਤੋਂ ਇਹ ਸਭ ਵੇਖ ਨਾ ਹੋਇਆ। ਪਰ ਜਦੋਂ ਉਸਨੇ ਵੇਖਿਆ ਕਿ ਆਫੀਆ ਨੇ ਬੱਚਿਆਂ ਨੂੰ ਵੀ ਆਪਣੇ ਕੋਲ ਹੀ ਬਿਠਾਇਆ ਹੋਇਆ ਹੈ ਤਾਂ ਉਸਦੇ ਸਬਰ ਦਾ ਪਿਆਲਾ ਛਲਕ ਗਿਆ। ਉਹ ਗੁੱਸੇ 'ਚ ਆਉਂਦਾ ਬੋਲਿਆ, "ਆਫੀਆ ਇਹ ਕੀ ਐ ?"

"ਕਿਉਂ ਕੀ ਹੋਇਆ ? ਜੋ ਸੱਚ ਐ ਉਹ ਸੱਚ ਐ ਫਿਰ ਉਸਨੂੰ ਵੇਖਣ ਵਿੱਚ ਕੀ ਹਰਜ਼ ਐ।"

“ਗੱਲ ਇਹ ਨ੍ਹੀਂ ਐ। ਗੱਲ ਇਹ ਐ ਕਿ ਤੂੰ ਭੋਰਾ ਭਰ ਦੇ ਜੁਆਕਾਂ ਨੂੰ ਇੰਨੀਆਂ ਖਤਰਨਾਕ ਘਟਨਾਵਾਂ ਵਿਖਾ ਰਹੀ ਐਂ। ਇਨ੍ਹਾਂ ਦੇ ਮਨ ’ਤੇ ਕੀ ਅਸਰ ਪਊਗਾ।”

“ਮੈਂ ਤਾਂ ਚਾਹੁੰਨੀ ਆਂ ਕਿ ਇਨ੍ਹਾਂ ਦੇ ਮਨ ’ਤੇ ਅਸਰ ਪਵੇ। ਤਾਂ ਕਿ ਇਹ ਵੱਡੇ ਹੋ ਕੇ ਤੇਰੇ ਵਾਂਗੂੰ ਅਮਰੀਕਣ ਭਗਤ ਨਾ ਬਣਨ।”

“ਇਹ ਸਹੀ ਨ੍ਹੀਂ ਐ। ਨਾਲੇ ਮੈਂ ਅਮਰੀਕਣ ਭਗਤ ਬਣਨ ਵਾਲੀ ਕੀ ਗੱਲ ਕਰ ਦਿੱਤੀ ?”

“ਤੈਨੂੰ ਆਪਣੇ ਨੌਕਰੀ ਕਰਨ ਅਤੇ ਪੈਸੇ ਬਣਾਉਣ ਤੱਕ ਮਤਲਬ ਐ। ਤੈਨੂੰ ਇਸ ਗੱਲ ਨਾਲ ਕੋਈ ਸਰੋਕਾਰ ਨ੍ਹੀਂ ਐ ਕਿ ਆਲੇ ਦੁਆਲੇ ਮੁਸਲਮਾਨਾਂ ਨਾਲ ਕੀ ਹੋ ਰਿਹਾ ਐ।”

“ਹੁਣ ਮੁਸਲਮਾਨਾਂ ਨਾਲ ਕੀ ਵੱਖਰਾ ਹੋਣ ਲੱਗ ਪਿਆ, ਤੂੰ ਜੋ ਅੱਜ ਇੰਨੀ ਸੰਜ਼ੀਦਾ ਹੋਈ ਬੈਠੀ ਐਂ ?”

“ਅਮਰੀਕਾ, ਇਰਾਕ ’ਤੇ ਹਮਲਾ ਕਰਨ ਦੀ ਤਿਆਰੀ ਕਰੀ ਜਾ ਰਿਹਾ ਐ।”

“ਇਹ ਤਾਂ ਇੱਕ ਦਿਨ ਹੋਣਾ ਈ ਸੀ।”

“ਕਿਉਂ ? ਕਿਉਂ ਹੋਣਾ ਸੀ ਇਹ ਇੱਕ ਦਿਨ ? ਸਿਰਫ ਇਸੇ ਕਰਕੇ ਕਿ ਅਮਰੀਕਾ ਦੁਨੀਆਂ ’ਚ ਸਭ ਤੋਂ ਵੱਧ ਤਾਕਤਵਰ ਐ ?” ਆਫੀਆ ਦੀ ਤਿਉੜੀ ਚੜ੍ਹ ਗਈ।

“ਨ੍ਹੀਂ ਇਹ ਗੱਲ ਨ੍ਹੀਂ ਐ। ਤੂੰ ਯਾਦ ਕਰ ਕਿ ਜਦੋਂ 1991 ’ਚ ਪਹਿਲੀ ਇਰਾਕ ਜ਼ੰਗ, ਡਜ਼ਰਟ ਸਟੋਰਮ ਖਤਮ ਹੋਈ ਸੀ ਤਾਂ ਜੰਗਬੰਦੀ ਅਹਿਦਨਾਮੇ ਵਿੱਚ ਇਹ ਮੱਦ ਸ਼ਾਮਲ ਸੀ ਕਿ ਇਰਾਕ ਆਪਣੇ ਬਾਇਲੋਜੀਕਲ ਅਤੇ ਕੈਮੀਕਲ ਹਥਿਆਰ ਖਤਮ ਕਰੇਗਾ। ਪਰ ਉਹ ਉਸਨੇ ਖਤਮ ਨ੍ਹੀਂ ਕੀਤੇ ਅਤੇ ਨਾ ਹੀ ਕਰਨਾ ਚਾਹੁੰਦਾ ਐ।”

“ਜਦੋਂ ਇਰਾਕ ਨੇ ਕਹਿ ਦਿੱਤਾ ਐ ਕਿ ਉਸ ਕੋਲ ਇਸ ਕਿਸਮ ਦੇ ਹਥਿਆਰ ਹੈ ਹੀ ਨ੍ਹੀਂ ਤਾਂ ਗੱਲ ਖਤਮ ਹੋ ਜਾਣੀ ਚਾਹੀਦੀ ਐ।”

“ਉਹ ਝੂਠ ਬੋਲ ਰਿਹਾ ਐ। ਉਸ ਕੋਲ ਇਹ ਸਾਰੇ ਹਥਿਆਰ ਹੈਗੇ ਨੇ।”

“ਤੇਰੇ ਕੋਲ ਕੀ ਸਬੂਤ ਐ ?”

“ਇਹ ਤਾਂ ਤੈਨੂੰ ਵੀ ਪਤਾ ਈ ਐ ਕਿ ਇਰਾਨ-ਇਰਾਕ ਜੰਗ ਅੱਠ ਦਸ ਸਾਲ ਚਲਦੀ ਰਹੀ। ਪਰ ਜਦੋਂ ਖਤਮ ਹੋਣ ’ਤੇ ਆਈ ਤਾਂ ਇੱਕ ਦਿਨ ’ਚ ਹੀ ਖਤਮ ਹੋ ਗਈ। ਅਜਿਹਾ ਪਤੈ ਕਿਉਂ ਹੋਇਆ ਸੀ ?”

“ਕਿਉਂ ?”

“ਕਿਉਂਕਿ ਇਰਾਕ ਨੇ ਲੜਾਈ ਦੇ ਮੈਦਾਨ ’ਚ ਕੈਮੀਕਲ ਹਥਿਆਰਾਂ ਦੇ ਵਰਤੋਂ ਕੀਤੀ ਸੀ। ਹਜ਼ਾਰਾਂ ਇਰਾਨੀ ਫੌਜ਼ੀ ਮੋਰਚਿਆਂ ’ਚ ਬੈਠੇ ਈ ਸਦਾ ਦੀ ਨੀਂਦ ਸੌਂ ਗਏ। ਇਸੇ ਕਰਕੇ ਮਜ਼ਬੂਰ ਹੋ ਕੇ ਇਰਾਨ ਨੂੰ ਲੜਾਈ ਬੰਦ ਕਰਨੀ ਪਈ ਸੀ। ਸਭ ਨੂੰ ਪਤਾ ਐ ਕਿ ਇਰਾਕ ਕੋਲ ਹੁਣ ਵੀ ਉਹ ਹਥਿਆਰ ਹੈਗੇ ਨੇ। ਉਨ੍ਹਾਂ ਦੀ ਵਰਤੋਂ ਕਰਕੇ ਉਹ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਸਕਦਾ ਐ। ਨਾਲੇ ਇਹ ਫੈਸਲਾ ਯੂ. ਐਨ. ਓ. ਦਾ ਐ ਨਾ ਕਿ ਅਮਰੀਕਾ ਦਾ ਕਿ ਇਰਾਕ ਨੂੰ ਉਨ੍ਹਾਂ ਘਾਤਕ ਹਥਿਆਰਾਂ ਤੋਂ ਮੁਕਤ ਕੀਤਾ ਜਾਵੇ।”

“ਇਹ ਤਾਂ ਸਭ ਬਹਾਨੇ ਨੇ। ਅਸਲੀ ਮਸਲਾ ਤਾਂ ਹੋਰ ਐ।” ਆਫੀਆ ਉਸਦੀ ਕਿਸੇ ਗੱਲ ਨਾਲ ਸਹਿਮਤ ਨ੍ਹੀਂ ਹੋ ਰਹੀ ਸੀ।

"ਅਸਲੀ ਗੱਲ ਕੀ ਐ ਤੂੰ ਦੱਸਦੇ ਫਿਰ ?।"

"ਅਮਰੀਕਾ, ਇਜ਼ਰਾਇਲ ਨੂੰ ਮਹਾਂ ਇਜ਼ਰਾਇਲ ਬਣਾਉਣ ਲਈ, ਉਸਦੇ ਨੇੜਲੇ ਮੁਲਕਾਂ ਨੂੰ ਖਤਮ ਕਰਕੇ ਸਭ ਨੂੰ ਇਜ਼ਰਾਇਲ 'ਚ ਸ਼ਾਮਲ ਕਰ ਦੇਵੇਗਾ। ਸਾਰੇ ਅਰਬ ਮੁਲਕ ਖਤਮ ਹੋ ਜਾਣਗੇ। ਇਕੱਲਾ ਇਜ਼ਰਾਇਲ ਰਹਿ ਜਾਵੇਗਾ ਅਤੇ ਅਰਬ ਦੇ ਸਾਰੇ ਤੇਲ ਭੰਡਾਰਾਂ 'ਤੇ ਅਮਰੀਕਾ ਕਾਬਜ਼ ਹੋ ਜਾਵੇਗਾ।"

"ਇਹ ਮੁਮਕਿਨ ਨ੍ਹੀਂ ਐ। ਇਹ ਸਭ ਕੋਰੀਆਂ ਅਟਕਲਾਂ ਨੇ।"

"ਕਿਉਂ ਮੁਮਕਿਨ ਕਿਉਂ ਨ੍ਹੀਂ ਐ। ਪਹਿਲਾਂ ਵੀ ਇਹੀ ਕੁਛ ਤਾਂ ਹੋਇਆ ਸੀ।"

"ਪਹਿਲਾਂ ਕਦੋਂ ?"

"ਜਦੋਂ ਇਹ ਸੋ ਕਾਲਡ ਇਜ਼ਰਾਇਲ ਬਣਿਆਂ ਸੀ। ਉਦੋਂ ਵੀ ਇਵੇਂ ਹੀ ਧੱਕਾ ਕੀਤਾ ਗਿਆ ਸੀ।"

"ਮੈਨੂੰ ਪਤਾ ਐ ਕਿ ਤੂੰ ਕੀ ਕਹਿਣਾ ਚਾਹੁੰਨੀ ਐਂ ਪਰ ਮੈਂ ਉਸ ਗੱਲ ਨੂੰ ਵੀ ਵੱਖਰੇ ਨਜ਼ਰੀਏ ਤੋਂ ਵੇਖਦਾ ਆਂ। ਉਦੋਂ ਇਜ਼ਰਾਇਲ ਨਾਂ ਦਾ ਕੋਈ ਮੁਲਕ ਨ੍ਹੀਂ ਸੀ। ਸਿਰਫ ਫਸਲਤੀਨ ਮੁਲਕ ਸੀ ਜੋ ਕਿ ਉਸ ਵੇਲੇ ਅੰਗਰੇਜਾਂ ਦਾ ਗੁਲਾਮ ਸੀ। ਫਸਲਤੀਨ ਦੇ ਜਹੂਦੀ ਵੱਧ ਅਧਿਕਾਰਾਂ ਵਾਲਾ ਸੂਬਾ ਮੰਗਦੇ ਸਨ। ਕਿਉਂਕਿ ਉਨ੍ਹਾਂ ਨੇ ਵੇਖ ਲਿਆ ਸੀ ਕਿ ਆਪਣੇ ਘਰ ਤੋਂ ਬਿਨਾ ਉਨ੍ਹਾਂ ਦੀ ਹੋਂਦ ਬਰਕਰਾਰ ਨ੍ਹੀਂ ਰਹਿ ਸਕਦੀ। ਦੂਸਰੀ ਵੱਡੀ ਜ਼ੰਗ ਵੇਲੇ ਹੀ ਹਿਟਲਰ ਨੇ ਅੱਧੋਂ ਵੱਧ ਜਹੂਦੀ ਵਸੋਂ ਮਾਰ ਮੁਕਾਈ ਸੀ। ਉਨ੍ਹਾਂ ਜੱਦੋ ਜਹਿਦ ਕਰਕੇ ਵੱਧ ਅਧਿਕਾਰਾਂ ਵਾਲਾ ਸੂਬਾ ਇਜ਼ਰਾਇਲ, ਫਲਸਤੀਨ ਦੇ ਅੰਦਰੇ ਹੀ ਲੈ ਲਿਆ। ਜਦੋਂ ਅੰਗਰੇਜ਼ ਚਲੇ ਗਏ ਤਾਂ ਸਾਰੇ ਅਰਬ ਮੁਲਕਾਂ ਨੇ ਰਲ ਕੇ, ਉਸ ਵੱਖਰੇ ਸੂਬੇ ਇਜ਼ਰਾਇਲ 'ਚੋਂ ਜਹੂਦੀਆਂ ਨੂੰ ਭਜਾਉਣ ਦੀ ਮੁਹਿਮ ਸ਼ੁਰੂ ਕਰ ਦਿੱਤੀ। ਪਰ ਜਹੂਦੀਆਂ ਨੂੰ ਇਸ ਗੱਲ ਦਾ ਪਹਿਲਾਂ ਹੀ ਅਹਿਸਾਸ ਸੀ ਕਿ ਅਜਿਹਾ ਹੋਵੇਗਾ। ਉਨ੍ਹਾਂ ਵੀ ਆਪਣੀ ਤਿਆਰੀ ਕੀਤੀ ਹੋਈ ਸੀ। ਜਦੋਂ ਹਾਲਾਤ ਜ਼ਿਆਦਾ ਖਰਾਬ ਹੋ ਗਏ ਤਾਂ ਅਰਬ ਮੁਲਕਾਂ ਨੇ ਇਕੱਠੇ ਹੋ ਕੇ ਜਹੂਦੀਆਂ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ। ਤੈਨੂੰ ਪਤਾ ਈ ਐ ਇਹ 1948 ਦੀ ਇਜ਼ਰਾਇਲ ਅਰਬਾਂ ਦੀ ਪਹਿਲੀ ਲੜਾਈ ਦੀ ਗੱਲ ਐ। ਉਸ ਲੜਾਈ 'ਚ ਅਰਬ ਮੁਲਕ ਹਾਰ ਗਏ। ਫਿਰ ਇਜ਼ਰਾਇਲ ਨੇ ਆਪਣੇ ਆਪ ਨੂੰ ਤਕੜਾ ਕਰਨਾ ਸ਼ੁਰੂ ਕਰ ਦਿੱਤਾ। ਕਿਉਂਕਿ ਉਸ ਨੂੰ ਪਤਾ ਸੀ ਕਿ ਜੋ ਕੁਝ ਹੁਣ ਹੋਇਆ ਹੈ ਇਹ ਅੱਗੇ ਵੀ ਵਾਪਰੇਗਾ। ਅਤੇ ਇਸ ਤਰ੍ਹਾਂ ਹੋਇਆ ਵੀ। ਅੱਗੇ ਚੱਲ ਕੇ 1973 'ਚ ਫਿਰ ਇਜ਼ਰਾਇਲ ਅਤੇ ਅਰਬ ਮੁਲਕਾਂ ਦੀ ਜੰਗ ਹੋਈ। ਇਸ ਵਾਰ ਵੀ ਇਜ਼ਰਾਇਲ ਜਿੱਤ ਗਿਆ। ਅਸਲੀ ਗੱਲ ਇਹ ਐ ਕਿ ਜੇਕਰ ਇਜ਼ਰਾਈਲ ਕਮਜ਼ੋਰ ਹੋਵੇ ਤਾਂ ਅਰਬ ਮੁਲਕ ਉਸਨੂੰ ਇਕ ਦਿਨ ਵਿੱਚ ਖਤਮ ਕਰ ਦੇਣ। ਸੋ ਆਪਣੇ ਆਪ ਨੂੰ ਬਚਾਉਣ ਦਾ ਤਾਂ ਹਰ ਇੱਕ ਦਾ ਪਹਿਲਾ ਹੱਕ ਐ।"

"ਅਮਜਦ ਇਹ ਤੂੰ ਨ੍ਹੀਂ ਬੋਲਦਾ ਤੇਰੇ ਅੰਦਰਲਾ ਅਮਰੀਕਣ ਅਮਜਦ ਬੋਲਦਾ ਐ।" ਆਫੀਆ ਨੇ ਤਨਜ਼ ਕਸੀ।

"ਜਦੋਂ ਕੋਈ ਹੋਰ ਜੁਆਬ ਨ੍ਹੀਂ ਔੜਦਾ ਤਾਂ ਤੂੰ ਮੈਨੂੰ ਇਹ ਮਿਹਣਾ ਮਾਰ ਦਿੰਨੀ ਐਂ।"

ਗੱਲਾਂ ਕਰਦੀ ਆਫੀਆ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਕਿ ਉਸਦੇ ਪੇਟ ਵਿੱਚ ਪੀੜ ਹੋਈ ਹੋਵੇ ਤੇ ਉਹ ਭੁੰਜੇ ਹੀ ਬੈਠ ਗਈ। ਅਮਜਦ ਨੇ ਛੇਤੀ ਦੇਣੇ ਐਂਬੂਲੈਂਸ ਕਾਲ ਕੀਤੀ ਤੇ ਉਸਨੂੰ ਹਸਪਤਾਲ ਲੈ ਗਿਆ। ਪਰ ਹਸਪਤਾਲ ਵਾਲਿਆਂ ਨੇ ਕਿਸੇ ਬਿਮਾਰੀ ਦੀ ਬਜਾਇ ਉਨ੍ਹਾਂ ਨੂੰ ਖੁਸ਼ੀ ਦੀ ਖ਼ਬਰ ਦਿੱਤੀ। ਆਫੀਆ ਤੀਸਰੇ ਬੱਚੇ ਦੀ ਮਾਂ ਬਣਨ ਵਾਲੀ ਸੀ। ਉਹ ਖੁਸ਼ੀ ਖੁਸ਼ੀ ਘਰ ਮੁੜ ਆਏ। ਘਰੇ ਆ ਕੇ ਆਫੀਆ ਸੋਫੇ 'ਤੇ ਟੇਢੀ ਜਿਹੀ ਹੋ ਕੇ ਪੈ ਗਈ। ਅਮਜਦ ਕੁਰਸੀ ਖਿੱਚ ਕੇ ਉਸਦੇ ਕੋਲ ਬੈਠ ਗਿਆ। ਆਫੀਆ ਉਸਦੇ ਮੂੰਹ ਵੱਲ ਨੀਝ ਲਾ ਕੇ ਵੇਖਦੀ ਰਹੀ। ਫਿਰ ਅੱਖਾਂ ਭਰਦਿਆਂ ਹੋਇਆਂ ਬੋਲੀ, "ਅਮਜਦ ਮੇਰਾ ਇੱਥੇ ਦਿਲ ਨ੍ਹੀਂ ਲੱਗਦਾ।"

"ਕਿਉਂ ਅਜਿਹੀ ਕੀ ਗੱਲ ਐ ?"

"ਬੱਸ ਪਤਾ ਨ੍ਹੀਂ ਕੀ ਗੱਲ ਐ। ਮੈਂ ਚਾਹੁੰਨੀ ਆਂ ਕਿ ਆਪਾਂ ਪਾਕਿਸਤਾਨ ਵਾਪਸ ਚੱਲੀਏ।"

ਅਮਜਦ ਕੁਝ ਨਾ ਬੋਲਿਆ। ਉਹ ਚੁੱਪ ਚਾਪ ਉਸਦੇ ਮੂੰਹ ਵੱਲ ਵੇਖਦਾ ਰਿਹਾ ਤਾਂ ਆਫੀਆ ਫਿਰ ਬੋਲੀ, "ਤੂੰ ਕੋਈ ਜੁਆਬ ਕਿਉਂ ਨ੍ਹੀਂ ਦਿੰਦਾ ?"

"ਆਫੀਆ ਉੱਥੇ ਜਾ ਕੇ ਤੂੰ ਪਹਿਲਾਂ ਦੀ ਤਰ੍ਹਾਂ ਫਿਰ ਮੇਰੇ 'ਤੇ ਜ਼ੋਰ ਪਾਉਣਾ ਸ਼ੁਰੂ ਕਰ ਦੇਵੇਂਗੀ ਕਿ ਜਿਹਾਦ 'ਚ ਸ਼ਾਮਲ ਹੋਈਏ।"

"ਅਮਜਦ ਮੈਂ ਤਾਂ ਵਿੱਚ ਵਿਚਾਲੇ ਫਸ ਗਈ ਆਂ।" ਕਾਫੀ ਦੇਰ ਚੁੱਪ ਰਹਿਣ ਪਿੱਛੋਂ ਕੰਧ ਵੱਲ ਝਾਕਦਿਆਂ ਆਫੀਆ ਬੋਲੀ।

"ਉਹ ਕਿਵੇਂ ?"

"ਇੱਕ ਪਾਸੇ ਤੂੰ ਐਂ ਤੇ ਦੂਸਰੇ ਪਾਸੇ ਪਾਕ-ਪਵਿੱਤਰ ਜਿਹਾਦ।"

"ਆਫੀਆ ਇੱਕ ਗੱਲ ਪੁੱਛਾਂ ? ਸੱਚ ਦੱਸੀਂ।"

"ਹਾਂ ਪੁੱਛ।" ਆਫੀਆ ਨੇ ਮੂੰਹ ਉਸ ਵੱਲ ਕਰ ਲਿਆ।

"ਜੇ ਤੈਨੂੰ ਭਲਾਂ ਕਦੇ ਚੋਣ ਕਰਨੀ ਪੈ ਗਈ ਤਾਂ ਤੂੰ ਕਿਸ ਨੂੰ ਚੁਣੇਗੀ ? ਮੈਨੂੰ ਜਾਂ ਜਿਹਾਦ ਨੂੰ ?"

"ਅਮਜਦ ਜੇਕਰ ਅਜਿਹੀ ਚੋਣ ਕਰਨ ਦਾ ਸਮਾਂ ਕਦੇ ਆਉਂਦਾ ਐ ਤਾਂ ਇਹ ਮੇਰੇ ਲਈ ਬੜਾ ਦੁਖਦਾਈ ਵਕਤ ਹੋਵੇਗਾ। ਪਰ ਸੱਚੀ ਗੱਲ ਪਹਿਲਾਂ ਈ ਦੱਸ ਦਿੰਨੀ ਆਂ ਕਿ ਆਖਰ ਮੈਂ ਚੁਣਾਂਗੀ ਤਾਂ ਜਿਹਾਦ ਨੂੰ ਈ।" ਇੰਨਾ ਕਹਿੰਦਿਆਂ ਆਫੀਆ ਨੇ ਅੱਖਾਂ ਮੀਚ ਲਈਆਂ ਤੇ ਸਿੱਧੀ ਹੋ ਕੇ ਸੋਫੇ 'ਤੇ ਪੈ ਗਈ। ਅਮਜਦ ਉਦਾਸ ਜਿਹਾ ਉੱਠ ਕੇ ਬਾਹਰ ਚਲਿਆ ਗਿਆ।

ਅਗਲੇ ਦਿਨ ਸਵੇਰੇ ਵੇਲੇ ਕਿਸੇ ਫੋਨ ਦੀ ਘੰਟੀ ਨੇ ਆਫੀਆ ਨੂੰ ਨੀਂਦ 'ਚੋਂ ਜਗਾਇਆ। ਫੋਨ ਸੁਹੇਲ ਦਾ ਸੀ। ਉਹ ਦੱਸਣ ਲੱਗਿਆ ਕਿ ਐਫ. ਬੀ. ਆਈ. ਦੁਆਰਾ ਕੇਅਰ ਬਰਦਰਜ਼ ਅਤੇ ਬੇਨੇਵੋਲੈਂਸ ਇੰਟਰਨੈਸ਼ਨਲ ਦੇ ਕਈ ਹੋਰ ਮੈਂਬਰਾਂ ਨੂੰ ਪੁੱਛ ਗਿੱਛ ਲਈ ਫੜ੍ਹਿਆ ਗਿਆ ਸੀ। ਪਰ ਲੰਬੀ ਇੰਟਰਵਿਊ ਪਿੱਛੋਂ ਸਭ ਨੂੰ ਛੱਡ ਦਿੱਤਾ ਗਿਆ। ਸੁਹੇਲ ਨੇ ਆਫੀਆ ਨੂੰ ਸਾਵਧਾਨ ਕੀਤਾ ਕਿ ਉਹ ਆਪਣੀ ਅਸਲੀ ਈਮੇਲ 'ਤੇ ਕੁਝ ਵੀ ਸ਼ੱਕੀ ਨਾ ਲਿਖੇ। ਨਾਲ ਹੀ ਫੋਨ ਵਰਤਣ ਲੱਗੀ ਇਤਹਾਤ ਰੱਖੇ। ਕੋਸ਼ਿਸ਼ ਕਰੇ ਕਿ ਜ਼ਿਆਦਾ ਗੱਲ ਉਹ ਉਸਨੂੰ ਦਿੱਤੇ ਗਏ ਲੁਕਵੇਂ ਫੋਨ ਤੋਂ ਕਰੇ। ਸੁਹੇਲ ਨੂੰ ਲੱਗਿਆ ਕਿ ਆਫੀਆ ਨੀਂਦ 'ਚ ਹੋਣ ਕਾਰਨ ਸ਼ਾਇਦ ਗੱਲ ਨ੍ਹੀਂ ਕਰਨਾ ਚਾਹੁੰਦੀ। ਉਸਨੂੰ ਸੌਂਣ ਦਾ ਕਹਿ ਕੇ ਉਸ ਨੇ ਫੋਨ ਕੱਟ ਦਿੱਤਾ। ਆਫੀਆ ਨੂੰ ਦੁਬਾਰਾ ਤੋਂ ਨੀਂਦ ਆਉਣ ਲੱਗੀ ਹੀ ਸੀ ਕਿ ਫੋਨ ਫਿਰ ਤੋਂ ਖੜਕ ਪਿਆ। ਉਸਨੇ ਸਕਰੀਨ 'ਤੇ ਨਜ਼ਰ ਮਾਰੀ। ਸੁਹੇਲ ਹੀ ਦੁਬਾਰਾ ਫੋਨ ਕਰ ਰਿਹਾ ਸੀ। ਉਸਨੇ ਫੋਨ ਆਨ ਕੀਤਾ ਤਾਂ ਸੁਹੇਲ ਬੜੇ ਉਤਸ਼ਾਹ 'ਚ ਬੋਲਿਆ।

"ਮੈਂ ਜੋ ਕੁਝ ਤੈਨੂੰ ਦੱਸਣ ਜਾ ਰਿਹਾ ਆਂ ਇਸਨੇ ਤੇਰੀ ਨੀਂਦ ਅਤੇ ਸੁਸਤੀ ਬਗੈਰਾ ਸਭ ਉਡਾ ਦੇਣੀ ਐਂ।"

"ਅੱਛਾ ! ?"

"ਮੈਨੂੰ ਹੁਣੇ ਹੁਣੇ ਅਦਨਾਨ ਸ਼ੁਕਰੀਜੁਮਾ ਦਾ ਮੈਸਿਜ ਮਿਲਿਆ ਐ।"

"ਮੇਰੇ ਨਾਲ ਵੀ ਉਸਦੀ ਰਾਤ ਈ ਗੱਲ ਹੋਈ ਸੀ। ਪਰ ਹੁਣ ਉਹ ਕੀ ਕਹਿ ਰਿਹਾ ਐ ?"

“ਆਫੀਆ ਤੈਨੂੰ ਯਾਦ ਐ ਨਾ ਕਿ ਪਿੱਛੇ ਜਿਹੇ ਇੱਕ ਜਹੂਦੀ ਪੱਤਰਕਾਰ ਨੇ ਪਾਕਿਸਤਾਨ ਜਾ ਕੇ ਜੈਸ਼ੇ ਮੁਹੰਦਮ ਦੇ ਲੀਡਰ ਦੀ ਇੰਟਰਵਿਊ ਕੀਤੀ ਸੀ ਤੇ ਪਿੱਛੋਂ ਉਸਨੇ ਜੈਸ਼ੇ ਮੁਹੰਮਦ ਬਾਰੇ ਕਾਫੀ ਕੁਝ ਅਜਿਹਾ ਵੀ ਲਿਖਿਆ ਸੀ ਜੋ ਕਿ ਸਾਡੇ ਉਸ ਲੀਡਰ ਨੂੰ ਪਸੰਦ ਨ੍ਹੀਂ ਆਇਆ ਸੀ।”

“ਮੈਨੂੰ ਪਤਾ ਐ। ਤੂੰ ਡੇਨੀਅਲ ਪਰਲ ਦੀ ਗੱਲ ਕਰ ਰਿਹਾ ਐਂ।”

“ਹਾਂ ਹਾਂ ਉਸੇ ਦੀ। ਉਸਨੂੰ ਉਸਦੀ ਆਖਰੀ ਮੰਜ਼ਲ ’ਤੇ ਪਹੁੰਚਾ ਦਿੱਤਾ ਗਿਆ ਐ।”

“ਕੀ ਮਤਲਬ ?” ਆਫੀਆ ਛਾਲ ਮਾਰ ਕੇ ਖੜ੍ਹੀ ਹੋ ਗਈ।

“ਤੂੰ ਆਹ ਇੱਕ ਅਡਰੈੱਸ ਲਿਖ ਤੇ ਫਿਰ ਇੰਟਰਨੈੱਟ ’ਤੇ ਜਾ ਕੇ ਇਸ ਵੈੱਬ ਸਾਈਟ ਤੇ ਆਪ ਵੇਖ।” ਅਡਰੈੱਸ ਲਿਖਾ ਕੇ ਸੁਹੇਲ ਨੇ ਫੋਨ ਕੱਟ ਦਿੱਤਾ। ਆਫੀਆ ਨੇ ਕੰਮਪਿਊਟਰ ਆਨ ਕਰਕੇ ਸੁਹੇਲ ਦੁਆਰਾ ਦੱਸੀ ਹੋਈ ਵੈੱਬ ਸਾਈਟ ਖੋਲ੍ਹੀ ਤੇ ਵੀਡੀਓ ਚਲਾ ਦਿੱਤੀ। ਵੀਡੀਓ ਸ਼ੁਰੂ ਹੋਈ ਤਾਂ ਉਹ ਬੜੇ ਧਿਆਨ ਨਾਲ ਵੇਖਣ ਲੱਗੀ। ਦੋ ਢਕੇ ਚਿਹਰਿਆਂ ਵਾਲੇ ਡੇਨੀਅਲ ਪਰਲ ਨੂੰ ਇੱਕ ਖੁੱਲ੍ਹੇ ਵਿਹੜੇ ਵਿੱਚ ਲੈ ਕੇ ਆਉਂਦੇ ਹਨ। ਫਿਰ ਉਸਦੀਆਂ ਬਾਹਾਂ ਪਿੱਛੇ ਬੰਨ ਦਿੱਤੀਆਂ ਜਾਂਦੀਆਂ ਹਨ। ਢਕੇ ਚਿਹਰੇ ਵਾਲਾ ਇੱਕ ਜਣਾ ਅੱਗੇ ਵਧਦਾ ਹੈ ਤੇ ਡੇਨੀਅਲ ਪਰਲ ਦੀ ਜੀਭ ਵੱਢ ਦਿੰਦਾ ਹੈ। ਫਿਰ ਖੱਬੇ ਹੱਥ ਨਾਲ ਉਹ ਉਸਦੇ ਵਾਲ ਫੜ੍ਹ ਕੇ ਸਿਰ ਨੂੰ ਪਿੱਛੇ ਨੂੰ ਉਲਾਰਦਾ ਹੈ ਤੇ ਸੱਜੇ ਹੱਥ ਨਾਲ ਹੌਲੀ ਹੌਲੀ ਕਰਕੇ ਉਸਦੀ ਸ਼ਾਹ ਰਗ ਇਸ ਤਰ੍ਹਾਂ ਵੱਢਦਾ ਹੈ ਜਿਵੇਂ ਕਿ ਬੱਕਰੇ ਨੂੰ ਹਲਾਲ ਕੀਤਾ ਜਾਂਦਾ ਹੈ। ਸਾਰਾ ਕੁਝ ਦੋ ਕੁ ਮਿੰਟ ਦੀ ਵੀਡੀਓ ਵਿੱਚ ਹੀ ਵਾਪਰ ਜਾਂਦਾ ਹੈ। ਆਫੀਆ ਇਹ ਦੋ ਮਿੰਟ ਅੱਖਾਂ ਨਹੀਂ ਝਮਕਦੀ। ਪਹਿਲਾਂ ਉਸਦਾ ਚਿੱਤ ਖਰਾਬ ਹੋਣ ਲੱਗਦਾ ਹੈ। ਫਿਰ ਉਸਨੂੰ ਅਫਗਾਨਿਸਤਾਨ ’ਚ ਅਮਰੀਕਾ ਵੱਲੋਂ ਮਾਰੇ ਜਾ ਰਹੇ ਜਿਹਾਦੀ ਯਾਦ ਆਉਂਦੇ ਹਨ ਤਾਂ ਉਸ ਦਾ ਮਨ ਬਦਲਣ ਲੱਗਦਾ ਹੈ। ਆਖਰ ’ਤੇ ਉਹ ਉਨ੍ਹਾਂ ਜਿਹਾਦੀਆਂ ’ਤੇ ਗਰਭ ਮਹਿਸੂਸ ਕਰਦੀ ਹੈ ਜੋ ਕਿ ਡੇਨੀਅਲ ਪਾਰਲਰ ਦੀ ਹੱਤਿਆ ਕਰਦੇ ਹਨ।

ਅਗਲੇ ਦਿਨ ਇਹ ਘਟਨਾ ਅਖ਼ਬਾਰਾਂ ਦੀ ਮੁੱਖ ਸੁਰਖੀ ਬਣ ਗਈ। ਅਸਲ ’ਚ ਡੇਨੀਅਲ ਪਰਲ ਕਈ ਦਿਨਾਂ ਦਾ ਫੜ੍ਹਿਆ ਹੋਇਆ ਸੀ। ਉਸਦੀ ਗ੍ਰਭਵਤੀ ਪਤਨੀ ਨੇ ਟੀਵੀ ’ਤੇ ਜਾ ਕੇ ਜਿਹਾਦੀਆਂ ਨੂੰ ਬੇਨਤੀ ਵੀ ਕੀਤੀ ਸੀ ਕਿ ਉਸਦੇ ਘਰਵਾਲੇ ਦੀ ਜਾਨ ਬਖਸ਼ ਦਿੱਤੀ ਜਾਵੇ। ਉਸਨੇ ਕਿਹਾ ਸੀ ਕਿ ਹੋਰ ਕਿਸੇ ਲਈ ਨਹੀਂ ਤਾਂ ਇਸ ਨੰਨੀ ਜਾਨ ਲਈ ਹੀ ਸਹੀ, ਜੋ ਕਿ ਕੁਝ ਮਹੀਨਿਆਂ ਬਾਅਦ ਜਨਮ ਲੈਣ ਵਾਲੀ ਹੈ। ਕਮ ਸੇ ਕਮ ਇਸਨੂੰ ਪਿਉ ਵਾਂਝਾ ਨਾ ਕੀਤਾ ਜਾਵੇ। ਪਰ ਉਸਦੀਆਂ ਮਿਨਤਾਂ ਦਾ ਕੋਈ ਅਸਰ ਨਾ ਹੋਇਆ। ਅੱਤਵਾਦੀਆਂ ਨੇ ਪਰਲ ਦੀ ਸਿਰਫ ਹੱਤਿਆ ਹੀ ਨਾ ਕੀਤੀ ਸਗੋਂ ਉਸ ਨੂੰ ਮਾਰਨ ਵੇਲੇ ਉਸਦੀ ਵੀਡੀਓ ਇਸ ਕਰਕੇ ਬਣਾਈ ਗਈ ਤਾਂ ਕਿ ਹੋਰਨਾਂ ਪੱਤਰ ਪ੍ਰੇਰਕਾਂ ਨੂੰ ਡਰਾਇਆ ਜਾ ਸਕੇ।

ਅਮਰੀਕਾ ਲੜਾਈ ਦਾ ਮੂੰਹ ਭਾਵੇਂ ਇਰਾਕ ਵੱਲ ਮੋੜ ਰਿਹਾ ਸੀ ਪਰ ਉਸਨੇ ਅਲ ਕਾਇਦਾ ਮੈਂਬਰਾਂ ਦਾ ਪਿੱਛਾ ਕਰਨਾ ਹੋਰ ਤੇਜ਼ ਕਰ ਦਿੱਤਾ ਸੀ। ਆਖਰ ਮਾਰਚ 2002 ’ਚ ਅਮਰੀਕਾ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਜਦੋਂ ਉਨ੍ਹਾਂ ਬਹੁਤ ਹੀ ਉਚ ਕੋਟੀ ਦਾ ਅਲਕਾਇਦਾ ਮੈਂਬਰ, ਅਬੂ ਜ਼ੁਬੇਦ ਫੜ੍ਹ ਲਿਆ। ਪਹਿਲੀ ਵਾਰ ਅਬੂ ਜ਼ੁਬੇਦ ਨੇ ਅਜਿਹੀ ਜਾਣਕਾਰੀ ਦਿੱਤੀ ਕਿ ਅਮਰੀਕੀ ਸਰਕਾਰ ਦੇ ਹੋਸ਼ ਉੱਡ ਗਏ। ਉਸ ਮੁਤਾਬਕ ਨਾਈਨ ਅਲੈਵਨ ਦੀ ਸਾਰੀ ਕਾਰਵਾਈ ਨੂੰ ਸਿਰੇ ਚੜਾਉਣ ਦੀ ਜ਼ਿੰਮੇਵਾਰੀ ਖਾਲਿਦ ਸ਼ੇਖ ਮੁਹੰਮਦ ਦੀ ਸੀ ਜਿਸਨੂੰ ਕਿ ਆਮ ਤੌਰ ਤੇ ਕੇ. ਐਸ. ਐਮ. ਕਿਹਾ ਜਾਂਦਾ ਸੀ। ਅਤੇ 1993 ’ਚ ਨਾਰਥ ਟਾਵਰ ਦੇ ਪਾਰਕਿੰਗ ਲਾਟ ਵਿੱਚ ਬੰਬ ਧਮਾਕਾ ਕਰਕੇ ਛੇ ਜਣਿਆਂ ਦੀ ਮੌਤ ਅਤੇ ਸੈਂਕੜਿਆਂ ਨੂੰ ਜ਼ਖ਼ਮੀ ਕਰਨ ਵਾਲਾ ਰਮਜੀ ਯੂਸਫ ਇਸੇ ਕੇ. ਐਸ. ਐਮ. ਦਾ ਭਤੀਜਾ ਹੈ। ਅਮਰੀਕੀ ਏਜੈਂਸੀਆਂ ਜਿਹੜੀਆਂ ਹੁਣ ਤੱਕ ਨਾਈਨ ਅਲੈਵਨ ਬਾਰੇ ਹਨੇਰੇ ’ਚ ਹੀ ਤੀਰ ਮਾਰ ਰਹੀਆਂ ਸਨ, ਹੁਣ ਸਾਰੀ ਕਹਾਣੀ ਸਮਝ ਗਈਆਂ। ਉਹ ਜਾਣ ਗਈਆਂ ਕਿ ਕਿਵੇਂ ਕੇ. ਐੱਸ. ਐਮ. ਨੇ ਉਸਾਮਾ ਬਿਨ ਲਾਦਿਨ ਨਾਲ ਮਿਲ ਕੇ ਨਾਈਨ ਅਲੈਵਨ ਵਾਲਾ ਕਾਰਾ ਕਰਨ ਦਾ ਮਤਾ ਪਕਾਇਆ। ਫਿਰ ਇਸਨੂੰ ਸਿਰੇ ਚੜਾਉਣ ਦੀ ਸਾਰੀ ਜ਼ਿੰਮੇਵਾਰੀ ਵੀ ਕੇ. ਐਸ. ਐਮ. ਨੇ ਹੀ ਪੂਰੀ ਕੀਤੀ। ਉਸੇ ਨੇ ਸਾਰੇ

ਅੱਤਵਾਦੀਆਂ ਨੂੰ ਅਮਰੀਕਾ ਪਹੁੰਚਾਉਣ 'ਚ ਮੱਦਦ ਕੀਤੀ ਤੇ ਉਨ੍ਹਾਂ ਨੂੰ ਟਰੇਨਿੰਗ ਦਿੱਤੀ। ਅਬੂ ਜ਼ੁਬੇਦ ਬਹੁਤ ਥੋੜੇ ਟਾਰਚਰ ਨਾਲ ਹੀ ਬਹੁਤ ਕੁਝ ਮੰਨ ਗਿਆ। ਉਸਨੇ ਕੇ. ਐਸ. ਐਮ. ਦੀਆਂ ਅੱਗੇ ਦੀਆਂ ਸਕੀਮਾਂ ਵੀ ਦੱਸ ਦਿੱਤੀਆਂ। ਅਬੂ ਨੇ ਦੱਸਿਆ, "ਕੇ. ਐਸ. ਐਮ. ਆਪਣੀ ਇਸ ਨਾਈਨ ਅਲੈਵਨ ਦੀ ਪ੍ਰਾਪਤੀ ਤੋਂ ਬਹੁਤ ਉਤਸ਼ਾਹਤ ਐ। ਉਹ ਇਸ ਲੜਾਈ ਨੂੰ ਜ਼ੋਰ ਸ਼ੋਰ ਨਾਲ ਅੱਗੇ ਵਧਾਉਂਦਾ ਹੋਇਆ ਦੂਜੇ ਵੱਡੇ ਹਮਲੇ ਦੀ ਤਿਆਰੀ ਕਰ ਰਿਹਾ ਐ। ਉਸਦੀ ਅੱਗੇ ਦੀ ਪਹਿਲੀ ਸਕੀਮ ਇਹ ਹੈ ਕਿ ਅਮਰੀਕਾ ਵਿੱਚ ਰੇਡੀਉ ਐਕਟਿਵ ਬੰਬਾਂ ਨਾਲ ਹਮਲਾ ਕੀਤਾ ਜਾਵੇ। ਅਮਰੀਕਾ ਦੀਆਂ ਨੈਚਰਲ ਗੈਸ ਲਾਈਨਾਂ ਨੂੰ ਅੱਗ ਲਗਾ ਦਿੱਤੀ ਜਾਵੇ ਜਿਸ ਨਾਲ ਇੱਕੋ ਵਾਰ ਵਿੱਚ ਲੱਖਾਂ ਲੋਕ ਮਰ ਜਾਣਗੇ। ਜਾਂ ਫਿਰ ਉਹ ਚਾਹੁੰਦਾ ਐ ਕਿ ਅਮਰੀਕਣ ਪਾਣੀ ਦੇ ਸਿਸਟਮ ਵਿੱਚ ਜ਼ਹਿਰ ਮਿਲਾ ਦਿੱਤਾ ਜਾਵੇ। ਇਸ ਨਾਲ ਵੀ ਬਹੁਤ ਲੋਕ ਮਰਨਗੇ। ਅਮਰੀਕਣ ਐਟਮੀ ਊਰਜਾ ਪਲਾਂਟ ਵੀ ਉਸਦੇ ਨਿਸ਼ਾਨੇ 'ਤੇ ਹਨ।"

ਅਬੂ ਜ਼ੁਬੇਦ ਨੇ ਹੋਰ ਦੱਸਿਆ ਕਿ ਇਸ ਦੂਜੇ ਵੱਡੇ ਹਮਲੇ ਲਈ ਕੇ. ਐਸ. ਐਮ. ਨੇ ਵੱਖਰਾ ਤਰੀਕਾ ਅਖਤਿਆਰ ਕੀਤਾ ਹੈ। ਇਸਦੇ ਲਈ ਉਹ ਪਹਿਲਾਂ ਤੋਂ ਹੀ ਅਮਰੀਕਾ ਰਹਿ ਰਹੇ ਲੋਕਾਂ 'ਚੋਂ ਜਿਹਾਦੀਆਂ ਦੀ ਭਰਤੀ ਕਰ ਰਿਹਾ ਹੈ। ਇਸ ਕੰਮ ਲਈ ਉਸਨੇ ਹੋਜ਼ੇ ਪਦੀਲਾ ਵਰਗੇ ਕਈ ਬੰਦੇ ਚੁਣ ਵੀ ਲਏ ਹਨ। ਇਸ ਤੋਂ ਬਿਨਾਂ ਅਬੂ ਜ਼ੁਬੇਦ ਨੇ ਅੱਗੇ ਦੱਸਿਆ ਕਿ ਅਗਲੀਆਂ ਸਾਰੀਆਂ ਸਕੀਮਾਂ ਨੂੰ ਸਿਰੇ ਚੜ੍ਹਾਉਣ ਲਈ ਕੇ. ਐਸ.ਐਮ. ਨੇ ਅਦਨਾਨ ਸ਼ੁਕਰੀਜੁਮਾ ਦੀ ਜ਼ਿੰਮੇਵਾਰੀ ਲਾਈ ਹੈ। ਉਹੀ ਅਮਰੀਕਾ ਰਹਿੰਦਾ ਹੋਇਆ ਅੱਗੇ ਦੇ ਅਪਰੇਸ਼ਨਾ ਨੂੰ ਅੰਜ਼ਾਮ ਦੇਵੇਗਾ। ਅਬੂ ਜ਼ੁਬੇਦ ਤੋਂ ਜਿਨ੍ਹਾਂ ਬਾਰੇ ਵੀ ਜਾਣਕਾਰੀ ਮਿਲੀ ਐਫ. ਬੀ. ਆਈ. ਉਨ੍ਹਾਂ ਸਾਰਿਆਂ ਦੇ ਮਗਰ ਲੱਗ ਗਈ।

## 12

ਅਮਜਦ ਨੇ ਆਪਣਾ ਆਖਰੀ ਇਮਤਿਹਾਨ ਪਾਸ ਕਰ ਲਿਆ ਤੇ ਉਸਨੇ ਡਾਕਟਰੀ ਦੀ ਸਾਰੀ ਪੜ੍ਹਾਈ ਮੁਕੰਮਲ ਕਰ ਲਈ ਜੋ ਕਿ ਉਸਦਾ ਨਿਸ਼ਾਨਾ ਸੀ। ਉਸਦੇ ਲਈ ਬੜੇ ਮਾਣ ਵਾਲੀ ਗੱਲ ਸੀ ਕਿ ਉਹ ਆਪਣੀ ਕਲਾਸ 'ਚੋਂ ਅੱਵਲ ਆਇਆ ਸੀ। ਉਸ ਦੀ ਪਾਰਟ ਟਾਈਮ ਟੀਚਰ ਦੀ ਜਾਬ ਵੀ ਉਸ ਲਈ ਚੰਗੀ ਸਾਬਤ ਹੋਈ। ਇਹ ਇਮਤਿਹਾਨ ਪਾਸ ਕਰਦਿਆਂ ਹੀ ਉਸਨੂੰ ਅਸਿਸਟੈਂਟ ਪ੍ਰੋਫੈਸਰ ਬਣਾ ਦਿੱਤਾ ਗਿਆ। ਉਹ ਹੁਣ ਖੁਸ਼ ਸੀ। ਉਸਦੀਆਂ ਪੜ੍ਹਾਈ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਹੋ ਚੁੱਕੀਆਂ ਸਨ। ਉਸਨੇ ਆਫੀਆ ਨੂੰ ਖੁਸ਼ ਰੱਖਣ ਦਾ ਇੱਕ ਹੋਰ ਢੰਗ ਕੱਢਿਆ। ਉਹ ਆਫੀਆ ਨੂੰ ਕਹਿਣ ਲੱਗ ਪਿਆ ਕਿ ਅਜੇ ਤਾਂ ਆਪਾਂ ਜਿਹਾਦ ਬਾਰੇ ਸਿੱਖ ਹੀ ਰਹੇ ਹਾਂ ਜਦੋਂ ਆਪਾਂ ਇਸ ਬਾਰੇ ਪੂਰੀ ਜਾਣਕਾਰੀ ਹਾਸਿਲ ਕਰ ਲਈ ਤਾਂ ਇਸ ਵਿੱਚ ਸ਼ਾਮਲ ਹੋਣ ਬਾਰੇ ਸੋਚਾਂਗੇ। ਉਸਨੇ ਫਿਰ ਤੋਂ ਦਾਹੜੀ ਵਧਾ ਲਈ ਤਾਂ ਕਿ ਆਫੀਆ ਨੂੰ ਲੱਗੇ ਕਿ ਉਹ ਮਜ਼ਬ ਵੱਲ ਮੁੜ ਰਿਹਾ ਹੈ। ਪਰ ਆਫੀਆ ਇਸ ਵੇਲੇ ਉਸਦੀਆਂ ਗੱਲਾਂ 'ਚ ਕੋਈ ਦਿਲਚਸਪੀ ਨਹੀਂ ਲੈ ਰਹੀ ਸੀ। ਸ਼ਾਇਦ ਉਹ ਉਸਦਾ ਇਹ ਡਰਾਮਾ ਸਮਝ ਰਹੀ ਸੀ। ਖੈਰ ਅਮਜਦ ਨੇ ਆਫੀਆ ਨੂੰ ਖੁਸ਼ ਰੱਖਣ ਲਈ ਕਾਫੀ ਸਾਰਾ ਵਕਤ ਘਰੇ ਬਿਤਾਉਣਾ ਸ਼ੁਰੂ ਕਰ ਦਿੱਤਾ। ਉਹ ਹਰ ਐਤਵਾਰ ਵਾਲੇ ਦਿਨ ਉਸਨੂੰ ਅਤੇ ਬੱਚਿਆਂ ਨੂੰ ਕਿਧਰੇ ਬਾਹਰ ਘੁੰਮਾਉਣ ਲੈ ਜਾਂਦਾ। ਇੱਕ ਦਿਨ ਉਸਨੇ ਘਰੇ ਗੱਲ ਛੇੜੀ, "ਆਫੀਆ ਮੇਰੇ ਪਰਿਵਾਰ ਵਿੱਚ ਸ਼ਿਕਾਰ ਦਾ ਬਹੁਤ ਸ਼ੌਂਕ ਰਿਹਾ ਐ।"

"ਅੱਛਾ।" ਆਫੀਆ ਨੇ ਸਾਧਾਰਣ ਜਿਹਾ ਹੁੰਗਾਰਾ ਭਰਿਆ।

"ਮੈਂ ਚਾਹੁੰਨਾ ਆਂ ਕਿ ਮੈਂ ਆਪਣੇ ਬੱਚਿਆਂ ਨੂੰ ਮੇਰੇ ਖਾਨਦਾਨੀ ਸ਼ੌਂਕ ਤੋਂ ਜਾਣੂੰ ਕਰਵਾਵਾਂ।"

"ਇਸਦੇ ਲਈ ਕੀ ਕਰੇਂਗਾ?"

"ਆਪਾਂ ਇਸ ਵੀਕ ਐਂਡ 'ਤੇ ਕਿਧਰੇ ਬਾਹਰ ਚੱਲਦੇ ਆਂ। ਸ਼ਿਕਾਰ ਖੇਡਣ ਦਾ ਸਾਰਾ ਸਮਾਨ ਬਗੈਰਾ ਮੇਰਾ ਮਤਲਬ ਬੰਦੂਕ ਆਦਿ ਅਤੇ ਹੋਰ ਸਮਾਨ ਆਪਾਂ ਕਿਸੇ ਸਟੋਰ ਤੋਂ ਖਰੀਦ ਲਵਾਂਗੇ।" ਉਸਦੀ ਬੰਦੂਕ ਵਾਲੀ ਗੱਲ ਆਫੀਆ ਨੂੰ ਜਚ ਗਈ। ਉਸਨੇ ਸੋਚਿਆ ਕਿ ਇਸੇ

ਬਹਾਨੇ ਉਹ ਬੰਦੂਕ ਚਲਾਉਣ ਦਾ ਅਭਿਆਸ ਕਰ ਲਵੇਗੀ। ਨਾਲੇ ਫੀਲਡ ਵਿੱਚ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂੰ ਹੋ ਜਾਵੇਗੀ। ਉਸਨੇ ਖੁਸ਼ੀ ਖੁਸ਼ੀ ਇਸ ਕੰਮ ਲਈ ਹਾਮੀ ਭਰ ਦਿੱਤੀ। ਅਗਲੇ ਹੀ ਦਿਨ ਉਹ ਕਿਸੇ ਅਸਲੇ ਦੀ ਦੁਕਾਨ ’ਤੇ ਗਏ। ਦੁਕਾਨ ਵਾਲਿਆਂ ਉਨ੍ਹਾਂ ਦੀਆਂ ਆਈਡੀਆਂ ਬਗੈਰਾ ਚੈੱਕ ਕੀਤੀਆਂ। ਫਿਰ ਉਨ੍ਹਾਂ ਲੋੜੀਂਦਾ ਸਮਾਨ ਖਰੀਦ ਲਿਆ। ਇਸ ਵਿੱਚ ਪਿਸਤੌਲ, ਬੰਦੂਕ, ਸਰਵਾਈਵਲ ਗਾਈਡ, ਬੁਲੇਟ ਪਰੂਫ ਜੈਕਟਾਂ ਅਤੇ ਨਾਈਟ ਵਿਜ਼ਿਨ ਗੋਗਲਜ਼ ਆਦਿ ਸਨ। ਉਹ ਵੀਕ ਐਂਡ ’ਤੇ ਕਿਸੇ ਸ਼ੂਟਿੰਗ ਰੇਂਜ ’ਤੇ ਚਲੇ ਗਏ। ਉੱਥੇ ਉਨ੍ਹਾਂ ਦੋ ਦਿਨ ਬਿਤਾਏ। ਖੂਬ ਮਸਤੀ ਕੀਤੀ। ਸ਼ਿਕਾਰ ਖੇਡਿਆ। ਖਾਸ ਕਰਕੇ ਆਫੀਆ ਨੇ ਬੰਦੂਕ ਦੇ ਨਿਸ਼ਾਨੇ ਲਾਉਣ ਦਾ ਅਭਿਆਸ ਕੀਤਾ। ਐਤਵਾਰ ਦੀ ਸ਼ਾਮ ਉਹ ਘਰ ਮੁੜ ਆਏ। ਅਮਜਦ ਨੇ ਵੇਖਿਆ ਕਿ ਇਸ ਘਟਨਾ ਪਿੱਛੋਂ ਆਫੀਆ ’ਚ ਕਾਫੀ ਤਬਦੀਲੀ ਆਉਣ ਲੱਗੀ। ਉਹ ਅਮਜਦ ਨੂੰ ਕਹਿਣ ਲੱਗੀ ਕਿ ਫਿਰ ਤੋਂ ਸ਼ੂਟਿੰਗ ਰੇਂਜ ’ਤੇ ਚੱਲਿਆ ਜਾਵੇ। ਅਤੇ ਐਤਕੀ ਵਾਰ ਵੱਡੇ ਹਥਿਆਰ ਮਲਤਬ ਏ. ਕੇ. ਫੋਰਟੀ ਸੈਵਨ ਵਰਗੀਆਂ ਰਾਈਫਲਾਂ ਚਲਾਉਣ ਦਾ ਲੁਤਫ ਲਿਆ ਜਾਵੇ। ਅਮਜਦ ਇਸ ਲਈ ਮੰਨ ਗਿਆ। ਅਗਲੇ ਸੋਮਵਾਰ ਉਹ ਇਹ ਕਹਿ ਕੇ ਕੰਮ ’ਤੇ ਗਿਆ ਕਿ ਉਹ ਕੁਝ ਘੰਟਿਆਂ ਬਾਅਦ ਮੁੜ ਆਵੇਗਾ ਤੇ ਫਿਰ ਉਹ ਸ਼ਿਕਾਰ ’ਤੇ ਜਾਣ ਦਾ ਪ੍ਰੋਗਰਾਮ ਬਣਾਉਣਗੇ। ਆਫੀਆ ਖੁਸ਼ੀ ਖੁਸ਼ੀ ਤਿਆਰੀ ਕਰਨ ਲੱਗੀ। ਗਿਆਰਾਂ ਕੁ ਵਜੇ ਉਸਦੇ ਘਰ ਦੀ ਡੋਰ ਬੈੱਲ ਵੱਜੀ। ਉਹ ਭੱਜੀ-ਭੱਜੀ ਦਰਵਾਜ਼ੇ ਵੱਲ ਗਈ ਕਿ ਸ਼ਾਇਦ ਅਮਜਦ ਆ ਗਿਆ ਹੈ। ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਉਸਨੇ ਕੀ-ਹੋਲ ਵਿੱਚੋਂ ਦੀ ਵੇਖ ਲੈਣਾ ਜ਼ਰੂਰੀ ਸਮਝਿਆ। ਉਹ ਮੋਰੀ ਵਿੱਚੋਂ ਦੀ ਬਾਹਰ ਝਾਕੀ ਤਾਂ ਉਸਦਾ ਤਰਾਹ ਨਿਕਲ ਗਿਆ। ਬਾਹਰ ਦੋ ਜਣੇ ਸੂਟਡ ਬੂਟਡ ਅਤੇ ਕਾਲੀਆਂ ਐਨਕਾਂ ਲਾਈ ਦਰਵਾਜ਼ਾ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਨ। ਆਫੀਆ ਦਾ ਦਿਲ ਜ਼ੋਰ ਦੀ ਧੜਕਿਆ ਪਰ ਉਸਨੇ ਆਪਣੇ ਆਪ ’ਤੇ ਕਾਬੂ ਪਾਉਂਦਿਆਂ ਹੋਇਆਂ ਪੁੱਛਿਆ, “ਕੌਣ ਓਂ ਤੁਸੀਂ?”

“ਅਸੀਂ ਐਫ. ਬੀ. ਆਈ. ਤੋਂ ਆਂ। ਤੁਹਾਨੂੰ ਮਿਲਣਾ ਐ। ਦਰਵਾਜ਼ਾ ਖੋਲ੍ਹੋ।”

“ਮੈਂ ਘਰ ’ਚ ਇਕੱਲੀ ਔਰਤ ਆਂ। ਮੈਂ ਇਸ ਤਰ੍ਹਾਂ ਦਰਵਾਜ਼ਾ ਨ੍ਹੀਂ ਖੋਲ੍ਹ ਸਕਦੀ। ਤੁਸੀਂ ਉਦੋਂ ਆਉਣਾ ਜਦੋਂ ਮੇਰਾ ਘਰਵਾਲਾ ਘਰੇ ਹੋਇਆ।” ਉਸਨੇ ਠਰੰਮੇ ਨਾਲ ਉੱਤਰ ਦਿੱਤਾ।

“ਉਹ ਕਦੋਂ ਆਵੇਗਾ?” ਐਫ. ਬੀ. ਆਈ. ਵਾਲਿਆਂ ਨੇ ਪੁੱਛਿਆ। ਪਰ ਮੁੜ ਕੇ ਆਫੀਆ ਕੁਝ ਬੋਲੀ ਹੀ ਨਾ। ਉਹ ਕੁਝ ਦੇਰ ਦਰਵਾਜ਼ਾ ਖੁਲ੍ਹਵਾਉਣ ਜਾਂ ਕੋਈ ਹੋਰ ਗੱਲ ਕਰਨ ਦਾ ਯਤਨ ਕਰਦੇ ਰਹੇ ਪਰ ਆਫੀਆ ਨੇ ਅੰਦਰ ਜਾਂਦਿਆਂ ਬੈੱਡ ਰੂਮ ਦਾ ਦਰਵਾਜ਼ਾ ਵੀ ਬੰਦ ਕਰ ਲਿਆ। ਅੰਦਰੋਂ ਹੀ ਉਹ ਅਮਜਦ ਨੂੰ ਫੋਨ ਮਿਲਾਉਂਦਿਆਂ ਬੋਲੀ, “ਅਮਜਦ ਗਜ਼ਬ ਹੋ ਗਿਆ।”

“ਕਿਉਂ ਕੀ ਹੋਇਆ? ਖੈਰ ਤਾਂ ਐ?”

“ਨ੍ਹੀਂ ਖੈਰ ਨ੍ਹੀਂ ਐ। ਆਪਣੇ ਦਰਵਾਜ਼ੇ ’ਤੇ ਐਫ. ਬੀ. ਆਈ. ਵਾਲੇ ਖੜ੍ਹੇ ਨੇ ਤੇ ਉਹ ਮੈਨੂੰ ਦਰਵਾਜ਼ਾ ਖੋਲ੍ਹਣ ਲਈ ਜ਼ੋਰ ਪਾ ਰਹੇ ਨੇ।”

“ਤੂੰ ਦਰਵਾਜ਼ਾ ਖੋਲ੍ਹ ਕੇ ਪੁੱਛ ਤਾਂ ਸਹੀ ਕਿ ਆਖਰ ਗੱਲ ਕੀ ਐ। ਉਹ ਇੱਥੇ ਕੀ ਕਰਨ ਆਏ ਨੇ।”

“ਨ੍ਹੀਂ ਅਮਜਦ ਮੈਂ ਦਰਵਾਜ਼ਾ ਨ੍ਹੀਂ ਖੋਲ੍ਹਣਾ।”

“ਆਫੀਆ ਹੋ ਸਕਦਾ ਐ ਕਿ ਉਹ ਕੋਈ ਜ਼ਰੂਰੀ ਗੱਲਬਾਤ ਕਰਨ ਆਏ ਹੋਣ। ਜਾਂ ਕਿਸੇ ਹੋਰ ਦਾ ਅਤਾ ਪਤਾ ਪੁੱਛ ਰਹੇ ਹੋਣ। ਮੇਰਾ ਤਾਂ ਖਿਆਲ ਐ ਕਿ ਤੂੰ ਇੱਕ ਵਾਰ ਉਨ੍ਹਾਂ ਨਾਲ ਗੱਲ ਕਰਲੈ।”

“ਅਮਜਦ ਮੈਂ ਤੈਨੂੰ ਕਹਿਤਾ ਕਿ ਦਰਵਾਜ਼ਾ ਮੈਂ ਕਿਸੇ ਵੀ ਹਾਲਤ ’ਚ ਨ੍ਹੀਂ ਖੋਲ੍ਹਣਾ। ਮੈਨੂੰ ਤਾਂ ਬਹੁਤ ਈ ਡਰ ਲੱਗ ਰਿਹਾ ਐ।”

“ਡਰਨ ਦੀ ਇਸ ਗੱਲ ’ਚ ਕੀ ਲੋੜ ਐ। ਤੂੰ ਤਾਂ...।” ਗੱਲ ਕਰਦਾ ਕਰਦਾ ਅਮਜਦ ਇੱਕ ਦਮ ਚੁੱਪ ਹੋ ਗਿਆ। ਉਸਨੇ ਵੇਖਿਆ ਕਿ ਉਸਦੇ ਸਾਹਮਣੇ ਕੋਈ ਆ ਖੜ੍ਹਾ ਹੋਇਆ ਸੀ। ਜੋ ਵੇਖਣ ਤੋਂ ਹੀ ਕਿਸੇ ਏਜੈਂਸੀ ਦਾ ਬੰਦਾ ਲੱਗਦਾ ਸੀ।

“ਆਫੀਆ ਮੈਂ ਤੈਨੂੰ ਠਹਿਰ ਕੇ ਫੋਨ ਕਰਦਾ ਆਂ।” ਇੰਨਾ ਕਹਿੰਦਿਆਂ ਅਮਜਦ ਨੇ ਫੋਨ ਕੱਟ ਦਿੱਤਾ। ਉਸਨੇ ਫੋਨ ਪਾਸੇ ਰੱਖਿਆ ਤਾਂ ਸਾਹਮਣੇ ਖੜ੍ਹੇ ਬੰਦੇ ਨੇ ਆਪਣਾ ਕਾਰਡ ਕੱਢ ਕੇ ਉਸਦੇ ਸਾਹਮਣੇ ਕੀਤਾ ਤੇ ਬੋਲਿਆ, “ਆਈ ਐਮ ਫਰਾਮ ਐਫ. ਬੀ. ਆਈ.।”

“ਜੀ! ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਆਂ ?” ਅਮਜਦ ਦੀ ਆਵਾਜ਼ ਥਿੜਕ ਗਈ।

“ਅਸੀਂ ਤੇਰੇ ਨਾਲ ਗੱਲਬਾਤ ਕਰਨ ਆਏ ਆਂ। ਮੇਰਾ ਸਾਥੀ ਬਾਹਰ ਖੜ੍ਹਾ ਐ। ਕੀ ਆਪਾਂ ਕੁਝ ਦੇਰ ਪਾਰਕ ’ਚ ਜਾ ਕੇ ਬੈਠ ਸਕਦੇ ਆਂ ?”

“ਹਾਂ ਜੀ ਬਿਲਕੁਲ। ਮੈਂ ਆਪਣੇ ਬੌਸ ਨੂੰ ਦੱਸ ਦਿਆਂ।” ਇੰਨਾ ਕਹਿੰਦਿਆਂ ਅਮਜਦ ਨੇ ਆਪਣੇ ਬੌਸ ਨਾਲ ਗੱਲ ਕੀਤੀ ਤੇ ਐਫ. ਬੀ. ਆਈ. ਅਫਸਰ ਦੇ ਨਾਲ ਤੁਰ ਪਿਆ। ਤੁਰਿਆ ਜਾਂਦਾ ਉਹ ਸੋਚ ਰਿਹਾ ਸੀ ਕਿ ਇਹ ਤਾਂ ਕੋਈ ਖਾਸ ਗੱਲ ਲੱਗਦੀ ਹੈ ਕਿ ਇਹ ਇੱਕੋ ਵੇਲੇ ਉਸਦੇ ਘਰ ਅਤੇ ਦਫਤਰ ਆਏ ਹਨ। ਫਿਰ ਉਸਨੂੰ ਯਾਦ ਆਇਆ ਕਿ ਕੁਝ ਹਫਤੇ ਪਹਿਲਾਂ ਹੀ ਉਸਨੇ ਅਸਲੇ ਦੀ ਦੁਕਾਨ ਤੋਂ ਜੋ ਸਾਮਾਨ ਖਰੀਦਿਆ ਸੀ ਇਹ ਉਸੇ ਕਰਕੇ ਆਏ ਹੋਣਗੇ। ਇਹ ਗੱਲ ਯਾਦ ਆਉਂਦਿਆਂ ਹੀ ਉਸਦਾ ਮਾਨਸਿਕ ਤਣਾਅ ਕਾਫੀ ਘਟ ਗਿਆ। ਪਰ ਅਸਲ ਵਿੱਚ ਇਹ ਗੱਲ ਨਹੀਂ ਸੀ। ਪਹਿਲੀ ਗੱਲ ਤਾਂ ਅਬੂ ਜ਼ੁਬੇਦ ਨੇ ਹੀ ਇੱਥੇ ਦੇ ਅਲਕਾਇਦਾ ਸੈੱਲਾਂ ਬਾਰੇ ਬਹੁਤ ਜਾਣਕਾਰੀ ਦੇ ਦਿੱਤੀ ਸੀ। ਰਹਿੰਦੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਉਸਦੀ ਗ੍ਰਿਫਤਾਰੀ ਦੇ ਅਗਲੇ ਹਫਤੇ ਹੀ, ਹੋਜ਼ੇ ਪਦੀਲਾ ਪਾਕਿਸਤਾਨ ਤੋਂ ਚੱਲਿਆ, ਚਿਕਾਗੋ ਏਅਰਪੋਰਟ ’ਤੇ ਉਤਰਦਾ ਹੀ ਫੜ੍ਹ ਲਿਆ ਗਿਆ। ਉਸ ਕੋਲੋਂ ਜੋ ਕੰਮਪਿਊਟਰ ਥੰਬ ਡਰਾਈਵ ਮਿਲੀ ਉਸ ’ਚੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ ਸੀ। ਉਸੇ ’ਚੋਂ ਅਦਨਾਨ ਸ਼ੁਕਰੀਜੁੰਮਾ ਦਾ ਨਾਂ ਪਤਾ ਚੱਲਿਆ। ਐਫ. ਬੀ. ਆਈ. ਪਹਿਲਾਂ ਹੀ ਉਨ੍ਹਾਂ ਲੋਕਾਂ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖ ਰਹੀ ਸੀ ਜਿਨ੍ਹਾਂ ਦੇ ਨਾਮ ਅਬੂ ਜ਼ੁਬੇਦ ਤੋਂ ਮਿਲੇ ਸਨ। ਅਬੂ ਜ਼ੁਬੇਦ ਦੀ ਗ੍ਰਿਫਤਾਰੀ ਛੁਪਾ ਕੇ ਰੱਖੀ ਗਈ ਸੀ। ਇਸੇ ਕਰਕੇ ਹੀ ਹੋਜ਼ੇ ਪਦੀਲਾ, ਐਫ. ਬੀ. ਆਈ. ਦੇ ਧੱਕੇ ਚੜ੍ਹ ਗਿਆ। ਪਰ ਉਸਦੇ ਫੜ੍ਹ ਹੋ ਜਾਣ ਪਿੱਛੋਂ ਬਾਕੀ ਦੇ ਸਭ ਮੈਂਬਰ ਗੁਪਤਵਾਸ ਚਲੇ ਗਏ। ਖੈਰ ਅਮਜਦ ਨੂੰ ਨਾਲ ਲੈ ਕੇ ਐਫ. ਬੀ. ਆਈ. ਦੇ ਦੋਨੋਂ ਅਫਸਰ ਪਾਰਕ ਵਿੱਚ ਜਾ ਬੈਠੇ।

“ਮਿਸਟਰ ਅਮਜਦ ਅਸੀਂ ਐਫ. ਬੀ. ਆਈ. ਤੋਂ ਆਂ। ਲੈ ਤੂੰ ਆਪਣੀ ਤਸੱਲੀ ਲਈ ਮੇਰਾ ਸ਼ਨਾਖਤੀ ਕਾਰਡ ਵੇਖ ਲੈ।” ਇੰਨਾ ਕਹਿੰਦਿਆਂ ਇੱਕ ਅਫਸਰ ਨੇ ਸਰਕਾਰੀ ਬੈਜ ਵਿਖਾਉਂਦਿਆਂ, ਆਪਣਾ ਵਿਜ਼ਟਿੰਗ ਕਾਰਡ ਕੱਢ ਕੇ ਅਮਜਦ ਦੇ ਹਵਾਲੇ ਕਰ ਦਿੱਤਾ। ਅਮਜਦ ਨੇ ਸਰਸਰੀ ਨਜ਼ਰ ਮਾਰਦਿਆਂ ਕਾਰਡ ਜੇਬ ’ਚ ਪਾ ਲਿਆ।

“ਮਿਸਟਰ ਅਮਜਦ, ਤੂੰ ਕੋਈ ਘਬਰਾਹਟ ਤਾਂ ਨ੍ਹੀਂ ਮਹਿਸੂਸ ਕਰ ਰਿਹਾ। ਮੇਰਾ ਮਤਲਬ ਆਪਾਂ ਗੱਲ ਕਰ ਸਕਦੇ ਆਂ ?”

“ਨ੍ਹੀਂ ਸਰ ਅਜਿਹਾ ਕੁਝ ਨ੍ਹੀਂ, ਤੁਸੀਂ ਗੱਲ ਸ਼ੁਰੂ ਕਰੋ।”

“ਮਿਸਟਰ ਅਮਜਦ, ਨਾਈਨ ਅਲੈਵਨ ਦਾ ਕਾਰਾ ਕਰਨ ਵਾਲੇ ਹਾਈਜੈਕਰ ਘਟਨਾ ਤੋਂ ਪਹਿਲਾਂ ਤੇਰੀ ਅਪਾਰਟਮੈਂਟ ਬਿਲਡਿੰਗ ਵਿੱਚ ਆਉਂਦੇ ਜਾਂਦੇ ਰਹੇ ਨੇ। ਕੀ ਤੂੰ ਉਨ੍ਹਾਂ ਬਾਰੇ ਕੁਛ ਜਾਣਦਾ ਐਂ ?”

“ਨ੍ਹੀਂ ਸਰ। ਮੈਨੂੰ ਇਸ ਗੱਲ ਬਾਰੇ ਕੋਈ ਪਤਾ ਨ੍ਹੀ ਐ।” ਪਹਿਲੀ ਗੱਲ ਨੇ ਹੀ ਉਸਦੇ ਪੈਰ ਕੱਢ ਦਿੱਤੇ। ਜਿੰਨੀ ਛੋਟੀ ਗੱਲ ਉਹ ਸਮਝ ਰਿਹਾ ਸੀ ਇੰਨੀ ਛੋਟੀ ਉਸਨੂੰ ਲੱਗੀ ਨਹੀਂ।

“ਕੀ ਤੇਰੀ ਘਰਵਾਲੀ ਨੂੰ ਇਸ ਬਾਰੇ ਕੋਈ ਪਤਾ ਹੋਵੇਗਾ ?”

“ਜਿੱਥੋਂ ਤੱਕ ਮੇਰਾ ਖਿਆਲ ਐ, ਇਸ ਗੱਲ ਬਾਰੇ ਉਸਨੂੰ ਵੀ ਕੋਈ ਪਤਾ ਨ੍ਹੀਂ ਹੋਣਾ। ਅਸੀਂ ਤਾਂ ਆਮ ਜ਼ਿੰਦਗੀ ਜਿਉਣ ਵਾਲੇ ਸਾਦੇ ਜਿਹੇ ਲੋਕ ਆਂ।”

“ਤੈਨੂੰ ਜਾਂ ਤੇਰੀ ਘਰਵਾਲੀ ਨੂੰ ਹੋਰ ਕੋਈ ਅਤਾ-ਪਤਾ ਐ। ਸਾਡਾ ਮਤਲਬ ਹਾਈਜੈਕਰਾਂ ਜਾਂ ਉਨ੍ਹਾਂ ਦੀਆਂ ਕਾਰਵਾਈਆਂ ਬਾਰੇ ?”

“ਨ੍ਹੀਂ ਸਰ ਸਾਨੂੰ ਇਸ ਤਰ੍ਹਾਂ ਦੀ ਕੋਈ ਜਾਣਕਰੀ ਨ੍ਹੀਂ ਐ।”

ਇਸ ਪਿੱਛੋਂ ਦੋਨਾਂ ਅਫਸਰਾਂ ਦੀਆਂ ਨਜ਼ਰਾਂ ਮਿਲੀਆਂ। ਫਿਰ ਉਨ੍ਹਾਂ ਚੋਂ ਇੱਕ ਜਣਾ ਬੋਲਿਆ, “ਮਿਸਟਰ ਅਮਜਦ, ਅਸੀਂ ਤੁਹਾਡੀ ਦੋਨਾਂ ਮੀਆਂ ਬੀਵੀ ਦੀ ਇਕੱਠਿਆਂ ਦੀ ਇੰਟਰਵਿਊ ਕਰਨਾ ਚਾਹਾਂਗੇ। ਇਸਦੇ ਲਈ ਤੁਹਾਨੂੰ ਸਾਡੇ ਦਫਤਰੋਂ ਸਰਕਾਰ ਦਾ ਲੈਟਰ ਆਵੇਗਾ। ਪਰ ਉਦੋਂ ਤੱਕ ਤੁਸੀਂ ਇਹ ਸ਼ਹਿਰ ਛੱਡ ਕੇ ਕਿਧਰੇ ਨ੍ਹੀਂ ਜਾ ਸਕਦੇ। ਇਹ ਇੱਕ ਸਰਕਾਰੀ ਹੁਕਮ ਐਂ। ਮੇਰਾ ਕਾਰਡ ਤੇਰੇ ਕੋਲ ਹੈ ਜਦੋਂ ਮਰਜ਼ੀ ਕਾਲ ਕਰ ਸਕਦੇ ਓਂ। ਵੈਸੇ ਘਬਰਾਉਣ ਵਾਲੀ ਕੋਈ ਗੱਲ ਨ੍ਹੀਂ ਐ। ਇਹ ਇੱਕ ਰੁਟੀਨ ਕੰਮ ਐਂ।”

“ਜੀ ਸਰ।”

ਉਹ ਤੁਰ ਗਏ ਤਾਂ ਅਮਜਦ ਦੇ ਮਨ ਤੋਂ ਕਾਫੀ ਸਾਰਾ ਬੋਝ ਘਟ ਗਿਆ। ਸ਼ੁਰੂ ’ਚ ਤਾਂ ਉਸਨੂੰ ਪਹਿਲਾ ਸੁਆਲ ਸੁਣ ਕੇ ਹੀ ਲੱਗਿਆ ਸੀ ਕਿ ਇਹ ਤਾਂ ਗੱਲ ਹੀ ਪੁੱਠੇ ਪਾਸੇ ਨੂੰ ਤੁਰ ਪਈ। ਪਰ ਹੁਣ ਉਸਨੂੰ ਲੱਗਿਆ ਕਿ ਇਹ ਤਾਂ ਵਾਕਿਆ ਹੀ ਆਮ ਜਿਹੀ ਇਨਕੁਆਰੀ ਹੈ ਜਿਹੜੀ ਕਿ ਕਿਸੇ ਨਾਲ ਵੀ ਹੋ ਸਕਦੀ ਹੈ। ਪਰ ਜਦੋਂ ਅਮਜਦ ਘਰੇ ਪਹੁੰਚਿਆ ਤਾਂ ਆਫੀਆ ਡਰ ਨਾਲ ਕੰਬੀ ਜਾ ਰਹੀ ਸੀ। ਉਸਦੇ ਅੰਦਰ ਆਉਂਦਿਆਂ ਹੀ ਉਹ ਅਮਜਦ ਨੂੰ ਚੰਬੜ ਕੇ ਰੋਣ ਲੱਗੀ। ਅਮਜਦ ਨੇ ਉਸਨੂੰ ਧਰਵਾਸ ਦੇ ਕੇ ਚੁੱਪ ਕਰਵਾਇਆ। ਆਫੀਆ ਥੋੜਾ ਸੰਭਲਦਿਆਂ ਹੀ ਬੋਲੀ, “ਅਮਜਦ ਤੂੰ ਮੇਰੀ ਗੱਲ ਸੁਣ ਲੈ। ਆਪਾਂ ਨੂੰ ਅੱਜ ਹੀ ਪਾਕਿਸਤਾਨ ਚਲੇ ਜਾਣਾ ਚਾਹੀਦਾ ਐ।”

“ਕਿਉਂ ਆਪਾਂ ਕੀ ਕੋਈ ਗਲਤ ਕੰਮ ਕੀਤਾ ਐ ਕਿ ਇਉਂ ਭੱਜੀਏ ?”

“ਬਸ ਮੈਂ ਕਹਿਤਾ ਕਿ ਆਪਾਂ ਇੱਥੇ ਨ੍ਹੀਂ ਰਹਿਣਾ।”

“ਪਰ ਕੋਈ ਗੱਲ ਤਾਂ ਹੋਵੇ ਜਿਸ ਕਰਕੇ ਸਾਨੂੰ ਭੱਜਣਾ ਪਵੇ।”

“ਇਸਦਾ ਮਤਲਬ ਤੂੰ ਮੇਰੀ ਗੱਲ ਨ੍ਹੀਂ ਮੰਨਣੀ ?”

“ਮੈਂ ਤੇਰੀ ਗੱਲ ਮੰਨ ਲਊਂਗਾ ਜੇਕਰ ਤੂੰ ਮੈਨੂੰ ਸਾਫ ਸਾਫ ਦੱਸ ਦੇਵੇਂ ਕਿ ਤੈਨੂੰ ਡਰ ਕਿਸ ਗੱਲ ਦਾ ਐ। ਉਦੋਂ ਵੀ ਤੂੰ ਇਵੇਂ ਈ ਕੀਤਾ ਸੀ। ਘਟਨਾ ਨਿਊਯਾਰਕ ਹੋਈ ਸੀ ਤੇ ਤੂੰ ਇੱਥੇ ਧਰਤੀ ਪੱਟ ਦਿੱਤੀ ਸੀ। ਆਖਰ ਮੇਰੀ ਗੱਲ ਨਾ ਮੰਨਦਿਆਂ ਪਾਕਿਸਤਾਨ ਜਾ ਕੇ ਈ ਸਾਹ ਲਿਆ ਸੀ। ਫਿਰ ਕੀ ਨਿਕਲਿਆ ਉਸ ਗੱਲ ’ਚੋਂ ? ਸਿਰਫ ਖੱਜਲ ਖੁਆਰੀ। ਮੇਰੀ ਪੜ੍ਹਾਈ ਦਾ ਨੁਕਸਾਨ ਹੋਇਆ ਨਾਲੇ ਸਾਰੇ ਰਿਸ਼ਤੇਦਾਰਾਂ ਨੂੰ ਤੰਗ ਕੀਤਾ।”

“ਅਮਜਦ ਤੂੰ ਉਦੋਂ ਦੀ ਗੱਲ ਛੱਡ। ਮੈਂ ਤੇਰੇ ਹਾੜ੍ਹੇ ਕੱਢਦੀ ਆਂ ਪਲੀਜ਼ ਹੁਣ ਮੇਰੀ ਗੱਲ ਮੰਨ ਲੈ।” ਆਫੀਆ ਅੱਖਾਂ ’ਚ ਹੰਝੂ ਭਰਦੀ ਬੋਲੀ। ਉਸਦੇ ਹੰਝੂ ਵੇਖ ਕੇ ਅਮਜਦ ਢੈਲਾ ਪੈ ਗਿਆ। ਉਹ ਕੁਝ ਸੋਚਦਾ ਹੋਇਆ ਬੋਲਿਆ, “ਚੱਲ ਮੈਂ ਕੁਛ ਦੋਸਤਾਂ ਨਾਲ ਸਲਾਹ ਮਸ਼ਵਰਾ ਕਰਦਾ ਆਂ। ਫਿਰ ਵੇਖਦੇ ਆਂ ਕਿ ਕੀ ਬਣਦਾ ਐ।”

“ਜੇ ਉਦੋਂ ਨੂੰ ਉਹ ਦੁਬਾਰਾ ਆ ਗਏ ਤਾਂ ?”

"ਨ੍ਹੀਂ ਇੰਨੀ ਛੇਤੀ ਉਹ ਨ੍ਹੀਂ ਆਉਂਦੇ। ਨਾਲੇ ਉਨ੍ਹਾਂ ਨੂੰ ਹੋਰ ਵੀ ਕੋਈ ਕੰਮ ਹੋਊਗਾ। ਇਕੱਲੇ ਆਪਾਂ ਈ ਤਾਂ ਇੱਥੇ ਨ੍ਹੀਂ ਬੈਠੇ। ਇੱਥੇ ਲੱਖਾਂ ਮੁਸਲਮਾਨ ਰਹਿੰਦੇ ਨੇ। ਕੀ ਪਤਾ ਉਨ੍ਹਾਂ ਨੇ ਕਿਸ ਕਿਸ ਦੀ ਇੰਟਰਵਿਊ ਕਰਨੀ ਹੋਵੇਗੀ।"

"ਤੂੰ ਮੇਰੇ ਨਾਲ ਇੱਕ ਗੱਲ ਦਾ ਫੈਸਲਾ ਕਰ, ਹੁਣੇ ਈ।" ਆਫੀਆ ਗੁੱਸੇ 'ਚ ਕੰਬਣ ਲੱਗੀ।

ਅਮਜਦ ਹੈਰਾਨ ਹੋ ਕੇ ਆਫੀਆ ਵੱਲ ਝਾਕਿਆ ਕਿ ਇਹ ਕਦੇ ਨਰਮ ਪੈ ਜਾਂਦੀ ਹੈ ਤੇ ਕਦੇ ਫਿਰ ਤੋਂ ਭੜਕ ਉੱਠਦੀ ਹੈ।

'ਅਮਜਦ ਤੈਨੂੰ ਮੇਰੀ ਪ੍ਰਵਾਹ ਐ ਕਿ ਨ੍ਹੀਂ ?"

"ਤੇਰੀ ਪ੍ਰਵਾਹ ਮੈਨੂੰ ਨਾ ਹੋਊਗੀ ਤਾਂ ਫਿਰ ਹੋਰ ਕਿਸਨੂੰ ਹੋਊਗੀ।"

"ਫਿਰ ਮੇਰੇ ਆਖੇ ਲੱਗ ਤੇ ਕੱਲ੍ਹ ਨੂੰ ਈ ਪਾਕਿਸਤਾਨ ਚੱਲ।"

ਅਮਜਦ ਨੇ ਉਸਦੀ ਗੱਲ ਦਾ ਕੋਈ ਜ਼ੁਆਬ ਨਾ ਦਿੱਤਾ। ਉਸਨੇ ਕਈ ਦੋਸਤਾਂ ਨੂੰ ਫੋਨ ਮਿਲਾ ਕੇ ਗੱਲਾਂ ਕੀਤੀਆਂ। ਹਰ ਇੱਕ ਨੇ ਉਸਨੂੰ ਇਹੀ ਦੱਸਿਆ ਕਿ ਅੱਜ ਕੱਲ੍ਹ ਇਹ ਗੱਲ ਆਮ ਹੋ ਗਈ ਹੈ ਕਿ ਐਫ. ਬੀ. ਆਈ. ਵਾਲੇ ਕਿਸੇ ਵੀ ਮੁਸਲਮਾਨ ਦੇ ਘਰ ਜਾ ਪਹੁੰਚਦੇ ਹਨ। ਪਰ ਜਦੋਂ ਕੁਝ ਮਿਲਦਾ ਨਹੀਂ ਤਾਂ ਵਾਪਸ ਮੁੜ ਪੈਂਦੇ ਹਨ। ਫਿਰ ਅਮਜਦ ਨੇ ਆਫੀਆ ਦੇ ਭਰਾ, ਮੁਹੰਮਦ ਅਲੀ ਨੂੰ ਹੂਸਟਨ ਵਿੱਚ ਫੋਨ ਕੀਤਾ। ਸਾਰੀ ਗੱਲ ਸੁਣ ਕੇ ਅਲੀ ਨੇ ਆਫੀਆ ਨਾਲ ਗੱਲ ਕਰਨੀ ਚਾਹੀ। ਆਫੀਆ ਨੇ ਫੋਨ ਫੜ੍ਹ ਲਿਆ ਤਾਂ ਉਹ ਹੱਸਦਾ ਹੋਇਆ ਬੋਲਿਆ, "ਤੂੰ ਸਾਡੀ ਬਹਾਦਰ ਲਿਟਲ ਸਿਸਟਰ ਕਦੋਂ ਕੁ ਦੀ ਡਰਪੋਕ ਬਣ ਗਈ। ਇਹ ਤੈਨੂੰ ਕੀ ਹੋ ਗਿਆ। ਇਸ ਤਰ੍ਹਾਂ ਤਾਂ ਸਾਰੇ ਮੁਸਲਮਾਨ ਅਮਰੀਕਾ ਛੱਡ ਕੇ ਤੁਰ ਜਾਣਗੇ। ਤੈਨੂੰ ਡਰਨ ਦੀ ਲੋੜ ਨ੍ਹੀਂ ਐ। ਸ਼ਾਂਤ ਰਹਿ।"

"ਪੱਲੇ ਸ਼ਾਂਤੀ ਈ ਰਹਿ ਜਾਣੀ ਐਂ। ਉਨ੍ਹਾਂ ਨੇ ਚੁੱਕ ਕੇ ਜੇਲ੍ਹ ਵਿੱਚ ਸੁੱਟ ਦੇਣਾ ਐਂ।"

"ਕੁਛ ਨ੍ਹੀਂ ਹੁੰਦਾ ਐਵੇਂ ਘਬਰਾ ਨਾ।"

ਉਸਦਾ ਭਰਾ ਵੀ ਵਾਰ ਵਾਰ ਪੁੱਛਦਾ ਰਿਹਾ ਕਿ ਉਹ ਕਿਸ ਗੱਲ ਕਰਕੇ ਇੰਨਾ ਡਰ ਰਹੀ ਹੈ ਪਰ ਆਫੀਆ ਨੇ ਕੋਈ ਜ਼ੁਆਬ ਨਾ ਦਿੱਤਾ। ਆਖਰ ਉਹ ਚੁੱਪ ਹੋ ਗਈ ਤੇ ਕੰਬਦੀ ਜਿਹੀ ਸੋਫੇ 'ਚੇ ਬੈਠ ਗਈ। ਪਰ ਉਸ ਰਾਤ ਉਹ ਪਲ ਭਰ ਵੀ ਨਾ ਸੁੱਤੀ। ਉਹ ਸਾਰੀ ਰਾਤ ਕਮਰੇ 'ਚ ਗੇੜੇ ਕੱਢਦੀ ਰਹੀ। ਅਮਜਦ ਨੂੰ ਉਸਦੀਆਂ ਹਰਕਤਾਂ ਬਹੁਤ ਪਰੇਸ਼ਾਨ ਕਰ ਰਹੀਆਂ ਸਨ। ਉਸਨੂੰ ਫਿਕਰ ਵੀ ਸੀ ਕਿ ਕਿਧਰੇ ਇਸਦੇ ਦਿਮਾਗ 'ਤੇ ਹੀ ਬੋਝ ਨਾ ਪੈ ਜਾਵੇ। ਸਵੇਰ ਹੁੰਦਿਆਂ ਹੀ ਉਸਨੇ ਬਾਸਟਨ ਦੇ ਮਸ਼ਹੂਰ ਵਕੀਲ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ। ਨਾਲ ਹੀ ਇਹ ਵੀ ਦੱਸਿਆ ਕਿ ਉਸਦੀ ਘਰਵਾਲੀ ਇਸ ਵਾਕਿਆ ਤੋਂ ਬਹੁਤ ਹੀ ਡਰੀ ਹੋਈ ਹੈ। ਵਕੀਲ ਨੇ ਸਲਾਹ ਦਿੱਤੀ ਕਿ ਇਸਦੇ ਲਈ ਤੁਸੀਂ ਆਪ ਹੀ ਐਫ. ਬੀ. ਆਈ. ਨਾਲ ਮੁਲਾਕਤ ਦਾ ਵਕਤ ਲੈ ਕੇ ਇੰਟਰਵਿਊ ਵਾਲਾ ਕੰਮ ਪੂਰਾ ਕਰ ਸਕਦੇ ਓਂ। ਸਗੋਂ ਇਸ ਤਰ੍ਹਾਂ ਤੁਹਾਨੂੰ ਲੰਬੇ ਸਮੇ ਤੱਕ ਐਫ. ਬੀ. ਆਈ. ਦੇ ਡਰ ਥੱਲੇ ਦਿਨ ਨਹੀਂ ਲੰਘਾਉਣੇ ਪੈਣਗੇ। ਅਮਜਦ ਦੇ ਹਾਂ ਕਹਿੰਦਿਆਂ ਹੀ ਵਕੀਲ ਨੇ ਐਫ. ਬੀ. ਆਈ ਨੂੰ ਫੋਨ ਕਰਕੇ ਉਨ੍ਹਾਂ ਨਾਲ ਅਮਜਦ ਹੋਰਾਂ ਲਈ ਇੰਟਰਵਿਊ ਦੀ ਅਗਲੇ ਦਿਨ ਦੀ ਹੀ ਇੰਟਰਵਿਊ ਦੀ ਤਾਰੀਖ ਤਹਿ ਕਰ ਲਈ। ਅਮਜਦ ਨੇ ਆਫੀਆ ਨੂੰ ਦੱਸਿਆ ਤਾਂ ਉਹ ਹੋਰ ਵੀ ਡਰ ਗਈ ਤੇ ਭੜਕ ਗਈ। ਉਹ ਕਹਿਣ ਲੱਗੀ ਕਿ ਉਹ ਕਿਸੇ ਵੀ ਹਾਲਤ ਵਿੱਚ ਐਫ. ਬੀ. ਆਈ. ਦੇ ਸਾਹਮਣੇ ਨਹੀਂ ਜਾਵੇਗੀ।

"ਪਰ ਤੈਨੂੰ ਤਕਲੀਫ ਕੀ ਐ। ਤੂੰ ਕਿਸੇ ਵੀ ਗੱਲ 'ਤੇ ਕੰਨ ਨ੍ਹੀਂ ਧਰ ਰਹੀ। ਹੁਣ ਵਕੀਲ ਨੇ ਇੰਟਰਵਿਊ ਦਾ ਪ੍ਰਬੰਧ ਕਰ ਦਿੱਤਾ ਐ ਤਾਂ ਤੂੰ ਕਹਿਣ ਲੱਗ ਪਈ ਐਂ ਕਿ ਤੂੰ ਐਫ. ਬੀ. ਆਈ. ਵਾਲਿਆਂ ਨੂੰ ਮਿਲਣਾ ਈ ਨ੍ਹੀਂ। ਤੈਨੂੰ ਪਤਾ ਹੋਣਾ ਚਾਹੀਦਾ ਐ ਕਿ ਇਹ ਸਰਕਾਰੀ ਹੁਕਮ ਐਂ ਕਿ ਆਪਾਂ ਇੰਟਰਵਿਊ ਦਿੱਤੇ ਬਿਨਾ ਇੱਥੋਂ ਨ੍ਹੀਂ ਜਾ ਸਕਦੇ।"

"ਅਮਜਦ ਕੀ ਤੈਨੂੰ ਇਸ ਗੱਲ ਦਾ ਭੋਰਾ ਭਰ ਅਹਿਸਾਸ ਵੀ ਐ ਕਿ ਜੇਕਰ ਕੋਈ ਪੰਗਾ ਪੈ ਗਿਆ ਤਾਂ ਕੀ ਹੋਵੇਗਾ ?"

"ਆਫੀਆ ਇਹ ਤਾਂ ਤੂੰ ਉਦੋਂ ਸੋਚਣਾ ਸੀ ਜਦੋਂ ਮੇਰੇ ਰੋਕਣ ਦੇ ਬਾਵਜੂਦ ਵੀ ਚੈਰਿਟੀ ਦੇ ਕੰਮਾਂ 'ਚ ਹਿੱਸਾ ਲੈਣੋਂ ਨ੍ਹੀਂ ਹਟਦੀ ਹੁੰਦੀ ਸੀ। ਨਾਲੇ ਐਵੇਂ ਡਰੀ ਜਾ ਰਹੀ ਐਂ। ਜਿੰਨੇ ਵੀ ਇੱਥੇ ਕੇਅਰ ਬਰਦਰਜ਼ ਜਾਂ ਬੇਨੇਵੋਲੈਂਸ ਇੰਟਰਨੈਸ਼ਨਲ ਦੇ ਮੈਂਬਰ ਨੇ ਸਭ ਨਾਲ ਈ ਐਫ. ਬੀ. ਆਈ. ਨੇ ਗੱਲਬਾਤ ਕੀਤੀ ਐ। ਕਿਸੇ ਨੂੰ ਕੁਝ ਨ੍ਹੀਂ ਕਿਹਾ।"

"ਉਨ੍ਹਾਂ ਦੀ ਤੇ ਮੇਰੀ ਗੱਲ 'ਚ ਫਰਕ ਐ।"

"ਹੈਂ! ਕੀ ਕਿਹਾ ? ਤੇਰੇ 'ਚ ਤੇ ਉਨ੍ਹਾਂ ਵਿੱਚ ਕੀ ਫਰਕ ਐ!?" ਅਮਜਦ ਦਾ ਦਿਲ ਜ਼ੋਰ ਦੀ ਧੜਕਿਆ।

"ਇਹ ਗੱਲਾਂ ਤੂੰ ਨ੍ਹੀਂ ਸਮਝ ਸਕਦਾ। ਇਹ ਚੈਰਿਟੀਆਂ ਦੇ ਆਪਣੇ ਕੰਮ ਕਰਨ ਦੇ ਢੰਗ ਤਰੀਕੇ ਹੁੰਦੇ ਨੇ।" ਆਫੀਆ ਦੇ ਮੂੰਹੋਂ ਕੋਈ ਹੋਰ ਗੱਲ ਨਿਕਲ ਚੱਲੀ ਸੀ ਪਰ ਫਿਰ ਉਸਨੇ ਚੁਸਤੀ ਨਾਲ ਗੱਲ ਨੂੰ ਗੋਲ ਕਰ ਦਿੱਤਾ। ਫਿਰ ਅਮਜਦ ਠਰੰਮੇ ਨਾਲ ਬੋਲਿਆ, "ਵੇਖ ਆਫੀਆ, ਆਪਾਂ ਬਹਿਸ ਬਹੁਤ ਕਰ ਲਈ। ਹੁਣ ਮੈਂ ਇੱਕ ਪਤੀ ਦੇ ਅਧਿਕਾਰ ਨਾਲ ਤੈਨੂੰ ਕਹਿ ਰਿਹਾ ਆਂ ਕਿ ਕੱਲ੍ਹ ਸਵੇਰੇ ਦਸ ਵਜੇ ਆਪਾਂ ਵਕੀਲ ਦੇ ਦਫਤਰ ਜਾ ਰਹੇ ਆਂ। ਉੱਥੇ ਈ ਐਫ. ਬੀ. ਆਈ. ਵਾਲੇ ਆਉਣਗੇ ਤੇ ਉੱਥੇ ਈ ਆਪਣੀ ਇੰਟਰਵਿਊ ਹੋਵੇਗੀ। ਹੁਣ ਇਸ ਮਸਲੇ 'ਤੇ ਕੋਈ ਗੱਲ ਨ੍ਹੀਂ ਕਰਨੀ।" ਇੰਨਾ ਕਹਿ ਕੇ ਅਮਜਦ ਘਰੋਂ ਬਾਹਰ ਚਲਾ ਗਿਆ। ਸ਼ਾਮ ਵੇਲੇ ਉਹ ਆਇਆ ਤਾਂ ਆਫੀਆ ਮੂੰਹ ਸਿਰ ਲਪੇਟ ਕੇ ਬੈੱਡ 'ਤੇ ਪਈ ਹੋਈ ਸੀ। ਅਮਜਦ ਨੇ ਸੋਚਿਆ ਕਿ ਇਹ ਸ਼ਾਇਦ ਇਸ ਕਰਕੇ ਗੁੱਸਾ ਵਿਖਾ ਰਹੀ ਹੈ ਕਿ ਮੈਂ ਇਸਦੀ ਗੱਲ ਨਹੀਂ ਮੰਨ ਰਿਹਾ। ਪਰ ਆਫੀਆ ਦੇ ਅੰਦਰ ਵੱਡੀ ਹਿੱਲ-ਜੁੱਲ ਮੱਚੀ ਹੋਈ ਸੀ। ਉਸਨੂੰ ਪੱਕਾ ਵਿਸ਼ਵਾਸ ਸੀ ਕਿ ਕੱਲ੍ਹ ਨੂੰ ਉਸਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

ਅਗਲੇ ਦਿਨ ਉਹ ਮਿੱਥੇ ਵਕਤ 'ਤੇ ਵਕੀਲ ਦੇ ਦਫਤਰ ਪਹੁੰਚ ਗਏ। ਉਦੋਂ ਹੀ ਐਫ ਬੀ ਆਈ ਦੇ ਉਹੀ ਦੋ ਅਫਸਰ ਜਿਹੜੇ ਕਿ ਅਮਜਦ ਨੂੰ ਮਿਲ ਕੇ ਗਏ ਸਨ ਉੱਥੇ ਆ ਗਏ। ਉਨ੍ਹਾਂ ਕੁਝ ਕਾਗਜ਼ਾਂ 'ਤੇ ਦੋਨਾਂ ਦੇ ਦਸਤਖਤ ਕਰਵਾ ਕੇ ਵਕੀਲ ਦੀ ਸਹਿਮਤੀ ਨਾਲ ਇੰਟਰਵਿਊ ਸ਼ੁਰੂ ਕਰ ਲਈ। ਸ਼ੁਰੂ 'ਚ ਉਹ ਕੋਈ ਜ਼ਿਆਦਾ ਔਖੇ ਸੁਆਲ ਨਹੀਂ ਕਰ ਰਹੇ ਸਨ। ਸਗੋਂ ਉਹ ਵਿੱਚ ਵਿੱਚ ਦੀ ਅਮਜਦ ਨੂੰ ਅਜਿਹੇ ਮਾਖੌਲ ਵੀ ਕਰ ਰਹੇ ਸਨ ਜੋ ਕਿ ਆਮ ਲੋਕ ਡਾਕਟਰਾਂ ਬਾਰੇ ਕਰਦੇ ਰਹਿੰਦੇ ਹਨ। ਇਸ ਗੱਲ ਨੇ ਅਮਜਦ ਨੂੰ ਨਿਸ਼ਚਿੰਤ ਕਰ ਦਿੱਤਾ ਕਿ ਕੋਈ ਖਤਰੇ ਵਾਲੀ ਗੱਲ ਨਹੀਂ ਹੈ। ਫਿਰ ਇੱਕ ਅਫਸਰ ਬੋਲਿਆ, "ਮਿਸਟਰ ਅਤੇ ਮਿਸਿਜ਼ ਅਮਜਦ, ਹੁਣ ਆਪਾਂ ਆਫੀਸ਼ਲ ਮੀਟਿੰਗ ਸ਼ੁਰੂ ਕਰ ਰਹੇ ਆਂ।"

"ਜੀ ਠੀਕ ਐ।"

ਫਿਰ ਇੱਕ ਅਫਸਰ ਨੇ ਆਫੀਆ ਵੱਲ ਵੇਖਿਆ। ਆਫੀਆ ਨੇ ਕਾਲਾ ਬੁਰਕਾ ਪਹਿਨਿਆਂ ਹੋਇਆ ਸੀ ਅਤੇ ਮੂੰਹ ਸਿਰ ਦੁਪੱਟੇ 'ਚ ਲਪੇਟਿਆ ਹੋਇਆ ਸੀ। ਉਸਦੀਆਂ ਅੱਖਾਂ ਵੀ ਸਿਰਫ ਬੁਰਕੇ ਦੀਆਂ ਜਾਲੀਆਂ ਵਿੱਚੋਂ ਦੀ ਅੱਧ ਪਚੱਧ ਜਿਹੀਆਂ ਦਿਸ ਰਹੀਆਂ ਸਨ।

"ਮਿਸ ਆਫੀਆ ਤੈਨੂੰ ਆਪਣਾ ਮੂੰਹ ਨੰਗਾ ਕਰਨਾ ਪਵੇਗਾ। ਕਿਉਂਕਿ ਇਹ ਜ਼ਰੂਰੀ ਐ।"

"ਨ੍ਹੀਂ ਇਹ ਮੈਂ ਨ੍ਹੀਂ ਕਰ ਸਕਦੀ। ਇਹ ਮੇਰਾ ਧਾਰਮਿਕ ਅਧਿਕਾਰ ਐ ਕਿ ਮੈਂ ਜਿਹੋ ਜਿਹੇ ਮਰਜ਼ੀ ਕੱਪੜੇ ਪਹਿਨਾ।"

ਉਸਦੀ ਇਹ ਗੱਲ ਸੁਣ ਕੇ ਦੋਨੋਂ ਅਫਸਰਾਂ ਨੇ ਆਪਸ 'ਚ ਅੱਖਾਂ ਮਿਲਾਈਆਂ। ਫਿਰ ਉਹ ਉੱਠ ਕੇ ਪਾਸੇ ਹੋਏ ਤੇ ਆਪਸ 'ਚ ਕੁਝ ਗੱਲਬਾਤ ਕੀਤੀ। ਵਾਪਸ ਬਹਿੰਦੇ ਉਨ੍ਹਾਂ 'ਚੋਂ ਇੱਕ ਬੋਲਿਆ, "ਮਿਸ ਆਫੀਆ, ਅਸੀਂ ਤੇਰੇ ਧਾਰਮਿਕ ਅਕੀਦੇ ਦੀ ਇੱਜ਼ਤ ਕਰਦੇ ਆਂ। ਪਰ ਕਾਨੂੰਨ ਆਪਣੀ ਥਾਂ ਐਂ। ਅਸੀਂ ਤੈਨੂੰ ਇੰਨੀ ਛੋਟ ਦੇ ਸਕਦੇ ਆਂ ਕਿ ਤੂੰ ਆਪਣੇ ਬੁਰਕੇ ਨੂੰ ਇਸ ਢੰਗ ਨਾਲ ਪਹਿਨ ਕੇ ਸਾਨੂੰ ਤੇਰਾ

ਮੂੰਹ ਦਿਸਦਾ ਰਹੇ। ਆਹਮਣੇ ਸਾਹਮਣੇ ਦੀ ਗੱਲਬਾਤ ਵਿੱਚ ਇਹ ਬਹੁਤ ਜ਼ਰੂਰੀ ਐ। ਜੇਕਰ ਤੈਨੂੰ ਇਹ ਵੀ ਮਨਜ਼ੂਰ ਨ੍ਹੀਂ ਤਾਂ ਅਸੀਂ ਸਾਡੀ ਕਿਸੇ ਔਰਤ ਏਜੈਂਟ ਨੂੰ ਸੱਦ ਲੈਨੇ ਆਂ। ਫਿਰ ਤੈਨੂੰ ਬੁਰਕਾ ਲਾਹ ਕੇ ਪਾਸੇ ਰੱਖਣਾ ਪਊਗਾ।"

ਆਫੀਆ ਨੇ ਆਪ ਹੀ ਬੁਰਕਾ ਠੀਕ ਕਰ ਲਿਆ। ਹੁਣ ਉਸਦਾ ਸਾਰਾ ਚਿਹਰਾ ਨੰਗਾ ਸੀ। ਅਫਸਰਾਂ ਨੇ ਇੰਨੇ ਨਾਲ ਸੰਤੁਸ਼ਟੀ ਪ੍ਰਗਟਾਈ। ਗੱਲਬਾਤ ਸ਼ੁਰੂ ਹੋਈ ਤਾਂ ਅਫਸਰ ਬੋਲਿਆ, "ਮਿਸਟਰ ਅਮਜਦ, ਤੇਰੇ ਅਪਾਰਟਮੈਂਟ ਦੇ ਇੱਕ ਕਮਰੇ 'ਚ ਇੱਕ ਵਾਰ ਕੋਈ ਸਾਊਦੀ ਅਰਬ ਦਾ ਬਾਸ਼ਿੰਦਾ ਰਹਿੰਦਾ ਹੁੰਦਾ ਸੀ, ਉਹ ਕੌਣ ਸੀ ?"

"ਉਹ ਮੇਰੇ ਹਸਪਤਾਲ ਵਿੱਚ ਹੀ ਕੰਮ ਕਰਦਾ ਸੀ। ਉਸਨੂੰ ਕਿਰਾਏ ਦੇ ਕਮਰੇ ਦੀ ਲੋੜ ਸੀ ਤੇ ਮੈਂ ਆਪਣੇ ਘਰ ਦਾ ਇੱਕ ਕਮਰਾ ਕਿਰਾਏ 'ਤੇ ਦੇਣਾ ਸੀ। ਉਹ ਕਮਰਾ ਮੈਂ ਉਸਨੂੰ ਦੇ ਦਿੱਤਾ। ਬੱਸ ਉਸ ਬਾਰੇ ਮੈਂ ਇੰਨਾ ਈ ਜਾਣਦਾ ਆਂ।"

"ਉਸ ਕੋਲ ਕੌਣ ਆਉਂਦਾ ਜਾਂਦਾ ਸੀ ?"

"ਅਸੀਂ ਕਦੇ ਨ੍ਹੀਂ ਵੇਖਿਆ ਕਿ ਕਦੇ ਕੋਈ ਉਸਨੂੰ ਮਿਲਣ ਆਇਆ ਹੋਵੇ।"

"ਤੁਸੀਂ ਪਿਛਲੇ ਦਿਨੀਂ ਅਸਲੇ ਦੀ ਦੁਕਾਨ ਤੋਂ ਕਾਫੀ ਸਾਮਾਨ ਖਰੀਦਿਆ ਹੈ, ਉਹ ਕਿਉਂ ?"

"ਮੇਰੇ ਪਰਿਵਾਰ 'ਚ ਸ਼ਿਕਾਰ ਦਾ ਸ਼ੌਂਕ ਰਿਹਾ ਐ। ਮੈਂ ਆਪਣੇ ਬੱਚਿਆਂ ਨੂੰ ਉਸੇ ਪਰਿਵਾਰਕ ਪ੍ਰੰਪਰਾ ਤੋਂ ਜਾਣੂ ਕਰਵਾਉਣ ਲਈ ਉਨ੍ਹਾਂ ਨੂੰ ਸ਼ਿਕਾਰ ਦੇ ਟਰਿੱਪ 'ਤੇ ਲੈ ਗਿਆ ਸੀ।"

"ਪਰ ਉਹ ਸਮਾਨ ਸਿਰਫ ਸ਼ਿਕਾਰ ਤੱਕ ਹੀ ਸੀਮਤ ਨ੍ਹੀਂ ਸੀ। ਤੁਸੀਂ ਨਾਈਟ ਵਿਜ਼ਨ ਗੋਗਲਜ਼, ਬੁਲਟ ਪਰੂਫ ਜੈਕਟਾਂ ਅਤੇ ਸਰਵਾਈਵਲ ਗਾਈਡ ਵਰਗੀਆਂ ਚੀਜ਼ਾਂ ਵੀ ਖਰੀਦੀਆਂ ਸਨ। ਇਹ ਸਭ ਕਿਸ ਲਈ ?"

"ਸਰ ਇਸ ਸਭ ਦਾ ਤੁਅੱਲਕ ਸਿਰਫ ਸ਼ਿਕਾਰ ਨਾਲ ਹੀ ਸੀ। ਹੋਰ ਕੁਛ ਨ੍ਹੀਂ।"

"ਮਿਸ ਆਫੀਆ ਕੀ ਤੈਨੂੰ ਬੰਦੂਕ ਚਲਾਉਣੀ ਆਉਂਦੀ ਐ ?"

"ਨ੍ਹੀਂ ਮੈਂ ਕਦੇ ਬੰਦੂਕ ਨ੍ਹੀਂ ਚਲਾਈ।"

"ਇਸ ਸ਼ਿਕਾਰ ਦੇ ਟਰਿੱਪ ਵੇਲੇ ਵੀ ਨ੍ਹੀਂ ਚਲਾ ਕੇ ਵੇਖੀ ?"

"ਨ੍ਹੀਂ ਮੈਨੂੰ ਇਹੋ ਜਿਹੇ ਕੰਮ ਚੰਗੇ ਨ੍ਹੀਂ ਲੱਗਦੇ।"

"ਅਜ਼ੀਬ ਗੱਲ ਐ ਕਿ ਸਾਰਿਆਂ ਨੇ ਬੰਦੂਕ ਚਲਾਈ, ਸ਼ਿਕਾਰ ਖੇਡਿਆ। ਪਰ ਤੂੰ ਹਥਿਆਰ ਚਲਾ ਕੇ ਨਾ ਵੇਖਿਆ ?"

"ਇਹ ਤਾਂ ਆਪਣੇ ਆਪਣੇ ਸ਼ੌਂਕ 'ਤੇ ਨਿਰਭਰ ਕਰਦਾ ਐ।" ਆਫੀਆ ਜਦੋਂ ਇਹ ਗੱਲ ਰਹਿ ਰਹੀ ਸੀ ਤਾਂ ਇੱਕ ਅਫਸਰ ਗੌਹ ਨਾਲ ਉਸ ਵੱਲ ਝਾਕਿਆ। ਆਫੀਆ ਨੇ ਉਸ ਨਾਲ ਅੱਖਾਂ ਮਿਲਾਉਣ ਦੀ ਬਜਾਇ ਨੀਵੀਂ ਪਾ ਲਈ। ਅਫਸਰ ਤਾੜ ਗਿਆ ਕਿ ਇਹ ਝੂਠ ਬੋਲੀ ਹੈ। ਇਸ ਨੇ ਸ਼ਿਕਾਰ ਵੇਲੇ ਬੰਦੂਕ ਜ਼ਰੂਰ ਚਲਾ ਕੇ ਵੇਖੀ ਹੋਵੇਗੀ।

“ਮਿਸਟਰ ਅਮਜਦ, ਅੱਜ ਕੱਲ੍ਹ ਕੰਮ ਦਾ ਕਾਫੀ ਸਾਰਾ ਬੋਝ ਰਹਿੰਦਾ ਹੋਵੇਗਾ ?” ਇੱਕ ਅਫਸਰ ਨੇ ਅਮਜਦ ਨਾਲ ਉਸਦੇ ਕੰਮ ਦੀ ਗੱਲ ਤੋਰ ਲਈ ਤਾਂ ਅਮਜਦ ਨੂੰ ਲੱਗਿਆ ਕਿ ਸ਼ਾਇਦ ਇੰਟਰਵਿਊ ਇੰਨੀ ਸੰਜੀਦਾ ਨਹੀਂ ਹੈ। ਪਰ ਉਦੋਂ ਹੀ ਅਫਸਰ ਦੇ ਅਗਲੇ ਸੁਆਲ ਨੇ ਉਸਦੇ ਡੋਬੂ ਪੈਣ ਲਾ ਦਿੱਤੇ। ਉਹ ਬੋਲਿਆ, “ਮਿਸਟਰ ਅਮਜਦ, ਕੀ ਤੂੰ ਕਦੇ ਉਸਾਮਾ ਬਿਨ ਲਾਦਿਨ ਨੂੰ ਮਿਲਿਆ ਐਂ ?”

“ਉਸਾਮੇ ਨੂੰ ! ਜੀ ਨ੍ਹੀਂ ਬਿਲਕੁਲ ਨ੍ਹੀਂ। ਮੈਂ ਉਸਨੂੰ ਕਦੇ ਨ੍ਹੀਂ ਮਿਲਿਆ।”

“ਉਸਦੀ ਫੋਟੋ ਤਾਂ ਵੇਖੀ ਹੋਵੇਗੀ ?”

“ਹਾਂ ਜੀ ਉਹ ਤਾਂ ਸਾਰਾ ਦਿਨ ਟੀਵੀ ’ਤੇ ਵੇਖਦੇ ਈ ਰਹਿੰਦੇ ਆਂ।”

“ਨਿੱਜੀ ਤੌਰ ’ਤੇ ਮਿਲਣ ਵੇਲੇ ਫੋਟੋ ਤੋਂ ਕਿੰਨਾ ਕੁ ਵੱਖਰਾ ਦਿਸਦਾ ਐ ਲਾਦਿਨ ?”

“ਜੀ ਕਦੇ ਮਿਲੇ ਈ ਨ੍ਹੀਂ ਤਾਂ ਕੀ ਕਹਿ ਸਕਦੇ ਆਂ।” ਅਮਜਦ ਨੇ ਜ਼ਰਾ ਮੁਕਰਾਉਂਦਿਆ ਹੋਇਆਂ ਜ਼ੁਆਬ ਦਿੱਤਾ। ਇੱਕ ਅਫਸਰ ਇਸੇ ਦਰਮਿਆਨ ਆਫੀਆ ਦੇ ਚਿਹਰੇ ਨੂੰ ਬੜੀ ਨੀਝ ਨਾਲ ਵੇਖ ਰਿਹਾ ਸੀ। ਉਹ ਮਨ ’ਚ ਸੋਚ ਰਿਹਾ ਸੀ ਕਿ ਹੁਣ ਇਹ ਆਪਣੇ ਆਪ ਨੂੰ ਇਸੇ ਸੁਆਲ ਲਈ ਤਿਆਰ ਕਰ ਰਹੀ ਹੈ ਜੋ ਅਮਜਦ ਨੂੰ ਪੁੱਛਿਆ ਗਿਆ ਹੈ ਕਿ ਕੀ ਉਹ ਕਦੇ ਉਸਾਮਾ ਬਿਨ ਲਾਦਿਨ ਨੂੰ ਮਿਲੀ ਹੈ। ਪਰ ਉਸਨੇ ਵੱਖਰੀ ਕਿਸਮ ਦਾ ਸੁਆਲ ਕਰਕੇ ਆਫੀਆ ਦੇ ਪੈਰ ਕੱਢ ਦਿੱਤੇ।

“ਮਿਸ ਆਫੀਆ, ਕੀ ਤੂੰ ਕਦੇ ਰਮਜੀ ਯੂਸਫ ਨੂੰ ਮਿਲੀ ਐਂ ?”

“ਹੈਂ ! ਕੀ ਕਿਹਾ ?” ਆਫੀਆ ਵਾਕਿਆ ਈ ਹੈਰਾਨ ਹੋ ਗਈ।

“ਤੂੰ ਇਹ ਨਾਂ ਸੁਣਿਆਂ ਤਾਂ ਹੋਵੇਗਾ ?”

“ਹਾਂ ਜੀ ਇਹ ਉਹੀ ਆਦਮੀ ਹੈ ਜੋ ਕਿ 1993 ’ਚ ਨਾਰਥ ਟਾਵਰ ਦੇ ਪਾਰਕਿੰਗ ’ਚ ਬੰਬ ਧਮਾਕੇ ਦਾ ਦੋਸ਼ੀ ਐ। ਪਰ ਮੈਂ ਇਸਨੂੰ ਕਦੇ ਨ੍ਹੀਂ ਮਿਲੀ।”

“ਚੰਗੀ ਤਰ੍ਹਾਂ ਯਾਦ ਕਰੋ। ਕਈ ਵਾਰੀ ਬੰਦਾ ਵੈਸੇ ਈ ਮਿਲ ਜਾਂਦਾ ਐ। ਕਿਧਰੇ ਸ਼ਾਪਿੰਗ ਸੈਂਟਰ ’ਚ, ਕਿਸੇ ਮਸਜਿਦ ਵਿੱਚ ਜਾਂ ਕਿਧਰੇ ਏਅਰੋਪਰਟ ਦੀ ਲਾਈਨ ’ਚ ਲੱਗਿਆਂ ਹੋਇਆਂ ?”

ਉਸਦੀ ਗੱਲ ਸੁਣ ਕੇ ਆਫੀਆ ਨੂੰ ਤਰੇਲੀ ਆ ਗਈ ਕਿ ਇਹ ਤਾਂ ਉਸ ਬਾਰੇ ਬਹੁਤ ਕੁਝ ਜਾਣਦੇ ਹਨ। ਉਸਨੂੰ ਯਾਦ ਆਇਆ ਕਿ ਬਹੁਤ ਪਹਿਲਾਂ ਉਸਨੇ ਰਮਜੀ ਯੂਸਫ ਨੂੰ ਏਅਰਪੋਰਟ ’ਤੇ ਨਾਲ ਦੀ ਲਾਈਨ ਵਿੱਚ ਖੜ੍ਹਾ ਵੇਖਿਆ ਸੀ। ਦੋਨਾਂ ਦੀਆਂ ਨਜ਼ਰਾਂ ਵੀ ਆਪਸ ਵਿੱਚ ਮਿਲੀਆਂ ਸਨ। ਇਹ ਗੱਲ ਯਾਦ ਕਰਦਿਆਂ ਉਹ ਅੰਦਰ ਤੱਕ ਕੰਬ ਗਈ। ਉਹ ਸਮਝ ਗਈ ਕਿ ਇਨ੍ਹਾਂ ਨੂੰ ਉਸ ਬਾਰੇ ਬਹੁਤ ਸਾਰੀ ਜਾਣਕਾਰੀ ਹੈ ਪਰ ਫਿਰ ਵੀ ਉਸਨੇ ਕਹਿ ਦਿੱਤਾ ਕਿ ਉਹ ਰਮਜੀ ਯੂਸਫ ਨੂੰ ਕਦੇ ਨਹੀਂ ਮਿਲੀ। ਉਸਦੇ ਇਸ ਜ਼ੁਆਬ ਦੇ ਤੁਰੰਤ ਪਿੱਛੋਂ ਅਫਸਰ ਬੋਲਿਆ, “ਰਮਜੀ ਨੂੰ ਨਾ ਸਹੀ ਪਰ ਤੂੰ ਉਸਦੇ ਚਾਚੇ ਕੇ. ਐਸ. ਐਮ. ਨੂੰ ਤਾਂ ਕਦੇ ਮਿਲੀ ਹੋਵੇਂਗੀ ?”

“ਨ੍ਹੀਂ ਮੈਂ ਉਸਨੂੰ ਵੀ ਕਦੇ ਨ੍ਹੀਂ ਮਿਲੀ।”

“ਤੂੰ ਆਖਰੀ ਵਾਰ ਮੁਹੰਮਦ ਅੱਟੇ ਨੂੰ ਕਿੱਥੇ ਵੇਖਿਆ ਸੀ ?”

"ਮੁਹੰਮਦ ਅੱਟਾ!?"

"ਹਾਂ ਹਾਂ ਜੋ ਕਿ ਨਾਈਨ ਅਲੈਵਨ ਦਾ ਕਾਰਾ ਕਰਨ ਵਾਲੀ ਟੀਮ ਦਾ ਮੋਢੀ ਸੀ।"

"ਮੈਂ ਉਸਨੂੰ ਕਦੇ ਨ੍ਹੀਂ ਮਿਲੀ।"

"ਤੁਹਾਡੀ ਅਪਾਰਟਮੈਂਟ ਬਿਲਡਿੰਗ 'ਚ ਘੱਟੋ ਘੱਟ ਛੇ ਹਾਈਜੈਕਰ ਆਉਂਦੇ ਰਹੇ ਨੇ। ਤੇਰੀ ਉਨ੍ਹਾਂ ਨਾਲ ਕਦੇ ਨਾ ਕਦੇ ਤਾਂ ਮੁਲਾਕਤ ਹੋਈ ਈ ਹੋਵੇਗੀ?"

"ਨ੍ਹੀਂ ਕਦੇ ਨ੍ਹੀਂ ਹੋਈ।"

"ਉਂਞ ਤੁਰੇ ਫਿਰਦੇ ਵੇਖੇ ਹੋਣਗੇ। ਅਕਸਰ ਲੰਘਦਾ ਟੱਪਦਾ ਬੰਦਾ ਮਿਲ ਈ ਜਾਂਦਾ ਐ।"

"ਜੀ ਨ੍ਹੀਂ, ਮੈਂ ਕਿਸੇ ਨੂੰ ਨ੍ਹੀਂ ਵੇਖਿਆ।" ਅਫਸਰ ਤਾੜ ਰਹੇ ਸਨ ਕਿ ਉੱਪਰੋਂ ਥੱਲੀ ਕੀਤੇ ਜਾ ਰਹੇ ਸੁਆਲ ਆਫੀਆ ਨੂੰ ਪਰੇਸ਼ਾਨ ਕਰ ਰਹੇ ਸਨ। ਪਰ ਅਜੇ ਤਾਂ ਉਹ ਭੂਮਿਕਾ ਹੀ ਬੰਨ ਰਹੇ ਸਨ।

"ਮਿਸਟਰ ਅਮਜਦ ਕੀ ਤੂੰ ਕੇਅਰ ਬਰਦਰਜ਼ ਅਤੇ ਬੋਨੇਵੋਲੈਂਸ ਬਾਰੇ ਸੁਣਿਆਂ ਐਂ?"

"ਜੀ ਮੈਨੂੰ ਪਤਾ ਐ ਕਿ ਇਹ ਚੈਰਿਟੀ ਇਕੱਠੀ ਕਰਨ ਵਾਲੀਆਂ ਜਥੇਬੰਦੀਆਂ ਨੇ।"

"ਤੈਨੂੰ ਇਹ ਕਿਵੇਂ ਪਤਾ ਐ। ਕੀ ਤੂੰ ਇਨ੍ਹਾਂ ਦਾ ਮੈਂਬਰ ਰਿਹਾ ਐਂ।"

"ਨ੍ਹੀਂ ਜੀ ਮੇਰੀ ਪਤਨੀ ਇਨ੍ਹਾਂ ਦੀ ਮੈਂਬਰ ਐ। ਇਸੇ ਦੀਆਂ ਗੱਲਾਂ ਤੋਂ ਮੈਨੂੰ ਪਤਾ ਲੱਗਦਾ ਰਹਿੰਦਾ ਸੀ ਕਿ ਇਹ ਜਥੇਬੰਦੀਆਂ ਚੈਰਿਟੀ ਦਾ ਕੰਮ ਕਰਦੀਆਂ ਨੇ।"

"ਮਿਸ ਆਫੀਆ ਕੀ ਤੇਰਾ ਇਨ੍ਹਾਂ ਨਾਲ ਵਾਸਤਾ ਰਿਹਾ ਐ?"

"ਜੀ ਮਾੜਾ ਮੋਟਾ।"

"ਕੀ ਤੈਨੂੰ ਪਤਾ ਐ ਕਿ ਇਹ ਚੈਰਿਟੀ ਇਕੱਠੀ ਕਰਕੇ ਪੈਸੇ ਦਾ ਕੀ ਕਰਦੀਆਂ ਨੇ?"

"ਮੇਰਾ ਖਿਆਲ ਐ ਕਿ ਗਰੀਬਾਂ 'ਚ ਵੰਡਦੀਆਂ ਹੋਣਗੀਆਂ।"

"ਕੀ ਤੂੰ ਕਦੇ ਇਨ੍ਹਾਂ ਦੇ ਕਾਰਕੁਨਾ ਨੂੰ ਪੁੱਛਿਆ ਨ੍ਹੀ ਕਿ ਇੰਨੇ ਇਕੱਠੇ ਹੋਏ ਪੈਸੇ ਦਾ ਕੀ ਕੀਤਾ ਜਾਂਦਾ ਐ?"

"ਮੈਂ ਅਜਿਹੀਆਂ ਗੱਲਾਂ ਤੋਂ ਕੀ ਲੈਣਾ ਐਂ। ਜੋ ਮਰਜ਼ੀ ਕਰਨ।" ਆਫੀਆ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਅੱਕ ਗਈ ਸੀ ਪਰ ਨਾਲ ਹੀ ਉਸਨੂੰ ਥੋੜੀ ਜਿਹੀ ਤਸੱਲੀ ਵੀ ਸੀ ਕਿ ਇਹ ਤਾਂ ਆਮ ਜਿਹੇ ਸੁਆਲ ਹੀ ਪੁੱਛ ਰਹੇ ਨੇ।

"ਤੈਨੂੰ ਪੁੱਛਣ ਦਾ ਪੂਰਾ ਅਧਿਕਾਰ ਐ। ਤੂੰ ਇਸਨੂੰ ਫੰਡ ਇਕੱਠਾ ਕਰਕੇ ਜੋ ਦਿੰਦੀ ਐਂ।"

"ਨ੍ਹੀਂ ਮੈਂ ਕਦੇ ਕਿਸੇ ਲਈ ਫੰਡ ਇਕੱਠਾ ਨ੍ਹੀਂ ਕੀਤਾ।"

"ਕੀ ਤੂੰ ਬੋਨੇਵੋਲੈਂਸ ਨੂੰ ਫੰਡ ਇਕੱਠਾ ਕਰਕੇ ਨ੍ਹੀਂ ਦਿੱਤਾ?"

"ਨ੍ਹੀਂ ਮੈਂ ਕਦੇ ਕੋਈ ਫੰਡ ਇਕੱਠਾ ਨ੍ਹੀਂ ਕੀਤਾ ਤੇ ਨਾ ਹੀ ਕਿਸੇ ਨੂੰ ਦਿੱਤਾ ਐ।"

"ਪੱਕੀ ਗੱਲ ਐ?"

"ਹੋਰ ਝੂਠ ਐ?" ਆਫੀਆ ਨੇ ਅੱਖਾਂ ਕੱਢੀਆਂ।

"ਤਾਂ ਫਿਰ ਤੇਰੇ ਖਾਤੇ 'ਚ ਇਹ ਜਿਹੜੇ ਹਜ਼ਾਰਾਂ ਡਾਲਰ ਇਕੱਠੇ ਹੋਏ ਨੇ ਤੇ ਤੂੰ ਅੱਗੇ ਇਹ ਬੋਨੇਵੋਲੈਂਸ ਇੰਟਰਨੈਸ਼ਨਲ ਦੇ ਖਾਤੇ 'ਚ ਭੇਜੇ ਨੇ ਇਹ ਸਭ ਫਿਰ ਕਿਉਂ ਕੀਤਾ?"

"ਇਹ ਸਭ ਝੂਠ ਐ। ਮੈਂ ਅਜਿਹੇ ਕੋਈ ਪੈਸੇ ਇਕੱਠੇ ਨ੍ਹੀਂ ਕੀਤੇ।"

"ਆਹ ਪੇਪਰ ਫਿਰ ਝੂਠ ਬੋਲਦੇ ਨੇ।" ਇੰਨਾ ਕਹਿੰਦਿਆਂ ਅਫਸਰ ਨੇ ਆਫੀਆ ਦੇ ਬੈਂਕ ਦੀਆਂ ਪਿਛਲੇ ਦੋ ਸਾਲਾਂ ਦੀਆਂ ਸਟੇਟਮੈਂਟਾਂ ਕੱਢ ਕੇ ਵਕੀਲ ਦੇ ਸਾਹਮਣੇ ਰੱਖ ਦਿੱਤੀਆਂ। ਆਫੀਆ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਪਰ ਉਹ ਗੱਲ ਸੰਭਾਲਦੀ ਬੋਲੀ, "ਸਾਡੇ ਮਜਬ 'ਚ ਇਹ ਵੀ ਐ ਕਿ ਜੇਕਰ ਸਾਡੀ ਮਰਜ਼ੀ ਹੋਵੇ ਤਾਂ ਚੈਰਿਟੀ ਬਾਰੇ ਕਿਸੇ ਨੂੰ ਨਾ ਦੱਸੀਏ।"

"ਚਲੋ ਠੀਕ ਐ।" ਅਫਸਰ ਖੁਸ਼ ਸੀ ਕਿ ਉਸਨੇ ਆਫੀਆ ਨੂੰ ਝੂਠੀ ਸਾਬਤ ਕਰ ਦਿੱਤਾ ਸੀ।

"ਮਿਸ ਆਫੀਆ, ਕੀ ਤੂੰ ਦੱਸ ਸਕਦੀ ਐਂ ਕਿ ਕੇ. ਐਸ. ਐਮ. ਦੀ ਅਮਰੀਕਾ ਨੂੰ ਤਬਾਹ ਕਰਨ ਦੀ ਅੱਗੇ ਦੀ ਕੀ ਸਕੀਮ ਐਂ?"

"ਮੈਂ ਨਾ ਉਸਨੂੰ ਜਾਣਦੀ ਆਂ ਨਾ ਈ ਕਦੇ ਉਸਨੂੰ ਮਿਲੀ ਆਂ ਫਿਰ ਮੈਨੂੰ ਕੀ ਪਤਾ ਐ ਕਿ ਉਹ ਕੀ ਕਰਦਾ ਐ ਜਾਂ ਕੀ ਨ੍ਹੀਂ।"

"ਕਿਉਂ? ਤੈਨੂੰ ਅਦਨਾਨ ਸ਼ੁਕਰੀਜੁਮਾ ਨੇ ਉਸਦੀ ਸਕੀਮ ਬਾਰੇ ਕਦੇ ਨ੍ਹੀਂ ਦੱਸਿਆ?"

"ਕੌਣ ਅਦਨਾਨ ਸ਼ੁਕਰੀਜੁਮਾ?" ਇਹ ਨਾਂ ਸੁਣ ਕੇ ਆਫੀਆ ਅੰਦਰੋਂ ਕੰਬ ਗਈ ਪਰ ਬਾਹਰੋਂ ਉਸਨੇ ਸੁਭਾਵਕ ਜਿਹੀ ਦਿਸਣ ਦੀ ਕੋਸ਼ਿਸ਼ ਕੀਤੀ।

"ਤੇਰੇ ਕਹਿਣ ਦਾ ਮਤਲਬ ਐ ਕਿ ਤੂੰ ਅਦਨਾਨ ਸ਼ੁਕਰੀਜੁਮਾ ਨੂੰ ਨ੍ਹੀਂ ਜਾਣਦੀ?"

"ਜੀ ਬਿਲਕੁਲ ਨ੍ਹੀਂ।"

"ਪੱਕੀ ਗੱਲ ਐ?" ਅਫਸਰ ਸਿੱਧਾ ਉਸ ਵੱਲ ਵੇਖਦਾ ਬੋਲਿਆ।

"ਕਹਿ ਤਾਂ ਦਿੱਤਾ ਨਾ ਕਿ ਮੈਂ ਉਸਨੂੰ ਨ੍ਹੀਂ ਜਾਣਦੀ ਹੋਰ ਕਿਵੇਂ ਦੱਸਾਂ।" ਆਫੀਆ ਦੀ ਆਵਾਜ਼ 'ਚ ਅਕੇਵਾਂ ਸੀ।

ਉਸਨੇ ਗੱਲ ਖਤਮ ਕੀਤੀ ਤਾਂ ਅਫਸਰ ਉਸਦੀਆਂ ਅੱਖਾਂ 'ਚ ਵੇਖਦਾ ਰਿਹਾ। ਫਿਰ ਉਹ ਗੰਭੀਰ ਆਵਾਜ਼ 'ਚ ਬੋਲਿਆ, "ਜੇਕਰ ਤੂੰ ਉਸਨੂੰ ਜਾਣਦੀ ਈ ਨ੍ਹੀਂ ਤਾਂ ਹਰ ਰੋਜ਼ ਉਸ ਨਾਲ ਈਮੇਲਜ਼ 'ਤੇ ਗੱਲਾਂ ਕਿਉਂ ਕਰਦੀ ਐਂ?"

"ਹੈਂ!?" ਆਫੀਆ ਨੂੰ ਲੱਗਿਆ ਜਿਵੇਂ ਕਰੰਟ ਵੱਜਿਆ ਹੋਵੇ। ਪਰ ਉਸਨੇ ਆਪਣੇ ਆਪ 'ਤੇ ਜ਼ਬਤ ਰੱਖਦਿਆਂ ਅਗਾਂਹ ਕਿਹਾ, "ਮੈਂ ਉਸਨੂੰ ਕਦੇ ਕੋਈ ਈਮੇਲ ਨ੍ਹੀਂ ਭੇਜੀ।"

"ਤਾਂ ਫਿਰ ਆਹ ਕੀ ਐ ?" ਅਫਸਰ ਨੇ ਬੈੱਗ 'ਚੋਂ ਕਾਗਜ਼ਾਂ ਦਾ ਥੱਬਾ ਕੱਢ ਕੇ ਵਕੀਲ ਦੇ ਸਾਹਮਣੇ ਰੱਖ ਦਿੱਤਾ। ਇਹ ਉਹ ਈਮੇਲਜ਼ ਸਨ ਜੋ ਕਿ ਅਦਨਾਨ ਸ਼ੁਕਰੀਜੁਮਾ ਅਤੇ ਆਫੀਆ ਵਿਚਕਾਰ ਅਦਾਨ ਪ੍ਰਦਾਨ ਹੁੰਦੀਆਂ ਰਹੀਆਂ ਸਨ। ਵਕੀਲ ਨੇ ਬੜੇ ਗੌਹ ਨਾਲ ਈਮੇਲਜ਼ ਨੂੰ ਵੇਖਿਆ। ਉੱਧਰ ਆਫੀਆ ਪਰੇਸ਼ਾਨ ਹੋਈ ਕੁਰਸੀ 'ਤੇ ਬੈਠੀ ਪਾਸੇ ਬਦਲਣ ਲੱਗੀ।

"ਮੈਮ ਤੂੰ ਸਾਡੀ ਗੱਲ ਦਾ ਜ਼ੁਆਬ ਨ੍ਹੀਂ ਦਿੱਤਾ ?"

"ਇਹ ! ਇਹ ਤਾਂ ਮੈਂ। ਮੇਰਾ ਮਤਲਬ....।" ਉਸ ਤੋਂ ਕੋਈ ਜ਼ੁਆਬ ਨਾ ਦੇ ਹੋਇਆ। ਉਸਨੇ ਨੀਵੀਂ ਪਾ ਲਈ।

ਫਿਰ ਦੋਨੋਂ ਅਫਸਰ ਉੱਠੇ ਤੇ ਪਾਸੇ ਖੜ੍ਹੋ ਕੇ ਗੱਲਾਂ ਕਰਨ ਲੱਗੇ। ਆਫੀਆ ਨੂੰ ਪੂਰਾ ਯਕੀਨ ਹੋ ਗਿਆ ਕਿ ਹੁਣ ਉਹ ਉਸਨੂੰ ਗ੍ਰਿਫਤਾਰ ਕਰਨ ਦੀ ਸਲਾਹ ਕਰ ਰਹੇ ਹਨ। ਪਰ ਜਦੋਂ ਉਨ੍ਹਾਂ ਵਾਪਸ ਆ ਕੇ ਆਪਣੀ ਗੱਲ ਕਹੀ ਤਾਂ ਆਫੀਆ ਨੂੰ ਕੁਝ ਤਸੱਲੀ ਜਿਹੀ ਹੋ ਗਈ। ਉਹ ਵਕੀਲ ਨੂੰ ਮੁਖਾਬਤ ਹੋਏ, "ਸਰ ਇਹ ਇੰਟਰਵਿਊ ਅਸੀਂ ਇੱਥੇ ਈ ਬੰਦ ਕਰਦੇ ਆਂ। ਪਰ ਇਨ੍ਹਾਂ ਦੀ ਇੱਕ ਇੰਟਰਵਿਊ ਹੋਰ ਹੋਵੇਗੀ। ਉਸਦੇ ਲਈ ਅਸੀਂ ਅਗਲੇ ਮਹੀਨੇ ਦੀ ਉਨੀ ਤਾਰੀਖ ਤਹਿ ਕਰ ਰਹੇ ਆਂ।"

"ਠੀਕ ਐ। ਤੁਸੀਂ ਉਸ ਬਾਰੇ ਮੈਨੂੰ ਪੂਰੀ ਇਤਲਾਹ ਭੇਜ ਦਿਉ।"

"ਹਾਂ ਇਵੇਂ ਈ ਹੋਵੇਗਾ। ਨਾਲ ਅਸੀਂ ਮਿਸਟਰ ਅਤੇ ਮਿਸਿਜ਼ ਅਮਜਦ ਖਾਂ ਨੂੰ ਕੁਝ ਕਹਿਣਾ ਚਾਹੁੰਦੇ ਆਂ।"

"ਜੀ....।" ਅਮਜਦ ਡਰਦਾ ਜਿਹਾ ਬੋਲਿਆ।

"ਤੁਹਾਡਾ ਅਗਲੀ ਇੰਟਰਵਿਊ 'ਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਐ। ਤੁਸੀਂ ਉਸ ਇੰਟਰਵਿਊ ਤੋਂ ਪਹਿਲਾਂ ਮੁਲਕ ਛੱਡ ਕੇ ਨ੍ਹੀਂ ਜਾ ਸਕਦੇ। ਇਹ ਇੱਕ ਸਰਕਾਰੀ ਹੁਕਮ ਐਂ। ਆਹ ਲਉ ਇਸ ਸਰਕਾਰੀ ਹੁਕਮ 'ਤੇ ਦਸਤਖਤ ਕਰ ਦਿਉ।" ਅਫਸਰ ਨੇ ਅਗਲੀ ਇੰਟਰਵਿਊ 'ਤੇ ਹਾਜ਼ਰ ਰਹਿਣ ਵਾਲਾ ਕਾਗਜ਼ ਉਨ੍ਹਾਂ ਮੂਹਰੇ ਰੱਖ ਦਿੱਤਾ। ਦੋਨਾਂ ਨੇ ਵਾਰੀ ਵਾਰੀ ਉਸ 'ਤੇ ਸਾਈਨ ਕਰ ਦਿੱਤੇ। ਫਿਰ ਅਫਸਰਾਂ ਨੇ ਆਪਣੇ ਬੈੱਗ ਸੰਭਾਲੇ ਤੇ ਦਫਤਰੋਂ ਬਾਹਰ ਨਿਕਲ ਗਏ। ਉਨ੍ਹਾਂ ਦੇ ਜਾਂਦਿਆਂ ਹੀ ਅਮਜਦ ਨੇ ਵਕੀਲ ਨੂੰ ਪੁੱਛਿਆ, "ਤੁਹਾਨੂੰ ਕਿਵੇਂ ਲੱਗਿਆ ਕਿ ਇਹ ਇੰਟਰਵਿਊ ਕਿੰਨੀ ਕੁ ਸੰਜੀਦਾ ਸੀ ?"

"ਇਹ ਤਾਂ ਆਮ ਜਿਹੀ ਗੱਲ ਐ। ਮੇਰੇ ਖਿਆਲ 'ਚ ਤੁਹਾਡੇ ਲਈ ਇਸ ਵਿੱਚ ਡਰਨ ਵਾਲੀ ਕੋਈ ਗੱਲ ਨ੍ਹੀਂ ਐ। ਨਾਲੇ ਅਗਲੀ ਇੰਟਰਵਿਊ ਤੋਂ ਪਹਿਲਾਂ ਆਪਾਂ ਬਹਿ ਕੇ ਆਪਸ 'ਚ ਗੱਲਬਾਤ ਕਰਾਂਗੇ। ਇਸ ਤਰ੍ਹਾਂ ਕਈ ਸੁਆਲ ਜ਼ੁਆਬ ਕਰਨ ਵੇਲੇ ਸੌਖਾ ਰਹਿੰਦਾ ਐ।"

"ਜੀ ਠੀਕ ਐ।"

ਇਸ ਪਿੱਛੋਂ ਅਮਜਦ ਅਤੇ ਆਫੀਆ ਘਰ ਨੂੰ ਮੁੜ ਪਏ। ਅਮਜਦ ਨੇ ਕਈ ਦੋਸਤਾਂ ਨੂੰ ਫੋਨ ਕਰਕੇ ਅੱਜ ਦੀ ਇੰਟਰਵਿਊ ਦੀ ਕਾਰਗੁਜ਼ਾਰੀ ਬਾਰੇ ਦੱਸਿਆ। ਸਭ ਨੇ ਕਿਹਾ ਕਿ ਅਜਿਹੇ ਸੁਆਲ ਪੁੱਛੇ ਜਾਣਾ ਆਮ ਗੱਲ ਹੈ। ਉਨ੍ਹਾਂ ਲਈ ਘਬਾਰਉਣ ਵਾਲੀ ਕੋਈ ਗੱਲ ਨਹੀਂ ਹੈ। ਅਮਜਦ ਨੂੰ ਲੱਗਿਆ ਕਿ ਇੰਟਰਵਿਊ ਠੀਕ ਹੀ ਰਹੀ ਤੇ ਉਸਨੇ ਸੋਚਿਆ ਕਿ ਅਗਲੀ ਇੰਟਰਵਿਊ ਪਿੱਛੋਂ ਉਨ੍ਹਾਂ ਦਾ ਐਫ. ਬੀ. ਆਈ. ਦੇ ਲਫੜਿਆਂ ਤੋਂ ਖਹਿੜਾ ਛੁੱਟ ਜਾਵੇਗਾ। ਪਰ ਜਦੋਂ ਉਹ ਘਰ ਪਹੁੰਚੇ ਤਾਂ ਆਫੀਆ ਨੇ ਬਾਵੇਲਾ ਖੜ੍ਹਾ ਕਰ ਦਿੱਤਾ।

"ਅਮਜਦ ਮੇਰੀ ਗੱਲ ਸੁਣ, ਆਪਾਂ ਨੂੰ ਕੱਲ੍ਹ ਨੂੰ ਹੀ ਬੱਚਿਆਂ ਨੂੰ ਲੈ ਕੇ ਵਾਪਸ ਆਪਣੇ ਮੁਲਕ ਚਲੇ ਜਾਣਾ ਚਾਹੀਦਾ ਐ।"

“ਪਰ ਕਿਉਂ ? ਮੇਰਾ ਮਤਲਬ ਆਪਣੀ ਇੰਟਰਵਿਊ ਤਾਂ ਠੀਕ ਈ ਰਹੀ ਐ।”

“ਤੈਨੂੰ ਲੱਗਦਾ ਐ ਕਿ ਠੀਕ ਰਹੀ ਐ। ਪਰ ਤੂੰ ਨ੍ਹੀਂ ਜਾਣਦਾ ਕਿ....ਬੱਸ ਮੈਂ ਤੈਨੂੰ ਕਹਿ ਰਹੀ ਆਂ ਕਿ ਆਪਾਂ ਇੱਥੋਂ ਨਿਕਲਣ ਵਾਲੇ ਬਣੀਏਂ।”

“ਤੂੰ ਪੂਰੀ ਗੱਲ ਦੱਸ ਕਿ ਮੈਂ ਕੀ ਨ੍ਹੀਂ ਜਾਣਦਾ। ਮੈਨੂੰ ਵੀ ਤਾਂ ਪਤਾ ਲੱਗੇ ਨਾ ਕਿ ਤੈਨੂੰ ਕਿਹੜੀ ਗੱਲ ਦਾ ਡਰ ਸਤਾ ਰਿਹਾ ਐ ?”

“ਕਿਉਂ ਸਾਰੀ ਗੱਲ ਦੱਸਣੀ ਜ਼ਰੂਰੀ ਐ।” ਆਫੀਆ ਗੁੱਸੇ ’ਚ ਭੜਕ ਉੱਠੀ।

“ਹਾਂ ਜ਼ਰੂਰੀ ਐ। ਤੂੰ ਹੀ ਦੱਸ ਕਿ ਉਹ ਅਦਨਾਨ ਸ਼ੁਕਰੀਜੁਮਾ ਕੌਣ ਐਂ ?”

“ਤੂੰ ਉਸ ਤੋਂ ਕੀ ਲੈਣਾ ਐਂ ?”

“ਮੈਂ ਉਸ ਬਾਰੇ ਸਭ ਕੁਛ ਜਾਣਨਾ ਚਾਹੁੰਨਾ ਆਂ। ਸਿਰਫ ਉਹੀ ਨ੍ਹੀਂ ਹੋਰ ਬਹੁਤ ਸਾਰੇ ਲੋਕ ਨੇ ਜਿਨ੍ਹਾਂ ਦੇ ਐਫ. ਬੀ. ਆਈ. ਵਾਲਿਆਂ ਨੇ ਨਾਮ ਲਏ ਸਨ। ਮੈਂ ਅਜਿਹੇ ਬੰਦਿਆਂ ਦਾ ਪਹਿਲਾਂ ਕਦੇ ਜ਼ਿਕਰ ਵੀ ਨ੍ਹੀਂ ਸੁਣਿਆਂ ਤੇ ਤੂੰ ਉਨ੍ਹਾਂ ਨਾਲ ਮਿਲ ਕੇ ਪਤਾ ਨ੍ਹੀਂ ਕੀ ਕੰਮ ਕਰਦੀ ਰਹੀ ਐਂ। ਕੌਣ ਨੇ ਇਹ ਸਭ ਲੋਕ ? ਤੂੰ ਉਨ੍ਹਾਂ ਨੂੰ ਕਿਵੇਂ ਜਾਣਦੀ ਐਂ ? ਮੈਨੂੰ ਸਭ ਕੁਛ ਦੱਸ।” ਅਮਜਦ ਗੁੱਸੇ ’ਚ ਆ ਗਿਆ।

“ਮੈਂ ਇਨ੍ਹਾਂ ਗੱਲਾਂ ’ਤੇ ਕੋਈ ਚਰਚਾ ਨ੍ਹੀਂ ਕਰਨੀ। ਪਰ ਤੂੰ ਮੇਰੀ ਗੱਲ ’ਤੇ ਧਿਆਨ ਦੇਹ ਤੇ ਆਪਾਂ ਵਾਪਸ ਚੱਲੀਏ। ਇੱਥੇ ਮੇਰੀ ਜਾਨ ਨੂੰ ਖਤਰਾ ਐ।”

“ਆਫੀਆ ਮੇਰੀ ਗੱਲ ਸੁਣ ਲੈ ਚੰਗੀ ਤਰ੍ਹਾਂ। ਮੈਨੂੰ ਲੱਗਦਾ ਐ ਕਿ ਤੂੰ ਦੂਹਰੀ ਜ਼ਿੰਦਗੀ ਜਿਉਂ ਰਹੀ ਐਂ। ਜੋ ਮੇਰੇ ਸਾਹਮਣੇ ਦਿਸ ਰਹੀ ਐਂ ਇਸ ਤੋਂ ਬਿਨਾਂ ਇੱਕ ਆਫੀਆ ਹੋਰ ਐ, ਜਿਸਦੀ ਨਿੱਜੀ ਜ਼ਿੰਦਗੀ ਪਤਾ ਨ੍ਹੀਂ ਕੀ ਐ। ਤੈਨੂੰ ਅੱਜ ਸਭ ਕੁਛ ਦੱਸਣਾ ਪਊ।”

ਅਮਜਦ ਨੇ ਗੱਲ ਖਤਮ ਕੀਤੀ ਤਾਂ ਆਫੀਆ ਚੁੱਪ ਬੈਠੀ ਸੋਚਾਂ ’ਚ ਗੁੰਮ ਸੀ। ਅਚਾਨਕ ਉਸਨੇ ਚਿਹਰੇ ’ਤੇ ਬਣਾਵਟੀ ਮੁਸਕਾਨ ਲਿਆਂਦੀ ਤੇ ਅਮਜਦ ਦੇ ਨੇੜੇ ਆ ਗਈ। ਅਮਜਦ ਉਸਦੇ ਬਣਾਵਟੀਪਣ ਨੂੰ ਨਾ ਸਮਝ ਸਕਿਆ। ਉਹ ਉਸ ਦੁਆਲੇ ਬਾਂਹ ਵਲਦੀ ਬੋਲੀ, “ਅਮਜਦ ਇੰਨਾ ਫਿਕਰਮੰਦ ਨਾ ਹੋ। ਅਜਿਹੀ ਕੋਈ ਗੱਲ ਨ੍ਹੀਂ ਐ। ਇਹ ਸਭ ਲੋਕ ਚੈਰਿਟੀ ਦਾ ਕੰਮ ਕਰਦੇ ਨੇ ਅਤੇ ਮੈਨੂੰ ਉੱਥੇ ਈ ਮਿਲਦੇ ਰਹੇ ਨੇ। ਜਿਹੜਾ ਉਹ ਅਦਨਾਨ ਸ਼ੁਕਰੀਜੁਮਾ ਦਾ ਜ਼ਿਕਰ ਕਰ ਰਹੇ ਨੇ ਉਸ ਨਾਲ ਵੀ ਮੇਰੀਆਂ ਚੈਰਿਟੀ ਬਾਬਤ ਹੀ ਈਮੇਲਾਂ ਹੋਈਆਂ ਨੇ। ਹੋਰ ਉਸ ਬਾਰੇ ਮੈਨੂੰ ਕੁਛ ਪਤਾ ਨ੍ਹੀ ਐ।”

“ਫਿਰ ਤੂੰ ਇੰਨਾ ਘਬਰਾ ਕਿਉਂ ਰਹੀ ਐਂ ?”

“ਮੈਂ ਤਾਂ ਇਹ ਸੋਚਦੀ ਆਂ ਕਿ ਜੇਕਰ ਇੱਥੇ ਐਫ. ਬੀ. ਆਈ. ਵਾਲਿਆਂ ਨੇ ਇੱਕ ਵਾਰ ਕਿਸੇ ਚੱਕਰ ਵਿੱਚ ਫਸਾ ਲਏ ਤਾਂ ਮੁੜ ਕੇ ਖਹਿੜਾ ਨ੍ਹੀਂ ਛੁੱਟਣਾਂ। ਆਪਦਾ ਮੁਲਕ ਆਪਦਾ ਈ ਹੁੰਦਾ ਐ। ਮੈਂ ਤਾਂ ਸਿਰਫ ਇਸੇ ਕਰਕੇ ਕਹਿ ਰਹੀ ਆਂ। ਜੇ ਨ੍ਹੀਂ ਜਾਣਾਂ ਤਾਂ ਕੋਈ ਗੱਲ ਨ੍ਹੀਂ ਤੂੰ ਗੁੱਸੇ ਨਾ ਹੋ।” ਆਫੀਆ ਨੇ ਉਸ ਵੇਲੇ ਅਮਜਦ ਨੂੰ ਠੰਢਾ ਕਰ ਲਿਆ। ਅਮਜਦ ਨੂੰ ਵੀ ਉਸ ਦੀ ਗੱਲ ’ਤੇ ਯਕੀਨ ਆ ਗਿਆ।

ਅਗਲੇ ਦਿਨ ਅਮਜਦ ਸੁੱਤਾ ਉੱਠਿਆ ਤਾਂ ਉਸਨੇ ਵੇਖਿਆ ਕਿ ਆਫੀਆ ਆਪਣਾ ਸਾਮਾਨ ਬੰਨ ਰਹੀ ਸੀ। ਉਸਨੂੰ ਇਸ ਤਰ੍ਹਾਂ ਤਿਆਰੀ ਕਰਦੀ ਵੇਖ ਕੇ ਉਹ ਹੈਰਾਨ ਹੁੰਦਾ ਬੋਲਿਆ, “ਆਫੀਆ ਇਹ ਕੀ ? ਰਾਤ ਆਪਣੀ ਗੱਲ ਮੁੱਕ ਗਈ ਸੀ ਕਿ ਆਪਾਂ ਕਿਧਰੇ ਨ੍ਹੀਂ ਜਾ ਰਹੇ।”

“ਅਮਜਦ ਮੈਂ ਘਰੇ ਫੋਨ ਕੀਤਾ ਸੀ। ਅੱਬੂ ਦੀ ਸਿਹਤ ਖਰਾਬ ਐ। ਮੈਂ ਚਾਹੁੰਨੀ ਆਂ ਕਿ ਛੇਤੀ ਜਾ ਕੇ ਉਨ੍ਹਾਂ ਦਾ ਪਤਾ ਲਵਾਂ।”

“ਪਰ ਚਾਰ ਦਿਨ ਪਹਿਲਾਂ ਈ ਤਾਂ ਆਪਣੀ ਗੱਲ ਹੋਈ ਸੀ। ਉਦੋਂ ਤਾਂ ਉਹ ਠੀਕ ਸਨ।”

“ਤੈਨੂੰ ਪਤਾ ਐ ਕਿ ਉਹ ਦਿਲ ਦੇ ਮਰੀਜ਼ ਨੇ। ਜੇ ਮੈਂ ਹੁਣ ਨਾ ਜਾ ਸਕੀ ਤਾਂ ਮੁੜ ਕੇ ਕਈ ਮਹੀਨੇ ਨ੍ਹੀਂ ਜਾ ਸਕਾਂਗੀ। ਤੈਨੂੰ ਪਤਾ ਈ ਐ ਇਸ ਵੇਲੇ ਮੈਂ ਸੱਤ ਮਹੀਨਿਆਂ ਦੀ ਗਰਭਵਤੀ ਆਂ।” ਆਫੀਆ ਨੇ ਬੈੱਗ ਤਿਆਰ ਕਰਨੇ ਜਾਰੀ ਰੱਖੇ ਤਾਂ ਅਮਜਦ ਨੇ ਅੰਦਰੇ ਅੰਦਰ ਗੁੱਸੇ ਹੁੰਦੇ ਨੇ ਮਨ ’ਚ ਸੋਚਿਆ ਕਿ ਅੱਬੂ ਬਿਮਾਰ ਦਾ ਇਹ ਸਿਰਫ ਬਹਾਨਾ ਬਣਾ ਰਹੀ ਹੈ। ਕੁਝ ਸੋਚਦਾ ਉਹ ਬੋਲਿਆ, “ਪਰ ਤੈਨੂੰ ਪਤਾ ਈ ਐ ਕਿ ਆਪਾਂ ਨੂੰ ਐਫ. ਬੀ. ਆਈ. ਨੇ ਹਿਦਾਇਤ ਕੀਤੀ ਹੋਈ ਐ ਕਿ ਆਪਾਂ ਉਨ੍ਹਾਂ ਦੀ ਇੰਟਰਵਿਊ ਪੂਰੀ ਕੀਤੇ ਬਿਨਾਂ ਕਿਧਰੇ ਨ੍ਹੀਂ ਜਾ ਸਕਦੇ।”

“ਢੱਠੇ ਖੂਹ ’ਚ ਪਵੇ ਤੇਰੀ ਐਫ. ਬੀ. ਆਈ.। ਮੈਂ ਇੱਥੇ ਹੁਣ ਇੱਕ ਪਲ ਵੀ ਨ੍ਹੀਂ ਰੁਕਣਾ।” ਆਫੀਆ ਗੁੱਸੇ ’ਚ ਪੈਰ ਪਟਕਦੀ ਬੋਲੀ।

ਉਸਦੀ ਗੱਲ ਸੁਣ ਕੇ ਅਮਜਦ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਇਸ ਵੇਲੇ ਉਹ ਮਜ਼ਬੂਰ ਸੀ। ਆਫੀਆ ਦੇ ਗਰਭਵਤੀ ਹੋਣ ਕਰਕੇ ਉਹ ਉਸ ਨਾਲ ਕੋਈ ਝਗੜਾ ਖੜ੍ਹਾ ਨਹੀਂ ਕਰਨਾ ਚਾਹੁੰਦਾ ਸੀ। ਪਰ ਆਫੀਆ ਉਸਦੀ ਕੋਈ ਗੱਲ ਨਹੀਂ ਮੰਨ ਰਹੀ ਸੀ। ਉਸਨੇ ਆਪਣੇ ਵਕੀਲ ਨੂੰ ਫੋਨ ਕਰਕੇ ਦੱਸਿਆ ਕਿ ਆਫੀਆ ਦਾ ਡੈਡ ਬਿਮਾਰ ਹੈ ਇਸ ਕਰਕੇ ਇਸ ਵੇਲੇ ਉਨ੍ਹਾਂ ਦਾ ਪਾਕਿਸਤਾਨ ਜਾਣਾ ਬਹੁਤ ਜ਼ਰੂਰੀ ਹੈ। ਉਸਨੇ ਪੁੱਛਿਆ ਕਿ ਕੀ ਇਹ ਇੰਟਰਵਿਊ ਅਗਾਂਹ ਹੋ ਸਕਦੀ ਹੈ। ਵਕੀਲ ਨੇ ਮਸ਼ਵਰਾ ਦਿੰਦਿਆਂ ਕਿਹਾ, “ਮਿਸਟਰ ਅਮਜਦ, ਇਸ ਤਰ੍ਹਾਂ ਇੰਟਰਵਿਊ ਵਿਚਾਲੇ ਛੱਡ ਕੇ ਜਾਣਾ ਠੀਕ ਨ੍ਹੀਂ ਐ। ਤੁਹਾਡਾ ਕੇਸ ਖੁੱਲ੍ਹਾ ਈ ਰਹਿ ਜਾਵੇਗਾ ਜਿਹੜਾ ਕਿ ਤੁਹਾਨੂੰ ਵਾਪਸ ਮੁੜਨ ਵੇਲੇ ਮੁਸ਼ਕਲ ਖੜ੍ਹੀ ਕਰ ਦੇਵੇਗਾ। ਚੰਗਾ ਇਹੀ ਐ ਕਿ ਤੁਸੀਂ ਆਪਣੀ ਅਪਾਇੰਟਮੈਂਟ ਭੁਗਤਾ ਕੇ ਜਾਵੋ।”

“ਸਰ ਇਸ ਵੇਲੇ ਮੇਰੇ ਕੋਲ ਹੋਰ ਕੋਈ ਚਾਰਾ ਨ੍ਹੀਂ ਐ। ਵਾਪਸ ਆ ਕੇ ਦੁਬਾਰਾ ਇੰਟਰਵਿਊ ਦੀ ਤਾਰੀਖ ਲੈ ਲਵਾਂਗੇ।”

“ਮਿਸਟਰ ਅਮਜਦ ਇੰਟਰਵਿਊ ਤਾਂ ਮੈਂ ਕੈਂਸਲ ਕਰਵਾ ਦਿੰਦਾ ਆਂ। ਪਰ ਇਸ ਤਰ੍ਹਾਂ ਤੁਸੀਂ ਸ਼ੱਕ ਦੇ ਘੇਰੇ ’ਚ ਆ ਜਾਉਗੇ। ਐਫ. ਬੀ ਆਈ. ਇੱਕ ਵਾਰ ਜਿਸ ਮਗਰ ਪੈ ਜਾਵੇ ਤਾਂ ਫਿਰ ਖਹਿੜਾ ਛੁਡਾਉਣਾ ਔਖਾ ਹੋ ਜਾਂਦਾ ਐ।”

“ਠੀਕ ਐ ਸਰ ਮੈਂ ਤੁਹਾਨੂੰ ਆਪਣੀ ਵਾਈਫ ਨਾਲ ਸਲਾਹ ਕਰਕੇ ਦੱਸਦਾ ਆਂ।” ਵਕੀਲ ਵੱਲੋਂ ਫੋਨ ਕੱਟ ਕੇ ਅਮਜਦ ਨੇ ਆਫੀਆ ਨੂੰ ਵਕੀਲ ਨਾਲ ਹੋਈ ਗੱਲ ਦੱਸੀ। ਉਸਦੀ ਗੱਲ ਸੁਣਦਿਆਂ ਹੀ ਆਫੀਆ ਭੜਕਦੀ ਹੋਈ ਬੋਲੀ, “ਜੇ ਤੂੰ ਚਾਹੁੰਨਾ ਐਂ ਕਿ ਮੈਂ ਮਾਰੀ ਜਾਵਾਂ ਤਾਂ ਜਾਣ ਦਾ ਰਹਿਣ ਦਿੰਦੇ ਆਂ।”

“ਇਹ ਤੂੰ ਕੀ ਗੱਲ ਕਰਦੀ ਐਂ, ਮੈਨੂੰ ਕੁਝ ਸਮਝ ਵਿੱਚ ਨ੍ਹੀਂ ਆ ਰਿਹਾ।” ਅਮਜਦ ਆਫੀਆ ਵੱਲ ਵੇਖਦਾ ਸੋਚਣ ਲੱਗਿਆ ਕਿ ਕੋਈ ਨਾ ਕੋਈ ਗੱਲ ਜ਼ਰੂਰ ਹੈ ਜੋ ਇਹ ਇੱਥੋਂ ਭੱਜਣ ਲਈ ਕਾਹਲੀ ਪਈ ਹੋਈ ਹੈ। ਆਫੀਆ ਦੀਆਂ ਹਰਕਤਾਂ ਨੇ ਉਸਦਾ ਇਹ ਸ਼ੱਕ ਪੱਕਾ ਕਰ ਦਿੱਤਾ ਕਿ ਉਹ ਵਾਕਿਆ ਹੀ ਨਾਈਨ ਅਲੈਵਨ ਦੀ ਸਾਜ਼ਿਸ਼ ਬਾਰੇ ਕੁਝ ਨਾ ਕੁਝ ਜਾਣਦੀ ਹੈ। ਪਰ ਉਸ ਨੇ ਇੱਕ ਵਾਰ ਹੋਰ ਉਸਨੂੰ ਸਮਝਾਉਣਾ ਚਾਹਿਆ ਤਾਂ ਉਵੇਂ ਹੀ ਗੁੱਸੇ ’ਚ ਚੀਕਦਿਆਂ ਬੋਲੀ, “ਓਕੇ ਠੀਕ ਐ। ਤੂੰ ਆਪਣੀ ਮਰਜ਼ੀ ਕਰ। ਪਰ ਮੈਂ ਆਪਣੇ ਬੱਚਿਆਂ ਨੂੰ ਲੈ ਕੇ ਅੱਜ ਹੀ ਜਾ ਰਹੀ ਆਂ।”

ਫਿਰ ਅਮਜਦ ਨੇ ਵਕੀਲ ਨੂੰ ਦੁਬਾਰਾ ਫੋਨ ਕਰਕੇ ਕਿਹਾ ਕਿ ਉਸਨੂੰ ਜਾਣਾ ਹੀ ਪਵੇਗਾ। ਵਕੀਲ ਨੇ ਐਫ. ਬੀ. ਆਈ. ਦੇ ਦਫਤਰ ਫੋਨ ਕਰਕੇ ਦੱਸ ਦਿੱਤਾ ਕਿ ਉਸਦੇ ਕਲਾਇੰਟ ਮਿੱਥੀ ਹੋਈ ਤਾਰੀਖ ’ਤੇ ਨਹੀਂ ਪਹੁੰਚ ਸਕਣਗੇ। ਅਮਜਦ ਨੇ ਆਪਣੇ ਕੰਮ ਤੋਂ ਵੀ ਇੱਕ ਸਾਲ ਦੀ ਛੁੱਟੀ ਲੈ ਲਈ।

## 13

26 ਜੂਨ 2002 ਨੂੰ ਅਮਜਦ ਅਤੇ ਆਫੀਆ, ਬੱਚਿਆਂ ਸਮੇਤ ਕਰਾਚੀ ਏਅਰਪੋਰਟ ’ਤੇ ਆ ਉੱਤਰੇ। ਉਹ ਘਰੇ ਪਹੁੰਚੇ ਤਾਂ ਘਰ ਵਾਲੇ ਉਨ੍ਹਾਂ ਦੇ ਆਉਣ ’ਤੇ ਕਾਫੀ ਖ਼ਫਾ ਸਨ। ਰਾਤ ਵੇਲੇ ਨਈਮ ਖਾਂ ਨੇ ਅਮਜਦ ਨਾਲ ਗੱਲ ਛੇੜੀ, “ਤੂੰ ਨਾ ਟਲਿਆ ਫਿਰ ? ਆਪਣੀ ਪੁਗਾ ਕੇ ਈ ਹਟਿਆ ਨਾ। ਤੈਨੂੰ ਮੈਂ ਬਥੇਰਾ ਕਿਹਾ ਕਿ ਇਸ ਵੇਲੇ ਆਪਣਾ ਕੈਰੀਅਰ ਵਿਚਕਾਰ ਛੱਡ ਕੇ ਆਉਣਾ ਤੇਰੇ ਲਈ ਠੀਕ ਨ੍ਹੀਂ ਐ। ਪਰ ਤੇਰੇ ਕੋਈ ਗੱਲ ਖਾਨੇ ’ਚ ਵੜੇ ਤਾਂ ਈ ਐ ਨਾ।”

ਅਮਜਦ ਨੇ ਪਿਉ ਵੱਲ ਵੇਖਿਆ ਤੇ ਫਿਰ ਲੰਬਾ ਸਾਹ ਲੈਂਦਾ ਮਾਯੂਸ ਜਿਹਾ ਬੋਲਿਆ, “ਅੱਬੂ ਮੇਰੇ ਸਾਰੇ ਨ੍ਹੀਂ ਐ। ਅੱਲਾ ਖੈਰ ਕਰੇ, ਕਿਧਰੇ ਅਗਾਂਹ ਮੈਨੂੰ ਇਸ ਤੋਂ ਵੀ ਵੱਡੇ ਇਮਤਿਹਾਨ ’ਚ ਨਾ ਪੈਣਾ ਪੈ ਜਾਵੇ।”

ਅਮਜਦ ਦੀ ਇਸ ਇੱਕੋ ਗੱਲ ਤੋਂ ਈ ਪਰਿਵਾਰ ਸਾਰੀ ਗੱਲ ਸਮਝ ਗਿਆ। ਨਈਮ ਖਾਂ ਤੋਂ ਰਿਹਾ ਨਾ ਗਿਆ ਤਾਂ ਉਹ ਬੋਲਿਆ, “ਇਸ ਕੁੜੀ ਨੇ ਮੇਰੇ ਪੁੱਤਰ ਦਾ ਭਵਿੱਖ ਤਬਾਹ ਕਰਕੇ ਰੱਖ ਦਿੱਤਾ....।” ਨਈਮ ਖਾਂ ਗੁੱਸੇ ’ਚ ਬੋਲ ਰਿਹਾ ਸੀ ਤਾਂ ਉਸਦੀ ਘਰਵਾਲੀ ਨੇ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਕਿਉਂਕਿ ਬਾਹਰ ਖੜ੍ਹੀ ਆਫੀਆ ਚੋਰੀਉਂ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਸੀ। ਨਈਮ ਖਾਂ ਤਾਂ ਚੁੱਪ ਹੋ ਗਿਆ ਪਰ ਆਫੀਆ ਅੰਦਰੇ ਅੰਦਰ ਵਲ ਖਾ ਗਈ। ਉਹ ਉਸੇ ਸ਼ਾਮ ਬੱਚਿਆਂ ਸਮੇਤ ਅਮਜਦ ਨੂੰ ਲੈ ਕੇ ਪੇਕੇ ਚਲੀ ਗਈ। ਉੱਥੇ ਜਾ ਕੇ ਉਸਨੇ ਸਭ ਤੋਂ ਪਹਿਲਾਂ ਅਮਜਦ ਨੂੰ ਪਾਸੇ ਬਿਠਾ ਲਿਆ ਤੇ ਬੋਲੀ, “ਅਮਜਦ ਹੁਣ ਮੌਕਾ ਆ ਗਿਆ ਐ ਕਿ ਤੈਨੂੰ ਕੋਈ ਫੈਸਲਾ ਕਰਨਾ ਪਊਗਾ।”

“ਫੈਸਲਾ ! ਫੈਸਲਾ ਕਾਹਦੇ ਬਾਰੇ ?”

“ਹੁਣ ਇਹ ਫੈਸਲਾ ਕਰ ਲੈ ਕਿ ਤੂੰ ਮੇਰੇ ਨਾਲ ਰਹਿਣਾ ਐਂ ਜਾਂ ਆਪਣੇ ਘਰਦਿਆਂ ਨਾਲ ?”

“ਆਫੀਆ ਇਹ ਤੂੰ ਕੀ ਕਹਿ ਰਹੀ ਐਂ। ਘਰਾਂ ’ਚ ਆਪਸੀ ਗੁੱਸੇ ਗਿੱਲੇ ਤਾਂ ਹੁੰਦੇ ਈ ਰਹਿੰਦੇ ਨੇ। ਇਸਦਾ ਮਤਲਬ ਇਹ ਥੋੜ੍ਹਾ ਈ ਐ ਕਿ ਮੀਆਂ ਬੀਵੀ ਵੱਖਰੇ ਹੋ ਜਾਣ।”

“ਨ੍ਹੀਂ ਅਮਜਦ ਤੈਨੂੰ ਫੈਸਲਾ ਲੈਣਾ ਈ ਪਊਗਾ। ਤੈਨੂੰ ਪਤਾ ਈ ਐ ਕਿ ਮੈਂ ਆਮ ਔਰਤ ਨ੍ਹੀਂ ਆਂ। ਮੈਂ ਇਹ ਵਿੱਚ ਵਿਚਾਲੇ ਜਿਹੇ ਦਾ ਰਸਤਾ ਹੋਰ ਬਰਦਾਸ਼ਤ ਨ੍ਹੀਂ ਕਰ ਸਕਦੀ।” ਉਹ ਗੁੱਸੇ ’ਚ ਕੰਬੀ ਜਾ ਰਹੀ ਸੀ। ਉਸਦੀ ਮਾਂ ਨੇ ਆ ਕੇ ਉਸਨੂੰ ਟਿਕਾਉਣ ਦੀ ਕੋਸ਼ਿਸ਼ ਕੀਤੀ। ਪਰ ਆਫੀਆ ਨੇ ਉਸਦੀ ਕੋਈ ਗੱਲ ਨਾ ਸੁਣੀ। ਆਫੀਆ ਚੀਕਣ ਚਿਲਾਉਣ ਲੱਗੀ ਤਾਂ ਅਮਜਦ ਉੱਠ ਕੇ ਬਾਹਰ ਚਲਾ ਗਿਆ। ਹਨੇਰੇ ਹੋਏ ਅਮਜਦ ਘਰ ਵਾਪਸ ਆਇਆ ਤਾਂ ਗੱਲ ਕੁਝ ਠੰਢੀ ਪੈ ਗਈ ਸੀ ਪਰ ਅਗਲੇ ਦਿਨ ਹੀ ਆਫੀਆ ਨੇ ਫਿਰ ਤੋਂ ਬਾਵਵੇਲਾ ਖੜ੍ਹਾ ਕਰ ਦਿੱਤਾ। ਉਸਦੀ ਉਹੀ ਮੰਗ ਸੀ ਕਿ ਜਾਂ ਉਸਨੂੰ ਛੱਡ ਦੇਵੇ ਜਾਂ ਆਪਣੇ ਘਰਦਿਆਂ ਨੂੰ। ਅਮਜਦ ਨੂੰ ਆਫੀਆ ਅਤੇ ਬੱਚਿਆਂ ਨਾਲ ਬਹੁਤ ਲਗਾਉ ਸੀ ਪਰ ਉਹ ਉਸਦੇ ਵਰਤਾਅ ਤੋਂ ਤੰਗ ਆ ਚੁੱਕਾ ਸੀ। ਹੁਣ ਉਸਦੇ ਸ਼ੱਕ ਪੁਖਤਾ ਹੁੰਦੇ ਜਾ ਰਹੇ ਸਨ ਕਿ ਇਹ ਅਜਿਹਾ ਕੁਝ ਕਰਦੀ ਰਹੀ ਹੈ ਜੋ ਕਿ ਸਹੀ ਨਹੀਂ ਹੋਣਾ। ਅਤੇ ਉਸਨੇ ਇਹ ਸਭ ਕੀਤਾ ਵੀ ਉਸ ਤੋਂ ਚੋਰੀਉਂ ਹੈ। ਆਫੀਆ ਦਾ ਉਸ ’ਤੇ ਦਬਾਅ ਵਧਦਾ ਹੀ ਜਾ ਰਿਹਾ ਸੀ, ਨਾਲ ਹੀ ਉਹ ਇਹ ਵੀ ਜ਼ੋਰ ਪਾਉਣ ਲੱਗ ਪਈ ਕਿ ਹੁਣ ਮੌਕਾ ਆ ਗਿਆ ਹੈ ਕਿ ਉਨ੍ਹਾਂ ਨੂੰ ਜਿਹਾਦ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ। ਖਾਸ ਤੌਰ ’ਤੇ ਉਹ ਜੈਸ਼ੇ-ਮੁਹੰਮਦ ਦੇ ਕੈਂਪ ’ਚ ਜਾਣ ਲਈ ਕਾਹਲ ਕਰ ਰਹੀ ਸੀ। ਅਮਜਦ ਇੰਨਾ ਅੱਕ ਗਿਆ ਕਿ ਉਸਨੇ ਕਿਸੇ ਮਜ਼ਬੀ ਰਹਿਨੁਮਾ ਦੀ ਸਲਾਹ ਲੈਣੀ ਚਾਹੀ। ਉਹ ਆਫੀਆ ਨੂੰ ਲੈ ਕੇ ਪਾਕਿਸਤਾਨ ਦੇ ਦਿਉਬੰਦੀ ਫਿਰਕੇ ਦੇ ਸਭ ਤੋਂ ਵੱਡੇ ਇਮਾਮ ਕੋਲ ਚਲਾ ਗਿਆ। ਇਹ ਇਮਾਮ ਦੋਨਾਂ ਦੇ ਪਰਿਵਾਰਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਮਾਮ

ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਉਸਨੇ ਆਫੀਆ ਦਾ ਜਿਹਾਦ ਵਿੱਚ ਸ਼ਾਮਲ ਹੋਣ ਦਾ ਨੁਕਤਾ ਬੜੇ ਧਿਆਨ ਨਾਲ ਵਿਚਾਰਦਿਆਂ ਉਸਨੂੰ ਪੁੱਛਿਆ, "ਆਫੀਆ ਬੇਟੀ, ਤੂੰ ਘਰ ਵਾਲੇ ਸਮੇਤ, ਜੈਸ਼ੇ ਮੁਹੰਮਦ ਦੇ ਕੈਂਪ ਵਿੱਚ ਜਾ ਕੇ ਕਿਉਂ ਰਹਿਣਾ ਚਾਹ ਰਹੀ ਐਂ?"

"ਕੈਂਪ 'ਚ ਰਹਿੰਦਿਆਂ ਮੈਂ ਯਤੀਮ ਬੱਚਿਆਂ ਨੂੰ ਪੜ੍ਹਾਊਂਗੀ ਤੇ ਅਮਜਦ ਉੱਥੇ ਗਰੀਬਾਂ ਲਈ ਹਸਪਤਾਲ ਚਲਾਏਗਾ।"

"ਵੇਖ ਬੇਟੀ, ਅੱਜ ਕੱਲ੍ਹ ਜ਼ਮਾਨਾ ਬਦਲ ਗਿਆ ਐ। ਗਰੀਬਾਂ ਦੀ ਸੇਵਾ ਲਈ ਤੁਹਾਨੂੰ ਉਜਾੜ ਥਾਵਾਂ 'ਤੇ ਜਾਣ ਦੀ ਲੋੜ ਨ੍ਹੀਂ ਐ। ਤੁਸੀਂ ਇੱਥੇ ਕਰਾਚੀ 'ਚ ਰਹਿੰਦੇ ਹੋਏ, ਸਮਾਜ ਸੇਵਾ ਦੇ ਇਹ ਸਾਰੇ ਕੰਮ ਕਰ ਸਕਦੇ ਓਂ। ਸਗੋਂ ਮੈਂ ਤਾਂ ਇਹ ਕਹੂੰਗਾ ਕਿ ਤੁਸੀਂ ਜੋ ਅਮਰੀਕਾ 'ਚ ਰਹਿ ਕੇ ਉੱਚੀ ਤਾਲੀਮ ਹਾਸਿਲ ਕੀਤੀ ਐ ਉਸ ਨੂੰ ਲੋਕਾਂ 'ਚ ਵੰਡੋ। ਇਹੀ ਸਭ ਤੋਂ ਵੱਡਾ ਦੀਨ ਦਾ ਕੰਮ ਐ।"

"ਤਾਂ ਫਿਰ ਜਿਹਾਦ ਕੌਣ ਲੜੂਗਾ?" ਭੜਕਦੀ ਹੋਈ ਆਫੀਆ ਉੱਚੀ ਬੋਲੀ ਤਾਂ ਇਮਾਮ ਹੈਰਾਨ ਰਹਿ ਗਿਆ। ਅੱਜ ਤੱਕ ਕਿਸੇ ਨੇ ਉਸ ਨਾਲ ਇਸ ਤਰ੍ਹਾਂ ਗੱਲ ਨਹੀਂ ਕੀਤੀ ਸੀ। ਪਰ ਉਹ ਫਿਰ ਵੀ ਸ਼ਾਂਤ ਰਹਿੰਦਾ ਹੋਇਆ ਆਫੀਆ ਨੂੰ ਮੁਖਾਬਤ ਹੋਇਆ, "ਆਫੀਆ ਬੇਟੀ, ਮੈਂ ਇੱਕ ਵਾਰ ਫਿਰ ਕਹੂੰਗਾ ਕਿ ਤੁਹਾਡਾ ਪਹਿਲਾ ਫਰਜ਼ ਆਪਣਾ ਪਰਿਵਾਰ ਸੰਭਾਲਣਾ ਐ। ਇਸ ਤੋਂ ਪਿੱਛੋਂ ਜੇਕਰ ਤੁਹਾਡੇ ਕੋਲ ਵਕਤ ਬਚਦਾ ਹੈ ਤਾਂ ਉਹ ਤੁਸੀਂ ਸਮਾਜ ਸੇਵਾ ਲਈ ਵਰਤ ਸਕਦੇ ਓਂ। ਜੇ ਤੁਹਾਡੇ ਕੋਲ ਵਾਧੂ ਪੈਸਾ ਐ ਤਾਂ ਉਹ ਤੁਸੀਂ ਗਰੀਬਾਂ ਲਈ ਦਾਨ ਕਰ ਸਕਦੇ ਓਂ।"

"ਪਰ ਜਿਹਾਦ....।" ਆਫੀਆ ਫਿਰ ਤੋਂ ਜਿਹਾਦ ਬਾਰੇ ਕੁਝ ਕਹਿਣ ਲੱਗੀ ਤਾਂ ਇਮਾਮ ਨੇ ਉਸਨੂੰ ਹੱਥ ਦਾ ਇਸ਼ਾਰਾ ਕਰਕੇ ਰੋਕ ਦਿੱਤਾ। ਫਿਰ ਬੜੀ ਹਲੀਮੀ ਨਾਲ ਉਹ ਬੋਲਣ ਲੱਗਿਆ, "ਸਿਰਫ ਲੋਕਾਂ ਨੂੰ ਮਾਰਨਾਂ ਈ ਜਿਹਾਦ ਨ੍ਹੀਂ ਐ। ਜਿਹੜੇ ਡਾਕਟਰ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਕੇ ਮਰੀਜ਼ ਦੀ ਜਾਨ ਬਚਾਉਂਦੇ ਨੇ ਇਹ ਉਨ੍ਹਾਂ ਦਾ ਜਿਹਾਦ ਐ ਕੈਂਸਰ ਦੇ ਖਿਲਾਫ। ਤੁਸੀਂ ਡਾਕਟਰ, ਲੋਕਾਂ ਦੀਆਂ ਅੱਖਾਂ ਦਾ ਅਪਰੇਸ਼ਨ ਕਰਕੇ ਉਨ੍ਹਾਂ ਨੂੰ ਨਜ਼ਰ ਵਾਪਸ ਦਿੰਦੇ ਓ, ਉਹ ਤੁਹਾਡਾ ਜਿਹਾਦ ਐ ਅੰਨੇਪਣ ਦੇ ਖਿਲਾਫ। ਇਸ ਤਰ੍ਹਾਂ ਜਿੰਨੀਆਂ ਮਰਜ਼ੀ ਉਦਾਹਰਣਾ ਲੈ ਲਉ। ਤੂੰ ਇਹ ਮਿੱਥ ਲੈ ਕਿ ਤੂੰ ਅਣਪੜਤਾ ਦੇ ਖਿਲਾਫ ਜਿਹਾਦ ਲੜਨਾ ਐਂ ਤੇ ਗਰੀਬ ਬਸਤੀਆਂ 'ਚ ਜਾ ਕੇ ਬੱਚਿਆਂ ਨੂੰ ਮੁਫਤ ਤਾਲੀਮ ਦੇਣੀ ਸ਼ੁਰੂ ਕਰ, ਇਹ ਤੇਰਾ ਅਸਲੀ ਜਿਹਾਦ ਹੋਵੇਗਾ।"

ਇਸ ਪਿੱਛੋਂ ਇਮਾਮ ਨੇ ਗੱਲਬਾਤ ਬਰਖਾਸਤ ਕਰ ਦਿੱਤੀ। ਅਮਜਦ ਅਤੇ ਆਫੀਆ ਘਰ ਆ ਗਏ। ਅਗਲੇ ਦਿਨ ਉਹ ਅਮਜਦ ਦੇ ਘਰ ਚਲੇ ਗਏ। ਪਰ ਇਸ ਪਿੱਛੋਂ ਉਨ੍ਹਾਂ ਵਿਚਕਾਰ ਸੁਲ੍ਹਾ ਨਾ ਹੋਈ। ਇਸ ਗੱਲ ਦੇ ਦੋ ਦਿਨ ਪਿੱਛੋਂ ਅਮਜਦ ਨੇ ਵੇਖਿਆ ਕਿ ਉਸਦੇ ਬੈਂਕ 'ਚ ਅੱਠ ਹਜ਼ਾਰ ਡਾਲਰ ਘਟਦੇ ਹਨ। ਉਸਨੇ ਆਫੀਆ ਨਾਲ ਗੱਲ ਕੀਤੀ ਤਾਂ ਥੋੜ੍ਹੀ ਨਾਂਹ ਨੁੱਕਰ ਤੋਂ ਬਾਅਦ ਉਹ ਮੰਨ ਗਈ ਕਿ ਪੈਸੇ ਉਸਨੇ ਕਢਵਾਏ ਹਨ। ਅਮਜਦ ਨੇ ਜਦੋਂ ਪੁੱਛਿਆ ਕਿ ਉਸਨੇ ਇਹ ਪੈਸੇ ਕਿੱਥੇ ਵਰਤੇ ਹਨ ਤਾਂ ਆਫੀਆ ਮੋਢੇ ਹਿਚਕਾਉਂਦਿਆਂ ਬੋਲੀ, "ਮੈਨੂੰ ਲੋੜ ਸੀ ਇਸ ਕਰਕੇ ਉਹ ਮੈਂ ਕਿਧਰੇ ਵਰਤ ਲਏ।"

"ਪਰ ਤੂੰ ਮੈਨੂੰ ਤਾਂ ਦੱਸਿਆ ਨ੍ਹੀਂ ਕਿ ਤੈਨੂੰ ਅਜਿਹੀ ਕੀ ਲੋੜ ਆਣ ਪਈ ਕਿ ਇਕੱਠਾ ਅੱਠ ਹਜ਼ਾਰ ਡਾਲਰ ਕਢਵਾ ਲਿਆ।"

"ਕਿਉਂ ਤੈਨੂੰ ਹਰ ਗੱਲ ਦੱਸਣੀ ਜ਼ਰੂਰੀ ਐ।" ਆਫੀਆ ਭੜਕ ਉੱਠੀ।

"ਮੇਰੀ ਵੀ ਗੱਲ ਸੁਣ ਲੈ ਫਿਰ....।" ਅਮਜਦ ਦਾ ਚਿਹਰਾ ਵੀ ਲਾਲ ਹੋਣ ਲੱਗਿਆ। ਉਹ ਰਤਾ ਕੁ ਰੁਕਦਾ ਫਿਰ ਬੋਲਣ ਲੱਗਿਆ, "ਤੇਰਾ ਮੇਰਾ ਇਕੱਠੇ ਰਹਿਣ ਦਾ ਕੀ ਫਾਇਦਾ ਜਦੋਂ ਤੂੰ ਹਰ ਗੱਲ ਦੀ ਮੈਥੋਂ ਚੋਰੀ ਰੱਖਦੀ ਐਂ। ਜੋ ਤੂੰ ਸਾਹਮਣੇ ਦਿਸਦੀ ਐਂ ਇਸ ਤੋਂ ਬਿਨਾ ਤੇਰੀ ਇੱਕ ਵੱਖਰੀ ਜ਼ਿੰਦਗੀ ਵੀ ਐ ਅਤੇ ਉਸ ਵਿੱਚ ਪਤਾ ਨ੍ਹੀਂ ਤੂੰ ਕੀ ਕਰਦੀ ਐਂ। ਮੈਂ ਅੱਕ ਚੁੱਕਿਆਂ ਆਂ ਤੇਰੀਆਂ ਜ਼ਿਆਦਤੀਆਂ ਸਹਿੰਦਾ। ਹੁਣ ਆਪਾਂ ਇੱਕ ਛੱਤ ਹੇਠਾਂ ਨ੍ਹੀਂ ਰਹਿ ਸਕਦੇ।"

ਆਫੀਆ ਨੇ ਬਿਨਾ ਕਿਸੇ ਗੱਲ ਦਾ ਜੁਆਬ ਦਿੱਤਿਆਂ ਬੱਚਿਆਂ ਨੂੰ ਚੁੱਕਿਆ ਤੇ ਟੈਕਸੀ ਲੈ ਕੇ ਪੇਕਿਆਂ ਦੇ ਘਰ ਤੁਰ ਗਈ। ਕਈ ਦਿਨ ਇਸ ਤਰ੍ਹਾਂ ਹੀ ਗੁਜ਼ਰ ਗਏ। ਫਿਰ ਦੋਨਾਂ ਪਰਿਵਾਰਾਂ ਦੇ ਵਡੇਰਿਆਂ ਨੇ ਸਾਂਝੇ ਬੰਦਿਆਂ ਦੀ ਮੱਦਦ ਨਾਲ ਇੱਕ ਮੁਲਾਕਤਾ ਦਾ ਪ੍ਰਬੰਧ ਕੀਤਾ ਤੇ ਉਨ੍ਹਾਂ ਵਿਚਕਾਰ ਸੁਲ੍ਹਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਹ ਗੱਲ ਸਿਰੇ ਵੀ ਚੜ੍ਹ ਗਈ। ਇਸ ਵਿੱਚ ਫੈਸਲਾ ਕੀਤਾ ਗਿਆ ਕਿ ਦੋਨੋਂ ਜਣੇ ਆਪਣਾ ਵੱਖਰਾ ਅਪਾਰਟਮੈਂਟ ਲੈ ਕੇ ਕਿਧਰੇ ਰਹਿਣ। ਉਨ੍ਹਾਂ ਲਈ ਵੱਖਰੇ ਅਪਾਰਟਮੈਂਟ ਦਾ ਇੰਤਜ਼ਾਮ ਕਰ ਦਿੱਤਾ ਗਿਆ ਤੇ ਉਹ ਬੱਚਿਆਂ ਸਮੇਤ ਉੱਥੇ ਜਾ ਕੇ ਰਹਿਣ ਲੱਗੇ। ਉੱਥੇ ਹਫਤਾ ਕੁ ਲੰਘਿਆ ਸੀ ਕਿ ਇੱਕ ਦਿਨ ਫਿਰ ਤੋਂ ਝਗੜਾ ਸ਼ੁਰੂ ਹੋ ਗਿਆ। ਕਾਫੀ ਦੇਰ ਬਹਿਸ-ਬਾਜ਼ੀ ਹੋਣ ਤੋਂ ਬਾਅਦ ਅਮਜਦ ਨੇ ਠੰਢਾ ਹੌਂਕਾ ਭਰਦਿਆਂ ਕਿਹਾ, "ਆਫੀਆ ਬੱਸ, ਹੁਣ ਆਪਾਂ ਹੋਰ ਇਕੱਠੇ ਨ੍ਹੀਂ ਰਹਿ ਸਕਦੇ।"

"ਤੂੰ ਫਿਰ ਕੀ ਕਰਨਾ ਚਾਹੁੰਨਾ ਐਂ?"

"ਮੈਂ ਤੈਥੋਂ ਤਲਾਕ ਚਾਹੁੰਨਾ ਆਂ।"

ਉਸਦੀ ਇਹ ਗੱਲ ਸੁਣ ਕੇ ਆਫੀਆ ਦੇ ਮੂੰਹ 'ਤੇ ਪਲਿੱਤਣ ਛਾ ਗਈ। ਉਸਨੇ ਬੱਚਿਆਂ ਨੂੰ ਚੁੱਕਿਆ ਤੇ ਆਪਣੇ ਮਾਂ ਪਿਉ ਦੇ ਘਰ ਚਲੀ ਗਈ। ਅਮਜਦ ਚੁੱਪ ਚਾਪ ਆਪਦੇ ਘਰ ਆ ਗਿਆ। ਦੋ ਕੁ ਹਫਤਿਆਂ ਪਿੱਛੋਂ ਖਾਨ ਪਰਿਵਾਰ ਨੇ ਫਿਰ ਤੋਂ ਵਡੇਰਿਆਂ ਦੀ ਬੈਠਕ ਬੁਲਾਉਣੀ ਚਾਹੀ ਪਰ ਆਫੀਆ ਦੇ ਪਰਿਵਾਰ ਵਾਲਿਆਂ ਨੇ ਉਨ੍ਹਾਂ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਖਾਨ ਪਰਿਵਾਰ ਦਾ ਫੋਨ ਹੀ ਚੁੱਕਣਾ ਹੀ ਬੰਦ ਕਰ ਦਿੱਤਾ। ਉਂਝ ਤਾਂ ਅਮਜਦ ਤਿੰਨ ਵਾਰੀ ਤਲਾਕ ਕਹਿ ਕੇ ਤਲਾਕ ਲੈ ਸਕਦਾ ਸੀ ਪਰ ਹੁਣ ਸਦੀਕੀ ਪਰਿਵਾਰ ਉਸਦਾ ਫੋਨ ਹੀ ਨਹੀਂ ਚੁੱਕਦਾ ਸੀ ਤੇ ਆਫੀਆ ਨਾਲ ਗੱਲ ਹੋਣੀ ਤਾਂ ਦੂਰ ਦੀ ਗੱਲ। ਫਿਰ ਉਸਨੇ ਚਿੱਠੀ ਲਿਖ ਕੇ ਤਲਾਕ ਮੰਗਣ ਦਾ ਸੋਚਿਆ। ਪਰ ਇਸੇ ਵਿਚਕਾਰ ਹੀ ਆਫੀਆ ਦਾ ਪਿਉ, ਸੁਲੇਹ ਸਦੀਕੀ ਫੌਤ ਹੋ ਗਿਆ। ਭਾਵੇਂ ਸਦੀਕੀ ਪਰਿਵਾਰ ਵਾਲੇ ਅਮਜਦ ਨੂੰ ਆਫੀਆ ਦੇ ਪਿਉ ਦੀ ਮੌਤ ਦਾ ਜ਼ਿੰਮੇਵਾਰ ਠਹਿਰਾ ਰਹੇ ਸਨ ਤੇ ਕਹਿ ਰਹੇ ਸਨ ਕਿ ਉਹ ਧੀ ਦਾ ਗਮ ਨਾ ਸਹਿ ਸਕਿਆ ਤੇ ਇਸੇ ਲਈ ਉਸਨੂੰ ਦਿਲ ਦਾ ਦੌਰਾ ਪੈ ਗਿਆ। ਪਰ ਸਭ ਨੂੰ ਪਤਾ ਸੀ ਕਿ ਇਹ ਗੱਲ ਸਹੀ ਨਹੀਂ ਸੀ। ਸਗੋਂ ਬਹੁਤਿਆਂ ਦਾ ਸੋਚਣਾ ਸੀ ਕਿ ਉਹ ਇੱਕ ਚੰਗਾ ਬੰਦਾ ਸੀ ਜੋ ਕਿ ਆਫੀਆ ਅਤੇ ਅਮਜਦ ਵਿਚਕਾਰ ਸ਼ਾਇਦ ਇੱਕ ਸਮਝੌਤਾ ਹੋਰ ਕਰਵਾ ਸਕਦਾ ਸੀ। ਪਰ ਜਦੋਂ ਉਹ ਨਾ ਰਿਹਾ ਤਾਂ ਸਭ ਉਮੀਦਾਂ ਖਤਮ ਹੋ ਗਈਆਂ। ਉਦੋਂ ਜਿਹੇ ਹੀ ਆਫੀਆ ਨੇ ਹਸਪਤਾਲ 'ਚ ਮੁੰਡੇ ਨੂੰ ਜਨਮ ਦਿੱਤਾ। ਪਰ ਉਸਨੇ ਜਾਂ ਉਸਦੇ ਪਰਿਵਾਰ ਵਾਲਿਆਂ ਨੇ ਅਮਜਦ ਨੂੰ ਇਸ ਬੱਚੇ ਬਾਰੇ ਭਿਣਕ ਨਾ ਪੈਣ ਦਿੱਤੀ। ਨਾ ਹੀ ਉਨ੍ਹਾਂ ਮੁੜ ਕੇ ਅਮਜਦ ਨੂੰ ਦੂਸਰੇ ਬੱਚਿਆਂ ਨੂੰ ਮਿਲਣ ਦਿੱਤਾ। ਇਸੇ ਵਿਚਕਾਰ ਹੀ ਸਰਕਾਰੀ ਕਰਿੰਦੇ ਤਲਾਕ ਵਾਲਾ ਕਾਗਜ਼ ਲੈ ਕੇ ਆਫੀਆ ਕੋਲ ਗਏ ਤਾਂ ਉਸਨੇ ਇਸ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਇੱਕ ਦਿਨ ਸ਼ਾਮ ਵੇਲੇ ਅਮਜਦ ਦੀ ਮਾਂ ਨੇ ਉਸ ਨਾਲ ਗੱਲ ਛੇੜੀ, "ਅਮਜਦ ਬੇਟੇ, ਆਪਾਂ ਹਰ ਹੀਲਾ ਵਰਤ ਕੇ ਵੇਖ ਲਿਆ ਪਰ ਗੱਲ ਕਿਸੇ ਸਿਰੇ ਨ੍ਹੀਂ ਲੱਗਦੀ।"

"ਅੰਮੀ ਸ਼ਾਇਦ ਆਫੀਆ ਨੂੰ ਅਕਲ ਆ ਜਾਵੇ ਤੇ ਉਹ ਤਲਾਕਨਾਮੇ 'ਤੇ ਦਸਤਖਤ ਕਰ ਦੇਵੇ।" ਉਂਝ ਉਹ ਦਿਲੋਂ ਇਹ ਚਾਹੁੰਦਾ ਸੀ ਕਿ ਕਾਸ਼ ਆਫੀਆ ਸੁਧਰ ਜਾਵੇ ਤੇ ਤਲਾਕ ਵਾਲਾ ਮਸਲਾ ਟਲ ਜਾਵੇ। ਇਹ ਸੋਚ, ਉਸਦੀ ਆਫੀਆ ਪ੍ਰਤੀ ਮੁਹੱਬਤ 'ਚੋਂ ਉਪਜਦੀ ਸੀ।

"ਨ੍ਹੀਂ ਬੇਟੇ, ਹਰ ਮਸਲੇ ਦਾ ਇੱਕ ਵਕਤ ਹੁੰਦਾ ਐ। ਜਦੋਂ ਗੱਲ ਕਿਸੇ ਖਾਸ ਮੁਕਾਮ ਤੋਂ ਅੱਗੇ ਨਿਕਲ ਜਾਵੇ ਤਾਂ ਫਿਰ ਦੁਬਾਰਾ ਤੋਂ ਇਕੱਠੇ ਰਹਿਣ ਦੀ ਕੋਈ ਤੁਕ ਨ੍ਹੀਂ ਰਹਿ ਜਾਂਦੀ।" ਉਸਦੀ ਮਾਂ ਉਸਦੇ ਮਨ ਦੇ ਭਾਵ ਸਮਝਦੀ ਸੀ।

"ਠੀਕ ਐ ਅੰਮੀ ਜਿਵੇਂ ਤੁਹਾਡੀ ਮਰਜ਼ੀ ਐ ਉਵੇਂ ਕਰ ਲਵੋ।" ਅਮਜਦ ਨੇ ਨਿਰਾਸ਼ ਜਿਹਾ ਜੁਆਬ ਦਿੱਤਾ।

"ਅਮਜਦ ਬੇਟੇ ਪਿਛਲੀ ਵਾਰ ਮੈਥੋਂ ਗਲਤੀ ਹੋਈ ਸੀ ਜਿਸਦੀ ਤੈਨੂੰ ਇੰਨੀ ਸਜ਼ਾ ਭੁਗਤਣੀ ਪਈ। ਇਸ ਵਾਰ ਮੈਂ ਰਿਸ਼ਤਾ ਆਪਣੇ ਹੀ ਪਰਿਵਾਰ 'ਚੋਂ ਲੱਭੂੰਗੀ।"

ਅਮਜਦ ਨੇ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ ਤੇ ਉਹ ਉੱਠ ਕੇ ਦੂਸਰੇ ਕਮਰੇ 'ਚ ਚਲਾ ਗਿਆ। ਇਨ੍ਹੀਂ ਦਿਨੀਂ ਉਹ ਕਰਾਚੀ ਦੇ ਹੀ ਇੱਕ ਹਸਪਤਾਲ 'ਚ ਕੰਮ ਕਰਦਾ ਸੀ। ਅਸਲ 'ਚ ਜ਼ਾਹਿਰਾ ਖਾਂ ਨੇ ਆਪਣੇ ਪੇਕਿਆਂ ਵੱਲੋਂ ਘਰਾਂ 'ਚੋਂ ਲੱਗਦੇ ਕਿਸੇ ਭਰਾ ਦੀ ਕੁੜੀ, ਉਸ ਲਈ ਪਸੰਦ ਕਰ ਰੱਖੀ ਸੀ। ਬੱਸ ਉਹ ਅਮਜਦ ਦੀ ਸਹਿਮਤੀ ਚਾਹੁੰਦੀ ਸੀ। ਇਹ ਮਸਲਾ ਵੀ ਹੱਲ ਹੋ ਗਿਆ ਤਾਂ ਗੱਲ ਅੱਗੇ ਚਲਾ ਦਿੱਤੀ ਗਈ। ਜ਼ਾਹਿਰਾਂ ਖਾਂ ਅਤੇ ਨਵੀਂ ਲਾੜੀ ਦਾ ਪਿਉ ਚਾਹੁੰਦੇ ਸਨ ਕਿ ਇਹ ਨਿਕਾਹ ਵਾਲਾ ਮਸਲਾ ਛੇਤੀ ਹੱਲ ਹੋ ਜਾਵੇ। ਉਨ੍ਹਾਂ ਨੂੰ ਡਰ ਸੀ ਕਿ ਕਿਧਰੇ ਆਫੀਆ ਫਿਰ ਤੋਂ ਅਮਜਦ ਨਾਲ ਪਿਆਰ ਜਤਾ ਕੇ ਵਾਪਸ ਨਾ ਆ ਜਾਵੇ। ਕਾਹਲੀ ਕਾਹਲੀ ਵਿੱਚ ਸਾਦੀ ਜਿਹੀ ਰਸਮ ਕਰਕੇ ਮੰਗਣੀ ਕਰ ਦਿੱਤੀ ਗਈ। ਅਮਜਦ ਦੇ ਘਰਵਾਲੇ ਚਾਹੁੰਦੇ ਸਨ ਕਿ ਇਸਦੇ ਨਾਲ ਹੀ ਜੇਕਰ ਆਫੀਆ ਦੇ ਤਲਾਕ ਵਾਲਾ ਕੰਮ ਵੀ ਨਿੱਬੜ ਜਾਵੇ ਤਾਂ ਫਿਰ ਉਹ ਬਿਲਕੁਲ ਨਿਸ਼ਚਿੰਤ ਹੋ ਜਾਣਗੇ। ਪਰ ਇਹੋ ਇੱਕ ਮਸਲਾ ਉਨ੍ਹਾਂ ਨੂੰ ਸਭ ਤੋਂ ਵੱਧ ਔਖਾ ਲੱਗ ਰਿਹਾ ਸੀ।

ਮੰਗਣੀ ਵਾਲੀ ਸ਼ਾਮ ਅਮਜਦ ਨੇ ਆਪਣੀ ਹੋਣ ਵਾਲੀ ਨਵੀਂ ਬੀਵੀ ਨੂੰ ਸ਼ਾਮ ਦੇ ਖਾਣੇ ਲਈ ਕਿਧਰੇ ਬਾਹਰ ਲੈ ਕੇ ਜਾਣਾ ਸੀ। ਇਸੇ ਲਈ ਉਸਨੇ ਸ਼ਾਮ ਦਾ ਕੰਮ ਜਲਦੀ ਨਿਬੇੜ ਲਿਆ। ਉਦੋਂ ਹੀ ਇੱਕ ਨਰਸ ਨੇ ਆ ਕੇ ਉਸਨੂੰ ਸੁਨੇਹਾ ਦਿੱਤਾ ਕਿ ਕੋਈ ਕੁੜੀ ਉਸਨੂੰ ਮਿਲਣ ਆਈ ਹੈ। ਉਸਨੇ ਸੋਚਿਆ ਕਿ ਉਸਦੀ ਨਵੀਂ ਦੁਲਹਣ ਹੋਵੇਗੀ। ਉਸ ਨੇ ਡਾਕਟਰਾਂ ਵਾਲਾ ਗਾਊਨ ਲਾਹ ਦਿੱਤਾ ਤੇ ਆਪਣੇ ਕੱਪੜੇ ਬਗੈਰਾ ਠੀਕ ਕੀਤੇ। ਉਹ ਜਿਉਂ ਹੀ ਬਾਹਰ ਆਇਆ ਤਾਂ ਵੇਖਦਾ ਹੀ ਰਹਿ ਗਿਆ। ਸਾਹਮਣੇ ਆਫੀਆ ਖੜ੍ਹੀ ਸੀ। ਇਸ ਵੇਲੇ ਉਹ ਉਸਨੂੰ ਇੰਨੀ ਸੁੰਦਰ ਲੱਗੀ ਜਿੰਨੀ ਕਿ ਪਹਿਲੀ ਮੁਲਾਕਤ ਵੇਲੇ ਵੀ ਨਹੀਂ ਲੱਗੀ ਸੀ। ਉੱਥੇ ਆਲੇ ਦੁਆਲੇ ਦੇ ਸਟਾਫ ਨੂੰ ਇਹੋ ਸੀ ਕਿ ਇਹ ਅਮਜਦ ਦੀ ਹੋਣ ਵਾਲੀ ਬੀਵੀ ਹੈ। ਆਫੀਆ ਵੱਲ ਵੇਖਦਿਆਂ ਅਮਜਦ ਨੇ ਅੰਦਾਜ਼ਾ ਲਾ ਲਿਆ ਕਿ ਇਹ ਤਕਰਬੀਨ ਮਹੀਨਾ ਕੁ ਪਹਿਲਾਂ ਬੱਚੇ ਨੂੰ ਜਨਮ ਦੇ ਚੁੱਕੀ ਹੋਵੇਗੀ। ਪਰ ਫਿਰ ਵੀ ਇਸ ਵੇਲੇ ਉਸਦੀ ਖ਼ੂਬਸੂਰਤੀ ਲਾਜ਼ੁਆਬ ਸੀ।

"ਜਨਾਬ ਕਿਨ੍ਹਾਂ ਸੋਚਾਂ 'ਚ ਗੁੰਮ ਨੇ ?" ਆਫੀਆ ਨੇ ਅਗਾਂਹ ਹੁੰਦਿਆਂ ਬੜੇ ਹੀ ਮੋਹ ਨਾਲ ਅਮਜਦ ਦੀ ਬਾਂਹ ਫੜ੍ਹ ਲਈ। ਅਮਜਦ ਦੀ ਰੂਹ ਨੂੰ ਸ਼ਾਂਤੀ ਮਿਲ ਗਈ।

"ਮੈਂ ਤਾਂ ਤੈਨੂੰ ਈ ਵੇਖ ਰਿਹਾ ਸੀ। ਕਿੰਨੀ ਖ਼ੂਬਸੂਰਤ ਲੱਗ ਰਹੀ ਐਂ। ਪਰ....।"

"ਪਰ...ਪਰ ਕੀ ਮੇਰੇ ਭੋਲੇ ਭਾਲੇ ਡਾਕਟਰ ਸਾਹਿਬ ?" ਆਫੀਆ ਨੇ ਉਸਦੀ 'ਪਰ' ਦਾ ਮਤਲਬ ਸਮਝਦਿਆਂ ਹੋਇਆਂ ਗੁੱਝਾ ਮਾਖੌਲ ਕੀਤਾ।

"ਹੁਣ ਸਮਝ ਈ ਗਈ ਐਂ ਤਾਂ ਆਪ ਈ ਦੱਸਦੇ।"

"ਤੇਰਾ ਛੋਟਾ ਸਾਹਿਬਜਾਦਾ ਇੱਕ ਮਹੀਨੇ ਦਾ ਹੋ ਚੁੱਕਿਆ ਐ।" ਆਫੀਆ ਨੇ ਉਸਦੀ ਬਾਂਹ 'ਤੇ ਪੋਲੀ ਜਿਹੀ ਚੂੰਢੀ ਵੱਡੀ।

"ਤੇ ਮੈਨੂੰ ਪਤਾ ਵੀ ਨ੍ਹੀਂ ?" ਅਮਜਦ ਨੇ ਰੋਸਾ ਵਿਖਾਇਆ।

"ਮੈਂ ਮੰਨਦੀ ਆਂ ਇਹ ਗੱਲ। ਪਰ ਕਈ ਵਾਰ ਇਨਸਾਨ ਦੇ ਹੱਥ ਵੱਸ ਕੁਝ ਨ੍ਹੀਂ ਹੁੰਦਾ। ਹੁਣ ਤੂੰ ਈ ਦੱਸ ਕਿ ਉਸ ਵੇਲੇ ਮੈਂ ਤਾਂ ਤੈਨੂੰ ਇਹ ਖ਼ਬਰ ਦੇਣ ਦੀ ਹਾਲਤ 'ਚ ਨ੍ਹੀਂ ਸੀ। ਘਰ ਦੇ ਕਿਸੇ ਹੋਰ ਮੈਂਬਰ ਨੇ ਤੁਹਾਡੇ ਵੱਲ ਇਹ ਇਤਲਾਹ ਭੇਜਣੀ ਸੀ। ਪਰ ਮੇਰਾ ਖਿਆਲ ਐ ਕਿ ਆਪਣੇ ਦੋਨਾਂ ਦੇ ਘਰਵਾਲੇ ਆਪਾਂ ਨੂੰ ਜੋੜਨ ਨਾਲੋਂ ਤੋੜਨ ਵੱਲ ਵੱਧ ਧਿਆਨ ਦੇ ਰਹੇ ਨੇ।" ਆਫੀਆ ਨੇ ਬਹਾਨੇ ਨਾਲ ਨਵ ਜਨਮੇ

ਬੱਚੇ ਬਾਰੇ ਅਮਜਦ ਦੇ ਘਰ ਇਤਲਾਹ ਨਾ ਦੇਣ ਲਈ ਆਪਣੇ ਘਰ ਵਾਲਿਆਂ ਨੂੰ ਕਸੂਰਵਾਰ ਠਹਿਰਾਇਆ। ਨਾਲ ਹੀ ਉਸਨੇ ਉਨ੍ਹਾਂ ਦੀ ਆਪਸੀ ਅਣਬਣ ਲਈ ਪਹਿਲੀ ਵਾਰ ਆਪਣੇ ਪੇਕੇ ਵਾਲਿਆਂ ਨੂੰ ਵੀ ਦੋਸ਼ ਦਿੱਤਾ। ਅਮਜਦ ਕੁਝ ਨਾ ਬੋਲਿਆ ਤਾਂ ਆਫੀਆ ਨੇ ਉਸਦੀ ਠੋਡੀ ਘੁਮਾ ਕੇ ਆਪਣੇ ਵੱਲ ਕਰਦਿਆਂ ਕਿਹਾ, "ਚੱਲ ਹੁਣ ਤਾਂ ਇਸ ਗੱਲ ਬਾਰੇ ਮੁਆਫ ਕਰਦੇ। ਹੁਣ ਤਾਂ ਮੈਂ ਆਪ ਚੱਲ ਕੇ ਤੈਨੂੰ ਦੱਸਣ ਆਈ ਆਂ।" ਆਫੀਆ ਨੇ ਖੂਬਸੂਰਤ ਅਦਾ ਕਰਦਿਆਂ ਕੰਨਾਂ ਨੂੰ ਹੱਥ ਲਾਏ। ਅਮਜਦ ਨੂੰ ਆਫੀਆ ਦਾ ਭੋਲਾਪਣ ਅੰਦਰ ਤੱਕ ਭਾਅ ਗਿਆ। ਉਸਨੇ ਉਸਦਾ ਹੱਥ ਘੁੱਟ ਕੇ ਫੜ੍ਹ ਲਿਆ। ਉਹ ਉਵੇਂ ਤੁਰਦੇ ਬਾਹਰ ਨੂੰ ਆ ਗਏ।

"ਮੇਰਾ ਖਿਆਲ ਐ ਕਿ ਮੇਰਾ ਪਿਆਰਾ ਪਿਆਰਾ ਖਾਵੰਦ ਇੰਨਾ ਤਾਂ ਸਮਝਦਾ ਈ ਹੋਵੇਗਾ ਕਿ ਸ਼ਾਮ ਦਾ ਵੇਲਾ ਐ ਤੇ ਮੈਨੂੰ ਭੁੱਖ ਵੀ ਬਹੁਤ ਲੱਗੀ ਹੋਊਗੀ ?"
"ਉਹ ਹਾਂ ਹਾਂ ! ਆਪਾਂ ਕਿਸੇ ਨੇੜਲੇ ਰੈਸਟੋਰੈਂਟ 'ਚ ਚੱਲਦੇ ਆਂ।" ਇੰਨਾ ਕਹਿੰਦਿਆਂ ਅਮਜਦ, ਆਫੀਆ ਨੂੰ ਲੈ ਕੇ ਕਾਰ ਵੱਲ ਤੁਰ ਪਿਆ।

"ਵੈਸੇ ਮੈਂ ਜਾਣਦੀ ਆਂ ਕਿ ਮੇਰੇ ਡਾਕਟਰ ਸਾਹਬ ਹੱਦ ਦਰਜ਼ੇ ਦੇ ਕੰਜੂਸ ਨੇ। ਪਰ ਜਨਾਬ ਅੱਜ ਇਹ ਕੰਜੂਸੀ ਨ੍ਹੀਂ ਚੱਲਣੀ। ਅੱਜ ਆਪ ਦੇ ਸਾਹਿਬਜਾਦੇ ਦੇ ਜਨਮ ਦੀ ਖੁਸ਼ੀ 'ਚ ਇਹ ਡਿਨਰ ਮੇਰੀ ਪਸੰਦ ਦਾ ਹੋਵੇਗਾ।"

"ਦੱਸ ਫਿਰ ਕਿੱਥੇ ਚੱਲੀਏ ?"

"ਹੋਟਲ ਸ਼ੈਰੇਟਨ।"

"ਠੀਕ ਐ ਬੈਠ ਗੱਡੀ 'ਚ।" ਅਮਜਦ ਨੇ ਤਾਕੀ ਖੋਲ੍ਹ ਕੇ ਆਫੀਆ ਨੂੰ ਨਾਲ ਬਿਠਾ ਲਿਆ ਤੇ ਚੱਲ ਪਿਆ। ਸ਼ੈਰੇਟਨ ਹੋਟਲ ਦੇ ਰੈਸਟੋਰੈਂਟ ਜਾ ਕੇ ਉਨ੍ਹਾਂ ਬੜਾ ਸ਼ਾਨਦਾਰ ਡਿਨਰ ਕੀਤਾ। ਆਫੀਆ ਦੀ ਹੋਂਦ ਨੇ ਪਿਛਲੇ ਕਿੰਨੇ ਹੀ ਦਿਨਾਂ ਤੋਂ ਪਰੇਸ਼ਾਨ ਤੁਰੇ ਫਿਰਦੇ ਅਮਜਦ ਦਾ ਕਾਲਜਾ ਠਾਰ ਦਿੱਤਾ।

"ਕਿਵੇਂ ਰਿਹਾ ਡਿੰਨਰ ?" ਅਮਜਦ ਬਿਲ ਦੇ ਕੇ ਤੁਰਦਾ ਬੋਲਿਆ।

"ਅਮਜਦ ਤੇਰੇ ਹੱਥ ਦਾ ਤਾਂ ਜ਼ਹਿਰ ਵੀ ਆਬ-ਏ-ਹਯਾਤ ਐ। ਇਹ ਤਾਂ ਫਿਰ ਵੀ ਡਿੰਨਰ ਐ।" ਆਫੀਆ ਨੇ ਹਨੇਰੇ ਜਿਹੇ 'ਚ ਪਿੱਛੋਂ ਦੀ ਹੋ ਕੇ ਅਮਜਦ ਨੂੰ ਜੱਫੀ ਪਾ ਲਈ। ਅਮਜਦ ਨੇ ਉਸਦੀ ਬਾਂਹ ਫੜ ਕੇ ਨਾਲ ਲਾ ਲਿਆ।

"ਹੁਣ ਫਿਰ ਕੀ ਪ੍ਰੋਗਰਾਮ ਐਂ ?"

"ਆਜਾ ਸਾਹਮਣੇ ਪਾਰਕ 'ਚ ਚੱਲਦੇ ਆਂ।" ਆਫੀਆ ਉਸਨੂੰ ਪਾਰਕ ਵੱਲ ਲੈ ਤੁਰੀ। ਉਹ ਹੋਟਲ ਦੇ ਲਾਨ ਦੀ ਕੋਨੇ ਵਾਲੀ ਇੱਕ ਨਿਵੇਕਲੀ ਜਿਹੀ ਪੱਥਰ ਦੀ ਬੈਂਚ 'ਤੇ ਬੈਠ ਗਏ। ਆਫੀਆ ਨੇ ਅਮਜਦ ਦੀ ਬਾਂਹ ਨਾਲ ਸਿਰ ਲਾ ਕੇ ਅੱਖਾਂ ਮੀਚ ਲਈਆਂ ਤੇ ਮਨ 'ਚ ਸੋਚਿਆ ਕਿ ਕਾਸ਼ ਵਕਤ ਇੱਥੇ ਹੀ ਰੁਕ ਜਾਵੇ। ਅਮਜਦ, ਆਫੀਆ ਦੇ ਵਾਲਾਂ 'ਚ ਹੱਥ ਫੇਰਨ ਲੱਗਿਆ।

"ਅਮਜਦ ਕਿੰਨੇ ਚੰਗੇ ਸਨ ਉਹ ਦਿਨ ਜਦੋਂ ਆਪਾਂ ਬਾਸਟਨ ਰਹਿੰਦੇ ਹੁੰਦੇ ਸੀ।"

"ਉਨ੍ਹਾਂ ਸੁਹਾਵਣੇ ਦਿਨਾਂ ਦੀ ਯਾਦ ਬੜਾ ਤੜਪਾਉਂਦੀ ਐ ਆਫੀਆ, ਕੀ ਦੱਸਾਂ।" ਅਮਜਦ ਨੇ ਵੀ ਠੰਡਾ ਹੌਂਕਾ ਭਰਿਆ।

"ਆਪਾਂ ਲੜਦੇ ਝਗੜਦੇ ਵੀ ਸੀ ਪਰ ਪਲਾਂ 'ਚ ਈ ਉਹੋ ਜਿਹੇ ਫਿਰ ਹੋ ਜਾਂਦੇ ਹੁੰਦੇ ਸੀ।"

"ਮੈਨੂੰ ਤੇਰੀ ਲੜਨ ਤੇ ਮੰਨਣ ਦੀ ਅਦਾ ਬੜੀ ਪਿਆਰੀ ਲੱਗਦੀ ਹੁੰਦੀ ਸੀ।"

"ਤੇ ਮੈਨੂੰ ਤੇਰੀ ਮੂੰਹ ਫੁਲਾਉਣ ਦੀ।" ਆਫੀਆ ਨੇ ਅਮਜਦ ਵੱਲ ਮੂੰਹ ਕਰਕੇ ਉਸਦੀ ਨਕਲ ਲਾਹੀ ਤਾਂ ਦੋਨੋਂ ਹੱਸ ਪਏ।

"ਕਾਸ਼ ਕਿ ਉਹ ਦਿਨ ਵਾਪਸ ਆ ਜਾਣ।"

"ਪੱਤਣੋਂ ਲੰਘੇ ਪਾਣੀ ਵੀ ਕਦੇ ਮੁੜੇ ਐ ਕਮਲੀਏ। ਪਰ ਆਪਾਂ ਮੌਜੂਦਾ ਵਕਤ ਨੂੰ ਜ਼ਰੂਰ ਉਹੋ ਜਿਹਾ ਬਣਾ ਸਕਦੇ ਆਂ। ਬੱਸ ਇਨਸਾਨ ਦੇ ਹੱਥ ਇੰਨਾ ਕੁ ਈ ਹੁੰਦਾ ਐ।"

"ਅਮਜਦ ਪਿਛਲੇ ਦਿਨੀਂ ਆਪਾਂ ਲੜਨ-ਝਗੜਨ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ ਨੇ। ਕਈ ਵਾਰੀ ਮੈਂ ਤੇਰੇ 'ਤੇ ਹੱਦੋਂ ਵੱਧ ਗੁੱਸੇ ਹੋਈ ਹੋਊਂਗੀ। ਪਰ ਕੀ ਤੈਨੂੰ ਅਜੇ ਵੀ ਮੇਰੇ ਨਾਲ ਮੁਹੱਬਤ ਐ ?"

"ਆਫੀਆ, ਅਜਿਹੀਆਂ ਗੱਲਾਂ ਦਾ ਮੁਹੱਬਤ 'ਤੇ ਕੋਈ ਅਸਰ ਨ੍ਹੀਂ ਪੈਂਦਾ, ਇਕੱਠੇ ਰਹਿੰਦਿਆਂ ਗੁੱਸੇ-ਗਿੱਲੇ ਹੋਣਾਂ ਤਾਂ ਆਮ ਗੱਲਾਂ ਨੇ।"

ਆਫੀਆ ਨੇ ਅਮਜਦ ਦੁਆਲੇ ਵਲੀ ਬਾਂਹ ਹੋਰ ਘੁੱਟ ਲਈ। ਅਮਜਦ ਨੂੰ ਵੀ ਇਸ ਵੇਲੇ ਆਫੀਆ ਦਾ ਅੰਤਾਂ ਦਾ ਮੋਹ ਆਇਆ।

"ਮੈਂ ਤੇਰੇ 'ਤੇ ਕਈ ਵਧੀਕੀਆਂ ਕੀਤੀਆਂ ਨੇ ਅਮਜਦ....।" ਇੰਨਾ ਕਹਿੰਦਿਆਂ ਆਫੀਆ ਰੋਣ ਲੱਗ ਪਈ। ਅਮਜਦ ਤੋਂ ਉਸਦਾ ਰੋਣਾ ਝੱਲ ਨਾ ਹੋਇਆ। ਉਸਨੇ ਉਸਦੇ ਮੋਢੇ 'ਤੇ ਹੱਥ ਫੇਰਦਿਆਂ ਉਸਨੂੰ ਧਰਵਾਸ ਦਿੰਦਿਆਂ, ਫਿਰ ਤੋਂ ਗੱਲਾਂ 'ਚ ਲਾ ਲਿਆ। ਆਫੀਆ ਅਮਜਦ ਦੀ ਬੁੱਕਲ 'ਚ ਸਿਰ ਰੱਖ ਕੇ ਪੈ ਗਈ।

"ਅਹਿਮਦ ਦਾ ਕੀ ਹਾਲ ਐ ?" ਉਸਨੇ ਉਸਦਾ ਮਨ ਪ੍ਰਚਾਉਣ ਲਈ ਗੱਲ ਬੱਚਿਆਂ ਵੱਲ ਮੋੜ ਲਈ।

"ਬਿਲਕੁਲ ਠੀਕ। ਪਰ ਜਦੋਂ ਗੁੱਸੇ ਹੁੰਦਾ ਐ ਤਾਂ ਮੱਥੇ 'ਚ ਪਾਈ ਘੂਰੀ, ਪਿਉ ਵਾਂਗੂੰ ਨਾਗਵਲ ਬਣ ਜਾਂਦੀ ਐ।"

"ਤੇ ਮਾਂ ਵਾਂਗੂੰ ਕੁੱਟਣ ਨ੍ਹੀਂ ਪੈਂਦਾ ?" ਅਮਜਦ ਨੇ ਆਫੀਆ ਦਾ ਨੱਕ ਫੜ੍ਹ ਕੇ ਹਿਲਾਇਆ। ਆਫੀਆ ਨੇ ਹਸਦਿਆਂ ਹੋਇਆਂ ਉਸਦੀ ਛਾਤੀ 'ਚ ਪਿਆਰ ਦੀਆਂ ਪੋਲੀਆਂ ਪੋਲੀਆਂ ਮੁੱਕੀਆਂ ਮਾਰੀਆਂ।

"ਮਿਰੀਅਮ ਕਿਵੇਂ ਐਂ ?"

"ਉਹ ਵੀ ਠੀਕ ਐ। ਪੜ੍ਹਨ ਨੂੰ ਬਹੁਤ ਹੁਸ਼ਿਆਰ ਐ।"

"ਪਿਉ 'ਤੇ ਗਈ ਐ ਨਾ।"

"ਪਿਉ 'ਤੇ ਨ੍ਹੀਂ, ਮਾਂ ਤੇ ਗਈ ਐ ਜਨਾਬ। ਯਾਦ ਐ ਯੂਨੀਵਰਸਿਟੀ 'ਚੋਂ ਟਾਪ ਕਰਕੇ ਮੈਂ ਸਭ ਨੂੰ ਹੈਰਾਨ ਕਰ ਦਿੱਤਾ ਸੀ।"

"ਮੈਨੂੰ ਮਾਣ ਐਂ ਤੇਰੇ 'ਤੇ ਆਫੀਆ ਪਰ....।"

ਆਫੀਆ ਨੇ ਅਮਜਦ ਦੇ ਮੂੰਹ 'ਤੇ ਉਂਗਲ ਰੱਖਦਿਆਂ ਉਸਨੂੰ ਅੱਗੇ ਬੋਲਣੋਂ ਰੋਕ ਦਿੱਤਾ ਤੇ ਬੋਲੀ, "ਇਹ ਪਿਆਰ ਦੀਆਂ ਘੜੀਆਂ ਮਸਾਂ ਮਿਲੀਆਂ ਨੇ। ਇਨ੍ਹਾਂ ਨੂੰ ਆਪਾਂ ਕੜਵਾਹਟ 'ਚ ਬਿਲਕੁਲ ਨ੍ਹੀਂ ਬਦਲਣਾ।"

"ਚੱਲ ਠੀਕ ਐ।"

"ਸਗੋਂ ਮੈਂ ਤਾਂ ਉਹ ਕੜਵਾਹਟਾਂ ਹਮੇਸ਼ਾ ਲਈ ਖਤਮ ਕਰਨ ਆਈ ਆਂ।"

"ਹੈਂ!?"

"ਅਮਜਦ ਬੱਚੇ ਤੇਰੇ ਬਿਨਾ ਦਿਲ ਨ੍ਹੀਂ ਲਾਉਂਦੇ।" ਆਫੀਆ ਨੇ ਗੱਲ ਹੋਰ ਪਾਸੇ ਮੋੜ ਲਈ।

"ਤੇ ਬੱਚਿਆਂ ਦੀ ਮਾਂ?" ਅਮਜਦ ਹੱਸਿਆ।

"ਮੱਛੀ ਪਾਣੀ ਤੋਂ ਬਾਹਰ ਰਹਿ ਕੇ ਕਿੰਨਾ ਕੁ ਤੜਪਦੀ ਐ ਇਹ ਪੀੜਾ ਤਾਂ ਸਿਰਫ ਉਹ ਵਿਚਾਰੀ ਖੁਦ ਈ ਜਾਣਦੀ ਐ।" ਆਫੀਆ ਨੇ ਅੱਖਾਂ ਪੂੰਝੀਆਂ।

"ਆਫੀਆ ਤੈਨੂੰ ਦੁੱਖ ਪਹੁੰਚਾਉਣ ਲਈ ਮੈਂ ਤੇਰਾ ਗੁਨਾਹਗਾਰ ਆਂ।"

"ਨ੍ਹੀਂ ਪਲੀਜ਼ ਅਜਿਹੀਆਂ ਗੱਲਾਂ ਨਾ ਕਰ। ਪੁਰਾਣਾ ਸਭ ਕੁਛ ਭੁੱਲ ਜਾਹ।"

"ਠੀਕ ਐ ਪੁਰਾਣੇ ਸਭ ਕੁਛ 'ਤੇ ਮਿੱਟੀ ਪਾਈ। ਹੁਣ ਫਿਰ ਅੱਗੇ ਦੱਸ ਕੀ ਹੁਕਮ ਐਂ ਸਰਕਾਰ ਦਾ?"

"ਅਮਜਦ ਤੈਨੂੰ ਬੱਚੇ ਬਹੁਤ ਯਾਦ ਕਰਦੇ ਨੇ। ਮੈਥੋਂ ਉਨ੍ਹਾਂ ਦੀ ਤੜਪ ਵੇਖੀ ਨ੍ਹੀਂ ਜਾਂਦੀ।" ਆਫੀਆ ਬੱਚਿਆਂ ਦੀ ਗੱਲ ਕਰ ਰਹੀ ਸੀ ਪਰ ਅਮਜਦ, ਆਫੀਆ ਦੀ ਤੜਪ ਮਹਿਸੂਸ ਕਰ ਰਿਹਾ ਸੀ। ਡੂੰਘਾ ਹੌਂਕਾ ਭਰਦਿਆਂ ਉਹ ਬੋਲਿਆ, "ਮੈਂ ਕਿਹੜਾ ਕੋਈ ਸੁਖੀ ਆਂ ਤੁਹਾਥੋਂ ਬਿਨਾ।"

"ਚੱਲ ਫਿਰ ਆਪਣੇ ਬੱਚਿਆਂ ਕੋਲ ਚੱਲ। ਕਿਉਂ ਆਪਾਂ ਇੱਕ ਦੂਜੇ ਬਿਨਾ ਭਟਕਦੇ ਫਿਰਦੇ ਆਂ।"

"ਚੱਲ ਤਾਂ ਵੜਦਾਂ। ਪਰ ਕਿੱਥੇ?"

"ਮੇਰੇ ਘਰ, ਹੋਰ ਕਿੱਥੇ।"

"ਨ੍ਹੀਂ ਆਫੀਆ ਉੱਥੇ ਨ੍ਹੀਂ ਮੈਂ ਜਾ ਸਕਦਾ। ਤੈਨੂੰ ਪਤਾ ਈ ਐ ਕਿ ਪਿੱਛੇ ਕੀ ਕੁਛ ਹੋ ਕੇ ਹਟਿਆ ਐ।"

"ਅਮਜਦ ਉਸਦੇ ਲਈ ਆਪਾਂ ਦੋਨੋਂ ਈ ਕਸੂਰਵਾਰ ਸੀ। ਹੁਣ ਪੁਰਾਣੀਆਂ ਗੱਲਾਂ ਭੁਲਾਉਣ ਦਾ ਫੈਸਲਾ ਵੀ ਆਪਣਾ ਦੋਨਾਂ ਦਾ ਈ ਐ।"

"ਪਰ ਫਿਰ ਵੀ ਆਫੀਆ ਮੈਂ ਮੁਆਫੀ ਚਾਹੁੰਦਾ ਆਂ ਉਸ ਘਰ 'ਚ....।" ਅਗਾਂਹ ਉਸਨੇ ਗੱਲ ਵਿਚਾਲੇ ਛੱਡ ਦਿੱਤੀ।

"ਚੱਲ ਫਿਰ ਇਉਂ ਕਰਦੇ ਆਂ। ਨਾ ਤੇਰੇ ਘਰ ਤੇ ਨਾ ਈ ਮੇਰੇ। ਆਪਾਂ ਅਪਾਰਟਮੈਂਟ ਲੈ ਲੈਨੇ ਆਂ ਤੇ ਆਪਣੀ ਜ਼ਿੰਦਗੀ ਨਵੇਂ ਸਿਰਿਉਂ ਸ਼ੁਰੂ ਕਰਾਂਗੇ?"

"ਤੇਰੀ ਇਸ ਗੱਲ 'ਤੇ ਗੌਰ ਕੀਤਾ ਜਾ ਸਕਦਾ ਐ।"

"ਗੌਰ ਕੀ ਕਰਨਾ ਐਂ। ਆਪਾਂ ਕਿਹੜਾ ਕਿਸੇ ਤੋਂ ਇਜਾਜ਼ਤ ਲੈਣੀ ਐਂ। ਚੱਲ ਉੱਠ, ਅੱਜ ਕਿਸੇ ਹੋਟਲ 'ਚ ਰੁਕ ਜਾਵਾਂਗੇ। ਕੱਲ੍ਹ ਨੂੰ ਮੈਂ ਟੈਕਸੀ ਕਰਕੇ ਬੱਚਿਆਂ ਨੂੰ ਲੈ ਆਊਂਗੀ ਤੇ ਤੂੰ ਉਦੋਂ ਨੂੰ ਕਿਧਰੇ ਅਪਾਰਟਮੈਂਟ ਦਾ ਇੰਤਜ਼ਾਮ ਕਰ ਲਵੀਂ।"

“ਹਾਂ ਇਹ ਗੱਲ ਤੇਰੀ ਬਿਲਕੁਲ ਠੀਕ ਐ।”

ਅਮਜਦ ਦੇ ਹਾਮੀ ਭਰਦਿਆਂ ਹੀ ਆਫੀਆ ਨੇ ਉਸਦੇ ਦੁਆਲੇ ਬਾਹਵਾਂ ਕਸ ਲਈਆਂ। ਉਸਨੂੰ ਲੱਗਿਆ ਜਿਵੇਂ ਕਿ ਮਨ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ ਹੋਵੇ। ਇੰਨੇ ਨੂੰ ਅਮਜਦ ਦੇ ਫੋਨ ਦੀ ਘੰਟੀ ਵੱਜੀ। ਉਸਨੇ ਆਫੀਆ ਨੂੰ ਉਵੇਂ ਹੀ ਛਾਤੀ ਨਾਲ ਲਾਈ ਰੱਖਿਆ ਤੇ ਫੋਨ ਆਨ ਕਰਕੇ ਹੈਲੋ ਕਹੀ। ਉੱਧਰ ਫੋਨ ’ਤੇ ਉਸਦੀ ਮਾਂ ਦੀ ਆਵਾਜ਼ ਆਈ, “ਪੁੱਤਰ ਅਮਜਦ ਤੂੰ ਕਿੱਧਰ ਰਹਿ ਗਿਆ ਐਂ ?”

“ਅੰਮੀ ਮੈਂ ਤਾਂ....।” ਉਸਨੇ ਆਫੀਆ ਨੂੰ ਮੂੰਹ ’ਤੇ ਉਂਗਲ ਰੱਖਣ ਦਾ ਇਸ਼ਾਰਾ ਕੀਤਾ ਤੇ ਫਿਰ ਅੱਗੇ ਬੋਲਿਆ,“ਅੰਮੀ ਮੈਨੂੰ ਤਾਂ ਇੱਧਰ ਕਿਧਰੇ ਕੰਮ ਆਉਣਾ ਪੈ ਗਿਆ ਸੀ।”

ਆਫੀਆ, ਜਿਸ ਦਾ ਚਿੱਤ ਅਮਜਦ ਦੀ ਮਾਂ ਦਾ ਫੋਨ ਆਉਣ ’ਤੇ ਹੀ ਖਰਾਬ ਹੋ ਗਿਆ ਸੀ, ਫੋਨ ’ਚੋਂ ਉਸ ਤੱਕ ਪਹੁੰਚਦੀ ਗੱਲ ਧਿਆਨ ਨਾਲ ਸੁਣਨ ਲੱਗੀ। ਅਮਜਦ ਦੀ ਮਾਂ ਅੱਗੇ ਬੋਲੀ, “ਤੈਨੂੰ ਯਾਦ ਹੋਣਾ ਚਾਹੀਦਾ ਸੀ ਕਿ ਤੂੰ ਅੱਜ ਕਿਸੇ ਨੂੰ ਡਿੰਨਰ ਕਰਵਾਉਣ ਲੈ ਕੇ ਜਾਣਾ ਐਂ।”

“ਜੀ ਅੰਮੀ। ਮੈਂ ਤੁਹਾਨੂੰ ਬਾਅਦ ਵਿੱਚ ਫੋਨ ਕਰਦਾ ਆਂ....।”

ਅਮਜਦ ਦੀ ਮਾਂ ਨੇ ਉਸਦੀ ਦੁਬਾਰਾ ਫੋਨ ਕਰਨ ਵਾਲੀ ਗੱਲ ਸੁਣੀ ਈ ਨਾ ਤੇ ਆਪ ਮੁਹਾਰੇ ਹੀ ਬੋਲਣ ਲੱਗੀ, “ਤੇਰੀ ਹੋਣ ਵਾਲੀ ਦੁਲਹਨ ਤੇਰੀ ਉਡੀਕ ਕਰਦੀ ਰਹੀ। ਤੂੰ ਨਾ ਆਇਆ ਤਾਂ ਆਖਰ ਉਹ ਘਰ ਚਲੀ ਗਈ।”

“ਹੋਣ ਵਾਲੀ ਦੁਲਹਨ!?” ਇਹ ਲਫਜ਼ ਸੁਣਦਿਆਂ ਹੀ ਆਫੀਆ ਦੇ ਸੀਨੇ ’ਤੇ ਆਰੀ ਚੱਲ ਗਈ। ਪਰ ਫਿਰ ਵੀ ਉਹ ਜ਼ਬਤ ’ਚ ਰਹੀ। ਉਸਨੂੰ ਅਮਜਦ ਦੀ ਮਾਂ ਦੀ ਗੱਲ ਫਿਰ ਸੁਣਨ ਲੱਗੀ, “ਹੁਣੇ ਇਹ ਹਾਲ ਐ ਤਾਂ ਬਾਅਦ ’ਚ ਕੀ ਪੂਰੀਆਂ ਪਾਉਗੇ। ਦੋ ਦਿਨ ਪਿੱਛੋਂ ਤੁਹਾਡੀ ਸ਼ਾਦੀ ਐ। ਤੂੰ ਕੁਛ ਤਾਂ ਸੋਚਣਾ ਸੀ।”

ਹੁਣ ਆਫੀਆ ਤੋਂ ਆਪਣੇ ਆਪ ’ਤੇ ਕਾਬੂ ਨਾ ਰੱਖ ਹੋਇਆ। ਉਹ ਛਾਲ ਮਾਰ ਕੇ ਉੱਠੀ।

“ਅਮਜਦ ਬੰਦਿਆ, ਪਿਆਰ ਦੇ ਵਾਅਦੇ ਮੇਰੇ ਨਾਲ ਕਰੀ ਜਾ ਰਿਹਾ ਐਂ ਤੇ ਉੱਧਰ ਨਵਾਂ ਨਿਕਾਹ ਕਰਾਉਣ ਦੀ ਤਿਆਰੀ ਵੀ ਚੱਲ ਰਹੀ ਐ। ਮੈਂ ਤੈਨੂੰ ਇੰਨਾ ਕਮੀਨਾ ਨ੍ਹੀਂ ਸੀ ਸਮਝਿਆ।” ਇੰਨਾ ਕਹਿੰਦਿਆਂ ਆਫੀਆ ਨੇ ਝਪਟ ਕੇ ਅਮਜਦ ਦੇ ਗਲਾਮੇ ’ਚ ਹੱਥ ਪਾ ਲਿਆ। ਉਹ ਉਸਨੂੰ ਇੱਧਰ ਉੱਧਰ ਖਿਚਦੀ ਰਹੀ। ਫਿਰ ਉਸਦੀ ਛਾਤੀ ’ਚ ਮੁੱਕੀਆਂ ਮਾਰਨ ਲੱਗੀ। ਮੁੱਕੀਆਂ ਮਾਰ ਮਾਰ ਕੇ ਉਹ ਹੱਫ ਗਈ ਤਾਂ ਅਮਜਦ ਦੀ ਛਾਤੀ ਨਾਲ ਲੱਗਣ ਨੂੰ ਆਹੁਲੀ ਜਿਵੇਂ ਕਿ ਉਹ ਹਰ ਲੜਾਈ ਪਿੱਛੋਂ ਕਰਦੀ ਹੁੰਦੀ ਸੀ। ਪਰ ਫਿਰ ਉਹ ਇੱਕਦਮ ਰੁਕੀ ਤੇ ਪਿਛਾਂਹ ਹਟਦੀ ਹੱਥਾਂ ’ਚ ਮੂੰਹ ਲੈ ਕੇ ਰੋਣ ਲੱਗੀ। ਅਮਜਦ ਦੀ ਵੀ ਰੁਸੀ ਹੋਈ ਆਫੀਆ ਨੂੰ ਸੀਨੇ ਨਾਲ ਲਾਉਣ ਦੀ ਚਾਹਤ ਮਨ ’ਚ ਹੀ ਰਹਿ ਗਈ।

ਕੁਝ ਦੇਰ ਹੌਂਕੇ ਭਰਦਿਆਂ ਆਫੀਆ ਸੰਭਲੀ ਤੇ ਉਸਨੇ ਜਾਣ ਲਈ ਆਪਣਾ ਬੈੱਗ ਚੁੱਕ ਲਿਆ।

“ਆਫੀਆ ਮੇਰੀ ਗੱਲ ਸੁਣ....।” ਅਮਜਦ ਨੇ ਉਸਨੂੰ ਰੋਕਣਾ ਚਾਹਿਆ। ਪਰ ਆਫੀਆ ਨੇ ਉਸ ਵੱਲ ਧਿਆਨ ਨਾ ਦਿੱਤਾ।

“ਅਜੇ ਕੁਛ ਨ੍ਹੀਂ ਹੋਇਆ। ਮੈਂ ਸਭ ਸੰਭਾਲ ਲਊਂਗਾ। ਤੂੰ ਮੈਥੋਂ ਮੂੰਹ ਨਾ ਮੋੜ।”

"ਅਮਜਦ ਰੱਸੀ ਟੁੱਟ ਚੁੱਕੀ ਐ। ਹੁਣ ਜਿੰਨਾ ਮਰਜ਼ੀ ਜ਼ੋਰ ਲਾ ਲੈ ਇਸਨੇ ਦੁਬਾਰਾ ਜੁੜਨਾ ਨ੍ਹੀਂ। ਪਰ ਦੁੱਖ ਇਸ ਗੱਲ ਦਾ ਐ ਕਿ ਮੈਂ ਐਵੇਂ ਭੁਲੇਖੇ ਪਾਲਦੀ ਰਹੀ।"

"ਆਫੀਆ ਪੂਰੀ ਗੱਲ ਸੁਣ ਲੈ ਐਵੇਂ ਝੋਰਾ ਨਾ ਕਰ....।"

ਆਫੀਆ ਨੇ ਉਸਦੀ ਗੱਲ ਵਿਚਕਾਰੋਂ ਹੀ ਕੱਟ ਦਿੱਤੀ ਤੇ ਬੋਲੀ, "ਤੇਰੀ ਹਾਂ ਤੋਂ ਬਿਨਾ ਤਾਂ ਇਹ ਨਿਕਾਹ ਨ੍ਹੀਂ ਹੋ ਰਿਹਾ ਹੋਣਾਂ ? ਮੈਂ ਇਹ ਵੀ ਜਾਣਦੀ ਆਂ ਕਿ ਮੈਨੂੰ ਮਨੋ ਉਤਾਰਨ ਪਿੱਛੋਂ ਈ ਤੂੰ ਰਜ਼ਾਮੰਦੀ ਦਿੱਤੀ ਹੋਊਗੀ। ਫਿਰ ਕੀ ਫਾਇਦਾ ਐਵੇਂ ਸਫਾਈਆਂ ਦੇਣ ਦਾ। ਚੰਗਾ ਤੈਨੂੰ ਨਵੀਂ ਦੁਲਹਨ ਮੁਬਾਰਕ।" ਆਫੀਆ ਉੱਠ ਕੇ ਤੁਰ ਪਈ।

"ਆਫੀਆ ਇੱਕ ਵਾਰ ਮੇਰੀ ਗੱਲ ਸੁਣ ਲੈ। ਫਿਰ ਭਾਵੇਂ....।" ਅਮਜਦ ਕੁਝ ਕਹਿਣ ਲੱਗਿਆ ਤਾਂ ਆਫੀਆ ਨੇ ਰੁਕਦੀ ਹੋਈ ਨੇ ਉਸਦੀ ਗੱਲ ਅਣਸੁਣੀ ਕਰਦਿਆਂ ਕਿਹਾ, "ਕੀ ਤੈਨੂੰ ਪਤਾ ਐ ਕਿ ਮੈਂ ਤੇਰੇ ਵਾਰ ਵਾਰ ਕੋਸ਼ਿਸ਼ ਕਰਨ 'ਤੇ ਵੀ ਤਲਾਕਨਾਮੇ 'ਤੇ ਦਸਤਖਤ ਕਿਉਂ ਨ੍ਹੀਂ ਸੀ ਕਰਦੀ ?"

ਅਮਜਦ ਨੇ ਕੋਈ ਜ਼ੁਆਬ ਨਾ ਦਿੱਤਾ ਤਾਂ ਆਫੀਆ ਫਿਰ ਬੋਲੀ, "ਕਿਉਂਕਿ ਮੈਨੂੰ ਪਤਾ ਸੀ ਕਿ ਤੂੰ ਮੈਨੂੰ ਟੁੱਟ ਕੇ ਚਾਹੁੰਨਾ ਐਂ। ਤੇ ਇਹ ਤਲਾਕ ਵਾਲੇ ਐਵੇਂ ਡਰਾਬੇ ਨੇ। ਮੈਂ ਸੋਚਦੀ ਹੁੰਦੀ ਸੀ ਕਿ ਆਪਾਂ ਦੋਨੋਂ ਇੱਕ ਦੂਜੇ ਨੂੰ ਇੰਨੀ ਮੁਹੱਬਤ ਕਰਦੇ ਆਂ ਕਿ ਇੱਕ ਦੂਜੇ ਬਿਨਾ ਰਹਿ ਈ ਨ੍ਹੀਂ ਸਕਦੇ। ਪਰ ਮੈਨੂੰ ਕੀ ਪਤਾ ਸੀ ਕਿ ਤੇਰੇ ਦਿਲ 'ਚ ਖੋਟ ਐ।"

ਆਫੀਆ ਖੜ੍ਹ ਕੇ ਅਮਜਦ ਦੇ ਬੋਲਣ ਦਾ ਇੰਤਜ਼ਾਰ ਕਰਦੀ ਰਹੀ ਪਰ ਜਦੋਂ ਉਹ ਕੁਝ ਨਾ ਹੀ ਬੋਲਿਆ ਤਾਂ ਉਹ ਮੁੜਦੀ ਹੋਈ ਅਮਜਦ ਵੱਲ ਆ ਗਈ ਤੇ ਠਰੰਮੇ ਨਾਲ ਬੋਲੀ, "ਜਿਸ ਵਜ੍ਹਾ ਕਰਕੇ ਮੈਂ ਇਹ ਤਲਾਕ ਵਾਲਾ ਕੰਮ ਰੋਕਿਆ ਹੋਇਆ ਸੀ ਉਹ ਵਜ੍ਹਾ ਹੁਣ ਰਹੀ ਈ ਨ੍ਹੀਂ ਤਾਂ ਮੇਰਾ ਐਵੇਂ ਅੜੇ ਰਹਿਣ ਦਾ ਕੀ ਫਾਇਦਾ। ਆ ਮੇਰੇ ਨਾਲ ਹੁਣੇ ਵਕੀਲ ਦੇ ਚੱਲ ਕੇ ਤਲਾਕਨਾਮੇ 'ਤੇ ਦਸਤਖਤ ਕਰਵਾ ਲੈ।" ਅਮਜਦ ਫਿਰ ਵੀ ਕੁਝ ਨਾ ਬੋਲਿਆ ਤਾਂ ਆਫੀਆ ਉਸਦਾ ਹੱਥ ਫੜ੍ਹ ਕੇ ਖਿਚਦੀ ਹੋਈ ਬਾਹਰ ਲੈ ਆਈ। ਉੱਥੋਂ ਟੈਕਸੀ ਲੈ ਕੇ ਨੇੜੇ ਹੀ ਵਕੀਲ ਦੇ ਦਫਤਰ ਪਹੁੰਚੇ। ਜਿੱਥੇ ਕਿਤੇ ਵਕੀਲ ਨੇ ਕਿਹਾ, ਆਫੀਆ ਨੇ ਦਸਤਖਤ ਕਰ ਦਿੱਤੇ। ਕੰਮ ਮੁੱਕ ਗਿਆ ਤਾਂ ਆਫੀਆ ਜਾਣ ਲਈ ਉੱਠ ਖੜ੍ਹੀ ਹੋਈ। ਵਕੀਲ ਫਾਇਲ ਸਮੇਟਦਾ ਬੋਲਿਆ, "ਅਮਜਦ ਸਾਹਿਬ ਇਸ ਤਲਾਕਨਾਮੇ ਅਨੁਸਾਰ ਤੁਸੀਂ ਬੱਚਿਆਂ ਦਾ ਖਰਚਾ ਹਰ ਮਹੀਨੇ ਉਦੋਂ ਤੱਕ ਅਦਾ ਕਰਦੇ ਰਹੋਗੇ ਜਦੋਂ ਤੱਕ ਉਹ ਬਾਲਗ ਨ੍ਹੀਂ ਹੋ ਜਾਂਦੇ। ਅਤੇ ਤੁਸੀਂ ਮੋਹਤਰਮਾ ਆਫੀਆ, ਅਮਜਦ ਸਾਹਿਬ ਨੂੰ ਬੱਚਿਆਂ ਨਾਲ ਮਿਲਣ ਤੋਂ ਨ੍ਹੀਂ ਰੋਕੋਗੇ। ਇਹ ਕਾਨੂੰਨੀ ਨੁਕਤੇ ਹਨ ਇਸੇ ਕਰਕੇ ਤੁਹਾਨੂੰ ਪੜ੍ਹ ਕੇ ਸੁਣਾਏ ਨੇ।" ਵਕੀਲ ਪਾਸੇ ਹਟ ਗਿਆ ਤਾਂ ਤੁਰਨ ਤੋਂ ਪਹਿਲਾਂ ਆਫੀਆ, ਅਮਜਦ ਨਾਲ ਹੱਥ ਮਿਲਾਉਂਦਿਆਂ ਬੋਲੀ, "ਨਵੀਂ ਜ਼ਿੰਦਗੀ ਮੁਬਾਰਕ ਮਿਸਟਰ ਅਮਜਦ, ਇਹ ਸ਼ਾਇਦ ਆਪਣੀ ਆਖਰੀ ਮੁਲਾਕਾਤ ਐ।" ਆਫੀਆ ਨੇ ਬਾਹਰੋਂ ਟੈਕਸੀ ਲਈ ਤੇ ਚਲੀ ਗਈ। ਇਸਦੇ ਕੁਝ ਦਿਨ੍ਹਾਂ ਪਿੱਛੋਂ ਅਮਜਦ ਦਾ ਨਿਕਾਹ ਹੋ ਗਿਆ।

ਬਚਪਨ ਤੋਂ ਲੈ ਕੇ ਅੱਜ ਤੱਕ ਆਫੀਆ ਨੇ ਬੜੀਆਂ ਮੱਲਾਂ ਮਾਰੀਆਂ ਸਨ। ਕੀ ਪੜ੍ਹਾਈ ਦਾ ਖੇਤਰ, ਕੀ ਮਜ਼ਬ ਜਾਂ ਫਿਰ ਸਮਾਜ ਸੇਵਾ ਦਾ ਖੇਤਰ, ਆਫੀਆ ਨੇ ਹਰ ਪਾਸੇ ਆਪਣਾ ਲੋਹਾ ਮਨਵਾਇਆ ਸੀ। ਸਭ ਨੂੰ ਪਤਾ ਸੀ ਕਿ ਆਫੀਆ ਇੱਕ ਬਹੁਤ ਹੀ ਬੁੱਧੀਮਾਨ ਸਖਸ਼ੀਅਤ ਹੈ। ਪਰ ਇਸ ਸਭ ਦੇ ਬਾਵਜੂਦ ਅੱਜ ਉਹ, ਇਕੱਤੀ ਸਾਲ ਦੀ ਉਮਰ 'ਚ ਇਕੱਲੀ ਰਹਿ ਗਈ ਸੀ। ਗੁੰਮਨਾਮੀ ਦੀ ਜ਼ਿੰਦਗੀ ਉਸਦੇ ਸਾਹਮਣੇ ਖੜ੍ਹੀ ਸੀ। ਉਸ 'ਤੇ ਤਲਾਕਸ਼ੁਦਾ ਦਾ ਧੱਬਾ ਲੱਗ ਚੁੱਕਿਆ ਸੀ, ਜਿਸਦੀ ਕਿ ਪਾਕਿਸਤਾਨੀ ਸਮਾਜ ਵਿੱਚ ਕੋਈ ਪੁੱਛ ਪ੍ਰਤੀਤ ਨਹੀਂ। ਤਲਾਕ ਮਗਰੋਂ ਕਈ ਹਫਤੇ ਤੱਕ ਉਹ ਬਹੁਤ ਹੀ ਮਾਨਸਿਕ ਤਣਾਉ 'ਚੋਂ ਗੁਜ਼ਰੀ। ਫਿਰ ਹੌਲੀ ਹੌਲੀ ਸੰਭਲਣ ਲੱਗੀ। ਇੱਕ ਸਵੇਰ ਉਹ ਪੰਛੀਆਂ ਨੂੰ ਦਾਣੇ ਪਾ ਰਹੀ ਸੀ ਕਿ ਉਸਦੀ ਮਾਂ ਨੇ ਦੂਰੋਂ ਆਵਾਜ਼ ਮਾਰੀ, "ਆਫੀਆ ਤੇਰਾ ਫੋਨ ਐਂ।"

"ਕੌਣ ਐਂ ਫੋਨ 'ਤੇ ਅੰਮੀ ਜਾਨ ?"

"ਵਕੀਲ ਐ।"

"ਕੀ ਕਹਿੰਦਾ ਐ ?"

"ਆਪੇ ਗੱਲ ਕਰਕੇ ਪੁੱਛ ਲੈ।"

"ਜੀ ਅੰਮੀ।" ਆਫੀਆ ਨੇ ਦਾਣਿਆਂ ਵਾਲਾ ਛਿੱਕੂ ਪਾਸੇ ਰੱਖ ਦਿੱਤਾ ਤੇ ਫੋਨ ਚੁੱਕ ਲਿਆ। ਦੂਸਰੇ ਪਾਸਿਉਂ ਆਵਾਜ਼ ਆਈ, "ਜੀ ਮੈਂ ਮੋਹਤਰਮਾ ਆਫੀਆ ਜੀ ਨਾਲ ਗੱਲ ਕਰਨੀ ਐਂ।"

"ਮੈਂ ਆਫੀਆ ਈ ਬੋਲ ਰਹੀ ਆਂ। ਆਪ ਕੌਣ ਸਾਹਿਬ ?"

"ਜੀ ਮੈਂ ਜਨਾਬ ਅਮਜਦ ਹੋਰਾਂ ਦਾ ਵਕੀਲ ਆਂ।"

"ਦੱਸੋ ਕਿਵੇਂ ਯਾਦ ਫੁਰਮਾਇਆ ?" ਆਫੀਆ ਜ਼ਰਾ ਵਿਅੰਗ 'ਚ ਬੋਲੀ।

"ਜੀ ਅਮਜਦ ਸਾਹਿਬ ਪੁੱਛ ਰਹੇ ਸਨ ਕਿ ਜੋ ਚੈੱਕ ਉਨ੍ਹਾਂ ਬੱਚਿਆਂ ਲਈ ਭੇਜਿਆ ਸੀ ਕੀ ਉਹ ਕੈਸ਼ ਹੋ ਚੁੱਕਿਆ ਐ ?"

"ਹਾਂ ਹੋ ਚੁੱਕਿਆ ਐ ਕੈਸ਼। ਹੋਰ ਕੁਛ ?"

"ਜੀ ਉਹ ਬੱਚਿਆਂ ਨੂੰ ਮਿਲਣ ਲਈ ਇਜਾਜ਼ਤ ਮੰਗ ਰਹੇ ਸਨ।" ਵਕੀਲ ਝਿਜਕਦਾ ਜਿਹਾ ਬੋਲਿਆ। ਉਹ ਆਫੀਆ ਦੇ ਖਰਬੇ ਸੁਭਾਅ ਤੋਂ ਜਾਣੂੰ ਸੀ।

"ਹੂੰ....।" ਆਫੀਆ ਉਸਦੀ ਗੱਲ ਦਾ ਹੁੰਗਾਰਾ ਭਰਦੀ ਮਨ ਹੀ ਮਨ ਬੋਲਣ ਲੱਗੀ, 'ਕੀ ਏਸ ਤੜਪ ਨੂੰ ਸਹਿਣ ਦਾ ਠੇਕਾ ਇਕੱਲੀ ਆਫੀਆ ਨੇ ਈ ਚੁੱਕਿਆ ਹੋਇਆ ਐ। ਅਮਜਦ ਸਾਹਿਬ ਨੂੰ ਵੀ ਇਸ 'ਚ ਸ਼ਰੀਕ ਹੋਣਾ ਚਾਹੀਦਾ ਐ। ਜ਼ਰਾ ਉਸਨੂੰ ਵੀ ਪਤਾ ਲੱਗੇ ਕਿ ਤੜਪ ਕੀ ਹੁੰਦੀ ਐ ਤੇ ਇਹ ਕਾਲਜੇ 'ਚ ਸੱਲ ਕਿਵੇਂ ਮਾਰਦੀ ਐ।'

ਇੰਨੇ ਨੂੰ ਉਧਰੋਂ ਵਕੀਲ ਦੀ ਆਵਾਜ਼ ਨੇ ਆਫੀਆ ਨੂੰ ਖਿਆਲਾਂ 'ਚੋਂ ਕੱਢਿਆ। ਉਸਨੇ ਡਰਦੇ ਜਿਹੇ ਨੇ ਪੁੱਛਿਆ ਸੀ, "ਜੀ ਮੈਂ ਫਿਰ ਅਮਜਦ ਸਾਹਿਬ ਨੂੰ ਕੀ ਸੁਨੇਹਾ ਦਿਆਂ ?"

"ਤੁਸੀਂ ਤੁਹਾਡੇ ਅਮਜਦ ਸਾਹਿਬ ਨੂੰ ਕਹਿ ਦਿਉ ਕਿ ਆਫੀਆ ਅਤੇ ਉਸਦੇ ਬੱਚੇ ਇਸ ਪਤੇ 'ਤੇ ਨ੍ਹੀਂ ਰਹਿੰਦੇ।" ਆਫੀਆ ਨੇ ਤਨਜ਼ ਕਸੀ।

"ਮੋਹਤਰਮਾ, ਬੱਚਿਆਂ ਨੂੰ ਮਿਲਣ ਦਾ ਅਧਿਕਾਰ ਮੇਰੇ ਸਾਇਲ ਨੂੰ ਕੋਰਟ ਦਿੰਦੀ ਐ। ਤੁਸੀਂ ਪਲੀਜ਼ ਇੰਜ ਨਾ ਕਰੋ ਮੇਰੀ ਗੱਲ....।"

"ਜੋ ਕੁਛ ਮੇਰੇ ਨਾਲ ਹੋ ਚੁੱਕਿਆ ਐ ਤੁਹਾਡੀ ਕੋਰਟ ਮੇਰਾ ਇਸ ਤੋਂ ਬੁਰਾ ਕੀ ਕਰ ਦਊਗੀ। ਜਾਉ ਮੈਂ ਨ੍ਹੀਂ ਕਿਸੇ ਨੂੰ ਮੇਰੇ ਬੱਚਿਆਂ ਦੇ ਨੇੜੇ ਲੱਗਣ ਦਿੰਦੀ।" ਖ਼ਰਬਾ ਜੁਆਬ ਦੇ ਕੇ ਆਫੀਆ ਨੇ ਫੋਨ ਸੋਫੇ 'ਤੇ ਚਲਾ ਮਾਰਿਆ। ਉਸਦੀ ਮਾਂ ਕੋਲ ਖੜ੍ਹੀ ਸਭ ਸੁਣ ਹੀ ਰਹੀ ਸੀ। ਉਹ ਗੁੱਸੇ 'ਚ ਆਉਂਦੀ ਬੋਲੀ, "ਕੱਖ ਨਾ ਰਹੇ ਇਸ ਨਾਈਮ ਖਾਂ ਦੇ ਪੁੱਤਰ ਦਾ। ਮੇਰੀ ਧੀ ਦਾ ਬੇੜਾ ਡੋਬ ਦਿੱਤਾ ਉਸਨੇ। ਅੱਲਾ ਕਰੇ ਉਸਦੇ ਕੀੜੇ...।" ਇਸਮਤ ਦੀ ਗੱਲ ਵਿਚਕਾਰ ਹੀ ਸੀ ਕਿ ਆਫੀਆ ਜ਼ੋਰ ਦੀ ਚਿਲਾਈ, "ਅੰਮੀ! ਤੈਨੂੰ ਕਿੰਨੇ ਵਾਰੀ ਕਿਹਾ ਐ ਕਿ ਤੂੰ ਉਸ ਬਾਰੇ ਮਾੜੇ ਲਫਜ਼ ਨਾ ਬੋਲਿਆ ਕਰ।"

"ਤੈਨੂੰ ਉਸਨੇ ਕਿਸੇ ਪਾਸੇ ਦੀ ਨ੍ਹੀਂ ਛੱਡਿਆ ਤੇ ਤੂੰ ਅਜੇ ਵੀ ਉਸਦਾ ਪੱਖ ਪੂਰਦੀ ਐਂ?"

"ਉਹ ਸਾਡਾ ਆਪਸ ਦਾ ਮਾਮਲਾ ਐ। ਪਰ ਕਿਸੇ ਨੂੰ ਕੋਈ ਅਧਿਕਾਰ ਨ੍ਹੀਂ ਕਿ ਅਮਜਦ ਬਾਰੇ ਬੁਰੇ ਲਫਜ਼ ਬੋਲੇ।"

ਆਫੀਆ ਪੈਰ ਪਟਕਦੀ ਅੰਦਰ ਚਲੀ ਗਈ ਤਾਂ ਇਸਮਤ ਮਨ ਈ ਮਨ ਬੋਲੀ, 'ਅਜ਼ੀਬ ਐ ਇਹ ਕੁੜੀ ਵੀ।'।

ਇਸਦੇ ਘੰਟਾ ਕੁ ਪਿੱਛੋਂ ਫਿਰ ਫੋਨ ਖੜਕਿਆ ਤਾਂ ਆਫੀਆ ਨੇ ਗੁੱਸੇ 'ਚ ਹੈਲੋ ਕਹੀ। ਪਰ ਛੇਤੀ ਹੀ ਠੰਡੀ ਪੈ ਗਈ। ਪਹਿਲਾਂ ਉਹ ਸਮਝੀ ਸੀ ਕਿ ਫੋਨ ਅਮਜਦ ਦੇ ਵਕੀਲ ਦਾ ਹੋਵੇਗਾ ਪਰ ਇਹ ਕੋਈ ਉਸਦੇ ਜਾਨਣ ਵਾਲਾ ਸੀ। ਫੋਨ ਬੰਦ ਕਰਦਿਆਂ ਉਹ ਆਪਣਾ ਮਿਜ਼ਾਜ਼ ਠੀਕ ਕਰਨ ਲੱਗੀ। ਥੋੜੀ ਦੇਰ ਪਿੱਛੋਂ ਉਸ ਨੇ ਤਲਖੀ ਹਟਾਉਂਦਿਆਂ ਮਾਂ ਨੂੰ ਬਾਜ਼ਾਰ ਜਾਣ ਲਈ ਮਨਾ ਲਿਆ। ਮਾਂ ਧੀ ਤਿਆਰ ਹੋ ਕੇ ਬਾਜ਼ਾਰ ਚੱਲ ਪਈਆਂ। ਬਾਜ਼ਾਰ 'ਚ ਖਰੀਦੋ ਫਰੋਖਤ ਕਰਦਿਆਂ ਆਫੀਆ ਮਾਂ ਨਾਲੋਂ ਵੱਖ ਹੋ ਗਈ। ਪੰਦਰਾਂ ਬੀਹ ਮਿੰਟਾਂ ਪਿੱਛੋਂ ਉਹ ਫਿਰ ਮਾਂ ਕੋਲ ਆ ਗਈ। ਇਸ ਵਿਚਕਾਰ ਉਹ ਇੱਕ ਰੈਸਟੋਰੈਂਟ 'ਚ ਬੈਠੇ ਸੁਲੇਮਾਨ ਐਹਮਰ ਕੋਲ ਗਈ ਸੀ। ਬੱਸ ਦੋ ਚੌਂਹ ਗੱਲਾਂ ਕਰਦਿਆਂ ਹੀ ਉਹ ਮੁੜ ਆਈ। ਘਰ ਆ ਕੇ ਉਸਨੇ ਇਸਮਤ ਨੂੰ ਇਸ ਗੱਲ ਲਈ ਸਹਿਮਤ ਕਰ ਲਿਆ ਕਿ ਘਰ ਦਾ ਅੱਧਾ ਹਿੱਸਾ ਕਿਰਾਏ 'ਤੇ ਦੇ ਦਿੱਤਾ ਜਾਵੇ। ਇਸਮਤ ਨੇ ਵੀ ਸੋਚਿਆ ਕਿ ਇਸ ਨਾਲ ਆਮਦਨੀ ਵਿੱਚ ਮੱਦਦ ਮਿਲੇਗੀ। ਅਗਲੇ ਦਿਨ ਹੀ ਆਫੀਆ ਨੇ ਇਸ਼ਤਿਹਾਰ ਦੇ ਦਿੱਤਾ। ਫਿਰ ਘਰ ਕਿਰਾਏ 'ਤੇ ਲੈਣ ਵਾਲਿਆਂ ਦੇ ਫੋਨ ਆਉਣ ਲੱਗੇ। ਪਰ ਆਫੀਆ ਨੇ ਹਰ ਇੱਕ ਨੂੰ ਟਾਲ ਦਿੱਤਾ। ਉਸਨੇ ਉਸੇ ਪਰਿਵਾਰ ਨੂੰ ਘਰ ਕਿਰਾਏ 'ਤੇ ਦੇਣ ਲਈ ਹਾਂ ਕਹੀ ਜਿਸ ਲਈ ਸੁਲੇਮਾਨ ਐਹਮਰ ਨੇ ਦੱਸਿਆ ਸੀ। ਇਹ ਸੀ ਅਲ ਬਲੋਚੀ ਪਰਿਵਾਰ।

ਘਰ ਕਿਰਾਏ 'ਤੇ ਲੈਣ ਉਪਰੰਤ ਪਹਿਲਾਂ ਬਲੋਚੀ ਪਰਿਵਾਰ ਦੀਆਂ ਔਰਤਾਂ ਨੇ ਇੱਥੇ ਆ ਕੇ ਰਹਿਣਾ ਸ਼ੁਰੂ ਕੀਤਾ। ਇਸਮਤ ਨਾਲ ਉਨ੍ਹਾਂ ਬੜੇ ਚੰਗੇ ਸਬੰਧ ਰੱਖੇ। ਆਫੀਆ ਨਾਲ ਵੀ ਉਨ੍ਹਾਂ ਦੀ ਨੇੜਤਾ ਹੋ ਗਈ। ਇਹ ਨੇੜਤਾ ਛੇਤੀ ਹੀ ਦੋਸਤੀ ਵਿੱਚ ਬਦਲ ਗਈ। ਉਸ ਪਰਿਵਾਰ 'ਚ ਦੋ ਜੁਆਨ ਕੁੜੀਆਂ ਸਨ ਜਿਨ੍ਹਾਂ ਨਾਲ ਆਫੀਆ ਦੇ ਗੂਹੜੇ ਸਬੰਧ ਬਣ ਗਏ। ਉਹ ਉਨ੍ਹਾਂ ਨਾਲ ਬਾਹਰ ਅੰਦਰ ਵੀ ਜਾਣ ਆਉਣ ਲੱਗੀ। ਇਸ ਵਿਚਕਾਰ ਉਹ ਉਨ੍ਹਾਂ ਦੇ ਅਸਲੀ ਘਰ ਵੀ ਗਈ। ਉੱਥੇ ਹੀ ਉਨ੍ਹਾਂ ਕੁੜੀਆਂ ਨੇ ਆਫੀਆ ਨੂੰ ਆਪਣੇ ਭਰਾ, ਅਲੀ ਅਬਦੁਲ ਅਜੀਜ ਅਲੀ ਨਾਲ ਮਿਲਾਇਆ। ਉਸਨੂੰ ਸਾਰੇ ਸਿਰਫ ਅਲੀ ਕਹਿ ਕੇ ਹੀ ਬੁਲਾਉਂਦੇ ਸਨ ਜਿਹੜਾ ਕਿ ਪੰਝੀ ਕੁ ਸਾਲ ਦੀ ਉਮਰ ਦਾ ਸੀ। ਫਿਰ ਇਸ ਪਰਿਵਾਰ ਦੀਆਂ ਔਰਤਾਂ ਦਾ ਆਫੀਆ ਦੇ ਘਰ ਆਉਣਾ ਜਾਣਾ ਘਟਦਾ ਗਿਆ। ਪਰ ਉੱਥੇ ਹਰ ਰੋਜ਼ ਨਵੇਂ ਹੀ ਲੋਕ ਆਉਣ ਲੱਗੇ। ਕੋਈ ਆਉਂਦਾ ਤੇ ਕੋਈ ਜਾਂਦਾ। ਇਸਮਤ ਹਰ ਰੋਜ਼ ਨਵੇਂ ਚਿਹਰੇ ਵੇਖਦੀ। ਪਰ ਉਸਨੂੰ ਇਸ ਨਾਲ ਮਤਲਬ ਨਹੀਂ ਸੀ। ਉਂਝ ਉਹ ਸੋਚਦੀ ਸੀ ਕਿ ਵੱਡਾ ਪਰਿਵਾਰ ਹੈ ਇਸ ਕਰਕੇ ਪਰਿਵਾਰਕ ਮੈਂਬਰ ਵੀ ਜ਼ਿਆਦਾ ਹਨ। ਉਸਨੂੰ ਦੱਸਿਆ ਵੀ ਗਿਆ ਸੀ ਕਿ ਇਹ ਵਪਾਰੀ ਪਰਿਵਾਰ ਹੈ ਜਿਸਦੇ ਲੋਕ ਆਉਂਦੇ ਜਾਂਦੇ ਰਹਿੰਦੇ ਹਨ। ਪਰ ਅਸਲ 'ਚ ਸੁਲੇਮਾਨ ਐਹਮਰ ਨੇ ਅਲ ਕਾਇਦਾ ਦੇ

ਰੂਪੋਸ਼ ਮੈਂਬਰਾਂ ਨੂੰ ਲੁਕਾਉਣ ਲਈ ਘਰ ਨੂੰ ਕਿਰਾਏ 'ਤੇ ਦੇਣ ਵਾਲਾ ਇਹ ਪ੍ਰਬੰਧ ਕਰਵਾਇਆ ਸੀ। ਇੱਥੋਂ ਹੀ ਪਹਿਲੀ ਵਾਰ ਆਫੀਆ, ਅਲ ਬਲੋਚੀ ਪਰਿਵਾਰ ਦੇ ਸੰਪਰਕ 'ਚ ਆਈ। ਉਸਦੇ ਇਸ ਪਰਿਵਾਰ 'ਚ ਘੁਲ ਮਿਲ ਜਾਣ ਦਾ ਇੰਤਜ਼ਾਮ ਅਲ ਬਲੋਚੀ ਪਰਿਵਾਰ ਦੇ ਮੋਢੀ ਕੇ. ਐਸ. ਐਮ. ਦੀ ਰਜ਼ਾਮੰਦੀ ਤੋਂ ਪਿੱਛੋਂ ਹੀ ਕੀਤਾ ਗਿਆ ਸੀ। ਉਸਨੂੰ ਚੰਗੀ ਤਰ੍ਹਾਂ ਵੇਖਣ ਪ੍ਰਖਣ ਤੋਂ ਪਿੱਛੋਂ ਹੀ ਇੱਕ ਦਿਨ ਸੁਲੇਮਾਨ ਐਹਮਰ ਨੇ, ਕੇ. ਐਸ. ਐਮ. ਨਾਲ ਗੱਲ ਛੇੜੀ, "ਕਿਵੇਂ ਲੱਗੀ ਤੁਹਾਨੂੰ ਇਹ ਕੁੜੀ ?"

"ਇਹ ਪਤਾ ਤਾਂ ਉਦੋਂ ਈ ਲੱਗੂ ਜਦੋਂ ਇਹ ਕਿਸੇ ਕੰਮ ਨੂੰ ਅੰਜ਼ਾਮ ਦੇਊਗੀ।"

"ਇਹ ਗੱਲ ਤੁਹਾਡੀ ਠੀਕ ਐ। ਪਰ ਇਸ ਦੇ ਅੰਦਰ ਜਿਹਾਦ ਲਈ ਬੜੀ ਅੱਗ ਭਰੀ ਹੋਈ ਐ। ਉਂਞ ਵੀ ਬਹੁਤ ਈ ਬੁੱਧੀਮਾਨ ਐ। ਸਾਇੰਸਟਿਸਟ ਐ, ਦਿਮਾਗ ਦੀ ਬਹੁਤ ਹੀ ਤੇਜ਼ ਐ।"

"ਤੇਰਾ ਕੀ ਖਿਆਲ ਐ ਕਿ ਇਹ ਕੈਮੀਕਲ ਹਥਿਆਰ ਬਗੈਰਾ ਬਣਾਉਣ 'ਚ ਮੱਦਦ ਕਰ ਸਕਦੀ ਐ ?"

"ਬਿਲਕੁਲ! ਅਜਿਹੇ ਕੰਮਾਂ ਦੀ ਤਾਂ ਇਹ ਮਾਹਰ ਐ। ਜ਼ਰਾ ਵਰਤ ਕੇ ਵੇਖੋ।"

"ਇਹ ਵੀ ਵੇਖ ਲੈਨੇ ਆਂ। ਪਰ ਇਸ ਵਿੱਚ ਇੱਕ ਹੋਰ ਬਹੁਤ ਵੱਡਾ ਗੁਣ ਐਂ।"

"ਉਹ ਕੀ ?"

"ਇਹ ਅਮਰੀਕਣ ਰੈਜ਼ੀਡੈਂਟ ਐ। ਉੱਥੇ ਜਾਣ-ਆਉਣ 'ਚ ਇਸ ਨੂੰ ਮੁਸ਼ਕਲ ਨ੍ਹੀਂ ਆਵੇਗੀ।"

"ਇਹ ਗੱਲ ਵੀ ਤੁਹਾਡੀ ਠੀਕ ਐ।"

"ਚੱਲ ਇੱਕ ਵਾਰ ਇਸਨੂੰ ਤੂੰ ਮੁਫਤੀ ਸਾਹਿਬ ਨੂੰ ਮਿਲਾ। ਉਹੀ ਇਸ ਨੂੰ ਇਸਦਾ ਅੱਗੇ ਦਾ ਕੰਮ ਦੱਸਣਗੇ।"

ਮੁਫਤੀ ਅਬੂ ਲੁਬਾਬਾ ਸ਼ਾਹ ਮਨਸੂਰ, ਮੁਕਾਮੀ ਮਸਜਿਦ ਦਾ ਇਮਾਮ ਸੀ। ਜਿਹੜਾ ਅਲ ਰਸ਼ੀਦ ਟਰੱਸਟ ਦਾ ਡਿਪਟੀ ਡਾਇਰੈਕਟਰ ਵੀ ਸੀ। ਇਸ ਟਰੱਸਟ ਦਾ ਡਾਇਰੈਕਟਰ, ਖੁਦ ਰਸ਼ੀਦ ਮੁਹੰਦਮ ਸੀ। ਕਰਾਚੀ ਦੇ ਦਹਿਸ਼ਤਗਰਦਾਂ 'ਚ ਸਭ ਨੂੰ ਪਤਾ ਸੀ ਕਿ ਇਨ੍ਹਾਂ ਦੋਨਾਂ ਦੇ ਉਸਾਮਾ ਬਿਨ ਲਾਦਿਨ ਨਾਲ ਸਿੱਧੇ ਸਬੰਧ ਹਨ ਅਤੇ ਇਹ ਤਾਲੀਬਾਨਾ ਲਈ ਪੈਸੇ ਦਾ ਪ੍ਰਬੰਧ ਵੱਡੇ ਪੱਧਰ 'ਤੇ ਕਰਦੇ ਹਨ। ਮੁਫਤੀ ਨੇ ਸੁਲੇਮਾਨ ਦੀ ਸਾਰੀ ਗੱਲ ਸੁਣਦਿਆਂ ਆਫੀਆ ਨੂੰ ਫਤਵਾ ਜਾਰੀ ਕਰਕੇ ਜਰਮ ਵਾਰਫੇਅਰ ਅਤੇ ਹੋਰ ਬਾਇਲੋਜੀਕਲ ਹਥਿਆਰਾਂ 'ਤੇ ਕੰਮ ਕਰਨ ਦਾ ਆਦੇਸ਼ ਦੇ ਦਿੱਤਾ। ਜਿਸ ਨੂੰ ਆਫੀਆ ਨੇ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ। ਇਸੇ ਵਿਚਕਾਰ ਉਸਦਾ ਅਲ ਬਲੋਚੀ ਪਰਿਵਾਰ ਵਿੱਚ ਆਉਣਾ ਜਾਣਾ ਹੋਰ ਵਧ ਗਿਆ।

ਅਲੀ ਆਪਣੇ ਮਾਮੇ, ਕੇ. ਐਸ. ਐਮ. ਦਾ ਖਾਸ ਭਰੋਸੇਯੋਗ ਆਦਮੀ ਸੀ ਜੋ ਪੂਰਣ ਤੌਰ 'ਤੇ ਉਸਦੇ ਸਾਰੇ ਮਿਸ਼ਨਾ ਬਾਰੇ ਜਾਣਦਾ ਸੀ। ਇੰਨਾ ਹੀ ਨਹੀਂ ਉਹ ਹਰ ਮਿਸ਼ਨ 'ਚ ਆਪਣਾ ਯੋਗਦਾਨ ਪਾਉਂਦਾ ਸੀ। ਭਾਵੇਂ ਨਾਈਨ ਅਲੈਵਨ ਦਾ ਮਾਸਟਰ ਮਾਈਂਡਡ ਕੇ. ਐਸ. ਐਮ. ਸੀ ਪਰ ਉਸ ਮਿਸ਼ਨ ਨੂੰ ਸਿਰੇ ਚੜਾਉਣ ਲਈ ਅਲੀ ਨੇ ਵੀ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ ਸੀ। ਉਹ ਅੰਗਰੇਜ਼ੀ ਸਕੂਲਾਂ ਦਾ ਪੜ੍ਹਿਆ ਸੀ ਤੇ ਪੱਛਮ ਦੇ ਢੰਗ ਨਾਲ ਰਹਿੰਦਾ ਸੀ। ਉਸੇ ਨੇ ਹੀ ਨਿਊਯਾਰਕ ਦੇ ਟਵਿਨ ਟਾਵਰਜ਼ ਤਬਾਹ ਕਰਨ ਵਾਲੇ ਹਾਈਜੈਕਰਾਂ ਨੂੰ ਪੱਛਮੀ ਢੰਗ ਦੇ ਰਹਿਣ ਸਹਿਣ ਅਤੇ ਪਹਿਨਣ ਪੱਚਰਣ ਦੇ ਤਰੀਕੇ ਸਿਖਾਏ ਸਨ। ਇਸ ਤੋਂ ਇਲਾਵਾ ਉਸਨੇ ਇਨ੍ਹਾਂ 'ਚੋਂ ਘੱਟੋ ਘੱਟ ਨੌਂ ਹਾਈਜੈਕਰਾਂ ਨੂੰ ਉਨ੍ਹਾਂ ਦੇ ਮਿਸ਼ਨ ਬਾਰੇ ਟਰੇਨਿੰਗ ਦਿੱਤੀ ਸੀ ਜਿਨ੍ਹਾਂ ਵਿੱਚ, ਮਾਰਵਾਂ ਅਲ ਸ਼ੇਹੀ ਵੀ ਇੱਕ ਸੀ ਜਿਸਨੇ ਕਿ ਯੁਨਾਈਟਡ ਫਲਾਈਟ ਨੰਬਰ 175 ਵਰਲਡ ਟਰੇਡ ਸੈਂਟਰ ਦੇ ਸਾਊਥ ਟਾਵਰ ਨਾਲ ਹਿੱਟ ਕੀਤੀ ਸੀ। ਅਲੀ ਨੇ ਤਕਰੀਬਨ ਸਵਾ ਲੱਖ ਡਾਲਰ,

ਮਾਰਵਾਂ ਅਲ ਸ਼ੇਹੀ ਅਤੇ ਮੁਹੱਮਦ ਅੱਤਾ ਨੂੰ ਅਮਰੀਕਾ 'ਚ ਭੇਜਿਆ ਸੀ। ਉਹ ਆਪ ਵੀ ਇਨ੍ਹਾਂ ਹਾਈਜੈਕਰਾਂ ਨਾਲ ਅਮਰੀਕਾ ਜਾ ਕੇ ਮਿਸ਼ਨ 'ਚ ਹਿੱਸਾ ਲੈਣ ਵਾਲਾ ਸੀ। ਇਸਦੇ ਲਈ ਉਸਨੇ ਡੁਬਈ ਦੀ ਅਮਰੀਕਣ ਅੰਬੈਸੀ 'ਚ ਵੀਜ਼ੇ ਲਈ ਅਪਲਾਈ ਵੀ ਕੀਤਾ ਸੀ ਪਰ ਵੀਜ਼ਾ ਨਾ ਮਿਲਣ ਕਾਰਨ ਉਹ ਵਾਪਸ ਪਾਕਿਸਤਾਨ ਮੁੜ ਗਿਆ ਸੀ। ਨਾਈਨ ਅਲੈਵਨ ਤੋਂ ਪਿੱਛੋਂ ਉਸਨੇ ਕੇ. ਐਸ. ਐਮ. ਨਾਲ ਪੂਰੇ ਜ਼ੋਰ ਸ਼ੋਰ ਨਾਲ ਦੂਸਰੇ ਵੱਡੇ ਹਮਲੇ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸਦਾ ਮੁੱਖ ਕੰਮ ਅਗਲੇ ਨਿਸ਼ਾਨੇ ਲਈ ਜਿਹਾਦੀਆਂ ਨੂੰ ਟਰੇਨਿੰਗ ਦੇਣਾ ਸੀ। ਇਸ ਮਿਸ਼ਨ ਵਿੱਚ ਉਹ ਉਨ੍ਹਾਂ ਜਿਹਾਦੀਆਂ ਨੂੰ ਵਰਤਣਾ ਚਾਹੁੰਦੇ ਸਨ ਜਿਨ੍ਹਾਂ ਨੂੰ ਕਿ ਅਮਰੀਕਾ ਜਾਣ ਆਉਣ ਵਿੱਚ ਮੁਸ਼ਕਲ ਨਾ ਆਵੇ। ਭਾਵ ਕਿ ਜਿਹੜੇ ਪਹਿਲਾਂ ਹੀ ਉੱਥੋਂ ਦੇ ਬਾਸ਼ਿੰਦੇ ਹੋਣ। ਪਹਿਲਾ ਤਿਆਰ ਕੀਤਾ ਗਿਆ ਗਰੁੱਪ, ਹੋਜ਼ੇ ਪਦੀਲਾ ਅਤੇ ਰਿਚਰਡ ਰੀਡ ਵਰਗੇ ਫੜ੍ਹੇ ਗਏ ਸਨ। ਇਸ ਲਈ ਇਹ ਅਗਲੇ ਮਿਸ਼ਨ ਦੇ ਬੰਦਿਆਂ ਨੂੰ ਬਹੁਤ ਹੀ ਸੋਚ ਵਿਚਾਰ ਨਾਲ ਅਮਰੀਕਾ ਵਿੱਚ ਦਾਖਲ ਕਰਨਾ ਚਾਹੁੰਦੇ ਸਨ। ਇਨ੍ਹਾਂ ਨਵੇਂ ਜਿਹਾਦੀਆਂ ਵਿੱਚ ਇਕ ਮੁੰਡਾ ਆਇਆ ਸੀ, ਮਜੀਦ ਖਾਨ। ਇਹ ਕੰਪਿਊਟਰ ਪ੍ਰੋਗਰੈਮਰ ਸੀ। ਇਸਦਾ ਪਰਿਵਾਰ ਅਮਰੀਕਾ ਦੀ ਸਟੇਟ ਮੈਰੀਲੈਂਡ ਦੇ ਸ਼ਹਿਰ ਬਾਲਟੀਮੋਰ 'ਚ ਰਹਿੰਦਾ ਸੀ। ਮਜੀਦ ਖਾਨ ਦਾ ਪਰਿਵਾਰ ਜਦੋਂ ਅਮਰੀਕਾ ਆਇਆ ਤਾਂ ਉਦੋਂ ਉਹ ਪੰਦਰਾਂ ਸਾਲ ਦਾ ਸੀ। ਇੱਥੇ ਆ ਕੇ ਉਸਦੇ ਪਰਿਵਾਰ ਨੇ ਰਾਜਨੀਤਕ ਸ਼ਰਨ ਲਈ ਸੀ। ਇਸਦੇ ਛੇ ਸਾਲ ਬਾਅਦ ਮਜੀਦ ਖਾਨ ਪਹਿਲੀ ਵਾਰ ਪਾਕਿਸਤਾਨ ਗਿਆ ਸੀ, ਪਰ ਅਜੇ ਉਸਨੂੰ ਗਰੀਨ ਕਾਰਡ ਨਹੀਂ ਮਿਲਿਆ ਸੀ। ਇਸੇ ਵਜ੍ਹਾ ਕਰਕੇ ਉਸਨੂੰ ਅਮਰੀਕਾ ਤੋਂ ਬਾਹਰ ਜਾਣ ਵਾਸਤੇ, ਇੰਮੀਗਰੇਸ਼ਨ ਮਹਿਕਮੇ ਤੋਂ ਇਜਾਜ਼ਤ ਲੈਣੀ ਪੈਣੀ ਸੀ। ਜਿਹੜੀ ਕਿ ਉਹ ਗਲਤੀ ਨਾਲ ਲੈਣੀ ਭੁੱਲ ਗਿਆ ਸੀ। ਇਸ ਗੱਲ ਦਾ ਪਤਾ ਉਸਨੂੰ ਪਿੱਛੋਂ ਜਾ ਕੇ ਲੱਗਿਆ ਕਿ ਬਿਨਾ ਇਜਾਜ਼ਤ ਦੇ ਆਉਣ ਕਾਰਨ ਉਹ ਵਾਪਸ ਅਮਰੀਕਾ 'ਚ ਦਾਖਲ ਨਹੀਂ ਹੋ ਸਕੇਗਾ।

ਖੈਰ ਹੁਣ ਤੱਕ ਉਹ ਕਾਫੀ ਧਾਰਮਿਕ ਬਣ ਚੁੱਕਿਆ ਸੀ ਅਤੇ ਕਿਸੇ ਚੰਗੀ ਕੁੜੀ ਨਾਲ ਸ਼ਾਦੀ ਕਰਨੀ ਚਾਹੁੰਦਾ ਸੀ। ਉਸਦੀ ਸ਼ਾਦੀ ਕਿਸੇ ਮਜ਼ਬੀ ਹਸਤੀ ਨੇ, ਰਬੀਆ ਜਾਕੂਬ ਨਾਂ ਦੀ ਕੁੜੀ ਨਾਲ ਕਰਵਾ ਦਿੱਤੀ। ਇਸੇ ਮਜ਼ਬੀ ਹਸਤੀ ਨੇ ਉਸਦੇ ਅੰਦਰ ਜਿਹਾਦ ਲਈ ਖਿੱਚ ਪਹਿਚਾਣੀ ਤੇ ਉਸਨੂੰ ਕੇ. ਐਸ. ਐਮ. ਨਾਲ ਮਿਲਾਉਣ ਦਾ ਫੈਸਲਾ ਕੀਤਾ। ਮਿੱਥੇ ਵਕਤ 'ਤੇ ਉਹ ਉਸਨੂੰ ਲੈ ਕੇ, ਕੇ. ਐੱਸ. ਐਮ. ਕੋਲ ਗਿਆ ਤੇ ਕਿਹਾ ਕਿ ਇਸ ਮੁੰਡੇ ਨੂੰ ਖਾਲਿਦ ਸਾਹਿਬ ਨਾਲ ਮਿਲਾਇਆ ਜਾਵੇ। ਕੇ. ਐੱਸ. ਐਮ. ਧਿਆਨ ਨਾਲ ਮਜੀਦ ਖਾਨ ਵੱਲ ਵੇਖਦਿਆਂ ਹੋਇਆ ਬੋਲਿਆ, "ਗੱਲ ਸੁਣ ਉਏ ਕਾਕੇ। ਇਹ ਜਿਹਾਦ, ਗੱਲਾਂ ਨਾਲ ਨ੍ਹੀਂ ਲੜ੍ਹਿਆ ਜਾਂਦਾ। ਇਸਦੇ ਲਈ ਅੰਦਰ ਜਿਹਾਦ ਦੀ ਅੱਗ ਹੋਣੀ ਜ਼ਰੂਰੀ ਐ।"

"ਜੀ ਮੈਂ ਹਰ ਪੱਖੋਂ ਇਸ ਲਈ ਤਿਆਰ ਆਂ।"

"ਇਹ ਕੋਈ ਭੰਡਾਂ ਦੇ ਖੇਲ ਨ੍ਹੀਂ ਐ। ਹਰ ਵਕਤ ਮੌਤ, ਨਾਲ ਨਾਲ ਚੱਲਦੀ ਐ।"

"ਜੀ ਮੈਂ ਸਭ ਸਮਝਦਾ ਆਂ।"

ਉਹ ਗੱਲਾਂ ਕਰ ਹੀ ਰਹੇ ਸਨ ਕਿ ਕੋਈ ਜਣਾ ਅੰਦਰ ਆਇਆ ਤੇ ਕੇ. ਐੱਸ. ਐਮ. ਨੂੰ ਬੋਲਿਆ, "ਉਸ ਮੁੰਡੇ ਨੇ ਆਤਮਘਾਤੀ ਮਿਸ਼ਨ ਨੂੰ ਬੜੇ ਚੰਗੇ ਢੰਗ ਨਾਲ ਅੰਜ਼ਾਮ ਦੇ ਦਿੱਤਾ ਐ। ਉੱਥੇ ਦਸ ਬੰਦੇ ਮਰ ਚੁੱਕੇ ਨੇ।"

"ਅੱਲਾ ਉਸਨੂੰ ਬਹਿਸ਼ਤਾਂ ਬਖਸ਼ੇ। ਅੱਗੇ ਦਾ ਕੀ ਪ੍ਰੋਗਰਾਮ ਐਂ ?"

"ਪੇਟ ਨਾਲ ਬੰਨਣ ਵਾਲੀ ਬੈਲਟ ਤਿਆਰ ਐ। ਧਮਾਕਾ ਖੇਜ ਸਮੱਗਰੀ ਵੀ ਉਸ ਅੰਦਰ ਫਿੱਟ ਕਰ ਦਿੱਤੀ ਗਈ ਐ। ਬੱਸ ਹੁਣ ਤਾਂ ਕਿਸੇ ਅਜਿਹੇ ਮੁੰਡੇ ਦੀ ਲੋੜ ਐ ਜੋ ਕਿ ਆਤਮਘਾਤੀ ਮਿਸ਼ਨ ਲਈ ਤਿਆਰ ਹੋਵੇ।"

ਉਸਦੀ ਗੱਲ ਸੁਣ ਕੇ ਕੇ. ਐੱਸ. ਐਮ. ਨੇ ਪਲ ਭਰ ਸਾਹਮਣੇ ਬੈਠੇ ਮਜੀਦ ਖਾਂ ਵੱਲ ਵੇਖਿਆ ਤੇ ਫਿਰ ਬੋਲਿਆ, "ਮੁੰਡਾ ਆਪਣੇ ਕੋਲ ਪਹੁੰਚ ਚੁੱਕਿਆ ਐ। ਤੂੰ ਬੈਲਟ ਲੈ ਕੇ ਆ।"

ਉਸਨੇ ਅੰਦਰੋਂ ਬੈਲਟ ਲਿਆਂਦੀ ਤਾਂ ਕੇ. ਐੱਸ. ਐਮ. ਨੇ ਉਹ ਮਜੀਦ ਖਾਂ ਦੇ ਪੇਟ ਨਾਲ ਬੰਨ ਦਿੱਤੀ। ਚੰਗੀ ਤਰ੍ਹਾਂ ਵੇਖ ਪਰਖ ਕੇ ਉਹ ਬੋਲਿਆ, "ਲੈ ਬਈ ਜਵਾਨਾਂ, ਤੂੰ ਜਿਹਾਦ ਲਈ ਮਰ ਮਿਟਣ ਲਈ ਤਿਆਰ ਐਂ ਤਾਂ ਜਿਹਾਦ ਵੀ ਤੈਨੂੰ ਈ ਉਡੀਕ ਰਿਹਾ ਸੀ। ਤੂੰ ਕਿਸਮਤ ਵਾਲਾ ਐਂ ਜੋ ਤੈਨੂੰ ਆਉਂਦੇ ਨੂੰ ਈ ਆਤਮਘਾਤੀ ਮਿਸ਼ਨ ਦਾ ਕੰਮ ਮਿਲ ਗਿਆ। ਹੁਣ ਤੂੰ ਇੱਥੋਂ ਜਾਹ ਤੇ ਡਾਊਨ ਟਾਊਨ ਦੀ ਫਰਾਹਖਾਨ ਮਾਰਕਿਟ 'ਚ ਜਾ ਕੇ ਇਸ ਕੰਮ ਨੂੰ ਅੰਜ਼ਾਮ ਦੇਹ। ਇਹ ਬੰਬ ਪੂਰੇ ਇੱਕ ਵਜੇ ਚੱਲੇਗਾ। ਬੱਸ ਕੰਮ ਧਿਆਨ ਨਾਲ ਕਰੀਂ।"

"ਜੀ ਬਹੁਤ ਬਹਿਤਰ ਜਨਾਬ।" ਮਜੀਦ ਖਾਂ ਉੱਠਣ ਲੱਗਿਆ ਤਾਂ ਕੇ. ਐੱਸ. ਐਮ. ਉਸ ਨੂੰ ਰੋਕਦਾ ਹੋਇਆ ਬੋਲਿਆ, "ਤੈਨੂੰ ਪਤਾ ਐ ਨਾ ਇਹ ਕੀ ਚੀਜ਼ ਐ ?"

"ਜੀ ਬਿਲਕੁਲ ਪਤਾ ਐ।"

"ਇਹ ਬੰਬ ਚੱਲੇਗਾ ਤਾਂ ਉੱਥੇ ਤੇਰੇ ਆਲੇ ਦੁਆਲੇ ਦੇ ਸਾਰੇ ਲੋਕ ਮਾਰੇ ਜਾਣਗੇ ਪਰ ਤੂੰ ਵੀ ਉਨ੍ਹਾਂ ਦੇ ਨਾਲ ਹੀ ਮਰੇਂਗਾ। ਤੂੰ ਨਵਾਂ ਐਂ ਇਸ ਕਰਕੇ ਮੈਂ ਤੈਨੂੰ ਇਹ ਗੱਲ ਸਪੱਸ਼ਟ ਦੱਸ ਰਿਹਾ ਆਂ।"

"ਜੀ ਮੈਨੂੰ ਇਜਾਜ਼ਤ ਦਿਉ।" ਇੰਨਾ ਕਹਿੰਦਿਆਂ ਉਹ ਬਾਹਰ ਨਿਕਲ ਗਿਆ ਤੇ ਫਰਾਖਾਨ ਮਾਰਕਿਟ ਪਹੁੰਚ ਗਿਆ। ਉੱਥੇ ਜਾ ਕੇ ਉਹ ਇਕੱਠ ਵਾਲੀ ਥਾਂ 'ਤੇ ਖੜ੍ਹੋ ਗਿਆ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਸ਼ਿਕਾਰ ਬਣਾ ਸਕੇ। ਇੱਕ ਵੱਜ ਗਿਆ ਪਰ ਉਸਦੇ ਪੇਟ ਨਾਲ ਬੰਨਿਆਂ ਬੰਬ ਨਾ ਚੱਲਿਆ। ਕੋਈ ਅੱਧਾ ਘੰਟਾ ਉਹ ਉੱਥੇ ਰਿਹਾ ਪਰ ਉਸਦੇ ਦੱਸੇ ਮੁਤਾਬਕ ਨਾ ਬੰਬ ਫਟਿਆ ਤੇ ਨਾ ਕੋਈ ਧਮਾਕਾ ਹੋਇਆ। ਆਖਰ ਉਹ ਵਾਪਸ ਮੁੜ ਆਇਆ ਤਾਂ ਉੱਥੇ ਕੋਈ ਨਹੀਂ ਸੀ। ਉੱਥੋਂ ਉਹ ਘਰ ਚਲਾ ਗਿਆ। ਅਗਲੇ ਦਿਨ ਉਹ ਉਸੇ ਮਜ਼ਬੀ ਹਸਤੀ ਕੋਲ ਵਾਪਿਸ ਗਿਆ ਤਾਂ ਉਸਨੇ ਕਿਹਾ, "ਵਧਾਈ ਹੋਵੇ।"

"ਜੀ !?" ਮਜੀਦ ਖਾਂ ਹੈਰਾਨ ਹੋਇਆ।

"ਤੂੰ ਖਾਲਿਦ ਸ਼ੇਖ ਮੁਹੰਮਦ ਸਾਹਿਬ ਦੇ ਇਮਤਿਹਾਨ 'ਚੋਂ ਪਾਸ ਹੋ ਗਿਆ। ਅਸਲ 'ਚ ਕੱਲ੍ਹ ਤੈਨੂੰ ਜੋ ਬੈਲਟ ਦਿੱਤੀ ਗਈ ਸੀ, ਉਹ ਨਕਲੀ ਸੀ, ਸਿਰਫ ਤੈਨੂੰ ਪਰਖਣ ਲਈ। ਪਰ ਤੂੰ ਵਾਕਿਆ ਈ ਪੱਕਾ ਜਿਹਾਦੀ ਐਂ। ਕੇ. ਐੱਸ. ਐਮ. ਤੈਨੂੰ ਵੱਡਾ ਕੰਮ ਸੌਂਪਣ ਵਾਲੇ ਨੇ।" ਫਿਰ ਅਗਲੇ ਹਫਤੇ ਉਸਨੂੰ ਪੈਸੇ ਦੇ ਕੇ ਇੰਡੋਨੇਸ਼ੀਆ ਭੇਜਿਆ ਗਿਆ। ਉਸਨੇ ਉੱਥੇ ਜਾ ਕੇ ਕਿਸੇ ਹੰਬਾਲੀ ਨਾਂ ਦੇ ਬੰਦੇ ਨਾਲ ਸੰਪਰਕ ਕੀਤਾ ਤੇ ਪੈਸੇ ਪਹੁੰਚਾਏ। ਇਨ੍ਹਾਂ ਪੈਸਿਆਂ ਦੀ ਮੱਦਦ ਨਾਲ ਹੰਬਾਲੀ ਨੇ ਅਗਲੇ ਹਫਤੇ ਬਾਲੀ ਦੇ ਕਿਸੇ ਕਲੱਬ 'ਚ ਬੰਬ ਧਮਾਕਾ ਕੀਤਾ ਜਿਸ ਵਿੱਚ ਸੈਂਕੜੇ ਲੋਕ ਮਾਰੇ ਗਏ। ਇਸ ਪਿੱਛੋਂ ਮਜੀਦ ਖਾਂ ਹੋਰ ਨਿੱਕੇ ਮੋਟੇ ਕਈ ਕੰਮ ਕਰਕੇ ਕੇ. ਐੱਸ. ਐਮ. ਕੋਲ ਵਾਪਸ ਆ ਗਿਆ ਤਾਂ ਉਸਨੂੰ ਅਲੀ ਦੇ ਹਵਾਲੇ ਕਰ ਦਿੱਤਾ ਗਿਆ। ਮਜੀਦ ਖਾਂ ਨੂੰ ਅਮਰੀਕਾ ਭੇਜ ਕੇ ਅੱਗੇ ਦਾ ਕੰਮ ਕਰਨ ਦੀ ਟਰੇਨਿੰਗ ਦੇਣ ਦਾ ਕੰਮ ਅਲੀ ਦਾ ਸੀ। ਕੇ.ਐੱਸ.ਐਮ ਨੇ ਅਲੀ ਨਾਲ ਮਿਲ ਕੇ ਦੂਜੇ ਵੱਡੇ ਹਮਲੇ ਦੀ ਜੋ ਸਾਜ਼ਿਸ਼ ਤਿਆਰ ਕੀਤੀ ਸੀ ਉਸ 'ਚ ਉਹ ਮਜੀਦ ਖਾਨ ਨੂੰ ਵਰਤਣਾ ਚਾਹੁੰਦੇ ਸਨ। ਉਸ ਰਾਹੀਂ ਉਹ ਅਮਰੀਕਾ ਦੇ ਤੇਲ ਭੰਡਾਰਾਂ ਨੂੰ ਅੱਗ ਲਾਉਣ ਜਾਂ ਉੱਥੇ ਦੇ ਪੀਣ ਵਾਲੇ ਪਾਣੀ 'ਚ ਜ਼ਹਿਰ ਮਿਲਾਉਣ ਦਾ ਕੰਮ ਕਰਨਾ ਚਾਹੁੰਦੇ ਸਨ। ਪਰ ਮਜੀਦ ਖਾਂ ਨੇ ਦੱਸਿਆ ਕਿ ਉਹ ਹੁਣ ਅਮਰੀਕਾ ਵਿੱਚ ਦਾਖਲ ਨਹੀਂ ਹੋ ਸਕਦਾ। ਅਲੀ ਨੇ ਕਾਰਨ ਪੁੱਛਿਆ ਤਾਂ ਮਜੀਦ ਖਾਨ ਨੇ ਦੱਸਿਆ ਕਿ ਉਹ ਅਮਰੀਕਾ ਤੋਂ ਤੁਰਨ ਲੱਗਿਆ ਟਰੈਵਲ ਪਰਮਿਟ ਲੈਣਾ ਭੁੱਲ ਗਿਆ ਸੀ। ਅਤੇ ਇਸ ਪਰਮਿਟ ਬਿਨਾਂ ਉਹ ਅਮਰੀਕਾ ਵਿੱਚ ਦਾਖਲ ਨਹੀਂ ਹੋ ਸਕੇਗਾ। ਕੁਝ ਸੋਚਦਾ ਅਲੀ ਬੋਲਿਆ, "ਮਜੀਦ ਜੋ ਹੋ ਗਿਆ ਸੋ ਹੋ ਗਿਆ। ਹੁਣ ਉਸ ਵਕਤ ਨੂੰ ਵਾਪਸ ਤਾਂ ਨ੍ਹੀਂ ਲਿਆਂਦਾ ਜਾ ਸਕਦਾ। ਪਰ ਤੂੰ ਇਹ ਦੱਸ ਕਿ ਇਸ ਮੁਸ਼ਕਲ ਦਾ ਕੋਈ ਹੱਲ ਹੈ ?"

“ਹੱਲ ਤਾਂ ਇਸਦਾ ਹੈ ਪਰ ਉਹ ਕਾਫੀ ਔਖਾ ਐ।”

“ਹੱਲ ਕੀ ਐ ਤੂੰ ਦੱਸ। ਔਖੇ ਨੂੰ ਸੌਖਾ ਬਣਾਉਣਾ ਤੇਰਾ ਨ੍ਹੀਂ ਬਲਕਿ ਮੇਰਾ ਕੰਮ ਐਂ।”

“ਉਹ ਇਹ ਐ ਰਿਫੂਇਜ਼ੀ ਸਟੇਟਸ ਵਾਲੇ ਬੰਦੇ ਨੂੰ ਅਮਰੀਕਾ ਤੋਂ ਬਾਹਰ ਜਾਣ ਲਈ ਟਰੈਵਲ ਪਰਮਿਟ ਲੈਣਾ ਪੈਂਦਾ ਐ। ਉਸ ਪਰਮਿਟ ਬਿਨਾ ਉਹ ਦੁਬਾਰਾ ਅਮਰੀਕਾ ’ਚ ਦਾਖਲ ਨ੍ਹੀਂ ਹੋ ਸਕਦਾ। ਟਰੈਵਲ ਪਰਮਿਟ ਲੈਣ ਵਾਲੇ ਬੰਦੇ ਨੇ ਅਮਰੀਕਾ ’ਚੋਂ ਤੁਰਨ ਤੋਂ ਪਹਿਲਾਂ ਹੀ ਇਹ ਪਰਮਿਟ ਲੈਣਾ ਹੁੰਦਾ ਐ। ਜਾਂ ਇਉਂ ਕਹਿ ਲਉ ਕਿ ਪਰਮਿਟ ਲੈਣ ਵਾਲਾ ਬੰਦਾ ਅਮਰੀਕਾ ਵਿੱਚ ਹੋਣਾ ਚਾਹੀਦਾ ਐ। ਉੱਥੋਂ ਪਹਿਲਾਂ ਉਹ ਅਰਜ਼ੀ ਭਰ ਕੇ ਇੰਮੀਗਰੇਸ਼ਨ ਦੇ ਮਹਿਕਮੇ ਨੂੰ ਮੇਲ ਕਰਦਾ ਹੈ। ਫਿਰ ਪਿੱਛੋਂ ਉਨ੍ਹਾਂ ਨੂੰ ਫੋਨ ਕਰਨਾ ਪੈਂਦਾ ਐ। ਇਸ ਪਿੱਛੋਂ ਈ ਉਹ ਟਰੈਵਲ ਪਰਮਿਟ ਭੇਜਦੇ ਨੇ।”

“ਆਪਾਂ ਹੁਣ ਕੀ ਕਰ ਸਕਦੇ ਆਂ, ਉਹ ਦੱਸ ?”

“ਉੱਥੋਂ ਕੋਈ ਬੰਦਾ ਮੇਰੀ ਅਰਜ਼ੀ ਇੰਮੀਗਰੇਸ਼ਨ ਵਾਲਿਆਂ ਨੂੰ ਮੇਲ ਕਰੇ। ਫਿਰ ਮਜੀਦ ਖਾਨ ਬਣ ਕੇ ਉਨ੍ਹਾਂ ਨੂੰ ਫੋਨ ਕਰੇ। ਵੱਡੀ ਗੱਲ ਇੱਕ ਅੜਚਣ ਹੋਰ ਐ।”

“ਉਹ ਕੀ ਐ ?”

“ਕੋਈ ਜਣਾ ਉੱਥੋਂ ਅਰਜ਼ੀ ਵੀ ਭੇਜ ਸਕਦਾ ਐ। ਮਜੀਦ ਖਾਨ ਬਣ ਕੇ ਫੋਨ ਵੀ ਕਰ ਸਕਦਾ ਐ। ਪਰ ਮੇਰੇ ਕੋਲ ਉੱਥੇ ਕੋਈ ਅਡਰੈੱਸ ਨ੍ਹੀਂ ਹੈ ਜਿਸ ’ਤੇ ਕਿ ਸਾਰੀ ਕਾਰਵਾਈ ਪੂਰੀ ਹੋਣ ਪਿੱਛੋਂ ਇੰਮੀਗਰੇਸ਼ਨ ਵਾਲੇ ਟਰੈਵਲ ਡਾਕੂਮੈਂਟ ਭੇਜਣਗੇ। ਇਹ ਅਡਰੈੱਸ ਕੋਈ ਅਜਿਹਾ ਹੋਣਾ ਚਾਹੀਦਾ ਐ ਜੋ ਕਿ ਪਿੱਛੋਂ ਫੜ੍ਹਿਆ ਨਾ ਜਾ ਸਕੇ। ਫਰਜ਼ ਕਰੋ ਮੈਂ ਉੱਥੇ ਆਪਣੇ ਘਰ ਦਾ ਅਡਰੈੱਸ ਹੀ ਦੇ ਦਿੰਦਾ ਆਂ ਤਾਂ ਪਤਾ ਲੱਗ ਜਾਣ ’ਤੇ ਐਫ. ਬੀ. ਆਈ. ਨੇ ਤੁਰੰਤ ਮੇਰੇ ਪਰਿਵਾਰ ਨੂੰ ਫੜ੍ਹ ਲੈਣਾ ਐਂ। ਨਾਲੇ ਉਦੋਂ ਈ ਮੇਰਾ ਨਾਂ ਸਾਹਮਣੇ ਆ ਜਾਊਗਾ।”

“ਫਿਰ ਇਸਦਾ ਹੱਲ ਕੀ ਐ ?”

“ਕੋਈ ਭਰੋਸੇਯੋਗ ਬੰਦਾ ਉੱਥੇ ਦੇ ਕਿਸੇ ਪੋਸਟ ਆਫਿਸ ਵਿੱਚ ਮੇਰੇ ਨਾਂ ਦਾ ਪੋਸਟ ਬਾਕਸ ਕਿਰਾਏ ’ਤੇ ਲੈ ਲਵੇ। ਉਹੀ ਅਡਰੈੱਸ ਮੈਂ ਆਪਣੀ ਅਰਜ਼ੀ ਵਿੱਚ ਭਰਾਂਗਾ। ਜਦੋਂ ਇੱਕ ਵਾਰ ਪਰਮਿਟ ਆ ਗਿਆ ਤਾਂ ਪੋਸਟ ਬਾਕਸ ਚੋਂ ਪਰਮਿਟ ਚੁੱਕ ਕੇ ਪੋਸਟ ਬਾਕਸ ਬੰਦ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਸਾਰੇ ਸਬੂਤ ਖਤਮ ਹੋ ਜਾਣਗੇ।”

“ਹੂੰ, ਹੁਣ ਸਮਝਿਆ ਮੈਂ ਤੇਰੀ ਗੱਲ ਪਰ....।” ਅੱਗੇ ਅਲੀ ਸੋਚਣ ਲੱਗਿਆ ਕਿ ਅਜਿਹਾ ਭਰੋਸੇਯੋਗ ਬੰਦਾ ਕੌਣ ਹੋ ਸਕਦਾ ਐ ਜਿਹੜਾ ਇੰਨਾ ਖਤਰਾ ਮੁੱਲ ਲੈ ਲਵੇ। ਉਸਦੀ ਇਹ ਵੀ ਸੋਚ ਸੀ ਕਿ ਇਹ ਕੰਮ ਕਿਸੇ ਆਮ ਬੰਦੇ ਤੋਂ ਨਹੀਂ ਕਰਵਾਇਆ ਜਾ ਸਕਦਾ। ਇਸ ਤਰ੍ਹਾਂ ਸਾਰੀ ਪੋਲ ਖੁੱਲ੍ਹ ਜਾਵੇਗੀ। ਇਸਦੇ ਲਈ ਕੋਈ ਸੱਚਾ ਜਿਹਾਦੀ ਹੀ ਹੋ ਸਕਦਾ ਐ। ਸੋਚਦਿਆਂ ਸੋਚਦਿਆਂ ਇੱਕ ਦਮ ਉਸਦੇ ਮਨ ’ਚ ਆਫੀਆ ਆ ਗਈ। ਉਸਨੇ ਇੱਹ ਗੱਲ ਆਫੀਆ ਨਾਲ ਕਰਨ ਦਾ ਮਨ ਬਣਾ ਲਿਆ। ਉਸਨੇ ਆਪਣੀ ਭੈਣ ਨੂੰ ਭੇਜ ਕੇ ਆਫੀਆ ਨੂੰ ਘਰ ਬੁਲਾਇਆ ਤੇ ਮੌਕਾ ਮਿਲਦਿਆਂ ਹੀ ਮਜੀਦ ਖਾਂ ਦੀ ਸਾਰੀ ਕਹਾਣੀ ਸੁਣਾ ਦਿੱਤੀ। ਆਫੀਆ ਨੇ ਪੁੱਛਿਆ, “ਮੈਂ ਇਸ ਵਿੱਚ ਕੀ ਕਰ ਸਕਦੀ ਆਂ ?”

“ਤੂੰ ਅਮਰੀਕਣ ਰੈਜ਼ੀਡੈਂਟ ਐਂ। ਤੂੰ ਉੱਥੇ ਬੜੀ ਆਸਾਨੀ ਨਾਲ ਜਾ ਸਕਦੀ ਐਂ। ਗਰੀਨ ਕਾਰਡ ਹੋਲਡਰ ਹੋਣ ਕਾਰਨ ਤੇਰੇ ’ਤੇ ਕੋਈ ਸ਼ੱਕ ਵੀ ਨ੍ਹੀਂ ਕਰੇਗਾ।”

“ਪਰ ਤੁਹਾਨੂੰ ਮੈਂ ਪਹਿਲਾਂ ਈ ਦੱਸਿਆ ਹੋਇਆ ਐ ਕਿ ਮੈਂ ਅਤੇ ਅਮਜਦ ਐਫ. ਬੀ. ਆਈ. ਦੀ ਇੰਟਰਵਿਊ ਵਿਚਕਾਰ ਈ ਛੱਡ ਕੇ ਭੱਜ ਆਏ ਸੀ। ਇਸ ਕਰਕੇ ਐਫ. ਬੀ. ਆਈ. ਸਾਨੂੰ ਜ਼ਰੂਰ ਲੱਭ ਰਹੀ ਹੋਵੇਗੀ। ਮੈਨੂੰ ਡਰ ਲੱਗਦਾ ਐ ਕਿ ਕਿਧਰੇ ਉਨ੍ਹਾਂ ਦੇ ਧੱਕੇ ਈ ਨਾ ਚੜ੍ਹ ਜਾਵਾਂ।”

“ਉਂਝ ਤਾਂ ਬੜੀਆਂ ਟੌਅਰਾਂ ਮਾਰਦੀ ਰਹਿੰਨੀ ਐਂ ਕਿ ਮੈਂ ਜਿਹਾਦ ਲਈ ਕੁਛ ਵੀ ਕਰ ਸਕਦੀ ਆਂ।”

“ਗੱਲ ਉਹ ਨ੍ਹੀਂ ਐ। ਗੱਲ ਇਹ ਐ ਕਿ ਮੈਂ ਅਜੇ ਬਹੁਤ ਕੁਛ ਕਰਨਾ ਐਂ। ਜੇ ਮੁੱਢ ਵਿੱਚ ਈ ਫੜ੍ਹੀ ਗਈ ਤਾਂ ਜਿਹਾਦ ਲਈ ਜੋ ਕੁਛ ਕਰਨ ਦਾ ਸੋਚਿਆ ਐ ਉਹ ਸੁਪਨੇ ਅਧੂਰੇ ਰਹਿ ਜਾਣਗੇ।”

“ਆਫੀਆ ਕੱਲ੍ਹ ਕਿਸ ਨੇ ਵੇਖਿਆ ਐ। ਨਾਲੇ ਇਹ ਨਾ ਭੁੱਲ ਕਿ ਆਪਾਂ ਜਿਹਾਦੀ ਆਂ। ਅਤੇ ਜਿਹਾਦੀ ਆਉਣ ਵਾਲੇ ਖਤਰਿਆਂ ਤੋਂ ਨ੍ਹੀਂ ਡਰਦੇ।”

“ਠੀਕ ਐ। ਦੱਸ ਫਿਰ ਮੈਨੂੰ ਕੀ ਹੁਕਮ ਐਂ।” ਅਲੀ ਦੇ ਬੋਲਾਂ ਨੇ ਆਫੀਆ ਦੇ ਮਾਨ ਸਨਮਾਨ ’ਤੇ ਸੱਟ ਮਾਰੀ ਤਾਂ ਉਹ ਹਰ ਖਤਰਾ ਉਠਾ ਕੇ ਅਮਰੀਕਾ ਜਾਣ ਲਈ ਤਿਆਰ ਹੋ ਗਈ। ਅੱਗੇ ਦਾ ਸਾਰਾ ਇੰਤਜ਼ਾਮ ਕਰ ਦਿੱਤਾ ਗਿਆ। ਪਰ ਆਫੀਆ ਦੀ ਸਲਾਹ ’ਤੇ ਇਹ ਕੰਮ ਦੋ ਹਿੱਸਿਆਂ ਵਿੱਚ ਕਰਨ ਦਾ ਸੋਚਿਆ ਗਿਆ। ਪਹਿਲੇ ਹਿੱਸੇ ’ਚ ਆਫੀਆ ਨੇ ਸਿਰਫ ਅਮਰੀਕਾ ਜਾਣਾ ਸੀ ਤੇ ਉੱਥੇ ਮਜ਼ੀਦ ਖਾਨ ਦੇ ਨਾਂ ’ਤੇ ਕਿਸੇ ਪੋਸਟ ਆਫਿਸ ਵਿੱਚ ਪੋਸਿਟ ਬਾਕਸ ਕਿਰਾਏ ’ਤੇ ਲੈ ਕੇ ਵਾਪਸ ਮੁੜ ਆਉਣਾ ਸੀ।

ਇਸਦੇ ਤੀਜੇ ਦਿਨ ਹੀ ਆਫੀਆ ਕਰਾਚੀ ਤੋਂ ਅਮਰੀਕਾ ਲਈ ਰਵਾਨਾ ਹੋ ਗਈ। ਸਾਰੇ ਰਾਹ ਉਸਨੂੰ ਇੱਕ ਪਲ ਵੀ ਚੈਨ ਨਾ ਆਇਆ। ਉਸਨੂੰ ਵਾਰ ਵਾਰ ਐਫ. ਬੀ. ਆਈ. ਦਾ ਡਰ ਸਤਾਉਂਦਾ ਰਿਹਾ ਕਿ ਕਿਤੇ ਅਜਿਹਾ ਨਾ ਹੋਵੇ ਕਿ ਉਸਨੂੰ ਉਤਰਦੀ ਨੂੰ ਹੀ ਫੜ੍ਹ ਲਿਆ ਜਾਵੇ। ਪਰ ਅਜਿਹਾ ਕੁਝ ਵੀ ਨਾ ਹੋਇਆ। ਉਹ ਮੌਜ ਨਾਲ ਬਾਲਟੀਮੋਰ ਦੇ ਏਅਰਪੋਰਟ ’ਤੇ ਉੱਤਰੀ ਤੇ ਸਮਾਨ ਚੁੱਕਦੀ ਬਾਹਰ ਨਿਕਲ ਆਈ। ਸਾਹਮਣੇ ਹੀ ਟੈਕਸੀ ਖੜ੍ਹੀ ਸੀ। ਉਹ ਆਪਣਾ ਬੈੱਗ ਚੁੱਕਦੀ ਟੈਕਸੀ ’ਚ ਜਾ ਬੈਠੀ। ਕੁਦਰਤੋਂ ਟੈਕਸੀ ਡਰਾਈਵਰ ਵੀ ਪਾਕਿਸਤਾਨੀ ਹੀ ਸੀ। ਹੋਟਲ ਤੱਕ ਜਾਂਦਿਆਂ ਉਹ ਉਸ ਨਾਲ ਗੱਲਾਂ ਮਾਰਦੀ ਗਈ। ਆਫੀਆ ਨੇ ਗੱਲੀਂ ਗੱਲੀਂ ਦੱਸਿਆ ਕਿ ਉਹ ਪਾਕਿਸਤਾਨ ਸਰਕਾਰ ਦੀ ਅਧਿਕਾਰੀ ਹੈ ਤੇ ਇੱਥੇ ਕਿਸੇ ਸੈਮੀਨਾਰ ’ਚ ਹਿੱਸਾ ਲੈਣ ਆਈ ਹੈ। ਇਸੇ ਕਰਕੇ ਕਿਸੇ ਹੋਟਲ ’ਚ ਠਹਿਰ ਰਹੀ ਐ। ਉਹ ਹੋਟਲ ਜਾ ਕੇ ਉਤਰੀ ਤੇ ਡੈਸਕ ’ਤੇ ਜਾ ਕੇ ਕਮਰਾ ਬੁੱਕ ਕਰਵਾ ਲਿਆ। ਅਗਲੇ ਦਿਨ ਉਹ ਦੁਪਹਿਰ ਪਿੱਛੋਂ ਟੈਕਸੀ ਲੈ ਕੇ ਨੇੜਲੇ ਸ਼ਹਿਰ ਗੈਦਰਸਬਰਗ ਦੇ ਪੋਸਟ ਆਫਿਸ ਗਈ ਤੇ ਪੋਸਟ ਬਾਕਸ ਕਿਰਾਏ ’ਤੇ ਲੈਣ ਲਈ ਅਰਜ਼ੀ ਭਰੀ। ਅਰਜ਼ੀ ਵਿੱਚ ਉਸਨੇ ਆਪਣੇ ਘਰਵਾਲੇ ਦਾ ਨਾਂ ਮਜੀਦ ਖਾਨ ਲਿਖਿਆ। ਥੋੜ੍ਹੀ ਬਹੁਤੀ ਕਾਗਜ਼ੀ ਕਾਰਵਾਈ ਕਰਨ ਪਿੱਛੋਂ ਆਫੀਆ ਸਦੀਕੀ ਅਤੇ ਮਾਜੀਦ ਖਾਨ ਦੇ ਨਾਂ ’ਤੇ ਪੋਸਟ ਬਾਕਸ ਮਿਲ ਗਿਆ। ਆਫੀਆ ਨੇ ਪੋਸਟ ਬਾਕਸ ਦੀ ਚਾਬੀ ਲੈ ਕੇ ਪਰਸ ਵਿੱਚ ਪਾ ਲਈ ਤੇ ਬਾਹਰ ਆ ਕੇ ਟੈਕਸੀ ਰਾਹੀਂ ਫਿਰ ਹੋਟਲ ਚਲੀ ਗਈ। ਅਗਲੇ ਦਿਨ ਉਹ ਫਲਾਈਟ ਲੈ ਕੇ ਵਾਪਸ ਪਾਕਿਸਤਾਨ ਮੁੜ ਗਈ। ਉੱਥੇ ਜਾ ਕੇ ਉਸਨੇ ਨਵੇਂ ਖੋਲ੍ਹੇ ਪੋਸਟ ਬਾਕਸ ਦਾ ਐਡਰੈੱਸ ਅਤੇ ਚਾਬੀ ਅਲੀ ਦੇ ਹਵਾਲੇ ਕਰ ਦਿੱਤੇ।

ਹੁਣ ਅਲੀ ਨੇ ਕੰਮ ਦੇ ਦੂਸਰੇ ਭਾਗ ਨੂੰ ਅੰਜ਼ਾਮ ਦੇਣ ਦੀ ਸਕੀਮ ਬਣਾਉਣੀ ਸ਼ੁਰੂ ਕਰ ਦਿੱਤੀ। ਮਜੀਦ ਖਾਂ ਨੇ ਨਵੇਂ ਅਡਰੈੱਸ ਮੁਤਾਬਕ ਆਪਣੀ ਅਰਜ਼ੀ ਭਰ ਕੇ ਤਿਆਰ ਕਰ ਲਈ ਸੀ। ਅਲੀ ਕਿਸੇ ਅਜਿਹੇ ਬੰਦੇ ਦੀ ਭਾਲ ਕਰਨ ਲੱਗਿਆ ਜਿਹੜਾ ਕਿ ਉਨ੍ਹਾਂ ਦੇ ਕੰਮ ਦੇ ਅਗਲੇ ਹਿੱਸੇ ਨੂੰ ਪੂਰਾ ਕਰਨ ਵਿੱਚ ਮੱਦਦ ਕਰੇ। ਇਸਦੇ ਲਈ ਵੀ ਭਰੋਸੇਯੋਗ ਬੰਦੇ ਦੀ ਲੋੜ ਸੀ। ਕਾਫੀ ਮੱਥਾ ਪੱਚੀ ਮਗਰੋਂ ਅਲੀ ਨੇ ਇਹ ਗੱਲ ਆਪਣੇ ਮਾਮੇ ਕੇ. ਐਸ. ਐਮ. ਨੂੰ ਦੱਸੀ। ਉਸਨੇ ਅਲੀ ਨੂੰ ਕਿਹਾ ਕਿ ਉਹ ਇੱਕ ਅੱਧ ਦਿਨ ਵਿੱਚ ਉਸ ਲਈ ਕੋਈ ਪ੍ਰਬੰਧ ਕਰੇਗਾ। ਦੂਸਰੇ ਹੀ ਦਿਨ ਕੇ. ਐਸ. ਐਮ. ਨੇ ਅਲੀ ਨੂੰ ਕਿਹਾ ਕਿ ਸ਼ਾਮ ਵੇਲੇ ਉਹ ਸੁਪਰ ਸਪਾਇਸੀ ਰੈਸਟੋਰੈਂਟ ਵਿੱਚ ਚਲਿਆ ਜਾਵੇ। ਉੱਥੇ ਉਸਨੂੰ ਉਜ਼ੇਰ ਪਰਾਚਾ ਨਾਂ ਦਾ ਮੁੰਡਾ ਮਿਲੂਗਾ ਜੋ ਕਿ ਕੁਝ ਦਿਨਾਂ ਬਾਅਦ ਹੀ ਅਮਰੀਕਾ ਜਾ ਰਿਹਾ ਹੈ। ਉਸ ਨਾਲ ਗੱਲ ਕਿਵੇਂ

ਕਰਨੀ ਹੈ ਕੇ. ਐਸ. ਐਮ. ਨੇ ਇਹ ਸਭ ਕੁਝ ਅਲੀ ਨੂੰ ਸਮਝਾ ਦਿੱਤਾ। ਉੱਧਰ ਉਜ਼ੇਰ ਨੂੰ ਉਸਦੇ ਪਿਤਾ ਸੈਫਉਲਾ ਪਰਾਚਾ ਨੇ ਕਹਿ ਦਿੱਤਾ ਕਿ ਉਸਦੇ ਕੋਈ ਜਾਣ-ਪਛਾਣ ਵਾਲੇ ਹਨ ਉਹ ਉਨ੍ਹਾਂ ਦੀ ਮੱਦਦ ਕਰ ਦੇਵੇ। ਉਜ਼ੇਰ ਨੂੰ ਪਤਾ ਸੀ ਕਿ ਉਸਦਾ ਪਿਉ ਵੱਡਾ ਬਿਜ਼ਨਸਮੈਨ ਹੈ ਅਤੇ ਉਸਦੇ ਕਈ ਅਲ ਕਾਇਦਾ ਮੈਂਬਰਾਂ ਨਾਲ ਵੀ ਸਬੰਧ ਹਨ। ਪਰ ਆਪ ਉਹ ਅਜਿਹੇ ਕੰਮਾਂ ਤੋਂ ਦੂਰ ਹੀ ਰਹਿੰਦਾ ਸੀ। ਉਸਦਾ ਪਿਉ ਵੀ ਉਸਨੂੰ ਇਹੀ ਕਹਿੰਦਾ ਰਹਿੰਦਾ ਸੀ ਕਿ ਉਸਦੇ ਜਿੰਨੇ ਕੁ ਸਬੰਧ ਅਲ ਕਾਇਦਾ ਨਾਲ ਹਨ ਉਹ ਸਿਰਫ ਬਿਜ਼ਨਸ ਨਜ਼ਰੀਏ ਤੋਂ ਹਨ। ਉਂਝ ਉਹ ਕਹਿੰਦਾ ਸੀ ਕਿ ਉਸਦਾ ਉਨ੍ਹਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਖੈਰ ਸ਼ਾਮ ਵੇਲੇ ਉਜ਼ੇਰ ਪਰਾਚਾ ਰੈਸਟੋਰੈਂਟ ਵਿੱਚ ਅਲੀ ਅਤੇ ਮਜੀਦ ਖਾਂਨ ਨੂੰ ਜਾ ਮਿਲਿਆ। ਗੱਲੀਂਬਾਤੀਂ ਅਲੀ ਨੇ ਗੱਲ ਛੇੜੀ, "ਉਜ਼ੇਰ ਭਾਈ, ਆਪਣਾ ਇਹ ਦੋਸਤ ਮਜੀਦ, ਇੱਕ ਕੰਮ ਕਰਨ ਵਾਲਾ ਮਿਡਲ ਕਲਾਸ ਆਦਮੀ ਐ ਤੇ ਇਹ ਆਉਣ ਲੱਗਿਆ ਆਪਣਾ ਟਰੈਵਲ ਪਰਮਿਟ ਲੈਣਾ ਭੁੱਲ ਗਿਆ ਹੈ। ਬੱਸ ਇਸਦਾ ਇੰਨਾ ਕੁ ਕੰਮ ਕਰਨਾ ਹੈ ਕਿ ਇਸਦੀ ਅਰਜ਼ੀ ਉੱਥੇ ਲੈ ਕੇ ਜਾਣੀ ਹੈ ਤੇ ਅਮਰੀਕਾ ਪਹੁੰਚ ਕੇ ਇੰਮੀਗਰੇਸ਼ਨ ਨੂੰ ਮੇਲ ਕਰ ਦੇਣੀ ਹੈ। ਫਿਰ ਹਫਤੇ ਪਿੱਛੋਂ ਉਨ੍ਹਾਂ ਨੂੰ ਮਜੀਦ ਖਾਂਨ ਬਣ ਕੇ ਫੋਨ ਕਰਨਾ ਐਂ। ਇਸ ਪਿੱਛੋਂ ਇੰਮੀਗਰੇਸ਼ਨ ਵਾਲੇ ਇਸਦਾ ਟਰੈਵਲ ਪਰਮਿਟ ਮੇਲ ਕਰ ਦੇਣਗੇ ਤੇ ਤੂੰ ਉਸ ਮੇਲ ਬਾਕਸ 'ਚੋਂ ਜਾ ਕੇ ਉਹ ਪਰਮਿਟ ਚੁੱਕ ਲੈਣਾ। ਪਰਮਿਟ ਮਿਲ ਜਾਣ ਪਿੱਛੋਂ ਪੋਸਟ ਬਾਕਸ ਬੰਦ ਕਰਨ ਦੀ ਅਰਜ਼ੀ ਦੇ ਦੇਣੀ। ਅਤੇ ਵਾਪਸ ਪਾਕਿਸਤਾਨ ਆਉਣ ਵੇਲੇ ਇਸਦਾ ਉਹ ਪਰਮਿਟ ਨਾਲ ਲੈ ਆਉਣਾ ਤਾਂ ਕਿ ਇਸਨੂੰ ਦੁਬਾਰਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਮਿਲ ਜਾਵੇ।"

ਬਾਈ ਤੇਈ ਸਾਲਾਂ ਦੇ ਸ਼ਰਮੀਲੇ ਜਿਹੇ ਉਜ਼ੇਰ ਨੂੰ ਗੱਲ ਕੁਛ ਅਟਪਟੀ ਜਿਹੀ ਲੱਗੀ। ਪਰ ਉਹ ਉਨ੍ਹਾਂ ਦੇ ਪ੍ਰਭਾਵ ਕਾਰਨ ਕੁਛ ਬੋਲ ਨਾ ਸਕਿਆ। ਅਤੇ ਉਸਨੇ ਮਜੀਦਾ ਖਾਂਨ ਦੇ ਸਾਰੇ ਕਾਗਜ਼ ਪੱਚਰ, ਉਸਦਾ ਲਾਈਸੈਂਸ, ਸੋਸ਼ਿਲ ਸਕਿਉਰਟੀ ਕਾਰਡ, ਮੇਲ ਬਾਕਸ ਦੀ ਚਾਬੀ ਅਤੇ ਅਰਜ਼ੀ ਬਗੈਰਾ ਫੜ੍ਹ ਲਏ। ਘਰ ਆ ਕੇ ਉਸਨੇ ਆਪਣੇ ਪਿਉ ਨੂੰ ਕਿਹਾ ਕਿ ਉਸਨੂੰ ਇਹ ਕੰਮ ਕੁਝ ਜਚਦਾ ਨਹੀਂ ਹੈ। ਪਰ ਸੈਫਉਲਾ ਪਰਾਚਾ ਨੇ ਗੱਲੀਂਬਾਤੀਂ ਉਸਦਾ ਡਰ ਦੂਰ ਕਰ ਦਿੱਤਾ ਤੇ ਅਧਮੰਨੇ ਮਨ ਨਾਲ ਉਜ਼ੇਰ ਪਰਾਚਾ ਅਮਰੀਕਾ ਜਾਣ ਲੱਗਿਆ, ਮਜੀਦ ਖਾਨ ਦੇ ਸਾਰੇ ਕਾਗਜ਼ ਪੱਤਰ ਆਪਣੇ ਨਾਲ ਲੈ ਗਿਆ। ਉੱਥੇ ਜਾ ਕੇ ਉਸਨੇ ਆਪਣਾ ਸਾਰਾ ਸਮਾਨ ਆਪਣੇ ਪਿਉ ਦੇ ਦਫਤਰ ਵਿੱਚ ਰੱਖ ਦਿੱਤਾ ਤੇ ਆਪਣੇ ਕੰਮਾਂ 'ਚ ਰੁੱਝ ਗਿਆ।

ਉਜ਼ੇਰ ਦਾ ਪਿਉ ਸੈਫਉਲਾ ਪਰਾਚਾ ਬਹੁਤ ਸਾਲ ਪਹਿਲਾਂ ਅਮਰੀਕਾ 'ਚ ਪੜ੍ਹਦਾ ਰਿਹਾ ਸੀ। ਕੁਝ ਦੇਰ ਉਸਨੇ ਉੱਥੇ ਟਰੈਵਲ ਏਜੈਂਸੀ ਵੀ ਚਲਾਈ। ਫਿਰ ਪਾਕਿਸਤਾਨ ਵਾਪਸ ਆ ਕੇ ਉਸਨੇ ਕੱਪੜੇ ਦਾ ਬਿਜ਼ਨਸ ਸ਼ੁਰੂ ਕਰ ਲਿਆ। ਜਦੋਂ ਉਸਦਾ ਬਿਜ਼ਨਸ ਚੰਗਾ ਜੰਮ ਗਿਆ ਤਾਂ ਉਸਨੇ ਇਮਪੋਰਟ ਐਕਸਪੋਰਟ ਦਾ ਲਾਈਸੈਂਸ ਲੈ ਕੇ ਪਾਕਿਸਤਾਨ ਤੋਂ ਅਮਰੀਕਾ ਨੂੰ ਰੈਡੀਮੇਡ ਕੱਪੜੇ ਭੇਜਣੇ ਸ਼ੁਰੂ ਕਰ ਦਿੱਤੇ। ਉਸਨੇ ਇੱਕ ਦਫਤਰ ਨਿਊਯਾਰਕ ਵਿੱਚ ਖੋਲ੍ਹ ਲਿਆ। ਪਾਕਿਸਤਾਨ 'ਚ ਉਸਨੇ ਘਰ ਬਣਾ ਕੇ ਵੇਚਣ ਦਾ ਕੰਮ ਵੀ ਵੱਡੇ ਪੱਧਰ 'ਤੇ ਚਲਾ ਲਿਆ। ਨਿਊਯਾਰਕ 'ਚ ਸੈਫਉਲਾ ਦਾ ਪੁਰਾਣਾ ਅਮਰੀਕਣ ਦੋਸਤ ਚਾਰਲਸ, ਉਸਦਾ ਬਿਜ਼ਨਸ ਪਾਰਟਨਰ ਬਣ ਗਿਆ। ਇਸ ਦਰਮਿਆਨ ਇੱਕ ਵਾਰ ਉਹ ਪਾਕਿਸਤਾਨ ਦੀ ਰਾਈਸ ਐਕਸਪੋਰਟ ਐਸੋਸੀਏਸ਼ਨ ਨਾਲ ਅਫਗਾਨਿਸਤਾਨ ਗਿਆ। ਟੀਮ ਦੇ ਇੱਕ ਮੈਂਬਰ ਨੇ ਉਸਨੂੰ ਉਸਾਮਾ ਬਿਨ ਲਾਦਿਨ ਨਾਲ ਮਿਲਾਉਣ ਦਾ ਵਿਚਾਰ ਦੱਸਿਆ ਤਾਂ ਉਹ ਖੁਸ਼ੀ ਖੁਸ਼ੀ ਮੰਨ ਗਿਆ। ਲਾਦਿਨ ਨੂੰ ਮਿਲਣ ਵੇਲੇ ਉਸਨੂੰ ਆਪਣਾ ਕਾਰਡ ਦਿੰਦਿਆਂ, ਸੈਫਉੱਲਾ ਨੇ ਕਿਹਾ ਕਿ ਉਹ ਇੱਕ ਯੂਨੀਵਰਸਲ ਬਰੌਡਕਾਸਟਿੰਗ ਨਾਂ ਦਾ ਟੀਵੀ ਪ੍ਰੋਗਰਾਮ ਚਲਾਉਂਦਾ ਹੈ। ਉਸਨੇ ਲਾਦਿਨ ਨੂੰ ਆਪਣੇ ਇਸ ਪ੍ਰੋਗਰਾਮ ਵਿੱਚ ਇੰਟਰਵਿਊ ਦੇਣ ਲਈ ਕਿਹਾ। ਲਾਦਿਨ ਨੇ ਮੁਸਕਰਾਉਂਦਿਆਂ ਹੋਇਆਂ ਸੈਫਉਲਾ ਦਾ ਕਾਰਡ ਜੇਬ 'ਚ ਪਾ ਲਿਆ। ਉਦੋਂ ਤੱਕ ਸੈਫਉਲਾ ਸੋਚ ਰਿਹਾ ਸੀ ਕਿ ਉਸਨੂੰ ਅਲਕਾਇਦਾ ਤੋਂ ਬਹੁਤ ਬਿਜ਼ਨਸ ਮਿਲ ਸਕਦਾ ਹੈ। ਉਹ ਉਸ ਦੇ ਨਵੇਂ ਬਣ ਰਹੇ ਘਰਾਂ ਦੇ ਖਰੀਦਦਾਰ ਹੋ ਸਕਦੇ ਹਨ। ਇਸ ਵਿਚਕਾਰ ਕਾਫੀ ਵਕਤ ਬੀਤ ਗਿਆ ਕਿ ਉਸਦੇ ਦਫਤਰ ਇੱਕ ਬੰਦਾ ਆਇਆ ਜਿਸ ਨੇ ਆਪਣਾ ਨਾਂ ਮੀਰ ਦੱਸਿਆ। ਅਸਲ ਵਿੱਚ ਮੀਰ, ਕੇ. ਐਸ. ਐਮ. ਹੀ ਸੀ। ਉਸਨੇ ਉਹ ਕਾਰਡ ਕੱਢ ਕੇ ਵਿਖਾਇਆ ਜੋ ਕਦੇ ਸੈਫਉਲਾ ਨੇ ਉਸਾਮਾ ਬਿਨ ਲਾਦਿਨ ਨੂੰ ਦਿੱਤਾ ਸੀ। ਮੀਰ ਬਣੇ, ਕੇ. ਐਸ. ਐਮ. ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਘਰ ਕਿਰਾਏ 'ਤੇ ਚਾਹੀਦੇ ਹਨ ਅਤੇ ਕੁਝ ਖਰੀਦਣੇ ਵੀ ਹਨ। ਸੈਫਉਲਾ ਇਹ ਕੰਮ ਕਰਨ ਲਈ ਖੁਸ਼ੀ ਨਾਲ ਤਿਆਰ ਹੋ

ਗਿਆ। ਅਗਲੇ ਇੱਕ ਸਾਲ ਤੱਕ ਉਸਨੇ ਅਲ ਕਾਇਦਾ ਨੂੰ ਵੇਚੇ ਘਰਾਂ ’ਚੋਂ ਤਕਰਬੀਨ ਤਿੰਨ ਕਰੋੜ ਰੁਪਏ ਕਮਾਏ। ਪਿਛਲੇ ਹੀ ਦਿਨੀਂ ਕੇ. ਐਸ. ਐਮ. ਨੇ ਇੱਕ ਦਿਨ ਉਸਨੂੰ ਮੁਸਤਫਾ ਨਾਂ ਦੇ ਕਿਸੇ ਵੱਡੇ ਜਿਮੀਦਾਰ ਨਾਲ ਮਿਲਾਇਆ। ਪਰ ਮੁਸਤਫਾ ਅਸਲ ’ਚ ਕੇ. ਐਸ. ਐਮ. ਦਾ ਭਾਣਜਾ ਅਲੀ ਹੀ ਸੀ। ਮੀਰ ਨੇ ਸੈਫਉਲਾ ਪਰਾਚਾ ਨੂੰ ਕਿਹਾ, “ਸੈਫਉਲਾ ਸਾਹਿਬ, ਮੁਸਤਫਾ ਬਲੋਚਿਸਚਾਨ ਦਾ ਬਹੁਤ ਵੱਡਾ ਬਿਜ਼ਨਸਮੈਨ ਹੈ। ਇਹ ਵੀ ਅਮਰੀਕਾ ਵਿੱਚ ਇਮਪੋਰਟ ਐਕਸਪੋਰਟ ਦਾ ਬਿਜ਼ਨਸ ਕਰਨਾ ਚਾਹੁੰਦਾ ਐ। ਤੁਸੀਂ ਇਸਦੀ ਮੱਦਦ ਕਰੋ।”

“ਹਾਂ ਜੀ ਮੀਰ ਸਾਹਿਬ ਦੱਸੋ ਮੈਂ ਇਸ ਲਈ ਕੀ ਕਰ ਸਕਦਾ ਆਂ ?”

“ਤੁਸੀਂ ਇਸਦੇ ਪਾਰਟਨਰ ਮਜੀਦ ਖਾਨ ਲਈ ਉੱਥੇ ਕੋਈ ਕੰਪਨੀ ਖੁਲਵਾ ਦਿਉ ਤਾਂ ਕਿ ਇਹ ਵੀ ਆਪਣਾ ਸਾਮਾਨ ਉੱਥੇ ਭਿਜਵਾ ਸਕੇ। ਸ਼ੁਰੂ ’ਚ ਤੁਸੀਂ ਇਸਨੂੰ ਆਪਣੀ ਕੰਪਨੀ ਰਾਹੀਂ ਹੀ ਸਾਮਾਨ ਭੇਜਣ ਦੀ ਇਜਾਜ਼ਤ ਦੇ ਦਿਉ ਤਾਂ ਬਹੁਤ ਚੰਗਾ ਹੋਵੇਗਾ। ਅੱਗੇ ਜਾ ਕੇ ਇਹ ਸ਼ਾਇਦ ਤੁਹਾਡਾ ਪਾਰਟਨਰ ਹੀ ਬਣ ਜਾਵੇ।”

“ਕੋਈ ਗੱਲ ਨ੍ਹੀਂ ਮੀਰ ਸਾਹਿਬ। ਇਹ ਚਾਹੁਣ ਤਾਂ ਇੱਕ ਅੱਧ ਡਿਲਿਵਰੀ ਮੇਰੀ ਕੰਪਨੀ ਰਾਹੀਂ ਹੀ ਭੇਜ ਸਕਦੇ ਨੇ। ਅੱਗੇ ਦੀ ਅੱਗੇ ਵੇਖੀ ਜਾਵੇਗੀ।” ਸੈਫਉਲਾ ਅੰਦਰੋਂ ਖੁਸ਼ ਹੋ ਗਿਆ ਕਿ ਉਸਦਾ ਬਿਜ਼ਨਸ ਹੋਰ ਅੱਗੇ ਵਧੇਗਾ। ਪਰ ਕੇ. ਐਸ. ਐਮ. ਦੀ ਸਕੀਮ ਹੋਰ ਸੀ। ਉਸਨੇ ਸੋਚਿਆ ਸੀ ਕਿ ਅਲੀ ਦਾ ਸਾਮਾਨ ਭੇਜਣ ਦੇ ਬਹਾਨੇ ਉਹ ਸੈਫਉਲਾ ਦੀ ਕੰਪਨੀ ਨੂੰ ਵਰਤੇਗਾ। ਜਿਨ੍ਹਾਂ ਕਨਟੇਨਰਾਂ ’ਚ ਸੈਫਉਲਾ ਕੱਪੜੇ ਪਾ ਕੇ ਭੇਜਦਾ ਸੀ ਉਨ੍ਹਾਂ ਵਿੱਚ ਉਹ, ਸੀ-4 ਐਕਸਪੋਲਸਿਵਜ਼ ਅਤੇ ਹੋਰ ਘਾਤਕ ਕੈਮੀਕਲਜ਼ ਪਾ ਕੇ ਭੇਜੇਗਾ। ਜਿਨ੍ਹਾਂ ਨੂੰ ਉੱਥੇ ਜਾ ਕੇ ਬਾਅਦ ’ਚ ਮਜੀਦ ਖਾਨ ਨੇ ਸੰਭਾਲਣਾ ਸੀ। ਇਹੀ ਹਥਿਆਰ ਅਮਰੀਕਾ ਦੇ ਤੇਲ ਭੰਡਾਰਾਂ ਨੂੰ ਅੱਗ ਲਾਉਣ ਲਈ ਵਰਤੇ ਜਾਣੇ ਸਨ। ਗੱਲਬਾਤ ਮੁਕਾ ਕੇ ਮੀਰ ਅਤੇ ਮੁਸਤਫਾ ਬਣੇ, ਮਾਮਾ ਭਾਣਜਾ ਸੈਫਉਲਾ ਦੇ ਦਫਤਰੋਂ ਆ ਗਏ।

ਉੱਧਰ ਆਫੀਆ ਇਹ ਸੋਚ ਕੇ ਖੁਸ਼ ਹੋ ਰਹੀ ਸੀ ਕਿ ਉਹ ਚੁੱਪ ਚਾਪ ਅਮਰੀਕਾ ਦਾ ਗੇੜਾ ਲਾ ਆਈ ਤੇ ਕਿਸੇ ਨੂੰ ਇਸਦੀ ਭਿਣਕ ਵੀ ਨਹੀਂ ਪਈ। ਪਰ ਇਹ ਉਸਦੀ ਭੁੱਲ ਸੀ। ਕਿਉਂਕਿ ਉਸਦਾ ਨਾਂ ਪਹਿਲਾਂ ਹੀ ਐਫ. ਬੀ. ਆਈ. ਵਾਲਿਆਂ ਦੇ ਰਿਕਾਰਡ ’ਚ ਆ ਚੁੱਕਿਆ ਸੀ। ਉਹ ਅਤੇ ਅਮਜਦ ਜਦੋਂ ਐਫ. ਬੀ. ਆਈ. ਦੀ ਦੂਸਰੀ ਇੰਟਰਵਿਊ ਵਿਚਾਲੇ ਹੀ ਛੱਡ ਕੇ ਚਲੇ ਗਏ ਸਨ ਤਾਂ ਐਫ. ਬੀ. ਆਈ. ਨੇ ਉਨ੍ਹਾਂ ਦਾ ਨਾਂ ਟਰੈਵਲ ਵਾਚ ਲਿਸਟ ’ਤੇ ਪਾ ਦਿੱਤਾ ਸੀ। ਜਿਸਦਾ ਨਤੀਜਾ ਇਹ ਹੋਇਆ ਕਿ ਜਿਉਂ ਹੀ ਉਹ ਅਮਰੀਕਾ ਜਾਣ ਲਈ ਕਰਾਚੀ ਤੋਂ ਜਹਾਜ ’ਚ ਬੈਠੀ ਸੀ ਤਾਂ ਉਸੇ ਵੇਲੇ ਪਾਕਿਸਤਾਨ ਦੀ ਫੈਡਰਲ ਟਰੈਵਲ ਏਜੈਂਸੀ ਨੇ ਅਮਰੀਕਣ ਐਫ. ਬੀ. ਆਈ. ਨੂੰ ਸੂਚਿਤ ਕਰ ਦਿੱਤਾ ਸੀ। ਐਫ. ਬੀ. ਆਈ. ਵਾਲਿਆਂ ਨੇ ਉਸਨੂੰ ਏਅਰਪੋਰਟ ’ਤੇ ਫੜ੍ਹਨ ਦੀ ਬਜਾਇ ਉਸਦਾ ਪਿੱਛਾ ਕਰਨਾ ਉਚਿਤ ਸਮਝਿਆ। ਕਿਉਂਕਿ ਉਹ ਉਸਨੂੰ ਫੜ੍ਹਨ ਨਾਲੋਂ ਸਾਰੇ ਰਿੰਗ ਨੂੰ ਤੋੜਨਾ ਚਾਹੁੰਦੇ ਸਨ। ਆਫੀਆ ਨੇ ਅਮਰੀਕਾ ਪਹੁੰਚ ਕੇ ਜਦੋਂ ਏਅਰਪੋਰਟ ਦੇ ਬਾਹਰੋਂ ਟੈਕਸੀ ਲਈ ਤਾਂ ਜੋ ਪਾਕਿਸਤਾਨੀ ਟੈਕਸੀ ਡਰਾਈਵਰ ਉਸਨੂੰ ਏਅਰਪੋਰਟ ਤੋਂ ਚੁੱਕ ਕੇ ਹੋਟਲ ਛੱਡ ਕੇ ਆਇਆ ਉਹ ਐਫ. ਬੀ. ਆਈ. ਦਾ ਹੀ ਬੰਦਾ ਸੀ। ਅਗਲੇ ਦੋ ਦਿਨ ਵੀ ਉਸਦਾ ਪਿੱਛਾ ਹੁੰਦਾ ਰਿਹਾ। ਉਸਦੇ ਪਿੱਛੇ ਪਿੱਛੇ ਰਹਿੰਦਿਆਂ ਐਫ. ਬੀ. ਆਈ. ਨੇ ਪਤਾ ਲਗਾ ਲਿਆ ਕਿ ਇਹ ਇੱਥੇ ਸਿਰਫ ਪੋਸਟ ਬਾਕਸ ਕਿਰਾਏ ’ਤੇ ਲੈਣ ਆਈ ਸੀ। ਇੰਨਾ ਹੀ ਨਹੀਂ ਸਗੋਂ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਆਫੀਆ ਨੇ ਪੋਸਟ ਆਫਿਸ ਕਿਰਾਏ ’ਤੇ ਲੈਣ ਵੇਲੇ ਨਾਲ ਮਜੀਦ ਖਾਨ ਦਾ ਨਾਂ ਘਰਵਾਲੇ ਦੇ ਤੌਰ ’ਤੇ ਲਿਖਿਆ ਹੈ ਤਾਂ ਉਹ ਸਮਝ ਗਏ ਕਿ ਹੁਣ ਇਸ ਨਾਂ ਦਾ ਬੰਦਾ ਅਮਰੀਕਾ ਵਿੱਚ ਆਵੇਗਾ। ਪਰ ਮਜੀਦਾ ਖਾਨ ਜਾਂ ਬਾਕੀ ਗਰੁੱਪ ਇਸ ਗੱਲ ਤੋਂ ਅਣਭਿੱਗ ਅੱਗੇ ਦੀ ਕਾਰਵਾਈ ਕਰਨ ਵਿੱਚ ਮਸਰੂਫ ਹੋ ਗਏ।

ਪਰ ਇਸ ਵਿਚਕਾਰ ਹੀ ਇੱਕ ਮਾਰਚ, 2003 ਦੇ ਅਖ਼ਬਾਰ ਨੇ ਤਹਿਲਕਾ ਮਚਾ ਦਿੱਤਾ। ਮੁੱਖ ਖ਼ਬਰ ਸੀ ਕਿ ਕੇ. ਐਸ. ਐਮ. ਨੂੰ ਪਾਕਿਸਤਾਨੀ ਪੁਲਿਸ ਨੇ ਫੜ੍ਹ ਲਿਆ ਹੈ। ਨਾਲ ਹੀ ਇਹ ਵੀ ਖ਼ਬਰ ਸੀ ਕਿ ਕੇ. ਐਸ. ਐਮ. ਜਿਸ ਦਾ ਕਿ ਪੂਰਾ ਨਾਮ ਖਾਲਿਦ ਸ਼ੇਖ ਮੁਹੰਮਦ ਹੈ, ਅਲਕਾਇਦਾ ਦਾ ਉਪਰੇਸ਼ਨਲ ਚੀਫ ਹੈ। ਉਹ ਉਸਾਮਾ ਬਿਨ ਲਾਦਿਨ ਦੇ ਮੁਕਾਬਲੇ ਦਾ ਅਲ ਕਾਇਦਾ ਲੀਡਰ ਅਤੇ

ਨਾਈਨ ਅਲੈਵਨ ਦਾ ਮਾਸਟਰ ਮਾਈਂਡਡ ਹੈ। ਪੁਲਿਸ ਮੁਤਾਬਕ ਕੇ. ਐਸ. ਐਮ. ਰਾਵਲਪਿੰਡੀ ਫ਼ੌਜੀ ਛਾਉਣੀ ਕੋਲੋਂ ਕਿਸੇ ਦੇ ਵੱਡੇ ਘਰ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਕਿਸੇ ਮੁਖਬਰ ਨੇ ਅਮਰੀਕਾ ਦੁਆਰਾ ਘੋਸ਼ਿਤ ਪੰਝੀ ਮਿਲੀਅਨ ਡਾਲਰ ਦੇ ਇਨਾਮ ਲੈਣ ਵਜੋਂ ਉਸਨੂੰ ਫੜਾਇਆ ਸੀ। ਕੇ. ਐਸ. ਐਮ. ਨੂੰ ਜਿਸ ਦੇ ਘਰ 'ਚੋਂ ਫੜ੍ਹਿਆ ਗਿਆ ਸੀ ਉਹ ਖ਼ੁਦ ਇੱਕ ਸਾਇੰਸਟਿਸਟ ਸੀ। ਉਸਦੇ ਘਰ ਤੋਂ ਜੋ ਹੋਰ ਸਾਮਾਨ ਮਿਲਿਆ ਉਸ ਤੋਂ ਪਤਾ ਲੱਗਿਆ ਕਿ ਅਲ ਕਾਇਦਾ, ਬਾਇਲੋਜੀਕਲ ਹਥਿਆਰ ਬਣਾਉਣ ਦੇ ਨੇੜੇ ਪਹੁੰਚ ਚੁੱਕਿਆ ਸੀ। ਉੱਥੋਂ ਹੀ ਹੋਰ ਅਲ ਕਾਇਦਾ ਮੈਂਬਰਾਂ ਦੇ ਪਤੇ ਮਿਲੇ। ਮਜੀਦ ਖਾਨ ਨੂੰ ਵੀ ਅਗਲੇ ਹੀ ਦਿਨ ਫੜ੍ਹ ਲਿਆ ਗਿਆ। ਇਸੇ ਤਰ੍ਹਾਂ ਇਸ ਰਿੰਗ ਦੇ ਕਈ ਹੋਰ ਮੈਂਬਰ ਵੀ ਪੁਲੀਸ ਦੀ ਗ੍ਰਿਫ਼ਤ 'ਚ ਆ ਗਏ। ਉੱਧਰ ਅਮਰੀਕਾ 'ਚ ਐਫ. ਬੀ. ਆਈ. ਆਫੀਆ ਦੀ ਭੈਣ ਫੌਜ਼ੀਆ ਦੇ ਘਰ ਪਹੁੰਚੀ। ਫੌਜ਼ੀਆ ਨੂੰ ਸੁਆਲ ਜੁਆਬ ਕਰਕੇ ਉਹ ਵਾਪਸ ਚਲ ਗਏ ਤਾਂ ਉਸਨੇ ਆਪਣੇ ਭਰਾ ਨੂੰ ਹੂਸਟਨ ਟੈਕਸਾਸ ਵਿੱਚ ਫੋਨ ਕੀਤਾ। ਉਹ ਹੈਰਾਨ ਰਹਿ ਗਈ ਜਦੋਂ ਅੱਗੋਂ ਉਸਨੇ ਦੱਸਿਆ ਕਿ ਉਸਦੇ ਘਰੋਂ ਵੀ ਐਫ. ਬੀ. ਆਈ. ਵਾਲੇ ਹੁਣੇ ਹੀ ਗਏ ਹਨ। ਉਹ ਆਫੀਆ ਨੂੰ ਬੁਰੀ ਤਰ੍ਹਾਂ ਲੱਭ ਰਹੇ ਸਨ। ਇਸ ਬਾਰੇ ਫੌਜ਼ੀਆ ਨੇ ਆਫੀਆ ਨੂੰ ਪਾਕਿਸਤਾਨ 'ਚ ਫੋਨ ਕਰਦਿਆਂ ਕਿਹਾ,

"ਆਫੀਆ ਤੈਨੂੰ ਐਫ. ਬੀ. ਆਈ. ਲੱਭਣ ਆਈ ਸੀ।"

"ਹੈਂ! ਪਰ ਕਿਉਂ?" ਫੌਜ਼ੀਆ ਦੀ ਗੱਲ ਸੁਣਦਿਆਂ ਹੀ ਆਫੀਆ ਦੇ ਹੋਸ਼ ਉੱਡ ਗਏ।

"ਇਹ ਤਾਂ ਪਤਾ ਨ੍ਹੀਂ। ਪਰ ਮੈਨੂੰ ਪਤਾ ਲੱਗਾ ਐ ਕਿ ਮਾਰਚ ਦੇ ਸ਼ੁਰੂ ਤੋਂ ਹੀ ਜੋ ਕੇ. ਐਸ. ਐਮ. ਵਰਗਿਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਨੇ ਇਹ ਸਭ ਉਸੇ ਕੜੀ ਦਾ ਇੱਕ ਹਿੱਸਾ ਐ।"

"ਹੂੰ...।" ਆਫੀਆ ਸੋਚਾਂ 'ਚ ਗੁਆਚ ਗਈ।

"ਆਫੀਆ ਕੀ ਤੂੰ ਇਸ ਕੇ. ਐਸ. ਐਮ. ਬਾਰੇ ਕੁਛ ਜਾਣਦੀ ਐਂ?" ਫੌਜ਼ੀਆ ਨੇ ਸੁਆਲ ਕੀਤਾ।

"ਨ੍ਹੀਂ ਤਾਂ। ਪਰ ਤੂੰ ਕਿਉਂ ਪੁੱਛ ਰਹੀ ਐਂ?"

"ਆਫੀਆ ਇਹ ਕੋਈ ਲੰਬਾ ਚੱਕਰ ਲੱਗਦਾ ਐ, ਜਿਹੜੀਆਂ ਧੜਾਧੜ ਗ੍ਰਿਫ਼ਤਾਰੀਆਂ ਹੋ ਰਹੀਆਂ ਨੇ। ਇਸ 'ਚ ਪਤਾ ਨ੍ਹੀਂ ਕਿਸ ਕਿਸ ਨੇ ਆ ਜਾਣਾ ਐਂ। ਸੁਣਿਆਂ ਐਂ ਕਿ ਕੋਈ ਮਜੀਦ ਖਾਨ ਨਾਂ ਦਾ ਮੁੰਡਾ ਵੀ ਫੜ੍ਹਿਆ ਗਿਆ ਐ ਜੋ ਅਮਰੀਕਾ ਆ ਕੇ ਅਗਲੇ ਹਮਲੇ ਕਰਨੇ ਚਾਹੁੰਦਾ ਸੀ। ਆਫੀਆ ਸੱਚ ਦੱਸਾਂ ਤਾਂ ਮੈਨੂੰ ਬੜਾ ਈ ਡਰ ਲੱਗ ਰਿਹਾ ਐ। ਤੂੰ ਸੰਭਲ ਕੇ ਰਹੀਂ।"

ਫੌਜ਼ੀਆ ਦੇ ਫੋਨ ਨੇ ਆਫੀਆ ਦੇ ਹੋਸ਼ ਉਡਾ ਦਿੱਤੇ। ਉਸਨੂੰ ਲੱਗਣ ਲੱਗਿਆ ਕਿ ਉਸਨੂੰ ਫੜ੍ਹਨ ਕੋਈ ਆਇਆ ਕਿ ਆਇਆ। ਉਸਨੇ ਖੜ੍ਹੇ ਪੈਰ ਆਪਣੇ ਤਿੰਨੋਂ ਬੱਚਿਆਂ ਨੂੰ ਤਿਆਰ ਕੀਤਾ ਤੇ ਟੈਕਸੀ ਬੁਲਾ ਲਈ। ਉਸਦੀ ਮਾਂ ਨੇ ਉਸਨੂੰ ਸਮਝਾਉਂਦਿਆਂ ਕਿਹਾ, "ਆਫੀਆ ਇਹ ਕੀ ਝੱਲਾਪਣ ਐਂ। ਤੇਰਾ ਇਨ੍ਹਾਂ ਲੋਕਾਂ ਨਾਲ ਕੀ ਤੁਅੱਲਕਾਤ ਐ। ਤੈਨੂੰ ਕੋਈ ਕਿਉਂ ਫੜੂਗਾ। ਜਦੋਂ ਤੂੰ ਕੁਝ ਗਲਤ ਕੀਤਾ ਈ ਨ੍ਹੀਂ ਤਾਂ ਡਰਦੀ ਕਿਹੜੀ ਗੱਲ ਤੋਂ ਐਂ।"

"ਅੰਮੀ ਤੂੰ ਨ੍ਹੀਂ ਸਮਝ ਸਕਦੀ ਇਹ ਗੱਲ। ਇਸ ਵੇਲੇ ਮੇਰਾ ਇੱਥੋਂ ਚਲੇ ਜਾਣਾ ਈ ਬਹਿਤਰ ਐ।"

"ਆਫੀਆ ਸੱਚ ਦੱਸ ਕਿਧਰੇ ਤੇਰਾ ਕਿਸੇ ਪੁੱਠੇ ਸਿੱਧੇ ਕੰਮ ਨਾਲ ਵਾਸਤਾ ਤਾਂ ਨ੍ਹੀਂ ਐ?" ਇਸਮਤ ਨੇ ਆਫੀਆ ਦਾ ਬਾਂਹ ਫੜ੍ਹ ਕੇ ਸਖਤੀ ਨਾਲ ਕਿਹਾ।

“ਅੰਮੀ ਮੈਂ ਕਿਹਾ ਐ ਨਾ ਕਿ ਇਹ ਵੇਲਾ ਬਹਿਸਬਾਜੀ ਦਾ ਨ੍ਹੀਂ ਐ।” ਇੰਨਾ ਕਹਿੰਦਿਆਂ ਆਫੀਆ ਨੇ ਬਾਂਹ ਛੁਡਵਾ ਲਈ ਤੇ ਆਪਣੀ ਤਿਆਰੀ ’ਚ ਰੁੱਝ ਗਈ।

“ਮੇਰਾ ਮਨ ਕਹਿੰਦਾ ਐ ਕਿ ਤੂੰ ਜ਼ਰੂਰ ਅਲਕਾਇਦਾ ਦੇ ਕਿਸੇ ਬੰਦੇ ਨਾਲ ਜੁੜੀ ਹੋਈ ਐਂ। ਤੂੰ ਮੈਨੂੰ ਸੱਚੋ ਸੱਚ ਦੱਸ ਦੇਹ, ਮੈਂ ਤੇਰਾ ਸਾਰਾ ਪ੍ਰਬੰਧ ਕਰ ਲਊਂਗੀ। ਤੈਨੂੰ ਆਂਚ ਨ੍ਹੀਂ ਆਉਣ ਦਿੰਦੀ।”

ਪਰ ਆਫੀਆ ਨੇ ਮਾਂ ਦੀ ਗੱਲ ਦਾ ਕੋਈ ਜ਼ੁਆਬ ਨਾ ਦਿੱਤਾ ਤਾਂ ਇਸਮਤ ਰੋਣ ਲੱਗੀ। ਇੰਨੇ ਨੂੰ ਟੈਕਸੀ ਆ ਗਈ ਤੇ ਆਫੀਆ ਬੱਚਿਆਂ ਨੂੰ ਚੁੱਕਦੀ ਬਾਹਰ ਨਿਕਲਣ ਲੱਗੀ। ਇਸਮਤ ਰੋਂਦੀ ਹੋਈ ਅੱਗੇ ਆ ਗਈ ਤੇ ਬੋਲੀ, “ਪਰ ਇੰਨਾ ਤਾਂ ਦੱਸ ਦੇਹ ਕਿ ਜਾ ਕਿੱਧਰ ਰਹੀ ਐਂ ?”

“ਇਸ ਵੇਲੇ ਤਾਂ ਫਾਰੂਕੀ ਅੰਕਲ ਕੋਲ ਜਾ ਰਹੀ ਆਂ। ਉੱਥੋਂ ਜਾ ਕੇ ਤੈਨੂੰ ਫੋਨ ਕਰੂੰਗੀ।” ਇੰਨਾ ਕਹਿੰਦਿਆਂ ਆਫੀਆ, ਬੱਚਿਆਂ ਸਮੇਤ ਟੈਕਸੀ ’ਚ ਜਾ ਬੈਠੀ। ਇਸਮਤ ਦੇ ਵੇਖਦਿਆਂ ਵੇਖਦਿਆਂ ਟੈਕਸੀ ਅੱਖਾਂ ਤੋਂ ਉਹਲੇ ਹੋ ਗਈ। ਆਫੀਆ ਸਟੇਸ਼ਨ ਪਹੁੰਚੀ ਤੇ ਉੱਥੋਂ ਟੈਕਸੀ ਬਦਲ ਲਈ। ਅਗਲੀ ਟੈਕਸੀ ਲੈ ਕੇ ਉਹ ਸਿੱਧੀ ਅਲ ਬਲੋਚੀ ਪਰਿਵਾਰ ਕੋਲ ਪਹੁੰਚੀ। ਪਰਿਵਾਰ ਵਾਲਿਆਂ ਨੇ ਉਸਨੂੰ ਖਿੜੇ ਮੱਥੇ ਜੀ ਆਇਆਂ ਕਿਹਾ। ਪਰ ਨਾਲ ਹੀ ਇਹ ਵੀ ਕਿਹਾ ਕਿ ਇਸ ਪਰਿਵਾਰ ਵਿੱਚ ਇੱਕ ਅਣਵਿਆਹਿਆ ਮਰਦ ਭਾਵ ਅਲੀ ਰਹਿੰਦਾ ਹੈ ਇਸ ਕਰਕੇ ਮਜ਼ਬੀ ਅਕੀਦੇ ਮੁਤਾਬਕ ਆਫੀਆ ਦਾ ਉੱਥੇ ਰਹਿਣਾ ਉੱਚਿਤ ਨ੍ਹੀਂ ਹੋਵੇਗਾ। ਪਰ ਘਰ ਦੇ ਵਡੇਰਿਆਂ ਨੇ ਇਸਦਾ ਹੱਲ ਸੋਚਦਿਆਂ ਆਫੀਆ ਨੂੰ ਪੁੱਛਿਆ, “ਬੇਟੀ ਕੀ ਤੂੰ ਅਲੀ ਨਾਲ ਸ਼ਾਦੀ ਕਰਨ ਲਈ ਰਾਜ਼ੀ ਐਂ ?”

“ਜੀ ਜਿਸ ਤਰ੍ਹਾਂ ਤੁਹਾਨੂੰ ਸਾਰਿਆਂ ਨੂੰ ਠੀਕ ਲੱਗਦਾ ਐ।” ਆਫੀਆ ਨੇ ਇੱਕ ਕਿਸਮ ਦੀ ਸਹਿਮਤੀ ਦੇ ਦਿੱਤੀ। ਅਗਲੇ ਦਿਨ ਹੀ ਸਾਦੇ ਢੰਗ ਨਾਲ ਉਨ੍ਹਾਂ ਦਾ ਨਿਕਾਹ ਕਰਵਾ ਦਿੱਤਾ ਗਿਆ ਤੇ ਆਫੀਆ ਆਪਣੇ ਬੱਚਿਆਂ ਸਮੇਤ ਅਲੀ ਨਾਲ ਰਹਿਣ ਲੱਗੀ।

ਉੱਧਰ ਇਸਮਤ ਸਾਰਾ ਦਿਨ ਉਡੀਕਦੀ ਰਹੀ ਪਰ ਆਫੀਆ ਦਾ ਫੋਨ ਨਾ ਆਇਆ। ਫਿਰ ਉਸਨੇ ਆਪ ਫਾਰੂਕੀ ਨੂੰ ਫੋਨ ਕੀਤਾ ਤਾਂ ਉਸਨੇ ਦੱਸਿਆ ਕਿ ਆਫੀਆ ਤਾਂ ਉਸ ਕੋਲ ਨਹੀਂ ਆਈ। ਉਹ ਵੀ ਫਿਕਰਮੰਦ ਹੋ ਗਿਆ। ਅਗਲੇ ਦਿਨ ਸ਼ਾਮ ਵੇਲੇ ਫਿਰ ਇਸਮਤ ਦਾ ਫੋਨ ਆਇਆ ਤਾਂ ਸਦੀਕੀ ਉਦਾਸ ਆਵਾਜ਼ ’ਚ ਬੋਲਿਆ, “ਆਪਾ ਮੈਨੂੰ ਲੱਗਦਾ ਐ ਕਿ ਆਫੀਆ ਨੂੰ ਪੁਲੀਸ ਨੇ ਕਿਧਰੇ ਰਸਤੇ ’ਚ ਹੀ ਗ੍ਰਿਫਤਾਰ ਕਰ ਲਿਆ ਐ। ਨ੍ਹੀਂ ਤਾਂ ਉਹ ਕਿਧਰਿਉਂ ਫੋਨ ਜ਼ਰੂਰ ਕਰਦੀ।” ਇਸ ਤਣਾਅ ’ਚ ਹੀ ਹਫਤਾ ਗੁਜ਼ਰ ਗਿਆ। ਇਸਮਤ ਥੋੜੀ ਥੋੜੀ ਦੇਰ ਪਿੱਛੋਂ ਫਾਰੂਕੀ ਦੇ ਘਰ ਫੋਨ ਕਰਦੀ ਰਹੀ। ਉੱਧਰ ਫੌਜ਼ੀਆ ਵੀ ਸਵੇਰ ਸ਼ਾਮ ਆਪਣੀ ਮਾਂ ਨਾਲ ਗੱਲ ਕਰਦੀ ਪਰ ਆਫੀਆ ਦਾ ਕਿਧਰੇ ਕੋਈ ਥੋਹ ਟਿਕਾਣਾ ਨਾ ਲੱਭਿਆ ਤਾਂ ਇੱਕ ਦਿਨ ਇਮਸਤ ਰੋਂਦੀ ਹੋਈ ਫਾਰੂਕੀ ਨੂੰ ਬੋਲੀ, “ਭਾਈ ਜਾਨ ਤੁਹਾਡੀ ਗੱਲ ਸਹੀ ਐ। ਉਹ ਪੁਲੀਸ ਦੁਆਰਾ ਗ੍ਰਿਫਤਾਰ ਕਰ ਗਈ ਲੱਗਦੀ ਐ। ਪਰ ਮੈਂ ਇਕੱਲੀ ਔਰਤ ਕੀ ਕਰਾਂ। ਕਿੱਥੇ ਲੱਭਾਂ ਉਸਨੂੰ। ਫਿਰ ਇਹ ਵੀ ਪਤਾ ਨ੍ਹੀਂ ਕਿ ਉਸਨੇ ਕੀਤਾ ਕੀ ਐ। ਉਸਨੇ ਦੱਸਿਆ ਵੀ ਕੁਝ ਨ੍ਹੀਂ। ਜਿਵੇਂ ਡਰਦੀ ਉਹ ਭੱਜੀ ਐ ਉਸਤੋਂ ਲੱਗਦਾ ਐ ਕਿ ਗੱਲ ਕੋਈ ਜ਼ਰੂਰ ਐ।”

“ਆਪਾ ਤੂੰ ਇਕੱਲੀ ਨ੍ਹੀਂ ਐਂ। ਮੈਂ ਤੁਹਾਡੇ ਨਾਲ ਆਂ। ਆਪਾਂ ਰਲ ਕੇ ਉਸਨੂੰ ਲੱਭਾਂਗੇ।”

ਪਰ ਉਨ੍ਹਾਂ ਦੇ ਲੱਖ ਟੱਕਰਾਂ ਮਾਰਨ ਦੇ ਬਾਵਜੂਦ ਵੀ ਆਫੀਆ ਦੀ ਕੋਈ ਉੱਘ ਸੁੱਘ ਨਾ ਨਿੱਕਲੀ। ਦਿਨ ਗੁਜ਼ਰਦੇ ਗਏ। ਇਸਮਤ, ਧੀ ਦੇ ਦੁੱਖੋਂ ਮੰਜੇ ਨਾਲ ਲੱਗ ਗਈ। ਫਾਰੂਕੀ ਵੀ ਸਾਰਾ ਦਿਨ ਇਸੇ ਫਿਕਰ ’ਚ ਖੋਇਆ ਰਹਿੰਦਾ ਸੀ ਕਿ ਕੀ ਕੀਤਾ ਜਾਵੇ। ਉੱਧਰ ਫੌਜ਼ੀਆ ਦਾ ਬੁਰਾ ਹਾਲ ਸੀ। ਉਸਨੂੰ ਆਫੀਆ ਦਾ ਤਾਂ ਫਿਕਰ ਹੈ ਹੀ ਸੀ ਨਾਲ ਹੀ ਉਸਨੂੰ ਇਹ ਵੀ ਲੱਗਦਾ ਸੀ ਜਿਵੇਂ ਕਿ ਉਸਦੀ ਵੀ

ਨਿਗਰਾਨੀ ਕੀਤੀ ਜਾ ਰਹੇ ਹੋਵੇ। ਇਸ ਸਭ ਤੋਂ ਅਣਭਿੱਗ ਉੱਧਰ ਆਫੀਆ ਆਪਣੇ ਨਵੇਂ ਘਰਵਾਲੇ ਅਲੀ ਨਾਲ ਉਸਦੇ ਵੱਡੇ ਅਲ ਬਲੋਚੀ ਪਰਿਵਾਰ 'ਚ ਰਹਿ ਰਹੀ ਸੀ।

ਫਿਰ ਇੱਕ ਦਿਨ ਐਫ. ਬੀ. ਆਈ. ਉਜ਼ੇਰ ਪਰਾਚਾ ਦੇ ਨਿਊਯਾਰਕ ਵਾਲੇ ਦਫਤਰ ਪਹੁੰਚੀ। ਉਹ ਕਈ ਦਿਨਾਂ ਤੋਂ ਉਸਦੀ ਨਿਗਰਾਨੀ ਕਰ ਰਹੇ ਸਨ। ਉਸਦਾ ਦਫਤਰ ਅੰਦਰੋਂ ਬੰਦ ਸੀ। ਦਰਵਾਜ਼ਾ ਖੜ੍ਹਕਾਇਆ ਗਿਆ ਤਾਂ ਉਜ਼ੇਰ ਨੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਵਰਦੀਧਾਰੀ ਐਫ. ਬੀ. ਆਈ. ਦੀ ਟੀਮ ਵੇਖ ਕੇ ਉਸਦੇ ਹੋਸ਼ ਉੱਡ ਗਏ। ਉਜ਼ੇਰ ਦੇ ਸਾਮਾਨ ਦੀ ਤਲਾਸ਼ੀ ਲਈ ਤਾਂ ਵਿੱਚੋਂ ਮਾਜੀਦ ਖਾਨ ਦੇ ਪੇਪਰ ਨਿਕਲੇ। ਉਸਨੂੰ ਉੱਥੇ ਹੀ ਗ੍ਰਿਫਤਾਰ ਕਰ ਲਿਆ ਗਿਆ। ਉਸਨੂੰ ਨਿਊਯਾਰਕ ਮੈਟਰੋਪਾਲੇਟਿਨ ਡਿਟੈਨਸ਼ਨ ਸੈਂਟਰ ਲਿਜਾਇਆ ਗਿਆ। ਉਸਦੀ ਇੰਟੈਰੋਗੇਸ਼ਨ ਸ਼ੁਰੂ ਹੋਈ ਤਾਂ ਉਸਨੇ ਸਭ ਕੁਝ ਦੱਸ ਦਿੱਤਾ ਕਿ ਕਿਵੇਂ ਉਸਦਾ ਪਿਉ ਹੀ ਉਸਨੂੰ ਇਸ ਚੱਕਰ 'ਚ ਪਾਉਣ ਦਾ ਕਾਰਨ ਬਣਿਆਂ। ਐਫ. ਬੀ. ਆਈ. ਲਈ ਹੁਣ ਇਹ ਬਹੁਤ ਜ਼ਰੂਰੀ ਹੋ ਗਿਆ ਕਿ ਉਜ਼ੇਰ ਦੇ ਪਿਉ ਨੂੰ ਫੜ੍ਹਿਆ ਜਾਵੇ। ਪਰ ਹੁਣ ਤੱਕ ਮਹੀਨੇ ਤੋਂ ਉੱਪਰ ਹੋ ਗਿਆ ਸੀ ਇਨ੍ਹਾਂ ਗ੍ਰਿਫਤਾਰੀਆਂ ਨੂੰ ਚੱਲਦਿਆਂ ਇਸ ਕਰਕੇ ਬਹੁਤ ਕੁਝ ਬਦਲ ਗਿਆ ਸੀ। ਸ਼ੁਰੂ 'ਚ ਪਾਕਿਸਤਾਨ ਸਰਕਾਰ ਨੇ ਐਫ. ਬੀ. ਆਈ. ਦੀ ਮੱਦਦ ਕੀਤੀ ਸੀ। ਪਰ ਫਿਰ ਉੱਥੇ ਦੀ ਏਜੈਂਸੀ, ਆਈ. ਐੱਸ. ਆਈ. ਅਲਕਾਇਦਾ ਦੇ ਮਸ਼ਹੂਰ ਬੰਦਿਆਂ ਨੂੰ ਬਚਾਉਣ ਲੱਗ ਪਈ ਸੀ। ਜਦੋਂ ਹੀ ਐਫ. ਬੀ. ਆਈ. ਪਹੁੰਚਦੀ ਉਦੋਂ ਨੂੰ ਉਨ੍ਹਾਂ ਦਾ ਟਾਰਗੈੱਟ ਭੱਜ ਚੁੱਕਿਆ ਹੁੰਦਾ। ਉਹ ਸਮਝ ਗਏ ਕਿ ਆਈ. ਐੱਸ. ਆਈ. ਹੁਣ ਉਨ੍ਹਾਂ ਦੀ ਪੇਸ਼ ਨਹੀਂ ਚੱਲਣ ਦੇ ਰਹੀ। ਇਸੇ ਕਰਕੇ ਉਨ੍ਹਾਂ ਸੈਫਉੱਲਾ ਪਰਾਚਾ ਵਾਲੀ ਗੱਲ ਬਾਹਰ ਨਾ ਕੱਢੀ। ਪਤਾ ਸੀ ਕਿ ਜਦੋਂ ਹੀ ਉਸਦਾ ਨਾਂ ਬਾਹਰ ਆਇਆ ਤਾਂ ਆਈ. ਐੱਸ. ਆਈ. ਉਸਨੂੰ ਪਹਿਲਾਂ ਹੀ ਕਿਧਰੇ ਭਜਾ ਦੇਵੇਗੀ। ਪਰ ਉਸਦੇ ਲਈ ਐਫ. ਬੀ. ਆਈ. ਨੇ ਉਸਦੇ ਲਈ ਇੱਕ ਵੱਖਰਾ ਹੀ ਤਰੀਕਾ ਚੁਣਿਆਂ।

ਇੱਕ ਦਿਨ ਨਿਊਯਾਰਕ ਰਹਿੰਦੇ ਸੈਫਉਲਾ ਪਰਾਚਾ ਦੇ ਪੁਰਾਣੇ ਦੋਸਤ ਅਤੇ ਬਿਜ਼ਨਸ ਪਾਰਟਨਰ ਚਾਰਸਲ ਦਾ ਉਸਨੂੰ ਫੋਨ ਆਇਆ। ਉਹ ਬੋਲਿਆ, "ਸੈਫਉੱਲਾ ਤੈਨੂੰ ਜ਼ਰੂਰੀ ਗੱਲ ਤਾਂ ਇਹ ਕਹਿਣੀ ਐਂ ਕਿ ਤੂੰ ਇੱਧਰ ਅਮਰੀਕਾ ਵੱਲ ਮੂੰਹ ਨਾ ਕਰੀਂ। ਇੱਥੇ ਆਉਣਾ ਤੇਰੇ ਲਈ ਖਤਰੇ ਤੋਂ ਖਾਲੀ ਨ੍ਹੀਂ ਹੋਵੇਗਾ।"

"ਚਾਰਲਸ ਇਹ ਗੱਲ ਤਾਂ ਮੈਂ ਵੀ ਸਮਝਦਾ ਆਂ। ਇਨ੍ਹਾਂ ਮੇਰੇ ਨਿਰਦੋਸ਼ ਪੁੱਤਰ ਨੂੰ ਐਵੇਂ ਈ ਫੜ੍ਹ ਲਿਆ। ਪਰ ਬਿਜ਼ਨਸ ਵੀ ਬੰਦ ਨ੍ਹੀਂ ਕੀਤਾ ਜਾ ਸਕਦਾ।"

"ਇਹ ਗੱਲ ਵੀ ਠੀਕ ਐ। ਬਿਜ਼ਨਸ ਲਈ ਆਪਣਾ ਮਿਲਣਾ ਜ਼ਰੂਰੀ ਐ। ਪਰ ਮੈਂ ਵੀ ਯਾਰ ਪਾਕਿਸਤਾਨ ਆਉਣ ਤੋਂ ਡਰਦਾ ਆਂ।"

"ਚਾਰਲਸ ਤੂੰ ਵੀ ਇੱਥੇ ਅਜੇ ਬਿਲਕੁਲ ਨਾ ਆਵੀਂ। ਅਜੇ ਤਾਂ ਮੈਂ ਵੀ ਇੱਥੇ ਲੁਕ ਕੇ ਈ ਤੁਰਿਆ ਫਿਰਦਾ ਆਂ। ਇਨ੍ਹਾਂ ਐਫ. ਬੀ. ਆਈ. ਵਾਲੇ ਕਮੂਤਾਂ ਦਾ ਕੀ ਪਤਾ ਐ ਕਿ ਕਦੋਂ ਕਿਸ ਨੂੰ ਚੰਬੜ ਜਾਣ।"

"ਤੂੰ ਫਿਰ ਇਉਂ ਕਿਉਂ ਨ੍ਹੀਂ ਕਰਦਾ ਕਿ ਆਪਾਂ ਕਿਧਰੇ ਹੋਰ ਲੁਕ ਛਿਪ ਕੇ ਜਿਹੇ ਮਿਲ ਲਈਏ ?"

"ਤੂੰ ਈ ਦੱਸ ਕਿ ਕਿੱਥੇ ਮਿਲ ਸਕਦੇ ਆਂ ?"

"ਤੂੰ ਇਉਂ ਕਰ ਥਾਈਲੈਂਡ ਆਜਾ। ਉੱਥੇ ਕਿਸੇ ਨੂੰ ਪਤਾ ਵੀ ਨ੍ਹੀਂ ਲੱਗਣਾ ਤੇ ਆਪਾਂ ਮਿਲ ਵੀ ਲਵਾਂਗੇ। ਪਰ ਜ਼ਰਾ ਹੁਸ਼ਿਆਰੀ ਨਾਲ ਜਹਾਜ਼ ਚੜ੍ਹੀਂ।"

"ਹਾਂ ਇਹ ਤਾਂ ਠੀਕ ਐ। ਨਾਲੇ ਉੱਥੇ ਈ ਕੁਝ ਦੇਰ ਗੁਜ਼ਾਰ ਆਊਂਗਾ। ਜਦੋਂ ਤੱਕ ਗੱਲ ਠੰਢੀ ਨ੍ਹੀਂ ਪੈਂਦੀ।"

"ਠੀਕ ਐ ਫਿਰ ਆਪਾਂ ਉੱਥੇ ਮਿਲਦੇ ਆਂ।"

ਇਸ ਪਿੱਛੋਂ ਉਨ੍ਹਾਂ ਤਾਰੀਖ ਤਹਿ ਕਰ ਲਈ। ਮਿੱਥੇ ਦਿਨ ਸੈਫਉੱਲਾ ਚੁੱਪ ਚੁਪੀਤੇ ਜਿਹੇ ਕਰਾਚੀ ਤੋਂ ਥਾਈਲੈਂਡ ਲਈ ਫਲਾਈਟ ਲੈ ਕੇ ਜਹਾਜ਼ 'ਚ ਜਾ ਬੈਠਾ। ਜਹਾਜ਼ ਬੈਂਕਾਕ ਪਹੁੰਚਿਆ ਤਾਂ ਉਹ ਹੋਰਨਾਂ ਦੇ ਨਾਲ ਪੌੜੀ ਰਾਹੀਂ ਜਹਾਜ਼ ਤੋਂ ਹੇਠਾਂ ਉਤਰਿਆ। ਹੇਠਾਂ ਇੱਕ ਸਕਿਉਰਟੀ ਵਾਲੇ ਨੇ ਉਸ ਨਾਲ ਥੋੜੀ ਕੁ ਗੱਲ ਕਰਨ ਲਈ ਉਸਨੂੰ ਜ਼ਰਾ ਪਾਸੇ ਬੁਲਾ ਲਿਆ। ਅਗਲੇ ਹੀ ਪਲ ਕੋਲ ਖੜ੍ਹੀ ਵੈਨ 'ਚੋਂ ਕੁਝ ਬੰਦੇ ਉੱਤਰੇ ਤੇ ਉਨ੍ਹਾਂ ਬੋਚ ਕੇ ਜਿਹੇ ਸੈਫਉੱਲਾ ਨੂੰ ਆਪਣੇ ਨਾਲ ਬਿਠਾ ਲਿਆ। ਕਿਸੇ ਨੂੰ ਭਿਣਕ ਵੀ ਨਾ ਲੱਗੀ ਕਿ ਉੱਥੇ ਕੀ ਹੋਇਆ। ਉਹ ਅਸਲ ਵਿੱਚ ਐਫ. ਬੀ. ਆਈ. ਵਾਲੇ ਸਨ। ਉਨ੍ਹਾਂ ਨੇ ਹੀ ਚਾਰਲਸ ਨੂੰ ਡਰਾ ਧਮਕਾ ਕੇ ਆਪਣੀ ਮੱਦਦ ਲਈ ਮਨਾਇਆ ਸੀ। ਇਹ ਸਾਰਾ ਡਰਾਮਾ ਚਾਰਸਲ ਤੋਂ ਸੈਫਉੱਲਾ ਨੂੰ ਬੈਂਕਾਕ ਲਿਆਉਣ ਲਈ ਕਰਵਾਇਆ ਗਿਆ। ਅਗਲੇ ਹੀ ਦਿਨ ਸੈਫਉੱਲਾ ਪਰਾਚਾ ਨੂੰ ਹੋਰਨਾਂ ਵਾਂਗ ਅਫਗਾਨਿਸਤਾਨ ਦੀਆਂ ਗੁਪਤ ਜੇਲ੍ਹਾਂ 'ਚ ਪਹੁੰਚਾ ਦਿੱਤਾ ਗਿਆ। ਉੱਧਰ ਉਸਦੇ ਪਰਿਵਾਰ ਅਤੇ ਜਾਣ ਪਹਿਚਾਣ ਵਾਲੇ ਹੈਰਾਨ ਹੀ ਰਹਿ ਗਏ ਕਿ ਸੈਫਉੱਲਾ ਗਿਆ ਤਾਂ ਗਿਆ ਕਿੱਧਰ।

ਇਸੇ ਦੌਰਾਨ ਐਫ. ਬੀ. ਆਈ. ਦੇ ਹੱਥ ਇੱਕ ਅਜਿਹਾ ਬੰਦਾ ਆ ਗਿਆ ਜਿਸਨੇ ਸਾਰਾ ਰਿੰਗ ਹੀ ਤੋੜ ਦਿੱਤਾ। ਇਹ ਸੀ ਫਾਰਸੀ ਨਾਂ ਦਾ ਟਰੱਕ ਡਰਾਈਵਰ ਜੋ ਕਿ ਚਿਕਾਗੋ ਰਹਿੰਦਾ ਸੀ। ਇਹ ਮਾਜੀਦ ਖਾਂ ਦਾ ਦੋਸਤ ਸੀ, ਜਿਸਦਾ ਭੇਤ ਮਜੀਦ ਖਾਂ ਦੀ ਇੰਟੋਰੇਗਸ਼ਨ ਵੇਲੇ ਹੀ ਮਿਲਿਆ। ਜਿੰਨਾ ਵੱਡਾ ਇਹ ਅਲਕਾਇਦਾ ਦਾ ਸੋਰਸ ਸੀ ਉਨਾਂ ਹੀ ਵੱਡਾ ਇਹ ਪੱਜਲ ਨਿਕਲਿਆ। ਇਸਨੇ ਇੰਟੈਰੋਗੇਸ਼ਨ ਦਾ ਇੱਕ ਦੌਰ ਵੀ ਨਹੀਂ ਝੱਲਿਆ ਕਿ ਇਹ ਐਫ. ਬੀ. ਆਈ. ਦੀ ਹਰ ਕਿਸਮ ਦੀ ਮੱਦਦ ਕਰਨਾ ਮੰਨ ਗਿਆ। ਐਫ. ਬੀ. ਆਈ. ਸ਼ਾਇਦ ਉਸਦੀਆਂ ਗੱਲਾਂ ਨਾ ਮੰਨਦੀ ਪਰ ਜਦੋਂ ਉਸਨੇ ਕਿਹਾ ਕਿ ਉਹ ਕੇ. ਐੱਸ. ਐਮ. ਦੇ ਭਾਣਜੇ ਅਲੀ ਨੂੰ ਫੜ੍ਹਵਾ ਸਕਦਾ ਹੈ ਤਾਂ ਐਫ. ਬੀ ਆਈ. ਵਾਲਿਆਂ ਦੀ ਵਾਛਾਂ ਖਿੱਲਰ ਗਈਆਂ। ਉਸਨੂੰ ਕਿਸੇ ਗੁਪਤ ਘਰ 'ਚ ਲਿਜਾ ਕੇ ਅਲੀ ਨਾਲ ਰਾਬਤਾ ਕਾਇਮ ਰੱਖਣ ਨੂੰ ਕਿਹਾ ਗਿਆ। ਥੋੜੀ ਹੀ ਦੇਰ ਪਿੱਛੋਂ ਜਦੋਂ ਉਸਨੇ ਦੱਸਿਆ ਕਿ ਅਲੀ ਪਾਕਿਸਤਾਨ 'ਚ ਬੈਠਾ ਉੱਥੇ ਦੀ ਅਮਰੀਕਣ ਅੰਬੈਸੀ 'ਤੇ ਹਮਲਾ ਕਰਨ ਦੀ ਤਿਆਰੀ ਕਰੀ ਜਾ ਰਿਹਾ ਹੈ ਤਾਂ ਐਫ. ਬੀ. ਆਈ. ਇੱਕ ਦਮ ਹਰਕਤ ਵਿੱਚ ਆ ਗਈ।

ਜਦੋਂ ਐਫ. ਬੀ. ਆਈ. ਦੀ ਟੀਮ ਨੇ ਪਾਕਿਸਤਾਨੀ ਪੁਲੀਸ ਫੋਰਸ ਨਾਲ ਉਸ ਘਰ ਨੂੰ ਘੇਰਾ ਪਾਇਆ ਜਿੱਥੇ ਕਿ ਅਲੀ, ਅਮਰੀਕਣ ਅੰਬੈਸੀ ਉੱਪਰ ਸੁੱਟਣ ਵਾਲੇ ਬੰਬ ਨੂੰ ਬਣਾਉਣ 'ਚ ਰੁੱਝਿਆ ਹੋਇਆ ਸੀ ਤਾਂ ਉਦੋਂ ਹੀ ਅਲੀ ਅਤੇ ਉਸਦੇ ਸਾਥੀ ਨੇ ਪੁਲੀਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇੱਧਰੋਂ ਪੁਲੀਸ ਨੇ ਵੀ ਗੋਲਾਬਾਰੀ ਸ਼ੁਰੂ ਕਰ ਦਿੱਤੀ। ਕੁਝ ਮਿੰਟ ਹੀ ਬੀਤੇ ਸਨ ਕਿ ਉਦੋਂ ਨੂੰ ਆਈ. ਐੱਸ. ਆਈ. ਦਾ ਹਥਿਆਰਬੰਦ ਦਸਤਾ ਆ ਪਹੁੰਚਿਆ। ਉਹ ਸ਼ਾਇਦ ਲੇਟ ਹੋ ਜਾਣ ਕਾਰਨ ਸਿਰ ਮਾਰ ਰਹੇ ਸਨ। ਇੰਨੇ ਨੂੰ ਅੰਦਰੋਂ ਅਲੀ ਦੀ ਆਵਾਜ਼ ਆਈ ਕਿ ਉਹ ਕੁਝ ਦੇਰ ਲਈ ਸੀਜ਼ ਫਾਇਰ ਕਰ ਦੇਣ ਤਾਂ ਕਿ ਅੰਦਰ ਘਿਰੇ ਬੱਚੇ ਨੂੰ ਬਾਹਰ ਕੱਢਿਆ ਜਾ ਸਕੇ। ਆਈ. ਐੱਸ. ਆਈ. ਵਾਲਿਆਂ ਨੇ ਗੋਲੀਬਾਰੀ ਰੁਕਵਾ ਦਿੱਤੀ। ਕੁਝ ਕੁ ਮਿੰਟ ਉਡੀਕਣ ਤੋਂ ਪਿੱਛੋਂ ਆਈ. ਐੱਸ. ਆਈ. ਵਾਲਿਆਂ ਨੇ ਆਪਣਾ ਟਰੱਕ ਦਰਵਾਜ਼ੇ ਦਾ ਨਾਲ ਲਾਇਆ ਤੇ ਕਿਸੇ ਨੂੰ ਚੁੱਪ ਚਪੀਤੇ ਜਿਹੇ ਟਰੱਕ 'ਚ ਬਿਠਾ ਕੇ ਤੁਰਦੇ ਬਣੇ। ਪਿੱਛੇ ਪੁਲੀਸ ਵਾਲੇ ਭੁਚੱਕੇ ਖੜ੍ਹੇ ਵੇਖਦੇ ਰਹਿ ਗਏ। ਉਹ ਆਈ. ਐੱਸ. ਆਈ. ਦੀ ਇਸ ਹਰਕਤ ਬਾਰੇ ਸੋਚ ਹੀ ਰਹੇ ਸਨ ਕਿ ਉਦੋਂ ਨੂੰ ਅੰਦਰੋਂ ਫਿਰ ਆਵਾਜ਼ ਆਈ ਕਿ ਜੇਕਰ ਉਨ੍ਹਾਂ ਨੂੰ ਆਈ. ਐੱਸ. ਆਈ. ਗ੍ਰਿਫਤਾਰ ਕਰ ਰਹੀ ਹੈ ਤਾਂ ਉਹ ਹਥਿਆਰ ਸੁੱਟਣ ਲਈ ਤਿਆਰ ਹਨ। ਪੁਲੀਸ ਵਾਲਿਆਂ ਨੇ ਕਿਹਾ ਕਿ ਠੀਕ ਹੈ ਜਿਵੇਂ ਤੁਸੀਂ ਕਹਿੰਦੇ ਹੋ ਉਵੇਂ ਹੀ ਹੋਵੇਗਾ। ਅੰਦਰੋਂ ਅਲੀ ਅਤੇ ਉਸਦਾ ਸਾਥੀ ਹੱਥ ਖੜ੍ਹੇ ਕਰੀ ਬਾਹਰ ਆ ਗਏ। ਜਦੋਂ ਉਨ੍ਹਾਂ ਨੂੰ ਪੁਲੀਸ ਨੇ ਬੰਨ ਕੇ ਗੱਡੀਆਂ 'ਚ ਬਿਠਾ ਲਿਆ ਤਾਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਆਈ. ਐੱਸ. ਆਈ. ਵਾਲੇ ਤਾਂ ਜਾ ਚੁੱਕੇ ਸਨ। ਪਰ ਹੁਣ ਕੁਝ ਨਹੀਂ ਹੋ ਸਕਦਾ ਸੀ। ਪਾਕਿਸਤਾਨੀ ਪੁਲੀਸ ਅਤੇ ਅਮਰੀਕਣ ਐਫ. ਬੀ. ਆਈ. ਵਾਲੇ ਇਸ ਗ੍ਰਿਫਤਾਰੀ ਨਾਲ ਇੰਨਾ ਖੁਸ਼ ਹੋਏ ਕਿ ਉਹ ਆਈ. ਐੱਸ. ਆਈ. ਦੁਆਰਾ ਦਖਲਅੰਦਾਜ਼ੀ ਕਰਕੇ ਕਿਸੇ ਨੂੰ ਉੱਥੋਂ ਕੱਢਣ ਵਾਲੀ ਗੱਲ ਭੁੱਲ ਗਏ। ਐਫ. ਬੀ. ਆਈ. ਵਾਲਿਆਂ ਦੀ ਖੁਸ਼ੀ ਉਦੋਂ ਹੋਰ ਵੀ ਵਧ ਗਈ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਅਲੀ ਦੇ ਨਾਲ ਫੜ੍ਹਿਆ ਗਿਆ ਬੰਦਾ ਖਾਲਿਦ ਅਲ ਅਸ਼ਾਦ ਹੈ। ਖਾਲਿਦ ਅਲ ਅਸ਼ਾਦ, ਸਾਲ 2000 'ਚ ਅਮਰੀਕਣ ਸਮੁੰਦਰੀ ਬੇੜੇ ਯੂ. ਐਸ. ਐਸ. ਕੋਲਜ਼ ਉੱਪਰ ਹਮਲਾ ਕਰਕੇ ਸਤਾਰਾਂ ਅਮਰੀਕੀ ਫੌਜੀਆਂ ਨੂੰ ਮਾਰ ਦੇਣ ਵਾਲੀ ਅੱਤਵਾਦੀ ਘਟਨਾ ਦੀ ਸਾਜ਼ਿਸ਼ 'ਚ ਸ਼ਾਮਲ ਸੀ। ਆਖਰ

ਇੱਕ ਮਾਰਚ ਨੂੰ ਸ਼ੁਰੂ ਹੋਇਆ ਗ੍ਰਿਫਤਾਰੀਆਂ ਦਾ ਸਿਲਸਲਾ ਬੰਦ ਹੋ ਗਿਆ। ਅਮਰੀਕਾ ਉੱਪਰ ਦੂਸਰਾ ਵੱਡਾ ਹਮਲਾ ਕਰਨ ਵਾਲੀ ਸਾਜ਼ਿਸ਼ ਦੇ ਮੁੱਖ ਦੋਸ਼ੀ ਕੇ. ਐਸ. ਐਮ. ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਸਾਰੇ ਅੱਤਵਾਦੀ ਐਫ. ਬੀ. ਆਈ. ਦੇ ਕਬਜ਼ੇ 'ਚ ਆ ਚੁੱਕੇ ਸਨ। ਸਿਰਫ ਇਕੋ ਇੱਕ ਇਨਸਾਨ ਰਹਿ ਗਿਆ ਸੀ ਜੋ ਕਿ ਐਫ. ਬੀ. ਆਈ. ਦੀ ਪਹੁੰਚ ਤੋਂ ਕਿਧਰੇ ਦੂਰ ਸੀ। ਉਹ ਸੀ ਆਫੀਆ ਸਦੀਕੀ। ਐਫ. ਬੀ. ਆਈ. ਨੇ ਦੁਨੀਆਂ ਦਾ ਕੋਨਾ ਕੋਨਾ ਛਾਣ ਮਾਰਿਆ ਪਰ ਆਫੀਆ ਦੀ ਕੋਈ ਉੱਘ ਸੁੱਘ ਨਾ ਨਿਕਲੀ। ਐਫ. ਬੀ. ਆਈ. ਉਸਨੂੰ ਬਹੁਤ ਅਹਿਮ ਮੰਨ ਰਹੀ ਸੀ। ਇਸ ਤੋਂ ਬਿਨਾ ਜਿਸ ਘਰ 'ਚੋਂ ਕੇ. ਐਸ. ਐਮ. ਫੜਿਆ ਗਿਆ ਸੀ ਉੱਥੋਂ ਐਫ. ਬੀ. ਆਈ. ਨੂੰ ਜੋ ਦਸਤਾਵੇਜ਼ ਮਿਲੇ ਸਨ ਉਨ੍ਹਾਂ ਤੋਂ ਇਹੀ ਸਾਬਤ ਹੁੰਦਾ ਸੀ ਕਿ ਅਲ ਕਾਇਦਾ ਬਾਇਲੋਜੀਕਲ ਅਤੇ ਕੈਮੀਕਲ ਹਥਿਆਰ ਬਣਾਉਣ ਦੇ ਨੇੜੇ ਪਹੁੰਚ ਚੁੱਕਾ ਹੈ। ਐਫ. ਬੀ. ਆਈ. ਸੋਚ ਰਹੀ ਸੀ ਕਿ ਕਿਧਰੇ ਇਹ ਨਾ ਹੋਵੇ ਕਿ ਕੋਈ ਨਾ ਕੋਈ ਖਤਰਨਾਕ ਹਥਿਆਰ ਬਣ ਚੁੱਕਿਆ ਹੋਵੇ ਤੇ ਅੱਤਵਾਦੀ ਉਸਨੂੰ ਅਮਰੀਕਾ ਖਿਲਾਫ ਵਰਤਣ ਲਈ ਤਿਆਰ ਹੋਣ। ਹੁਣ ਤੱਕ ਫੜ੍ਹੇ ਗਏ ਕਈ ਅਲਕਾਇਦਾ ਮੈਂਬਰਾਂ ਨੇ ਆਪਣੀ ਇੰਟੈਰੋਗੇਸ਼ਨ ਦੌਰਾਨ ਮੰਨਿਆਂ ਸੀ ਕਿ ਆਫੀਆ ਬਹੁਤ ਹੀ ਜ਼ਿਆਦਾ ਖਤਰਨਾਕ ਹੈ। ਉਹ ਅਮਰੀਕਾ ਉੱਪਰ ਕੈਮੀਕਲ ਹਥਿਆਰਾਂ ਨਾਲ ਕਰਨ ਵਾਲੇ ਅਗਲੇ ਹਮਲੇ ਲਈ ਸਿਰ ਤੋੜ ਕੰਮ ਕਰ ਰਹੀ ਹੈ। ਐਫ. ਬੀ. ਆਈ. ਇਸ ਗੱਲੋਂ ਵੀ ਫਿਰਕਮੰਦ ਸੀ ਕਿ ਕਿਧਰੇ ਉਹ ਕਿਸੇ ਬਦਲਵੇਂ ਨਾਂ ਥੱਲੇ ਪਾਸਪੋਰਟ ਲੈ ਕੇ ਅਮਰੀਕਾ ਨਾ ਆ ਵੜੇ ਤੇ ਕਿਸੇ ਨੂੰ ਪਤਾ ਹੀ ਨਾ ਲੱਗੇ। ਆਖਰ ਐਫ. ਬੀ. ਆਈ. ਨੇ ਉਸਦੀ ਫੋਟੋ ਅਤੇ ਹੋਰ ਜਾਣਕਾਰੀ ਆਪਣੇ ਇਸ਼ਤਿਹਾਰੀ ਮੁਜ਼ਰਮਾਂ ਵਾਲੀ ਲਿਸਟ 'ਤੇ ਪਾ ਦਿੱਤੀ। ਇਸ ਲਿਸਟ 'ਤੇ ਇਕੱਲਾ ਉਸਦਾ ਨਾਮ ਹੀ ਨਹੀਂ, ਸਗੋਂ ਨਾਲ ਹੀ ਉਸਦੇ ਪਹਿਲੇ ਪਤੀ ਅਮਜਦ ਦਾ ਨਾਂ ਵੀ ਪਾਇਆ ਗਿਆ ਸੀ।

ਜਦੋਂ ਹੀ ਇਹ ਖਬਰ ਬਾਹਰ ਆਈ ਕਿ ਐਫ. ਬੀ. ਆਈ. ਨੇ, ਆਫੀਆ ਨੂੰ ਆਪਣੇ ਇਸ਼ਤਿਹਾਰੀ ਮੁਜ਼ਰਮਾ ਵਾਲੀ ਸਿਲਟ ਉੱਪਰ ਪਾ ਦਿੱਤਾ ਤਾਂ ਹਰ ਪਾਸੇ ਤਹਿਲਕਾ ਮੱਚ ਗਿਆ। ਅਖਬਾਰਾਂ ਨੇ ਇਸ ਖ਼ਬਰ ਨੂੰ ਚੁੱਕ ਲਿਆ। ਅਮਰੀਕਣ ਮੀਡੀਆ ਨੇ ਖ਼ਬਰ ਦਿੱਤੀ ਕਿ ਆਫੀਆ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸਨੂੰ ਅਮਰੀਕਣ ਸਰਕਾਰ ਦੇ ਹਵਾਲੇ ਵੀ ਕੀਤਾ ਜਾ ਚੁੱਕਾ ਹੈ। ਅਤੇ ਅਮਰੀਕਣ ਉਸਨੂੰ ਅਫਗਾਨਿਸਤਾਨ ਦੀ ਕਿਸੇ ਗੁਪਤ ਜੇਲ੍ਹ ਵਿੱਚ ਲੈ ਗਏ ਹਨ। ਇਸੇ ਦੌਰਾਨ ਹੀ ਪਾਕਿਸਤਾਨੀ ਮੀਡੀਏ ਨੇ ਖ਼ਬਰ ਦਿੱਤੀ ਕਿ ਆਫੀਆ ਫੜ੍ਹੀ ਜ਼ਰੂਰ ਗਈ ਸੀ ਪਰ ਉਸਨੂੰ ਥਾਣੇ ਲਿਜਾ ਕੇ ਰਿਹਾ ਕਰ ਦਿੱਤਾ ਗਿਆ। ਇਸਦੇ ਅਗਲੇ ਦਿਨ ਪਾਕਿਸਤਾਨ ਦੇ ਮਸ਼ਹੂਰ ਅਖਬਾਰ ਡਾਨ ਨੇ ਖਬਰ ਦਿੱਤੀ ਕਿ ਆਫੀਆ ਨੂੰ ਉਸ ਵੇਲੇ ਕਰਾਚੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਫਲਾਈਟ ਲੈ ਕੇ ਕਿਧਰੇ ਜਾਣ ਦੀ ਤਾਕ 'ਚ ਸੀ। ਇੱਕ ਹੋਰ ਅਖਬਾਰ ਨੇ ਆਪਣੇ ਪੁਲੀਸ ਸੋਰਸ ਦਾ ਨਾਂ ਗੁਪਤ ਰੱਖਦਿਆਂ ਇਹ ਲਿਖਿਆ ਕਿ ਆਫੀਆ ਨੂੰ ਉਦੋਂ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਬੱਚਿਆਂ ਸਮੇਤ ਕਰਾਚੀ ਤੋਂ ਇਸਲਾਮਾਬਾਦ ਜਾ ਰਹੀ ਸੀ ਅਤੇ ਉਸਨੂੰ ਆਈ. ਐੱਸ. ਆਈ. ਦੇ ਹਵਾਲੇ ਕਰ ਦਿੱਤਾ ਗਿਆ ਹੈ। ਅਗਲੇ ਹੀ ਦਿਨ ਫਿਰ ਖ਼ਬਰ ਆ ਗਈ ਕਿ ਆਫੀਆ ਨੂੰ ਪਾਕਿਸਤਾਨ ਸਰਕਾਰ ਨੇ ਫੜ੍ਹਿਆ ਹੈ ਤੇ ਇਸ ਵੇਲੇ ਉਹ ਉਨ੍ਹਾਂ ਦੀ ਕੈਦ 'ਚ ਹੈ। ਪਰ ਅਗਲੇ ਦਿਨ ਪਾਕਿਸਤਾਨ ਨੇ ਮੀਡੀਆ ਕਾਨਫਰੰਸ ਕਰਕੇ ਇਸ ਖ਼ਬਰ ਨੂੰ ਨਿਕਾਰ ਦਿੱਤਾ। ਜਦੋਂ ਫਿਰ ਤੋਂ ਡਾਨ ਅਖ਼ਬਾਰ ਨੇ ਜ਼ੋਰ ਸ਼ੋਰ ਨਾਲ ਲਿਖਿਆ ਕਿ ਆਫੀਆ ਇਸ ਵੇਲੇ ਅਮਰੀਕਣ ਸਰਕਾਰ ਕੋਲ ਹੈ ਤੇ ਉਸਨੂੰ ਅਫਗਾਨਿਸਤਾਨ ਵਿੱਚ ਕਿਧਰੇ ਗੁਪਤ ਜੇਲ੍ਹ 'ਚ ਰੱਖਿਆ ਹੋਇਆ ਹੈ ਤਾਂ ਅਮਰੀਕਾ ਸਰਕਾਰ ਨੇ ਇਸ ਖ਼ਬਰ ਦਾ ਖੰਡਨ ਕਰਦਿਆਂ ਕਿਹਾ ਕਿ ਆਫੀਆ ਉਨ੍ਹਾਂ ਕੋਲ ਨਹੀਂ ਹੈ। ਇਸ ਵਿਚਕਾਰ ਇਹ ਵੀ ਖ਼ਬਰ ਆਈ ਕਿ ਆਫੀਆ, ਕਿਉਂਕਿ ਅਲਕਾਇਦਾ ਬਾਰੇ ਸਭ ਕੁਝ ਜਾਣਦੀ ਸੀ ਤੇ ਹੋ ਸਕਦਾ ਹੈ ਕਿ ਉਸਦਾ ਹਸ਼ਰ ਵੀ ਆਸਿਫ ਭੂਜਾ ਵਾਲਾ ਹੀ ਹੋਇਆ ਹੋਵੇ। ( ਆਸਿਫ ਭੂਜਾ ਦਾ ਨਾਂ, ਪੱਤਰਕਾਰ ਡੇਨੀਅਲ ਪਰਲ ਦੇ ਕਤਲ 'ਚ ਆ ਗਿਆ ਸੀ। ਅਗਲੇ ਦਿਨ ਜਦੋਂ ਪੁਲੀਸ ਉਸਦੇ ਘਰ ਉਸ ਨਾਲ ਗੱਲਬਾਤ ਲਈ ਪਹੁੰਚੀ ਤਾਂ ਉਹ ਅਗਾਂਹ ਮਰਿਆ ਹੋਇਆ ਮਿਲਿਆ। ਸਭ ਨੂੰ ਸ਼ੱਕ ਸੀ ਕਿ ਇਸਨੂੰ ਅਲਕਾਇਦਾ ਨੇ ਆਪ ਹੀ ਮਾਰ ਦਿੱਤਾ ਹੈ ਤਾਂ ਕਿ ਕਿਧਰੇ ਕੋਈ ਭੇਤ ਬਾਹਰ ਨਾ ਨਿਕਲ ਜਾਵੇ। ) ਖੈਰ ਖ਼ਬਰਾਂ ਦਾ ਬਾਜ਼ਾਰ ਹਰ ਪਾਸੇ ਗਰਮ ਸੀ। ਪਰ ਲੋਕ ਭੰਬਲਭੂਸੇ ਜਿਹੇ 'ਚ ਸਨ। ਕਿਉਂਕਿ ਕੋਈ ਵੀ ਖ਼ਬਰ ਅਜਿਹੀ ਨਹੀਂ ਸੀ ਜਿਸ 'ਤੇ ਭਰੋਸਾ ਕੀਤਾ ਜਾ ਸਕੇ। ਆਖਰ ਬਣਦੀ ਬਣਦੀ ਆਫੀਆ ਦੀ ਖ਼ਬਰ, ਵਾਕਿਆ ਹੀ ਇੱਕ ਭੰਬਲਭੂਸਾ ਬਣ ਗਈ। ਆਫੀਆ ਇੱਕ ਭੇਤ ਬਣ ਕੇ ਰਹਿ ਗਈ। ਕਿਸੇ ਨੂੰ ਪੱਕਾ ਕੁਝ ਵੀ ਪਤਾ ਨਹੀਂ ਸੀ, ਬੱਸ ਸਭ ਦੇ ਅੰਦਾਜ਼ੇ ਸਨ।

ਫਿਰ ਹੌਲੀ ਹੌਲੀ ਆਫੀਆ ਦੇ ਨਾਂ ਦੀ ਚਰਚਾ ਘਟਣ ਲੱਗੀ। 2003 ਦੀਆਂ ਗਰਮੀਆਂ ਖਤਮ ਹੋਣ ਆਫੀਆ ਦਾ ਨਾਂ ਖ਼ਬਰਾਂ ’ਚੋਂ ਗਾਇਬ ਹੋ ਚੁੱਕਿਆ ਸੀ।

15

ਆਫੀਆ ਦਾ ਨਾਂ ਭਾਵੇਂ ਹਰ ਪਾਸੇ ਅਲੋਪ ਹੋ ਚੁੱਕਿਆ ਸੀ ਪਰ ਇੱਕ ਅਜਿਹਾ ਇਨਸਾਨ ਵੀ ਸੀ ਜੋ ਹਰ ਵਕਤ ਉਸ ਬਾਰੇ ਸੋਚਦਾ ਸੀ। ਉਹ ਸੀ ਉਸਦਾ ਪਹਿਲਾ ਪਤੀ ਅਮਜਦ। ਜਦੋਂ ਹੀ ਕਿਧਰੇ ਖ਼ਬਰ ਆਉਂਦੀ ਕਿ ਆਫੀਆ ਗ੍ਰਿਫਤਾਰ ਹੋ ਗਈ ਤਾਂ ਉਹ ਰਾਤ ਰਾਤ ਭਰ ਸੌਂ ਨਾ ਸਕਦਾ। ਆਫੀਆ ਦਾ ਚਿਹਰਾ ਉਸਦੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ। ਉਹ ਇਹ ਸੋਚ ਕੇ ਤੜਪਦਾ ਰਹਿੰਦਾ ਕਿ ਇਸ ਵੇਲੇ ਪਤਾ ਨਹੀਂ ਉਸ ’ਤੇ ਕੀ ਬੀਤ ਰਹੀ ਹੋਊਗਾ। ਪਰ ਜਦੋਂ ਖ਼ਬਰ ਆ ਜਾਂਦੀ ਕਿ ਨਹੀਂ ਉਹ ਅਜੇ ਤੱਕ ਕਿਸੇ ਦੀ ਹਿਰਾਸਤ ’ਚ ਨਹੀਂ ਆਈ ਤਾਂ ਉਸਨੂੰ ਕੁਝ ਸ਼ਾਂਤੀ ਮਿਲਦੀ। ਉਸਦੇ ਆਪਣੇ ਆਪ ਦੇ ਆਫੀਆ ਨਾਲ ਡੂੰਘਾ ਜੁੜੇ ਹੋਣ ਦੇ ਇਲਾਵਾ ਉਸਨੂੰ ਬੱਚਿਆਂ ਦਾ ਬੜਾ ਫਿਕਰ ਰਹਿੰਦਾ ਸੀ। ਉਹ ਸੋਚਦਾ ਕਿ ਉਹ ਜਿੱਥੇ ਕਿਤੇ ਵੀ ਹੈ ਰਹੀ ਜਾਵੇ ਪਰ ਪੁਲੀਸ ਦੇ ਹੱਥ ਨਾ ਆਵੇ। ਇਹ ਦਰਦ ਉਸ ਤੋਂ ਝੱਲ ਨਹੀਂ ਹੋਵੇਗਾ ਤੇ ਨਾਲੇ ਉਸਦੇ ਬੱਚੇ ਰੁਲ ਜਾਣਗੇ।

ਪਰ ਜਦੋਂ ਉਸਨੂੰ ਪਤਾ ਲੱਗਿਆ ਕਿ ਆਫੀਆ ਦੇ ਨਾਲ ਉਸਦਾ ਨਾਂ ਵੀ ਐਫ. ਬੀ. ਆਈ. ਨੇ ਇਸ਼ਤਿਹਾਰੀ ਮੁਜ਼ਰਮਾ ਦੀ ਲਿਸਟ ’ਤੇ ਪਾ ਦਿੱਤਾ ਹੈ ਤਾਂ ਉਸਦੇ ਹੋਸ਼ ਉੱਡ ਗਏ। ਕਿਉਂਕਿ ਉਹ ਤਾਂ ਆਪਣੇ ਘਰ ਹੀ ਰਹਿੰਦਾ ਸੀ ਤੇ ਉਸਨੇ ਸੋਚਿਆ ਕਿ ਉਸਨੂੰ ਤਾਂ ਪੁਲੀਸ ਕਿਸੇ ਵੇਲੇ ਵੀ ਗ੍ਰਿਫਤਾਰ ਕਰ ਸਕਦੀ ਹੈ। ਉਸ ਨੇ ਆਪਣੇ ਪਿਉ ਨਾਲ ਗੱਲ ਕੀਤੀ। ਪਿਉ ਨੇ ਕਿਸੇ ਆਪਣੇ ਦੋਸਤ ਦੀ ਰਾਇ ਲਈ। ਇਹ ਦੋਸਤ ਪਹਿਲਾਂ ਆਈ.ਐੱਸ.ਆਈ. ਦਾ ਅਫਸਰ ਰਹਿ ਚੁੱਕਿਆ ਸੀ ਤੇ ਇਸ ਵੇਲੇ ਰਿਟਾਇਰ ਹੋ ਚੁੱਕਿਆ ਸੀ। ਇਸੇ ਦੋਸਤ ਦੇ ਉੱਦਮ ਨਾਲ ਅਮਜਦ ਦੀ ਆਈ. ਐੱਸ. ਆਈ. ਦੇ ਮੌਜੂਦਾ ਕਿਸੇ ਅਫਸਰ ਨਾਲ ਇੰਟਰਵਿਊ ਕਰਵਾਈ ਗਈ। ਉਸਨੇ ਅਮਜਦ ਤੋਂ ਬਹੁਤ ਸਾਰੇ ਸੁਆਲ ਪੁੱਛੇ। ਪਰ ਅਮਜਦ ਨੇ ਜੋ ਸੱਚ ਸੀ ਉਹ ਦੱਸ ਦਿੱਤਾ ਕਿ ਜਿਸ ਆਫੀਆ ਨੂੰ ਉਹ ਜਾਣਦਾ ਹੈ ਉਹ ਇਹੋ ਜਿਹੀ ਨਹੀਂ ਹੈ ਅਤੇ ਹੋ ਸਕਦਾ ਹੈ ਕਿ ਆਫੀਆ ਉਸ ਤੋਂ ਉਹਲਾ ਰੱਖਦੀ ਕੋਈ ਦੂਹਰੀ ਜ਼ਿੰਦਗੀ ਜਿਉਂ ਰਹੀ ਹੋਵੇ। ਲੰਬੀ ਇੰਟਰਵਿਊ ਤੋਂ ਬਾਅਦ ਅਫਸਰ ਨੇ ਉਸਨੂੰ ਫਰੀ ਕਰ ਦਿੱਤਾ। ਆਪਣੇ ਰਿਕਾਰਡ ਵਿੱਚ ਉਸਦਾ ਲਿਖ ਦਿੱਤਾ ਕਿ ਇਸ ਬੰਦੇ ਦੀ ਪੁੱਛ ਗਿੱਛ ਹੋ ਚੁੱਕੀ ਹੈ ਤੇ ਇਸਦਾ ਕਿਸੇ ਬੁਰੇ ਅਨਸਰ ਨਾਲ ਕੋਈ ਸਬੰਧ ਨਹੀਂ ਹੈ। ਹੁਣ ਐਫ. ਬੀ. ਆਈ. ਉਸਨੂੰ ਸੌਖਿਆਂ ਈ ਗ੍ਰਿਫਤਾਰ ਨਹੀਂ ਕਰ ਸਕਦੀ ਸੀ। ਖਾਸ ਕਰਕੇ ਪਾਕਿਸਤਾਨ ਵਿੱਚ ਤਾਂ ਬਿਲਕੁਲ ਹੀ ਨਹੀਂ। ਇਸੇ ਦੌਰਾਨ ਅਮਰੀਕਾ ਦੇ ਬਾਲਟੀਮੋਰ ਦਫਤਰ ਤੋਂ ਐਫ. ਬੀ. ਆਈ. ਦਾ ਇੱਕ ਏਜੈਂਟ ਉਸਦੇ ਘਰ ਆ ਪਹੁੰਚਿਆ। ਘਰ ਵਾਲਿਆਂ ਦੇ ਉਸਾਣ ਮਾਰੇ ਗਏ। ਪਰ ਅਮਜਦ ਨੇ ਉਸਨੂੰ, ਆਈ. ਐੱਸ. ਆਈ. ਨਾਲ ਆਪਣੀ ਹੋਈ ਇੰਟਰਵਿਊ ਬਾਰੇ ਦੱਸਿਆ ਤੇ ਨਾਲ ਹੀ ਇੰਟਰਵਿਊ ਕਰਨ ਵਾਲੇ ਅਫਸਰ ਦਾ ਨਾਂ ਪਤਾ ਬਗੈਰਾ ਦੇ ਦਿੱਤਾ। ਉਸ ਵੇਲੇ ਤਾਂ ਉਹ ਏਜੈਂਟ ਚਲਿਆ ਗਿਆ ਪਰ ਅਗਲੇ ਦਿਨ ਫਿਰ ਆ ਗਿਆ। ਖੈਰ ਹੁਣ ਉਸਨੇ ਦੱਸਿਆ ਕਿ ਉਹ ਸਿਰਫ ਅਮਜਦ ਦੀ ਉਸਦੇ ਘਰ ’ਚ ਹੀ ਪੁੱਛ ਗਿੱਛ ਕਰੇਗਾ। ਲੰਬੀ ਗੱਲਬਾਤ ਤੋਂ ਪਿੱਛੋਂ ਇਸ ਏਜੈਂਟ ਨੇ ਵੀ ਇਹੀ ਨਤੀਜਾ ਕੱਢਿਆ ਕਿ ਅਮਜਦ ਨੂੰ ਆਫੀਆ ਦੀ ਦੂਹਰੀ ਜ਼ਿੰਦਗੀ ਦਾ ਇਲਮ ਨਹੀਂ ਹੈ। ਉਹ ਵਾਪਸ ਅਮਰੀਕਾ ਮੁੜ ਗਿਆ।

ਆਫੀਆ ਦੀ ਮਾਂ ਕੋਲ ਗਰੀਨ ਕਾਰਡ ਸੀ ਤੇ ਉਹ ਅਮਰੀਕਾ ਜਾ ਸਕਦੀ ਸੀ। ਉਹ ਆਪਣੀ ਧੀ ਨੂੰ ਭਾਲਣ ਲਈ ਅਮਰੀਕਾ ਲਈ ਚੱਲ ਪਈ। ਨਿਊਯਾਰਕ ਦੇ ਕਨੇਡੀ ਏਅਰਪੋਰਟ ’ਤੇ ਹੀ ਉਸਨੂੰ ਐਫ. ਬੀ. ਆਈ. ਬਗੈਰਾ ਨੇ ਘੇਰ ਲਿਆ। ਪਰ ਉਹ ਡਰੀ ਨਹੀਂ ਤੇ ਉੱਚੀ ਰੌਲਾ ਪਾਉਂਦਿਆਂ ਚੀਕ ਚੀਕ ਕੇ ਕਹਿੰਦੀ ਰਹੀ ਕਿ ਤੁਸੀਂ ਹੀ ਮੇਰੀ ਧੀ ਨੂੰ ਕੈਦ ਕੀਤਾ ਹੋਇਆ ਹੈ। ਚਾਰ ਘੰਟਿਆਂ ਪਿੱਛੋਂ ਉਸਨੂੰ ਛੱਡਿਆ ਗਿਆ ਤਾਂ ਉਹ ਬਾਹਰ ਉਡੀਕ ਰਹੀ ਫੌਜ਼ੀਆ ਨਾਲ ਉਸਦੇ ਘਰ ਚਲੀ ਗਈ। ਦੋ ਕੁ ਦਿਨਾਂ ਬਾਅਦ ਹੀ ਫੌਜ਼ੀਆ ਦੇ ਦਰਵਾਜ਼ੇ

’ਤੇ ਸ਼ੈਰਿਫ ਦਫਤਰ ਦਾ ਅਫਸਰ ਖੜ੍ਹਾ ਸੀ। ਉਸਨੇ ਇਸਮਤ ਸਦੀਕੀ ਬਾਰੇ ਪੁੱਛਿਆ, “ਮੈਮ ਮੈਂ ਇਸਮਤ ਸਦੀਕੀ ਨੂੰ ਮਿਲਣਾ ਚਾਹੁੰਦਾ ਆਂ।”

“ਕਾਹਦੇ ਲਈ ?” ਫੌਜ਼ੀਆ ਦੇ ਚਿਹਰੇ ’ਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ।

“ਉਸਨੂੰ ਕੋਰਟ ਦਾ ਹੁਕਮ ਐ ਕਿ ਉਹ ਗਰੈਂਡ ਜਿਊਰੀ ਦੇ ਪੇਸ਼ ਹੋਵੇ।”

ਇੰਨੇ ਨੂੰ ਇਸਮਤ ਉੱਥੇ ਆ ਗਈ। ਉਸਨੇ ਦਸਤਖਤ ਕਰਕੇ ਕੋਰਟ ਦਾ ਸਫੀਨਾ ਲੈ ਲਿਆ। ਇਸ ਪਿੱਛੋਂ ਦੋਨੋਂ ਮਾਵਾਂ ਧੀਆਂ ਫਿਕਰ ’ਚ ਡੁੱਬ ਗਈਆਂ। ਫੌਜ਼ੀਆ ਨੇ ਆਪਣੇ ਭਰਾ ਨੂੰ ਟੈਕਸਾਸ ’ਚ ਫੋਨ ਕਰਕੇ ਇਸ ਬਾਰੇ ਦੱਸਿਆ। ਉਸਨੇ ਵਕੀਲ ਕਰ ਲੈਣ ਦੀ ਸਲਾਹ ਦਿੱਤੀ। ਡਰ ਸੀ ਕਿ ਕਿਧਰੇ ਉਨ੍ਹਾਂ ਦੀ ਮਾਂ ਨੂੰ ਜੇਲ੍ਹ ਵਿੱਚ ਹੀ ਨਾ ਡੱਕ ਦੇਣ। ਕਿਸੇ ਦੋਸਤ ਨੇ ਬਾਸਟਨ ਦੀ ਬਹੁਤ ਹੀ ਮਸ਼ਹੂਰ ਵਕੀਲ, ਸ਼ਾਰਪ ਬਾਰੇ ਦੱਸਿਆ। ਫੌਜ਼ੀਆ ਨੇ ਸ਼ਾਰਪ ਨੂੰ ਫੋਨ ਕੀਤਾ। ਪਹਿਲਾਂ ਤਾਂ ਉਹ ਕੇਸ ਲੈਣ ਤੋਂ ਹਿਚਕਿਚਾਉਂਦੀ ਰਹੀ ਪਰ ਫਿਰ ਮੰਨ ਗਈ। ਇਸ ਨਾਲ ਮਾਵਾਂ ਧੀਆਂ ਨੂੰ ਬੜੀ ਰਾਹਤ ਮਿਲੀ। ਸ਼ਾਰਪ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਇਸਮਤ ਨੂੰ ਦਿਮਾਗੀ ਤੌਰ ’ਤੇ ਪਰੇਸ਼ਾਨ ਦੱਸ ਕੇ, ਹਾਲ ਦੀ ਘੜੀ ਗਰੈਂਡ ਜਿਊਰੀ ਦੇ ਪੇਸ਼ ਹੋਣ ਤੋਂ ਛੋਟ ਦਿਵਾ ਦਿੱਤੀ। ਇੱਧਰੋਂ ਖਹਿੜਾ ਛੁੱਟਦਿਆਂ ਹੀ ਇਸਮਤ ਆਪਣੇ ਮੁੰਡੇ ਮੁਹੰਮਦ ਕੋਲ ਟੈਕਸਾਸ ਚਲੀ ਗਈ। ਪਰ ਉਸਦੇ ਉੱਥੇ ਪਹੁੰਚਣ ਦੇ ਅਗਲੇ ਦਿਨ ਸਵੇਰੇ ਹੀ ਐਫ. ਬੀ. ਆਈ. ਵਾਲੇ ਉਸਦੇ ਦਰਵਾਜ਼ੇ ’ਤੇ ਵੀ ਆ ਖੜ੍ਹੇ। ਉਹ ਇਸਮਤ ਦੀ ਇੰਟਰਵਿਊ ਕਰਨਾ ਚਾਹ ਰਹੇ ਸਨ। ਮੁਹੰਮਦ ਨੇ ਤੁਰੰਤ ਆਪਣੇ ਲੋਕਲ ਵਕੀਲ ਨੂੰ ਫੋਨ ਕੀਤਾ ਤਾਂ ਵਕੀਲ ਉਸੇ ਵੇਲੇ ਉਸਦੇ ਘਰ ਆ ਗਿਆ। ਐਫ. ਬੀ. ਆਈ. ਏਜੈਂਟ ਨੇ ਇੰਟਰਵਿਊ ਸ਼ੁਰੂ ਕਰਦਿਆਂ ਸੁਆਲ ਕੀਤਾ, “ਮੈਮ ਤੂੰ ਅਮਰੀਕਾ ’ਚ ਕੀ ਕਰਨ ਆਈ ਐਂ ?”

“ਮੇਰੇ ਕੋਲ ਗਰੀਨ ਕਾਰਡ ਐ। ਮੈਂ ਜਦੋਂ ਮਰਜ਼ੀ ਇੱਥੇ ਆਵਾਂ ਜਾਵਾਂ, ਤੁਸੀਂ ਕੌਣ ਹੁੰਨੇ ਓਂ ਮੈਨੂੰ ਪੁੱਛਣ ਵਾਲੇ ?” ਇਸਮਤ ਇੱਥੇ ਵੀ ਡਰੀ ਨਾ। ਸਗੋਂ ਡਟ ਕੇ ਉੱਤਰ ਦੇਣ ਲੱਗੀ।

“ਤੂੰ ਕਦੇ ਉਸਾਮਾ ਬਿਨ ਲਾਦਿਨ ਨੂੰ ਮਿਲੀ ਐਂ ?”

“ਮੈਨੂੰ ਉਸਨੂੰ ਮਿਲਣ ਦੀ ਕੋਈ ਲੋੜ ਨ੍ਹੀਂ ਐ। ਨ੍ਹੀਂ ਮੈਂ ਉਸਨੂੰ ਨ੍ਹੀਂ ਮਿਲੀ।”

“ਤੇਰੀ ਧੀ ਆਫੀਆ ਕਿੱਥੇ ਐ ?”

“ਮੈਂ ਤਾਂ ਖੁਦ ਉਸਨੂੰ ਲੱਭਦੀ ਫਿਰਦੀ ਆਂ। ਉਸੇ ਨੂੰ ਭਾਲਦੀ ਮੈਂ ਅਮਰੀਕਾ ਆਈ ਆਂ। ਇਸ ਗੱਲ ਦਾ ਜੁਆਬ ਤੁਸੀਂ ਦੇਵੋ ਕਿ ਤੁਸੀਂ ਆਫੀਆ ਨੂੰ ਕਿੱਥੇ ਕੈਦ ਕਰਕੇ ਰੱਖਿਆ ਹੋਇਐ।”

“ਵਟ ਨਾਨਸੈਂਸ। ਅਸੀਂ ਉਸਨੂੰ ਨ੍ਹੀਂ ਫੜਿਆ। ਉਹ ਸਾਡੇ ਕਬਜ਼ੇ ’ਚ ਨ੍ਹੀਂ ਐ। ਤੂੰ ਜਾਣ ਬੁੱਝ ਕੇ ਨ੍ਹੀਂ ਦੱਸ ਰਹੀ। ਤੁਸੀਂ ਮਾਵਾਂ ਧੀਆਂ ਨੇ ਮਿਲ ਕੇ ਅਮਰੀਕਾ ਖਿਲਾਫ ਕੋਈ ਸਾਜ਼ਿਸ਼ ਰਚੀ ਐ। ਉਸੇ ਸਾਜਿਸ਼ ਨੂੰ ਅਸਲੀ ਰੂਪ ਦੇਣ ਤੂੰ ਇੱਥੇ ਆਈ ਐਂ।”

“ਇਹ ਸਭ ਬਕਵਾਸ ਐ। ਤੁਸੀਂ ਮੇਰੀ ਧੀ ਨੂੰ ਕਿਧਰੇ ਖਪਾ ਦਿੱਤਾ ਐ। ਦੱਸੋ ਕਿੱਥੇ ਐ ਮੇਰੀ ਧੀ ?” ਉਹ ਉੱਚੀ ਬੋਲਣ ਲੱਗੀ।

“ਮੈਮ ਤੂੰ ਸਾਡੀ ਇੰਟਰਵਿਊ ਨ੍ਹੀਂ ਕਰ ਰਹੀ। ਸਗੋਂ ਅਸੀਂ ਤੇਰੀ ਇੰਟਰਵਿਊ ਕਰ ਰਹੇ ਆਂ। ਇਸ ਕਰਕੇ ਤੈਨੂੰ ਸਾਡੇ ਸੁਆਲਾਂ ਦੇ ਉੱਤਰ ਤਾਂ ਈ ਦੇਣੇ ਪੈਣਗੇ। ਤੂੰ ਦੱਸ ਬਈ ਕੇ. ਐਸ. ਐਮ. ਬਾਰੇ ਤੂੰ ਕੀ ਜਾਣਦੀ ਐਂ ? ਮਜੀਦ ਖਾਨ ਤੇਰਾ ਕੀ ਲੱਗਦਾ ਐ ? ਉਸਨੇ ਕੀ ਸਕੀਮਾਂ ਬਣਾਈਆਂ ਸਨ। ਤੇਰੀ ਧੀ ਆਫੀਆ, ਨੇ ਉਸਦੇ ਲਈ ਪੋਸਟ ਆਫਿਸ ਬਾਕਸ ਕਿਰਾਏ ’ਤੇ ਕਿਉਂ ਲੈ ਕੇ ਦਿੱਤਾ ਸੀ ?”

“ਤੁਸੀਂ ਸਭ ਝੂਠੇ ਓਂ। ਮੈਂ ਨ੍ਹੀਂ ਕਿਸੇ ਵੀ ਗੱਲ ਦਾ ਉੱਤਰ ਦੇਣਾਂ। ਜਾਹ ਕਰ ਲਉ ਜੋ ਕਰਨਾ ਐਂ।”

“ਉੱਤਰ ਤਾਂ ਮੈਮ ਤੈਨੂੰ ਦੇਣੇ ਈ ਪੈਣਗੇ।”

ਇੰਨਾ ਕਹਿੰਦਿਆਂ ਐਫ. ਬੀ. ਆਈ. ਦੇ ਏਜੈਂਟ ਉੱਠ ਖੜ੍ਹੇ ਹੋਏ। ਉਨ੍ਹਾਂ ਨੂੰ ਵਕੀਲ ਨੇ ਕਿਹਾ ਕਿ ਤੁਸੀਂ ਵੇਖ ਹੀ ਰਹੇ ਓਂ ਕਿ ਇਸ ਔਰਤ ਦਾ ਦਿਮਾਗ ਸਹੀ ਢੰਗ ਨਾਲ ਕੰਮ ਨਹੀਂ ਕਰ ਰਿਹਾ। ਆਪਣੀ ਧੀ ਦੇ ਗਮ ਵਿੱਚ ਇਹ ਬੇਜ਼ਾਰ ਹੋ ਚੁੱਕੀ ਹੈ। ਇਸਨੂੰ ਇਲਾਜ ਦੀ ਜ਼ਰੂਰਤ ਹੈ। ਪਰ ਐਫ. ਬੀ. ਆਈ. ਵਾਲੇ ਉਸਦੀ ਗੱਲ ਦਾ ਨੋਟਿਸ ਲਏ ਬਿਨਾਂ ਬਾਹਰ ਨਿਕਲ ਗਏ। ਅਗਲੇ ਦਿਨ ਇੱਥੇ ਵੀ ਕੋਰਟ ਦਾ ਸਫੀਨਾ ਆ ਪਹੁੰਚਿਆ ਕਿ ਇਸਮਤ ਸਦੀਕੀ ਗਰੈਂਡ ਜਿਊਰੀ ਦੇ ਪੇਸ਼ ਹੋਵੇ। ਪਰ ਵਕੀਲ ਨੇ ਇੱਕ ਵਾਰ ਫਿਰ ਉਸਦੀ ਬਿਮਾਰੀ ਦਾ ਬਹਾਨਾ ਬਣਾ ਕੇ ਇਹ ਕੰਮ ਟਾਲ ਦਿੱਤਾ।

“ਅੰਮੀ ਮੈਨੂੰ ਲੱਗਦਾ ਐ ਕਿ ਤੈਨੂੰ ਵਾਪਸ ਚਲੇ ਜਾਣਾ ਚਾਹੀਦੈ। ਕਿਤੇ ਇਹ ਨਾ ਹੋਵੇ ਕਿ ਤੂੰ ਇੱਥੇ ਈ ਘਿਰ ਕੇ ਰਹਿ ਜਾਵੇਂ।” ਉਸੇ ਸ਼ਾਮ ਘਰ ਬੈਠਿਆਂ ਫੌਜ਼ੀਆ ਨੇ ਗੱਲ ਛੇੜੀ।

“ਮੇਰੀ ਇੱਕ ਧੀ ਤਾਂ ਗਾਇਬ ਹੋ ਹੀ ਚੁੱਕੀ ਐ, ਮੈਂ ਨ੍ਹੀਂ ਚਾਹੁੰਦੀ ਕਿ ਤੂੰ ਵੀ ਐਫ. ਬੀ. ਆਈ. ਦੇ ਚੱਕਰਾਂ ਵਿੱਚ ਫਸ ਜਾਵੇਂ। ਤੂੰ ਵੀ ਇੱਥੋਂ ਚਲੀ ਚੱਲ।” ਇਸਮਤ ਨੇ ਫੌਜ਼ੀਆ ਨੂੰ ਕਿਹਾ।

“ਫੌਜ਼ੀਆ ਮੈਂ ਵੀ ਤੈਨੂੰ ਇਹੀ ਸਲਾਹ ਦੇਊਂਗਾ, ਜੋ ਅੰਮੀ ਦੇ ਰਹੀ ਐ।” ਕੋਲ ਬੈਠਾ ਮੁਹੰਮਦ ਬੋਲਿਆ।

“ਵੈਸੇ ਤਾਂ ਭਾਈ ਜਾਨ ਮੇਰੇ ਮਗਰ ਵੀ ਐਫ. ਬੀ. ਆਈ. ਘੁੰਮਦੀ ਰਹਿੰਦੀ ਐ। ਮੇਰੀ ਪਹਿਲਾਂ ਵਾਲੀ ਜਾਬ ਚਲੀ ਗਈ। ਹਰ ਰੋਜ਼ ਹਸਪਤਾਲ ਆ ਪਹੁੰਚਦੇ ਸਨ। ਆਪਣੇ ਰੈਪੂਟੇਸ਼ਨ ਕਰਕੇ ਹਸਪਤਾਲ ਵਾਲਿਆਂ ਨੇ ਮੈਨੂੰ ਨੌਕਰੀ ਤੋਂ ਕੱਢ ਦਿੱਤਾ। ਇਸੇ ਗੱਲ ਦੀ ਸਤਾਈ ਮੈਂ ਉੱਥੋਂ ਦੂਰ ਬਾਲਟੀਮੋਰ ਜਾ ਕੇ ਕਿਸੇ ਦਰਮਿਆਨੀ ਜਿਹੀ ਨੌਕਰੀ ’ਤੇ ਲੱਗੀ ਤਾਂ ਐਫ. ਬੀ. ਆਈ. ਨੇ ਉੱਥੇ ਵੀ ਮੇਰਾ ਟਿਕਾਣਾ ਲੱਭ ਲਿਆ। ਪਰ ਮੈਂ ਇੱਕ ਗੱਲ ਸੋਚਦੀ ਆਂ।”

“ਉਹ ਕੀ ?”

“ਜਦੋਂ ਮੇਰਾ ਕਿਸੇ ਗੱਲ ਨਾਲ ਕੋਈ ਲੈਣਾ ਦੇਣਾ ਈ ਨ੍ਹੀਂ, ਤਾਂ ਮੈਨੂੰ ਕੋਈ ਕੀ ਕਰ ਦਊਗਾ।”

“ਫੌਜ਼ੀਆ ਇਹ ਗੱਲ ਨ੍ਹੀਂ ਐ। ਅਸਲ ਵਿੱਚ ਤੂੰ ਅਤੇ ਆਫੀਆ ਸ਼ੁਰੂ ਦੇ ਕਾਫੀ ਦਿਨ ਇਕੱਠੀਆਂ ਰਹਿੰਦੀਆਂ ਰਹੀਆਂ ਓਂ। ਫਿਰ ਤੂੰ ਉੱਥੇ ਉਸ ਕੋਲ ਬਾਸਟਨ ’ਚ ਵੀ ਰਹੀ। ਇਸੇ ਕਰਕੇ ਐਫ. ਬੀ. ਆਈ. ਸੋਚਦੀ ਐ ਕਿ ਤੂੰ ਉਸਦੇ ਬਾਰੇ ਬਹੁਤ ਕੁਛ ਜਾਣਦੀ ਹੋਵੇਂਗੀ। ਜਾਂ ਉਹ ਜ਼ਰੂਰ ਤੇਰੇ ਨਾਲ ਰਾਬਤਾ ਕਾਇਮ ਕਰਦੀ ਹੋਊਗੀ।”

“ਭਾਈ ਜਾਨ ਆਫੀਆ ਦੀ ਵਜ੍ਹਾ ਕਰਕੇ ਸਾਰਾ ਪਰਿਵਾਰ ਮੁਸ਼ਕਲਾਂ ’ਚ ਫਸਿਆ ਫਿਰਦਾ ਐ। ਪਤਾ ਨ੍ਹੀਂ ਉਸਨੇ ਇਹ ਰਾਹ ਕਿਉਂ ਚੁਣਿਆਂ ?” ਇੰਨਾ ਕਹਿੰਦੀ ਹੋਈ ਫੌਜ਼ੀਆ ਰੋਣ ਲੱਗੀ। ਮਾਂ ਨੇ ਉਸਨੂੰ ਧਰਵਾਸਾ ਦਿੱਤਾ।

“ਫੌਜ਼ੀਆ ਇਹ ਮੌਕਾ ਇਸ ਤਰ੍ਹਾਂ ਢੇਰੀ ਢਾਹ ਦੇਣ ਦਾ ਨ੍ਹੀਂ ਐ। ਮੈਂ ਚਾਹੁੰਨਾ ਕਿ ਤੂੰ ਕੱਲ੍ਹ ਨੂੰ ਆਪਣੀ ਵਕੀਲ ਨੂੰ ਸਾਰੀ ਗੱਲ ਦੱਸ ਦੇਹ ਤੇ ਅੰਮੀ ਨੂੰ ਲੈ ਕੇ ਇੱਥੋਂ ਤੁਰਦੀ ਬਣ।”

“ਠੀਕ ਐ ਭਾਈ ਜਾਨ।” ਫੌਜ਼ੀਆ ਵਾਪਸੀ ਲਈ ਮਨ ਬਣਾਉਣ ਲੱਗੀ।

ਅਗਲੇ ਦਿਨ ਫੌਜ਼ੀਆ ਨੇ ਵਕੀਲ ਸ਼ਾਰਪ ਨੂੰ ਫੋਨ ਕਰਦਿਆਂ ਕਿਹਾ, "ਮੈਮ ਮੈਂ ਇਨ੍ਹਾਂ ਐਫ. ਬੀ. ਆਈ. ਵਾਲਿਆਂ ਤੋਂ ਬੜੀ ਤੰਗ ਆ ਚੁੱਕੀ ਆਂ। ਜਿਸ ਹਸਪਤਾਲ ਵਿੱਚ ਮੈਂ ਕੰਮ ਕਰਦੀ ਸੀ ਉਨ੍ਹਾਂ ਮੈਨੂੰ ਐਫ. ਬੀ. ਆਈ. ਦੇ ਚੱਕਰਾਂ ਕਰਕੇ ਨੌਕਰੀ ਤੋਂ ਕੱਢ ਦਿੱਤਾ। ਹੁਣ ਮੈਨੂੰ ਕਿਧਰੇ ਢੰਗ ਦੀ ਨੌਕਰੀ ਨ੍ਹੀਂ ਮਿਲ ਰਹੀ। ਮੈਂ ਇੱਥੋਂ ਜਾਣ ਦਾ ਸੋਚ ਰਹੀ ਆਂ।"

"ਮਿਸ ਫੌਜ਼ੀਆ ਇਹ ਤਾਂ ਤੇਰੀ ਮਰਜ਼ੀ ਐ। ਤੈਨੂੰ ਕੋਈ ਇੱਥੇ ਧੱਕੇ ਨਾਲ ਨ੍ਹੀਂ ਰੋਕ ਸਕਦਾ। ਤੇਰੇ 'ਤੇ ਕੇਸ ਵੀ ਕੋਈ ਨ੍ਹੀਂ ਦਰਜ ਹੋਇਆ। ਇਸ ਕਰਕੇ ਤੂੰ ਜਾਣ ਲਈ ਆਜ਼ਾਦ ਐਂ। ਦੂਸਰਾ ਇਸਮਤ ਸਦੀਕੀ ਨੂੰ ਵੀ ਆਪਣੇ ਮੁਲਕ ਜਾ ਕੇ ਚੰਗਾ ਇਲਾਜ਼ ਕਰਵਾਉਣਾ ਚਾਹੀਦਾ ਐ।" ਇਸ਼ਾਰੇ ਨਾਲ ਵਕੀਲ ਨੇ ਕਹਿ ਦਿੱਤਾ ਕਿ ਚੰਗਾ ਹੈ ਇਸਮਤ ਇੱਥੋਂ ਚਲੀ ਜਾਵੇ। ਅਗਲੇ ਦਿਨ ਹੀ ਮਾਵਾਂ-ਧੀਆਂ ਵਾਪਸ ਜਾਣ ਦੀ ਤਿਆਰੀ ਕਰਨ ਲੱਗੀਆਂ ਤੇ ਦੋ ਦਿਨਾਂ ਬਾਅਦ ਉਹ ਪਾਕਿਸਤਾਨ ਪਹੁੰਚ ਗਈਆਂ।

ਇਨ੍ਹੀਂ ਦਿਨੀਂ ਆਈ. ਐੱਸ. ਆਈ ਦੀ ਪੂਰੀ ਟੀਮ ਇੱਕ ਦਿਨ ਆਫੀਆ ਦੇ ਪਹਿਲੇ ਪਤੀ ਅਮਜਦ ਦੇ ਘਰ ਪਹੁੰਚੀ।

"ਮਿਸਟਰ ਅਮਜਦ ਤੈਨੂੰ ਸਾਡੀ ਮੱਦਦ ਕਰਨੀ ਪਵੇਗੀ। ਅਸੀਂ ਆਫੀਆ ਨੂੰ ਫੜਨ ਦੀ ਸਕੀਮ ਬਣਾ ਰਹੇ ਆਂ।"

"ਕਿੱਥੇ ਐ ਆਫੀਆ ? ਕੀ ਮੇਰੇ ਬੱਚੇ ਵੀ ਉਸਦੇ ਕੋਲ ਨੇ ?" ਅਮਜਦ ਨੇ ਉਤਸ਼ਾਹ ਨਾਲ ਆਈ. ਐਸ. ਆਈ. ਦੇ ਅਫਸਰ ਨੂੰ ਪੁੱਛਿਆ।

"ਇਹ ਨ੍ਹੀਂ ਪਤਾ। ਪਰ ਤੈਨੂੰ ਸਾਡੇ ਨਾਲ ਚੱਲਣਾ ਪਵੇਗਾ।"

"ਨਾਲ ਚੱਲਣਾ ਪਊ ? ਪਰ ਕਿੱਥੇ ?"

"ਇਸ ਗੱਲ ਦਾ ਪਤਾ ਵੀ ਉੱਥੇ ਜਾ ਕੇ ਹੀ ਲੱਗੂਗਾ। ਹੁਣ ਤੂੰ ਤੁਰਨ ਵਾਲਾ ਬਣ।"

ਇਸ ਪਿੱਛੋਂ ਆਈ. ਐਸ. ਆਈ. ਵਾਲਿਆਂ ਨੇ ਅਮਜਦ ਨੂੰ ਨਾਲ ਲਿਆ ਤੇ ਕਰਾਚੀ ਏਅਰਪੋਰਟ 'ਤੇ ਪਹੁੰਚ ਗਏ। ਉਹ ਉੱਥੇ ਖੜ੍ਹ ਗਏ ਜਿੱਥੇ ਜਹਾਜ਼ 'ਚੋਂ ਸਵਾਰੀਆਂ ਉੱਤਰ ਕੇ ਆ ਰਹੀਆਂ ਸਨ। ਅੱਧੇ ਕੁ ਘੰਟੇ ਪਿੱਛੋਂ ਆਈ. ਐਸ. ਆਈ. ਵਾਲਿਆਂ ਨੇ ਅਮਜਦ ਨੂੰ ਕਿਹਾ ਕਿ ਸਾਹਮਣੇ ਜੋ ਔਰਤ ਆ ਰਹੀ ਹੈ ਉਹ ਉਸਨੂੰ ਪਹਿਚਾਣੇ ਅਤੇ ਦੱਸੇ ਕਿ ਕੀ ਇਹ ਹੀ ਆਫੀਆ ਸਦੀਕੀ ਹੈ। ਅਮਜਦ ਨੇ ਧਿਆਨ ਨਾਲ ਸਾਹਮਣੇ ਆ ਰਹੀ ਔਰਤ ਵੱਲ ਵੇਖਿਆ। ਉਸਦਾ ਸਾਰਾ ਸਰੀਰ ਲੰਬੇ ਬੁਰਕੇ ਨਾਲ ਢਕਿਆ ਹੋਇਆ ਸੀ। ਅਮਜਦ ਨੇ ਉਸਦੀਆਂ ਅੱਖਾਂ ਵੇਖ ਕੇ ਨੱਬੇ ਪ੍ਰਤੀਸ਼ਤ ਅੰਦਾਜ਼ਾ ਲਾ ਲਿਆ ਕਿ ਇਹ ਆਫੀਆ ਹੀ ਹੈ। ਉਸ ਦੇ ਨਾਲ ਚੱਲ ਰਹੇ ਜੁਆਕ ਨੂੰ ਵੀ ਅਮਜਦ ਨੇ ਪਛਾਣ ਲਿਆ ਕਿ ਉਹ ਉਸਦਾ ਹੀ ਮੁੰਡਾ ਹੈ। ਇੱਕ ਵਾਰ ਤਾਂ ਉਹ ਬਹੁਤ ਹੀ ਭਾਵੁਕ ਹੋ ਗਿਆ। ਪਰ ਨਾਲ ਹੀ ਉਸਨੇ ਸੋਚਿਆ ਕਿ ਜੇਕਰ ਉਸਨੇ ਆਈ. ਐਸ. ਆਈ. ਵਾਲਿਆਂ ਨੂੰ ਦੱਸ ਦਿੱਤਾ ਕਿ ਉਸਨੂੰ ਲੱਗਦਾ ਹੈ ਬਈ ਇਹ ਆਫੀਆ ਹੀ ਹੈ ਤਾਂ ਉਹ ਝੱਟ ਉਸਨੂੰ ਗ੍ਰਿਫਤਾਰ ਕਰ ਲੈਣਗੇ। ਪਰ ਉਸਦੇ ਅੰਦਰਲਾ ਅਮਜਦ ਇਹ ਨਹੀਂ ਬਰਦਾਸ਼ਤ ਕਰ ਸਕਦਾ ਸੀ। ਉਸ ਨੇ ਸਿਰ ਮਾਰਦਿਆਂ ਕਹਿ ਦਿੱਤਾ ਕਿ ਇਹ ਆਫੀਆ ਨਹੀਂ ਹੈ।

ਉੱਧਰ ਆਫੀਆ ਦੇ ਮਾਮੇ, ਐਸ. ਐਚ. ਫਾਰੂਕੀ ਨੂੰ ਵੀ ਆਈ. ਐਸ. ਆਈ. ਤੰਗ ਕਰਨ ਲੱਗ ਪਈ ਤਾਂ ਉਸਨੇ ਭੱਜ ਨੱਸ ਕਰਕੇ ਮਸਾਂ ਆਪਣਾ ਖਹਿੜਾ ਛੁਡਵਾਇਆ। ਫੌਜ਼ੀਆ ਅਤੇ ਉਸਦੀ ਮਾਂ, ਪਾਕਿਸਤਾਨ ਆ ਕੇ ਆਪਣੇ ਘਰ ਰਹਿਣ ਲੱਗ ਪਈਆਂ ਸਨ। ਇਸ ਵਿਚਕਾਰ ਹੀ ਉਨ੍ਹਾਂ ਨੂੰ ਫੋਨ ਆਉਣੇ ਸ਼ੁਰੂ ਹੋ ਗਏ ਕਿ ਜਾਂ ਤਾਂ ਉਹ ਆਫੀਆ ਦੇ ਮਾਮਲੇ ਵਿੱਚ ਚੁੱਪ ਹੋ ਜਾਣ, ਨਹੀਂ ਤਾਂ ਉਨ੍ਹਾਂ ਦਾ ਹਾਲ ਵੀ ਉਸੇ ਵਰਗਾ ਹੋਵੇਗਾ। ਇਸ ਪਿੱਛੋਂ ਮਾਵਾਂ ਧੀਆਂ ਨੇ ਆਫੀਆ ਬਾਰੇ ਗੱਲ ਕਰਨੀ ਬੰਦ ਕਰ ਦਿੱਤੀ। ਨਾਲ ਹੀ ਉਨ੍ਹਾਂ ਵੀ ਮੀਡੀਏ ਨੂੰ ਬੇਨਤੀ ਕੀਤੀ ਕਿ ਉਹ ਆਫੀਆ ਦਾ ਮਾਮਲਾ ਨਾ ਉਠਾਉਣ। ਮੀਡੀਏ ਨੇ ਮੰਨਣਾ ਤਾਂ ਕੀ ਸੀ ਸਗੋਂ ਉਨ੍ਹਾਂ ਨੂੰ ਇੱਕ ਹੋਰ

ਖ਼ਬਰ ਮਿਲ ਗਈ ਕਿ ਆਈ. ਐੱਸ. ਆਈ. ਸਦੀਕੀ ਪਰਿਵਾਰ ਨੂੰ ਤੰਗ ਕਰ ਰਹੀ ਹੈ। ਇੱਕ ਵਾਰ ਫਿਰ ਤੋਂ ਲੋਕਾਂ 'ਚ ਆਫੀਆ ਦਾ ਨਾਂ ਚਰਚਾ ਦਾ ਵਿਸ਼ਾ ਬਣ ਗਿਆ।

ਜੋ ਕੁਝ ਹੋ ਰਿਹਾ ਸੀ ਅਮਜਦ ਬੜੇ ਧਿਆਨ ਨਾਲ ਸਭ ਵੇਖ ਰਿਹਾ ਸੀ। ਉਹ ਚਾਹੁੰਦਾ ਸੀ ਕਿ ਬੱਸ ਇੱਕ ਵਾਰ ਉਹ ਆਪਣੇ ਬੱਚਿਆਂ ਨੂੰ ਵੇਖ ਲਵੇ। ਪਰ ਇਹ ਮੁਮਕਿਨ ਨਾ ਹੋ ਸਕਿਆ। ਇੱਕ ਦਿਨ ਉਹ ਆਪਣੇ ਪਿਤਾ ਨੂੰ ਨਾਲ ਲੈ ਕੇ ਉਨ੍ਹਾਂ ਦੇ ਉਸੇ ਆਈ. ਐੱਸ. ਆਈ. ਦੇ ਰਿਟਾਇਰਡ ਅਫਸਰ ਦੋਸਤ ਨੂੰ ਮਿਲਣ ਪਹੁੰਚਿਆ ਜਿਸਨੇ ਉਸਦੀ ਆਈ. ਐੱਸ. ਆਈ. ਨਾਲ ਇੰਟਰਵਿਊ ਕਰਵਾ ਕੇ ਉਸਨੂੰ ਕਲੀਐਂਰਸ ਦਿਵਾਈ ਸੀ। ਉਹ ਅਫਸਰ ਅਮਜਦ ਨੂੰ ਸਲਾਹ ਦਿੰਦਿਆਂ ਬੋਲਿਆ, "ਚੰਗਾ ਇਹੀ ਰਹੇਗਾ ਕਿ ਤੂੰ ਇੱਥੋਂ ਕਿਧਰੇ ਪਾਸੇ ਹੋ ਜਾਹ। ਇੱਥੇ ਕਿਸੇ ਦਾ ਕੋਈ ਭਰੋਸਾ ਨ੍ਹੀਂ ਕਿ ਕੀ ਕਰਵਾ ਦੇਵੇ। ਤੂੰ ਪਰੈਜ਼ੀਡੈਂਟ ਮੁਸ਼ਰਫ ਦੀ ਉਦਾਹਰਣ ਲੈ ਲੈ। ਉਹ ਅਮਰੀਕਣਾਂ ਨੂੰ ਖ਼ੁਸ਼ ਕਰਨ ਲਈ ਕਿਸੇ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੰਦਾ ਐ। ਮੇਰੇ ਕਹਿਣ ਦਾ ਭਾਵ ਐ ਕਿ ਕਈ ਅਜਿਹੇ ਬੰਦੇ ਵੀ ਉਸਨੇ ਅਮਰੀਕਣਾਂ ਨੂੰ ਸੌਂਪ ਦਿੱਤੇ ਜਿਨ੍ਹਾਂ ਦਾ ਗੁਨਾਹ ਇੰਨਾ ਵੱਡਾ ਨ੍ਹੀਂ ਸੀ ਕਿ ਉਨ੍ਹਾਂ ਨੂੰ ਬਿਗਾਨੇ ਮੁਲਕ ਦੇ ਸਪੁਰਦ ਕੀਤਾ ਜਾਵੇ। ਕਈ ਤਾਂ ਸਿਰਫ ਪੁੱਛ ਪੜਤਾਲ ਤੱਕ ਹੀ ਸੀਮਤ ਸਨ। ਪਰ ਇਸਨੇ ਸਭ 'ਤੇ ਅਲਕਾਇਦਾ ਮੈਂਬਰ ਹੋਣ ਦਾ ਲੇਵਲ ਲਾ ਕੇ ਗ੍ਰਿਫਤਾਰ ਕੀਤਾ ਤੇ ਐਫ. ਬੀ. ਆਈ. ਦੇ ਹਵਾਲੇ ਕਰ ਦਿੱਤਾ।"

ਉਸਦੀਆਂ ਗੱਲਾਂ ਸੁਣ ਕੇ ਪਿਉ ਪੁੱਤਰ ਫਿਕਰਮੰਦ ਹੋ ਗਏ। ਕੁਝ ਦੇਰ ਗੱਲਾਂ ਬਾਤਾਂ ਕਰਕੇ ਉਹ ਵਾਪਸ ਮੁੜਨ ਲੱਗੇ ਤਾਂ ਉਹ ਅਮਜਦ ਦੇ ਪਿਉ ਨੂੰ ਪਾਸੇ ਲੈ ਗਿਆ। ਫਿਰ ਹੌਲੀ ਜਿਹੀ ਬੋਲਿਆ, "ਨਈਮ ਖਾਂ ਤੁਹਾਨੂੰ ਇੱਕ ਭੇਤ ਦੀ ਗੱਲ ਦੱਸਦਾ ਆਂ।"

"ਜੀ....।"

"ਤੁਹਾਨੂੰ ਯਾਦ ਹੋਣਾ ਐਂ ਕਿ ਕੁਝ ਦੇਰ ਪਹਿਲਾਂ ਕੇ. ਐੱਸ. ਐਮ. ਦਾ ਭਾਣਜਾ ਅਲੀ ਅਤੇ ਇੱਕ ਹੋਰ ਅੱਤਵਾਦੀ ਫੜ੍ਹੇ ਗਏ ਸਨ। ਦੂਸਰੇ ਅੱਤਵਾਦੀ 'ਤੇ ਚਾਰਜ ਨੇ ਕਿ ਉਸਨੇ ਅਮਰੀਕੀ ਸਮੁੰਦਰੀ ਯੂ ਐੱਸ ਐੱਸ ਕੋਹਲ ਨਾਮੀਂ ਬੇੜੇ 'ਤੇ ਹਮਲਾ ਕੀਤਾ ਸੀ।"

"ਜੀ ਹਾਂ ਯਾਦ ਐ ਮੈਨੂੰ ਉਹ ਘਟਨਾ।"

"ਤਾਂ ਫਿਰ ਤੁਹਾਨੂੰ ਇਹ ਵੀ ਯਾਦ ਹੋਵੇਗਾ ਕਿ ਉਸ ਦਿਨ ਉਨ੍ਹਾਂ ਦੀ ਪੁਲੀਸ ਨਾਲ ਫਾਇਰਿੰਗ ਹੋ ਗਈ ਸੀ ਅਤੇ ਉਨ੍ਹਾਂ ਨੇ ਉੱਥੇ ਫਸੇ ਹੋਏ ਕਿਸੇ ਬੱਚੇ ਨੂੰ ਬਾਹਰ ਕੱਢਣ ਲਈ ਕੁਝ ਦੇਰ ਲਈ ਫਾਇਰਿੰਗ ਰੁਕਵਾਈ ਸੀ। ਪਿੱਛੋਂ ਆਈ. ਐੱਸ. ਆਈ ਦਾ ਹਥਿਆਰਬੰਦ ਦਸਤਾ ਵੀ ਉੱਥੇ ਪਹੁੰਚ ਗਿਆ ਸੀ।"

"ਹਾਂ ਜੀ ਬਿਲਕੁਲ। ਪਿੱਛੋਂ ਪਤਾ ਲੱਗਿਆ ਸੀ ਕਿ ਆਈ. ਐੱਸ. ਆਈ. ਨੇ ਉਸ ਬੱਚੇ ਨੂੰ ਆਪਣੇ ਕਾਬੂ 'ਚ ਕਰ ਲਿਆ ਸੀ।"

"ਹਾਂ ਹਾਂ ਉਹੀ ਘਟਨਾ। ਪਰ ਕੀ ਤੁਹਾਨੂੰ ਪਤਾ ਐ ਕਿ ਉਹ ਕੋਈ ਬੱਚਾ ਨ੍ਹੀਂ ਸੀ ਸਗੋਂ ਇੱਕ ਔਰਤ ਸੀ ?"

"ਜੀ ਨ੍ਹੀਂ ਇਹ ਤਾਂ ਨ੍ਹੀਂ ਪਤਾ। ਪਰ ਫਿਰ ਉਹ ਔਰਤ ਕੌਣ ਸੀ ?"

"ਉਹ ਤੁਹਾਡੇ ਪੁੱਤਰ ਦੀ ਪਹਿਲੀ ਬੀਵੀ ਆਫੀਆ ਈ ਸੀ।"

"ਹੈਂ ! ਇਹ ਤੁਸੀਂ ਕੀ ਕਹਿ ਰਹੇ ਓਂ ?"

“ਇਹ ਬਿਲਕੁਲ ਸਹੀ ਐ। ਉਹ ਅਲਕਾਇਦਾ ਦੀ ਬਹੁਤ ਹੀ ਸਰਗਰਮ ਮੈਂਬਰ ਐ। ਨਾਲ ਹੀ ਉਹ ਬਹੁਤ ਜ਼ਿਆਦਾ ਖਤਰਨਾਕ ਵੀ ਐ। ਇਸੇ ਕਰਕੇ ਕਹਿ ਰਿਹਾ ਆਂ ਕਿ ਤੁਸੀਂ ਆਪਣੇ ਪੁੱਤਰ ਨੂੰ ਕਿਧਰੇ ਬਾਹਰ ਨੂੰ ਤੋਰ ਦਿਉ। ਕੱਲ੍ਹ ਨੂੰ ਉਹ ਫਿਰ ਤੋਂ ਕਿਤੋਂ ਫੜ੍ਹੀ ਗਈ ਤੇ ਉਸਨੇ ਕਿਧਰੇ ਅਮਜਦ ਦਾ ਨਾਂ ਲੈ ਦਿੱਤਾ ਤਾਂ ਇਸਦੀ ਜ਼ਿੰਦਗੀ ਬਰਬਾਦ ਹੋ ਜਾਵੇਗੀ।”

“ਪਰ ਜਨਾਬ ਇੱਕ ਗੱਲ ਹੋਰ....।” ਨਈਮ ਖਾਂ ਕੋਈ ਹੋਰ ਗੱਲ ਸ਼ੁਰੂ ਕਰਦਾ ਕਰਦਾ ਰੁਕ ਗਿਆ।

“ਹਾਂ ਦੱਸੋ ਤੁਸੀਂ ਕੀ ਕਹਿਣਾ ਚਾਹੁੰਦੇ ਓ?”

“ਉਦੋਂ ਜਿਹੇ ਈ ਪਤਾ ਲੱਗਿਆ ਸੀ ਕਿ ਆਫੀਆ ਇੱਕ ਵਾਰ ਆਈ. ਐੱਸ. ਆਈ ਦੁਆਰਾ ਫੜ੍ਹ ਲਈ ਗਈ ਸੀ। ਪਰ ਕੀ ਉਹ ਫਿਰ ਤੋਂ ਛੱਡ ਦਿੱਤੀ ਗਈ? ਮੇਰਾ ਮਤਲਬ ਇਹ ਸਭ ਕੀ ਐ?”

“ਇਹ ਦੋਨੋਂ ਗੱਲਾਂ ਸਹੀ ਨੇ। ਪਰ ਇਹ ਏਜੈਂਸੀਆਂ ਦੇ ਕੰਮ ਕਰਨ ਦਾ ਢੰਗ ਹੁੰਦਾ ਐ ਤੁਸੀਂ ਇਸ ਗੱਲ ਮਗਰ ਨਾ ਜਾਉ। ਬੱਸ ਅਮਜਦ ਦਾ ਕੁਝ ਸੋਚੋ।”

“ਜੀ ਬਹੁਤ ਬਿਹਤਰ ਜਨਾਬ। ਮੈਂ ਸਭ ਸਮਝ ਗਿਆ।”

ਗੱਲ ਮੁਕਾ ਕੇ ਨਈਮ ਖਾਂ, ਬਾਹਰ ਖੜ੍ਹੇ ਅਮਜਦ ਨਾਲ ਕਾਰ ਵਿੱਚ ਆ ਬੈਠਾ। ਘਰ ਤੱਕ ਉਹ ਆਪਣੇ ਦੋਸਤ ਦੀ ਕਹੀ ਗੱਲ ਬਾਰੇ ਈ ਸੋਚਦਾ ਆਇਆ। ਘਰ ਆ ਕੇ ਉਸਨੇ ਅਮਜਦ ਨੂੰ ਸਮਝਾਇਆ ਕਿ ਉਸਨੂੰ ਚਾਹੀਦਾ ਹੈ ਕਿ ਹੁਣ ਅਤੀਤ ਦਾ ਖਹਿੜਾ ਛੱਡ ਕੇ ਭਵਿੱਖ ਬਾਰੇ ਸੋਚੇ। ਅਮਜਦ ਵੀ ਆਫੀਆ ਦੀ ਭਾਲ ਤੋਂ ਅੱਕ ਚੁੱਕਿਆ ਸੀ। ਪਿਉ ਦੀ ਗੱਲ ਨਾਲ ਸਹਿਮਤ ਹੁੰਦਿਆਂ ਉਸਨੇ ਆਪਣੀ ਜ਼ਿੰਦਗੀ ’ਚ ਅਗਾਂਹ ਤੁਰਨ ਦਾ ਫੈਸਲਾ ਕਰ ਲਿਆ। ਉਸਦਾ ਨਾਂ ਐਫ. ਬੀ. ਆਈ. ਦੀ ਵਾਂਟਿੰਡ ਲਿਸਟ ਤੋਂ ਲਹਿ ਚੁੱਕਿਆ ਸੀ। ਇਸ ਕਰਕੇ ਉਸਨੇ ਪਾਕਿਸਤਾਨ ਛੱਡਣ ਦਾ ਫੈਸਲਾ ਕਰਦਿਆਂ ਸਾਊਦੀ ਅਰਬ ਦੇ ਕਿਸੇ ਹਸਪਤਾਲ ਵਿੱਚ ਨੌਕਰੀ ਕਰ ਲਈ। ਉਹ ਆਪਣੀ ਨਵੀਂ ਪਤਨੀ ਅਤੇ ਛੋਟੀ ਜਿਹੀ ਬੱਚੀ ਨੂੰ ਲੈ ਕੇ ਸਾਉਦੀ ਅਰਬ ਚਲਾ ਗਿਆ।

ਇਸਮਤ ਅਤੇ ਫੌਜ਼ੀਆ ਆਪਣੇ ਘਰ ਤੱਕ ਸੀਮਤ ਹੋ ਕੇ ਰਹਿ ਗਈਆਂ ਸਨ। ਉਹ ਡਰਦੀਆਂ ਕਿਸੇ ਨਾਲ ਆਫੀਆ ਬਾਰੇ ਗੱਲ ਵੀ ਨਹੀਂ ਕਰਦੀਆਂ ਸਨ। ਇਸ ਤੋਂ ਬਿਨਾਂ ਉਨ੍ਹਾਂ ਦੇ ਘਰ ਦੀ ਆਈ. ਐੱਸ. ਆਈ. ਨਿਗਰਾਨੀ ਕਰਦੀ ਰਹਿੰਦੀ ਸੀ। ਕਦੇ ਉਨ੍ਹਾਂ ਨੂੰ ਗੁਪਤ ਫੋਨ ਆਉਂਦੇ ਸਨ ਕਿ ਆਫੀਆ ਬਾਰੇ ਗੱਲ ਨ੍ਹੀਂ ਕਰਨੀ, ਨਹੀਂ ਤਾਂ ਉਨ੍ਹਾਂ ਦਾ ਹਸ਼ਰ ਵੀ ਆਫੀਆ ਵਰਗਾ ਹੀ ਹੋਵੇਗਾ। ਅਜਿਹੇ ਵੇਲੇ ਉਨ੍ਹਾਂ ਨੂੰ ਲੱਗਦਾ ਕਿ ਆਫੀਆ ਇਸ ਦੁਨੀਆਂ ਵਿੱਚ ਨਹੀਂ ਹੈ। ਫਿਰ ਅਗਲੇ ਹੀ ਦਿਨ ਕੋਈ ਫੋਨ ਆ ਜਾਂਦਾ ਕਿ ਆਫੀਆ ਜਿੱਥੇ ਕਿਤੇ ਵੀ ਹੈ ਠੀਕ ਠਾਕ ਹੈ ਤੁਸੀਂ ਉਸਦਾ ਫਿਕਰ ਨਾ ਕਰੋ। ਅਜਿਹਾ ਫੋਨ ਸੁਣ ਕੇ ਉਨ੍ਹਾਂ ਨੂੰ ਲੱਗਦਾ ਕਿ ਆਫੀਆ ਜਿੰਦਾ ਹੈ। ਇਨ੍ਹਾਂ ਭੰਬਲਭੂਸਿਆਂ ਵਿੱਚ ਹੀ ਦਿਨ ਮਹੀਨੇ, ਸਾਲਾਂ ’ਚ ਬਦਲ ਗਏ ਪਰ ਉਨ੍ਹਾਂ ਨੂੰ ਕਦੇ ਆਫੀਆ ਦੀ ਕੋਈ ਸੂਹ ਨਾ ਮਿਲੀ। ਇੱਕ ਦਿਨ ਇਸਮਤ ਨੇ ਆਪਣੇ ਪੁੱਤਰ ਮੁਹੰਮਦ ਨੂੰ ਹੂਸਟਨ ’ਚ ਫੋਨ ਕਰਦਿਆਂ ਕਿਹਾ, “ਪੁੱਤਰ ਅਸੀਂ ਦੱਸ ਕੀ ਕਰੀਏ। ਸਾਡੇ ਕੋਲ ਤਾਂ ਕੋਈ ਘਰਦਾ ਮਰਦ ਮੈਂਬਰ ਵੀ ਨਹੀਂ ਐ। ਤੈਨੂੰ ਦੱਸ ਨ੍ਹੀਂ ਸਕਦੀ ਕਿ ਅਸੀਂ ਡਰ ਦੇ ਸਾਏ ਹੇਠਾਂ ਕਿਵੇ ਦਿਨ ਬਿਤਾ ਰਹੇ ਆਂ।”

“ਅੰਮੀ ਮੈਂ ਇਹ ਗੱਲ ਸਮਝ ਸਕਦਾ ਆਂ। ਪਰ ਕੀ ਕੀਤਾ ਜਾਵੇ।”

“ਬੇਟਾ ਮੈਂ ਚਾਹੁੰਨੀ ਆਂ ਕਿ ਤੂੰ ਵੀ ਇੱਥੇ ਪਾਕਿਸਤਾਨ ਈ ਆਜਾ। ਕਿਤੇ ਇਹ ਨਾ ਹੋਵੇ ਕਿ ਤੈਨੂੰ ਵੀ ਅਮਰੀਕਣ ਸਰਕਾਰ ਕਿਸੇ ਕੇਸ ’ਚ ਫਸਾ ਲਵੇ।”

“ਨ੍ਹੀਂ ਅੰਮੀ ਅਜਿਹਾ ਨ੍ਹੀਂ ਹੋਵੇਗਾ। ਮੈਂ ਕਦੇ ਵੀ ਕਿਸੇ ਗਲਤ ਅਨਸਰ ਨਾਲ ਨ੍ਹੀਂ ਜੁੜਿਆ। ਹਮੇਸ਼ਾ ਆਪਣੇ ਕੰਮ ਨਾਲ ਕੰਮ ਰੱਖਿਆ ਐ। ਇਸ ਕਰਕੇ ਮੈਨੂੰ ਇੱਥੇ ਕੋਈ ਖਤਰਾ ਨ੍ਹੀਂ ਐ।”

“ਫੌਜ਼ੀਆ ਨਾਲ ਵੀ ਤਾਂ ਇਹੋ ਕੁਛ ਹੋ ਚੁੱਕਿਆ ਐ। ਉਹ ਜਿੱਥੇ ਕਿਤੇ ਵੀ ਨੌਕਰੀ ਕਰਨ ਲੱਗਦੀ ਸੀ ਉੱਥੇ ਹੀ ਐਫ. ਬੀ. ਆਈ. ਪਹੁੰਚ ਜਾਂਦੀ ਸੀ। ਆਖਰ ਉਸਨੂੰ ਅਮਰੀਕਾ ਛੱਡਣਾ ਪਿਆ।”

“ਅੰਮੀ ਮੇਰੇ ਤੇ ਫੌਜ਼ੀਆ ’ਚ ਫਰਕ ਐ।”

“ਉਹ ਕਿਵੇਂ?”

“ਤੈਨੂੰ ਪਤਾ ਈ ਐ ਕਿ ਆਫੀਆ, ਫੌਜ਼ੀਆ ਕੋਲ ਰਹਿੰਦੀ ਰਹੀ ਐ। ਆਫੀਆ ਦੀਆਂ ਕਈ ਚੈਰਟੀਆਂ ਦੇ ਪਤੇ ਫੌਜ਼ੀਆ ਦੇ ਘਰ ਦੇ ਸਨ। ਫੌਜ਼ੀਆ ਭਾਵੇਂ ਕਿਸੇ ਗੱਲ ਨਾਲ ਸਬੰਧਤ ਨ੍ਹੀਂ ਸੀ ਪਰ ਇਹ ਆਫੀਆ ਨਾਲ ਜੁੜੀ ਰਹੀ ਐ। ਇਸੇ ਕਰਕੇ ਐਫ. ਬੀ. ਆਈ. ਨੂੰ ਹਮੇਸ਼ਾ ਸ਼ੱਕ ਰਹਿੰਦਾ ਸੀ ਕਿ ਕਦੇ ਨਾ ਕਦੇ ਆਫੀਆ ਇਸ ਨਾਲ ਜ਼ਰੂਰ ਸਬੰਧ ਕਾਇਮ ਕਰੂਗੀ। ਇਸੇ ਕਰਕੇ ਇਸਦਾ ਹਰ ਵਕਤ ਪਿੱਛਾ ਕੀਤਾ ਜਾਂਦਾ ਸੀ। ਪਰ ਮੈਨੂੰ ਉਸ ਪਿੱਛੋਂ ਕਦੇ ਕੋਈ ਤਕਲੀਫ ਨ੍ਹੀਂ ਆਈ।”

“ਫਿਰ ਪੁੱਤਰਾ ਤੂੰ ਈ ਦੱਸ ਕਿ ਅਸੀਂ ਮਾਵਾਂ ਧੀਆਂ ਕਿੱਧਰ ਜਾਈਏ। ਅਮਰੀਕਾ ’ਚ ਸਾਨੂੰ ਐਫ. ਬੀ. ਆਈ. ਨ੍ਹੀਂ ਟਿਕਣ ਦਿੰਦੀ ਸੀ। ਇੱਥੇ ਪਾਕਿਸਤਾਨੀ ਸਰਕਾਰ ਨ੍ਹੀਂ ਚੈਨ ਨਾਲ ਰਹਿਣ ਦਿੰਦੀ। ਆਈ. ਐੱਸ. ਆਈ ਸਾਰਾ ਦਿਨ ਆਪਣੇ ਘਰ ਦੁਆਲੇ ਘੁੰਮਦੀ ਫਿਰਦੀ ਐ। ਰੋਜ਼ ਗੁਪਤ ਫੋਨ ਆਉਂਦੇ ਰਹਿੰਦੇ ਨੇ। ਪਤਾ ਨ੍ਹੀਂ ਸਾਡਾ ਕੀ ਬਣੂੰਗਾ।” ਇੰਨਾ ਕਹਿੰਦਿਆਂ ਇਸਮਤ ਰੋਣ ਲੱਗੀ। ਉਸਦੇ ਪੁੱਤਰ ਦਾ ਮਨ ਭਰ ਆਇਆ।

“ਅੰਮੀ ਤੂੰ ਰੋ ਨਾ ਇਸ ਤਰ੍ਹਾਂ ਤਾਂ ਮਸਲਾ ਹੱਲ ਨ੍ਹੀਂ ਹੋਣਾ।”

“ਪੁੱਤਰਾ ਤੂੰ ਕਿਹੜੇ ਮਸਲੇ ਦੀ ਗੱਲ ਕਰਦਾ ਐਂ। ਸਾਡੀ ਜ਼ਿੰਦਗੀ ਨਰਕ ਬਣ ਕੇ ਰਹਿ ਗਈ ਐ। ਤੂੰ ਵੀ ਸਾਨੂੰ ਵਿਸਾਰ ਚੁੱਕਿਆ ਐਂ।”

“ਅੰਮੀ ਅਜਿਹੀ ਗੱਲ ਨ੍ਹੀਂ ਐ। ਮੈਂ ਦੱਸੋ ਕਰ ਈ ਕੀ ਸਕਦਾ ਆਂ।”

“ਪੁੱਤਰਾ ਆਫੀਆ ਤੇਰੀ ਵੀ ਮਾਂ ਜਾਈ ਭੈਣ ਐਂ। ਤੂੰ ਈ ਉਸ ਨੂੰ ਕਿਧਰਿਉਂ ਭਾਲਣ ਦੀ ਕੋਸ਼ਿਸ਼ ਕਰ।”

“ਅੰਮੀ ਪਹਿਲਾਂ ਕਿਹੜਾ ਆਪਾਂ ਘੱਟ ਭਾਲ ਕੀਤੀ ਐ। ਪਰ ਉਹ ਕਿਤੇ ਮਿਲੇ ਵੀ।”

“ਮੁਹੰਮਦ ਪੁੱਤਰ ਤੂੰ ਇੱਕ ਵਾਰ ਫਿਰ ਤੋਂ ਹੰਭਲਾ ਮਾਰ। ਮੇਰਾ ਦਿਲ ਕਹਿੰਦਾ ਐ ਕਿ ਉਹ ਕਿਧਰੇ ਨੇੜੇ ਤੇੜੇ ਈ ਐ।”

“ਅੰਮੀ ਮੇਰੀ ਆਪਣੀ ਨੌਕਰੀ ਐ। ਨਾਲੇ ਮੇਰੇ ਵੀ ਬਾਲ ਬੱਚੇ ਨੇ। ਮੈਂ ਇਵੇਂ ਕਿਵੇਂ ਕਿਧਰੇ ਜਾ ਸਕਦਾ ਆਂ। ਤੈਨੂੰ ਪਤਾ ਈ ਐ ਕਿ ਪਹਿਲਾਂ ਮੇਰੇ ਘਰ ’ਚ ਕੀ ਹੋਇਆ ਸੀ।”

ਅਸਲ ’ਚ ਮੁਹੰਮਦ ਦੀ ਬੀਵੀ, ਆਫੀਆ ਦਾ ਜ਼ਿਕਰ ਛਿੜਦਿਆਂ ਹੀ ਲੜਾਈ ਪਾ ਕੇ ਬਹਿ ਜਾਂਦੀ ਸੀ। ਉਸਦਾ ਕਹਿਣਾ ਸੀ ਕਿ ਉਸ ਦੀ ਵਜ੍ਹਾ ਕਰਕੇ ਸਾਰਾ ਪਰਿਵਾਰ ਫਾਹੇ ਚੜ੍ਹਿਆ ਪਿਆ ਹੈ।

“ਪੁੱਤਰਾ ਕਿਵੇਂ ਵੀ ਕਰ। ਕੋਈ ਗੱਲ ਨ੍ਹੀਂ ਤੂੰ ਤੇਰੀ ਵਹੁਟੀ ਦਾ ਗੁੱਸਾ ਇੱਕ ਵਾਰ ਹੋਰ ਝੱਲ ਲੈ। ਜੇਕਰ ਮੇਰੀ ਧੀ ਦਾ ਕੋਈ ਪਤਾ ਟਿਕਾਣਾ ਨਾ ਲੱਗਿਆ ਤਾਂ ਮੈਂ ਪਾਗਲ ਹੋ ਜਾਣਾ ਐਂ।”

“ਠੀਕ ਐ ਅੰਮੀ ਮੈਂ ਵੇਖਦਾ ਆਂ ਕਿ ਮੈਂ ਕੀ ਕਰ ਸਕਦਾ ਆਂ। ਪਰ ਇੱਕ ਗੱਲ ਐ ਕਿ ਇੱਥੇ ਇੱਕ ਉਜ਼ੇਰ ਪਰਾਚਾ ਨਾਂ ਦੇ ਮੁੰਡੇ ’ਤੇ ਅੱਤਵਾਦ ਸਬੰਧੀ ਕੇਸ ਸ਼ੁਰੂ ਹੋਣ ਵਾਲਾ ਐ। ਮੈਨੂੰ ਲੱਗਦਾ ਐ ਕਿ ਉਸਦੇ ਕੇਸ ’ਚ ਜ਼ਰੂਰ ਆਫੀਆ ਦਾ ਜ਼ਿਕਰ ਆਵੇਗਾ। ਸ਼ਾਇਦ ਇਸ ਤਰ੍ਹਾਂ ਈ ਕੋਈ ਪਤਾ ਚੱਲ ਜਾਵੇ।”

“ਠੀਕ ਐ ਤੂੰ ਮੈਨੂੰ ਛੇਤੀ ਇਸ ਬਾਰੇ ਦੱਸੀਂ।” ਇਸਮਤ ਨੇ ਫੋਨ ਕੱਟ ਦਿੱਤਾ।

ਉਜ਼ੇਰ ਪਰਾਚਾ ਦੇ ਕੇਸ ਦਾ ਉਨ੍ਹਾਂ ਦਿਨਾਂ ’ਚ ਅਖਬਾਰਾਂ ’ਚ ਖ਼ੂਬ ਰੌਲਾ ਪੈ ਰਿਹਾ ਸੀ। ਕੇ. ਐੱਸ. ਐਮ. ਤੋਂ ਲੈ ਕੇ ਹੁਣ ਤੱਕ ਫੜ੍ਹੇ ਗਏ ਬੰਦਿਆਂ ’ਚੋਂ ਸਭ ਤੋਂ ਪਹਿਲਾਂ ਮੁਕੱਦਮਾ ਉਜ਼ੇਰ ਪਰਾਚਾ ’ਤੇ ਚੱਲਿਆ। ਨਿਊਯਾਰਕ ਦੀ ਕੋਰਟ ਵਿੱਚ ਉਸਨੇ ਉਹੀ ਬਿਆਨ ਦਿੱਤਾ ਜੋ ਉਸਨੇ ਪਹਿਲਾਂ ਐਫ. ਬੀ. ਆਈ. ਕੋਲ ਦਿੱਤਾ ਸੀ। ਉਸਨੇ ਕਿਹਾ ਕਿ ਨਾ ਹੀ ਉਸਨੂੰ ਅਲ ਕਾਇਦਾ ਬਾਰੇ ਕੋਈ ਪਤਾ ਸੀ ਅਤੇ ਨਾ ਹੀ ਉਨ੍ਹਾਂ ਦੇ ਕਿਸੇ ਪਲਾਟ ਬਾਰੇ। ਉਸਨੇ ਕੋਰਟ ਨੂੰ ਦੱਸਿਆ ਕਿ ਉਸਨੇ ਸਿਰਫ ਮਜੀਦ ਖਾਨ ਦੀ ਐਪਲੀਕੇਸ਼ਨ ਇੰਮੀਗਰੇਸ਼ਨ ਨੂੰ ਭੇਜੀ ਸੀ ਅਤੇ ਦੂਸਰਾ ਉਸਨੇ ਮਾਜੀਦ ਖਾਨ ਬਣ ਕੇ ਇੰਮੀਗਰੇਸ਼ਨ ਨੂੰ ਫੋਨ ਕੀਤਾ ਸੀ। ਉਹ ਸੋਚਦਾ ਸੀ ਕਿ ਉਸਦਾ ਇੰਨਾ ਹੀ ਜ਼ੁਰਮ ਹੈ ਕਿ ਉਸਨੇ ਇੰਮੀਗਰੇਸ਼ਨ ਨੂੰ ਝੂਠ ਬੋਲਿਆ। ਪਰ ਉਸਦਾ ਵਕੀਲ ਸਭ ਸਮਝਦਾ ਸੀ। ਵਕੀਲ ਨੇ ਗਵਾਹਾਂ ਬਗੈਰਾ ਨੂੰ ਅਦਾਲਤ ’ਚ ਪੇਸ਼ ਕਰਨ ਦੀ ਮੰਗ ਕੀਤੀ। ਪਰ ਸਰਕਾਰੀ ਵਕੀਲ ਇਹ ਕੁਝ ਨਹੀਂ ਹੋਣ ਦੇਣਾ ਚਾਹੁੰਦਾ ਸੀ। ਕਿਉਂਕਿ ਗਵਾਹ ਤਾਂ ਅਫਗਾਨਿਸਤਾਨ ਦੀਆਂ ਉਜਾੜਾਂ ’ਚ ਕਿਧਰੇ ਗੁਪਤ ਜੇਲ੍ਹਾਂ ਅੰਦਰ ਬੰਦ ਸਨ। ਗਵਾਹਾਂ ਤੋਂ ਉਸਦਾ ਮਤਲਬ ਸੀ, ਕੇ. ਐਸ. ਐਮ. ਉਸਦਾ ਭਾਣਦਾ ਅਲੀ ਜਾਂ ਮਜੀਦ ਖਾਨ। ਸਰਕਾਰ ਡਰਦੀ ਸੀ ਕਿ ਜੇਕਰ ਇਨ੍ਹਾਂ ਗਵਾਹਾਂ ਨੂੰ ਅਦਾਲਤ ’ਚ ਪੇਸ਼ ਕਰਨਾ ਪਿਆ ਤਾਂ ਬਹੁਤ ਸਾਰੇ ਗੁਪਤ ਭੇਤ ਬਾਹਰ ਆ ਜਾਣਗੇ। ਉਜ਼ੇਰ ਦਾ ਵਕੀਲ ਸਰਕਾਰ ਦਾ ਡਰ ਤਾੜ ਗਿਆ। ਉਸਨੇ ਸਰਕਾਰ ਨੂੰ ਕਿਹਾ ਕਿ ਜਾਂ ਤਾਂ ਗਵਾਹਾਂ ਨੂੰ ਅਦਾਲਤ ’ਚ ਪੇਸ਼ ਕੀਤਾ ਜਾਵੇ ਤੇ ਜਾਂ ਫਿਰ ਪਲੀ ਬਾਰਗੇਨਿੰਗ ਦੀ ਇਜਾਜ਼ਤ ਦਿੱਤੀ ਜਾਵੇ। ਸਰਕਾਰ ਨੇ ਵੀ ਪਲੀ ਬਾਰਗੇਨਿੰਗ ਬਾਰੇ ਸੋਚ ਲਿਆ। ਵਕੀਲ ਨੇ ਉਜ਼ੇਰ ਨੂੰ ਗਿਲਟੀ ਪਲੀ ਕਰ ਦੇਣ ਲਈ ਸਮਝਾਇਆ ਤੇ ਦੱਸਿਆ ਕਿ ਇਸ ਤਰ੍ਹਾਂ ਸਰਕਾਰ ਨਾਲ ਡੀਲ ਹੋ ਜਾਵੇਗੀ ਤੇ ਉਹ ਸਜ਼ਾ ਘੱਟ ਕਰ ਦੇਵੇਗੀ। ਪਰ ਉਜ਼ੇਰ ਉਸਦੀ ਗੱਲ ਨਾ ਮੰਨਿਆਂ। ਉਸਦਾ ਸੋਚਣਾ ਸੀ ਕਿ ਸਿਰਫ ਕਿਸੇ ਹੋਰ ਦੇ ਨਾਂ ’ਤੇ ਇੰਮੀਗਰੇਸ਼ਨ ਨੂੰ ਫੋਨ ਕਰ ਦੇਣ ਦੀ ਕਿੰਨੀ ਕੁ ਸਜ਼ਾ ਹੋ ਸਕਦੀ ਹੈ। ਦੂਸਰੀ ਗੱਲ ਇਹ ਵੀ ਸੀ ਕਿ ਉਸਨੂੰ ਜੋ ਵਕੀਲ ਮਿਲਿਆ ਸੀ ਉਹ ਸਰਕਾਰ ਵੱਲੋਂ ਦਿੱਤਾ ਗਿਆ ਸੀ। ਇਸ ਕਰਕੇ ਉਜ਼ੇਰ ਉਸ ’ਤੇ ਪੂਰਾ ਭਰੋਸਾ ਨਹੀਂ ਕਰ ਰਿਹਾ ਸੀ। ਉਹ ਛੋਟੀ ਉਮਰ ਦਾ ਅਣਭੋਲ ਜਿਹਾ ਮੁੰਡਾ ਸੀ ਅਤੇ ਨਾ ਹੀ ਉਹ ਇਸ ਕਿਸਮ ਦੇ ਕਨੂੰਨੀ ਪਚੜਿਆਂ ’ਚ ਕਦੇ ਪਿਆ ਸੀ। ਇਸ ਕਰਕੇ ਉਸ ਵੇਲੇ ਉਹ ਮੌਕੇ ਦੀ ਨਜ਼ਾਕਤ ਨਾ ਸਮਝ ਸਕਿਆ ਤੇ ਇਹ ਨਾ ਜਾਣ ਸਕਿਆ ਕਿ ਉਹ ਕਿੰਨੇ ਵੱਡੇ ਚੱਕਰਵਿਊ ’ਚ ਫਸਿਆ ਹੋਇਆ ਹੈ। ਉਸਨੇ ਗਿਲਟੀ ਪਲੀ ਕਰਨ ਤੋਂ ਇਨਕਾਰ ਕਰ ਦਿੱਤਾ। ਕੇਸ ਚੱਲਿਆ ਤਾਂ ਜਿਊਰੀ ਨੇ ਉਸਨੂੰ ਦੋਸ਼ੀ ਸਾਬਤ ਕਰਦਿਆਂ ਉਮਰ ਕੈਦ ਸੁਣਾ ਦਿੱਤੀ।

ਇਹ ਕੇਸ ਬੰਦ ਡੱਬੇ ਵਾਂਗੂੰ ਬੰਦ ਹੀ ਰਹਿ ਗਿਆ ਤਾਂ ਮੁਹੰਮਦ ਮਾਯੂਸ ਹੋ ਗਿਆ। ਉਸਦੀ ਆਫੀਆ ਬਾਰੇ ਕੁਝ ਪਤਾ ਲੱਗਣ ਦੀ ਉਮੀਦ ਅਧੂਰੀ ਰਹਿ ਗਈ। ਉਸਨੂੰ ਵੀ ਆਫੀਆ ਦਾ ਬਹੁਤ ਫਿਕਰ ਸੀ। ਨਾਲ ਹੀ ਮਾਂ ਅਤੇ ਫੌਜ਼ੀਆ ਦਾ ਵੀ। ਪਰ ਉਸਦੇ ਘਰ ਦੇ ਹਾਲਾਤ ਇਜਾਜ਼ਤ ਨਹੀਂ ਦਿੰਦੇ ਸਨ ਕਿ ਉਹ ਨੌਕਰੀ ਛੱਡ ਕੇ ਇੱਧਰ ਉੱਧਰ ਭਟਕਦਾ ਫਿਰੇ। ਉਹ ਕਈ ਦਿਨ ਉਦਾਸ ਰਿਹਾ। ਫਿਰ ਉਸਨੇ ਆਪਣੀ ਘਰਵਾਲੀ ਨਾਲ ਗੱਲ ਤੋਰੀ। ਹੌਲੀ ਹੌਲੀ ਉਸਨੇ ਘਰਵਾਲੀ ਨੂੰ ਇਸ ਗੱਲ ਲਈ ਮਨਾ ਲਿਆ ਕਿ ਉਹ ਬੱਸ ਇੱਕ ਵਾਰ ਆਫੀਆ ਦੀ ਭਾਲ ਲਈ ਜਾਵੇਗਾ। ਮੁੜ ਕੇ ਕਦੇ ਉਹ ਇਸ ਮਾਮਲੇ ’ਚ ਨਹੀਂ ਪਵੇਗਾ। ਨੌਕਰੀ ਤੋਂ ਛੁੱਟੀ ਲੈ ਕੇ ਉਹ ਪਾਕਿਸਤਾਨ ਜਾ ਪਹੁੰਚਿਆ। ਉੱਥੇ ਜਾ ਕੇ ਉਸਨੇ ਮਾਂ ਅਤੇ ਫੌਜ਼ੀਆ ਨਾਲ ਅੱਗੇ ਦੀ ਸਕੀਮ ਬਣਾਈ। ਫੈਸਲਾ ਹੋਇਆ ਕਿ ਉਹ ਆਪਣੇ ਮਾਮੇ ਫਾਰੂਕੀ ਦੀ ਮੱਦਦ ਲਵੇ। ਅਗਲੇ ਦਿਨ ਉਹ ਇਸਲਾਮਾਬਾਦ ਚਲਿਆ ਗਿਆ। ਫਾਰੂਕੀ ਵੀ ਇਸ ਮਾਮਲੇ ’ਚ ਪੈ ਕੇ ਹੁਣ ਤੱਕ ਬਹੁਤ ਮੁਸੀਬਤਾਂ

ਝੱਲ ਚੁੱਕਿਆ ਸੀ। ਪਰ ਉਹ ਸੋਚਦਾ ਸੀ ਕਿ ਆਫੀਆ ਉਸਦੀ ਸਗੀ ਭਾਣਜੀ ਹੈ ਜੇ ਉਹ ਮੱਦਦ ਨਾ ਕਰੂਗਾ ਤਾਂ ਹੋਰ ਕੌਣ ਕਰੂਗਾ। ਆਖਰ ਵਿਚਾਰ ਚਰਚਾ ਤੋਂ ਬਾਅਦ ਉਸਨੇ ਮੁਹੰਮਦ ਨੂੰ ਕਿਹਾ, "ਇੱਥੇ ਇੱਕ ਜਾਹੀਰ ਖਾਂ ਨਾਮ ਦਾ ਵਿਅਕਤੀ ਐ ਉਹ ਸ਼ਾਇਦ ਆਪਣੀ ਕੋਈ ਮੱਦਦ ਕਰ ਸਕੇ। ਪਰ....।" ਫਾਰੂਕੀ ਗੱਲ ਕਰਦਾ ਕਰਦਾ ਚੁੱਪ ਹੋ ਗਿਆ।

"ਪਰ ਕੀ ਅੰਕਲ ?" ਮੁਹੰਮਦ ਨੇ ਉਸਦੀ ਚੁੱਪੀ ਤੋੜੀ।

"ਗੱਲ ਇਹ ਐ ਕਿ ਇੱਥੇ ਇੱਕ ਜਥੇਬੰਦੀ ਬਣੀ ਐਂ ਜਿਸਦਾ ਮੁੱਖ ਮਕਸਦ ਗੁੰਮ ਹੋ ਚੁੱਕੇ ਬੰਦਿਆਂ ਨੂੰ ਭਾਲਣਾ ਹੈ। ਜਹੀਰ ਖਾਂ ਉਸ ਜਥੇਬੰਦੀ ਦਾ ਮੁਖੀ ਐ। ਪਰ ਨਾਲ ਈ ਇਹ ਵੀ ਸੁਣਿਆਂ ਐਂ ਕਿ ਇਹ ਬੰਦਾ ਪਹਿਲਾਂ ਆਈ. ਐੱਸ. ਆਈ. ਦਾ ਅਫਸਰ ਰਹਿ ਚੁੱਕਿਆ ਐ।"

"ਫਿਰ ਕੀ ਐ ਅੰਕਲ। ਆਪਾਂ ਤਾਂ ਪਤਾ ਈ ਲਗਾਉਣਾ ਐਂ ਕਿ ਸ਼ਾਇਦ ਇਨ੍ਹਾਂ ਨੂੰ ਆਫੀਆ ਦੇ ਬਾਰੇ 'ਚ ਕੁਛ ਮਾਲੂਮੀਆਤ ਹੋਵੇ।"

"ਪੁੱਤਰਾ ਗੱਲ ਇਹ ਐ ਕਿ ਆਈ. ਐੱਸ. ਆਈ. ਦੇ ਲੱਫੜਿਆਂ ਤੋਂ ਹਰ ਕੋਈ ਡਰਦਾ ਐ। ਕੀ ਪਤਾ ਐ ਕਿ ਇਹ ਬੰਦਾ, ਜਾਹੀਰ ਖਾਂ ਵਿਖਾਵੇ ਦੇ ਤੌਰ 'ਤੇ ਈ ਗੁੰਮ ਸ਼ੁਦਾ ਬੰਦਿਆਂ ਦੀ ਭਾਲ 'ਚ ਲੱਗਿਆ ਹੋਵੇ ਤੇ ਅਸਲ ਖੇਲ ਇਸਦਾ ਕੋਈ ਹੋਰ ਹੋਵੇ।"

"ਅੰਕਲ ਹੋਰ ਕੋਈ ਰਾਹ ਵੀ ਤਾਂ ਨ੍ਹੀਂ ਐ। ਪਤਾ ਨ੍ਹੀਂ ਆਪਣੇ ਮੁਲਕ ਨੂੰ ਕੀ ਹੋ ਗਿਆ ਐ ਕਿ ਕਿਸੇ 'ਤੇ ਭਰੋਸਾ ਈ ਨ੍ਹੀਂ ਕੀਤਾ ਜਾ ਸਕਦਾ। ਕੋਈ ਪਤਾ ਨ੍ਹੀਂ ਕੌਣ ਕਿਸਦੇ ਲਈ ਕੰਮ ਕਰ ਰਿਹਾ ਐ। ਸਰਕਾਰ ਦੇ ਬੰਦੇ ਸਰਕਾਰ ਦੇ ਵਿੱਚ ਰਹਿੰਦੇ ਹੋਏ ਅੱਤਵਾਦੀਆਂ ਦੀ ਮੱਦਦ ਕਰ ਰਹੇ ਨੇ। ਉੱਧਰ ਅੱਤਵਾਦੀ ਗੌਰਮਿੰਟ ਦੀ ਮੱਦਦ ਕਰਨ ਲੱਗੇ ਹੋਏ ਨੇ। ਮੈਂ ਤਾਂ ਅਜਿਹੀਆਂ ਗੱਲਾਂ ਸੁਣ ਸੁਣ ਕੇ ਅੱਕ ਚੁੱਕਿਆ ਆਂ। ਜੇਕਰ ਮੇਰੀ ਆਪਣੀ ਭੈਣ ਦਾ ਮਸਲਾ ਨਾ ਹੋਵੇ ਤਾਂ ਮੈਂ ਇਸ ਮੁਲਕ 'ਚ ਇੱਕ ਪਲ ਵੀ ਨਾ ਰੁਕਾਂ।"

"ਠੀਕ ਐ ਫਿਰ ਤੂੰ ਜਾਹੀਰ ਖਾਂ ਨੂੰ ਮਿਲ ਕੇ ਵੇਖ ਲੈ। ਖਬਰੇ ਗੱਲ ਕਿਸੇ ਰਾਹ ਪੈ ਜਾਵੇ। ਉਂਝ ਉਸ ਤੋਂ ਸਾਵਧਾਨ ਰਹੀਂ। ਮੇਰਾ ਮਤਲਬ ਆਪਣੇ ਬਾਰੇ ਜਿਆਦਾ ਗੱਲ ਨਾ ਕਰੀਂ। ਬੱਸ ਗੱਲ ਆਫੀਆ ਤੱਕ ਈ ਸੀਮਤ ਰੱਖੀਂ।"

"ਠੀਕ ਐ ਅੰਕਲ ਤੁਸੀਂ ਮੈਨੂੰ ਉਸਦਾ ਪਤਾ ਠਿਕਾਣਾ ਲਿਆ ਦਿਉ। ਫਿਰ ਮੈਂ ਵੇਖਦਾ ਆਂ ਕਿ ਅੱਗੇ ਕੀ ਕਰਾਂ।"

ਅਗਲੇ ਦਿਨ ਫਾਰੂਕੀ ਨੇ ਮੁਹੰਮਦ ਨੂੰ ਜਾਹੀਰ ਖਾਂ ਦਾ ਅਤਾ ਪਤਾ ਲਿਆ ਦਿੱਤਾ। ਉਸਨੇ ਫੋਨ ਕਰਕੇ ਉਸ ਤੋਂ ਇਹ ਕਹਿੰਦਿਆਂ ਮੁਲਾਕਤ ਲਈ ਵਕਤ ਮੰਗਿਆਕਿ ਉਹ ਆਪਣੇ ਕਿਸੇ ਸਰਕਾਰ ਦੁਆਰਾ ਗੁੰਮ ਕਰ ਦਿੱਤੇ ਗਏ ਰਿਸ਼ਤੇਦਾਰ ਬਾਰੇ ਪਤਾ ਕਰਨਾ ਚਾਹੁੰਦਾ ਹੈ। ਉਸਨੂੰ ਸ਼ਾਮ ਦਾ ਵਕਤ ਮਿਲ ਗਿਆ। ਸ਼ਾਮ ਵੇਲੇ ਉਹ ਜਾਹੀਰ ਖਾਂ ਦੇ ਦੋ ਮੰਜ਼ਲਾ ਘਰ 'ਚ ਦਾਖਲ ਹੋਇਆ। ਇਹ ਰੋਜ਼ਿਆਂ ਦੇ ਦਿਨ ਸਨ। ਉਸਦੇ ਘਰ 'ਚ ਕਾਫੀ ਸਾਰੇ ਲੋਕ ਰੋਜ਼ਾ ਖੋਲ੍ਹਣ ਲਈ ਇਕੱਠੇ ਹੋਏ ਬੈਠੇ ਸਨ। ਰੋਜ਼ਾ ਖੋਲ੍ਹਣ ਤੋਂ ਪਿੱਛੋਂ ਜਾਹੀਰ ਖਾਂ ਨੇ ਮੁਹੰਮਦ ਨੂੰ ਆਪਣੇ ਕਮਰੇ 'ਚ ਬੁਲਾ ਲਿਆ। ਉਸਨੇ ਮੁਹੰਮਦ ਵੱਲ ਗੌਹ ਨਾਲ ਵੇਖਿਆ ਤੇ ਫਿਰ ਹੌਲੀ ਜਿਹੇ ਬੋਲਿਆ, "ਬੋਲੋ ਬਰਖੁਰਦਾਰ, ਤੁਸੀਂ ਕਿਸ ਗੱਲ ਦੇ ਸਿਲਸਲੇ ਵਿੱਚ ਮੈਨੂੰ ਮਿਲਣ ਆਏ ਓ ?"

"ਜੀ ਮੈਂ ਫੋਨ 'ਤੇ ਵੀ ਦੱਸਿਆ ਸੀ ਕਿ ਮੇਰੀ ਭੈਣ ਗੁੰਮ ਐ। ਉਸਨੂੰ ਗੁੰਮ ਹੋਈ ਨੂੰ ਕਾਫੀ ਸਮਾ ਬੀਤ ਗਿਆ ਐ। ਉਸੇ ਬਾਰੇ ਥਾਂ ਥਾਂ ਪਤਾ ਕਰਦਾ ਘੁੰਮ ਰਿਹਾ ਆਂ।"

"ਕੀ ਨਾਂ ਐਂ ਤੇਰੀ ਭੈਣ ਦਾ ?"

"ਜੀ ਉਸਦਾ ਨਾਂ ਆਫੀਆ ਸਦੀਕੀ ਐ।"

"ਹੈਂ! ਆਫੀਆ ਸਦੀਕੀ?" ਜਾਹੀਰ ਖਾਂ ਇਉਂ ਬੋਲਿਆ ਜਿਵੇਂ ਠੂੰਹੇਂ ਨੇ ਡੰਗ ਮਾਰਿਆ ਹੋਵੇ। ਫਿਰ ਉਹ ਹੌਲੀ ਹੌਲੀ ਸੰਭਲ ਗਿਆ। ਮੁਹੰਮਦ ਵੀ ਹੈਰਾਨ ਹੋਇਆ ਕਿ ਆਫੀਆ ਦਾ ਨਾਂ ਸੁਣ ਕੇ ਇਹ ਇਉਂ ਕਿਉਂ ਬੁੜਕ ਕੇ ਉੱਠਿਆ। ਕੰਧ ਵੱਲ ਵੇਖਦਾ ਜਾਹੀਰ ਖਾਂ ਬੋਲਿਆ, "ਮੈਂ ਤਾਂ ਇਹ ਨਾਂ ਈ ਪਹਿਲੀ ਵਾਰ ਸੁਣਿਆਂ ਐਂ। ਮੈਨੂੰ ਇਸ ਲੜਕੀ ਬਾਰੇ ਕੋਈ ਪਤਾ ਨ੍ਹੀਂ ਐ। ਕਿਸੇ ਹੋਰ ਬਾਰੇ ਗੱਲ ਕਰਨੀ ਐਂ ਤਾਂ ਦੱਸ?"

"ਮੇਰੀ ਭੈਣ ਤੋਂ ਬਿਨਾ ਮੈਨੂੰ ਹੋਰ ਕਿਸੇ ਨਾਲ ਕੋਈ ਸਰੋਕਾਰ ਨ੍ਹੀਂ ਐ।"

"ਆਹ ਸਾਰੀਆਂ ਔਰਤਾਂ ਨੂੰ ਵੇਖ ਰਿਹਾ ਐਂ?" ਜਾਹੀਰ ਖਾਂ ਨੇ ਸਾਹਮਣੇ ਇਸ਼ਾਰਾ ਕਰਦਿਆਂ ਗੱਲ ਹੋਰ ਹੀ ਪਾਸੇ ਮੋੜ ਲਈ।

"ਜੀ।" ਮੁਹੰਮਦ ਉਤਾਵਲਾ ਜਿਹਾ ਹੁੰਦਾ ਬੋਲਿਆ।

"ਇਨ੍ਹਾਂ ਸਭਨਾ ਨੇ ਕੋਈ ਨਾ ਕੋਈ ਖੋਇਆ ਐ। ਕਿਸੇ ਦਾ ਘਰਵਾਲਾ ਜਿਹਾਦ 'ਚ ਸ਼ਹੀਦ ਹੋ ਗਿਆ। ਕਿਸੇ ਦਾ ਪੁੱਤਰ ਅਫਗਾਨਿਸਤਾਨ ਦੀ ਜ਼ੰਗ ਦੀ ਬਲੀ ਚੜ੍ਹ ਗਿਆ। ਪਤਾ ਨ੍ਹੀਂ ਕਿੰਨਿਆਂ ਕੁ ਘਰਾਂ ਦੇ ਜੀਅ, ਆਈ. ਐੱਸ. ਆਈ. ਖਾ ਗਈ। ਇੱਥੇ ਹਰ ਕੋਈ ਆਪਣੇ ਗੁਆਚਿਆਂ ਨੂੰ ਭਾਲਦਾ ਫਿਰਦਾ ਐ।"

"ਜੀ ਉਹ ਸਭ ਤਾਂ ਠੀਕ ਐ। ਪਰ ਇਸ ਗੱਲ ਨਾਲ ਮੇਰਾ ਕੀ ਤੁਅੱਲਕ ਐ। ਮੈਨੂੰ ਤਾਂ ਪਤਾ ਲੱਗਿਆ ਸੀ ਕਿ ਤੁਹਾਡੀ ਜਥੇਬੰਦੀ ਆਈ. ਐੱਸ. ਆਈ. ਜਾਂ ਅਮਰੀਕਣ ਐਫ. ਬੀ. ਆਈ. ਦੁਆਰਾ ਚੁੱਕ ਕੇ ਗੁੰਮ ਕਰ ਦਿੱਤੇ ਗਏ ਲੋਕਾਂ ਦੀ ਭਾਲ ਕਰਨ 'ਚ ਮੱਦਦ ਕਰਦੀ ਐ। ਬੱਸ ਇਸੇ ਕਰਕੇ ਮੈਂ ਤੁਹਾਡੇ ਕੋਲ ਆਇਆ ਆਂ।"

"ਤੂੰ ਇਉਂ ਕਰ, ਆਪਣਾ ਪਤਾ ਠਿਕਾਣਾ ਲਿਖਾ ਦੇਹ ਤੇ ਕੱਲ੍ਹ ਨੂੰ ਇੱਥੇ ਈ ਮੈਨੂੰ ਮਿਲੀਂ। ਮੈਂ ਤੈਨੂੰ ਸਾਡੇ ਅੱਗੇ ਦੇ ਕਿਸੇ ਲੀਡਰ ਨਾਲ ਮਿਲਾਊਂਗਾ। ਉਹ ਸ਼ਾਇਦ ਤੇਰੀ ਭੈਣ ਨੂੰ ਲੱਭਣ 'ਚ ਕੋਈ ਮੱਦਦ ਕਰ ਸਕੇ।"

"ਜੀ ਠੀਕ ਐ। ਪਰ ਇੱਕ ਸੁਆਲ ਐ ਜੇ ਇਜਾਜ਼ਤ ਹੋਵੇ ਤਾਂ....?"

"ਹਾਂ ਬੋਲੋ।"

"ਇਹ ਗੁੰਮਸ਼ੁਦਾ ਲੋਕਾਂ ਦੀ ਭਾਲ ਤੁਸੀਂ ਕਾਨੂੰਨੀ ਢੰਗ ਨਾਲ ਕਰਦੇ ਓਂ? ਮੇਰਾ ਮਤਲਬ ਅਦਾਲਤ ਰਾਹੀਂ ਪਟੀਸ਼ਨ ਬਗੈਰਾ ਪਾ ਕੇ ਕਰਦੇ ਓਂ ਕਿ ਵੈਸੇ ਆਪਣੇ ਤੌਰ 'ਤੇ ਈ?"

"ਸਾਡਾ ਕੋਈ ਵੀ ਢੰਗ ਹੋਵੇ। ਤੈਨੂੰ ਤੇਰੇ ਕੰਮ ਤੱਕ ਮਤਲਬ ਹੋਣਾ ਚਾਹੀਦਾ ਐ। ਤੂੰ ਕੱਲ੍ਹ ਨੂੰ ਆ ਜਾਵੀਂ।" ਇੰਨਾ ਕਹਿੰਦਾ ਜਹੀਰ ਖਾਂ ਉੱਠ ਕੇ ਚਲਾ ਗਿਆ ਤੇ ਮੁਹੰਮਦ ਘਰ ਮੁੜ ਆਇਆ। ਫਾਰੂਕੀ ਵੀ ਉਸ ਨਾਲ ਕਰਾਚੀ ਹੀ ਆ ਗਿਆ ਸੀ ਇਸ ਕਰਕੇ ਜਦੋਂ ਮੁਹੰਮਦ ਮੁੜਿਆ ਤਾਂ ਉਹ ਵੀ ਘਰ ਹੀ ਸੀ। ਉਸ ਨੇ ਘਰ ਆ ਕੇ ਜਹੀਰ ਖਾਂ ਨਾਲ ਹੋਈ ਗੱਲਬਾਤ ਦੱਸੀ ਤਾਂ ਫਾਰੂਕੀ ਬੋਲਿਆ, "ਮੈਂ ਤਾਂ ਤੈਨੂੰ ਪਹਿਲਾਂ ਹੀ ਉੱਥੇ ਭੇਜ ਕੇ ਰਾਜ਼ੀ ਨ੍ਹੀਂ ਸੀ। ਮੈਨੂੰ ਅੱਜ ਹੀ ਇੱਕ ਹੋਰ ਗੱਲ ਪਤਾ ਲੱਗੀ ਐ।"

"ਉਹ ਕੀ?"

"ਅਮਰੀਕੀ ਪੱਤਰਕਾਰ ਡੇਨੀਅਲ ਪਰਲ ਗੁੰਮ ਹੋ ਜਾਣ ਤੋਂ ਪਹਿਲਾਂ ਇਸੇ ਜਹੀਰ ਖਾਂ ਦੇ ਘਰ ਗਿਆ ਸੀ। ਉਸ ਪਿੱਛੋਂ ਉਸਦੀ ਲਾਸ਼ ਹੀ ਮਿਲੀ ਸੀ।"

“ਉਹ ਮਾਈ ਗਾਡ! ਇਹ ਸਭ ਕੀ ਹੋ ਰਿਹਾ ਐ। ਇਹ ਲੋਕਾਂ ਨੂੰ ਲੱਭਣ ’ਚ ਮੱਦਦ ਕਰ ਰਹੇ ਨੇ ਕਿ ਲੋਕਾਂ ਨੂੰ ਗੁੰਮ ਕਰਨ ’ਚ ਰੁੱਝੇ ਹੋਏ ਨੇ। ਤੁਸੀਂ ਦੱਸ ਰਹੇ ਸੀ ਕਿ ਇਹ ਬੰਦਾ ਆਈ. ਐੱਸ. ਆਈ ਦਾ ਪਹਿਲਾਂ ਦਾ ਕੋਈ ਅਫਸਰ ਐ ਪਰ ਮੈਨੂੰ ਸ਼ੱਕ ਪੈਂਦਾ ਐ ਕਿ ਇਹ ਅਲਕਾਇਦਾ ਨਾਲ ਵੀ ਜੁੜਿਆ ਹੋਇਆ ਐ।”

“ਬੱਸ ਚੁੱਪ ਈ ਭਲੀ ਐ।”

“ਅੰਕਲ ਆਫੀਆ ਨੂੰ ਪਾਕਿਸਤਾਨ ਦਾ ਬੱਚਾ ਬੱਚਾ ਜਾਣਦਾ ਐ ਤੇ ਉਹ ਕਹਿੰਦਾ ਕਿ ਉਸਨੇ ਤਾਂ ਇਹ ਨਾਂ ਕਦੇ ਸੁਣਿਆਂ ਈ ਨ੍ਹੀਂ।”

“ਪਤਾ ਨ੍ਹੀਂ ਸਰਕਾਰ ਕੀ ਖੇਡ, ਖੇਡ ਰਹੀ ਐ। ਕਿਸੇ ਦੀ ਕੁਝ ਸਮਝ ’ਚ ਨ੍ਹੀਂ ਆ ਰਿਹਾ। ਪਿੱਛੇ ਜਿਹੇ ਗੁੰਮ ਹੋਏ ਲੋਕਾਂ ਦੇ ਕਈ ਪਰਿਵਾਰਾਂ ਨੇ ਇਕੱਠੇ ਹੋ ਕੇ ਸੁਪਰੀਮ ਕੋਰਟ ’ਚ ਪਟੀਸ਼ਨ ਪਾਈ ਸੀ। ਚੀਫ ਜਸਟਿਸ ਇਫਤਿਖਾਰ ਚੌਧਰੀ ਨੇ ਇਹ ਪਟੀਸ਼ਨ ਮਨਜ਼ੂਰ ਕਰਦਿਆਂ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਸੀ। ਉਸਦੇ ਕਈ ਚੰਗੇ ਨਤੀਜੇ ਵੀ ਆਏ ਸਨ। ਕਿਉਂਕਿ ਜਸਟਿਸ ਚੌਧਰੀ ਨੇ ਸਫਾਈ ਦੇਣ ਲਈ ਹੁਕਮਰਾਨਾਂ ਨੂੰ ਅਦਾਲਤ ’ਚ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਜ਼ਿਆਦਾ ਦਬਾਅ ਪੈਣ ਕਰਕੇ ਆਈ. ਐੱਸ. ਆਈ. ਨੇ ਕਾਫੀ ਸਾਰੇ ਲੋਕ ਛੱਡ ਵੀ ਦਿੱਤੇ ਸਨ। ਪਰ ਸਭ ਨੂੰ ਡਰਾ ਧਮਕਾ ਕੇ ਛੱਡਿਆ ਗਿਆ ਸੀ ਕਿ ਜੇਕਰ ਬਾਹਰ ਜਾ ਕੇ ਕਿਸੇ ਨਾਲ ਕੋਈ ਗੱਲ ਕੀਤੀ ਤਾਂ ਦੁਬਾਰਾ ਤੋਂ ਫੜ੍ਹ ਲਏ ਜਾਵੋਗੇ। ਪਰ ਆਖਰ ਲੋਕਾਂ ਦੀ ਇਹ ਉਮੀਦ ਵੀ ਖਤਮ ਹੋ ਗਈ।”

“ਉਹ ਕਿਉਂ?”

“ਕਿਉਂਕਿ ਪਹਿਲਾਂ ਤਾਂ ਪਰੈਜ਼ੀਡੈਂਟ ਮੁਸ਼ੱਰਫ ਨੇ ਚੀਫ ਜਸਟਿਸ ਚੌਧਰੀ ’ਤੇ ਦਬਾ ਪਾਇਆ ਕਿ ਉਹ ਇਹ ਪਟੀਸ਼ਨ ਵਾਲਾ ਕੰਮ ਬੰਦ ਕਰ ਦੇਵੇ ਪਰ ਜਦੋਂ ਉਹ ਨਾ ਹਟਿਆ ਤਾਂ ਮੁਸ਼ੱਰਫ ਨੇ ਉਸਨੂੰ ਮੁਅੱਤਲ ਕਰ ਦਿੱਤਾ।”

“ਭਾਈ ਜਾਨ ਉਦੋਂ ਕੁਝ ਉਮੀਦ ਬੱਝੀ ਸੀ ਕਿ ਸ਼ਾਇਦ ਚੀਫ ਜਸਟਿਸ ਚੌਧਰੀ ਦੇ ਹੁਕਮ ਨਾਲ ਹੋ ਰਹੀਆਂ ਇਨਕੁਆਰੀਆਂ ਕਰਕੇ ਹੀ ਕਿਧਰੇ ਆਫੀਆ ਦਾ ਭੇਤ ਖੁੱਲ੍ਹ ਜਾਵੇ। ਪਰ ਉਦੋਂ ਨੂੰ ਇਸ ਦੁਸ਼ਟ ਮੁਸ਼ੱਰਫ ਦਾ ਬੇੜਾ ਬਹਿ ਗਿਆ।” ਚੁੱਪ ਬੈਠੀ ਇਸਮਤ ਵੀ ਗੱਲਬਾਤ ’ਚ ਹਿੱਸਾ ਲੈਣ ਲੱਗੀ।

“ਆਪਾ ਗੱਲ ਇਹ ਐ ਕਿ ਆਪਣੇ ਹੁਕਮਰਾਨ ਅਮਰੀਕਾ ਦੇ ਇਸ਼ਾਰਿਆਂ ’ਤੇ ਨੱਚਦੇ ਨੇ। ਜਿਵੇਂ ਉਹ ਕਹੇ ਉਵੇਂ ਕਰਦੇ ਨੇ। ਅਮਰੀਕਾ ਨ੍ਹੀਂ ਚਾਹੁੰਦਾ ਕਿ ਉਸਦੀਆਂ ਗੁਪਤ ਜੇਲ੍ਹਾਂ ਵਿੱਚ ਬੰਦ ਕੀਤੇ ਲੋਕਾਂ ਬਾਰੇ ਬਾਹਰ ਭੇਤ ਨਿੱਕਲੇ। ਇਸੇ ਕਰਕੇ ਉਸਨੇ ਮੁਸ਼ੱਰਫ ਨੂੰ ਕਹਿ ਕੇ ਚੀਫ ਜਸਟਿਸ ਚੌਧਰੀ ਨੂੰ ਈ ਪਾਸੇ ਕਰ ਦਿੱਤਾ।”

“ਅਮਰੀਕਾ ਤਾਂ ਆਪਣੇ ਹੋਰ ਵੀ ਭਰੋਸੇਬੰਦ ਚਮਚੇ ਨੂੰ ਅੱਗੇ ਲਿਆਉਣ ਲੱਗਿਆ ਸੀ ਪਰ ਉਸਨੂੰ ਅੱਲਾ ਨੇ ਆਪ ਈ ਸਜ਼ਾ ਦੇ ਦਿੱਤੀ।”

“ਤੁਸੀਂ ਕਿਸ ਦੀ ਗੱਲ ਕਰਦੇ ਓਂ?”

“ਬੇਨਜ਼ੀਰ ਦੀ ਹੋਰ ਕਿਸਦੀ। ਭੁੱਟੋ ਦੀ ਲਾਡਲੀ ਆਈ ਸੀ ਇੱਥੇ ਸ਼ਾਂਤੀ ਸਥਾਪਤ ਕਰਨ। ਸਾਰਾ ਮੁਲਕ ਚੂੰਡ ਕੇ ਖਾ ਗਈ ਤੇ ਫਿਰ ਕਹਿੰਦੀ ਕਿ ਮੈਂ ਮੁਸ਼ੱਰਫ ਨਾਲ ਮਿਲ ਕੇ ਸਰਕਾਰ ਬਣਾਵਾਂਗੀ ਤੇ ਲੋਕਾਂ ਨੂੰ ਇਨਸਾਫ ਦੁਆਵਾਂਗੀ। ਪਰ ਇਹ ਨ੍ਹੀਂ ਪਤਾ ਕਿ ਇਨਸਾਫ ਤਾਂ ਤੇਰੀ ਉਡੀਕ ਕਰ ਰਿਹਾ ਐ। ਦੋ ਮਹੀਨੇ ਨ੍ਹੀਂ ਕੱਢੇ ਕਿ ਅਗਲਿਆਂ ਨੇ ਜਹੱਨਮ ਦਾ ਟਿਕਟ ਕੱਟ ਦਿੱਤਾ।”

"ਪਤਾ ਨ੍ਹੀਂ ਇਸ ਮੁਲਕ ਦਾ ਕੀ ਬਣੂੰਗਾ। ਪਹਿਲਾਂ ਹੀ ਚੀਫ ਜਸਟਿਸ ਚੌਧਰੀ ਦੇ ਮੁਅੱਤਲ ਹੋਣ ਵਾਲੇ ਮਸਲੇ ਕਰਕੇ ਥਾਂ ਥਾਂ ਧਰਨੇ ਪ੍ਰਦਰਸ਼ਣ ਹੋ ਰਹੇ ਨੇ। ਫਿਰ ਫੌਜ, ਲਾਲ ਮਸਜਿਦ 'ਚ ਜਾ ਵੜੀ। ਉੱਥੇ ਸੈਂਕੜੇ ਲੋਕੀ ਮਾਰੇ ਗਏ। ਉਸ ਪਿੱਛੋਂ ਬੇਨਜੀਰ ਭੁੱਟੋ ਵਾਲਾ ਹਾਦਸਾ ਹੋ ਗਿਆ।"

"ਤੁਸੀਂ ਰਾਜਨੀਤੀ ਦੀਆਂ ਗੱਲਾਂ ਛੱਡੋ। ਆਪਾਂ ਆਫੀਆ ਬਾਰੇ ਕੁਛ ਸੋਚੀਏ।"

"ਆਪਾ, ਅਸੀਂ ਉਸ ਦਿਨ ਦੇ ਇੱਕ ਪਲ ਲਈ ਵੀ ਚੈਨ ਨਾਲ ਨ੍ਹੀਂ ਬੈਠੇ ਜਦੋਂ ਦੀ ਆਫੀਆ ਗੁੰਮ ਹੋਈ ਹੈ। ਪਰ ਸ਼ਾਇਦ ਅੱਲਾ ਨੂੰ ਮਨਜ਼ੂਰ ਈ ਨ੍ਹੀਂ ਕਿ ਉਸਦਾ ਕੋਈ ਪਤਾ ਲੱਗੇ।" ਫਾਰੂਕੀ ਨੇ ਭੈਣ ਦਾ ਦਿਲ ਧਰਾਇਆ।

"ਸੁਣਿਆਂ ਐਂ ਕਿ ਅਮਰੀਕਣਾਂ ਨੇ ਅਫਗਾਨਿਸਤਾਨ 'ਚ ਬਹੁਤ ਹੀ ਭੈੜੀਆਂ ਜੇਲ੍ਹਾਂ ਬਣਾਈਆਂ ਹੋਈਆਂ ਨੇ। ਜਿੱਥੇ ਹਰ ਰੋਜ਼ ਬੇਕਸੂਰਿਆਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਨੇ। ਪਤਾ ਨ੍ਹੀਂ ਮੇਰੀ ਧੀ ਕਿਨ੍ਹਾਂ ਭੋਰਿਆਂ 'ਚ ਮੌਤ ਦੀਆਂ ਘੜੀਆਂ ਗਿਣ ਰਹੀ ਹੋਊਗੀ।" ਇਸਮਤ ਰੋਣ ਲੱਗੀ।

"ਆਪਾ ਤੂੰ ਇਹ ਰੋਣਾ ਧੋਣਾ ਬੰਦ ਕਰ। ਇਸ ਨਾਲ ਕੋਈ ਮਸਲਾ ਹੱਲ ਨ੍ਹੀਂ ਹੋਣ ਲੱਗਿਆ।"

"ਭਾਈ ਜਾਨ ਕਰੋ ਨਾ ਕੁਛ ਫੇਰ। ਇਸ ਤਰ੍ਹਾਂ ਗੱਲਾਂ ਕਰਦਿਆਂ ਤਾਂ ਸਾਲਾਂ ਦੇ ਸਾਲ ਬੀਤ ਗਏ ਨੇ।"

"ਆਪਾ ਤੂੰ ਈ ਦੱਸ ਕੀ ਕਰੀਏ ? ਕੀ ਐ ਆਪਣੇ ਹੱਥ ਬੱਸ।" ਫਾਰੂਕੀ ਦਾ ਵੀ ਦਿਲ ਭਰ ਆਇਆ ਤੇ ਉਸਨੇ ਜੇਬ 'ਚੋਂ ਰੁਮਾਲ ਕੱਢਦਿਆਂ ਅੱਥਰੂ ਪੂੰਝੇ।

"ਭਾਈ ਜਾਨ ਤੁਸੀਂ ਵਾਨ ਰਿਡਲੀ ਦਾ ਸ਼ੋਅ ਵੇਖਦੇ ਹੁੰਦੇ ਓਂ ?" ਇਸਮਤ ਨੇ ਗੱਲ ਬਦਲੀ।

"ਇਹ ਕੌਣ ਐਂ ?"

"ਇਹ ਕੋਈ ਇੰਗਲੈਂਡ ਦੀ ਜ਼ਨਾਨੀ ਐਂ। ਕਰਿਸ਼ਚੀਅਨ ਤੋਂ ਮੁਸਲਮਾਨ ਬਣੀ ਐਂ। ਇਹ ਟੀਵੀ ਸ਼ੋਅ ਚਲਾਉਂਦੀ ਐ। ਇਸ ਦਾ ਮੁੱਖ ਮੁੱਦਾ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰ ਹੁੰਦਾ ਐ। ਖਾਸ ਕਰਕੇ ਟੈਰੋਰਿਜ਼ਮ ਦੀ ਆੜ 'ਚ ਆਮ ਮੁਸਲਮਾਨਾਂ 'ਤੇ ਹੋ ਰਹੇ ਅੱਤਿਆਚਾਰ।"

"ਅੱਛਾ!।"

"ਹਾਂ। ਪਿਛਲੇ ਹਫਤੇ ਦੇ ਪ੍ਰੋਗਰਾਮ ਦਾ ਮੁੱਖ ਉਦੇਸ਼ ਸੀ 'ਅਫਗਾਨਿਸਤਾਨ ਦੀਆਂ ਭਿਅੰਕਰ ਗੁਪਤ ਜੇਲ੍ਹਾਂ 'ਚ ਲਕੋ ਕੇ ਰੱਖੇ ਗਏ ਨਿਰਦੋਸ਼ ਲੋਕ'। ਜਿਨ੍ਹਾਂ ਖਿਲਾਫ ਕੇਸ ਕੋਈ ਨ੍ਹੀਂ ਬਣਦਾ। ਉਨ੍ਹਾਂ ਗਰੀਬਾਂ ਦੀ ਕਿਧਰੇ ਸੁਣਵਾਈ ਨ੍ਹੀਂ ਹੁੰਦੀ ਤੇ ਉਹ ਇਸੇ ਤਰ੍ਹਾਂ ਜ਼ੁਲਮ ਨਾ ਸਹਿੰਦੇ ਮੌਤ ਦੀ ਗੋਦ 'ਚ ਜਾ ਪੈਂਦੇ ਨੇ। ਕਿਉਂਕਿ ਉਨ੍ਹਾਂ ਦੀ ਕਿਧਰੇ ਗ੍ਰਿਫਤਾਰੀ ਵੀ ਨ੍ਹੀਂ ਵਿਖਾਈ ਗਈ ਹੁੰਦੀ ਇਸ ਕਰਕੇ ਉਹ ਦੁਨੀਆਂ ਲਈ ਭੇਤ ਬਣ ਕੇ ਰਹਿ ਜਾਂਦੇ ਨੇ।"

"ਤੇਰਾ ਮਤਲਬ….।" ਫਾਰੂਕੀ ਗੌਹ ਨਾਲ ਇਸਮਤ ਵੱਲ ਝਾਕਿਆ।

"ਹਾਂ ਹਾਂ ਮੈਂ ਉਹੀ ਗੱਲ ਕਰਨ ਜਾ ਰਹੀ ਆਂ। ਪਿਛਲੇ ਹਫਤੇ ਉਸਨੇ ਆਫੀਆ ਦਾ ਮੁੱਦਾ ਉਠਾਇਆ ਸੀ। ਉਸਦੇ ਪ੍ਰੋਗਰਾਮ 'ਚ ਕੋਈ ਮੁਅੱਜ਼ਮ ਬੇਗ ਨਾਂ ਦਾ ਆਦਮੀ ਆਇਆ ਸੀ। ਉਹ ਦੱਸ ਰਿਹਾ ਸੀ ਕਿ ਉਸਨੂੰ ਵੀ ਸ਼ੱਕ ਦੇ ਆਧਾਰ 'ਤੇ ਫੜ੍ਹਿਆ ਗਿਆ ਸੀ। ਉਸਨੂੰ

ਅਫਗਾਨਿਸਤਾਨ ਦੀ ਕਿਸੇ ਗੁਪਤ ਜੇਲ੍ਹ ’ਚ ਰੱਖਿਆ ਗਿਆ ਸੀ। ਉਸ ’ਤੇ ਬੜਾ ਅਣਮਨੁੱਖੀ ਤਸ਼ੱਦਦ ਹੋਇਆ। ਪਰ ਜਿਹੜੀ ਖਾਸ ਗੱਲ ਉਸਨੇ ਦੱਸੀ, ਉਹ ਇਹ ਸੀ ਕਿ ਉਸਨੂੰ ਹਰ ਰੋਜ਼ ਕਿਸੇ ਜ਼ਨਾਨੀ ਦੀਆਂ ਚੀਕਾਂ ਸੁਣਾਈ ਦਿੰਦੀਆਂ ਸਨ। ਜਿਵੇਂ ਕਿ ਕਿਸੇ ’ਤੇ ਜ਼ੁਲਮ ਢਾਇਆ ਜਾ ਰਿਹਾ ਹੋਵੇ ਤੇ ਉਹ ਇਸਨੂੰ ਨਾ ਸਹਾਰਦੀ ਹੋਈ ਚੀਕਦੀ ਕੁਰਲਾਉਂਦੀ ਹੋਵੇ। ਇਹ ਹਰ ਰੋਜ਼ ਦਾ ਵਰਤਾਰਾ ਸੀ। ਉਹ ਜਿੰਨਾ ਚਿਰ ਉੱਥੇ ਰਿਹਾ ਇਹ ਚੀਕਾਂ ਸੁਣਦਾ ਰਿਹਾ।”

ਇਸਮਤ ਗੱਲ ਕਰਦੀ ਚੁੱਪ ਹੋਈ ਤੇ ਉਸਨੇ ਅੱਖਾਂ ਪੂੰਝੀਆਂ। ਪਰ ਕਿਸੇ ਨੇ ਬੋਲ ਕੇ ਉਸਦੀ ਗੱਲ ’ਚ ਵਿਘਨ ਪਾਉਣਾ ਉਚਿਤ ਨਾ ਸਮਝਿਆ। ਉਹ ਫਿਰ ਤੋਂ ਬੋਲਣ ਲੱਗੀ, “ਬੇਗ ਨੇ ਦੱਸਿਆ ਕਿ ਉਹ ਕਈ ਵਾਰੀ ਉਸਨੂੰ ਕੈਦ ਰੱਖਣ ਵਾਲਿਆਂ ਨੂੰ ਪੁੱਛਦਾ ਕਿ ਇਹ ਔਰਤ ਕੌਣ ਐਂ ਜੋ ਰੋ ਕੁਰਲਾ ਰਹੀ ਐ। ਪਰ ਉਹ ਹਮੇਸ਼ਾ ਇਹ ਕਹਿ ਕੇ ਟਾਲ ਦਿੰਦੇ ਕਿ ਇਹ ਤਾਂ ਟੇਪਾਂ ’ਚ ਭਰੀ ਹੋਈ ਆਵਾਜ਼ ਐ ਜੋ ਕਿ ਉਸਨੂੰ ਸਿਰਫ ਡਰਾਉਣ ਲਈ ਵਰਤੀ ਜਾਂਦੀ ਐ। ਪਰ ਅਸਲੀਅਤ ਹੋਰ ਸੀ....।” ਉਹ ਜ਼ਰਾ ਰੁਕੀ ਤੇ ਫਿਰ ਬੋਲਣ ਲੱਗੀ।

“ਉਸ ਨੂੰ ਕਿਸੇ ਦਿਨ ਇੱਕ ਲੋਕਲ ਅਫਗਾਨੀ ਪੁਲੀਸ ਵਾਲੇ ਨੇ ਦੱਸਿਆ ਕਿ ਇਹ ਕੋਈ ਟੇਪ ਬਗੈਰਾ ਨ੍ਹੀਂ ਐ। ਇਹ ਅਸਲੀ ਔਰਤ ਐ ਜੋ ਕਿ ਨਾਲ ਦੀ ਕੋਠੜੀ ’ਚ ਬੰਦ ਐ। ਇਸ ਔਰਤ ਦੇ ਪਹਿਨਣ ਵਾਲੇ ਕੱਪੜਿਆਂ ’ਤੇ ਕੈਦੀ ਨੰਬਰ 650 ਲਿਖਿਆ ਹੋਇਆ ਐ। ਉਸਦੀ ਹਰ ਰੋਜ਼ ਇੰਟੈਰੋਗੇਸ਼ਨ ਹੁੰਦੀ ਐ ਤੇ ਉਦੋਂ ਈ ਉਹ ਰੋਂਦੀ ਕੁਰਲਾਉਂਦੀ ਐ। ਫਿਰ ਮੁਅੱਜ਼ਮ ਬੇਗ ਨੇ ਇੱਕ ਦਿਨ ਉਸ ਔਰਤ ਦਾ ਚਿਹਰਾ ਵੀ ਵੇਖ ਲਿਆ।”

“ਅੱਛਾ! ਕੀ ਉਹ ਉਸਨੂੰ ਪਹਿਚਾਣ ਸਕਿਆ?” ਫਾਰੂਕੀ ਨੇ ਉਤਸ਼ਾਹ ਨਾਲ ਪੁੱਛਿਆ।

“ਉਦੋਂ ਤਾਂ ਉਸਨੇ ਕੀ ਪਛਾਣਨਾ ਸੀ। ਪਰ ਉਸੇ ਪ੍ਰੋਗਰਾਮ ’ਤੇ ਰਿਡਲੀ ਨੇ ਉਸਦੇ ਸਾਹਮਣੇ ਆਫੀਆ ਦੀ ਫੋਟੋ ਕਰ ਦਿੱਤੀ ਤੇ ਪੁੱਛਿਆ ਕਿ ਕੀ ਉਹ ਇਸ ਕੁੜੀ ਵਰਗੀ ਲੱਗਦੀ ਸੀ। ਇਸ ’ਤੇ ਉਹ ਝੱਟ ਬੋਲਿਆ ਹਾਂ ਇਹ ਫੋਟੋ ਉਸੇ ਕੁੜੀ ਦੀ ਐ।”

ਇਸ ਪਿੱਛੋਂ ਉੱਥੇ ਕੋਈ ਨਾ ਬੋਲਿਆ। ਸਾਰੇ ਸੁੰਨ ਹੋ ਗਏ। ਇਸਮਤ ਨੇ ਲੰਬਾ ਹੌਂਕਾ ਭਰਿਆ ਤੇ ਆਪਣੀ ਗੱਲ ਅੱਗੇ ਤੋਰੀ।

“ਇੰਨਾ ਹੀ ਨ੍ਹੀਂ ਫਿਰ ਰਿਡਲੀ ਨੇ ਉਨ੍ਹਾਂ ਪੰਜ ਤਾਲੀਬਾਨਾਂ ਨਾਲ ਹੋਈ ਇੰਟਰਵਿਊ ਵਿਖਾਈ ਜਿਹੜੇ ਕਿ ਬੈਗਰਾਮ ਸ਼ਹਿਰ ਦੀ ਉਸੇ ਜੇਲ੍ਹ ’ਚੋਂ ਭੱਜਣ ਵਿੱਚ ਕਾਮਯਾਬ ਹੋ ਗਏ ਸਨ। ਉਨ੍ਹਾਂ ਨੇ ਆਪਣੀ ਇੰਟਰਵਿਊ ’ਚ ਮੰਨਿਆਂ ਸੀ ਕਿ ਉਨ੍ਹਾਂ ਨੇ ਵੀ ਉਸ ਔਰਤ ਦੀਆਂ ਚੀਕਾਂ ਸੁਣੀਆਂ ਸਨ। ਪਿੱਛੋਂ ਉਸਨੂੰ ਵੇਖਿਆ ਵੀ ਸੀ। ਉਨ੍ਹਾਂ ਮੁਤਾਬਕ ਉਹ 650 ਨੰਬਰ ਕੈਦੀ, ਆਫੀਆ ਸਦੀਕੀ ਹੀ ਸੀ।

ਇਸਮਤ ਨੇ ਗੱਲ ਖਤਮ ਕੀਤੀ ਤਾਂ ਕਾਫੀ ਦੇਰ ਸਾਰੇ ਚੁੱਪ ਬੈਠੇ ਰਹੇ। ਫਿਰ ਫਾਰੂਕੀ ਬੋਲਿਆ, “ਆਪਾ ਤੂੰ ਹੀ ਦੱਸ ਫਿਰ ਆਫੀਆ ਨੂੰ ਹੁਣ ਕਿੱਥੇ ਭਾਲੀਏ?”

“ਗੱਲ ਤਾਂ ਭਾਈ ਜਾਨ ਮੈਂ ਵੀ ਸਮਝਦੀ ਆਂ ਪਰ ਕਿਸੇ ’ਤੇ ਇਤਬਾਰ ਈ ਨ੍ਹੀਂ ਆਉਂਦਾ। ਕੀ ਪਤਾ ਐ ਕਿ ਕੌਣ ਸਹੀ ਐ। ਲੱਗਦਾ ਐ ਕਿ ਹੋ ਸਕਦੈ ਵਾਨ ਰਿਡਲੀ ਝੂਠੀ ਹੋਵੇ ਤੇ ਆਪਣਾ ਸ਼ੋਅ ਵੇਚਣ ਦੀ ਮਾਰੀ ਇਹ ਸਭ ਕਰ ਰਹੀ ਹੋਵੇ।”

“ਆਪਾ, ਇਹ ਬੜਾ ਵੱਡਾ ਭੰਬਲਭੂਸਾ ਐ। ਪਤਾ ਨ੍ਹੀਂ ਕਿ ਅੱਗੇ ਕੀ ਹੋਣਾ ਐਂ।”

ਉਹ ਗੱਲਾਂ ਕਰ ਹੀ ਰਹੇ ਸਨ ਕਿ ਫੋਨ ਖੜਕਣ ਲੱਗਿਆ। ਇਸਮਤ ਨੇ ਅਗਾਂਹ ਹੋ ਕੇ ਫੋਨ ਚੁੱਕ ਲਿਆ। ਉੱਧਰੋਂ ਬਿਨਾ ਆਪਣੀ ਨਾਂ ਬਗੈਰਾ ਦੱਸਿਆਂ ਈ ਕੋਈ ਬੋਲਣ ਲੱਗਿਆ, “ਤੁਸੀਂ ਫਿਰ ਤੋਂ ਆਫੀਆ ਨੂੰ ਲੱਭਣ ਤੁਰ ਪਏ ਓਂ। ਕੀ ਤੁਹਾਨੂੰ ਚੈਨ ਦੀ ਜ਼ਿੰਦਗੀ ਜਿਉਣਾ ਚੰਗਾ ਨ੍ਹੀਂ ਲੱਗਦਾ?”

"ਨ੍ਹੀਂ ਜੀ ਅਜਿਹੀ ਤਾਂ ਕੋਈ ਗੱਲ ਨ੍ਹੀਂ ਐ। ਪਰ ਤੁਸੀਂ ਕੌਣ ਓਂ ?"

"ਤੇਰਾ ਪੁੱਤਰ ਅਮਰੀਕਾ ਤੋਂ ਚੱਲ ਕੇ ਇੱਥੇ ਆਫੀਆ ਨੂੰ ਲੱਭਣ ਆਇਆ ਐ। ਚੰਗਾ ਇਹੀ ਐ ਕਿ ਇਹ ਵਾਪਸ ਚਲਿਆ ਜਾਵੇ। ਨ੍ਹੀਂ ਤਾਂ ਇਸਦੀ ਖ਼ੈਰ ਨ੍ਹੀਂ ਐ।"

"ਕਿੱਥੇ ਐ ਮੇਰੀ ਬੱਚੀ ? ਕੀ ਤੁਸੀਂ ਉਸ ਬਾਰੇ ਕੁਛ ਦੱਸ ਸਕਦੇ ਓਂ ?" ਇਮਸਤ ਤੜਪ ਕੇ ਬੋਲੀ।

"ਉਹ ਠੀਕ ਠਾਕ ਐ। ਉਸਨੂੰ ਕੋਈ ਖਤਰਾ ਨ੍ਹੀਂ ਐ। ਪਰ ਜੇਕਰ ਤੁਸੀਂ ਉਸਨੂੰ ਭਾਲਣ ਵਾਲਾ ਸਿਲਸਲਾ ਬੰਦ ਨਾ ਕੀਤਾ ਤਾਂ ਜ਼ਰੂਰ ਉਸਦੀ ਜ਼ਿੰਦਗੀ ਨੂੰ ਖਤਰੇ 'ਚ ਪਾਉਗੇ। ਨਾਲ ਈ ਆਪਣੀਆਂ ਜ਼ਿੰਦਗੀਆਂ ਦੀ ਵੀ ਬਰਬਾਦੀ ਕਰਵਾਉਗੇ।" ਇੰਨਾ ਕਹਿ ਕੇ ਉਧਰੋਂ ਕਿਸੇ ਨੇ ਫੋਨ ਕੱਟ ਦਿੱਤਾ।

"ਕੌਣ ਸੀ ?" ਫਾਰੂਕੀ ਉੱਠ ਕੇ ਇਸਮਤ ਦੇ ਕੋਲ ਆ ਗਿਆ।

"ਉਹੀ ਧਮਕੀਆਂ ਵਾਲਾ ਸਿਲਸਲਾ ਸ਼ੁਰੂ ਹੋ ਗਿਆ ਐ। ਕਹਿੰਦੇ ਐ ਕਿ ਜੇਕਰ ਆਫੀਆ ਦੀ ਭਲੀ ਚਾਹੁੰਦੇ ਓ ਤਾਂ ਆਪਣੇ ਪੁੱਤਰ ਨੂੰ ਕਹਿ ਦਿਉ ਕਿ ਵਾਪਸ ਅਮਰੀਕਾ ਮੁੜ ਜਾਵੇ।"

ਇਸ ਗੱਲ ਦੇ ਉੱਤਰ 'ਚ ਫਾਰੂਕੀ ਨੇ ਕਿਹਾ ਤਾਂ ਕੁਝ ਨਾ ਪਰ ਉਸਨੂੰ ਜਹੀਰ ਖਾਂ ਯਾਦ ਆ ਗਿਆ। ਉਹ ਕੁਝ ਦੇਰ ਚੁੱਪ ਰਹਿੰਦਾ ਬੋਲਿਆ, "ਆਪਾ ਮੈਂ ਇੱਕ ਗੱਲ ਕਹਿਣੀ ਚਾਹੁੰਨਾ ਆਂ।"

"ਜੀ ਭਾਈ ਜਾਨ ਦੱਸੋ ਕੀ ਗੱਲ ਐ ?"

"ਮੇਰਾ ਖਿਆਲ ਐ ਕਿ ਮੁਹੰਮਦ ਨੂੰ ਵਾਪਸ ਅਮਰੀਕਾ ਮੁੜ ਜਾਣਾ ਚਾਹੀਦਾ ਐ। ਕਿਤੇ ਇੱਕ ਕੰਮ ਠੀਕ ਕਰਦੇ ਕਰਦੇ ਕਿਸੇ ਨਵੇਂ ਲਫੜੇ 'ਚ ਨਾ ਫਸ ਜਾਈਏ।"

"ਭਾਈ ਜਾਨ ਤੁਹਾਡੀ ਗੱਲ ਮੈਨੂੰ ਬਿਲਕੁਲ ਠੀਕ ਜਾਪਦੀ ਐ। ਪਹਿਲਾਂ ਵੀ ਮੈਂ ਐਵੇਂ ਭਾਵਕ ਹੋਈ ਨੇ ਇਸ ਨੂੰ ਇੱਥੇ ਸੱਦ ਲਿਆ। ਹੁਣ ਮੈਂ ਸੋਚਦੀ ਆਂ ਕਿ ਜਿੰਨੀ ਜਲਦੀ ਹੋ ਸਕੇ ਇਸਨੂੰ ਵਾਪਸ ਮੁੜ ਜਾਣਾ ਚਾਹੀਦਾ ਐ।"

"ਜੇਕਰ ਇਹ ਗੱਲ ਐ ਤਾਂ ਮੈਂ ਕੱਲ੍ਹ ਨੂੰ ਹੀ ਇਸਦੀ ਟਿਕਟ ਦਾ ਪ੍ਰਬੰਧ ਕਰਵਾ ਦਿੰਨਾ ਆਂ।"

ਫਿਰ ਉਨ੍ਹਾਂ ਦੀ ਇਸ ਗੱਲ 'ਤੇ ਸਹਿਮਤੀ ਹੋ ਗਈ। ਅਗਲੇ ਦਿਨ ਫਾਰੂਕੀ ਨੇ ਟਿਕਟ ਦਾ ਪਤਾ ਕਰਵਾਇਆ। ਦੋ ਦਿਨ ਬਾਅਦ ਦੀ ਉਨ੍ਹਾਂ ਨੂੰ ਸੀਟ ਮਿਲ ਗਈ। ਅਗਲੇ ਦੋ ਦਿਨ ਉਹ ਹੋਰ ਕਈ ਵੱਡੇ ਬੰਦਿਆਂ ਨੂੰ ਮਿਲੇ ਤੇ ਆਫੀਆ ਬਾਰੇ ਪਤਾ ਸਤਾ ਕੀਤਾ। ਪਰ ਉਸਦਾ ਕੋਈ ਪਤਾ ਨਾ ਲੱਗਿਆ। ਤੀਜੇ ਦਿਨ ਫਾਰੂਕੀ, ਮੁਹੰਮਦ ਨੂੰ ਕਰਾਚੀ ਦੇ ਏਅਰਪੋਰਟ ਤੋਂ ਅਮਰੀਕਾ ਦੀ ਫਲਾਈਟ 'ਚ ਚੜ੍ਹਾ ਆਇਆ। ਇਸ ਪਿੱਛੋਂ ਉਹ ਵਾਪਸ ਇਸਲਾਮਾਬਾਦ ਚਲਾ ਗਿਆ। ਅਗਲੇ ਕਈ ਦਿਨ ਉਹ ਬੜਾ ਅੱਪਸੈੱਟ ਰਿਹਾ। ਫਿਰ ਨਿੱਤ ਦੀ ਤਰ੍ਹਾਂ ਜ਼ਿੰਦਗੀ ਆਪਣੀ ਰੇੜੇ ਪੈ ਗਈ।

ਉੱਧਰ ਲੋਕਾਂ ਵਿੱਚ ਆਫੀਆ ਦਾ ਮਾਮਲਾ ਠੰਢਾ ਪੈਂਦਾ ਜਾ ਰਿਹਾ ਸੀ। ਕਿਉਂਕਿ ਹੁਣ ਉੱਥੇ ਚੀਫ ਜਸਟਿਸ ਚੌਧਰੀ ਨੂੰ ਬਹਾਲ ਕਰਵਾਉਣ ਦੀ ਮੁਹਿਮ ਤੇਜ਼ ਹੋ ਗਈ ਸੀ। ਇਹ ਇਵੇਂ ਹੀ ਹੁੰਦਾ ਸੀ। ਜਦੋਂ ਕਦੇ ਆਫੀਆ ਦੀ ਗੱਲ ਮੀਡੀਏ 'ਚ ਆਉਣ ਲੱਗਦੀ ਤਾਂ ਲੋਕਾਂ ਦਾ ਰੋਹ ਜਾਗ ਉੱਠਦਾ ਤੇ ਉਹ ਸੜਕਾਂ 'ਤੇ ਨਿਕਲ ਆਉਂਦੇ ਪਰ ਉਦੋਂ ਨੂੰ ਕੋਈ ਹੋਰ ਮੁੱਦਾ ਸਾਹਮਣੇ ਆ ਜਾਂਦਾ ਤਾਂ ਲੋਕ ਉੱਧਰ

ਨੂੰ ਉਲਾਰ ਹੋ ਜਾਂਦੇ। ਵੈਸੇ ਵੀ ਬਹੁਤ ਘੱਟ ਪਾਕਿਸਤਾਨੀ ਲੋਕਾਂ ਨੂੰ ਪਤਾ ਸੀ ਕਿ ਆਈ. ਐੱਸ. ਆਈ. ਜਾਂ ਅਮਰੀਕਣ ਐਫ. ਬੀ. ਆਈ. ਆਫੀਆ ਦੇ ਮਗਰ ਇਸ ਤਰ੍ਹਾਂ ਕਿਉਂ ਹੱਥ ਧੋ ਕੇ ਪਈ ਹੋਈ ਹੈ। ਜਾਂ ਫਿਰ ਜੇਕਰ ਉਹ ਉਨ੍ਹਾਂ ਦੀ ਹਿਰਾਸਤ ਵਿੱਚ ਹੈ ਤਾਂ ਵੀ ਇਹ ਮਾਮਲਾ ਕੀ ਹੈ। ਆਮ ਲੋਕਾਂ ਨੂੰ ਇਸ ਗੱਲ ਦਾ ਵੀ ਪਤਾ ਨਹੀਂ ਸੀ ਕਿ ਉਹ ਕੇ. ਐਸ. ਐਮ. ਦੇ ਭਾਣਜੇ ਅਲੀ ਦੀ ਦੂਸਰੀ ਬੀਵੀ ਹੈ। ਇਸ ਬਲੋਚੀ ਪਰਿਵਾਰ ਦਾ ਪੂਰਾ ਕਿੱਸਾ ਵੀ ਲੋਕਾਂ ਨੂੰ ਮਾਲੂਮ ਨਹੀਂ ਸੀ। ਆਫੀਆ ਅਮਰੀਕਾ ਰਹਿ ਕੇ ਕੀ ਕਰਦੀ ਰਹੀ ਜਾਂ ਇੱਥੇ ਆ ਕੇ ਕਿਸ ਕਿਸਮ ਦੀਆਂ ਕਾਰਵਾਈਆਂ 'ਚ ਹਿੱਸਾ ਲੈਂਦੀ ਰਹੀ ਜਾਂ ਉਸਦਾ ਜਿਹਾਦ ਵੱਲ ਉਲਾਰ ਹੋਣਾ, ਅਜਿਹੀਆਂ ਕਿਸੇ ਵੀ ਗੱਲਾਂ ਦਾ ਲੋਕਾਂ ਨੂੰ ਪਤਾ ਨਹੀਂ ਸੀ। ਲੋਕ ਸਮਝ ਰਹੇ ਸਨ ਕਿ ਇੱਕ ਦੁਖਿਆਰੀ ਔਰਤ ਨੂੰ ਦੁਨੀਆਂ ਦੀ ਸੁਪਰ ਪਾਵਰ, ਅਮਰੀਕਾ ਤੰਗ ਕਰ ਰਿਹਾ ਹੈ। ਇਸੇ ਕਰਕੇ ਲੋਕਾਂ ਨੂੰ ਆਫੀਆ ਸਦੀਕੀ ਨਾਲ ਹਮਦਰਦੀ ਸੀ।

## 16

ਸਾਲ 2008 'ਚ ਜਨਵਰੀ ਮਹੀਨੇ ਦੇ ਇੱਕ ਦਿਨ ਐੱਸ. ਐੱਚ. ਫਾਰੂਕੀ ਪਾਕਿਸਤਾਨ 'ਚ ਆਪਣੇ ਘਰ ਬੈਠਾ ਟੀ ਵੀ ਵੇਖ ਰਿਹਾ ਸੀ। ਦੁਪਹਿਰ ਵੇਲੇ ਉਸ ਦੇ ਘਰ ਦੀ ਡੋਰ ਬੈੱਲ ਵੱਜੀ ਤਾਂ ਉਸਦੀ ਬੇਗਮ ਨੇ ਦਰਵਾਜ਼ੇ 'ਚੋਂ ਬਾਹਰ ਵੇਖਿਆ। ਕਿਸੇ ਅਜ਼ਨਬੀ ਨੂੰ ਬਾਹਰ ਖੜ੍ਹਾ ਵੇਖ ਕੇ ਉਸਨੇ ਇਸ ਬਾਰੇ ਘਰਵਾਲੇ ਨੂੰ ਦੱਸਿਆ। ਫਾਰੂਕੀ ਟੀਵੀ ਦੀ ਆਵਾਜ਼ ਘਟਾਉਂਦਾ ਬਾਹਰ ਆਇਆ। ਉਸਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਟੈਕਸੀ ਡਰਾਈਵਰ ਖੜ੍ਹਾ ਸੀ। ਟੈਕਸੀ ਡਰਾਈਵਰ ਨੇ ਕਿਹਾ ਕਿ ਉਸਦੀ ਟੈਕਸੀ 'ਚ ਇੱਕ ਔਰਤ ਬੈਠੀ ਹੈ ਜੋ ਉਸਨੂੰ ਮਿਲਣਾ ਚਾਹੁੰਦੀ ਹੈ। ਫਾਰੂਕੀ ਹੈਰਾਨ ਹੁੰਦਾ ਟੈਕਸੀ ਕੋਲ ਆਇਆ ਤੇ ਅੰਦਰ ਨੂੰ ਵੇਖਣ ਲੱਗਿਆ।

"ਅੰਕਲ ਮੈਂ ਆਂ।" ਇਸ ਆਵਾਜ਼ ਨੇ ਫਾਰੂਕੀ ਦੇ ਰੌਂਗਟੇ ਖੜ੍ਹੇ ਕਰ ਦਿੱਤੇ। ਭਾਵੇਂ ਔਰਤ ਨੇ ਆਪਣੇ ਆਪ ਨੂੰ ਬੁਰਕੇ ਵਿੱਚ ਲਪੇਟਿਆ ਹੋਇਆ ਸੀ ਪਰ ਇਹ ਕਿਵੇਂ ਹੋ ਸਕਦਾ ਸੀ ਕਿ ਮਾਮਾ ਆਪਣੀ ਭਾਣਜੀ ਨੂੰ ਨਾ ਪਛਾਣਦਾ। ਉਂਝ ਤਾਂ ਉਸਨੂੰ ਆਵਾਜ਼ ਤੋਂ ਹੀ ਅੰਦਾਜ਼ਾ ਹੋ ਗਿਆ ਸੀ, ਪਰ ਉਸਦੀਆਂ ਅੱਖਾਂ ਵੱਲ ਵੇਖ ਕੇ ਉਸਨੂੰ ਪੱਕਾ ਯਕੀਨ ਹੋ ਗਿਆ ਕਿ ਇਹ ਆਫੀਆ ਹੀ ਹੈ।

"ਆਫੀਆ ਬੇਟੀ, ਅੰਦਰ ਘਰੇ ਚੱਲ।" ਪਛਾਣਨ ਤੋਂ ਬਾਅਦ ਉਸਨੇ ਮੋਹ ਭਿੱਜੇ ਲਫਜ਼ਾਂ 'ਚ ਕਿਹਾ।

"ਅੰਕਲ ਇਸ ਵੇਲੇ ਮੈਂ ਘਰੇ ਨ੍ਹੀਂ ਜਾ ਸਕਦੀ। ਜੇ ਹੋ ਸਕਦਾ ਐ ਤਾਂ ਆਪ ਮੇਰੇ ਨਾਲ ਚਲੋ। ਆਪਾਂ ਬਾਹਰ ਕਿਧਰੇ ਨਿਵਕਲੇ ਬੈਠ ਕੇ ਗੱਲ ਕਰਾਂਗੇ।" ਐਸ. ਐੱਚ. ਫਾਰੂਕੀ ਨੇ ਪਲ ਭਰ ਸੋਚਿਆ ਤੇ ਫਿਰ ਆਫੀਆ ਦੇ ਨਾਲ ਟੈਕਸੀ 'ਚ ਬੈਠ ਗਿਆ। ਉਹ ਕਿਸੇ ਰੈਸਟੋਰੈਂਟ ਜਾ ਪਹੁੰਚੇ।

"ਆਫੀਆ ਬੇਟੀ ਤੂੰ ਪਿਛਲੇ ਪੰਜ ਸਾਲਾਂ ਤੋਂ ਕਿੱਥੇ ਸੀ ?" ਮੌਕਾ ਮਿਲਦਿਆਂ ਹੀ ਫਾਰੂਕੀ ਨੇ ਗੱਲ ਛੇੜੀ।

"ਅੰਕਲ ਕੁਛ ਨਾ ਈ ਪੁੱਛੋ ਤਾਂ ਚੰਗਾ ਐ।"

“ਨ੍ਹੀਂ ਬੇਟੀ ਅਸੀਂ ਸਾਰੇ ਤੇਰੇ ਲਈ ਬਹੁਤ ਪਰੇਸ਼ਾਨ ਆਂ। ਤੂੰ ਕੁਛ ਨਾ ਕੁਛ ਤਾਂ ਦੱਸ।”

“ਅੰਕਲ....।” ਆਫੀਆ ਗੱਲ ਸ਼ੁਰੂ ਕਰਦਿਆਂ ਆਪਣੇ ਮਾਮੇ ਵੱਲ ਵੇਖਦਿਆਂ ਪਲ ਭਰ ਰੁਕੀ ਤੇ ਫਿਰ ਅੱਗੇ ਦੱਸਣ ਲੱਗੀ, “ਅੰਕਲ ਮੈਂ ਕਿਸੇ ਚੈਰਿਟੀ ਦੀ ਮੀਟਿੰਗ ’ਚ ਹਿੱਸਾ ਲੈਣ ਕਰਾਚੀ ’ਚ ਹੀ ਕਿਸੇ ਦੇ ਘਰ ਗਈ ਸੀ ਕਿ ਉੱਥੇ ਪੁਲੀਸ ਨੇ ਰੇਡ ਕਰ ਦਿੱਤੀ। ਉਸਦੇ ਨਾਲ ਅਮਰੀਕਣ ਐਫ. ਬੀ. ਆਈ. ਵੀ ਸੀ। ਹੋਰਨਾਂ ਦੇ ਨਾਲ ਉਨ੍ਹਾਂ ਮੈਨੂੰ ਵੀ ਫੜ੍ਹ ਲਿਆ। ਪਿੱਛੋਂ ਮੈਨੂੰ ਆਈ. ਐੱਸ. ਆਈ. ਦੇ ਹਵਾਲੇ ਕਰ ਦਿੱਤਾ ਗਿਆ।

“ਇਹ ਵਾਕਿਆ ਕਿਸ ਦਿਨ ਵਾਪਰਿਆ ?” ਫਾਰੂਕੀ ਗੌਹ ਨਾਲ ਆਫੀਆ ਵੱਲ ਝਾਕਿਆ।

“ਜੀ ਇਹ 29 ਅਪ੍ਰੈਲ 2002 ਦੀ ਗੱਲ ਐ।”

“ਪਰ ਤੂੰ ਤਾਂ 30 ਮਾਰਚ ਵਾਲੇ ਦਿਨ ਆਪਣੀ ਮਾਂ ਨੂੰ ਇਹ ਕਹਿ ਕੇ ਘਰੋਂ ਨਿਕਲੀ ਸੀ ਕਿ ਤੂੰ ਮੇਰੇ ਵੱਲ ਆ ਰਹੀ ਐਂ।”

“ਅੰਕਲ ਉਹ ਗੱਲ ਵੀ ਸਹੀ ਐ।”

“ਫਿਰ ਇਹ ਮਹੀਨਾ ਭਰ ਤੂੰ ਕਿੱਥੇ ਰਹੀ ? ਮੇਰਾ ਮਤਲਬ ਤੂੰ ਨਾ ਮੇਰੇ ਕੋਲ ਆਈ ਤੇ ਨਾ ਹੀ ਤੇਰਾ ਕਿਧਰੇ ਹੋਰ ਕਿਤੇ ਪਤਾ ਚੱਲਿਆ।”

“ਅੰਕਲ ਉਹ....।” ਆਫੀਆ ਗੱਲ ਕਰਦੀ ਕਰਦੀ ਚੁੱਪ ਹੋ ਗਈ।

“ਹਾਂ ਬੇਟੇ ਦੱਸ ਨਾ ਕਿ ਇਸ ਵਿਚਕਾਰ ਕੀ ਵਾਪਰਿਆ ?”

“ਅੰਕਲ ਤੁਸੀਂ ਉਨ੍ਹਾਂ ਦਿਨਾਂ ਦੀ ਗੱਲ ਨਾ ਛੇੜੋ। ਮੈਨੂੰ ਆਪਣੀ ਗੱਲ ਆਪਣੇ ਢੰਗ ਨਾਲ ਕਹਿਣ ਦਿਉ ਪਲੀਜ਼। ਮੈਂ ਬਹੁਤ ਪਰੇਸ਼ਾਨ ਆਂ।”

ਫਾਰੂਕੀ ਕੁਝ ਨਾ ਬੋਲਿਆ। ਪਰ ਉਹ ਸਮਝ ਗਿਆ ਕਿ ਇਹ ਜੋ ਤੀਹ ਮਾਰਚ ਤੋਂ ਲੈ ਕੇ ਉਨੰਤੀ ਅਪ੍ਰੈਲ ਤੱਕ ਦਾ ਵਕਫਾ ਹੈ ਇਸ ਵਿਚਕਾਰ ਜ਼ਰੂਰ ਕੁਝ ਹੋਰ ਵਾਪਰਿਆ ਹੈ ਜਿਸ ਬਾਰੇ ਆਫੀਆ ਸ਼ਾਇਦ ਗੱਲ ਨਹੀਂ ਕਰਨਾ ਚਾਹੁੰਦੀ। ਉਸ ਨੇ ਇਸ਼ਾਰੇ ਨਾਲ ਉਸਨੂੰ ਆਪਣੀ ਗੱਲ ਚਾਲੂ ਰੱਖਣ ਨੂੰ ਕਿਹਾ ਤਾਂ ਆਫੀਆ ਫਿਰ ਬੋਲਣ ਲੱਗੀ, “ਹੁਣ ਮੈਨੂੰ ਲੱਗਦਾ ਐ ਕਿ ਉਹ ਪਹਿਲਾਂ ਤੋਂ ਹੀ ਮੇਰੀ ਭਾਲ ਕਰ ਰਹੇ ਸਨ। ਆਈ. ਐੱਸ. ਆਈ. ਵਾਲੇ ਮੈਨੂੰ ਆਪਣੇ ਕਿਸੇ ਗੁਪਤ ਟਿਕਾਣੇ ’ਤੇ ਲੈ ਗਏ। ਉੱਥੇ ਮੈਨੂੰ ਮੇਰੇ ਬੱਚਿਆਂ ਨਾਲੋਂ ਨਖੇੜ ਦਿੱਤਾ ਗਿਆ। ਅਗਲੇ ਦਿਨ ਉਹ ਮੈਨੂੰ ਅਫਗਾਨਿਸਤਾਨ ਦੇ ਬੈਗਰਾਮ ਏਅਰਬੇਸ ਲੈ ਗਏ ਜਿੱਥੇ ਕਿ ਅਮਰੀਕਾ ਦਾ ਵੱਡਾ ਅੱਡਾ ਐ।”

“ਫਿਰ.... ?” ਆਫੀਆ ਬੋਲਦੀ ਬੋਲਦੀ ਚੁੱਪ ਹੋਈ ਤਾਂ ਫਾਰੂਕੀ ਵਿਚਕਾਰ ਬੋਲਿਆ।

“ਉੱਥੇ ਮੈਨੂੰ ਚਾਰ ਸਾਲ ਰੱਖਿਆ ਗਿਆ। ਉਨਾਂ ਮੈਨੂੰ ਬੇਤਹਾਸ਼ਾ ਤਸੀਹੇ ਦਿੱਤੇ।”

“ਕੌਣ ਸਨ ਉਹ ਲੋਕ ? ਮੇਰਾ ਮਤਲਬ ਆਈ. ਐੱਸ. ਆਈ. ਜਾਂ ਅਮਰੀਕਣ ਏਜੈਂਸੀਆਂ ?”

“ਦੋਨੋਂ ਈ।”

“ਕੀ ਉਨ੍ਹਾਂ ਤੈਨੂੰ ਕੁੱਟਿਆ ਮਾਰਿਆ ?”

"ਅੰਕਲ ਕੁੱਟ ਮਾਰ ਤਾਂ ਸ਼ਾਇਦ ਮੈਂ ਬਰਦਾਸ਼ਤ ਕਰ ਜਾਂਦੀ। ਪਰ ਉਨ੍ਹਾਂ ਦਾ ਟਾਰਚਰ ਜ਼ਿਆਦਾ ਮਾਨਸਿਕ ਸੀ। ਮੈਨੂੰ ਕਈ ਵਾਰੀ ਬਹੁਤ ਹੀ ਛੋਟੇ ਆਕਾਰ ਦੇ ਡੱਬੇ 'ਚ ਲਗਾਤਾਰ ਦੋ ਦੋ ਦਿਨ ਖੜ੍ਹੀ ਰੱਖਿਆ ਜਾਂਦਾ ਸੀ। ਉਹ ਇੰਨਾ ਭੀੜਾ ਹੁੰਦਾ ਸੀ ਕਿ ਮੈਂ ਦੋ ਦਿਨ ਬੈਠ ਨਾ ਸਕਦੀ ਤੇ ਲੱਤਾਂ ਆਕੜ ਜਾਂਦੀਆਂ ਸਨ। ਕਈ ਵਾਰੀ ਲੋਹੇ ਦਾ ਅਜਿਹਾ ਈ ਇੱਕ ਹੋਰ ਕਮਰਾ ਹੁੰਦਾ ਜਿਹੜਾ ਕਿ ਗਰਮੀਆਂ ਦੇ ਦਿਨੀਂ ਅੱਗ ਵਾਂਗੂੰ ਤਪਦਾ ਸੀ, ਮੈਨੂੰ ਉੱਥੇ ਬੰਦ ਕਰ ਦਿੱਤਾ ਜਾਂਦਾ। ਜਿਹੜਾ ਗਰਮੀ ਬੁਰਾ ਹਾਲ ਕਰਦੀ ਸੀ ਉਹ ਤਾਂ ਕਰਦੀ ਈ ਸੀ ਪਰ ਇਸ ਤੋਂ ਬਿਨਾਂ ਉੱਥੇ ਅੰਤਾਂ ਦੀਆਂ ਤੇਜ਼ ਰੋਸ਼ਨੀਆਂ ਹੁੰਦੀਆਂ ਸਨ ਜੋ ਅੱਖਾਂ ਨੂੰ ਪਾਟਣ ਵਾਲੀਆਂ ਕਰ ਦਿੰਦੀਆਂ ਸਨ। ਇਸ ਤੋਂ ਇਲਾਵਾ ਉੱਥੇ ਸਾਰਾ ਦਿਨ ਬਹੁਤ ਹੀ ਉੱਚਾ, ਭੱਦਾ ਤੇ ਕੰਨ ਪਾੜਵਾਂ ਮਿਊਜ਼ਕ ਵਜਦਾ ਰਹਿੰਦਾ ਸੀ। ਕਈ ਕਈ ਦਿਨ ਮੈਂ ਸੌਂ ਹੀ ਨ੍ਹੀਂ ਸਕਦੀ ਸੀ। ਮੈਨੂੰ ਉਹ ਉੱਥੋਂ ਕੱਢਦੇ ਤਾਂ ਨੇੜਲੇ ਤਲਾਅ ਵਿੱਚ ਲੈਂ ਜਾਂਦੇ ਜਿੱਥੇ ਦੋ ਦੋ ਮਿੰਟ ਅੰਦਰ ਡਬੋਈ ਰੱਖਦੇ। ਜਾਂ ਫਿਰ ਲੱਕੜ ਦੇ ਫੱਟੇ ਨਾਲ ਬੰਨ ਕੇ ਮੂੰਹ ਸਿਰ ਲਪੇਟ ਦਿੰਦੇ ਤੇ ਉੱਪਰੋਂ ਪਾਣੀ ਪਾਉਣਾ ਸ਼ੁਰੂ ਕਰ ਦਿੰਦੇ। ਸਾਹ ਬੰਦ ਹੋ ਜਾਂਦਾ ਤੇ ਨਾਲ ਹੀ ਮੂੰਹ ਤੇ ਲਗਾਤਾਰ ਪਾਣੀ ਪੈਂਦੇ ਰਹਿਣ ਕਾਰਨ ਡੁੱਬਣ ਦਾ ਅਹਿਸਾਸ ਹੋਣ ਲੱਗਦਾ ਜਿਹੜਾ ਕਿ ਜਾਨ ਕੱਢ ਦਿੰਦਾ ਸੀ। ਇਹ ਕੋਈ ਇੱਕ ਦਿਨ ਦਾ ਕੰਮ ਨ੍ਹੀਂ ਸੀ। ਇਹ ਹਰ ਰੋਜ਼ ਹੁੰਦਾ ਸੀ। ਅਤੇ ਇਹ ਲਗਾਤਾਰ ਚਾਰ ਸਾਲ ਚੱਲਦਾ ਰਿਹਾ....।" ਆਫੀਆ ਗੱਲ ਵਿਚਕਾਰ ਛੱਡਦਿਆਂ ਜ਼ਰਾ ਕੁ ਰੁਕੀ ਤੇ ਆਲੇ ਦੁਆਲੇ ਵੇਖਦਿਆਂ ਹੋਇਆਂ ਫਿਰ ਬੋਲੀ, "ਅੰਕਲ ਮੇਰੇ 'ਤੇ ਉੱਥੇ ਹੋਰ ਬੜੇ ਭੈੜੇ ਤਸ਼ੱਦਦ ਹੋਏ ਜੋ ਕਿ ਬਿਆਨੋਂ ਬਾਹਰ ਹਨ।"

"ਆਫੀਆ ਬੇਟੀ ਤੇਰੇ 'ਤੇ ਇੰਨਾ ਜ਼ੁਲਮ ਹੋਇਆ....।" ਫਾਰੂਕੀ ਦਾ ਦਿਲ ਭਰ ਆਇਆ।

"ਅੰਕਲ ਇਹ ਅਫਸੋਸ ਵਾਲੀ ਗੱਲ ਨ੍ਹੀਂ ਐ। ਕਿਉਂਕਿ ਜਿਹਾਦ ਦੇ ਰਾਹ ਚੱਲਦਿਆਂ ਅਜਿਹਾ ਤਾਂ ਹੋਣਾ ਈ ਹੁੰਦਾ ਐ। ਪਰ ਮੈਨੂੰ ਮਾਣ ਐਂ ਕਿ ਮੈਂ ਇਹ ਸਭ ਕੁਛ ਬਰਦਾਸ਼ਤ ਕੀਤਾ ਪਰ ਇਰਾਦੇ ਤੋਂ ਨ੍ਹੀਂ ਡੋਲੀ।"

"ਪਰ ਉਹ ਤੈਥੋਂ ਚਾਹੁੰਦੇ ਕੀ ਸਨ ?"

"ਉਹ ਮੈਨੂੰ ਡਬਲ ਏਜੈਂਟ ਬਣਾ ਕੇ ਆਪਣੇ ਈ ਜਿਹਾਦੀ ਭੈਣ ਭਰਾਵਾਂ ਦੇ ਉਲਟ ਵਰਤਣਾ ਚਾਹੁੰਦੇ ਸਨ।"

"ਫਿਰ ਅੱਗੇ ਕੀ ਹੋਇਆ ?"

"ਅੰਕਲ ਜੋ ਵੀ ਜ਼ੁਲਮੋ ਸਿਤਮ ਮੇਰੇ 'ਤੇ ਹੋਇਆ ਉਹ ਮੈਂ ਅੱਲਾ ਦਾ ਹੁਕਮ ਸਮਝ ਕੇ ਸਭ ਝੱਲਿਆ। ਪਰ ਆਖਰ ਉਨ੍ਹਾਂ ਅਜਿਹਾ ਢੰਗ ਲੱਭਿਆ ਕਿ ਮੈਂ ਇੱਕ ਦਿਨ ਵਿੱਚ ਹੀ ਟੁੱਟ ਗਈ।"

"ਉਹ ਕੀ ?"

"ਜੋ ਜ਼ੁਲਮ ਉਹ ਮੇਰੇ 'ਤੇ ਕਰਦੇ ਸਨ ਉਹੀ ਉਨ੍ਹਾਂ ਮੇਰੇ ਬੱਚਿਆਂ 'ਤੇ ਸ਼ੁਰੂ ਕਰਨ ਦਾ ਡਰਾਬਾ ਦਿੱਤਾ। ਬੱਸ ਇਹੀ ਗੱਲ ਮੈਥੋਂ ਬਰਦਾਸ਼ਤ ਨਾ ਹੋਈ ਤੇ ਮੈਂ ਉਨ੍ਹਾਂ ਦੀ ਗੱਲ ਮੰਨਣ ਲਈ ਮਜ਼ਬੂਰ ਹੋ ਗਈ। ਕਿਉਂਕਿ ਮੈਂ ਜਾਣਦੀ ਸੀ ਕਿ ਮੇਰੇ ਬੱਚੇ ਉਨ੍ਹਾਂ ਦੇ ਕਬਜ਼ੇ 'ਚ ਆ ਚੁੱਕੇ ਨੇ। ਫਿਰ ਮੈਂ ਡਬਲ ਏਜੈਂਟ ਬਣਨ ਲਈ ਹਾਮੀ ਭਰ ਦਿੱਤੀ। ਵੈਸੇ ਉਂਝ ਉਨ੍ਹਾਂ ਦੇ ਭਾਅ ਦੀ ਮੈਂ ਡਬਲ ਏਜੈਂਟ ਬਣ ਗਈ, ਪਰ ਮੈਨੂੰ ਲੱਗਿਆ ਕਿ ਇਸ ਤਰੀਕੇ ਵੀ ਮੈਂ ਜਿਹਾਦ ਦਾ ਕੰਮ ਹੀ ਕਰ ਰਹੀ ਹੋਵਾਂਗੀ।"

"ਉਹ ਕਿਵੇਂ ?"

"ਕਿਉਂਕਿ ਮੈਂ ਕੁਝ ਹੋਰ ਸੋਚਿਆ ਸੀ। ਮੈਨੂੰ ਉਨ੍ਹਾਂ ਆਈ. ਐੱਸ. ਆਈ. ਦੀ ਏਜੈਂਟ ਬਣਾ ਲਿਆ ਤੇ ਕਿਹਾ ਕਿ ਇਸ ਗੱਲ ਨੂੰ ਭੇਤ ਰੱਖਦਿਆਂ ਹੋਇਆਂ ਮੈਂ ਉਨ੍ਹਾਂ ਦੇ ਬੰਦੇ ਅਲ ਕਾਇਦਾ ਵਿੱਚ ਦਾਖਲ ਕਰਵਾਵਾਂ। ਉਨ੍ਹਾਂ ਨੇ ਮੈਨੂੰ ਨਵੀਂ ਪਹਿਚਾਣ ਦੇ ਕੇ ਇਸਲਾਮਾਬਾਦ ਭੇਜ ਦਿੱਤਾ। ਮੈਂ ਉਨ੍ਹਾਂ ਦਾ ਕੰਮ ਵੀ ਕਰਦੀ ਰਹੀ ਤੇ ਨਾਲ ਹੀ ਆਪਣੀ ਸੋਚੀ ਸਕੀਮ ਮੁਤਾਬਕ, ਅਲ ਕਾਇਦਾ ਨੂੰ ਆਈ. ਐੱਸ.

ਆਈ. ਦੇ ਭੇਤ ਦਿੰਦੀ ਰਹੀ। ਇਹ ਕੰਮ ਬੜਾ ਜ਼ੋਖਮ ਭਰਿਆ ਸੀ, ਕਿਉਂਕਿ ਚੌਵੀ ਘੰਟੇ ਆਈ. ਐੱਸ. ਆਈ. ਦੇ ਬੰਦੇ ਮੇਰੇ ਆਲੇ ਦੁਆਲੇ ਰਹਿੰਦੇ ਸਨ। ਇਸੇ ਦੌਰਾਨ ਕੁਝ ਦੇਰ ਪਿੱਛੋਂ ਮੈਨੂੰ ਪਾਕਿਸਤਾਨ ਦੀ ਫੈਡਰਲ ਇਨਵੈਸਟੀਗੇਸ਼ਨ ਏਜੈਂਸੀ ਨੇ ਗ੍ਰਿਫਤਾਰ ਕਰ ਲਿਆ।"

"ਉਹ ਹੋ! ਫਿਰ ਕੀ ਹੋਇਆ?"

"ਫਿਰ ਉਨ੍ਹਾਂ ਵੀ ਮੈਨੂੰ ਉਹੀ ਕੰਮ ਕਰਨ ਨੂੰ ਕਿਹਾ ਜੋ ਆਈ. ਐੱਸ. ਆਈ. ਕਰਵਾ ਰਹੀ ਸੀ, ਜਾਣੀ ਕਿ ਡਬਲ ਏਜੈਂਟ। ਮੈਨੂੰ ਨਵੀਂ ਪਹਿਚਾਣ ਦੇ ਕੇ ਇਹ ਏਜੈਂਸੀ ਮੇਰੇ ਤੋਂ ਆਪਣੇ ਲਈ ਕੰਮ ਕਰਵਾਉਣ ਲੱਗੀ। ਹੁਣ ਵੀ ਮੈਂ ਉੱਥੇ ਈ ਆਂ। ਪਰ ਮੈਨੂੰ ਪਤਾ ਐ ਕਿ ਇਹ ਕੰਮ ਜ਼ਿਆਦਾ ਦੇਰ ਨ੍ਹੀਂ ਚੱਲ ਸਕੇਗਾ। ਇਸੇ ਲਈ ਮੈਂ ਤਾਕ 'ਚ ਸੀ ਕਿ ਕਦੋਂ ਮੌਕਾ ਮਿਲੇ ਤੇ ਇੱਥੋਂ ਭੱਜਾਂ। ਅੱਜ ਉਨ੍ਹਾਂ ਦੇ ਨਿਗਰਾਨਾਂ ਦੇ ਅੱਖੀਂ ਘੱਟਾ ਪਾ ਕੇ ਮੈਂ ਭੱਜ ਆਈ ਆਂ।"

"ਹੁਣ ਫਿਰ ਅੱਗੇ ਤੂੰ ਕੀ ਕਰਨਾ ਚਾਹੁੰਨੀ ਐਂ?"

"ਅੰਕਲ ਜੇ ਮੈਂ ਇੱਥੇ ਰਹੀ ਤਾਂ ਮੈਨੂੰ ਫਿਰ ਤੋਂ ਕਿਸੇ ਨਾ ਕਿਸੇ ਏਜੈਂਸੀ ਨੇ ਗ੍ਰਿਫਤਾਰ ਕਰ ਲੈਣਾ ਐਂ ਤੇ ਫਿਰ ਤੋਂ ਉਹੀ ਜਸੂਸੀ ਦਾ ਕੰਮ ਕਰਵਾਉਣਾ ਐਂ। ਤੁਹਾਨੂੰ ਪਤਾ ਈ ਐ ਕਿ ਇਸ ਕੰਮ 'ਚ ਕਿੰਨਾ ਜ਼ੋਖਮ ਐਂ। ਮੈਂ ਇਹ ਵੀ ਜਾਣਦੀ ਆਂ ਕਿ ਜਦੋਂ ਈ ਪਾਕਿਸਤਾਨੀ ਏਜੈਂਸੀਆਂ ਦਾ ਕੰਮ ਨਿਕਲ ਗਿਆ ਤਾਂ ਉਨ੍ਹਾਂ ਮੈਨੂੰ ਅਮਰੀਕਣਾ ਦੇ ਹਵਾਲੇ ਕਰ ਦੇਣਾ ਐਂ। ਤੇ ਉਨ੍ਹਾਂ ਨੇ ਮੇਰੇ 'ਤੇ ਕੋਈ ਨਾ ਕੋਈ ਚਾਰਜ ਲਾ ਕੇ ਸਦਾ ਲਈ ਜੇਲ੍ਹ 'ਚ ਬੰਦ ਕਰ ਦੇਣਾ ਐਂ। ਇਸ ਕਰਕੇ ਮੈਂ ਚਾਹੁੰਨੀ ਆਂ ਕਿ ਇਸ ਸਭ ਤੋਂ ਦੂਰ ਕਿਸੇ ਅਜਿਹੀ ਜਗ੍ਹਾ ਚਲੀ ਜਾਵਾਂ ਜਿੱਥੇ ਕਿ ਮੈਨੂੰ ਇਨ੍ਹਾਂ ਦਾ ਡਰ ਨਾ ਹੋਵੇ। ਜਿੱਥੇ ਮੈਨੂੰ ਇਹ ਨਾ ਰਹੇ ਕਿ ਕੋਈ ਆਪਣਾ ਈ ਮੇਰੇ ਨਾਲ ਦਗਾ ਕਮਾ ਕੇ ਮੈਨੂੰ ਫੜ੍ਹਾ ਦੇਵੇਗਾ।"

"ਅਜਿਹੀ ਜਗ੍ਹਾ ਫਿਰ ਕਿਹੜੀ ਹੋ ਸਕਦੀ ਐ?"

"ਅੰਕਲ ਇਸ ਵੇਲੇ ਜੇ ਮੈਨੂੰ ਕੋਈ ਢੁਕਵੀਂ ਥਾਂ ਦਿਸਦੀ ਐ ਤਾਂ ਉਹ ਐ ਅਫਗਾਨਿਸਤਾਨ ਦੇ ਤਾਲੀਬਾਨ। ਪਰ ਮੇਰਾ 'ਕੱਲੀ ਦਾ ਉੱਥੇ ਪਹੁੰਚਣਾ ਸੁਖਾਲਾ ਨ੍ਹੀਂ ਐ।"

"ਆਫੀਆ ਬੇਟੀ ਮੈਂ ਤਾਂ ਕਹਿੰਨਾ ਆਂ ਕਿ ਤੂੰ ਆਪਣੇ ਘਰ ਆ ਜਾ। ਆਪਾਂ ਸਭ ਕੁਛ ਠੀਕ ਕਰ ਲਵਾਂਗੇ।"

"ਨ੍ਹੀਂ ਅੰਕਲ ਇਹ ਮੇਰਾ ਨਿਸ਼ਾਨਾ ਨ੍ਹੀਂ ਐ। ਮੈਂ ਆਪਣੀ ਜ਼ਿੰਦਗੀ ਜਿਹਾਦ ਦੇ ਲੇਖੇ ਲਾਉਣੀ ਐਂ। ਮੇਰੀ ਤੀਬਰ ਇੱਛਾ ਐ ਕਿ ਮੈਂ ਫਰੰਟ 'ਤੇ ਜਾ ਕੇ ਲੜਾਈ 'ਚ ਹਿੱਸਾ ਲਵਾਂ ਤੇ ਕਾਫਰਾਂ ਦਾ ਆਹੂ ਲਾਹਾਂ।"

"ਠੀਕ ਐ ਬੇਟੀ ਜਿਵੇਂ ਤੇਰੀ ਮਰਜ਼ੀ....।" ਫਾਰੂਕੀ ਨੇ ਗੱਲ ਵਿਚਾਲੇ ਛੱਡ ਦੇ ਨੇ ਅੱਖਾਂ ਦੇ ਕੋਏ ਪੂੰਝੇ ਤੇ ਫਿਰ ਬੋਲਿਆ, "ਚੰਗਾ ਦੱਸ ਫਿਰ ਮੈਂ ਤੇਰੀ ਉਸ ਕੰਮ 'ਚ ਕੀ ਮੱਦਦ ਕਰ ਸਕਦਾ ਆਂ?

"ਤੁਸੀਂ ਮੇਰੀ ਅਫਗਾਨਿਸਤਾਨ ਦੇ ਤਾਲੀਬਾਨਾਂ ਤੱਕ ਪਹੁੰਚਣ 'ਚ ਮੱਦਦ ਕਰੋ। ਜਿਵੇਂ ਮੈਂ ਪਹਿਲਾਂ ਈ ਕਿਹਾ ਐ ਕਿ 'ਕੱਲੀ ਔਰਤ ਦਾ ਉੱਥੇ ਜਾਣਾ ਸੁਖਾਲਾ ਨ੍ਹੀਂ ਐ। ਉਹ ਵੀ ਮੇਰਾ, ਜਿਸਨੂੰ ਥਾਂ ਥਾਂ 'ਤੇ ਏਜੈਂਸੀਆਂ ਲੱਭਦੀਆਂ ਫਿਰਦੀਆਂ ਨੇ।"

ਉਸਦੀ ਗੱਲ ਸੁਣ ਕੇ ਫਾਰੂਕੀ ਸੋਚੀਂ ਪੈ ਗਿਆ। ਫਿਰ ਉਸਨੂੰ ਖਿਆਲ ਆਇਆ ਕਿ ਇਸਦੀ ਮੱਦਦ ਕਰਨੀ ਹੀ ਪਵੇਗੀ। ਉਹ ਆਫੀਆ ਵੱਲ ਵੇਖਦਾ ਬੋਲਿਆ, "ਠੀਕ ਐ ਬੇਟੀ, ਮੇਰੀ ਤਾਲੀਬਾਨ ਗੌਰਮਿੰਟ ਵੇਲੇ ਦੇ ਕਈ ਅਫਸਰਾਂ ਨਾਲ ਜਾਣ-ਪਛਾਣ ਐ। ਮੈਂ ਤੈਨੂੰ ਉਨ੍ਹਾਂ ਤੱਕ ਪਹੁੰਚਾ ਦੇਵਾਂਗਾ। ਪਰ ਇਹ ਪ੍ਰਬੰਧ ਕਰਨ 'ਚ ਕੁਛ ਦਿਨ ਲੱਗ ਜਾਣਗੇ। ਚੱਲ ਉਨਾਂ ਚਿਰ ਤੂੰ ਮੇਰੇ ਘਰੇ ਠਹਿਰ ਜਾ।"

"ਨ੍ਹੀਂ ਅੰਕਲ ਮੈਂ ਤੁਹਾਡੇ ਨਾਲ ਨ੍ਹੀਂ ਜਾ ਸਕਦੀ। ਸੂਹੀਆਂ ਏਜੈਂਸੀਆਂ ਮੈਨੂੰ ਥਾਂ ਥਾਂ ਭਾਲਦੀਆਂ ਫਿਰਦੀਆਂ ਹੋਣਗੀਆਂ। ਮੇਰੇ ਨਾਲ ਈ ਤੁਸੀਂ ਵੀ ਮੁਸੀਬਤ 'ਚ ਫਸ ਜਾਵੋਗੇ।"

ਫਾਰੂਕੀ ਇਕੱਲਾ ਹੀ ਉੱਠ ਕੇ ਤੁਰ ਗਿਆ। ਉਸ ਰਾਤ ਆਫੀਆ ਕਿਸੇ ਹੋਟਲ 'ਚ ਰੁਕੀ। ਅਗਲੇ ਦਿਨ ਫਾਰੂਕੀ ਨੇ, ਕਿਵੇਂ ਨਾ ਕਿਵੇਂ ਉਸਨੂੰ ਘਰੇ ਆਉਣ ਲਈ ਮਨਾ ਲਿਆ। ਆਫੀਆ ਡਰਦੀ ਸੀ ਕਿ ਕਿਤੇ ਕੋਈ ਏਜੈਂਸੀ ਉਸਦਾ ਪਿੱਛਾ ਨਾ ਕਰ ਰਹੀ ਹੋਵੇ। ਪਰ ਫਿਰ ਵੀ ਉਹ ਉਸਦੇ ਨਾਲ ਘਰੇ ਆ ਗਈ ਕਿਉਂਕਿ ਉਸਨੂੰ ਫਾਰੂਕੀ ਨੇ ਦੱਸਿਆ ਸੀ ਕਿ ਉਸ ਦੀ ਮਾਂ ਤੇ ਭੈਣ ਆ ਰਹੀਆਂ ਹਨ ਜਿਨ੍ਹਾਂ ਨੂੰ ਉਸਨੇ ਰਾਤ ਹੀ ਫੋਨ ਕਰਕੇ ਉਸ ਬਾਰੇ ਦੱਸ ਦਿੱਤਾ ਸੀ। ਜਦੋਂ ਦੋਨੋਂ ਘਰ ਪਹੁੰਚੇ ਤਾਂ ਉਦੋਂ ਤੱਕ ਇਸਮਤ ਤੇ ਫੌਜ਼ੀਆ ਆ ਚੁੱਕੀਆਂ ਸਨ। ਅੰਦਰ ਜਾਂਦਿਆਂ ਹੀ ਆਫੀਆ ਨੇ ਸੁੱਕ ਕੇ ਤਾਂਬੜ ਬਣ ਚੁੱਕੀ ਮਾਂ ਵੱਲ ਵੇਖਿਆ। ਆਫੀਆ ਦੇ ਹੰਝੂ ਛਲਕ ਆਏ। ਇਸਮਤ ਧਾਹ ਮਾਰ ਕੇ ਉੱਠੀ ਤੇ ਆਫੀਆ ਨੂੰ ਚੰਬੜ ਗਈ।

"ਹਾਏ ਨੀ ਧੀਏ ਤੂੰ ਕਿਨ੍ਹਾਂ ਔਜੜ ਰਾਹਾਂ 'ਤੇ ਤੁਰ ਪਈ ?" ਰੋਂਦਿਆਂ ਹੋਇਆਂ ਇਸਮਤ ਨੇ ਆਫੀਆ ਨੂੰ ਬਾਹਾਂ 'ਚ ਲਪੇਟ ਲਿਆ। ਆਫੀਆ ਨੇ ਕੁਝ ਕਹਿਣਾ ਚਾਹਿਆ ਪਰ ਮੂੰਹੋਂ ਬੋਲ ਨਾ ਫੁੱਟੇ ਤੇ ਉੱਚੀ ਉੱਚੀ ਰੋਣ ਲੱਗੀ। ਦੋ ਚਾਰ ਮਿੰਟ ਮਾਵਾਂ ਧੀਆਂ ਵੈਰਾਗ ਦੇ ਹੰਝੂ ਵਹਾਉਂਦੀਆਂ ਰਹੀਆਂ। ਮਾਂ ਦੀ ਛਾਤੀ ਨਾਲੋਂ ਸਿਰ ਪਾਸੇ ਹਟਾਉਂਦਿਆਂ ਆਫੀਆ ਨੇ ਵੱਡੀ ਭੈਣ ਫੌਜ਼ੀਆ ਵੱਲ ਵੇਖਿਆ ਤਾਂ ਉਹ ਮਾਂ ਨਾਲੋਂ ਪਾਸੇ ਹੱਟਦੀ ਉਸਨੂੰ ਚੰਬੜ ਗਈ। ਇੱਕ ਵਾਰ ਫਿਰ ਤੋਂ ਹੰਝੂ ਧਾਰਾਂ ਬਣ ਕੇ ਵਗਣ ਲੱਗੇ। ਦੋਨੋਂ ਭੈਣਾਂ ਰੱਜ ਕੇ ਰੋਈਆਂ। ਫਾਰੂਕੀ ਅਤੇ ਉਸਦੀ ਘਰਵਾਲੀ ਨੇ ਅੱਖਾਂ ਪੂੰਝਦਿਆਂ ਤਿੰਨਾਂ ਨੂੰ ਚੁੱਪ ਕਰਵਾਇਆ। ਬੜੀ ਭਾਵਕ ਮਿਲਣੀ ਸੀ। ਵੱਖ ਵੱਖ ਹੋ ਕੇ ਵੀ ਕਾਫੀ ਦੇਰ ਤੱਕ ਸਾਰੇ ਹੰਝੂ ਵਗਾਉਂਦੇ ਰਹੇ। ਹੌਲੀ ਹੌਲੀ ਫਾਰੂਕੀ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਲੱਗਿਆ। ਉਸ ਦੇ ਨਾਲ ਹੀ ਦੂਜੇ ਵੀ ਚੁੱਪ ਕਰ ਗਏ ਤੇ ਉਸ ਦੀ ਗੱਲਬਾਤ 'ਚ ਹਿੱਸਾ ਲੈਣ ਲੱਗੇ।

"ਅੰਮੀ ਮੇਰੇ ਜੁਆਕਾਂ ਦਾ ਕੀ ਹਾਲ ਐ ?" ਆਫੀਆ ਨੇ ਉਦਾਸ ਆਵਾਜ਼ 'ਚ ਪੁੱਛਿਆ।

"ਤੇਰਾ ਮੁੰਡਾ ਅਤੇ ਧੀ ਦੋਨੋਂ ਠੀਕ ਨੇ। ਤੂੰ ਦੱਸ ਕੇ ਵੱਡਾ ਅਹਿਮਦ ਕਿਵੇਂ ਐਂ ?"

"ਠੀਕ ਐ ਉਹ ਵੀ ਅੰਮੀ।" ਇੰਨਾ ਕਹਿੰਦਿਆਂ ਆਫੀਆ ਚੁੱਪ ਹੋ ਗਈ ਤੇ ਕੰਧ ਵੱਲ ਵੇਖਣ ਲੱਗੀ।

"ਸਭ ਠੀਕ ਨੇ ਇੱਕ ਮੇਰੀ ਧੀ ਤੋਂ ਬਿਨਾਂ।" ਇੰਨਾ ਕਹਿੰਦਿਆਂ ਇਸਮਤ ਨੇ ਹੌਕਾ ਭਰਿਆ। ਉਸਦੀ ਗੱਲ ਨੇ ਆਫੀਆ ਦੀ ਸੁਰਤੀ ਭੰਗ ਕੀਤੀ ਤੇ ਉਸਨੇ ਖਾਲੀ ਖਾਲੀ ਨਜ਼ਰਾਂ ਨਾਲ ਮਾਂ ਵੱਲ ਵੇਖਿਆ।

"ਅਹਿਮਦ ਕਿੱਥੇ ਐ ਹੁਣ ?" ਮਾਂ ਨੇ ਪੁੱਛਿਆ।

"ਅੰਮੀ ਉਹ ਜਿੱਥੇ ਕਿਤੇ ਵੀ ਐ ਠੀਕ ਐ।"

"ਉਸ ਜੁਆਕ 'ਤੇ ਵੀ ਵਖਤ ਪੈ ਗਿਆ।"

"ਨ੍ਹੀਂ ਅੰਮੀ, ਵਖਤ ਨ੍ਹੀਂ ਸਗੋਂ ਉਸ 'ਤੇ ਤਾਂ ਅੱਲਾ ਦੀ ਮਿਹਰ ਹੋਈ ਐ ਜੋ ਉਹ ਜਿਹਾਦ 'ਚ ਸ਼ਾਮਲ ਹੋਇਆ ਐ।"

"ਜੁਆਕ ਦੇ ਖੇਡਣ ਕੁੱਦਣ ਦੇ ਦਿਨ ਸਨ ਪਤਾ ਨ੍ਹੀਂ....।" ਗੱਲ ਅਧੂਰੀ ਛੱਡਦੀ ਇਸਮਤ ਚੁੱਪ ਹੋ ਗਈ।

"ਜਿਹਾਦਣ ਮਾਂ ਦਾ ਪੁੱਤਰ ਐ। ਉਸਨੂੰ ਕੁਛ ਨ੍ਹੀਂ ਹੋਇਆ। ਉਹ ਮੌਜ 'ਚ ਐ।" ਇੰਨੀ ਗੱਲ ਕਹਿੰਦਿਆਂ ਆਫੀਆ ਦੇ ਚਿਹਰੇ 'ਤੇ ਆਤਮ ਵਿਸ਼ਵਾਸ਼ ਪਰਤ ਆਇਆ। ਥੋੜ੍ਹੀ ਦੇਰ ਪਹਿਲਾਂ ਉਦਾਸੀ 'ਚ ਡੁੱਬੀ ਆਫੀਆ ਫਿਰ ਤੋਂ ਹੌਂਸਲੇ 'ਚ ਆ ਗਈ। ਭਾਵਕ ਗੱਲਾਂ ਛੱਡ ਕੇ ਉਹ ਜਿਹਾਦ ਦੀਆਂ ਗੱਲਾਂ ਕਰਨ ਲੱਗੀ। ਸਾਰੇ ਜਣੇ ਉਸਦੇ ਮੂੰਹ ਵੱਲ ਵੇਖਦੇ ਉਸਦੀਆਂ ਗੱਲਾਂ ਸੁਣਦੇ ਰਹੇ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਸ਼ਾਮ ਹੋ ਗਈ। ਕਮਰੇ 'ਚ ਤਿੰਨੋਂ ਮਾਵਾਂ ਧੀਆਂ ਰਹਿ ਗਈਆਂ ਤਾਂ ਫੌਜ਼ੀਆ ਨੇ ਗੱਲ ਤੋਰੀ, "ਆਫੀਆ, ਹੁਣ ਤੇਰਾ ਅੱਗੇ ਕੀ ਕਰਨ ਇਰਾਦਾ ਐ ?"

"ਕੀ ਮਤਲਬ ?" ਆਫੀਆ ਨੇ ਤ੍ਰੱਬਕ ਕੇ ਫੌਜ਼ੀਆ ਵੱਲ ਵੇਖਿਆ।

"ਮਤਲਬ ਇਹੀ ਕਿ ਹੁਣ ਅੱਗੇ ਦਾ ਕੀ ਸੋਚਿਆ ਐ ?"

"ਅੱਗੇ ਪਿੱਛੇ ਕੁਛ ਨ੍ਹੀਂ ਆਪਾ। ਮੇਰਾ ਸਭ ਕੁਛ ਜਿਹਾਦ ਨੂੰ ਸਮਰਪਤ ਐ।"

"ਆਫੀਆ ਵਾਪਸ ਮੁੜ ਆ, ਪਿੱਛੇ ਜੋ ਹੋ ਗਿਆ ਸੋ ਹੋ ਗਿਆ। ਆਪਾਂ ਮਿਲਜੁਲ ਕੇ ਸਭ ਕੁਛ ਠੀਕ ਕਰ ਲਵਾਂਗੇ।"

ਪਰ ਆਫੀਆ ਉਸਦੀ ਗੱਲ ਨਹੀਂ ਸੁਣ ਰਹੀ ਸੀ। ਉਹ ਤਾਂ ਕੰਧ ਵੱਲ ਵੇਖਦੀ ਫਿਰ ਕਿਧਰੇ ਗੁਆਚ ਗਈ ਸੀ।

"ਆਫੀਆ ਤੈਨੂੰ ਤੇਰਾ ਕਮਰਾ ਉਡੀਕ ਰਿਹਾ ਐ। ਤੇਰੇ ਪਾਲਤੂ ਜਾਨਵਰ, ਕੁੱਤਾ ਬਿੱਲੀ ਤੈਨੂੰ ਹਰ ਥਾਂ ਭਾਲਦੇ ਫਿਰਦੇ ਨੇ। ਤੇਰੇ ਲਾਏ ਹੋਏ ਬੂਟੇ ਤੈਨੂੰ ਉਡੀਕ ਰਹੇ ਨੇ। ਉਨਾਂ ਨੂੰ ਲੱਗੇ ਫੁੱਲ ਤੇਰੀ ਰਾਹ ਦੇਖ ਰਹੇ ਨੇ।"

"ਹੈਂ! ਕੀ ਕਿਹਾ ?" ਸੋਚਾਂ 'ਚੋਂ ਨਿਕਲਦਿਆਂ ਆਫੀਆ ਨੇ ਫੌਜ਼ੀਆ ਵੱਲ ਵੇਖਿਆ।

"ਆਫੀਆ ਮੇਰੀ ਧੀ, ਤੂੰ ਸਾਡੇ ਨਾਲ ਆਪਣੇ ਘਰ ਚੱਲ।" ਇਸਮਤ ਉੱਠੀ ਤੇ ਉਸਨੇ ਮੋਹ 'ਚ ਆਫੀਆ ਨੂੰ ਜੱਫੀ ਪਾ ਲਈ। ਆਫੀਆ ਨੇ ਵੀ ਮਾਂ ਦੇ ਦੁਆਲੇ ਬਾਂਹ ਲਪੇਟਦਿਆਂ ਅੱਖਾਂ ਮੀਚ ਲਈਆਂ। ਉਸਨੂੰ ਚੁੱਪ ਵੇਖ ਕੇ ਇਸਮਤ ਫਿਰ ਆਪ ਮੁਹਾਰੇ ਬੋਲੀ, "ਇਹ ਸਾਰਾ ਕਸੂਰ ਉਸ ਨਈਮ ਖਾਂ ਦੇ ਪੁੱਤਰ ਦਾ ਐ।" ਉਸਦਾ ਇਸ਼ਾਰਾ ਆਫੀਆ ਦੇ ਤਲਾਕ ਲੈ ਚੁੱਕੇ ਪਤੀ, ਅਮਜਦ ਵੱਲ ਸੀ।

"ਉਸ ਦਾ ਕਿਉਂ ਅੰਮੀ ?" ਮਾਂ ਦੀ ਛਾਤੀ ਨਾਲ ਲੱਗੀ ਲਗਾਈ ਆਫੀਆ ਬੋਲੀ।

"ਉਸਨੇ ਤੈਨੂੰ ਬਣਦੀ ਮੁਹੱਬਤ ਨ੍ਹੀਂ ਦਿੱਤੀ। ਅੱਲਾ ਕਰੇ ਉਸਦੇ ਕੀੜੇ....।"

"ਅੰਮੀ.... ਇਸ ਤੋਂ ਅੱਗੇ ਕੁਛ ਨਾ ਬੋਲੀਂ।" ਮਾਂ ਦੀ ਗੱਲ ਵਿਚਕਾਰੋਂ ਕਟਦਿਆਂ ਆਫੀਆ ਉਸ ਤੋਂ ਵੱਖ ਹੋ ਗਈ।

"ਤੂੰ ਅਜੇ ਵੀ ਉਸਦੀ ਤਰਫਦਾਰੀ ਕਰਦੀ ਐਂ। ਉਸਨੇ ਤਾਂ ਤੈਨੂੰ ਤਲਾਕ ਦੇਣ ਲੱਗੇ ਨੇ ਕੁਛ ਸੋਚਿਆ ਨਾ।"

"ਅੰਮੀ ਉਹ ਹੋਰ ਗੱਲ ਐ। ਉਹ ਸਾਡਾ ਆਪਸ ਦਾ ਮਾਮਲਾ ਸੀ। ਪਰ ਮੈਂ ਅਮਜਦ ਬਾਰੇ ਕੁਛ ਨ੍ਹੀਂ ਸੁਣ ਸਕਦੀ।"

"ਮੈਂ ਤੇਰੇ ਨਾਲ ਸਹਿਮਤ ਨ੍ਹੀਂ ਆਂ ਆਫੀਆ। ਜੇਕਰ ਉਹ ਚਾਹੁੰਦਾ ਤਾਂ ਤੂੰ ਆਪਣੇ ਘਰੇ ਸੁੱਖ ਸ਼ਾਂਤੀ ਨਾਲ ਰਹਿ ਸਕਦੀ ਸੀ ਤੇ....।"

"ਤੇ ਕੀ ?"

“ਤੂੰ ਇਨ੍ਹਾਂ ਗਲਤ ਰਾਹਾਂ ’ਤੇ ਜਾਣ ਤੋਂ ਬਚ ਰਹਿੰਦੀ।”

“ਅੰਮੀ....।” ਆਫੀਆ ਭੜਕਦਿਆਂ ਹੋਇਆਂ ਉੱਠ ਖਲੋਤੀ। ਉਹ ਗੁੱਸੇ ਨਾਲ ਕੰਬਦਿਆਂ ਹੋਇਆਂ ਫਿਰ ਬੋਲੀ, “ਇਹ ਗਲਤ ਰਾਹ ਨ੍ਹੀਂ ਐ। ਇਹ ਤਾਂ ਸਗੋਂ ਅੱਲਾ ਦੀ ਖਿਦਮਤ ਕਰਨ ਦਾ ਇੱਕੋ ਇੱਕ ਰਾਹ ਐ। ਤੁਸੀਂ ਲੋਕ ਕੀ ਜਾਣੋ ਕਿ ਜਿਹਾਦ ਕਿੰਨਾ ਪਵਿੱਤਰ ਕਾਰਜ ਐ।”

“ਪਹਿਲਾਂ ਤੇਰੇ ਦੁੱਖ ’ਚ ਤੇਰਾ ਅੱਬੂ ਚੱਲ ਵਸਿਆ ਤੇ ਹੁਣ....।” ਇਸਮਤ ਰੋਣ ਲੱਗੀ।

“ਮਰਨਾ ਤਾਂ ਸਭ ਨੇ ਈ ਐਂ। ਪਰ ਕੁਰਬਾਨੀ ਕੋਈ ਕੋਈ ਈ ਕਰਨ ਜਾਣਦਾ ਐ।” ਆਫੀਆ ਉਵੇਂ ਹੀ ਗੁੱਸੇ ਨਾਲ ਕੰਬੀ ਜਾ ਰਹੀ ਸੀ।

“ਤੈਨੂੰ ਪਤਾ ਐ ਕਿ ਤੇਰੇ ਅੱਬੂ ਨੇ ਮਰਨ ਵੇਲੇ ਕੀ ਕਿਹਾ ਸੀ ?”

“ਹਾਂ ਹਾਂ ਮੈਨੂੰ ਯਾਦ ਐ।” ਆਫੀਆ ਨੂੰ ਉਹ ਗੱਲ ਯਾਦ ਆਈ ਜਦੋਂ ਆਖਰੀ ਦਿਨਾਂ ’ਚ ਉਸਦੇ ਅੱਬੂ ਨੇ ਉਸ ਬਾਰੇ ਕਿਹਾ ਸੀ ਕਿ ਇਸ ਨਾਲੋਂ ਚੰਗਾ ਸੀ ਆਫੀਆ ਜੰਮਦੀ ਹੀ ਮਰ ਜਾਂਦੀ। ਉਸ ਵੇਲੇ ਆਫੀਆ ਚੁੱਪ ਰਹੀ ਸੀ ਕਿਉਂਕਿ ਉਹ ਜਾਣਦੀ ਸੀ ਕਿ ਇਹ ਉਸ ਦੇ ਪਿਉ ਦਾ ਆਖਰੀ ਵਕਤ ਐ। ਪਰ ਅੱਜ ਉਹ ਚੁੱਪ ਨਾ ਰਹੀ। ਮਾਂ ਵੱਲ ਘੂਰਦਿਆਂ ਉਹ ਫਿਰ ਬੋਲੀ, “ਤੁਸੀਂ ਲੋਕ ਇਸ ਧਰਤੀ ’ਤੇ ਭਾਰ ਓਂ। ਖਾ ਲਿਆ, ਪੀ ਲਿਆ ਤੇ ਜ਼ਿੰਦਗੀ ਗੁਜ਼ਾਰ ਲਈ। ਤੁਹਾਨੂੰ ਜਿਹਾਦ ਵਰਗੇ ਪਵਿੱਤਰ ਕਾਰਜਾਂ ਦੀ ਸਮਝ ਨ੍ਹੀਂ ਆ ਸਕਦੀ।”

ਫੌਜ਼ੀਆ ਨੇ ਇਸ਼ਾਰੇ ਨਾਲ ਮਾਂ ਨੂੰ ਚੁੱਪ ਕਰਾਇਆ ਤੇ ਫਿਰ ਉਹ ਆਫੀਆ ਨੂੰ ਸ਼ਾਂਤ ਕਰਨ ਲੱਗੀ। ਹੌਲੀ ਹੌਲੀ ਮਾਹੌਲ ਸਾਵਾਂ ਹੋ ਗਿਆ। ਦੇਰ ਰਾਤ ਤੱਕ ਇਸਮਤ ਅਤੇ ਫੌਜ਼ੀਆ ਉਸਨੂੰ ਢੰਗ ਤਰੀਕੇ ਨਾਲ ਸਮਝਾਉਂਦੀਆਂ ਰਹੀਆਂ। ਪਰ ਆਫੀਆ ਨੇ ਮੁੜ ਕੇ ਉਨ੍ਹਾਂ ਨਾਲ ਢੰਗ ਨਾਲ ਗੱਲ ਨਾ ਕੀਤੀ। ਖਾ ਪੀ ਕੇ ਸਭ ਪੈ ਗਏ ਪਰ ਆਫੀਆ ਪਲ ਭਰ ਵੀ ਨਾ ਸੁੱਤੀ। ਉਹ ਸਾਰੀ ਰਾਤ ਨਮਾਜ਼ਾਂ ਅਦਾ ਕਰਦੀ ਰਹੀ ਤੇ ਆਪਣੇ ਆਪ ਨਾਲ ਗੱਲਾਂ ਕਰਦੀ ਰਹੀ। ਅਗਲੇ ਦਿਨ ਸਵੇਰੇ ਸੰਦੇਹਾਂ ਹੀ ਸਦੀਕੀ ਨੇ ਉਸਨੂੰ ਬੁਲਾਇਆ, “ਆਫੀਆ ਬੇਟੀ ਤੂੰ ਤਾਂ ਸਾਰੀ ਰਾਤ ਸੁੱਤੀ ਨ੍ਹੀਂ ਐਂ। ਕਿਵੇਂ ਤਬੀਅਤ ਤਾਂ ਠੀਕ ਐ ਨਾ ?”

“ਅੰਕਲ ਭਾਵਕ ਮਾਹੌਲ ਨੇ ਮੇਰੇ ਅੰਦਰ ਜੋ ਕਮਜ਼ੋਰੀ ਲਿਆਂਦੀ ਸੀ ਮੈਂ ਉਸੇ ਲਈ ਅੱਲਾ ਤੋਂ ਭੁੱਲਾਂ ਬਖਸ਼ਾਉਂਦੀ ਰਹੀ। ਹੁਣ ਮੈਂ ਪੂਰੀ ਤਰ੍ਹਾਂ ਉਸ ਮਾਹੌਲ ’ਚੋਂ ਬਾਹਰ ਆ ਚੁੱਕੀ ਆਂ।”

ਉਸ ਦੀ ਗੱਲ ਦਾ ਕੋਈ ਜੁਆਬ ਦਿੱਤੇ ਬਿਨਾ ਸਦੀਕੀ ਰਸੋਈ ’ਚ ਚਲਾ ਗਿਆ ਤੇ ਉਸ ਲਈ ਚਾਹ ਦਾ ਕੱਪ ਲੈ ਆਇਆ। ਪਰ ਆਫੀਆ ਨੇ ਕੁਝ ਵੀ ਖਾਣ ਪੀਣ ਤੋਂ ਇਨਕਾਰ ਕਰ ਦਿੱਤਾ। ਜਦੋਂ ਨੂੰ ਇਸਮਤ ਅਤੇ ਫੌਜ਼ੀਆ ਉੱਥੇ ਆਈਆਂ ਤਾਂ ਆਫੀਆ ਆਪਣਾ ਸਾਮਾਨ ਬੰਨ ਰਹੀ ਸੀ। ਉਹ ਹੈਰਾਨ ਹੋ ਕੇ ਉਸ ਵੱਲ ਝਾਕੀਆਂ ਤੇ ਇਸਮਤ ਬੋਲੀ, “ਆਫੀਆ ਤੂੰ ਇੰਨੇ ਸਵੇਰੇ ਕਿੱਧਰ ਲਈ ਤਿਆਰ ਹੋ ਰਹੀ ਐਂ ?”

“ਮੈਂ ਆਪਣੀ ਅਸਲੀ ਮੰਜ਼ਲ ਵੱਲ ਜਾ ਰਹੀ ਆਂ।” ਉਹ ਬਿਨਾਂ ਉਨ੍ਹਾਂ ਵੱਲ ਵੇਖਿਆਂ ਬੋਲੀ। ਸਾਰੇ ਚੁੱਪ ਚਾਪ ਉਸ ਵੱਲ ਵੇਖਦੇ ਰਹੇ ਤੇ ਉਹ ਤਿਆਰ ਹੁੰਦੀ ਰਹੀ। ਆਖਰ ਸਦੀਕੀ ਨੇ ਪਿਆਰ ਨਾਲ ਉਸਨੂੰ ਬੁਲਾਇਆ, “ਆਫੀਆ ਬੇਟੀ ਇੰਨੀ ਕਾਹਲੀ ਕਿਉਂ ਕਰ ਰਹੀ ਐਂ। ਮੈਂ ਤੇਰੇ ਨਾਲ ਵਾਅਦਾ ਕੀਤਾ ਐ ਕਿ ਮੈਂ ਤੈਨੂੰ ਖੁਦ ਤੇਰੀ ਮੰਜ਼ਲ ’ਤੇ ਪਹੁੰਚਾ ਕੇ ਆਵਾਂਗਾ।”

“ਨ੍ਹੀਂ ਅੰਕਲ, ਹੁਣ ਮੇਰੇ ਲਈ ਇੱਥੇ ਹੋਰ ਠਹਿਰਨਾ ਮੁਮਕਿਨ ਨ੍ਹੀਂ ਐ। ਮੈਂ ਨ੍ਹੀਂ ਚਾਹੁੰਦੀ ਕਿ ਇਹ ਮਾਹੌਲ ਮੇਰੇ ਇਰਾਦੇ ਨੂੰ ਕਮਜ਼ੋਰ ਬਣਾਵੇ।”

“ਪਰ ਮੈਂ ਕਹਿ ਰਿਹਾ ਆਂ ਕਿ ਮੈਂ ਤੈਨੂੰ....।”

“ਅੰਕਲ ਮੇਰੀ ਮੰਜ਼ਲ ਮੈਨੂੰ ਪਤਾ ਐ ਤੇ ਉੱਥੇ ਪਹੁੰਚਣ ਦਾ ਰਾਹ ਵੀ ਮੈਂ ਆਪ ਈ ਲੱਭਾਂਗੀ।” ਇੰਨਾ ਕਹਿੰਦਿਆਂ ਆਫੀਆ ਨੇ ਆਪਣਾ ਭਾਰਾ ਕਾਲਾ ਬੈੱਗ ਚੁੱਕ ਕੇ ਮੋਢੇ ਪਾ ਲਿਆ। ਸਦੀਕੀ ਨੇ ਉਸਦਾ ਬੈੱਗ ਚੁੱਕਣ ’ਚ ਮਦਦ ਕਰਨੀ ਚਾਹੀ ਤਾਂ ਆਫੀਆ ਨੇ ਬੈੱਗ ਨੂੰ ਹੱਥ ਨਾ ਲਾਉਣ ਦਿੱਤਾ। ਜਦੋਂ ਉਹ ਤੁਰਨ ਲੱਗੀ ਤਾਂ ਸਦੀਕੀ ਨੇ ਟੈਕਸੀ ਤੱਕ ਉਡੀਕਣ ਦਾ ਕਿਹਾ। ਆਫੀਆ ਨੇ ਬੈੱਗ ਥੱਲੇ ਰੱਖਦਿਆਂ ਉਸਦੀ ਗੱਲ ਮੰਨ ਲਈ ਤਾਂ ਸਦੀਕੀ ਨੇ ਟੈਕਸੀ ਕਾਲ ਕਰ ਦਿੱਤੀ। ਟੈਕਸੀ ਆਉਣ ਤੱਕ ਇਸਮਤ ਅਤੇ ਫੌਜ਼ੀਆ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੀਆਂ ਰਹੀਆਂ ਪਰ ਉਸਨੇ ਢੰਗ ਨਾਲ ਗੱਲ ਨਾ ਕੀਤੀ। ਇਸਮਤ ਰੋਣ ਲੱਗੀ। ਉਸਨੇ ਆਫੀਆ ਨੂੰ ਕੁਝ ਪੈਸੇ ਦੇਣੇ ਚਾਹੇ ਤਾਂ ਉਸਨੇ ਪੈਸਿਆਂ ਵੱਲ ਵੇਖਿਆ ਵੀ ਨਾ। ਇੰਨੇ ਨੂੰ ਟੈਕਸੀ ਆ ਗਈ। ਆਫੀਆ ਨੇ ਹੇਠਾਂ ਰੱਖਿਆ ਬੈੱਗ ਚੁੱਕਿਆ ਤੇ ਬਾਹਰ ਨਿਕਲ ਤੁਰੀ। ਸਾਰਾ ਪਰਿਵਾਰ ਰੋਂਦਾ ਰਹਿ ਗਿਆ ਤੇ ਆਫੀਆ ਬਿਨਾਂ ਉਨ੍ਹਾਂ ਵੱਲ ਧਿਆਨ ਦਿੱਤਿਆਂ ਟੈਕਸੀ ’ਚ ਬਹਿ ਕੇ ਚਲੀ ਗਈ।

ਅਗਲੇ ਛੇ ਮਹੀਨੇ ਤੱਕ ਆਫੀਆ ਦੇ ਘਰ ਵਾਲਿਆਂ ਨੂੰ ਉਸ ਬਾਰੇ ਕੁਝ ਪਤਾ ਨਾ ਲੱਗਿਆ। ਫਿਰ ਉਸ ਦਿਨ ਉਨ੍ਹਾਂ ਦੇ ਹੋਸ਼ ਉੱਡ ਗਏ ਜਦੋਂ ਖ਼ਬਰ ਆਈ ਕਿ ਆਫੀਆ, ਅਫਗਾਨਿਸਤਾਨ ਦੇ ਗਜ਼ਨੀ ਸ਼ਹਿਰ ’ਚ ਫੜੀ ਗਈ...।

## 17

ਭਾਵੇਂ ਅਮਰੀਕਾ ਨੇ ਆਫੀਆ ਦੀ ਗ੍ਰਿਫ਼ਤਾਰੀ ਬਾਰੇ ਕੁਝ ਨਹੀਂ ਦੱਸਿਆ ਸੀ, ਪਰ ਫਿਰ ਵੀ ਇਹ ਗੱਲ ਪਾਕਿਸਤਾਨ ਵਿੱਚ ਪਹੁੰਚ ਗਈ। ਇੰਨਾ ਹੀ ਨਹੀਂ ਇਹ ਵੀ ਕਿ ਅਮਰੀਕਣਾਂ ਨੇ ਉਸਦੇ ਗੋਲੀ ਮਾਰੀ ਹੈ ਜਿਸ ਨਾਲ ਉਹ ਸਖਤ ਜ਼ਖ਼ਮੀ ਹੋ ਗਈ। ਲੋਕਾਂ ਦਾ ਸੋਚਣਾ ਸੀ ਕਿ ਉਸਨੂੰ ਜਾਨੋ ਮਾਰਨ ਲਈ ਹੀ ਉਸਦੇ ਗੋਲੀ ਮਾਰੀ ਗਈ ਹੋਊ, ਪਰ ਉਹ ਸਬੱਬੀਂ ਬਚ ਰਹੀ। ਪਰ ਇਸ ਗੱਲ ਬਾਰੇ ਅਮਰੀਕਣ ਫੌਜ ਦੇ ਅਫਸਰਾਂ ਦਾ ਕੁਝ ਹੋਰ ਕਹਿਣਾ ਸੀ। ਉਨ੍ਹਾਂ ਮੁਤਾਬਕ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਕੋਈ ਅੱਤਵਾਦੀ ਔਰਤ ਫੜੀ ਗਈ ਹੈ ਤਾਂ ਉਹ ਉਸ ਨਾਲ ਇੰਟਰਵਿਊ ਕਰਨ ਲਈ ਉਸ ਕਮਰੇ ’ਚ ਪਹੁੰਚੇ ਜਿੱਥੇ ਉਹ ਰੱਖੀ ਹੋਈ ਸੀ। ਅੰਦਰ ਸਾਹਮਣੇ ਕੁਝ ਅਫਗਾਨੀ ਪੁਲੀਸ ਵਾਲੇ ਬੈਠੇ ਸਨ। ਸਾਰਿਆਂ ਤੋਂ ਪਿੱਛੇ ਆਫੀਆ ਪਰਦੇ ਉਹਲੇ ਬੈਠੀ ਸੀ। ਉਹ ਬਹਿ ਕੇ ਅਫਗਾਨ ਪੁਲੀਸ ਵਾਲਿਆਂ ਨਾਲ ਗੱਲਬਾਤ ਕਰਨ ਲੱਗੇ ਹੀ ਸਨ ਕਿ ਆਫੀਆ ਨੇ ਪਰਦੇ ਪਿੱਛਿਉਂ ਅੱਗੇ ਆਉਂਦਿਆਂ ਇੱਕ ਅਮਰੀਕਣ ਅਫਸਰ ਦੀ ਐਮ 4 ਗੰਨ ਚੁੱਕ ਲਈ ਤੇ ਉਹ ਉਨ੍ਹਾਂ ’ਤੇ ਗੋਲੀਉਂ ਚਲਾਉਣ ਲੱਗੀ। ਆਪਣੇ ਬਚਾਅ ਲਈ, ਕੋਲੋਂ ਅਮਰੀਕਣ ਅਫਸਰ ਨੇ ਗੋਲੀ ਚਲਾਈ ਜੋ ਆਫੀਆ ਦੇ ਪੇਟ ’ਚ ਲੱਗੀ। ਫਿਰ ਉਹ ਉਸਨੂੰ ਜ਼ਖ਼ਮੀ ਹੋਈ ਨੂੰ ਸਟਰੈਚਰ ’ਤੇ ਪਾ ਕੇ ਆਪਣੇ ਬੇਸ ਲੈ ਗਏ। ਇਸ ਘਟਨਾ ਬਾਰੇ ਆਫੀਆ ਨੇ ਅੱਗੇ ਚੱਲ ਕੇ ਕੋਰਟ ਨੂੰ ਕੁਝ ਹੋਰ ਦੱਸਿਆ। ਖੈਰ ਆਫੀਆ ਦੇ ਗੋਲੀ ਲੱਗਣ ਦੀ ਗੱਲ ਸੁਣ ਕੇ ਪਾਕਿਸਤਾਨ ਦੇ ਲੋਕ ਭੜਕ ਉੱਠੇ। ਹਿਊਮਨ ਰਾਈਟਸ ਵਾਲੇ ਅਤੇ ਹੋਰ ਕਈ ਗਰੁੱਪ ਅੱਗੇ ਆ ਗਏ ਸਨ। ਪਾਕਿਸਤਾਨ ਵਿੱਚ ਮਾਹੌਲ ਬਹੁਤ ਗਰਮਾ ਗਿਆ। ਆਫੀਆ ਸਦੀਕੀ ਦਾ ਨਾਂ ਬੱਚੇ ਬੱਚੇ ਦੀ ਜ਼ੁਬਾਨ ’ਤੇ ਚੜ੍ਹ ਗਿਆ। ਜਲਸੇ ਜਲੂਸਾਂ ਦਾ ਹਰ ਪਾਸੇ ਹੜ੍ਹ ਆ ਗਿਆ। ਮੁਜ਼ਾਹਰੇ ਹੁੰਦੇ ਤਾਂ ਲੋਕਾਂ ਦੇ ਹੱਥਾਂ ’ਚ ਸਲੋਗਨ ਚੁੱਕੇ ਹੁੰਦੇ। ਕਿਸੇ ’ਤੇ ਲਿਖਿਆ ਹੁੰਦਾ ‘ਡਾਕਟਰ ਸਦੀਕੀ ਨੂੰ ਰਿਹਾ ਕਰੋ’। ਕਿਸੇ ’ਤੇ ਲਿਖਿਆ ਹੁੰਦਾ ‘ਇਸਲਾਮ ਦੀ ਧੀ ਆਫੀਆ ਸਦੀਕੀ’। ਦਿਨਾਂ ’ਚ ਹੀ ਆਫੀਆ ਦਾ ਨਾਂ, ਕੌਮ ਦਾ ਮਾਣ ਬਣ ਗਿਆ। ਇੱਧਰ ਜਲਸੇ ਜਲੂਸ ਜ਼ੋਰਾਂ ’ਤੇ ਸਨ ਤੇ ਉੱਧਰ ਅਮਰੀਕਾ ਵਾਲੇ ਆਫੀਆ ਨੂੰ ਨਿਊਯਾਰਕ ਲਿਜਾ ਚੁੱਕੇ ਸਨ। ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਦੁਆਰਾ ਪਰੈੱਸ ਕਾਨਫਰੰਸ ਬੁਲਾ ਕੇ ਇਹ ਦੱਸ ਦਿੱਤਾ ਗਿਆ ਕਿ ਐਫ. ਬੀ. ਆਈ. ਦੁਆਰਾ ਐਲਾਨੀ ਗਈ ਸਭ ਤੋਂ ਵੱਧ ਖਤਰਨਾਕ ਅੱਤਵਾਦੀ ਔਰਤ, ਆਫੀਆ ਸਦੀਕੀ ਫੜ੍ਹੀ ਜਾ ਚੁੱਕੀ ਹੈ।

ਆਫੀਆ ਨੂੰ ਨਿਊਯਾਰਕ ਦੇ ਉਸੇ ਮੈਟਰੋਪਾਲੇਟਿਨ ਡਿਟੈਨਸ਼ਨ ਸੈਂਟਰ ਵਿੱਚ ਬੰਦ ਕੀਤਾ ਗਿਆ ਜਿੱਥੇ ਕਦੇ 1993 ਦੇ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਦੀ ਪਾਰਕਿੰਗ ਵਿੱਚ ਧਮਾਕਾ ਕਰਨ ਵਾਲੇ ਰਮਜੀ ਯੂਸਫ ਜਾਂ ਉਜ਼ੇਰ ਪਰਾਚਾ ਨੂੰ ਰੱਖਿਆ ਗਿਆ ਸੀ। ਉਸਦੇ ਹੋਰ ਬਹੁਤ ਸਾਰੇ ਸਾਥੀ ਜੋ ਇਸ ਵੇਲੇ ਜੇਲ੍ਹਾਂ 'ਚ ਆਪਣੀ ਸਜ਼ਾ ਭੁਗਤ ਰਹੇ ਸਨ ਇਸੇ ਸੈਂਟਰ ਵਿੱਚੋਂ ਦੀ ਲੰਘ ਕੇ ਗਏ ਸਨ। ਪੰਜ ਅਗਸਤ 2008 ਨੂੰ, ਸਵੇਰੇ ਦਸ ਵਜੇ ਆਫੀਆ ਨੂੰ ਪਹਿਲੀ ਵਾਰ ਕੋਰਟ 'ਚ ਪੇਸ਼ ਕੀਤਾ ਗਿਆ। ਕੋਰਟ ਕੰਪਲੈਕਸ ਖਚਾ ਖਚ ਭਰਿਆ ਹੋਇਆ ਸੀ। ਪਰੈੱਸ ਸਮੇਤ ਬਹੁਤੇ ਲੋਕ ਇਹ ਵੇਖਣ ਲਈ ਉਤਾਵਲੇ ਸਨ ਕਿ ਅੱਤਵਾਦ ਦੀ ਦੁਨੀਆਂ ਦੀ ਸਭ ਤੋਂ ਖਤਰਨਾਕ ਔਰਤ ਵੇਖਣ ਨੂੰ ਲੱਗਦੀ ਕਿਹੋ ਜਿਹੀ ਹੈ। ਥੋੜ੍ਹੀ ਦੇਰ ਪਿੱਛੋਂ ਪੁਲੀਸ ਵਾਲਿਆਂ ਨੇ ਇੱਕ ਪੈਂਤੀ ਕੁ ਵਰਿਆਂ ਦੀ, ਛੋਟੀ ਜਿਹੀ ਤੇ ਭੋਲੀ ਭਾਲੀ ਦਿਸਦੀ ਔਰਤ ਨੂੰ ਲਿਆ ਕੇ ਕੋਰਟ 'ਚ ਖੜ੍ਹਾ ਕੀਤਾ ਤਾਂ ਸਭ ਹੈਰਾਨ ਰਹਿ ਗਏ। ਉਸਨੇ ਹਲਕੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਸਿਰ 'ਤੇ ਨਾਭੀ ਰੰਗ ਦਾ ਸਕਾਰਫ ਲਪੇਟਿਆ ਹੋਇਆ ਸੀ। ਵੇਖਣ ਨੂੰ ਉਹ ਬਹੁਤ ਹੀ ਕਮਜ਼ੋਰ ਲੱਗਦੀ ਸੀ। ਸ਼ਾਇਦ ਉਹ ਅਜੇ ਤੱਕ ਗੋਲੀ ਲੱਗੇ ਜ਼ਖ਼ਮ ਕਾਰਨ ਪੂਰੀ ਤਰ੍ਹਾਂ ਠੀਕ ਨਹੀਂ ਹੋਈ ਸੀ। ਜੱਜ ਨੇ ਉਸਨੂੰ ਪੁੱਛਿਆ ਕਿ ਤੂੰ ਆਪਣਾ ਦੋਸ਼ ਸਵੀਕਾਰ ਕਰਦੀ ਹੈਂ ਤਾਂ ਉਸਨੇ ਨਾਂਹ ਵਿੱਚ ਸਿਰ ਮਾਰਿਆ। ਪਰੈੱਸ ਦੇ ਲੋਕਾਂ ਨਾਲ ਖਚਾ ਖਚ ਭਰੀ ਕੋਰਟ ਵਿੱਚ ਚੁੱਪ ਛਾਈ ਹੋਈ ਸੀ। ਸਭ ਨੂੰ ਲੱਗ ਰਿਹਾ ਸੀ ਕਿ ਇਹ ਕੇਸ ਅੱਤਵਾਦ ਖਿਲਾਫ ਚੱਲ ਰਹੀ ਗੁਪਤ ਲੜਾਈ ਦਾ ਸਭ ਤੋਂ ਔਖਾ ਕੇਸ ਹੋਵੇਗਾ। ਆਮ ਲੋਕਾਂ ਦੇ ਤਾਂ ਇਹ ਗੱਲ ਵੀ ਮੰਨਣ 'ਚ ਨਹੀਂ ਆ ਰਹੀ ਸੀ ਕਿ ਆਫੀਆ ਨੂੰ ਵਾਕਿਆ ਹੀ ਗਜ਼ਨੀ ਸ਼ਹਿਰ ਵਿੱਚ ਫੜ੍ਹਿਆ ਗਿਆ ਹੋਵੇਗਾ। ਉਹ ਸੋਚ ਰਹੇ ਸਨ ਕਿ ਪਿਛਲੇ ਪੰਜ ਸਾਲਾਂ ਤੋਂ ਗੁਪਤ ਜੇਲ੍ਹ 'ਚ ਰੱਖੀ ਆਫੀਆ ਨੂੰ ਸਿਰਫ ਡਰਾਮਾ ਰਚਣ ਲਈ ਗਜ਼ਨੀ ਦੇ ਬਾਜ਼ਾਰ ਵਿੱਚ ਲਿਆ ਕੇ ਛੱਡ ਦਿੱਤਾ ਗਿਆ ਹੋਵੇਗਾ ਤੇ ਨਾਲ ਦੀ ਨਾਲ ਫੜ੍ਹ ਲਿਆ ਗਿਆ ਹੋਵੇਗਾ। ਕਈਆਂ ਨੂੰ ਤਾਂ ਇਹ ਵੀ ਲੱਗਿਆ ਕਿ ਇਹ ਕੁੜੀ ਅੱਤਵਾਦੀ ਹੋ ਹੀ ਨਹੀਂ ਸਕਦੀ। ਖੈਰ ਯੂ. ਐੱਸ. ਏ. ਦੀ ਸਿਵਲ ਰਾਈਟਸ ਯੂਨੀਅਨ ਨੂੰ ਲੱਗਿਆ ਕਿ ਅਜਿਹਾ ਕੇਸ ਆ ਚੁੱਕਿਆ ਹੈ ਉਹ ਜਿਸਨੂੰ ਉਹ ਚਿਰਾਂ ਤੋਂ ਉਡੀਕ ਰਹੇ ਸਨ। ਕਿਉਂਕਿ ਉਹ ਕਈ ਸਾਲਾਂ 'ਤੋਂ ਸਰਕਾਰ 'ਤੇ ਦੋਸ਼ ਲਾਉਂਦੇ ਆ ਰਹੇ ਸਨ ਕਿ ਉਹ ਅੱਤਵਾਦ ਖਿਲਾਫ ਲੜਾਈ ਦਾ ਬਹਾਨਾ ਵਰਤ ਕੇ ਬਹੁਤ ਸਾਰੇ ਲੋਕਾਂ ਨੂੰ ਲੰਬੇ ਚਿਰ ਤੋਂ ਗੁਪਤ ਜੇਲ੍ਹਾਂ ਵਿੱਚ ਬੰਦ ਕਰੀ ਬੈਠੀ ਹੈ ਤੇ ਉਨ੍ਹਾਂ 'ਤੇ ਅਣਮਨੁੱਖੀ ਤਸ਼ੱਦਤ ਕੀਤਾ ਜਾ ਰਿਹਾ ਹੈ। ਹੁਣ ਉਨ੍ਹਾਂ ਦੀ ਸੋਚਣੀ ਸੀ ਕਿ ਇਸ ਕੇਸ ਰਾਹੀਂ ਉਹ ਇਸ ਸਚਾਈ ਨੂੰ ਸਾਹਮਣੇ ਲੈ ਆਉਣਗੇ। ਆਫੀਆ ਨੂੰ ਸਿਵਲ ਰਾਈਟਸ ਯੂਨੀਅਨ ਵੱਲੋਂ, ਫਿੰਕ ਨਾਂ ਦੀ ਉੱਚ ਕੋਟੀ ਦੀ ਵਕੀਲ ਦਿੱਤੀ ਗਈ। ਉਸ ਦਿਨ ਥੋੜ੍ਹੀ ਬਹੁਤ ਕਾਰਵਾਈ ਕਰਦਿਆਂ ਜੱਜ ਨੇ ਕੋਰਟ ਬਰਖਾਸਤ ਕਰ ਦਿੱਤੀ। ਮਾਰਸ਼ਲ ਆਫੀਆ ਨੂੰ ਵਾਪਸ ਜੇਲ੍ਹ ਵੱਲ ਲੈ ਗਏ। ਅਗਲੇ ਦਿਨ ਆਫੀਆ ਦੇ ਪਰਿਵਾਰ ਦੀ ਵਕੀਲ, ਸ਼ਾਰਪ ਵੀ ਉੱਥੇ ਪਹੁੰਚ ਗਈ। ਫਿੰਕ ਅਤੇ ਸ਼ਾਰਪ ਨੇ ਤਕਰੀਬਨ ਤਿੰਨ ਘੰਟੇ ਜੇਲ੍ਹ 'ਚ ਆਫੀਆ ਨਾਲ ਲੰਬੀ ਇੰਟਰਵਿਊ ਕੀਤੀ। ਬਾਹਰ ਆ ਕੇ ਸ਼ਾਰਪ ਨੇ ਐਲਾਣ ਕੀਤਾ ਕਿ ਆਫੀਆ ਮੁਤਾਬਕ ਉਸਨੂੰ ਪਿਛਲੇ ਕਿੰਨੇ ਹੀ ਸਾਲਾਂ ਤੋਂ ਅਫਗਾਨਿਸਤਾਨ ਦੇ ਬੈਗਰਾਮ ਏਅਰਫੋਰਸ ਬੇਸ ਦੇ ਕਿਸੇ ਗੁਪਤ ਸੈੱਲ 'ਚ ਕੈਦ ਰੱਖਿਆ ਗਿਆ ਸੀ। ਇਸਦੇ ਉਲਟ ਅਮਰੀਕਨ ਸਰਕਾਰ ਇਹ ਨਹੀਂ ਸੀ ਮੰਨਦੀ ਕਿ ਉਹ ਪਹਿਲਾਂ ਤੋਂ ਐਫ. ਬੀ. ਆਈ. ਜਾਂ ਸੀ. ਆਈ. ਏ. ਦੀ ਹਿਰਾਸਤ ਵਿੱਚ ਸੀ। ਪਰ ਉਹ ਇਹ ਕਹਿ ਰਹੀ ਸੀ ਕਿ ਇਹ ਬਹੁਤ ਹੀ ਖਤਰਨਾਕ ਅੱਤਵਾਦੀ ਹੈ। ਸਰਕਾਰ ਮੁਤਾਬਰ ਸਭ ਤੋਂ ਵੱਡਾ ਸਬੂਤ ਉਸ ਕੋਲ ਫੜ੍ਹੇ ਗਏ ਉਹ ਕਾਗਜ਼ ਪੱਤਰ ਸਨ ਜੋ ਉਸਦੀ ਗ੍ਰਿਫਤਾਰੀ ਵੇਲੇ ਥਾਣੇਦਾਰ ਗਨੀ ਖਾਂ ਨੇ ਫੜੇ ਸਨ। ਆਫੀਆ ਦੀ ਵਕੀਲ ਦਾ ਕਹਿਣਾ ਸੀ ਕਿ ਇਹ ਸਾਰੇ ਪੇਪਰ ਝੂਠੇ ਹਨ ਅਤੇ ਗੌਰਮਿੰਟ ਵੱਲੋਂ ਪਲਾਂਟ ਕੀਤੇ ਗਏ ਹਨ। ਪਰ ਇਨ੍ਹਾਂ 'ਚ ਕਾਫੀ ਸਾਰੇ ਪੇਪਰ ਆਫੀਆ ਦੀ ਆਪਣੀ ਹੱਥ ਲਿਖਤ ਸੀ ਜੋ ਉਸ ਨੂੰ ਸ਼ੱਕ ਦੇ ਘੇਰੇ 'ਚ ਲਿਆ ਰਹੀ ਸੀ। ਪਿੱਛੇ ਪਾਕਿਸਤਾਨ 'ਚ ਇਹੀ ਗੱਲ ਉਸਦੇ ਮਾਮੇ ਫਾਰੂਕੀ ਨੇ ਸੁਣੀ ਤਾਂ ਉਸਨੂੰ ਕੋਈ ਸ਼ੱਕ ਨਾ ਰਿਹਾ। ਉਸਨੂੰ ਯਾਦ ਆਇਆ ਕਿ ਛੇ ਮਹੀਨੇ ਪਹਿਲਾਂ ਜਦੋਂ ਆਫੀਆ ਉਸਦੇ ਘਰ ਆਈ ਸੀ ਤਾਂ ਇਹੀ ਕਾਲਾ ਬੈਗ ਉਸਦੇ ਕੋਲ ਸੀ ਜਿਸਨੂੰ ਉਹ ਹੱਥ ਨਹੀਂ ਲਾਉਣ ਦੇ ਰਹੀ ਸੀ ਅਤੇ ਬੜਾ ਸੰਭਾਲ ਸੰਭਾਲ ਕੇ ਰੱਖ ਰਹੀ ਸੀ। ਅਮਜਦ ਅਤੇ ਉਸਦੇ ਘਰਦਿਆਂ ਨੇ ਉਸਦੀ ਗ੍ਰਿਫਤਾਰ ਹੋਣ ਦੀ ਗੱਲ ਸੁਣੀ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਇਹ ਜਾਣਨ

ਦੀ ਕਾਹਲੀ ਹੋਈ ਕਿ ਉਸ ਕੋਲ ਬੱਚੇ ਸਨ ਕਿ ਨਹੀਂ। ਖੈਰ ਬੱਚੇ ਉਸ ਕੋਲ ਨਹੀਂ ਸਨ। ਪਰ ਜਦੋਂ ਅਮਜਦ ਨੇ ਉਹ ਵੀਡੀਉ ਵੇਖੀ ਜੋ ਆਫੀਆ ਦੀ ਗ੍ਰਿਫਤਾਰੀ ਤੋਂ ਅਗਲੇ ਦਿਨ ਪੁਲੀਸ ਵੱਲੋਂ ਬਣਾਈ ਗਈ ਸੀ ਤਾਂ ਉਸਨੇ ਆਫੀਆ ਨਾਲ ਫੜ੍ਹੇ ਗਏ ਮੁੰਡੇ ਨੂੰ ਪਛਾਣ ਲਿਆ। ਇਹ ਉਸਦਾ ਆਪਣਾਂ ਪੁੱਤਰ ਅਹਿਮਦ ਸੀ। ਪਰ ਆਫੀਆ ਆਪਦੇ ਪੁੱਤ ਦੀ ਸ਼ਨਾਖਤ ਲੁਕਾ ਕੇ ਰੱਖਣੀ ਚਾਹੁੰਦੀ ਸੀ। ਉਸਨੇ ਆਪਣੀ ਇੰਟੈਰੋਗੇਸ਼ਨ ਕਰਨ ਵਾਲਿਆਂ ਨੂੰ ਇਹੀ ਕਿਹਾ ਕਿ ਉਹ ਮੁੰਡਾ ਕੋਈ ਯਤੀਮ ਸੀ ਇਸੇ ਲਈ ਉਸਨੇ ਉਸਨੂੰ ਆਪਣੇ ਕੋਲ ਰੱਖਿਆ ਹੋਇਆ ਸੀ ਕਿਉਂਕਿ ਉਸਦਾ ਆਪਣਾਂ ਕੋਈ ਨਹੀਂ ਸੀ। ਦੂਸਰਾ ਨਾਲ ਰੱਖਣ ਦਾ ਇੱਕ ਕਾਰਨ ਉਸਨੇ ਇਹ ਵੀ ਦੱਸਿਆ ਕਿ ਔਰਤ ਹੋਣ ਕਾਰਨ ਉਹ ਇਕੱਲੀ ਸਫਰ ਨਹੀਂ ਕਰ ਸਕਦੀ ਇਸੇ ਲਈ ਉਸ ਮੁੰਡੇ ਨੂੰ ਨਾਲ ਰੱਖਦੀ ਸੀ। ਪਰ ਜਦੋਂ ਐਫ. ਬੀ. ਆਈ. ਨੇ ਉਸ ਮੁੰਡੇ ਦਾ ਡੀ ਐੱਨ ਏ ਕਰਵਾਇਆ ਤਾਂ ਇਹ ਗੱਲ ਸਾਫ ਹੋ ਗਈ ਕਿ ਉਹ, ਆਫੀਆ ਦਾ ਆਪਣਾ ਪੁੱਤਰ ਹੈ। ਇਸ ਗੱਲ ਦਾ ਖੁਲਾਸਾ ਹੋਣ ਪਿੱਛੋਂ ਆਫੀਆ ਬਹੁਤ ਉਦਾਸ ਹੋ ਗਈ ਅਤੇ ਉਸਨੇ ਬੋਲਣਾ ਬੰਦ ਕਰ ਦਿੱਤਾ। ਉਸਨੂੰ ਆਪਣੇ ਮੁੰਡੇ ਦੀ ਜ਼ਿੰਦਗੀ ਬਾਰੇ ਫਿਕਰ ਹੋਇਆ। ਉਹ ਸੋਚਣ ਲੱਗੀ ਕਿ ਐਫ. ਬੀ. ਆਈ. ਉਸਦੇ ਮੁੰਡੇ ਨੂੰ ਮਾਰ ਸਕਦੀ ਹੈ ਜਾਂ ਲੰਬੇ ਸਮੇਂ ਤੱਕ ਆਪਣੀ ਹਿਰਾਸਤ ’ਚ ਰੱਖ ਸਕਦੀ ਹੈ, ਸਿਰਫ ਉਸਦੇ ਖਿਲਾਫ ਵਰਤਣ ਲਈ। ਕਿਉਂਕਿ ਅਮਰੀਕਨ ਕਾਨੂੰਨ ਮੁਤਾਬਕ ਬਾਰਾਂ ਸਾਲਾਂ ਦਾ ਬੱਚਾ ਆਪਣੇ ਮਾਂ ਪਿਉ ਦੇ ਹੱਕ ’ਚ ਜਾਂ ਉਲਟ ਗਵਾਹੀ ਦੇਣ ਦੇ ਕਾਬਲ ਸਮਝਿਆ ਜਾਂਦਾ ਹੈ। ਆਫੀਆ ਬਿਲਕੁਲ ਹੀ ਚੁੱਪ ਹੋ ਗਈ। ਉਸਨੇ ਆਪਣੇ ਵਕੀਲਾਂ ਨਾਲ ਵੀ ਬੋਲਣਾ ਛੱਡ ਦਿੱਤਾ। ਈਮੇਲ ਬਗੈਰਾ ਭੇਜਣੀਆਂ ਬੰਦ ਕਰ ਦਿੱਤੀਆਂ। ਪੁੱਤ ਦੇ ਦੁੱਖ ’ਚ ਉਹ ਸਾਰਾ ਦਿਨ ਇਕੱਲੀ ਬੈਠੀ ਰੋਂਦੀ ਰਹਿੰਦੀ ਸੀ। ਸਹੀ ਢੰਗ ਨਾਲ ਖਾਣਾ ਛੱਡ ਗਈ ਸੀ। ਉੱਧਰ ਪਾਕਿਸਤਾਨ ਵਿੱਚ ਜਨਤਾ ਬੜੀ ਹਮਦਰਦੀ ਨਾਲ ਆਫੀਆ ਦੀ ਕਹਾਣੀ ਸੁਣਦੀ ਜਾ ਰਹੀ ਸੀ। ਸਾਰਿਆਂ ਨੂੰ ਉਸ ਨਾਲ ਹੱਦੋਂ ਵੱਧ ਹਮਦਰਦੀ ਸੀ। ਪਾਕਿਸਤਾਨ ਦੇ ਟੀਵੀ ਚੈਨਲ, ਜਿਉ ਟੀਵੀ ਨੇ ਖਾਸ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਸੀ ਜਿਸਦਾ ਨਾਂ ਸੀ ‘ਏ ਹਿਊਮਨ ਰਾਈਟਸ ਟਰੈਜ਼ਿਡੀ, ਆਫੀਆ ਸਦੀਕੀ’। ਪਾਕਿਸਤਾਨ ਦੀ ਗੌਰਮਿੰਟ ’ਚ ਉਸ ਵੇਲੇ ਹਾਲਾਤ ਠੀਕ ਨਹੀਂ ਸਨ। ਮੁਸ਼ਰਫ ਨੇ ਅਸਤੀਫਾ ਦੇ ਦਿੱਤਾ ਸੀ ਅਤੇ ਨਵੀਂ ਚੋਣ ਹੋ ਜਾ ਰਹੀ ਸੀ। ਲੋਕਾਂ ਦੀ ਨਬਜ਼ ਪਛਾਣਦਿਆਂ ਉੱਥੇ ਦੀ ਨੈਸ਼ਨਲ ਅਸੈਂਬਲੀ ਨੇ ਆਫੀਆ ਸਦੀਕੀ ਦੇ ਹੱਕ ਵਿੱਚ ਮਤਾ ਪਾਸ ਕਰਦਿਆਂ, ਆਫੀਆ ਦੀ ਮੱਦਦ ਲਈ ਇੱਕ ਡੈਲੀਗੇਸ਼ਨ ਅਮਰੀਕਾ ਭੇਜਣ ਦਾ ਫੈਸਲਾ ਕਰ ਦਿੱਤਾ। ਉੱਧਰ ਅਮਰੀਕਾ ਨੇ ਇਸ ਵੇਲੇ ਡਰੋਨ ਹਮਲੇ ਵਧਾ ਦਿੱਤੇ ਸਨ ਤੇ ਇਨ੍ਹਾਂ ਵਿੱਚ ਚੋਟੀ ਦੇ ਅਲ ਕਾਇਦਾ ਮੈਂਬਰ ਮਾਰੇ ਜਾ ਰਹੇ ਸਨ। ਸਮਝਣ ਵਾਲੇ ਸਮਝਦੇ ਸਨ ਕਿ ਇਹ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਆਫੀਆ ਕੋਲੋਂ ਫੜ੍ਹੀ ਗਈ ਥੰਬ ਡਰਾਈਵ ਵਿੱਚੋਂ ਬਹੁਤ ਸਾਰੇ ਅਲ ਕਾਇਦਾ ਮੈਂਬਰਾਂ ਦੇ ਠਿਕਾਣਿਆਂ ਦਾ ਪਤਾ ਲੱਗਿਆ ਹੋਵੇਗਾ। ਹੋਰ ਕੁਝ ਤਾਂ ਪਾਕਿਸਤਾਨੀ ਸਰਕਾਰ ਨਾ ਕਰ ਸਕੀ ਪਰ ਆਫੀਆ ਦਾ ਮੁੰਡਾ, ਉਸਦੀ ਭੈਣ ਦੇ ਹਵਾਲੇ ਕਰਵਾਉਣ ਦਾ ਕੰਮ ਜ਼ਰੂਰ ਕਰਵਾ ਦਿੱਤਾ।

ਉੱਧਰ ਆਫੀਆ ਦਾ ਵਰਤਾਅ ਅਜੇ ਵੀ ਖਾਮੋਸ਼ ਅਤੇ ਜ਼ਿੱਦੀ ਸੀ। ਉਸਨੇ ਆਪਣੀ ਅਰੇਨਮੈਂਟ ’ਤੇ ਕੋਰਟ ’ਚ ਜਾਣ ਤੋਂ ਜੁਆਬ ਦੇ ਦਿੱਤਾ। ਉਸਨੇ ਕਿਸੇ ਨੂੰ ਵੀ ਮੁਲਾਕਤ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਉਸਨੇ ਵਕੀਲਾਂ ਨੂੰ ਮਿਲਣ ਤੋਂ ਮਨਾ ਕਰ ਦਿੱਤਾ ਤਾਂ ਫਿੰਕ ਵਰਗੀ ਮਸ਼ਹੂਰ ਵਕੀਲ ਨੇ ਵੀ ਬੇਵਸ ਜਿਹਾ ਮਹਿਸੂਸ ਕੀਤਾ। ਇਸ ਤਰ੍ਹਾਂ ਆਫੀਆ ਨੇ ਆਪਣੀਆਂ ਕਈ ਕੋਰਟ ਸੁਣਵਾਈਆਂ ਵੀ ਲੰਘਾ ਦਿੱਤੀਆਂ। ਇਹ ਵੇਖਦਿਆਂ ਉਸਦੀ ਵਕੀਲ ਨੇ ਕੋਰਟ ਨੂੰ ਬੇਨਤੀ ਕੀਤੀ ਕਿ ਆਫੀਆ ਦਿਮਾਗੀ ਤੌਰ ’ਤੇ ਸਹੀ ਨਹੀਂ ਜਾਪਦੀ ਇਸ ਕਰਕੇ ਉਸਦਾ ਮੁਆਇਨਾ ਕਰਵਾ ਕੇ ਇਲਾਜ਼ ਕਰਵਾਇਆ ਜਾਵੇ। ਜੱਜ ਨੇ ਇਸ ਬੇਨਤੀ ਨੂੰ ਮੰਨਦਿਆਂ ਆਫੀਆ ਨੂੰ ਫੈਡਰਲ ਮੈਡੀਕਲ ਸੈਂਟਰ ਕਾਰਸਵੈੱਲ, ਟੈਕਸਾਸ ਭੇਜਣ ਦਾ ਹੁਕਮ ਕਰ ਦਿੱਤਾ। ਇੱਥੇ ਪਹੁੰਚ ਕੇ ਆਫੀਆ ਨੇ ਮਾਨਸਿਕ ਤੌਰ ’ਕੇ ਕਾਫੀ ਰਾਹਤ ਮਹਿਸੂਸ ਕੀਤੀ। ਦਸੰਬਰ ਮਹੀਨੇ ਜਦੋਂ ਪਾਕਿਸਤਾਨੀ ਸਰਕਾਰ ਦਾ ਖਾਸ ਡੈਲੀਗੈਸ਼ਨ ਉਸਨੂੰ ਮਿਲਣ ਆਇਆ ਤਾਂ ਆਫੀਆ ਉਸ ਵੇਲੇ ਉਪਰੋਕਤ ਮੈਡੀਕਲ ਸੈਂਟਰ ਵਿੱਚ ਸੀ। ਉਸਨੇ ਬੜੇ ਚੰਗੇ ਢੰਗ ਨਾਲ ਇਸ ਡੈਲੀਗੇਸ਼ਨ ਨਾਲ ਮੁਲਾਕਾਤ ਕੀਤੀ। ਡੈਲੀਗੇਸ਼ਨ ਨੇ ਪਾਕਿਸਤਾਨ ਸਰਕਾਰ ਵੱਲੋਂ ਉਸਨੂੰ ਕਨੂੰਨੀ ਮੱਦਦ ਦਾ ਭਰੋਸਾ ਦਿਵਾਇਆ। ਇਸਦੇ ਛੇਤੀ ਪਿੱਛੋਂ ਪਾਕਿਸਤਾਨੀ ਸਰਕਾਰ ਨੇ

ਆਫੀਆ ਦੇ ਕਾਨੂੰਨੀ ਖਰਚਿਆਂ ਲਈ ਤਕਰੀਬਨ ਦੋ ਮਿਲੀਅਨ ਡਾਲਰ ਦੀ ਮੱਦਦ ਦਾ ਪ੍ਰਬੰਧ ਕਰ ਦਿੱਤਾ। ਉਦੋਂ ਹੀ ਅਮਰੀਕਣ ਸਰਕਾਰ ਨੇ ਫੈਸਲਾ ਕੀਤਾ ਕਿ ਉਹ ਆਫੀਆ 'ਤੇ ਅੱਤਵਾਦ ਦਾ ਮੁਕੱਦਮਾ ਨਹੀਂ ਚਲਾਏਗੀ, ਸਗੋਂ ਉਸ 'ਤੇ ਉਸ ਜ਼ੁਰਮ ਬਦਲੇ ਮੁਕੱਦਮਾ ਚਲਾਇਆ ਜਾਏਗਾ ਜੋ ਉਸਨੇ ਅਮਰੀਕਣ ਫੌਜ਼ੀਆਂ 'ਤੇ ਗੋਲੀ ਚਲਾਉਣ ਦਾ ਕੀਤਾ। ਇਸੇ ਵੇਲੇ ਆਫੀਆ ਦੇ ਡਾਕਟਰਾਂ ਨੇ ਆਪਣੀ ਰਿਪੋਰਟ 'ਚ ਲਿਖ ਦਿੱਤਾ ਕਿ ਉਹ ਮਾਨਸਿਕ ਤੌਰ 'ਤੇ ਬਿਮਾਰ ਹੈ। ਉਸਦੀ ਵਕੀਲ ਫਿੰਕ ਨੇ ਇਸਦਾ ਫਾਇਦਾ ਉਠਾਉਂਦਿਆਂ ਗੌਰਮਿੰਟ 'ਤੇ ਇਲਜ਼ਾਮ ਲਾਇਆ ਕਿ ਐਫ. ਬੀ. ਆਈ. ਦੇ ਤਸੀਹਿਆਂ ਕਾਰਨ ਹੀ ਆਫੀਆ ਦੀ ਇਹ ਹਾਲਤ ਹੋਈ ਹੈ। ਪਰ ਆਫੀਆ ਨੇ ਉਸ ਨਾਲ ਬੋਲਣਾ ਬੰਦ ਕਰ ਦਿੱਤਾ। ਸਿਰਫ ਉਸੇ ਨਾਲ ਹੀ ਨਹੀਂ ਸਗੋਂ ਆਫੀਆ ਹਰ ਉਸ ਸਖਸ਼ ਤੋਂ ਦੂਰ ਰਹਿਣ ਲੱਗੀ ਜਿਸ ਬਾਰੇ ਉਸਨੂੰ ਲੱਗਦਾ ਸੀ ਕਿ ਇਹ ਯਾਹੂਦੀ ਹੈ ਜਾਂ ਯਾਹੂਦੀਆਂ ਦੇ ਸੰਪਰਕ 'ਚ ਹੈ। ਉਸਦੀਆਂ ਅਜਿਹੀਆਂ ਹਰਕਤਾਂ, ਉਸਦੇ ਵਕੀਲਾਂ ਅਤੇ ਉਸਦੇ ਆਪਣਿਆਂ ਨੂੰ ਵੀ ਪਰੇਸ਼ਾਨ ਕਰ ਰਹੀਆਂ ਸਨ। ਉਂਝ ਇਸ ਵੇਲੇ ਆਫੀਆ ਬੜੇ ਚੰਗੇ ਰੌਂਅ ਵਿੱਚ ਸੀ। ਇੱਕ ਤਾਂ ਪਾਕਿਸਤਾਨੀ ਸਰਕਾਰ ਉਸਦੀ ਮੱਦਦ ਕਰ ਰਹੀ ਸੀ ਪਰ ਇਸ ਤੋਂ ਵੀ ਵੱਡੀ ਗੱਲ ਉਹ ਸੀ ਜੋ ਡਾਕਟਰ ਨੇ ਜੋ ਲਿਖ ਦਿੱਤਾ ਸੀ ਕਿ ਆਫੀਆ ਸਦੀਕੀ ਮਾਨਸਿਕ ਬਿਮਾਰੀ ਕਾਰਨ ਮੁਕੱਦਮੇ ਦਾ ਸਾਹਮਣਾ ਨਹੀਂ ਕਰ ਸਕਦੀ। ਉਸਨੂੰ ਜਾਪਦਾ ਸੀ ਕਿ ਸ਼ਾਇਦ ਮਾਨਸਿਕ ਬਿਮਾਰੀ ਦੀ ਵਜ੍ਹਾ ਕਰਕੇ ਉਸਨੂੰ ਐਵੇਂ ਹੀ ਰਿਹਾ ਕਰ ਦਿੱਤਾ ਜਾਵੇ। ਪਰ ਆਫੀਆ ਦੀ ਇਹ ਖੁਸ਼ੀ ਉਦੋਂ ਉੱਡ ਪੁੱਡ ਗਈ ਜਦੋਂ ਉਸਨੂੰ ਪਤਾ ਲੱਗਿਆ ਕਿ ਡਾਕਟਰਾਂ ਦੀ ਇੱਕ ਹੋਰ ਟੀਮ ਉਸਦਾ ਮੁਆਇਨਾ ਕਰਨ ਆ ਪਹੁੰਚੀ ਹੈ। ਇਸੇ ਵਿਚਕਾਰ ਉਸਨੇ ਅਮਰੀਕਣ ਸਰਕਾਰ ਦੇ ਨਾਂ ਇੱਕ ਲੰਬਾ ਪੱਤਰ ਲਿਖਿਆ। ਇਸ ਵਿੱਚ ਉਸਨੇ ਆਪਣੇ ਢੰਗ ਨਾਲ ਇਹ ਨੁਕਤਾ ਰੱਖਣ ਦੀ ਕੋਸ਼ਿਸ਼ ਕੀਤੀ ਕਿ ਉਸ ਕੋਲ ਬਹੁਤ ਸਾਰੇ ਗੁਪਤ ਭੇਤ ਹਨ ਜੋ ਕਿ ਅਮਰੀਕਣ ਸਰਕਾਰ ਦੇ ਕੰਮ ਆ ਸਕਦੇ ਹਨ। ਉਹ ਸੋਚ ਰਹੀ ਸੀ ਕਿ ਸ਼ਾਇਦ ਇਹ ਭੇਤ ਜਾਣਨ ਬਦਲੇ ਹੀ ਸਰਕਾਰ ਉਸਨੂੰ ਰਿਹਾ ਕਰਨਾ ਮੰਨ ਜਾਵੇ। ਜੇਲ੍ਹ ਵਾਰਡਨ ਨੂੰ ਇਹ ਚਿੱਠੀ ਦਿੰਦਿਆਂ ਉਸਨੇ ਅਗਾਹ ਕੀਤਾ ਕਿ ਇਸ ਚਿੱਠੀ ਨੂੰ ਪਰੈਜ਼ੀਡੈਂਟ ਉਬਾਮਾ ਤੱਕ ਪਹੁੰਚਾ ਦਿੱਤਾ ਜਾਵੇ। ਪਰ ਆਫੀਆ ਨੂੰ ਫਿਰ ਨਿਰਾਸ਼ਾ ਹੱਥ ਲੱਗੀ। ਉਸਦੀ ਇਸ ਚਿੱਠੀ ਵੱਲ ਕਿਸੇ ਨੇ ਵੀ ਧਿਆਨ ਨਾ ਦਿੱਤਾ। ਸਗੋਂ ਉਸਨੂੰ ਵੱਡਾ ਧੱਕਾ ਉਦੋਂ ਲੱਗਿਆ ਜਦੋਂ ਡਾਕਟਰਾਂ ਦੀ ਨਵੀਂ ਟੀਮ ਨੇ ਆਪਣੀ ਰਿਪੋਰਟ 'ਚ ਲਿਖ ਦਿੱਤਾ ਕਿ ਉਹ ਬਿਲਕੁਲ ਠੀਕ ਹੈ ਅਤੇ ਆਪਣੇ ਕੇਸ ਦਾ ਸਾਹਮਣਾ ਸਹੀ ਢੰਗ ਨਾਲ ਕਰ ਸਕਦੀ ਹੈ। ਮੈਡੀਕਲ ਦੀ ਇਸ ਨਵੀਂ ਰਿਪੋਰਟ ਮਿਲਣ ਪਿੱਛੋਂ ਸਰਕਾਰ ਉਸਨੂੰ ਵਾਪਸ ਨਿਊਯਾਰਕ ਲੈ ਆਈ ਤੇ ਕੇਸ ਫਿਰ ਤੋਂ ਸ਼ੁਰੂ ਕਰ ਦਿੱਤਾ। ਜੱਜ ਨੇ ਉਸਦਾ ਵਕੀਲ ਬਦਲਦਿਆਂ ਕੇਸ ਦੀ ਤਾਰੀਖ ਰੱਖ ਦਿੱਤੀ। ਉਸਦੀ ਨਵੀਂ ਵਕੀਲ ਡਾਨ ਕਾਰਡੀ ਸੀ ਅਤੇ ਕੇਸ ਦੀ ਤਾਰੀਖ ਜੂਨ ਸੱਤ, 2009 ਸੀ।

ਉਸ ਦਿਨ ਜੱਜ, ਬਰਮਨ ਨੇ ਕਾਰਵਾਈ ਸ਼ੁਰੂ ਕਰਦਿਆਂ ਆਫੀਆ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਮਾਰਸ਼ਲਾਂ ਨੇ ਆਫੀਆ ਨੂੰ ਲਿਆ ਕੇ ਕੋਰਟ 'ਚ ਖੜ੍ਹੀ ਕਰ ਦਿੱਤਾ। ਜ਼ਰੂਰੀ ਕਾਰਵਾਈ ਨਿਪਟਾਉਂਦਿਆਂ ਜੱਜ ਨੇ ਉਸਨੂੰ ਉਸਦੀ ਵਕੀਲ ਕੋਲ ਬੈਠਣ ਦੀ ਇਜਾਜ਼ਤ ਦੇ ਦਿੱਤੀ। ਵਕੀਲ ਆਪਣਾ ਕੰਮ ਕਰਨ ਲੱਗੀ ਪਰ ਜਾਪਦਾ ਸੀ ਕਿ ਆਫੀਆ ਨੂੰ ਆਪਣੀ ਵਕੀਲ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਚੱਲਦੀ ਕਾਰਵਾਈ ਵਿੱਚ ਉੱਠ ਖੜ੍ਹੀ ਹੋਈ ਅਤੇ ਉੱਚੀ ਬੋਲੀ,

"ਮੈਂ ਕੁਝ ਕਹਿਣਾਂ ਚਾਹੁੰਨੀ ਆਂ....।"

"ਮਿਸ ਆਫੀਆ ਤੈਨੂੰ ਬੋਲਣ ਦਾ ਵਕਤ ਮਿਲੂਗਾ ਪਰ ਅਜੇ ਤੂੰ ਬੈਠ।" ਜੱਜ ਨੇ ਹੁਕਮ ਸੁਣਾਇਆ। ਪਰ ਆਫੀਆ ਉਸਦੀ ਗੱਲ ਮੰਨਣ ਦੀ ਬਜਾਇ ਫਿਰ ਤੋਂ ਬੋਲੀ, "ਮੈਂ ਜੋ ਕੁਝ ਕੀਤਾ ਐ ਉਹ ਦੁਨੀਆਂ 'ਚ ਸ਼ਾਂਤੀ ਸਥਾਪਤ ਕਰਨ ਲਈ ਕੀਤਾ....।"

ਉਸਦੇ ਬੋਲਣ ਨਾਲ ਕੋਰਟ ਦੇ ਕੰਮ 'ਚ ਰੁਕਾਵਟ ਪੈ ਗਈ। ਜੱਜ ਨੇ ਔਖ ਜਿਹੀ ਮੰਨਦਿਆਂ ਆਫੀਆ ਵੱਲ ਵੇਖਿਆ। ਪਰ ਆਫੀਆ ਨੇ ਆਪਣੀ ਗੱਲ ਜਾਰੀ ਰੱਖੀ,

"ਮੈਂ ਤਾਂ ਤਾਲੀਬਾਨਾਂ ਅਤੇ ਅਮਰੀਕਾ ਵਿਚਕਾਰ ਸਮਝੌਤਾ ਕਰਵਾਉਣਾਂ ਚਾਹੁੰਨੀ ਆਂ। ਤੁਸੀਂ ਮੇਰੀ ਗੱਲ ਕਿਉਂ ਨ੍ਹੀਂ ਸੁਣਦੇ।"

“ਮਿਸ ਆਫੀਆ, ਤੂੰ ਪਲੀਜ਼ ਬੈਠ ਜਾ।” ਜੱਜ ਨੇ ਸਖਤ ਲਹਿਜੇ ’ਚ ਇਹ ਲਫਜ਼ ਕਹੇ ਤਾਂ ਆਫੀਆ ਬੈਠ ਗਈ। ਉਸਨੇ ਮੇਜ਼ ’ਤੇ ਸਿਰ ਰੱਖ ਲਿਆ ਤੇ ਅੱਖਾਂ ਮੀਚ ਲਈਆਂ। ਉਸ ਦੀ ਇਹ ਹਾਲਤ ਵੇਖ ਕੇ ਉਸਦੀ ਵਕੀਲ ਜੱਜ ਤੋਂ ਇਜਾਜ਼ਤ ਲੈਂਦਿਆਂ ਬੋਲੀ, “ਤੁਸੀਂ ਮਿਸ ਆਫੀਆ ਦੀ ਹਾਲਤ ਵੇਖ ਕੇ ਖੁਦ ਅੰਦਾਜ਼ਾ ਲਾ ਸਕਦੇ ਓਂ ਕਿ ਇਸ ਉੱਪਰ ਕਿਤਨਾ ਟਾਰਚਰ ਹੋਇਆ ਹੈ। ਇਸਦੀ ਹਾਲਤ ਸਹੀ ਨ੍ਹੀਂ ਹੈ। ਐਫ. ਬੀ. ਆਈ. ਦੇ ਟਾਰਚਰ ਨੇ ਇਸ ਨੂੰ ਇਸ ਹਾਲਤ ’ਚ ਪਹੁੰਚਾ ਦਿੱਤਾ ਐ।”

“ਯੂਅਰ ਆਨਰ ਮੈਂ ਕੁਝ ਕਹਿਣਾ ਚਾਹੁੰਨੀ ਆਂ।” ਸਰਕਾਰੀ ਵਕੀਲ ਉੱਠ ਖੜ੍ਹੋਤੀ। ਜੱਜ ਨੇ ਉਸਨੂੰ ਬੋਲਣ ਦੀ ਇਜਾਜ਼ਤ ਦਿੱਤੀ ਤਾਂ ਉਹ ਆਪਣੀ ਗੱਲ ਕਹਿਣ ਲੱਗੀ।

“ਮਿਸ ਆਫੀਆ ਅਜੇ ਤੱਕ ਇਹ ਨ੍ਹੀਂ ਦੱਸ ਸਕੀ ਕਿ ਉਸ ਉੱਪਰ ਇਹ ਟਾਰਚਰ ਕਦੋਂ ਅਤੇ ਕਿੱਥੇ ਹੋਇਆ ਹੈ। ਇਸ ਨੇ ਹੁਣ ਤੱਕ ਜੋ ਵੀ ਬਿਆਨ ਦਿੱਤੇ ਨੇ ਉਹ ਆਪਸ ’ਚ ਮੇਲ ਨ੍ਹੀਂ ਖਾਂਦੇ। ਇਹ ਵਾਰ ਵਾਰ ਆਪਣੇ ਬਿਆਨ ਬਦਲ ਰਹੀ ਹੈ। ਇਸ ਕਰਕੇ ਅਸੀਂ ਇਹ ਸਮਝਣ ’ਚ ਅਸਮਰਥ ਆਂ ਕਿ ਇਸਦਾ ਕਿਹੜਾ ਬਿਆਨ ਸਹੀ ਮੰਨਿਆਂ ਜਾਵੇ। ਮੈਂ ਇਹ ਵੀ ਕਹਿਣਾ ਚਾਹਾਂਗੀ ਕਿ ਮਿਸ ਆਫੀਆ ਦਿਮਾਗੀ ਬਿਮਾਰੀ ਦਾ ਸਿਰਫ ਬਹਾਨਾ ਬਣਾ ਰਹੀ ਐ। ਉਂਝ ਇਹ ਬਿਲਕੁਲ ਠੀਕ ਐ। ਇਹ ਆਪਦੇ ਕੇਸ ਦਾ ਸਾਹਮਣਾ ਕਰ ਸਕਦੀ ਐ।”

“ਉਹੀ ਤਾਂ ਮੈਂ ਕਹਿ ਰਹੀ ਆਂ ਕਿ ਮਿਸ ਆਫੀਆ ਕਿਸੇ ਵੀ ਗੱਲ ਦਾ ਉੱਤਰ ਠੀਕ ਨ੍ਹੀਂ ਦੇ ਰਹੀ। ਉਹ ਭੁੱਲ ਜਾਂਦੀ ਐ ਕਿ ਪਹਿਲਾਂ ਉਸਨੇ ਕੀ ਕਿਹਾ ਸੀ ਤੇ ਹੁਣ ਕੀ ਕਹਿ ਰਹੀ ਐ। ਉਹ ਪੁਰਾਣੀਆਂ ਕਈ ਗੱਲਾਂ ਵੀ ਭੁੱਲ ਚੁੱਕੀ ਐ। ਅਤੇ ਇਹ ਸਭ ਕੁਛ ਐਫ. ਬੀ. ਆਈ. ਦੇ ਅੱਤਿਆਚਾਰਾਂ ਕਾਰਨ ਵਾਪਰਿਆ ਐ। ਮਿਸ ਆਫੀਆ ਮਾਸੂਮ ਐਂ ਨਿਰਦੋਸ਼ ਐ।” ਇਜਾਜ਼ਤ ਲੈਂਦਿਆਂ ਆਫੀਆ ਦੀ ਵਕੀਲ ਬੋਲੀ।

ਜੱਜ ਨੇ ਦੋਨਾਂ ਧਿਰਾਂ ਦੀ ਗੱਲਬਾਤ ਸੁਣਨ ਪਿੱਛੋਂ ਫੈਸਲਾ ਕਰ ਦਿੱਤਾ ਕਿ ਆਫੀਆ ਬਿਲਕੁਲ ਸਹੀ ਹੈ ਅਤੇ ਉਹ ਆਪਣੇ ਕੇਸ ਦਾ ਸਾਹਮਣਾ ਕਰ ਸਕਦੀ ਹੈ। ਇਸ ਲਈ ਉਸਨੇ ਅਗਲੀ ਤਾਰੀਖ ਨਵੰਬਰ ਦੀ ਰੱਖ ਦਿੱਤੀ।

## 18

ਸਭ ਨੂੰ ਲੱਗਦਾ ਸੀ ਕਿ ਜੇਕਰ ਆਫੀਆ ਆਪਣੇ ਵਕੀਲਾਂ ਦਾ ਕਿਹਾ ਮੰਨ ਲਵੇ ਤਾਂ ਉਹ ਇਸ ਕੇਸ ’ਚੋਂ ਬਰੀ ਹੋ ਸਕਦੀ ਹੈ। ਪਰ ਉਹ ਤਾਂ ਕੇਸ ਨੂੰ ਠੀਕ ਢੰਗ ਨਾਲ ਚੱਲਣ ਹੀ ਨਹੀਂ ਸੀ ਦਿੰਦੀ। ਉਸਦੇ ਵਕੀਲ ਉਸਨੂੰ ਕੁਝ ਵੀ ਕਹੀ ਜਾਂਦੇ ਪਰ ਉਨ੍ਹਾਂ ਦੀ ਗੱਲ ’ਤੇ ਕੰਨ ਹੀ ਨਹੀਂ ਸੀ ਧਰਦੀ। ਆਫੀਆ ਨੂੰ ਉਸਦੇ ਆਪਣਿਆਂ ਨੇ ਵੀ ਸਮਝਾਇਆ ਕਿ ਉਹ ਵਕੀਲਾਂ ਦਾ ਕਿਹਾ ਮੰਨੇ ਪਰ ਉਸਨੇ ਕਿਸੇ ਦੀ ਗੱਲ ਨਾ ਸੁਣੀਂ। ਵੱਡੀ ਗੱਲ ਇਹ ਵੀ ਸੀ ਉਸ ਉੱਪਰ ਅੱਤਵਾਦ ਦੇ ਚਾਰਜ ਨਹੀਂ ਲੱਗੇ ਸਨ। ਸਿਆਣੇ ਵਕੀਲ ਸਮਝਦੇ ਸਨ ਕਿ ਜੇਕਰ ਸਰਕਾਰ ਉਸ ’ਤੇ ਅੱਤਵਾਦ ਦੇ ਚਾਰਜ ਲਾ ਦਿੰਦੀ ਹੈ ਤਾਂ ਗਵਾਹਾਂ ਨੂੰ ਕੋਰਟ ਵਿੱਚ ਪੇਸ਼ ਕਰਨਾ ਪਊ। ਗਵਾਹ ਵੀ ਕੋਈ ਆਮ ਨਹੀਂ ਸਨ। ਇਨ੍ਹਾਂ ਵਿੱਚ ਕੇ. ਐੱਸ. ਐਮ. ਵਰਗੇ ਮੋਢੀ ਅਲਕਾਇਦਾ ਮੈਂਬਰ ਸਨ। ਉਨ੍ਹਾਂ ਲੋਕਾਂ ਕੋਲ ਬਹੁਤ ਸਾਰੇ ਭੇਤ ਸਨ। ਉਨ੍ਹਾਂ ਨੂੰ ਅਦਾਲਤਾਂ ’ਚ ਪੇਸ਼ ਕਰਕੇ ਸਰਕਾਰ, ਇਨ੍ਹਾਂ ਭੇਤਾਂ ਦੇ ਖੁੱਲ੍ਹਣ ਦਾ ਖਤਰਾ ਮੁੱਲ ਨਹੀਂ ਲੈ ਸਕਦੀ ਸੀ। ਇਸ ਤੋਂ ਇਲਾਵਾ ਇਹ ਅੱਤਵਾਦੀ ਅਜੇ ਤੱਕ ਗੁਪਤ ਜੇਲ੍ਹਾਂ ’ਚ ਕਿੱਧਰੇ ਕੈਦ ਸਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਬਚਣ ਲਈ ਗੌਰਮਿੰਟ ਨੇ ਆਫੀਆ ’ਤੇ ਅੱਤਵਾਦ ਦੇ ਚਾਰਜ ਨਹੀਂ ਲਗਾਏ ਸਨ। ਉਸਦੇ ਵਕੀਲ ਸਮਝਦੇ ਸਨ ਕਿ ਉਸ ’ਤੇ ਜੋ ਵੀ ਚਾਰਜ ਲੱਗੇ ਹਨ ਉਨ੍ਹਾਂ ਨੂੰ ਉਹ ਸਹਿਜੇ ਹੀ ਉਡਾ ਦੇਣਗੇ। ਇਹ ਵਕੀਲ ਕੋਈ ਆਮ ਵਕੀਲ ਨਹੀਂ ਸਨ। ਆਫੀਆ ਦੇ ਭਰਾ ਨੇ ਪਾਕਿਸਤਾਨ ਸਰਕਾਰ ਤੋਂ ਮਿਲੀ, ਦੋ ਮਿਲੀਅਨ ਡਾਲਰ ਦੀ ਮੱਦਦ ਨਾਲ ਬਹੁਤ ਹੀ ਉੱਚ ਕੋਟੀ ਦੇ ਵਕੀਲਾਂ ਦੀ ਟੀਮ ਖੜ੍ਹੀ ਕੀਤੀ ਸੀ। ਪਰ ਆਫੀਆ ਵਕੀਲਾਂ ਦਾ ਕਿਹਾ ਘੱਟ ਹੀ ਮੰਨ ਰਹੀ ਸੀ। ਆਖਰ ਉਸਦੇ ਵਕੀਲਾਂ ਨੇ ਆਫੀਆ ਦੇ ਭਰਾ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ।

“ਮਿਸਟਰ ਸਦੀਕੀ, ਅਸੀਂ ਇੱਕ ਖਾਸ ਢੰਗ ਨਾਲ ਇਹ ਕੇਸ ਲੜਨ ਦੀ ਸਕੀਮ ਬਣਾਈ ਐ। ਉਸ ਬਾਬਤ ਈ ਤੇਰੇ ਨਾਲ ਗੱਲਬਾਤ ਕਰਨੀ ਐਂ।” ਆਫੀਆ ਦਾ ਭਰਾ ਆਇਆ ਤਾਂ ਮੋਢੀ ਵਕੀਲ ਨੇ ਗੱਲ ਤੋਰੀ।

“ਸਰ, ਉਹ ਕੀ ?”

“ਗੱਲ ਤਾਂ ਬੜੀ ਸਾਦੀ ਜਿਹੀ ਐ ਪਰ ਇਸਦੇ ਲਈ ਮਿਸ ਆਫੀਆ ਨੂੰ ਸਾਨੂੰ ਪੂਰਾ ਸਹਿਯੋਗ ਦੇਣਾ ਪਊਗਾ।”

“ਤੁਸੀਂ ਦੱਸੋ ਤਾਂ ਸਹੀ ਕਿ ਗੱਲ ਕੀ ਐ। ਉਸ ਨਾਲ ਮੈਂ ਗੱਲ ਕਰਾਂਗਾ।”

“ਅਸੀਂ ਜੱਜ ਨੂੰ ਬੇਨਤੀ ਕਰਾਂਗੇ ਕਿ ਸਾਡਾ ਕਲਾਇੰਟ ਕੋਰਟ ’ਚ ਬਿਲਕੁਲ ਚੁੱਪ ਰਹੂਗਾ। ਚੁੱਪ ਰਹਿਣਾ ਉਸਦਾ ਅਧਿਕਾਰ ਵੀ ਐ ਅਤੇ ਜੱਜ ਇਹ ਗੱਲ ਮੰਨ ਲਊਗਾ।”

“ਫਿਰ ?”

“ਇਸ ਪਿੱਛੋਂ ਮਿਸ ਆਫੀਆ ਸਾਰੀ ਸੁਣਵਾਈ ਦੌਰਾਨ ਚੁੱਪ ਰਹੂਗੀ। ਸਰਕਾਰੀ ਵਕੀਲ ਵੀ ਉਸਨੂੰ ਕੋਈ ਸੁਆਲ ਨਹੀਂ ਕਰ ਸਕੂਗਾ। ਸਾਡੀ ਵਿਉਂਤ ਇਹ ਐ ਕਿ ਸਰਕਾਰ ਦੇ ਲਾਏ ਇਲਜ਼ਾਮਾਂ ’ਚੋਂ ਕਿਸੇ ਇੱਕ ਨੂੰ ਝੂਠਾ ਸਾਬਤ ਕਰ ਦੇਈਏ। ਇਹ ਕੋਈ ਵੱਡੀ ਗੱਲ ਨ੍ਹੀਂ ਐ ਕਿਉਂਕਿ ਸਬੂਤਾਂ ’ਚ ਬਹੁਤ ਕਮਜ਼ੋਰੀਆਂ ਨੇ। ਸਾਡੇ ਇਸ ਤਰ੍ਹਾਂ ਕਰਨ ਨਾਲ ਇੱਕ ਅੱਧ ਜਿਊਰਰ ਦੇ ਮਨ ’ਚ ਇਹ ਗੱਲ ਜ਼ਰੂਰ ਆ ਜਾਊਗੀ ਕਿ ਸਰਕਾਰ ਨੇ ਝੂਠਾ ਕੇਸ ਤਿਆਰ ਕੀਤਾ ਐ।”

“ਇਸ ਨਾਲ ਕੀ ਹੋਊ ?” ਆਫੀਆ ਦੇ ਭਰਾ ਨੂੰ ਅਜੇ ਵੀ ਗੱਲ ਦੀ ਸਮਝ ਨਾ ਲੱਗੀ।

“ਇਸ ਨਾਲ ਜਿਊਰੀ ਦਾ ਫੈਸਲਾ ‘ਹੰਗ ਜਿਊਰੀ’ ਹੋਜੂ ਤੇ ਕੇਸ ਖਤਮ ਹੋ ਜਾਊਗਾ। ਇੰਜ ਮਿਸ ਆਫੀਆ ਕੇਸ ’ਚੋਂ ਬਰੀ ਹੋ ਜਾਊਗੀ।”

“ਹੰਗ ਜਿਊਰੀ ਮਤਲਬ ?”

“ਮਿਸਟਰ ਸਦੀਕੀ, ਜਿਊਰੀ ਜੋ ਵੀ ਫੈਸਲਾ ਕਰਦੀ ਐ ਉਹ ਸਰਬ ਸੰਮਤੀ ਨਾਲ ਹੋਣਾ ਚਾਹੀਦਾ ਐ। ਜੇਕਰ ਇੱਕ ਵੀ ਜਿਊਰੀ ਮੈਂਬਰ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰ ਦੇਵੇ ਤਾਂ ਉਸਨੂੰ ਹੰਗ ਜਿਊਰੀ ਕਿਹਾ ਜਾਂਦਾ ਐ। ਜੇਕਰ ਹੰਗ ਜਿਊਰੀ ਹੋ ਜਾਵੇ ਤਾਂ ਕੇਸ ਉੱਥੇ ਹੀ ਖਤਮ ਹੋ ਜਾਂਦਾ ਐ ਤੇ ਮੁਲਜਮ ਬਰੀ ਹੋ ਜਾਂਦਾ ਐ।”

“ਅੱਛਾ ਅੱਛਾ ਇਹ ਗੱਲ ਐ। ਮੈਂ ਪੂਰੀ ਗੱਲ ਸਮਝ ਗਿਆ ਆਂ।” ਆਫੀਆ ਦੇ ਭਰਾ ਨੂੰ ਲੱਗਿਆ ਕਿ ਵਕੀਲ ਵਾਕਿਆ ਹੀ ਬਹੁਤ ਚੰਗਾ ਰਸਤਾ ਚੁਣ ਰਹੇ ਹਨ।

“ਬੱਸ ਇਸਦੇ ਲਈ ਜ਼ਰੂਰੀ ਐ ਕਿ ਮਿਸ ਆਫੀਆ, ਕੇਸ ਦੀ ਸਾਰੀ ਸੁਣਵਾਈ ਦੌਰਾਨ ਬਿਲਕੁਲ ਖਾਮੋਸ਼ ਰਹੇ। ਸਾਡੀ ਹਰ ਗੱਲ ਮੰਨੇ।”

ਆਫੀਆ ਦੇ ਭਰਾ ਨੇ ਵਕੀਲਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਫੀਆ ਨੂੰ ਮਿਲ ਕੇ ਸਾਰੀ ਗੱਲ ਸਮਝਾ ਦੇਵੇਗਾ। ਇਸਦੇ ਅਗਲੇ ਹੀ ਦਿਨ ਉਹ ਆਫੀਆ ਨਾਲ ਮੁਲਾਕਾਤ ਕਰਨ ਜੇਲ ਪਹੁੰਚਿਆ। ਆਫੀਆ ਨੂੰ ਲਿਆ ਕੇ ਉਸਦੇ ਕੋਲ ਬਿਠਾ ਦਿੱਤਾ। ਆਫੀਆ ਵੱਲ ਵੇਖਦਿਆਂ ਮੁਹੰਮਦ ਦਾ ਦਿਲ ਭਰ ਆਇਆ। ਪਰ ਉਸਨੇ ਆਪਣੇ ਆਪ ’ਤੇ ਜ਼ਬਤ ਰੱਖਿਆ ਤੇ ਵਕੀਲਾਂ ਨਾਲ ਹੋਈ ਗੱਲਬਾਤ ਦੱਸੀ। ਉਸਦੀ ਗੱਲ ਦਾ ਜੁਆਬ ਦੇਣ ਦੀ ਬਜਾਇ ਆਫੀਆ ਉਸਨੂੰ ਜਿਹਾਦ ਬਾਰੇ ਭਾਸ਼ਣ ਦੇਣ ਲੱਗ ਪਈ। ਬੜੀਆਂ ਕੋਸ਼ਿਸ਼ਾਂ ਨਾਲ ਮੁਹੰਮਦ ਨੇ ਆਫੀਆ ਨੂੰ ਉਸਦੀ ਗੱਲ ਸੁਣਨ ਲਈ ਮਨਾਇਆ। ਉਸਨੇ ਉਸਨੂੰ ਵਕੀਲਾਂ ਦੀ ਸਕੀਮ ਸਮਝਾਈ। ਉਹ ਸਿਰ ਜਿਹਾ ਮਾਰ ਕੇ

ਵਕੀਲਾਂ ਮੁਤਾਬਕ ਚੱਲਣ ਦਾ ਮੰਨ ਗਈ। ਪਰ ਜਦੋਂ ਮੁਹੰਮਦ ਉੱਠ ਕੇ ਤੁਰਨ ਲੱਗਿਆ ਤਾਂ ਉਸਨੇ ਉਸਨੂੰ ਰੋਕ ਲਿਆ ਤੇ ਬੋਲੀ, "ਭਾਈ ਜਾਨ ਤੁਸੀਂ ਮੇਰੀ ਗੱਲ ਛੱਡੋ ਤੇ ਆਪਣੇ ਮੁਸਲਮਾਨ ਭਰਾਵਾਂ ਦਾ ਫਿਕਰ ਕਰੋ।"

"ਕਿਹੜੇ ਮੁਸਲਮਾਨ ਭਰਾਵਾਂ ਦਾ ?"

"ਜਿੰਨੇ ਵੀ ਇੱਥੇ ਰਹਿ ਰਹੇ ਨੇ। ਸਾਰਿਆਂ ਨੂੰ ਕਹੋ ਕਿ ਅਮਰੀਕਾ ਛੱਡ ਕੇ ਚਲੇ ਜਾਣ।"

"ਕਿਉਂ ?"

"ਕਿਉਂਕਿ ਅਮਰੀਕਣ ਸਰਕਾਰ ਨੇ ਕਿਸੇ ਵੀ ਮੁਸਲਮਾਨ ਨੂੰ ਨ੍ਹੀਂ ਬਖਸ਼ਣਾ। ਸਭ ਨੂੰ ਮੇਰੀ ਤਰ੍ਹਾਂ ਜੇਲ੍ਹਾਂ ਅੰਦਰ ਡੱਕ ਦੇਣਾ ਐਂ।"

"ਆਫੀਆ ਮੈਂ ਤੇਰਾ ਸਕਾ ਭਰਾ ਆਂ। ਮੈਨੂੰ ਤਾਂ ਕਿਸੇ ਨੇ ਜੇਲ੍ਹ 'ਚ ਡੱਕਿਆ ਨ੍ਹੀਂ। ਮੈਂ ਤਾਂ ਆਪਣੇ ਪਰਿਵਾਰ ਨਾਲ ਪੂਰੀ ਆਜ਼ਾਦਾਨਾ ਜ਼ਿੰਦਗੀ ਜਿਉਂ ਰਿਹਾ ਆਂ।" ਮੁਹੰਮਦ ਜ਼ਰਾ ਖ਼ਰਬਾ ਬੋਲਿਆ।

"ਜੋ ਤੁਹਾਡੀ ਮਰਜ਼ੀ। ਪਿੱਛੋਂ ਭੁਗਤਣਾ ਪਿਆ ਤਾਂ ਰੋਂਦੇ ਫਿਰਿਉ।"

"ਆਫੀਆ ਤੂੰ ਮੇਰੀ ਵਕੀਲਾਂ ਦੀ ਕਹੀ ਗੱਲ 'ਤੇ ਧਿਆਹ ਦੇਹ। ਇਸ ਵੇਲੇ ਬਾਕੀ ਸਭ ਭੁੱਲਜਾ।"

"ਠੀਕ ਐ।" ਆਫੀਆ ਉੱਠ ਕੇ ਤੁਰ ਪਈ। ਮੁਹੰਮਦ ਉਸਨੂੰ ਤੁਰੀ ਜਾਂਦੀ ਨੂੰ ਵੇਖਦਾ ਰਿਹਾ। ਉਸਨੂੰ ਖਿਆਲ ਆਇਆ ਕਿ ਇਹ ਕਿੰਨਾ ਬਦਲ ਗਈ ਹੈ। ਉਹ ਸੋਚਣ ਲੱਗਿਆ ਕਿ ਇੰਨੀ ਜ਼ਹੀਨ ਕੁੜੀ ਕਿਉਂ ਇਸ ਤਰ੍ਹਾਂ ਦੀਆਂ ਬੇਤੁਕੀਆਂ ਜਿਹੀਆਂ ਗੱਲਾਂ ਕਰ ਰਹੀ ਹੈ। ਫਿਰ ਉਸਨੂੰ ਲੱਗਿਆ ਕਿ ਇਹ ਵਾਕਿਆ ਹੀ ਐਫ. ਬੀ. ਆਈ. ਦੇ ਅੱਤਿਆਚਾਰਾਂ ਕਰਕੇ ਹੋਇਆ ਹੈ। ਉਠਦਾ ਹੋਇਆ ਉਹ ਜੇਲ੍ਹ 'ਚੋਂ ਬਾਹਰ ਨਿਕਲ ਆਇਆ।

ਮਿੱਥੇ ਦਿਨ ਕੋਰਟ ਸ਼ੁਰੂ ਹੋਈ ਤਾਂ ਟਰਾਇਲ ਦੀ ਜ਼ਰੂਰੀ ਕਾਰਵਾਈ ਹੋਣ ਪਿੱਛੋਂ ਸਰਕਾਰੀ ਵਕੀਲ ਨੇ ਆਫੀਆ 'ਤੇ ਲੱਗੇ ਚਾਰਜ ਪੜ੍ਹ ਕੇ ਸੁਣਾਏ। ਆਫੀਆ 'ਤੇ ਚਾਰਜ ਇਹ ਲੱਗੇ ਸਨ ਕਿ ਉਸਨੇ ਯੂ. ਐੱਸ. ਆਰਮੀ ਦੇ ਸਪੈਸ਼ਿਲ ਫੋਰਸ ਦੇ ਬੰਦਿਆਂ 'ਤੇ ਗੋਲੀ ਚਲਾਈ। ਇੱਕ ਤੋਂ ਵੱਧ ਬੰਦਿਆਂ ਦੇ ਇਰਾਦਾ ਕਤਲ ਦਾ ਦੋਸ਼ ਸੀ। ਸਰਕਾਰੀ ਵਕੀਲ ਨੇ ਕੋਰਟ ਨੂੰ ਕਹਾਣੀ ਇਸ ਤਰ੍ਹਾਂ ਦੱਸੀ,

"ਜਿਸ ਦਿਨ ਮਿਸ ਆਫੀਆ ਗਜ਼ਨੀ ਪੁਲੀਸ ਦੁਆਰਾ ਫੜ੍ਹੀ ਗਈ ਸੀ ਉਸਦੇ ਅਗਲੇ ਦਿਨ ਸਪੈਸ਼ਿਲ ਫੋਰਸ ਦੀ ਟੀਮ, ਕੈਪਟਨ ਰਾਬਰਟ ਸਿੰਡਰ ਦੀ ਅਗਵਾਈ 'ਚ ਉਸਦੀ ਇੰਟਰਵਿਊ ਕਰਨ ਪਹੁੰਚੀ। ਉਸ ਵੇਲੇ ਉਸਨੂੰ ਕਿਸੇ ਵੱਡੇ ਕਮਰੇ ਵਿੱਚ ਰੱਖਿਆ ਹੋਇਆ ਸੀ। ਮੂਹਰੇ ਕੁਝ ਅਫਗਾਨ ਪੁਲੀਸ ਦੇ ਅਫਸਰ ਬੈਠੇ ਸਨ ਅਤੇ ਪਿੱਛੇ ਪਰਦੇ ਦੇ ਉਹਲੇ ਮਿਸ ਆਫੀਆ ਬੈਠੀ ਸੀ। ਜਦੋਂ ਸਪੈਸ਼ਿਲ ਫੋਰਸ ਵਾਲੇ ਵੀ ਅਫਗਾਨ ਅਫਸਰਾਂ ਕੋਲ ਬੈਠ ਗਏ ਤਾਂ ਅਗਲੇ ਹੀ ਪਲ ਮਿਸ ਆਫੀਆ ਨੇ ਪਰਦਾ ਪਾਸੇ ਹਟਾਉਂਦਿਆਂ ਵਾਰੰਟ ਅਫਸਰ ਦੀ ਐਮ 4 ਗੰਨ ਚੁੱਕ ਲਈ ਅਤੇ ਉਨ੍ਹਾਂ ਵੱਲ ਗੋਲੀਆਂ ਚਲਾਉਣ ਲੱਗੀ। ਇਹ ਵੇਖਦਿਆਂ ਹੀ ਵਾਰੰਟ ਅਫਸਰ ਨੇ ਆਪਣੀ ਸਰਵਿਸ ਰਿਵਾਲਵਰ ਕੱਢੀ ਅਤੇ ਆਫੀਆ ਦੇ ਗੋਲੀ ਮਾਰੀ। ਗੋਲੀ ਉਸਦੇ ਪੇਟ 'ਚ ਲੱਗੀ। ਵਾਰੰਟ ਅਫਸਰ ਦਾ ਕਹਿਣਾ ਐ ਕਿ ਜੇਕਰ ਉਹ ਆਫੀਆ ਨੂੰ ਜ਼ਖ਼ਮੀ ਨਾ ਕਰਦਾ ਤਾਂ ਉਸਨੇ ਉਨ੍ਹਾਂ ਨੂੰ ਮਾਰ ਦੇਣਾ ਸੀ। ਜਦੋਂ ਉਹ ਜ਼ਖ਼ਮੀ ਹੋ ਗਈ ਤਾਂ ਉਹ ਉਸਨੂੰ ਸਟਰੈੱਚਰ 'ਤੇ ਪਾ ਕੇ ਬੈਗਰਾਮ ਏਅਰਫੋਰਸ ਬੇਸ ਲੈ ਗਏ। ਉੱਥੇ ਉਸਦਾ ਇਲਾਜ ਕਰਵਾਉਣ ਪਿੱਛੋਂ ਉਸਨੂੰ ਅਮਰੀਕਾ ਲਿਆਂਦਾ ਗਿਆ।"

ਸਰਕਾਰੀ ਵਕੀਲ ਨੇ ਆਫੀਆ 'ਤੇ ਲੱਗੇ ਚਾਰਜ ਪੜ੍ਹ ਕੇ ਸੁਣਾਏ ਤਾਂ ਜੱਜ ਨਾਲ ਦੀ ਨਾਲ ਕੁਝ ਲਿਖਦਾ ਰਿਹਾ। ਥੋੜ੍ਹੀ ਬਹੁਤੀ ਹੋਰ ਕਾਰਵਾਈ ਹੋਈ ਤੇ ਅਦਾਲਤ ਬਰਖਾਸਤ ਹੋ ਗਈ। ਇਸੇ ਤਰ੍ਹਾਂ ਇੱਕ ਦੋ ਦਿਨ ਹੋਰ ਮੁਢਲਾ ਕੰਮ ਹੁੰਦਾ ਰਿਹਾ। ਫਿਰ ਜਦੋਂ ਪੂਰੀ

ਬਕਾਇਦਗੀ ਨਾਲ ਆਫੀਆ ਦਾ ਕੇਸ ਚੱਲ ਪਿਆ ਤਾਂ ਗਵਾਹ ਭੁਗਤਣੇ ਸ਼ੁਰੂ ਹੋਏ। ਇਹ ਸਾਰੇ ਗਵਾਹ, ਸਪੈਸ਼ਿਲ ਫੋਰਸ ਦੇ ਉਹੀ ਲੋਕ ਸਨ ਜਿਹੜੇ ਕਿ ਗੋਲੀ ਚੱਲਣ ਵੇਲੇ ਦੀ ਘਟਨਾ ਵੇਲੇ ਉੱਥੇ ਮੌਜੂਦ ਸਨ। ਇਨ੍ਹਾਂ 'ਚ ਉਸ ਵੇਲੇ ਮੌਕੇ ਵਾਰਦਾਤ 'ਤੇ ਮੌਜੂਦ ਇੱਕ ਦੁਭਾਸ਼ੀਆ ਵੀ ਸੀ ਜੋ ਕਿ ਅਫਗਾਨੀ ਸੀ। ਇੱਕ ਇੱਕ ਕਰਕੇ ਗਵਾਹ ਜੋ ਕੁਝ ਦੱਸ ਰਹੇ ਸਨ ਉਹ ਸਾਰੀ ਗੱਲ ਆਪਸ 'ਚ ਮਿਲਦੀ ਜੁਲਦੀ ਸੀ। ਜਦੋਂ ਵਰੰਟ ਅਫਸਰ ਨੇ ਗਵਾਹੀ ਦਿੱਤੀ ਤਾਂ ਸਫਾਈ ਵਕੀਲ ਨੇ ਉਸਨੂੰ ਸੁਆਲ ਕੀਤਾ,

"ਮਿਸਟਰ ਆਫੀਸਰ, ਤੇਰੀ ਐਮ ਫੋਰ ਗੰਨ ਤੇਰਾ ਸਰਵਿਸ ਵੈਪਨ ਐ ਜੋ ਕਿ ਹਰ ਵਕਤ ਤੇਰੇ ਕਬਜ਼ੇ 'ਚ ਰਹਿੰਦਾ ਐ ਅਤੇ ਰਹਿਣਾ ਵੀ ਚਾਹੀਦਾ ਐ। ਕੀ ਤੂੰ ਕੋਰਟ ਨੂੰ ਇਹ ਗੱਲ ਦੱਸੇਂਗਾ ਕਿ ਤੇਰੀ ਐਮ ਫੋਰ ਗੰਨ, ਮਿਸ ਆਫੀਆ ਕੋਲ ਕਿਵੇਂ ਚਲੀ ਗਈ ?"

"ਗੱਲ ਇਹ ਐ ਕਿ ਮੈਂ ਜਦੋਂ ਵੀ ਅਫਗਾਨ ਲੋਕਾਂ ਨੂੰ ਮਿਲਣ ਲਈ ਉਨ੍ਹਾਂ ਕੋਲ ਬੈਠਦਾ ਹਾਂ ਤਾਂ ਸਤਿਕਾਰ ਵਜੋਂ ਆਪਣੀ ਗੰਨ ਮੋਢਿਉਂ ਉਤਾਰ ਕੇ ਪਾਸੇ ਰੱਖ ਦਿੰਦਾ ਆਂ।"

"ਇਸ ਵਿੱਚ ਸਤਿਕਾਰ ਵਾਲੀ ਕੀ ਗੱਲ ਐ। ਤੂੰ ਡਿਉਟੀ 'ਤੇ ਹੁੰਦਾ ਹੋਇਆ ਇਸ ਤਰ੍ਹਾਂ ਕਿਵੇਂ ਕਰ ਸਕਦਾ ਐਂ ਕਿ ਹਥਿਆਰ ਪਾਸੇ ਰੱਖ ਦੇਵੇਂ ?" ਸਫਾਈ ਵਕੀਲ ਵਾਰੰਟ ਅਫਸਰ ਨੂੰ ਘੇਰਨ ਲੱਗਿਆ।

"ਸਾਨੂੰ ਉੱਥੇ ਇਹੀ ਸਿਖਾਇਆ ਜਾਂਦਾ ਐ ਕਿ ਅਸੀਂ ਅਫਗਾਨੀ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰੀਏ। ਕਿਉਂਕਿ ਉਨ੍ਹਾਂ ਦਾ ਸੱਭਿਆਚਾਰ ਕੁਝ ਇਸ ਤਰ੍ਹਾਂ ਦਾ ਈ ਐ।"

"ਲੱਗਦਾ ਨ੍ਹੀਂ ਕਿ ਇਸ ਛੋਟੀ ਜਿਹੀ ਕੁੜੀ ਨੇ ਗੰਨ ਚੁੱਕ ਲਈ ਹੋਊ।" ਵਕੀਲ ਨੇ ਸੁਆਲ ਦਾ ਰੁਖ ਮੋੜਿਆ।

ਇਸ ਗੱਲ ਦਾ ਜੁਆਬ ਵਰੰਟ ਅਫਸਰ ਕੁਝ ਸੋਚ ਹੀ ਰਿਹਾ ਸੀ ਕਿ ਸਰਕਾਰੀ ਵਕੀਲ ਨੇ ਵਿੱਚ ਬੋਲਦਿਆਂ ਕੋਰਟ ਦੇ ਕਰਿੰਦੇ ਨੂੰ ਕਹਿ ਕੇ ਪਹਿਲਾਂ ਲਿਆ ਕੇ ਰੱਖੀ ਐਮ ਫੋਰ ਗੰਨ ਮੰਗਵਾ ਲਈ। ਸਰਕਾਰੀ ਵਕੀਲ ਜੋ ਕਿ ਖੁਦ ਵੀ ਆਫੀਆ ਕੁ ਜਿੱਡੀ ਹੀ ਸੀ ਉਸਨੇ ਇੱਕ ਹੱਥ ਨਾਲ ਗੰਨ ਚੁੱਕ ਕੇ ਜਿਊਰੀ ਮੈਂਬਰਾਂ ਨੂੰ ਵਿਖਾਈ। ਸਾਰੇ ਮੈਂਬਰਾਂ ਨੇ ਗੰਨ ਚੁੱਕ ਕੇ ਵੇਖੀ। ਉਨ੍ਹਾਂ ਤੋਂ ਗੰਨ ਵਾਪਸ ਲੈਂਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਇਹ ਗੰਨ ਬਿਲਕੁਲ ਜੁਆਕਾਂ ਦੇ ਖਿਡੌਣੇ ਵਰਗੀ ਹੈ ਤੇ ਆਫੀਆ ਲਈ ਇਸਨੂੰ ਚੁੱਕਣਾ ਕੋਈ ਔਖੀ ਗੱਲ ਨਹੀਂ।

"ਫਿਰ ਅੱਗੇ ਕੀ ਹੋਇਆ ?" ਸਫਾਈ ਵਕੀਲ ਫਿਰ ਵਾਰੰਟ ਅਫਸਰ ਨੂੰ ਮੁਖਾਬਤ ਹੋਇਆ।

"ਮਿਸ ਆਫੀਆ ਨੇ ਮੇਰੀ ਗੰਨ ਚੁੱਕ ਕੇ ਸਾਡੇ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਛੇਤੀ ਦੇਣੇ ਆਪਣਾ ਸਰਵਿਸ ਰਿਵਾਲਵਰ ਕੱਢਿਆ ਅਤੇ ਆਤਮ ਰੱਖਿਆ ਵਜੋਂ ਗੋਲੀ ਚਲਾਈ ਜੋ ਕਿ ਮਿਸ ਆਫੀਆ ਦੇ ਪੇਟ 'ਚ ਲੱਗੀ।"

"ਰਿਵਾਲਵਰ ਤੇਰੇ ਕੋਲ ਕਿੱਥੋਂ ਆ ਗਿਆ ?"

"ਆਉਣਾ ਕਿੱਥੋਂ ਸੀ। ਮੇਰਾ ਸਰਵਿਸ ਰਿਵਾਲਵਰ ਮੇਰੇ ਲੱਕ ਨਾਲ ਬੰਨਿਆਂ ਹੋਇਆ ਸੀ।"

"ਪਰ ਹੁਣੇ ਤਾਂ ਤੂੰ ਕਹਿ ਕੇ ਹਟਿਆਂ ਐਂ ਕਿ ਅਫਗਾਨੀ ਲੋਕਾਂ ਨੂੰ ਮਿਲਣ ਵੇਲੇ ਤੂੰ ਹਥਿਆਰ ਲਾਹ ਕੇ ਪਾਸੇ ਰੱਖ ਦਿੰਦਾ ਐਂ ਜਿਵੇਂ ਕਿ ਐਮ ਫੋਰ ਗੰਨ ਰੱਖ ਦਿੱਤੀ ਸੀ। ਫਿਰ ਤੂੰ ਇਹ ਰਿਵਾਲਵਰ ਕਿਉਂ ਨਾ ਲਾਹਿਆ ?"

“ਉਹ ਮੈਂ....।” ਵਾਰੰਟ ਅਫਸਰ ਨੂੰ ਕੋਈ ਜ਼ੁਆਬ ਨਾ ਔੜਿਆ। ਸਫਾਈ ਵਕੀਲ ਦੇ ਚਿਹਰੇ ’ਤੇ ਮੁਸਕਾਣ ਆ ਗਈ। ਉਸਨੇ ਵੇਖਿਆ ਕਿ ਕਈ ਜਿਊਰੀ ਮੈਂਬਰਾਂ ਨੇ ਇਸ ਗੱਲ ’ਤੇ ਅੱਖਾਂ ਮਿਲਾਈਆਂ ਕਿ ਜਦੋਂ ਇੱਕ ਹਥਿਆਰ ਲਾਹ ਕੇ ਰੱਖ ਦਿੱਤਾ ਸੀ ਤਾਂ ਦੂਸਰਾ ਕਿਉਂ ਲੱਕ ਨਾਲ ਬੰਨੀ ਰੱਖਿਆ। ਉਨ੍ਹਾਂ ਦੇ ਮਨਾਂ ’ਚ ਕੁਝ ਕੁਝ ਸ਼ੱਕ ਉਪਜਿਆ। ਇਹੀ ਸਫਾਈ ਵਕੀਲ ਚਾਹੁੰਦਾ ਸੀ।

“ਫਿਰ ਤੇਰੀ ਉਸ ਗੰਨ ਦਾ ਕੀ ਬਣਿਆਂ ਜੋ ਮਿਸ ਆਫੀਆ ਨੇ ਚੁੱਕ ਲਈ ਸੀ ਤੇ ਪਿੱਛੋਂ ਉਸੇ ਨਾਲ ਤੁਹਾਡੇ ’ਤੇ ਗੋਲੀਆਂ ਚਲਾਈਆਂ ਸਨ?”

“ਜਦੋਂ ਮਿਸ ਆਫੀਆ ਜ਼ਖ਼ਮੀ ਹੋ ਗਈ ਤਾਂ ਮੈਂ ਉਹ ਗੰਨ ਆਪਣੇ ਕਬਜ਼ੇ ’ਚ ਲੈ ਲਈ।”

“ਉਹ ਵਾਰਦਾਤ ’ਤੇ ਵਰਤਿਆ ਗਿਆ ਹਥਿਆਰ ਸੀ। ਕਨੂੰਨਣ ਉਸਨੂੰ ਬੜਾ ਸੰਭਾਲ ਕੇ ਤੇ ਪਲਾਸਟਿਕ ਬਗੈਰਾ ’ਚ ਲਪੇਟ ਕੇ ਰੱਖਣਾ ਚਾਹੀਦਾ ਸੀ ਤਾਂ ਕਿ ਉਸ ਉੱਪਰ ਲੱਗ ਚੁੱਕੇ ਮਿਸ ਆਫੀਆ ਦੇ ਫਿੰਗਰ ਪਰਿੰਟਸ, ਬਗੈਰਾ ਸਹੀ ਰਹਿੰਦੇ ਅਤੇ ਬਾਅਦ ਵਿੱਚ ਚੰਗੀ ਤਰ੍ਹਾਂ ਜਾਂਚ ਪੜਤਾਲ ਹੋ ਸਕਦੀ।”

“ਜੀ....।”

“ਕੀ ਤੂੰ ਅਜਿਹਾ ਕੀਤਾ? ਮਤਲਬ ਗੰਨ ਨੂੰ ਇਸੇ ਢੰਗ ਨਾਲ ਸੰਭਾਲ ਕੇ ਰੱਖਿਆ?”

“ਜੀ ਨ੍ਹੀਂ। ਉਸ ਮੌਕੇ ਮੈਂ ਅਜਿਹਾ ਕੁਝ ਨ੍ਹੀਂ ਕਰ ਸਕਿਆ।”

“ਇਸਦਾ ਮਤਲਬ ਉਸ ਗੰਨ ’ਤੋਂ ਕੋਈ ਫਿੰਗਰ ਪਰਿੰਟਸ ਬਗੈਰਾ ਨ੍ਹੀਂ ਲਏ ਗਏ ਜੋ ਇਹ ਸਾਬਤ ਕਰਨ ਕਿ ਗੰਨ ਵਾਕਿਆ ਈ ਆਫੀਆ ਦੇ ਹੱਥਾਂ ’ਚ ਆਈ ਸੀ। ਨਾ ਹੀ ਤੁਸੀਂ ਉਸ ਗੰਨ ਦੀ ਕੋਈ ਅਜਿਹੀ ਜਾਂਚ ਕਰਵਾਈ ਜੋ ਇਹ ਸਾਬਤ ਕਰੇ ਕਿ ਉਸ ਦਿਨ ਉਹ ਗੰਨ ਚਲਾਈ ਗਈ ਸੀ। ਅਤੇ ਉਸ ਘਟਨਾ ਸਥਾਨ ਦੀ ਕੋਈ ਫੋਰੈਂਸਿੰਕ ਜਾਂਚ ਬਗੈਰਾ ਵੀ ਨ੍ਹੀ ਹੋਈ।”

“ਨਹੀਂ , ਅਜਿਹਾ ਅਸੀਂ ਨ੍ਹੀਂ ਕਰ ਸਕੇ।”

“ਯੂਅਰ ਆਨਰ ਇਹ ਗੱਲ ਬੜਾ ਧਿਆਨ ਮੰਗਦੀ ਐ ਕਿ ਵਾਰਦਾਤ ਵੇਲੇ ਵਰਤੇ ਗਏ ਹਥਿਆਰ ’ਤੇ ਮਿਸ ਆਫੀਆ ਦੇ ਫਿੰਗਰ ਪਰਿੰਟ ਨ੍ਹੀਂ ਮਿਲੇ। ਵਾਰਦਾਤ ਦੀ ਘਟਨਾ ਵਾਲੀ ਥਾਂ ’ਤੋਂ ਹੋਰ ਵੀ ਲੋੜੀਂਦੇ ਸਬੂਤ ਇਕੱਠਾ ਨ੍ਹੀਂ ਕੀਤੇ ਗਏ ਜਿਵੇਂ। ਮਸਲਨ ਉਨ੍ਹਾਂ ਗੋਲੀਆਂ ਦੇ ਖੋਲ ਕਿੱਥੇ ਨੇ ਜੋ ਆਫੀਆ ਨੇ ਚਲਾਈਆਂ। ਹੋਰ ਬਹੁਤ ਕੁਝ ਐ ਜੱਜ ਸਾਹਿਬ....।”

ਜੱਜ ਕੁਝ ਨੋਟ ਕਰਨ ਲੱਗਿਆ ਤਾਂ ਸਰਕਾਰੀ ਵਕੀਲ ਵਿੱਚ ਬੋਲੀ, “ਯੂਅਰ ਆਨਰ, ਉਹ ਵਾਰ ਜ਼ੋਨ ਐਂ ਮਤਲਬ ਕਿ ਲੜਾਈ ਦਾ ਮੈਦਾਨ। ਜੰਗੇ ਮੈਦਾਨ ’ਚ ਫਿੰਗਰ ਪਰਿੰਟ ਵਰਗੀਆਂ ਕਾਰਵਾਈਆਂ ਸੰਭਵ ਨ੍ਹੀਂ ਹੁੰਦੀਆਂ। ਪਰ ਇੰਨੇ ਗਵਾਹਾਂ ਦੇ ਬਿਆਨ ਸਾਬਤ ਕਰ ਚੁੱਕੇ ਐ ਕਿ ਮਿਸ ਆਫੀਆ ਨੇ ਉਹ ਗੰਨ ਚੁੱਕੀ ਅਤੇ ਉਸ ’ਚੋਂ ਗੋਲੀਆਂ ਚਲਾਈਆਂ।”

“ਜੰਗੇ ਮੈਦਾਨ ’ਚ ਜੇਕਰ ਤੁਸੀਂ ਕਿਸੇ ਨੂੰ ਕਾਤਲ ਸਾਬਤ ਕਰਨ ਲਈ ਜ਼ਰੂਰੀ ਕਾਰਵਾਈਆਂ ਨ੍ਹੀਂ ਕਰ ਸਕਦੇ ਤਾਂ ਤੁਹਾਨੂੰ ਅਜਿਹੇ ਇਨਸਾਨ ’ਤੇ ਕੇਸ ਚਲਾਉਣ ਦਾ ਵੀ ਕੋਈ ਅਧਿਕਾਰ ਨ੍ਹੀਂ। ਕਿਉਂਕਿ ਸਿਰਫ ਕਿਸੇ ਦੇ ਕਹਿਣ ਨਾਲ ਹੀ ਕਤਲ ਸਾਬਤ ਨ੍ਹੀਂ ਹੋ ਜਾਂਦਾ। ਉਸਦੇ ਲਈ ਕਿਸੇ ਦੀਆਂ ਦਿੱਤੀਆਂ ਹੋਈਆਂ ਗਵਾਈਆਂ ਨਾਲ ਕੁਛ ਠੋਸ ਸਬੂਤ ਵੀ ਚਾਹੀਦੇ ਨੇ ਜੋ ਇਹ ਸਾਬਤ ਕਰਨ ਕਿ ਗਵਾਹ ਸੱਚ ਬੋਲ ਰਿਹਾ ਐ। ਪਰ ਇਸ ਕੇਸ ’ਚ ਇੱਕੋ ਈ ਰਟਿਆ ਰਟਾਇਆ ਬਿਆਨ ਦੇਣ ਵਾਲੇ ਤਾਂ ਬਹੁਤ ਨੇ ਪਰ ਬਿਆਨ ’ਤੇ ਸੱਚ ਦਾ ਠੱਪਾ ਲਾਉਣ ਵਾਲਾ ਸਬੂਤ ਕੋਈ ਨ੍ਹੀਂ ਐ।”

“ਮੈਂ ਫਿਰ ਇਹੀ ਕਹੂੰਗੀ ਕਿ ਉਨ੍ਹਾਂ ਹਾਲਾਤਾਂ ’ਚ ਇਹ ਸਭ ਕਾਰਵਾਈ ਸੰਭਵ ਨ੍ਹੀਂ ਸੀ। ਕਿਉਂਕਿ ਅਸੀਂ ਉੱਥੇ ਲੜਾਈ ਲੜ ਰਹੇ ਆਂ ਤੇ ਉਹ ਵਾਰ ਯੋਨ ਐਂ।” ਸਰਕਾਰੀ ਵਕੀਲ ਨੇ ਆਪਣੀ ਗੱਲ ਦੁਹਰਾਈ।

“ਫਿਰ ਮੈਂ ਵੀ ਇਹ ਕਹੂੰਗੀ ਕਿ ਇਹ ਇੱਕ ਸਿਵਲ ਕੋਰਟ ਐ, ਇਹ ਕੋਈ ਮਿਲਟਰੀ ਟਰੀਬਿਊਨਲ ਨ੍ਹੀਂ ਐ।” ਸਫਾਈ ਵਕੀਲ ਨੇ ਉਸਦਾ ਉੱਤਰ ਦਿੱਤਾ।

“ਮੈਂ ਦੋਨਾਂ ਧਿਰਾਂ ਦੀਆਂ ਗੱਲਾਂ ਨੋਟ ਕਰ ਲਈਆਂ ਨੇ ਹੁਣ ਪਲੀਜ਼ ਕਾਰਵਾਈ ਅੱਗੇ ਚੱਲਣ ਦਿਉ।” ਜੱਜ ਨੇ ਦਖਲ ਅੰਦਾਜ਼ੀ ਕੀਤੀ ਤਾਂ ਸਰਕਾਰੀ ਵਕੀਲ ਫਿਰ ਤੋਂ ਆਫੀਆ ਤੋਂ ਸੁਆਲ ਪੁੱਛਣ ਲੱਗ ਪਈ।

ਉਦੋਂ ਹੀ ਇੱਕ ਡਿਫੈਂਸ ਵਕੀਲ ਆਪਣੀ ਟੀਮ ਦੇ ਮੋਢੀ ਦੇ ਨੇੜੇ ਹੁੰਦਾ, ਮਨ ’ਚ ਨਵਾਂ ਉਪਜਿਆ ਖਿਆਲ ਉਸ ਨਾਲ ਸਾਂਝਾ ਕਰਨ ਲੱਗਿਆ, “ਵੈਸੇ ਤਾਂ ਹੁਣ ਤੱਕ ਦੀ ਕਾਰਵਾਈ ਆਪਣੇ ਹੱਕ ’ਚ ਜਾ ਰਹੀ ਐ ਪਰ ਜੇ ਇਹ ਗੱਲ ਸਿੱਧ ਕਰ ਦਿੱਤੀ ਜਾਵੇ ਕਿ ਆਫੀਆ ਨੇ ਭਾਵੇਂ ਗੰਨ ਚੁੱਕੀ ਸੀ ਪਰ ਉਸਨੇ ਇਹ ਆਪਣੀ ਸਵੈ-ਰੱਖਿਆ ਵਾਸਤੇ ਚੁੱਕੀ ਸੀ। ਕਿਉਂਕਿ ਪਹਿਲੇ ਦਿਨ ਤੋਂ ਹੀ ਜਦੋਂ ਤੋਂ ਆਫੀਆ ਫੜ੍ਹੀ ਗਈ ਸੀ ਉਸ ’ਤੇ ਘੋਰ ਅੱਤਿਆਚਾਰ ਕੀਤਾ ਗਿਆ। ਸਿਰਫ ਸ਼ੱਕ ਦੇ ਆਧਾਰ ਤੇ ਉਸ ਨਾਲ ਅਣਮਨੁੱਖੀ ਵਿਵਹਾਰ ਕੀਤਾ ਗਿਆ। ਇਸ ਕਰਕੇ ਜਦੋਂ ਉੱਥੇ ਸਾਰੇ ਜਣੇ ਆਫੀਆ ਨੂੰ ਘੇਰ ਕੇ ਬੈਠ ਗਏ ਤਾਂ ਆਫੀਆ ਨੂੰ ਸ਼ੱਕ ਹੋਇਆ ਕਿ ਹੁਣ ਉਸਨੂੰ ਮਾਰ ਦਿੱਤਾ ਜਾਵੇਗਾ, ਤਾਂ ਉਸਨੇ ਆਪਣੀ ਸਵੈ-ਰੱਖਿਆ ਲਈ ਗੰਨ ਚੁੱਕੀ ਹੋ ਸਕਦੀ ਹੈ। ਉਸ ਨੇ ਭਾਵੇਂ ਗੰਨ ਚਲਾਈ ਵੀ ਹੋਵੇ ਤਾਂ ਵੀ ਉਸਨੇ ਕਿਸੇ ਦੇ ਗੋਲੀ ਮਾਰੀ ਤਾਂ ਨਹੀਂ। ਮੇਰਾ ਖਿਆਲ ਐ ਕਿ ਇਹ ਗੱਲ ਇੱਕ ਅੱਧ ਜਿਊਰਰ ਨੂੰ ਜ਼ਰੂਰ ਜਚ ਜਾਵੇਗੀ ਤੇ ਉਹ ਨਾਂਹ ਵਿੱਚ ਸਿਰ ਮਾਰ ਦੇਵੇਗਾ। ਇਹੀ ਆਪਣਾ ਮੁੱਖ ਮਕਸਦ ਐ ਕਿ ਬੱਸ ਕੋਈ ਇੱਕ ਜਿਊਰੀ ਮੈਂਬਰ ਸ਼ੱਕ ਵਿੱਚ ਪੈ ਜਾਵੇ।”

ਮੋਢੀ ਸਫਾਈ ਵਕੀਲ ਨੂੰ ਇਹ ਗੱਲ ਬੜੀ ਜਚੀ। ਉਸਨੇ ਸੋਚਿਆ ਕਿ ਪਹਿਲਾਂ ਚੁੱਕੇ ਗਏ ਕਦਮ ਦੇ ਨਾਲ ਨਾਲ ਇਹ ਨੁਕਤਾ ਵਰਤਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਉਹ ਆਪਣੇ ਪੇਪਰ ਉੱਪਰ ਇਸ ਨੁਕਤੇ ਦੀ ਰੂਪ ਰੇਖਾ ਲਿਖਣ ਲੱਗਿਆ। ਪਰ ਉਦੋਂ ਹੀ ਉਸਦੇ ਕੰਨੀ ਜੋ ਆਵਾਜ਼ ਪਈ ਉਸਨੇ ਉਸਦੇ ਸਾਰੇ ਜੋਸ਼ ’ਤੇ ਪਾਣੀ ਫੇਰ ਦਿੱਤਾ। ਉਸਦੇ ਕੋਲੋਂ ਹੀ ਆਫੀਆ ਖੜ੍ਹੀ ਹੋ ਕੇ ਜੱਜ ਨੂੰ ਮੁਖਬਾਤ ਹੁੰਦਿਆਂ ਬੋਲੀ, “ ਜੱਜ ਸਾਹਿਬ ਮੈਂ ਆਪਣੀ ਸਟੇਟਮੈਂਟ ਦੇਣਾਂ ਚਾਹੁੰਨੀ ਆਂ।”

ਇਸ ਗੱਲ ਨੇ ਉਸਦੇ ਵਕੀਲਾਂ ਦੀਆਂ ਉਮੀਦਾਂ ’ਤੇ ਹੀ ਪਾਣੀ ਨਹੀਂ ਫੇਰਿਆ ਸਗੋਂ ਉਸਦਾ ਆਪਣਾ ਭਰਾ ਵੀ ਸਿਰ ਫੜ੍ਹ ਕੇ ਬੈਠ ਗਿਆ। ਭਰਾ ਨੇ ਇਸ਼ਾਰੇ ਨਾਲ ਆਫੀਆ ਨੂੰ ਬੈਠ ਜਾਣ ਨੂੰ ਵੀ ਕਿਹਾ। ਪਰ ਆਫੀਆ ਹੁਣ ਕਿਸੇ ਦੀ ਸੁਣਨ ਵਾਲੀ ਨਹੀਂ ਸੀ। ਜਿਸ ਗੱਲ ਦਾ ਸਫਾਈ ਟੀਮ ਨੂੰ ਡਰ ਸੀ ਉਹੀ ਹੋ ਗਈ।

“ਮਿਸਟਰ ਸਫਾਈ ਵਕੀਲ, ਆਪਣੀ ਕਲਾਇੰਟ ਨੂੰ ਬੋਲਣ ਤੋਂ ਰੋਕੋ। ਕਿਉਂਕਿ ਤੁਸੀਂ ਇਸ ਨੂੰ ਕੋਰਟ ਵਿੱਚ ਚੁੱਪ ਰਹਿਣ ਦਾ ਸਟੇਟਸ ਹਾਸਲ ਕੀਤਾ ਹੋਇਆ ਐ।” ਜੱਜ ਨੇ ਸਫਾਈ ਵਕੀਲ ਵੱਲ ਵੇਖਦਿਆਂ ਆਪਣਾ ਗੁੱਸਾ ਪ੍ਰਗਟ ਕੀਤਾ।

“ਨ੍ਹੀਂ ਮੈਂ ਬੋਲਣਾ ਐਂ।” ਆਫੀਆ ਫਿਰ ਤੋਂ ਬੋਲੀ ਤਾਂ ਜੱਜ ਦੇ ਮੱਥੇ ਤਿਉੜੀ ਪੈ ਗਈ। ਸਫਾਈ ਵਕੀਲਾਂ ਨੇ ਆਫੀਆ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਪਰ ਉਸਨੇ ਕਿਸੇ ਦੀ ਪ੍ਰਵਾਹ ਨਾ ਮੰਨੀ ਅਤੇ ਆਪਣੀ ਗੱਲ ’ਤੇ ਅੜੀ ਰਹੀ। ਆਖਰ ਜੱਜ ਉਸੇ ਨੂੰ ਮੁਖਾਬਤ ਹੋਇਆ,

“ਮਿਸ ਆਫੀਆ, ਕੀ ਤੂੰ ਸਮਝ ਰਹੀ ਐਂ ਕਿ ਤੂੰ ਕੀ ਕਰਨ ਜਾ ਰਹੀ ਐਂ ?”

“ਹਾਂ ਮੈਂ ਸਭ ਸਮਝਦੀ ਆਂ।”

“ਮਿਸ ਆਫੀਆ, ਮੈਂ ਇੱਕ ਵਾਰ ਫਿਰ ਤੈਨੂੰ ਸਮਝਾਉਣਾ ਚਾਹੂੰਗਾ ਕਿ ਇਸ ਤਰ੍ਹਾਂ ਤੇਰੇ ਕੇਸ ਦਾ ਨੁਕਸਾਨ ਹੋ ਸਕਦਾ ਐ। ਤੈਨੂੰ ਆਪਣੇ ਵਕੀਲਾਂ ਦੀ ਗੱਲ ਮੰਨਣੀ ਚਾਹੀਦੀ ਐ।” ਜੱਜ ਖਰਬਾ ਬੋਲਿਆ।

“ਮੈਨੂੰ ਕਿਸੇ ਦੀ ਪ੍ਰਵਾਹ ਨ੍ਹੀਂ ਐ। ਮੈਂ ਆਪਣੀ ਸਟੇਟਮੈਂਟ ਦੇਣੀ ਐਂ।”

“ਉਹ ਤਾਂ ਤੂੰ ਜਦੋਂ ਚਾਹੇਂ ਦੇ ਸਕਦੀ ਐਂ। ਵੈਸੇ ਵੀ ਕੇਸ ਅਜੇ ਵਿੱਚ ਵਿਚਕਾਰ ਈ ਐ। ਕੋਰਟ ਤੈਨੂੰ ਮੌਕੇ ਅਨੁਸਾਰ ਸਟੇਟਮੈਂਟ ਦੇਣ ਦੀ ਇਜਾਜ਼ਤ ਦੇਵੇਗੀ।” ਜੱਜ ਨੇ ਆਖਰੀ ਵਾਰ ਆਫੀਆ ਨੂੰ ਬੋਲਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

“ਨ੍ਹੀਂ ਮੈਂ ਹੁਣੇ ਈ ਸਟੇਟਮੈਂਟ ਦੇਣੀ ਐਂ। ਇਹ ਮੇਰਾ ਅਧਿਕਾਰ ਐ।”

“ਓ ਕੇ ਗੋ ਏਹੈੱਡ। ਜੋ ਤੇਰੀ ਮਰਜ਼ੀ।” ਆਖਰ ਜੱਜ ਨੇ ਉਸਨੂੰ ਬੋਲਣ ਦੀ ਇਜਾਜ਼ਤ ਦਿੰਦਿਆਂ ਉਸਨੂੰ ਵਿਟਨੈੱਸ ਬਾਕਸ ਵਿੱਚ ਜਾਣ ਨੂੰ ਕਿਹਾ। ਆਫੀਆ ਵਿਟਨਸ ਬਾਕਸ ਵਿੱਚ ਜਾ ਖੜ੍ਹੋਤੀ ਤਾਂ ਸਫਾਈ ਵਕੀਲ ਨੇ ਸੋਚਿਆ ਕਿ ਚਲੋ ਇਸੇ ਤਰ੍ਹਾਂ ਹੀ ਸਹੀ। ਪਰ ਉਸਨੇ ਇਸ ਪੈਦਾ ਹੋਈ ਨਵੀਂ ਸਥਿਤੀ ਨੂੰ ਵੀ ਆਪਣੇ ਹੱਕ ’ਚ ਰੱਖਣ ਦੀ ਕੋਸ਼ਿਸ਼ ਕਰਦਿਆਂ ਆਪ ਹੀ ਆਫੀਆ ਦਾ ਕਰਾਸ ਅਗਜ਼ਾਮੀਨੇਸ਼ਨ ਸ਼ੁਰੂ ਕਰ ਦਿੱਤਾ ਤਾਂ ਕਿ ਕੇਸ ਨੂੰ ਆਪਣੇ ਢੰਗ ਨਾਲ ਮੋੜ ਦਿੱਤਾ ਜਾ ਸਕੇ। ਉਸਨੇ ਆਫੀਆ ਨੂੰ ਕਿਹਾ ਕਿ ਉਹ ਆਪਣੀ ਸਾਰੀ ਕਹਾਣੀ ਸੁਣਾਵੇ। ਆਫੀਆ ਬੋਲਣ ਲੱਗੀ, “ਮੈਂ ਅਮਰੀਕਾ ਨੂੰ ਬਹੁਤ ਪਿਆਰ ਕਰਦੀ ਆਂ। ਮੇਰੀ ਨਿਊਯਾਰਕ ਅਤੇ ਬਾਸਟਨ ਸ਼ਹਿਰ ਨਾਲ ਬੜੀ ਜਜ਼ਬਾਤੀ ਸਾਂਝ ਹੈ। ਮੈਂ ਇਨ੍ਹਾਂ ਸ਼ਹਿਰਾਂ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਵੀ ਨ੍ਹੀਂ ਸਕਦੀ। ਮੈਂ ਬਹੁਤ ਇੰਟੈਲੀਜੈਂਟ ਸਟੂਡੈਂਟ ਰਹੀ ਆਂ। ਮੈਨੂੰ ਚੰਗੀ ਪੜ੍ਹਾਈ ਕਾਰਨ ਅਨੇਕਾਂ ਵਾਰ ਇਨਾਮ ਮਿਲੇ। ਇਸ ਤੋਂ ਇਲਾਵਾ ਸਮਾਜ ਸੇਵਾ ਲਈ ਮੈਨੂੰ ਮੇਰੀ ਯੂਨੀਵਰਸਿਟੀ ਨੇ ਕਈ ਵਾਰੀ ਸਨਮਾਨਿਤ ਕੀਤਾ....।”

“ਮਿਸ ਆਫੀਆ, ਜੋ ਤੇਰੇ ’ਤੇ ਇਲਜ਼ਾਮ ਲਗਾਇਆ ਗਿਆ ਐ ਕਿ ਤੂੰ ਸਪੈਸ਼ਿਲ ਫੋਰਸ ’ਤੇ ਗੋਲ ਚਲਾਈ, ਕੀ ਤੂੰ ਇਸ ਬਾਰੇ ਦੱਸੇਂਗੀ ਕਿ ਤੂੰ ਗੋਲੀ ਚਲਾਈ ਸੀ ਜਾਂ ਨ੍ਹੀਂ ?”। ਵਕੀਲ ਨੇ ਉਸਨੂੰ ਵਿਚਕਾਰੋਂ ਟੋਕਿਆ।

ਵਕੀਲ ਦੀ ਗੱਲ ਸੁਣ ਕੇ ਪਹਿਲਾਂ ਆਫੀਆ ਨੇ ਹੱਸਦਿਆਂ ਹੋਇਆਂ ਕੋਰਟ ’ਚ ਬੈਠੇ ਲੋਕਾਂ ਵੱਲ ਵੇਖਿਆ ਤੇ ਫਿਰ ਬੋਲੀ, “ਇਹ ਤਾਂ ਇੱਕ ਹਾਸੋਹੀਣਾ ਜਿਹਾ ਦੋਸ਼ ਐ। ਮੈਂ ਮਨ ਈ ਮਨ ਸੋਚਦੀ ਆਂ ਕਿ ਇਲਜ਼ਾਮ ਵੀ ਲਾਇਆ ਤਾਂ ਕਿੱਡਾ ਹਲਕਾ ਜਿਹਾ। ਜਿਸਦੀ ਕੋਈ ਤੁਕ ਈ ਨ੍ਹੀਂ ਬਣਦੀ।”

“ਮਿਸ ਆਫੀਆ ਮੇਰੇ ਸੁਆਲ ਦਾ ਉੱਤਰ ਦੇਵੋ ਪਲੀਜ਼”

“ਉਹੀ ਦੇ ਰਹੀ ਆਂ ਨਾ। ਜ਼ਰਾ ਸੋਚ ਕੇ ਵੇਖੋ ਕਿ ਪੰਜ ਸੱਤ ਅਫਗਾਨ ਪੁਲਿਸ ਦੇ ਅਧਿਕਾਰੀ ਬੈਠੇ ਨੇ। ਉਨ੍ਹਾਂ ਦੇ ਕੋਲ ਪੰਜ ਸੱਤ ਈ ਅਮਰੀਕਣ ਹੱਟੇ ਕੱਟੇ ਫੌਜੀ ਆ ਬੈਠਦੇ ਨੇ। ਕੀ ਇਹ ਸੰਭਵ ਐ ਕਿ ਮੇਰੇ ਵਰਗੀ ਹਲਕੀ ਜਿਹੀ ਕੁੜੀ ਜਿਹੜੀ ਕਿ ਉਸ ਵੇਲੇ ਪੁਲਿਸ ਦੀ ਨਿਗਰਾਨੀ ਹੇਠ ਐ, ਉਹ ਪਿਛਾਂਹ ਤੋਂ ਆਉਂਦੀ ਤੇ ਸਾਰਿਆਂ ਦੇ ਵਿਚਕਾਰ ਪਹੁੰਚ ਕੇ ਇੱਕ ਅਫਸਰ ਦੀ ਗੰਨ ਚੁੱਕਦੀ ਐ। ਇਸ ਪਿੱਛੋਂ ਉਹ ਸਾਰਿਆਂ ’ਤੇ ਗੋਲੀਆਂ ਵਰ੍ਹਾਉਣ ਲੱਗਦੀ ਐ। ਅਜਿਹਾ ਕੁਛ ਕਿਸੇ ਫਿਲਮੀ ਸੀਨ ਵਿੱਚ ਤਾਂ ਹੋ ਸਕਦਾ ਐ ਪਰ ਅਸਲੀ ਜ਼ਿੰਦਗੀ ’ਚ ਬਿਲਕੁਲ ਸੰਭਵ ਨ੍ਹੀਂ ਐ।”

“ਮਿਸ ਆਫੀਆ ਤੂੰ ਹਾਂ ਜਾਂ ਨਾਂਹ ’ਚ ਉੱਤਰ ਦੇਹ ਕਿ ਤੂੰ ਇਨ੍ਹਾਂ ਤੇ ਗੋਲ ਚਲਾਈ ਸੀ ਕਿ ਨ੍ਹੀਂ ?”

“ਮੈਂ ਨਾ ਹੀ ਕੋਈ ਗੰਨ ਚੁੱਕੀ ਤੇ ਨਾਂ ਹੀ ਕਿਸੇ ’ਤੇ ਗੋਲੀ ਚਲਾਈ।”

“ਫਿਰ ਤੂੰ ਕੋਰਟ ਨੂੰ ਦੱਸ ਕਿ ਉਸ ਦਿਨ ਕੀ ਹੋਇਆ ?”

“ਉਸ ਦਿਨ ਜਦੋਂ ਇੰਨੇ ਸਾਰੇ ਬੰਦੇ ਉੱਥੇ ਸਨ ਤਾਂ ਮੈਂ ਪਰਦੇ ਪਿੱਛੇ ਬੈਠੀ ਹੋਈ ਸੀ। ਬੈਠੀ ਵੀ ਨ੍ਹੀਂ ਬਲਕਿ ਲੇਟੀ ਹੋਈ ਸੀ ਕਿਉਂਕਿ ਸਾਰੀ ਰਾਤ ਥਾਣੇ ਵਾਲੇ ਮੇਰੀ ਕੁੱਟਮਾਰ ਕਰਦੇ ਰਹੇ ਸਨ ਤੇ ਮੇਰਾ ਸਰੀਰ ਸੱਟਾਂ ਦਾ ਭੰਨਿਆਂ ਹੋਇਆ ਸੀ। ਉਸ ਵੇਲੇ ਮੇਰੇ ਕੰਨੀ ਹੇਠਾਂ ਇਕੱਠੇ ਹੋਏ ਲੋਕਾਂ ਦਾ ਸ਼ੋਰ ਵੀ ਪੈ ਰਿਹਾ ਸੀ ਜਿਹੜੇ ਕਿ ਗੁੱਸੇ ’ਚ ਚੀਕ ਚਿਲਾ ਰਹੇ ਸਨ। ਉੱਥੇ ਇਹ ਅਫਵਾਹ ਫੈਲੀ ਹੋਈ ਸੀ ਕਿ ਅਫਗਾਨੀ ਪੁਲਿਸ ਵਾਲੇ, ਕਿਸੇ ਨਿਰਦੋਸ਼ ਔਰਤ ਨੂੰ ਅਮਰੀਕਣਾਂ ਨੂੰ ਸੌਂਪ ਰਹੇ ਨੇ। ਫਿਰ ਜਦੋਂ ਅਮਰੀਕਣ ਸਪੈਸ਼ਿਲ ਫੋਰਸ ਵਾਲੇ ਅੰਦਰ ਆਏ ਤਾਂ ਮੈਂ ਇਹ ਵੇਖਣ ਲਈ ਪਰਦਾ ਚੁੱਕ ਕੇ ਬਾਹਰ ਵੱਲ ਝਾਕੀ ਕਿ ਵੇਖਾਂ ਤਾਂ ਸਹੀ ਕਿ ਇੱਥੇ ਅਕਸਰ ਹੋ ਕੀ ਰਿਹਾ ਐ। ਮੈਂ ਵੇਖਿਆ ਕਿ ਅਮਰੀਕਣ ਫੌਜੀ ਅੰਦਰ ਨੂੰ ਆਉਂਦੇ ਬਹੁਤ ਹੀ ਡਰੇ ਘਬਰਾਏ ਹੋਏ ਸਨ ਤੇ ਉਨ੍ਹਾਂ ਆਪਣੀਆਂ ਬੰਦੂਕਾਂ ਸਿੰਨੀਆਂ ਹੋਈਆਂ ਸਨ। ਫਿਰ ਜਿਉਂ ਹੀ ਇੱਕ ਫੌਜੀ ਦੀ ਮੇਰੇ ਵੱਲ ਨਿਗ੍ਹਾ ਗਈ ਤਾਂ ਉਹ ਸ਼ਾਇਦ ਮੈਨੂੰ ਇਉਂ ਝਾਕਦੀ ਨੂੰ ਵੇਖ ਕੇ ਹੋਰ ਵੀ ਡਰ ਗਿਆ ਤੇ ਉਸਨੇ ਛੇਤੀ ਦੇਣੇ ਆਪਣੀ ਪਿਸਤੋਲ ’ਚੋਂ ਗੋਲੀ ਚਲਾ ਦਿੱਤੀ ਜੋ ਕਿ ਮੇਰੇ ਪੇਟ ’ਚ ਗੋਲੀ ਆਣ ਲੱਗੀ। ਇਸ ਪਿੱਛੋਂ ਉੱਥੇ ਹਫੜਾ ਦਫੜੀ ਮੱਚ ਗਈ। ਇਹ ਸ਼ਾਇਦ ਆਪਣੇ ਬਚਾਅ ਲਈ ਮੈਨੂੰ ਜ਼ਖ਼ਮੀ ਹੋਈ ਨੂੰ ਚੁੱਕ ਕੇ ਨਾਲ ਈ ਲੈ ਗਏ। ਉਦੋਂ ਤਾਂ ਸ਼ਾਇਦ ਇਨ੍ਹਾਂ ਦੇ ਚਿੱਤ ਚੇਤੇ ਵੀ ਨ੍ਹੀਂ ਸੀ ਕਿ ਮੈਂ ਕੌਣ ਆਂ। ਪਿੱਛੋਂ ਜਦੋਂ ਇਨ੍ਹਾਂ ਨੂੰ ਮੇਰੀ ਅਸਲੀਅਤ ਪਤਾ ਚੱਲੀ ਤਾਂ ਸਰਕਾਰ ਨੇ ਮੇਰੇ ’ਤੇ ਉਹ ਕੇਸ ਬਣਾ ਲਿਆ ਜੋ ਕਿ ਸਰਕਾਰ ਨੂੰ ਠੀਕ ਬੈਠਦਾ ਹੈ।”

ਫਿਰ ਸਫਾਈ ਵਕੀਲ ਨੇ ਆਫੀਆ ਨੂੰ ਕਿਹਾ ਕਿ ਉਹ ਖੁੱਲ੍ਹ ਕੇ ਦੱਸੇ ਕਿ ਆਪਣੀ ਗ੍ਰਿਫਤਾਰੀ ਤੋਂ ਪਹਿਲਾਂ ਉਹ ਕਿੱਥੇ ਗਾਇਬ ਰਹੀ। ਸਫਾਈ ਵਕੀਲ ਨੂੰ ਪੂਰੀ ਉਮੀਦ ਸੀ ਕਿ ਆਫੀਆ ਉਹੀ ਗੱਲ ਸੁਣਾਊਗੀ ਜੋ ਉਹ ਹਮੇਸ਼ਾ ਕਹਿੰਦੀ ਹੈ ਕਿ ਉਸਨੂੰ ਐਫ. ਬੀ. ਆਈ. ਨੇ ਕਿਧਰੇ ਗੁਪਤ ਜੇਲ੍ਹ ਵਿੱਚ ਕੈਦ ਰੱਖਿਆ ਅਤੇ ਉਸ ਉੱਤੇ ਅੰਨਾ ਤਸ਼ੱਦਦ ਕੀਤਾ ਗਿਆ। ਪਰ ਆਫੀਆ ਨੇ ਇਹ ਸੁਆਲ ਹੀ ਟਾਲ ਦਿੱਤਾ ਤੇ ਗੱਲ ਨੂੰ ਹੋਰ ਈ ਪਾਸੇ ਲੈ ਤੁਰੀ। ਉਸਦੀ ਇਸ ਹਰਕਤ ’ਤੇ ਸਫਾਈ ਵਕੀਲ ਨੂੰ ਵੀ ਖਿਝ ਚੜ੍ਹੀ। ਉਹ ਸੋਚ ਰਿਹਾ ਸੀ ਕਿ ਜੇਕਰ ਇੱਹ ਖੁੱਲ੍ਹ ਕੇ ਦੱਸ ਦੇਵੇ ਕਿ ਕਿਵੇਂ ਇਸਨੂੰ ਏਜੈਂਸੀਆਂ ਵੱਲੋਂ ਇੰਨੇ ਸਾਲ ਟਾਰਚਰ ਕੀਤਾ ਗਿਆ ਤਾਂ ਜਿਊਰੀ ਦੀ ਇਸ ਨਾਲ ਹਮਦਰਦੀ ਵਧ ਜਾਵੇਗੀ। ਪਰ ਆਫੀਆ ਨੇ ਅਜਿਹਾ ਕੁਝ ਨਾ ਕਿਹਾ। ਆਖਰ ਮੱਥਾ ਪੱਚੀ ਕਰਦਿਆਂ ਸਫਾਈ ਵਕੀਲ ਬੈਠ ਗਿਆ ਤਾਂ ਸਰਕਾਰੀ ਵਕੀਲ ਦੀ ਵਾਰੀ ਆ ਗਈ। ਉਹ ਵਿਟਨਸ ਬਾਕਿਸ ਦੇ ਸਾਹਮਣੇ ਆ ਖੜ੍ਹੋਤੀ। ਧਿਆਨ ਨਾਲ ਆਫੀਆ ਵੱਲ ਵੇਖਦਿਆਂ ਉਹ ਬੋਲੀ, “ਮਿਸ ਆਫੀਆ ਤੂੰ ਇੰਨੇ ਸਾਲ ਕਿੱਥੇ ਰਹੀ ?”

“ਮੈਨੂੰ ਐਫ. ਬੀ. ਆਈ. ਨੇ ਅਫਗਾਨਿਸਤਾਨ ਦੀ ਕਿਸੇ ਗੁਪਤ ਜੇਲ੍ਹ ’ਚ ਰੱਖਿਆ ਹੋਇਆ ਸੀ, ਜਿੱਥੇ ਉਨ੍ਹਾਂ ਮੇਰੇ ’ਤੇ ਘੋਰ ਤਸ਼ੱਦਦ ਕੀਤਾ।” ਜਿਸ ਗੱਲ ਨੂੰ ਉਹ ਸਫਾਈ ਵਕੀਲ ਜਾਣੀ ਕਿ ਆਪਣੇ ਹੀ ਵਕੀਲ ਮੂਹਰੇ ਟਾਲ ਗਈ ਸੀ ਉਸਦਾ ਉਸਨੇ ਫੱਟ ਦੇਣੇ ਉੱਤਰ ਦੇ ਦਿੱਤਾ। ਇਸ ਨਾਲ ਸਫਾਈ ਵਕੀਲ ਨੂੰ ਥੋੜ੍ਹੀ ਰਾਹਤ ਮਿਲੀ ਕਿ ਚਲੋ ਇਸ ਨੇ ਜੋ ਕੁਝ ਮੇਰੇ ਕਹਿਣ ’ਤੇ ਨਹੀਂ ਦੱਸਿਆ ਉਹ ਹੁਣ ਦੱਸ ਰਹੀ ਹੈ।

“ਪਰ ਤੇਰੀ ਗ੍ਰਿਫਤਾਰੀ ਤੋਂ ਅਗਲੇ ਹੀ ਦਿਨ ਤੂੰ ਐਫ. ਬੀ. ਆਈ. ਦੀ ਇੱਕ ਔਰਤ ਅਫਸਰ ਕੋਲ ਇਹ ਕਿਹਾ ਸੀ ਕਿ ਤੂੰ ਆਪਣੀ ਮਰਜ਼ੀ ਨਾਲ ਅੰਡਰਗਰਾਊਂਡ ਰਹੀ ਸੀ।”

“ਉਹ ਗੱਲ ਤਾਂ ਮੈਂ ਇਸ ਗੱਲੋਂ ਡਰਦੀ ਨੇ ਕਹੀ ਸੀ ਕਿ ਹੁਣ ‘ਇਹ’ ਮੇਰੇ ’ਤੇ ਅੱਤਿਆਚਾਰ ਨਾ ਕਰਨ।”

“ਤੇਰੀ ਗ੍ਰਿਫਤਾਰੀ ਵੇਲੇ ਤੇਰੇ ਬੈਗ ’ਚੋਂ ਜੋ ਪੇਪਰ ਮਿਲੇ ਸਨ ਕੀ ਉਹ ਤੇਰੇ ਸਨ ?”

"ਨ੍ਹੀਂ ਉਹ ਤਾਂ ਮੈਨੂੰ ਆਈ. ਐੱਸ. ਆਈ. ਨੇ ਦਿੱਤੇ ਸਨ।" ਆਫੀਆ ਦਾ ਇਹ ਉੱਤਰ ਸੁਣਦਿਆਂ ਈ ਸਰਕਾਰੀ ਵਕੀਲ ਨੇ ਵੱਡੇ ਬੰਡਲ 'ਚੋਂ ਇੱਕ ਪੇਪਰ ਕੱਢ ਕੇ ਸਾਹਮਣੇ ਬੋਰਡ 'ਤੇ ਟੰਗ ਦਿੱਤਾ। ਇਸ ਕਾਗਜ਼ 'ਤੇ ਡਰਟੀ ਬੰਬ ਬਣਾਉਣ ਦੇ ਢੰਗ ਤਰੀਕੇ ਲਿਖੇ ਹੋਏ ਸਨ।

"ਮਿਸ ਆਫੀਆ ਇਹ ਹੱਥ ਲਿਖਤ ਕਾਗਜ਼ ਹਨ। ਅਤੇ ਇਹ ਤੇਰੀ ਹੀ ਹੱਥ ਲਿਖਤ ਐ। ਇਸ ਬਾਰੇ ਤੂੰ ਕੀ ਕਹਿਣਾਂ ਚਾਹੁੰਨੀ ਐਂ ?"

"ਉਹ ਇਹ! ਇਹ ਤਾਂ ਮੈਥੋਂ ਧੱਕੇ ਨਾਲ ਲਿਖਵਾਏ ਗਏ ਸਨ। ਮੈਨੂੰ ਇੱਕ ਰਸਾਲਾ ਦਿੱਤਾ ਗਿਆ ਸੀ। ਇਹ ਸਾਰੀ ਜਾਣਕਾਰੀ ਉਸ ਵਿੱਚ ਸੀ। ਮੈਂ ਤਾਂ ਸਿਰਫ ਕਾਪੀ ਹੀ ਕੀਤੀ ਸੀ।"

"ਤੂੰ ਫਿਰ ਕਾਪੀ ਕਿਉਂ ਕੀਤੀ ?"

"ਜੇ ਮੈਂ ਅਜਿਹਾ ਨਾ ਕਰਦੀ ਤਾਂ ਉਹ ਮੇਰੇ ਬੱਚਿਆਂ 'ਤੇ ਤਸ਼ੱਦਦ ਕਰਨ ਦਾ ਡਰਾਬਾ ਦਿੰਦੇ ਸਨ। ਨਾਲੇ ਇਹ ਕੋਈ ਇੱਕ ਅੱਧ ਦਿਨ ਦੀ ਗੱਲ ਨ੍ਹੀਂ ਐ। ਪੂਰੇ ਚਾਰ ਸਾਲ ਮੈਂ ਅਜਿਹੇ ਲੋਕਾਂ ਦੀ ਕੈਦ 'ਚ ਬਿਤਾਏ ਨੇ ਜਿਨ੍ਹਾਂ ਦਾ ਹਰ ਰੋਜ਼ ਦਾ ਕੰਮ ਈ ਮੇਰੇ 'ਤੇ ਅੱਤਿਆਚਾਰ ਕਰਨਾ ਸੀ। ਇਹ ਸਭ ਕੁਛ ਮੈਨੂੰ ਬਾਅਦ ਵਿੱਚ ਬਲੈਕਮੇਲ ਕਰਨ ਲਈ ਕਰਵਾਇਆ ਗਿਆ ਸੀ। ਇਹ ਗੱਲ ਸੱਚ ਵੀ ਹੈ। ਹੁਣ ਤੁਸੀਂ ਉਨ੍ਹਾਂ ਕਾਗਜ਼ਾਂ ਨੂੰ ਈ ਮੇਰੇ ਖਿਲਾਫ ਵਰਤ ਰਹੇ ਓਂ।"

"ਮਿਸ ਆਫੀਆ ਕੀ ਤੈਨੂੰ ਬੰਦੂਕ ਜਾਂ ਪਿਸਤੌਲ ਚਲਾਉਣ ਦੀ ਕੋਈ ਜਾਣਕਾਰੀ ਐ ?"

"ਨਹੀਂ।" ਆਫੀਆ ਨੇ ਨਾਂਹ 'ਚ ਸਿਰ ਮਾਰਦਿਆਂ ਉੱਤਰ ਦਿੱਤਾ।

"ਤੂੰ 1993 'ਚ ਬੰਦੂਕ ਪਿਸਤੌਲ ਚਲਾਉਣਾ ਸਿੱਖਣ ਲਈ ਇੱਕ ਕਲੱਬ ਜੁਆਇਨ ਕੀਤਾ ਸੀ। ਇਸ ਬਾਰੇ ਤੇਰਾ ਕੀ ਕਹਿਣਾ ਐ।"

"ਨ੍ਹੀਂ, ਮੈਂ ਕੋਈ ਕਲੱਬ ਜੁਆਇਨ ਨ੍ਹੀਂ ਸੀ ਕੀਤਾ।"

ਉਸਦੇ ਇੰਨਾ ਕਹਿੰਦਿਆਂ ਹੀ ਸਰਕਾਰੀ ਵਕੀਲ ਨੇ ਉਸ ਵੇਲੇ ਦੇ ਕਿਸੇ ਕਲੱਬ ਦੇ ਇੰਸਟਰੱਕਟਰ ਨੂੰ ਅਦਾਲਤ ਵਿੱਚ ਪੇਸ਼ ਕਰ ਦਿੱਤਾ ਜਿਸਨੇ ਦੱਸਿਆ ਕਿ ਉਸਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸਨੇ ਇਸ ਔਰਤ ਨੂੰ ਅਸਲਾ ਚਲਾਉਣ ਦੀ ਸਿਖਲਾਈ ਦਿੱਤੀ ਸੀ। ਇਸੇ ਤਰਾਂ ਇਹ ਕਾਰਵਾਈ ਕਈ ਦਿਨ ਚਲਦੀ ਰਹੀ। ਆਖਰ ਗਵਾਈਆਂ ਖਤਮ ਹੋ ਗਈਆਂ ਤੇ ਜੱਜ ਨੇ ਦੋਨਾਂ ਧਿਰਾਂ ਨੂੰ ਕਲੋਜਸਟੇਟਮੈਂਟ ਦੇਣ ਲਈ ਕਿਹਾ। ਸਰਕਾਰੀ ਵਕੀਲ ਨੇ ਆਪਣੀ ਕਲੋਜ਼ ਸਟੇਟਮੈਂਟ ਵਿੱਚ ਕਿਹਾ ਕਿ ਮਿਸ ਆਫੀਆ ਲਗਾਤਾਰ ਝੂਠ ਬੋਲਦੀ ਰਹੀ ਹੈ। ਇਸਨੇ ਕਿਸੇ ਵੀ ਸੁਆਲ ਦਾ ਸਿੱਧਾ ਉੱਤਰ ਨਹੀਂ ਦਿੱਤਾ। ਕਦੇ ਇਹ ਦਿਮਾਗੀ ਤੌਰ 'ਤੇ ਬਿਮਾਰ ਹੋਣ ਦਾ ਪਾਖੰਡ ਕਰਦੀ ਹੈ। ਕਦੇ ਕਹਿੰਦੀ ਹੈ ਕਿ ਇਹ ਆਪਣੀ ਮਰਜ਼ੀ ਨਾਲ ਅੰਡਰਗਰਾਉਂਡ ਰਹੀ ਤੇ ਕਦੇ ਸਰਕਾਰ 'ਤੇ ਇਲਜ਼ਾਮ ਲਾਉਂਦੀ ਹੈ। ਇਸ ਕਰਕੇ ਇਸਦੀ ਕੋਈ ਵੀ ਗੱਲ ਇਤਬਾਰ ਕਰਨ ਦੇ ਕਾਬਿਲ ਨਹੀਂ ਹੈਂ। ਜੋ ਕੇਸ ਇਸ 'ਤੇ ਚਲਾਇਆ ਗਿਆ ਹੈ ਇਹ ਪੂਰੀ ਤਰ੍ਹਾਂ ਸਾਬਤ ਹੋ ਚੁੱਕਿਆ ਹੈ।

ਡਿਫੈਂਸ ਟੀਮ ਨੇ ਕਿਹਾ, "ਇੱਕ ਮਾਸੂਮ ਅਤੇ ਤਿੰਨ ਬੱਚਿਆਂ ਦੀ ਮਾਂ ਨੂੰ ਸਰਾਕਰੀ ਏਜੈਂਸੀਆਂ ਨੇ ਲਗਾਤਾਰ ਕਈ ਸਾਲ ਬਿਨਾਂ ਕਿਸੇ ਦੋਸ਼ ਦੇ ਕੈਦ ਕਰੀ ਰੱਖਿਆ ਤੇ ਉਸ 'ਤੇ ਘੋਰ ਅੱਤਿਆਚਾਰ ਕੀਤੇ। ਆਖਰ ਡਰਾਮਾ ਕਰਦਿਆਂ ਉਸਦੀ ਗ੍ਰਿਫਤਾਰੀ ਵਿਖਾਈ ਗਈ। ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਜਿਨ੍ਹਾਂ ਦੋਸ਼ਾਂ ਕਰਕੇ ਉਸਨੂੰ ਕੈਦ ਰੱਖਿਆ ਤੇ ਉਸ ਉੱਪਰ ਅੱਤਿਆਚਾਰ ਕੀਤੇ ਉਨ੍ਹਾਂ ਦੋਸਾਂ ਬਾਬਤ ਉਸ 'ਤੇ ਕੇਸ ਚਲਾਇਆ ਹੀ ਨਹੀਂ ਗਿਆ। ਉਸ 'ਤੇ ਇੱਕ ਮਨਘੜਤ ਦੋਸ਼ ਆਇਦ ਕਰ ਦਿੱਤਾ। ਇਸ ਕੇਸ ਵਿੱਚ ਵੀ ਕੋਈ ਠੋਸ ਸਬੂਤ ਉਸਦੇ ਖਿਲਾਫ ਨਹੀਂ ਮਿਲਿਆ। ਅਸੀਂ ਮਾਣਯੋਗ ਜਿਊਰੀ ਨੂੰ ਦੱਸਣਾ ਚਾਹਾਂਗੇ ਕਿ ਇਹ ਕੇਸ ਝੂਠਾ ਹੈ ਤੇ ਬੇਬੁਨਿਆਦ ਹੈ।

ਫਿਰ ਜੱਜ ਨੇ ਦਿਸ਼ਾ ਨਿਰਦੇਸ਼ ਦਿੱਤੇ ਤੇ ਜਿਊਰੀ ਬੈਠ ਗਈ। ਤਿੰਨ ਦਿਨਾਂ ਪਿੱਛੋਂ ਜਿਊਰੀ ਨੇ ਆਪਣਾ ਫੈਸਲਾ ਸੁਣਾਉਂਦਿਆਂ ਆਫੀਆ ਨੂੰ ਦੋਸ਼ੀ ਘੋਸ਼ਿਤ ਕਰ ਦਿੱਤਾ। ਅਦਾਲਤ 'ਚ ਬੈਠੇ ਆਫੀਆ ਦੇ ਭਰਾ ਨੇ ਸਿਰ ਫੜ੍ਹ ਲਿਆ। ਉਹ ਆਫੀਆ ਨੂੰ ਇਹ ਸਮਝਾਉਣ ਲਈ ਸਾਰਾ ਜ਼ੋਰ ਲਾ ਚੁੱਕਿਆ ਸੀ ਕਿ ਪਾਕਿਸਤਾਨ ਸਰਕਾਰ ਨੇ ਦੋ ਮਿਲੀਅਨ ਡਾਲਰ ਦੀ ਮੱਦਦ ਦਿੰਦਿਆਂ ਉਸਦੇ ਲਈ ਦੁਨੀਆਂ ਦੇ ਬਿਹਤਰ ਵਕੀਲ ਚੁਣੇ ਹਨ। ਉਹ ਹੋਰ ਕੁਝ ਨਹੀਂ ਕਰ ਸਕਦੀ ਤਾਂ ਕਮ ਸੇ ਕਮ ਚੁੱਪ ਹੀ ਰਹੇ। ਪਰ ਹੁਣ ਉਹ ਸੋਚ ਰਿਹਾ ਸੀ ਕਿ ਇਸ ਬੇਵਕੂਫ ਕੁੜੀ ਨੇ ਸਾਰਾ ਝੁੱਗਾ ਚੌੜ ਕਰਕੇ ਰੱਖ ਦਿੱਤਾ। ਪਰ ਬਾਕਸ 'ਚ ਖੜ੍ਹੀ ਆਫੀਆ 'ਤੇ ਕੋਈ ਅਸਰ ਨਹੀਂ ਸੀ। ਉਸਨੇ ਉੱਚੀ ਬੋਲਦਿਆਂ ਇੰਨਾ ਹੀ ਕਿਹਾ, "ਮੈਨੂੰ ਜਿਊਰੀ ਦਾ ਇਹ ਫੈਸਲਾ ਸੁਣ ਕੇ ਕੋਈ ਹੈਰਾਨੀ ਨ੍ਹੀਂ ਹੋਈ। ਕਿਉਂਕਿ ਮੈਨੂੰ ਪਤਾ ਐ ਕਿ ਇਹ ਫੈਸਲਾ ਪਹਿਲਾਂ ਤੋਂ ਈ ਜਿਊਰੀ ਮੈਂਬਰਾਂ ਦੇ ਮਨਾਂ ਵਿੱਚ ਤਹਿ ਸ਼ੁਦਾ ਐ। ਮੈਂ ਇਹ ਉਮੀਦ ਵੀ ਨ੍ਹੀਂ ਸੀ ਕੀਤੀ ਕਿ ਅਮਰੀਕਾ ਦੀ ਕਿਸੇ ਅਦਾਲਤ 'ਚੋਂ ਮੈਨੂੰ ਇਨਸਾਫ ਮਿਲੂਗਾ। ਇਸੇ ਕਰਕੇ ਮੈਂ ਇਸਦੇ ਲਈ ਪਹਿਲਾਂ ਈ ਤਿਆਰ ਸੀ। ਜ਼ਰਾ ਸੋਚੋ....।"

"ਮਿਸ ਆਫੀਆ ਤੈਨੂੰ ਇਸ ਮੌਕੇ ਬੋਲਣ ਦੀ ਇਜਾਜ਼ਤ ਨ੍ਹੀਂ ਐ। ਨਾ ਹੀ ਹੁਣ ਤੇਰੇ ਬੋਲਣ ਨਾਲ ਕੋਈ ਫਰਕ ਪਵੇਗਾ। ਇਸ ਕਰਕੇ ਕੋਰਟ ਦਾ ਹੁਕਮ ਐ ਕਿ ਤੂੰ ਇਸ ਵੇਲੇ ਤੂੰ ਚੁੱਪ ਰਹੇਂ।"

"ਠੀਕ ਐ ਜੱਜ ਸਾਹਿਬ। ਮੁਲਕ ਤੁਹਾਡਾ, ਕੋਰਟ ਤੁਹਾਡੀ, ਜਿਊਰੀ ਤੁਹਾਡੇ ਲੋਕਾਂ ਦੀ, ਵਕੀਲ ਤੁਹਾਡੇ। ਫਿਰ ਇੱਥੇ ਕਿਸੇ ਬਿਗਾਨੇ ਦਾ ਕੇਸ ਕਿਵੇਂ ਨਿਰਪੱਖ ਢੰਗ ਨਾਲ ਚੱਲ ਸਕਦਾ ਐ। ਪਰ ਮੈਂ ਪਹਿਲਾਂ ਈ ਕਿਹਾ ਐ ਕਿ ਮੈਨੂੰ ਕੋਈ ਰੰਜਸ਼ ਨ੍ਹੀਂ ਐ। ਕਿਸੇ 'ਤੇ ਕੋਈ ਗੁੱਸਾ ਨ੍ਹੀਂ ਐ। ਤੁਹਾਡਾ ਹੁਕਮ ਸਿਰ ਮੱਥੇ ਐ।" ਇੰਨਾ ਕਹਿੰਦਿਆਂ ਆਫੀਆ ਚੁੱਪ ਹੋ ਗਈ। ਕੋਰਟ 'ਚ ਖਾਮੋਸ਼ੀ ਪਸਰ ਗਈ। ਫਿਰ ਜੱਜ ਦੀ ਆਵਾਜ਼ ਨੇ ਇਸ ਖਾਮੋਸ਼ੀ ਨੂੰ ਤੋੜਿਆ। ਉਸਨੇ ਕੋਰਟ ਬਰਖਾਸਤ ਕਰਦਿਆਂ ਸਜ਼ਾ ਦੇਣ ਦੀ ਤਾਰੀਖ ਅਗਲੇ ਦਿਨ ਦੀ ਰੱਖ ਦਿੱਤੀ। ਮਾਰਸ਼ਲ ਆਫੀਆ ਨੂੰ ਜੇਲ੍ਹ ਵੱਲ ਲੈ ਗਏ ਤੇ ਕੋਰਟ ਖਾਲੀ ਹੋ ਗਈ।

ਉਸ ਰਾਤ ਆਫੀਆ ਦਾ ਸੈੱਲ ਬਦਲ ਦਿੱਤਾ ਗਿਆ। ਨਵਾਂ ਸੈੱਲ ਬਹੁਤਾ ਤਕਲੀਫ ਦੇਹ ਨ੍ਹੀਂ ਸੀ। ਰਾਤ ਵੇਲੇ ਹਰ ਰੋਜ਼ ਦੀ ਤਰ੍ਹਾਂ ਉਸਨੂੰ ਜਾਗਦੀ ਰੱਖਣ ਲਈ ਤੰਗ ਪਰੇਸ਼ਾਨ ਵੀ ਨਾ ਕੀਤਾ ਗਿਆ। ਪਰ ਅੱਜ ਉਸਨੂੰ ਆਪ ਨੂੰ ਨੀਂਦ ਨ੍ਹੀਂ ਆ ਰਹੀ ਸੀ। ਉਹ ਛੋਟੇ ਜਿਹੇ ਕਮਰੇ 'ਚ ਗੇੜੇ ਕੱਢੀ ਜਾ ਰਹੀ ਸੀ। ਆਖਰ ਉਹ ਬੈਠ ਗਈ ਤੇ ਪਾਸੇ ਪਿਆ ਕਾਗਜ਼ ਪੈੱਨ ਚੁੱਕ ਲਿਆ। ਕਾਫੀ ਦੇਰ ਪੈੱਨ ਦਾ ਪਿਛਲਾ ਪਾਸਾ ਮੂੰਹ 'ਚ ਲਈ ਉਹ ਕੰਧ ਵੱਲ ਵੇਖਦੀ ਰਹੀ। ਫਿਰ ਉਸਨੇ ਕਾਪੀ ਖੋਲ੍ਹੀ ਤੇ ਲਿਖਣ ਲੱਗੀ, "ਅਮਜਦ ਕੱਲ੍ਹ ਨੂੰ ਮੇਰੀ ਜ਼ਿੰਦਗੀ ਦਾ ਫੈਸਲਾ ਹੋ ਜਾਣਾ ਐਂ। ਮੈਨੂੰ ਪਹਿਲਾਂ ਹੀ ਪਤਾ ਕਿ ਮੈਨੂੰ ਲੰਬੀ ਸਜ਼ਾ ਹੋਊਗੀ। ਇਸ ਗੱਲ ਦਾ ਕੋਈ ਅਫਸੋਸ ਨ੍ਹੀਂ ਐ। ਬੱਸ ਇੱਕ ਸਿੱਕ ਜਿਹੀ ਦਿਲ 'ਚ ਹੈ ਕਿ ਕਾਸ਼ ਤੂੰ ਕੱਲ੍ਹ ਨੂੰ ਕੋਰਟ 'ਚ ਮੌਜੂਦ ਹੋਵੇਂ। ਬੱਸ ਆਖਰੀ ਵਾਰ ਤੈਨੂੰ ਵੇਖਣ ਦੀ ਇੱਕ ਚਾਹਤ ਦਿਲ 'ਚ ਐ। ਤੂੰ ਇਹ ਨਾ ਸੋਚੀਂ....।" ਲਿਖਦੀ ਲਿਖਦੀ ਆਫੀਆ ਇੱਕ ਦਮ ਤ੍ਰੱਭਕੀ ਤੇ ਲਿਖਣੋਂ ਰੁਕ ਗਈ। ਫਿਰ ਉਸਨੇ ਲਿਖੀਆਂ ਹੋਈਆਂ ਲਾਈਨਾਂ ਪੜ੍ਹੀਆਂ। ਪੈਨ ਕਾਪੀ ਪਾਸੇ ਰੱਖਦਿਆਂ ਉਹ ਲਿਖੀ ਹੋਈ ਇਬਾਰਤ ਨੂੰ ਗੌਹ ਨਾਲ ਵੇਖਦੀ ਆਪਣੇ ਆਪ ਨੂੰ ਬੋਲੀ, 'ਹੈਂ ਅਮਜਦ! ਇਸ ਵੇਲੇ ਇਹ ਮੇਰੇ ਮਨ 'ਚ ਕਿਵੇਂ ਆ ਗਿਆ' ਉਸਨੇ ਅੱਖਾਂ ਮੀਚ ਲਈਆਂ ਤੇ ਉਸਦੀਆਂ ਅੱਖਾਂ ਦੇ ਕੋਏ ਗਿੱਲੇ ਹੋ ਗਏ। ਫਿਰ ਉਸਨੇ ਲਿਖਿਆ ਹੋਇਆ ਪੇਪਰ ਪਾੜ ਦਿੱਤਾ ਤੇ ਕਾਪੀ ਪਾਸੇ ਰੱਖ ਦਿੱਤੀ। ਉਹ ਉੱਠ ਕੇ ਫਿਰ ਤੋਂ ਕਮਰੇ 'ਚ ਗੇੜੇ ਕੱਢਣ ਲੱਗੀ। ਤੁਰਦੀ ਫਿਰਦੀ ਰੁਕ ਗਈ ਤੇ ਕਾਗਜ਼ ਪੈੱਨ ਫਿਰ ਤੋਂ ਚੁੱਕ ਲਿਆ। ਐਤਕੀ ਵਾਰ ਉਹ ਠੀਕ ਹੋ ਕੇ ਬੈਠ ਗਈ ਤੇ ਬੜੇ ਧਿਆਨ ਨਾਲ ਲਿਖਣ ਲੱਗੀ, "ਮੇਰੀ ਪਿਆਰੀ ਅੰਮੀ, ਮੈਨੂੰ ਪਤਾ ਐ ਕਿ ਮੇਰੀ ਤਰ੍ਹਾਂ ਅੱਜ ਤੈਨੂੰ ਵੀ ਨੀਂਦ ਨ੍ਹੀਂ ਆਵੇਗੀ। ਤੂੰ ਤਾਂ ਸਗੋਂ ਪਤਾ ਨ੍ਹੀਂ ਪਿਛਲੇ ਕਿੰਨੇ ਈ ਚਿਰਾਂ ਤੋਂ ਚੰਗੀ ਤਰ੍ਹਾਂ ਸੁੱਤੀ ਨ੍ਹੀਂ ਹੋਵੇਂਗੀ। ਮੈਂ ਸਮਝ ਸਕਦੀ ਆਂ ਕਿ ਉਲਾਦ ਦਾ ਦੁੱਖ ਕੀ ਹੁੰਦਾ ਐ। ਪਰ ਮੇਰੀ ਪਿਆਰੀ ਅੰਮੀ, ਤੇਰੇ ਦੱਸੇ ਰਾਹਾਂ 'ਤੇ ਚੱਲਦੀ ਮੈਂ ਅੱਜ ਇੱਥੇ ਤੱਕ ਦਾ ਸਫਰ ਤਹਿ ਕਰ ਆਈ ਆਂ। ਮੈਂ ਤੇਰਾ ਧੰਨਵਾਦ ਕਰਦੀ ਆਂ ਜੋ ਤੂੰ ਮੈਨੂੰ ਮਜ਼ਬ ਦੇ ਇਸ ਅਸਲੀ ਕਾਰਜ ਦੇ ਰਾਹ ਪਾਇਆ। ਪਰ ਮੈਂ ਤੇਰੀਆਂ ਸੋਚਾਂ 'ਤੇ ਖਰੀ ਨ੍ਹੀਂ ਉੱਤਰੀ। ਤੂੰ ਚਾਹੁੰਦੀ ਸੀ ਕਿ ਮੈਂ ਰਾਜਨੀਤੀ 'ਚ ਮੱਲਾਂ ਮਾਰਦੀ। ਪਰ ਉਹ ਮੇਰਾ ਰਾਹ ਨ੍ਹੀਂ ਐ। ਮੈਨੂੰ ਪਤਾ ਐ ਕਿ ਅੱਜ ਮੈਂ ਜੋ ਵੀ ਆਂ ਇਹ ਤੇਰੀ ਸਿੱਖਿਆਵਾਂ ਕਰ ਕੇ ਈ ਆਂ। ਪਰ ਆਪਣੇ ਰਾਹ ਉੱਥੇ ਆ ਕੇ

ਵੱਖ ਵੱਖ ਹੋ ਜਾਂਦੇ ਨੇ ਜਦੋਂ ਤੂੰ ਇਸ ਮਜ਼ਬੀ ਕੰਮ ਨੂੰ ਰਾਜਨੀਤੀ ਲਈ ਪੌੜੀ ਬਣਾਉਣ ਨੂੰ ਕਹਿੰਦੀ ਐਂ ਤੇ ਮੈਂ ਇਸ ਪਵਿੱਤਰ ਕਾਰਜ ਨੂੰ ਅਸਲੀ ਮਾਹਨਿਆਂ 'ਚ ਨਿਭਾਉਣਾ ਚਾਹੁੰਦੀ ਆਂ। ਖੈਰ ਇਹ ਗੱਲਾਂ ਹੁਣ ਦੂਰ ਦੀਆਂ ਨੇ।

ਮੈਨੂੰ ਪਤਾ ਐ ਕਿ ਤੂੰ ਵੀ ਹੋਰਨਾਂ ਦੀ ਤਰ੍ਹਾਂ ਮੇਰੇ ਕੇਸ ਦੀ ਹਰ ਰੋਜ਼ ਦੀ ਕਾਰਗੁਜ਼ਾਰੀ ਵੇਖਦੀ ਹੋਵੇਂਗੀ। ਅੱਜ ਤੂੰ ਵੀ ਅਤੀ ਨਿਰਾਸ਼ ਹੋਈ ਹੋਵੇਂਗੀ ਕਿ ਮੈਂ ਆਪਣੇ ਵਕੀਲਾਂ ਦਾ ਕਹਿਣਾ ਨ੍ਹੀਂ ਮੰਨਿਆਂ, ਨਹੀਂ ਤਾਂ ਸ਼ਾਇਦ ਮੈਂ ਬਚ ਰਹਿੰਦੀ। ਅੰਮੀ ਤੁਹਾਡਾ ਸਭ ਦਾ ਇਹ ਭੁਲੇਖਾ ਐ। ਕਿਉਂਕਿ ਅਮਰੀਕਨਾਂ ਨੇ ਮੈਨੂੰ ਕਿਸੇ ਵੀ ਕੀਮਤ 'ਤੇ ਛੱਡਣਾ ਨ੍ਹੀਂ। ਇੱਕ ਕੇਸ ਨਾ ਹੋਇਆ ਤਾਂ ਕੋਈ ਹੋਰ ਘੜ ਲੈਣਗੇ। ਇਸੇ ਕਰਕੇ ਮੈਂ ਇਸ ਅਦਾਲਤੀ ਕਾਰਵਾਈ ਨੂੰ ਮਹਿਜ਼ ਇੱਕ ਡਰਾਮੇ ਦੇ ਤੌਰ 'ਤੇ ਲੈ ਰਹੀ ਆਂ। ਨਹੀਂ ਤਾਂ ਤੁਸੀਂ ਦੱਸੋ ਕਿ ਇਨ੍ਹਾਂ ਨੇ ਮੈਨੂੰ ਦੁਨੀਆਂ ਦੀ ਅਤੀ ਖਤਰਨਾਕ ਜਿਹਾਦਣ ਐਲਾਨਿਆਂ ਹੋਇਆ ਐ। ਇਨ੍ਹਾਂ ਦੀ ਲੋੜੀਂਦਿਆਂ ਦੀ ਲਿਸਟ ਵਿੱਚ ਮੇਰਾ ਸੱਤਵਾਂ ਨੰਬਰ ਐ। ਹਰ ਰੋਜ਼ ਮੇਰਾ ਟੀ ਵੀ 'ਤੇ ਜ਼ਿਕਰ ਚੱਲਦਾ ਐ ਤਾਂ ਉਸ ਵਿੱਚ ਵੀ ਮੈਨੂੰ ਹਊਆ ਬਣਾ ਕੇ ਪੇਸ਼ ਕੀਤਾ ਜਾਂਦਾ ਐ। ਪਰ ਜਦੋਂ ਮੇਰੇ 'ਤੇ ਕੇਸ ਚਲਾਉਣ ਦੀ ਗੱਲ ਆਈ ਤਾਂ ਇਨ੍ਹਾਂ ਐਵੇਂ ਇੱਕ ਫਰਜ਼ੀ ਜਿਹਾ ਕੇਸ ਘੜ ਲਿਆ। ਜਦੋਂ ਮੈਨੂੰ ਇੱਕ ਪਾਸੇ ਇਹ ਇੰਨੀ ਖਤਰਨਾਕ ਜਿਹਾਦਣ ਐਲਾਨਦੇ ਹਨ ਤਾਂ ਮੇਰੇ ਤੇ ਕੇਸ ਵੀ ਉਹੀ ਕਿਉਂ ਨ੍ਹੀਂ ਚਲਾਇਆ ਗਿਆ। ਗੱਲ ਤਾਂ ਫਿਰ ਬਣਦੀ ਜੇ ਇਹ ਮੇਰੇ 'ਤੇ ਉਹੀ ਕੇਸ ਚਲਾਉਂਦੇ ਜਿਸ ਕਰਕੇ ਇਨ੍ਹਾਂ ਮੁਤਾਬਕ ਇਹ ਮੈਨੂੰ ਕਿੰਨੇ ਈ ਸਾਲਾਂ ਤੋਂ ਲੱਭਦੇ ਫਿਰਦੇ ਨੇ। ਜੇ ਮੇਰੇ 'ਤੇ ਟੈਰੋਰਿਜ਼ਮ ਦਾ ਕੇਸ ਚੱਲਦਾ ਤਾਂ ਮੈਂ ਵਿਖਾਉਂਦੀ ਇਨ੍ਹਾਂ ਨੂੰ ਕਿ ਅਸਲੀ ਟੈਰੋਰਿਜ਼ਮ ਕੀ ਹੁੰਦਾ ਐ। ਮੈਂ ਇਨ੍ਹਾਂ ਦਾ ਦੂਹਰਾ ਚਿਹਰਾ ਦੁਨੀਆਂ ਸਾਹਮਣੇ ਨੰਗਾ ਕਰਦਿਆਂ ਇਨ੍ਹਾਂ ਦੇ ਵਖੀਏ ਉਦੇੜ ਸੁੱਟਦੀ। ਪਰ ਕੀ ਕਰਾਂ ਇਨ੍ਹਾਂ ਦੋਗਲੇ ਲੋਕਾਂ ਨੇ ਆਪਣੇ ਆਪ ਨੂੰ ਬਚਾਉਣ ਲਈ ਮੇਰੇ 'ਤੇ ਉਹ ਕੇਸ ਚਲਾਇਆ ਈ ਨ੍ਹੀਂ। ਕਿਉਂਕਿ ਜੇਕਰ ਇਹ ਮੇਰੇ 'ਤੇ ਟੈਰੋਰਿਜ਼ਮ ਦਾ ਕੇਸ ਚਲਾਉਂਦੇ ਨੇ ਤਾਂ ਇਨ੍ਹਾਂ ਨੂੰ ਉਹ ਸਾਰੇ ਵੱਡੇ ਜਿਹਾਦੀ ਕੋਰਟ ਵਿੱਚ ਪੇਸ਼ ਕਰਨ ਪੈਂਦੇ ਹਨ ਜਿਹੜੇ ਕਿ ਇਨ੍ਹਾਂ ਨੇ ਅਫਗਾਨਿਸਤਾਨ ਦੀਆਂ ਅਤੀ ਭਿਅੰਕਰ ਜੇਲ੍ਹਾਂ 'ਚ ਬੰਦ ਕੀਤੇ ਹੋਏ ਨੇ। ਉਨ੍ਹਾਂ ਨੂੰ ਬਾਹਰ ਲਿਆ ਕੇ ਇਹ ਆਪਣਾ ਦੋਗਲਾ ਚਿਹਰਾ ਆਪ ਹੀ ਕਿਵੇਂ ਨੰਗਾ ਕਰ ਸਕਦੇ ਨੇ। ਚਲੋ ਫਿਰ ਜੋ ਵੀ ਮੇਰੇ 'ਤੇ ਕੇਸ ਬਣਾਇਆ ਗਿਆ ਉਸ ਵਿੱਚ ਕਿਹੜਾ ਇਨ੍ਹਾਂ ਨੇ ਕੋਈ ਇਨਸਾਫ ਵਾਲੀ ਗੱਲ ਕੀਤੀ ਐ। ਬੱਸ ਪੰਜ ਸੱਤ ਬੰਦਿਆਂ ਨੇ ਕਹਿ ਦਿੱਤਾ ਕਿ ਆਫੀਆ ਨੇ ਸਾਡੇ 'ਤੇ ਗੋਲੀ ਚਲਾਈ ਤੇ ਜੱਜ ਨੇ ਮੰਨ ਲਿਆ ਕਿ ਹਾਂ ਆਫੀਆ ਇਨ੍ਹਾਂ ਬੰਦਿਆਂ ਦੇ ਇਰਾਦਾ ਕਤਲ ਦੀ ਦੋਸ਼ਣ ਐ। ਜੋ ਗੋਲੀ ਮੇਰੇ ਮਾਰੀ ਗਈ ਉਹ ਤਾਂ ਸਭ ਨੂੰ ਦਿਸਦੀ ਐ ਪਰ ਉਸਦੀ ਕੋਈ ਗੱਲ ਨ੍ਹੀਂ ਕਰਦਾ। ਅਤੇ ਜੋ ਗੋਲੀਆਂ ਇਹ ਕਹਿੰਦੇ ਨੇ ਕਿ ਮੈਂ ਇਨ੍ਹਾਂ 'ਤੇ ਚਲਾਈਆਂ ਉਨ੍ਹਾਂ ਦੇ ਕਿਧਰੇ ਖੋਲ ਵੀ ਬਰਾਮਦ ਨ੍ਹੀਂ ਕੀਤੇ ਗਏ। ਕਿਸੇ ਹਥਿਆਰ ਤੋਂ ਮੇਰੇ ਫਿੰਗਰ ਪਰਿੰਟ ਨ੍ਹੀਂ ਮਿਲੇ। ਕੋਈ ਫੋਰੈਂਸਿੰਕ ਜਾਂਚ ਨ੍ਹੀਂ ਹੋਈ। ਬੱਸ ਇਨ੍ਹਾਂ ਦੇ ਆਪਣੇ ਬੰਦਿਆਂ ਦੇ ਕਹਿਣ 'ਤੇ ਜੱਜ ਨੇ ਮੈਨੂੰ ਦੋਸ਼ੀ ਮੰਨ ਲਿਆ। ਅੱਛਾ ਇਹ ਕਹਿੰਦੇ ਨੇ ਕਿ ਇਹ ਜਿਊਰੀ ਸਿਸਟਮ ਰਾਹੀਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਦਿੰਦੇ ਨੇ। ਪਰ ਇੱਥੇ ਇਹ ਅਸੂਲ ਕਿਧਰ ਗਿਆ। ਕਿਸੇ ਜਿਊਰੀ ਮੈਂਬਰ ਨੇ ਵੀ ਇਹ ਸੁਆਲ ਉਠਾਉਣ ਦੀ ਕੋਸ਼ਿਸ਼ ਨ੍ਹੀਂ ਕੀਤੀ ਕਿ ਕਮ ਸੇ ਕਮ ਕੋਈ ਇੱਕ ਅੱਧ ਸਬੂਤ ਹੀ ਪੇਸ਼ ਕੀਤਾ ਜਾਵੇ ਜਿਸ ਤੋਂ ਇਹ ਸਾਬਤ ਹੋਵੇ ਕਿ ਆਫੀਆ ਨੇ ਗੋਲੀ ਚਲਾਈ। ਇਹ ਹੋ ਵੀ ਨ੍ਹੀਂ ਸਕਣਾ ਸੀ ਕਿਉਂਕਿ ਜਿਊਰੀ ਮੈਂਬਰ ਉਹੀ ਅਮਰੀਕੀ ਨੇ ਜਿਹੜੇ ਪਿਛਲੇ ਕਿੰਨੇ ਹੀ ਸਾਲਾਂ ਤੋਂ ਮੇਰੇ ਬਾਰੇ ਆਪਣੀ ਸਰਕਾਰ ਦੁਆਰਾ ਦੱਸਿਆ ਹੀ ਸੁਣਦੇ ਆ ਰਹੇ ਨੇ। ਉਨ੍ਹਾਂ ਲਈ ਤਾਂ ਮੈਂ ਪਹਿਲਾਂ ਤੋਂ ਈ ਦੋਸ਼ਣ ਆਂ। ਹਾਂ ਗੱਲ ਫਿਰ ਬਣਦੀ ਸੀ ਜੇਕਰ ਕੇਸ ਕਿਸੇ ਅਜਿਹੀ ਜਗ੍ਹਾ ਚਲਾਇਆ ਜਾਂਦਾ ਜਿੱਥੇ ਦੇ ਲੋਕੀ ਅਮਰੀਕਣ ਗਲਬੇ ਤੋਂ ਉੱਪਰ ਨੇ। ਪਰ ਅਜਿਹਾ ਸੰਭਵ ਨ੍ਹੀਂ ਐ। ਇਸੇ ਕਰਕੇ ਮੈਂ ਇਨ੍ਹਾਂ ਦੇ ਕਿਸੇ ਡਰਾਮੇ ਦਾ ਹਿੱਸਾ ਨ੍ਹੀਂ ਬਣਨਾ ਚਾਹੁੰਦੀ ਸੀ ਤੇ ਨਾ ਹੀ ਬਣੀਂ। ਮੈਂ ਇਹ ਵੀ ਨ੍ਹੀਂ ਚਾਹੁੰਦੀ ਕਿ ਕੋਈ ਮੇਰੇ 'ਤੇ ਤਰਸ ਕਰੇ। ਹਾਂ ਸਬੂਤਾਂ ਦੇ ਆਧਾਰ 'ਤੇ ਮੇਰੇ ਕੇਸ ਦਾ ਫੈਸਲਾ ਹੁੰਦਾ ਤਾਂ ਮੈਂ ਖਿੜ੍ਹੇ ਮੱਥੇ ਪਰਵਾਨ ਕਰਦੀ। ਚਲੋ ਛੱਡੋ ਇਸ ਕਚੀਰੇ ਨੂੰ ਹੋਰ ਕੀ ਵਧਾਉਣਾ ਐ। ਮੈਂ ਉਨ੍ਹਾਂ ਸਭਨਾਂ ਦਾ ਧੰਨਵਾਦ ਕਰਦੀ ਆਂ ਜਿਨ੍ਹਾਂ ਨੇ ਮੇਰੇ ਲਈ ਆਵਾਜ਼ ਉਠਾਈ। ਅੱਛਾ ਚਿੱਠੀ ਬਹੁਤ ਲੰਬੀ ਹੋ ਗਈ ਬੱਸ ਕਰਦੀ ਆਂ। ਅੰਮੀ, ਜਦੋਂ ਤੱਕ ਭਾਈ ਜਾਨ ਰਾਹੀਂ ਇਹ ਚਿੱਠੀ ਤੈਨੂੰ ਮਿਲੂਗੀ ਉਦੋਂ ਨੂੰ ਮੈਂ ਆਪਣੀ ਲੰਬੀ ਸਜ਼ਾ ਭੁਗਤਣ ਲਈ ਕਿਸੇ ਜੇਲ੍ਹ ਕੋਠੜੀ ਵਿੱਚ ਪੱਕੇ ਤੌਰ 'ਤੇ ਬੰਦ ਹੋ ਚੁੱਕੀ ਹੋਊਂਗੀ। ਬੱਸ ਇੱਕ ਆਖਰੀ ਗੱਲ ਹੋਰ। ਬੜਾ ਈ ਦਿਲ ਕਰਦਾ ਐ ਇੱਕ ਵਾਰ ਉਸ ਘਰ ਨੂੰ ਵੇਖਣ ਦਾ ਜਿੱਥੇ ਕਿ ਮੈਂ ਜੰਮੀ, ਪਲੀ ਪੜ੍ਹੀ ਤੇ ਵੱਡੀ ਹੋ ਕੇ ਉਸ

ਘਰ 'ਚ ਹੱਸਦੀ ਖੇਡਦੀ ਨੇ ਆਪਣੀ ਜ਼ਿੰਦਗੀ ਦਾ ਸੁਹਾਵਣਾ ਸਮਾਂ ਗੁਜ਼ਾਰਿਆ। ਇਸ ਤੋਂ ਬਿਨਾਂ ਦਿਲ ਵਿੱਚ ਬੜੀ ਸਿੱਕ ਐ ਕਿ ਇੱਕ ਵਾਰ ਆਪਣੇ ਬੱਚਿਆਂ 'ਚ ਬਹਿ ਕੇ ਉਨ੍ਹਾਂ ਦੀਆਂ ਕਿਲਕਾਰੀਆਂ ਸੁਣ ਸਕਦੀ। ਪਰ ਮੈਨੂੰ ਪਤਾ ਐ ਕਿ ਇਹ ਖੁਆਹਿਸ਼ਾਂ ਕਦੇ ਪੂਰੀਆਂ ਨ੍ਹੀਂ ਹੋਣੀਆਂ। ਆਖਰ 'ਤੇ ਇਹੀ ਕਹੂੰਗੀ ਕਿ ਮੈਨੂੰ ਆਪਣੇ ਕੀਤੇ ਕਰਾਏ ਦਾ ਕੋਈ ਅਫਸੋਸ ਨ੍ਹੀਂ ਹੈ। ਮੈਨੂੰ ਤਾਂ ਸਗੋਂ ਮਾਣ ਐਂ ਕਿ ਮੈਂ ਵੀ ਅੱਲਾ ਦੇ ਦੱਸੇ ਰਾਹ 'ਤੇ ਚਲਦਿਆਂ ਜਿਹਾਦ ਦੀ ਥੋੜੀ ਬਹੁਤੀ ਸੇਵਾ ਕਰ ਸਕੀ...ਆਫੀਆ।" ਚਿੱਠੀ ਲਿਖ ਕੇ ਆਫੀਆ ਨੇ ਕੰਧ ਨਾਲ ਢੋਹ ਲਾ ਲਈ। ਹੌਲੀ ਹੌਲੀ ਉਸਦੀਆਂ ਅੱਖਾਂ ਮਿਚ ਗਈਆਂ।

ਸਤੰਵਰ 23, 2010 ਨੂੰ ਕੋਰਟ ਫਿਰ ਸ਼ੁਰੂ ਹੋਈ। ਕੋਰਟ ਖਚਾ ਖਚ ਭਰੀ ਹੋਈ ਸੀ। ਮੀਡੀਏ ਤੋਂ ਇਲਾਵਾ ਆਫੀਆ ਦੇ ਹਮਦਰਦ ਅਤੇ ਰਿਸ਼ਤੇਦਾਰ ਕੋਰਟ ਵਿੱਚ ਹਾਜ਼ਰ ਸਨ। ਯੂ ਐੱਸ ਮਾਰਸ਼ਲਾਂ ਨੇ ਆਫੀਆ ਨੂੰ ਕੋਰਟ ਵਿੱਚ ਲਿਆਂਦਾ। ਉਸਨੇ ਬੈਠੇ ਲੋਕਾਂ ਵੱਲ ਨਜ਼ਰ ਮਾਰੀ। ਕੋਰਟ ਸ਼ੁਰੂ ਹੋਈ ਤਾਂ ਜੱਜ ਨੇ ਆਫੀਆ ਨੂੰ ਕਿਹਾ ਕਿ ਉਹ ਕੁਝ ਕਹਿਣਾ ਚਾਹੁੰਦੀ ਹੈ ਤਾਂ ਉਸਨੇ ਸਿਰ ਫੇਰਦਿਆਂ ਨਾਂਹ ਕਰ ਦਿੱਤੀ। ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਨੇ ਬੋਲਣਾ ਸ਼ੁਰੂ ਕਰਦਿਆਂ ਕਿਹਾ, "ਡਾਕਟਰ ਆਫੀਆ ਦਾ ਕੇਸ ਇੱਕ ਉਲਝੀ ਹੋਈ ਕਹਾਣੀ ਦੀ ਤਰ੍ਹਾਂ ਐ। ਮੈਂ ਇਸ ਕੇਸ ਦੀ ਤਹਿ ਤੱਕ ਪਹੁੰਚਣ 'ਚ ਅਸਫਲ ਰਿਹਾ ਆਂ। ਉਸ 'ਤੇ ਜੋ ਵੀ ਦੋਸ਼ ਲੱਗੇ ਹਨ ਉਨ੍ਹਾਂ ਮੁਤਾਬਕ ਭਾਵੇਂ ਉਹ ਦੋਸ਼ਣ ਸਾਬਤ ਹੋ ਗਈ ਐ ਪਰ ਫਿਰ ਵੀ ਬਹੁਤ ਕੁਝ ਅਜਿਹਾ ਐ ਜੋ ਕਿ ਅਣਸੁਲਝਿਆ ਰਹਿ ਗਿਆ ਐ। ਇਸ ਅਜੀਬੋ ਗਰੀਬ ਕਹਾਣੀ ਨੂੰ ਸੁਲਝਾਉਣ ਵਿੱਚ ਨਾ ਹੀ ਐਫ. ਬੀ. ਆਈ. ਨੇ ਮੱਦਦ ਕੀਤੀ ਤੇ ਨਾ ਹੀ ਡਾਕਟਰ ਆਫੀਆ ਨੇ। ਦੋਨੋਂ ਇਸ ਬਾਰੇ ਬੋਲਣ ਤੋਂ ਕਤਰਾਉਂਦੇ ਰਹੇ। ਇਸ ਕਰਕੇ ਇਹ ਕਹਿਣਾ ਮੁਸ਼ਕਲ ਐ ਕਿ ਅਸਲ 'ਚ ਪਿਛਲੇ ਇੰਨੇ ਸਾਲਾਂ ਦੌਰਾਨ ਅਸਲ ਵਿੱਚ ਹੋਇਆ ਕੀ ਐ। ਉਦਾਹਰਣ ਦੇ ਤੌਰ 'ਤੇ ਡਾਕਟਰ ਆਫੀਆ ਕਹਿ ਰਹੀ ਐ ਕਿ ਉਹ ਅਫਗਾਨਿਸਤਾਨ ਦੇ ਗਜ਼ਨੀ ਸ਼ਹਿਰ 'ਚ ਉਸ ਦਿਨ ਇਸ ਲਈ ਗਈ ਕਿ ਉਹ ਆਪਣੇ ਘਰਵਾਲੇ ਨੂੰ ਲੱਭ ਰਹੀ ਸੀ। ਜਦੋਂ ਕਿ ਸਰਕਾਰ ਕਹਿ ਰਹੀ ਐ ਕਿ ਆਫੀਆ ਉਸ ਦਿਨ ਆਤਮਘਾਤੀ ਹਮਲੇ ਕਰਨ ਲਈ ਅਫਗਾਨਿਸਤਾਨ ਗਈ ਸੀ। ਜਾਂ ਫਿਰ ਹੋ ਸਕਦਾ ਹੈ ਕਿ ਉਹ ਅਫਗਾਨਿਸਤਾਨ ਵਿੱਚ ਅਜਿਹੇ ਦਸਤਾਵੇਜ਼ ਦੇਣ ਗਈ ਸੀ ਜਿਨ੍ਹਾਂ ਤੋਂ ਕਿ ਡਰਟੀ ਬੰਬ ਬਣਾਇਆ ਜਾ ਸਕਦਾ ਹੋਵੇ। ਇਸ ਤੋਂ ਇਲਾਵਾ ਕੋਰਟ ਇਹ ਵੀ ਨ੍ਹੀਂ ਜਾਣ ਸਕੀ ਕਿ ਡਾਕਟਰ ਆਫੀਆ 2003 ਤੋਂ 2008 ਤੱਕ ਕਿੱਥੇ ਰਹੀ ਐ। ਇਹ ਮੁਕੱਦਮਾ ਵੀ ਬਹੁਤ ਔਖਾ ਰਿਹਾ ਕਿਉਂਕਿ ਡਾਕਟਰ ਆਫੀਆ ਨੇ ਅਦਾਲਤੀ ਕਾਰਵਾਈ ਬਹੁਤ ਵਾਰੀ ਰੋਕੀ।" ਆਪਣੀ ਗੱਲ ਕਹਿ ਕੇ ਜੱਜ ਕਾਗਜ਼ 'ਤੇ ਕੁਝ ਲਿਖਣ ਲੱਗ ਪਿਆ।

ਇਸਦੇ ਉਲਟ ਡਿਫੈਂਸ ਵਕੀਲ ਨੇ ਆਪਣੀ ਸਟੇਟਮੈਂਟ 'ਚ ਕਿਹਾ, "ਇਹ ਕੇਸ ਆਫੀਆ ਦੇ ਖਿਲਾਫ ਇਸ ਕਰਕੇ ਗਿਆ ਕਿਉਂਕਿ ਉਹ ਮਾਨਸਿਕ ਤੌਰ 'ਤੇ ਸਹੀ ਨ੍ਹੀਂ ਹੈ। ਜੋ ਊਟ ਪਟਾਂਗ ਉੱਤਰ ਆਫੀਆ ਨੇ ਦਿੱਤੇ ਨੇ ਉਹ ਉਸਨੇ ਜਾਣ ਬੁੱਝ ਕੇ ਨ੍ਹੀਂ ਦਿੱਤੇ ਬਲਕਿ ਉਸਦੀ ਮਾਨਸਿਕ ਹਾਲਤ ਖਰਾਬ ਹੋਣ ਕਾਰਨ ਉਸਦੇ ਹੱਥ ਬੱਸ ਕੁਝ ਨ੍ਹੀਂ ਐ। ਵਾਰ ਵਾਰ ਉਹ ਬਿਨਾਂ ਮਤਲਬੋਂ ਈ ਚੱਲਦੀ ਕਾਰਵਾਈ 'ਚ ਬੋਲਣ ਲੱਗ ਪੈਂਦੀ ਸੀ ਕਿਉਂਕਿ ਉਹ ਮਾਨਸਿਕ ਰੋਗੀ ਐ। ਨਹੀਂ ਤਾਂ ਡਾਕਟਰ ਆਫੀਆ ਵਰਗੀ ਉੱਚ ਪੜ੍ਹੀ ਲਿਖੀ ਔਰਤ ਤੋਂ ਅਜਿਹੇ ਵਤੀਰੇ ਦੀ ਉਮੀਦ ਨ੍ਹੀਂ ਕੀਤੀ ਜਾ ਸਕਦੀ। ਸਾਰੇ ਹੀ ਕੇਸ ਦੌਰਾਨ ਰਿਹਾ, ਉਸਦਾ ਵਤੀਰਾ ਇਹ ਸਾਬਤ ਕਰ ਦਿੰਦਾ ਐ ਕਿ ਉਹ ਦਿਮਾਗੀ ਤੌਰ 'ਤੇ ਬਿਮਾਰ ਹੈ। ਉਸ ਦੀ ਇਸ ਤਰ੍ਹਾਂ ਦੀ ਦਿਮਾਗੀ ਹਾਲਤ, ਐਫ. ਬੀ. ਆਈ. ਦੇ ਅਣਮਨੁੱਖੀ ਤਸ਼ੱਦਦ ਕਾਰਨ ਹੋਈ ਐ। ਇਸੇ ਕਰਕੇ ਉਸਨੂੰ ਕੁਛ ਵੀ ਯਾਦ ਨ੍ਹੀਂ ਐ ਕਿ ਉਹ ਇਸ ਪਿਛਲੇ ਅਰਸੇ ਦੌਰਾਨ ਕਿੱਥੇ ਸੀ। ਜਿਹੜੀ ਔਰਤ ਇੰਨੇ ਸਾਲਾਂ ਤੋਂ ਆਪਣੇ ਬੱਚਿਆਂ ਨੂੰ ਲੈ ਕੇ ਆਪਣੀ ਅਤੇ ਉਨ੍ਹਾਂ ਦੀ ਜਾਨ ਬਚਾਉਂਦੀ ਲੁਕਦੀ ਫਿਰਦੀ ਰਹੀ ਹੋਵੇ, ਫਿਰ ਭਾਵੇਂ ਉਹ ਕਿਸੇ ਤੋਂ ਵੀ ਲੁਕਦੀ ਹੋਵੇ, ਉਹ ਨਰਮ ਵਤੀਰੇ ਦੀ ਹੱਕਦਾਰ ਐ। ਇੰਨੇ ਸਾਲਾਂ ਤੋਂ ਹਰ ਵਕਤ ਡਰ ਦੇ ਸਾਏ ਹੇਠਾਂ ਜਿਉਂ ਰਹੀ ਔਰਤ 'ਤੇ ਵੈਸੇ ਵੀ ਰਹਿਮ ਕਰਨ ਦਾ ਇਨਸਾਨੀ ਫਰਜ਼ ਐ। ਜਿੰਨੀ ਕੁ ਸਜ਼ਾ ਦੀ ਉਹ ਹੱਕਦਾਰ ਹੈ ਵੀ ਉਹ ਉਸਨੇ ਪਿਛਲੇ ਸਾਲਾਂ ਦੌਰਾਨ ਭੁਗਤ ਲਈ ਐ। ਮੇਰੀ ਕੋਰਟ ਨੂੰ ਅਪੀਲ ਐ ਕਿ ਨਿੱਕੇ ਨਿੱਕੇ ਤਿੰਨ ਬੱਚਿਆਂ ਦੀ ਮਾਂ ਅਤੇ ਦਿਮਾਗੀ ਤਿਵਾਜ਼ਨ ਖੋ ਚੁੱਕੀ ਇਸ ਔਰਤ ਨੂੰ ਸਜ਼ਾ ਸੁਣਾਉਣ ਵੇਲੇ ਉਪੋਰਕਤ ਨੁਕਤਿਆਂ ਨੂੰ ਧਿਆਨ 'ਚ ਰੱਖਿਆ ਜਾਵੇ ।"

ਸਫਾਈ ਵਕੀਲ ਬੋਲ ਕੇ ਹਟੀ ਤਾਂ ਆਫੀਆ ਨੇ ਜੱਜ ਨੂੰ ਕਿਹਾ ਕਿ ਉਹ ਕੁਝ ਕਹਿਣਾ ਚਾਹੁੰਦੀ ਐ। ਹੁਣ ਜੱਜ ਨੇ ਉਸਨੂੰ ਬੋਲਣ ਦੀ ਇਜਾਜ਼ਤ ਦੇ ਦਿੱਤੀ ਤਾਂ ਆਫੀਆ ਬੋਲਣ ਲੱਗੀ, "ਮੈਂ ਅਮਰੀਕਾ ਨੂੰ ਬਹੁਤ ਪਿਆਰ ਕਰਦੀ ਹਾਂ ਇਸ ਕਰਕੇ ਮੈਂ ਇਸਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਵੀ ਨ੍ਹੀਂ ਸਕਦੀ। ਮੇਰਾ ਮਿਸ਼ਨ ਐ ਕਿ ਸੰਸਾਰ 'ਚ ਸ਼ਾਂਤੀ ਰਹੇ। ਆਖਰ 'ਚ ਮੈਂ ਮੇਰੇ ਮੁਸਲਮਾਨ ਭੈਣ ਭਰਾਵਾਂ ਨੂੰ ਬੇਨਤੀ ਕਰਦੀ ਆਂ ਕਿ ਉਹ ਮੇਰੇ ਕਾਰਨ ਕਿਸੇ 'ਤੇ ਗੁੱਸੇ ਨਾ ਹੋਣ। ਉਹ ਕਿਸੇ ਪ੍ਰਤੀ ਵੀ ਮਨ 'ਚ ਈਰਖਾ ਜਾਂ ਬਦਲੇ ਦੀ ਭਾਵਨਾ ਨਾ ਰੱਖਣ।" ਇੰਨਾ ਕਹਿੰਦਿਆਂ ਉਹ ਚੁੱਪ ਹੋ ਗਈ।

ਆਖਰ 'ਚ ਜੱਜ ਨੇ ਉਸਦੀ ਫਾਈਲ 'ਤੇ ਕੁਝ ਲਿਖਿਆ ਤੇ ਫਿਰ ਸਜ਼ਾ ਸੁਣਾ ਦਿੱਤੀ। ਜੱਜ ਨੇ ਆਫੀਆ ਨੂੰ ਛਿਆਸੀ ਸਾਲ ਦੀ ਲੰਬੀ ਸਜ਼ਾ ਸੁਣਾਈ। ਜੱਜ ਦੁਆਰਾ ਸੁਣਾਈ ਸਜ਼ਾ ਦੀ ਗੱਲ ਸੁਣਦਿਆਂ ਹੀ ਅਦਾਲਤ ਵਿੱਚੋਂ ਕਈਆਂ ਦੀਆਂ ਸ਼ੇਮ ਸ਼ੇਮ ਦੀਆਂ ਆਵਾਜਾਂ ਆਈਆਂ ਤਾਂ ਆਫੀਆ ਫਿਰ ਤੋਂ ਖੜ੍ਹੀ ਹੋ ਗਈ। ਉਹ ਅਦਾਲਤ 'ਚ ਮੌਜੂਦ ਲੋਕਾਂ ਵੱਲ ਵੇਖਦਿਆਂ ਬੋਲੀ, "ਵੇਖੋ, ਮੈਂ ਪਹਿਲਾਂ ਈ ਕਹਿ ਚੁੱਕੀ ਆਂ ਕਿ ਮੇਰੇ ਕਾਰਨ ਕਿਸੇ 'ਤੇ ਗੁੱਸੇ ਨਾ ਹੋਵੋ। ਮੁਹੰਮਦ ਸਾਹਿਬ ਨੇ ਆਪਣੀਆਂ ਸਿਖਿਆਵਾਂ 'ਚ ਕਿਹਾ ਐ ਕਿ ਆਪਣੇ ਦੁਸ਼ਮਣਾਂ ਨੂੰ ਵੀ ਮੁਆਫ ਕਰ ਦਿਉ। ਮੇਰੀ ਸਭ ਨੂੰ ਬੇਨਤੀ ਐ ਮੁਹੰਮਦ ਸਾਹਿਬ ਦੀਆਂ ਸਿਖਿਆਵਾਂ 'ਤੇ ਅਮਲ ਕਰਕੇ ਸੱਚੇ ਮੁਸਲਮਾਨ ਹੋਣ ਦਾ ਸਬੂਤ ਦਿਉ। ਤੁਸੀਂ ਹਰ ਉਸ ਸਖਸ਼ ਨੂੰ ਮੁਆਫ ਕਰ ਦਿਉ ਜਿਸ 'ਤੇ ਤੁਹਾਨੂੰ ਗੁੱਸਾ ਆ ਰਿਹਾ ਐ। ਕਿਸੇ ਨਾਲ ਗੁੱਸੇ ਨਾ ਹੋਵੋ। ਸ਼ਾਇਦ ਅੱਲਾ ਨੂੰ ਇਹੀ ਮਨਜ਼ੂਰ ਐ। ਮੈਨੂੰ ਵੀ ਅੱਲਾ ਦੀ ਇਹ ਮਰਜ਼ੀ ਮਨਜ਼ੂਰ ਐ। ਮੈਨੂੰ ਕਿਸੇ ਨਾਲ ਕੋਈ ਰੰਜਸ਼ ਨ੍ਹੀਂ ਐ। ਜੇਕਰ ਮੈਨੂੰ ਖੁਦ ਨੂੰ ਕਿਸੇ 'ਤੇ ਗੁੱਸਾ ਨ੍ਹੀਂ ਤਾਂ ਤੁਹਾਨੂੰ ਵੀ ਨ੍ਹੀਂ ਹੋਣਾ ਚਾਹੀਦਾ। ਖੁਦਾ ਆਫਿਜ਼। ਇੰਸ਼ਾ ਅੱਲਾ, ਸਭ ਖੁਸ਼ੀ ਖੁਸ਼ੀ ਇੱਥੋਂ ਜਾਵੋ।"

ਉਸਦੀ ਇਹ ਗੱਲ ਸੁਣ ਕੇ ਜੱਜ ਉਸ ਨੂੰ ਸੰਬੋਧਿਤ ਹੋਇਆ, "ਡਾਕਟਰ ਆਫੀਆ ਤੇਰਾ ਇਨ੍ਹਾਂ ਗੱਲਾਂ ਲਈ ਧੰਨਵਾਦ। ਖੁਦਾ ਕਰੇ ਤੇਰਾ ਅੱਗੇ ਦੀ ਜ਼ਿੰਦਗੀ ਦਾ ਸਫਰ ਖੁਸ਼ਗਵਾਰ ਰਹੇ।" ਇਸ ਪਿੱਛੋਂ ਜੱਜ ਉੱਠ ਗਿਆ। ਯੂ ਐਸ ਮਾਰਸ਼ਲ, ਆਫੀਆ ਨੂੰ ਪਿਛਲੇ ਦਰਵਾਜ਼ੇ ਰਾਹੀਂ ਜੇਲ੍ਹ ਨੂੰ ਲੈ ਤੁਰੇ।

ਸਮਾਪਤ